ਪੰਜਾਬ ਹਿਸਟਰੀ ਕਾਨਫ਼ਰੰਸ


(41ਵਾਂ ਸੈਸ਼ਨ)

ਮਾਰਚ 14-16, 2009

ਪ੍ਰੋਸੀਡਿੰਗਜ਼

PUNJABI UNIVERSITY PATIALA

ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ, ਪਟਿਆਲਾ



ਮਾਰਚ-2009 ਦੀ ਪੰਜਾਬ ਹਿਸਟਰੀ ਕਾਨਫਰੰਸ ਵਿੱਚ ਹਾਜ਼ਰ ਡੈਲੀਗੇਟ

ਪੰਜਾਬ ਹਿਸਟਰੀ ਕਾਨਫ਼ਰੰਸ

(41ਵਾਂ ਸੈਸ਼ਨ)

ਮਾਰਚ 14-16, 2009

ਪੰਜਾਬ ਹਿਸਟਰੀ ਕਾਨਫ਼ਰੰਸ

(41ਵਾਂ ਸੈਸ਼ਨ)

ਮਾਰਚ 14-16, 2009

ਪ੍ਰੋਸੀਡਿੰਗਜ਼

ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਪੰਜਾਬ ਹਿਸਟਰੀ ਕਾਨਫ਼ਰੰਸ
41ਵਾਂ ਸੈਸ਼ਨ

ਸੰਪਾਦਕ

ਡਾ. ਕੇ.ਐਸ. ਬਾਜਵਾ

ISBN : 81-302-0241-7

2010
ਕਾਪੀਆਂ : 500
ਕੀਮਤ : 160-00

ਇਸ ਪ੍ਰੋਸੀਡਿੰਗਜ਼ ਨੂੰ ਇੰਡੀਅਨ ਕੌਂਸਲ ਆਫ ਹਿਸਟੌਰੀਕਲ ਰਿਸਰਚ, ਨਵੀਂ ਦਿੱਲੀ ਵਲੋਂ ਦਿੱਤੀ ਗਈ ਵਿੱਤੀ ਮਦਦ ਨਾਲ ਪ੍ਰਕਾਸ਼ਿਤ ਕੀਤਾ ਗਿਆ ਹੈ। ਲੇਖਾਂ ਵਿੱਚ ਪ੍ਰਗਟਾਏ ਵਿਚਾਰਾਂ ਜਾਂ ਤੱਥਾਂ ਸੰਬੰਧੀ ਇੰਡੀਅਨ ਕੌਂਸਲ ਆਫ ਹਿਸਟੌਰੀਕਲ ਰਿਸਰਚ ਜ਼ਿੰਮੇਵਾਰ ਨਹੀਂ ਹੈ। ਲੇਖਕ ਇਸਦੇ ਖ਼ੁਦ ਜ਼ਿੰਮੇਵਾਰ ਹਨ।

ਲੇਜ਼ਰ ਸੈਟਿੰਗ : ਜਗਦੀਸ਼ ਗ੍ਰਾਫਿਕਸ, ਪਟਿਆਲਾ।

ਡਾ. ਸੁਖਦਰਸ਼ਨ ਸਿੰਘ ਖਹਿਰਾ, ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੁਆਰਾ ਪ੍ਰਕਾਸ਼ਿਤ
ਅਤੇ ਪ੍ਰੈਸ ਟਾਈਮ ਪ੍ਰਿੰਟਰ, ਪਟਿਆਲਾ ਵਿਖੇ ਛਪਿਆ।

ਪੇਸ਼ਕਾਰੀ

ਪੰਜਾਬ ਇਤਿਹਾਸ ਕਾਨਫ਼ਰੰਸ ਦੇ 41ਵੇਂ ਇਜਲਾਸ, ਮਾਰਚ 14-16, 2009, ਦੀਆਂ ਪ੍ਰੋਸੀਡਿੰਗਜ਼ ਪਾਠਕਾਂ ਦੇ ਹੱਥਾਂ ਵਿਚ ਸੌਂਪਦਿਆਂ ਸਾਨੂੰ ਬੇਹੱਦ ਖ਼ੁਸ਼ੀ ਮਹਿਸੂਸ ਹੋ ਰਹੀ ਹੈ। ਪੰਜਾਬ ਇਤਿਹਾਸ ਦੇ ਤੇਰ੍ਹਵੇਂ ਇਜਲਾਸ ਤੋਂ ਸਥਾਪਤ ਰਵਾਇਤ ਅਨੁਸਾਰ ਇਸ ਇਜਲਾਸ ਦਾ ਮੁੱਖ ਵਿਸ਼ਾ **'ਜੁਝਾਰੂ ਕੌਮ ਦਾ ਸੰਕਲਪ ਅਤੇ ਸਿੱਖ'** ਰੱਖਿਆ ਗਿਆ ਸੀ। ਇਸ ਦਾ ਮੁੱਖ ਉਦੇਸ਼ ਇਹ ਜਾਨਣਾ ਸੀ ਕਿ ਕਿਸ ਤਰ੍ਹਾਂ, ਕਿਉਂ ਤੇ ਕਦੋਂ ਜੁਝਾਰੂ ਕੌਮ ਦਾ ਸੰਕਲਪ ਹੋਂਦ ਵਿਚ ਆਇਆ ਅਤੇ ਕਿਸ ਹੱਦ ਤੱਕ ਬਰਤਾਨਵੀ ਸਾਮਰਾਜੀਆਂ ਨੇ ਇਸ ਨੂੰ ਆਪਣੇ ਹਿੱਤਾਂ ਨੂੰ ਪ੍ਰਫੁੱਲਤ ਕਰਨ ਅਤੇ ਸੁਰੱਖਿਅਤ ਰੱਖਣ ਵਾਸਤੇ ਵਰਤਿਆ। ਖੈਰ, ਇਜਲਾਸ ਦੌਰਾਨ ਪੰਜਾਬੀ ਵਿਚ ਪੇਸ਼ ਕੀਤੇ ਗਏ ਉਨੱਤੀ (29) ਖੋਜ ਨਿਬੰਧਾਂ ਵਿਚੋਂ ਪੰਜ ਖੋਜ ਪੱਤਰ ਸਿੱਧੇ ਜਾਂ ਅਸਿੱਧੇ ਤੌਰ ਤੇ ਇਸ ਨਾਲ ਸਬੰਧਤ ਸਨ ਜਦਕਿ ਅੰਗਰੇਜ਼ੀ ਜ਼ੁਬਾਨ ਵਿਚ ਪੇਸ਼ ਕੀਤੇ ਗਏ ਉੱਨਾਸੀ (79) ਖੋਜ਼ ਨਿਬੰਧਾਂ ਵਿਚੋਂ ਛੇ (6) ਇਸ ਵਿਸ਼ੇ ਨਾਲ ਸਬੰਧਤ ਸਨ।

ਡਾ. ਜਸਪਾਲ ਸਿੰਘ, ਪ੍ਰਸਿੱਧ ਸਿੱਖ ਵਿਦਵਾਨ ਤੇ ਵਾਈਸ ਚਾਂਸਲਰ, ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਇਸ ਇਜਲਾਸ ਦੀ ਸਦਾਰਤ ਕੀਤੀ ਅਤੇ ਪ੍ਰੋਫੈਸਰ ਇਮਤਿਆਜ ਅਹਿਮਦ, ਜਵਾਹਰ ਲਾਲ ਨਹਿਰੂ ਯੂਨੀਵਰਸਿਟੀ, ਦਿੱਲੀ ਨੇ ਕੁੰਜੀਵਤ ਭਾਸ਼ਣ ਦਿੱਤਾ। ਪ੍ਰੋਫੈਸਰ ਬਿਨੈ ਭੂਸ਼ਨ ਚੌਧਰੀ, ਭੂਤਪੂਰਵ ਪ੍ਰੋਫੈਸਰ, ਇਤਿਹਾਸ ਵਿਭਾਗ, ਕਲਕੱਤਾ ਯੂਨੀਵਰਸਿਟੀ, ਕਲਕੱਤਾ; ਪ੍ਰੋਫੈਸਰ ਕੁਮ ਕੁਮ ਰਾਏ, ਸੈਂਟਰ ਫਾਰ ਹਿਸਟੌਰੀਕਲ ਸਟੱਡੀਜ਼, ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦਿੱਲੀ; ਪ੍ਰੋਫੈਸਰ ਮਦਨਜੀਤ ਕੌਰ, ਭੂਤਪੂਰਵ ਪ੍ਰੋਫੈਸਰ ਤੇ ਡੀਨ ਧਾਰਮਿਕ ਅਧਿਐਨ, ਗੁਰੂ ਨਾਨਕ ਅਧਿਐਨ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ; ਪ੍ਰੋਫੈਸਰ ਸੁਨੀਤਾ ਪਠਾਨੀਆ, ਭੂਤ ਪੂਰਵ ਪ੍ਰੋਫੈਸਰ, ਇਤਿਹਾਸ ਵਿਭਾਗ, ਕੁਰੂਕਸ਼ੇਤਰ ਯੂਨੀਵਰਸਿਟੀ, ਕੁਰੂਕਸ਼ੇਤਰ ਅਤੇ ਡਾ. ਹਰਬੰਸ ਕੌਰ ਸਾਗੂ, ਵਾਈਸ ਪ੍ਰਿੰਸੀਪਲ, ਗੁਰੂ ਨਾਨਕ ਖਾਲਸਾ ਕਾਲਜ, ਦਿੱਲੀ ਨੇ ਕਰਮਵਾਰ, ਪ੍ਰਾਚੀਨ, ਮੱਧਕਾਲੀਨ, ਨਵਕਾਲੀਨ ਅਤੇ ਪੰਜਾਬੀ ਮੰਡਲਾਂ ਦੀ ਸਦਾਰਤ ਕੀਤੀ। ਪ੍ਰੋਫੈਸਰ ਅਮਰ ਫਾਰੂਕੀ, ਇਤਿਹਾਸ ਵਿਭਾਗ, ਦਿੱਲੀ ਯੂਨੀਵਰਸਿਟੀ, ਦਿੱਲੀ ਨੇ ਪ੍ਰੋਫੈਸਰ ਸੀਤਾ ਰਾਮ ਕੋਹਲੀ ਮੈਮੋਰੀਅਲ ਲੈਕਚਰ, **ਕੋਲੈਬੋਰੇਸ਼ਨ, ਕਨਫਲਿਕਟ ਅਤੇ ਐਮਪਾਇਰ : ਨਾਰਕੋਟਿਕ ਐਂਡ ਜੇਨਸਿਸ ਆਫ ਇੰਡੀਅਨ ਕੈਪੀਟਾਲਿਸਟ ਕਲਾਸ,** ਵਿਸ਼ੇ ਤੇ ਪੇਸ਼ ਕੀਤਾ। ਭਾਰੀ ਗਿਣਤੀ ਵਿਚ ਸ਼ਮੂਲੀਅਤ ਕਰ ਰਹੇ ਵਿਦਵਾਨਾਂ ਅਤੇ ਖੋਜਾਰਥੀਆਂ ਨੇ ਇਸ ਵਿਖਿਆਨ ਦੇ ਮਿਆਰ ਅਤੇ ਪੇਸ਼ਕਾਰੀ ਦੀ ਭਰਪੂਰ ਸ਼ਲਾਘਾ ਕੀਤੀ।

ਬੀਤੇ ਸਾਲਾਂ ਵਾਂਗ, ਇਸ ਸਾਲ ਵੀ ਅਸੀਂ ਇਜਲਾਸ ਦੌਰਾਨ ਪੇਸ਼ ਕੀਤੇ ਗਏ ਬਹੁਤ ਸਾਰੇ ਖੋਜ ਨਿਬੰਧਾਂ ਨੂੰ ਛਾਪ ਰਹੇ ਹਾਂ। ਬਾਵਜੂਦ ਇਸ ਘਾਟ ਦੇ ਕਿ ਨੌਜਵਾਨ ਖੋਜਾਰਥੀਆਂ ਵਲੋਂ ਪੇਸ਼ ਕੀਤੇ ਖੋਜ ਪੱਤਰ ਕਈ ਪੱਖਾਂ ਤੋਂ ਕਮਜ਼ੋਰ ਹਨ, ਫਿਰ ਵੀ ਇਹ ਇਸ ਲਈ ਛਾਪੇ ਜਾ ਰਹੇ ਹਨ ਕਿ ਵੱਧ ਤੋਂ ਵੱਧ ਖੋਜਾਰਥੀ ਇਤਿਹਾਸਕ ਖੋਜ ਵੱਲ ਪ੍ਰੇਰਿਤ ਹੋਣ।

ਇਸ ਸਮਾਗਮ ਨੂੰ ਆਯੋਜਤ ਕਰਨ ਤੇ ਇਸ ਨੂੰ ਨੇਪਰੇ ਚਾੜ੍ਹਨ ਲਈ ਜੋ ਦਿਲਚਸਪੀ ਸਾਡੇ ਸਤਿਕਾਰਯੋਗ ਵਾਈਸ ਚਾਂਸਲਰ ਸਾਹਿਬ ਡਾ. ਜਸਪਾਲ ਸਿੰਘ ਜੀ ਨੇ ਵਿਖਾਈ ਹੈ, ਉਸ ਲਈ ਅਸੀਂ ਤਹਿ ਦਿਲੋਂ ਉਨ੍ਹਾਂ ਦੇ ਅਹਿਸਾਨਮੰਦ ਹਾਂ।

ਇਸ ਇਜਲਾਸ ਨੂੰ ਆਯੋਜਤ ਕਰਨ ਅਤੇ ਇਸ ਦੀ ਕਾਰਵਾਈ ਨੂੰ ਛਾਪਣ ਲਈ ਦਿੱਤੀ ਗਈ ਮਾਲੀ ਮਦਦ ਲਈ ਅਸੀਂ ਇੰਡੀਅਨ ਕੌਂਸਿਲ ਆਫ ਹਿਸਟੌਰੀਕਲ ਰਿਸਰਚ, ਨਵੀਂ ਦਿੱਲੀ ਦੇ ਤਹਿ ਦਿਲੋਂ ਮਸ਼ਕੂਰ ਹਾਂ।

ਐਡਵਾਈਜ਼ਰੀ ਬੋਰਡ ਦੇ ਸਮੂਹ ਮੈਂਬਰਾਂ ਵਲੋਂ ਆਏ ਸੁਯੋਗ ਸੁਝਾਵਾਂ ਅਤੇ ਸ੍ਰ. ਚਰਨਜੀਤ ਸਿੰਘ ਪਰੂਫ ਰੀਡਰ ਵਲੋਂ ਇਹਨਾਂ ਪ੍ਰੋਸੀਡਿੰਗਜ਼ ਦੇ ਪਰੂਫ ਪੜ੍ਹਨ ਲਈ ਕੀਤੀ ਗਈ ਅਣਥੱਕ ਮਿਹਨਤ ਲਈ ਅਸੀਂ ਉਹਨਾਂ ਦੇ ਧੰਨਵਾਦੀ ਹਾਂ। ਪ੍ਰੋਫੈਸਰ ਐਸ.ਕੇ. ਸ਼ਰਮਾ, ਮੁੱਖੀ ਪਬਲੀਕੇਸ਼ਨ ਬਿਊਰੋ ਅਤੇ ਸ੍ਰ. ਹਰਜੀਤ ਸਿੰਘ, ਆਰਟ ਐਗਜੀਕਿਊਟਿਵ, ਵੀ ਖਾਸ ਧੰਨਵਾਦ ਦੇ ਪਾਤਰ ਹਨ, ਜਿਨ੍ਹਾਂ ਨੇ ਇਹਨਾਂ ਪ੍ਰੋਸੀਡਿੰਗਜ ਨੂੰ ਛਾਪਣ ਲਈ ਅਕਹਿ ਦਿਲਚਸਪੀ ਵਿਖਾਈ ਹੈ।

2 ਮਾਰਚ, 2010 **ਕੁਲਵਿੰਦਰ ਸਿੰਘ ਬਾਜਵਾ**

ਤਤਕਰਾ

ਪ੍ਰਧਾਨਗੀ ਭਾਸ਼ਣ

(ਪੰਜਾਬੀ ਸੈਕਸ਼ਨ)

ਭਾਈ ਸਾਹਿਬ ਭਾਈ ਸੰਤੋਖ ਸਿੰਘ ਜੀ ਦੀ ਇਤਿਹਾਸਕ ਚੇਤਨਾ

ਡਾ. ਹਰਬੰਸ ਕੌਰ ਸਾਗੂ *

ਪੰਜਾਬ ਹਿਸਟਰੀ ਕਾਨਫਰੰਸ ਦੇ ਇਕਤਾਲੀਵੇਂ ਸੈਸ਼ਨ ਦੇ ਪੰਜਾਬੀ ਸੈਕਸ਼ਨ ਦੀ ਪ੍ਰਧਾਨਗੀ ਲਈ ਮਾਣ ਮਹਿਸੂਸ ਕਰਦੀ ਹੋਈ, ਮੈਂ ਪੰਜਾਬ ਹਿਸਟਰੀ ਕਾਨਫਰੰਸ ਦੇ ਪ੍ਰਬੰਧਕਾਂ ਅਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਵਾਈਸ-ਚਾਂਸਲਰ ਡਾ. ਜਸਪਾਲ ਸਿੰਘ ਜੀ ਦੀ ਤਹਿ ਦਿਲ ਤੋਂ ਸ਼ੁਕਰਗੁਜ਼ਾਰ ਤੇ ਅਭਾਰੀ ਹਾਂ, ਜਿਨ੍ਹਾਂ ਨੇ ਮੈਨੂੰ ਇਹ ਸਨਮਾਨਯੋਗ ਅਵਸਰ ਪ੍ਰਦਾਨ ਕੀਤਾ ਹੈ। ਪੰਜਾਬ ਹਿਸਟਰੀ ਕਾਨਫਰੰਸ ਨੇ ਜਿੱਥੇ 1965 ਈ: ਤੋਂ ਪੰਜਾਬ ਹਿਸਟਰੀ ਦੇ ਖੋਜ ਕਾਰਜਾਂ ਨੂੰ ਅੱਗੇ ਵਧਾਇਆ ਹੈ, ਉੱਥੇ ਇਸ ਦੀ ਗਤੀਸ਼ੀਲਤਾ ਨੂੰ ਨਿਰੰਤਰ ਕਾਇਮ ਰੱਖਣ ਲਈ ਵੀ ਅਹਿਮ ਭੂਮਿਕਾ ਅਦਾ ਕੀਤੀ ਹੈ ਅਤੇ ਪ੍ਰਬੰਧਕਾਂ ਦੀ ਅਣਥੱਕ ਮੇਹਨਤ ਦਾ ਸਦਕਾ ਅਕਾਦਮਿਕ ਖੇਤਰ ਵਿੱਚ ਵੀ ਗੌਰਵਮਈ ਸਥਾਨ ਹਾਸਲ ਕਰ ਲਿਆ ਹੈ, ਇਸ ਦੀ ਮੈਂ ਪ੍ਰਬੰਧਕਾਂ ਨੂੰ ਵਧਾਈ ਦਿੰਦੀ ਹਾਂ ਜਿਸ ਦੇ ਉਹ ਯੋਗ ਹੱਕਦਾਰ ਹਨ। ਮੈਂ ਇਸ ਮੌਕੇ ਤੇ 'ਭਾਈ ਸਾਹਿਬ ਭਾਈ ਸੰਤੋਖ ਸਿੰਘ, ਕਰਤਾ *ਗੁਰ ਪ੍ਰਤਾਪ ਸੂਰਜ ਗ੍ਰੰਥ* ਦੀ ਇਤਿਹਾਸਕ ਚੇਤਨਾ' ਬਾਰੇ ਵਿਚਾਰ ਤੁਹਾਡੇ ਨਾਲ ਸਾਂਝੇ ਕਰਨਾ ਚਾਹੁੰਦੀ ਹਾਂ।

ਮੇਰੇ ਇਸ ਪਰਚੇ ਦੀਆਂ ਆਧਾਰ ਲਿਖਤਾਂ ਦੇ ਲੇਖਕ ਹਨ ਭਾਈ ਸਾਹਿਬ ਭਾਈ ਵੀਰ ਸਿੰਘ ਜੀ, ਵਾਈਸ ਚਾਂਸਲਰ ਡਾ. ਜਸਪਾਲ ਸਿੰਘ ਜੀ, ਡਾ. ਸਬਿੰਦਰ ਸਿੰਘ ਸਾਗਰ, ਡਾ. ਜੈ ਭਗਵਾਨ ਗੋਇਲ, ਸ੍ਰ. ਪਿਆਰਾ ਸਿੰਘ ਪਦਮ ਅਤੇ ਡਾ. ਗੰਡਾ ਸਿੰਘ ਜੀ। ਇਨ੍ਹਾਂ ਸਭ ਦੀ ਇਤਿਹਾਸਕ ਸੂਝ-ਬੂਝ ਨੂੰ ਮੇਰਾ ਸ਼ਤ-ਸ਼ਤ ਪ੍ਰਣਾਮ।

ਉੱਨ੍ਹੀਵੀਂ ਸਦੀ ਦੇ ਮਹਾਨ ਵਿਦਵਾਨਾਂ ਵਿੱਚੋਂ ਭਾਈ ਸਾਹਿਬ ਭਾਈ ਸੰਤੋਖ ਸਿੰਘ ਇਤਿਹਾਸਕ ਬਿਰਤੀ ਵਾਲੇ ਗੰਭੀਰ ਵਿਦਵਾਨ ਹੋਏ ਹਨ। ਆਪ ਦੁਆਰਾ ਲਿਖੀਆਂ ਬਹੁਤ ਸਾਰੀਆਂ ਰਚਨਾਵਾਂ ਵਿੱਚੋਂ ਸਿਰਫ ਛੇ ਰਚਨਾਵਾਂ ਹੀ ਉਪਲੱਬਧ ਹਨ, ਜਿਸ ਤਰ੍ਹਾਂ *ਨਾਮ ਕੋਸ਼, ਗਰਬ ਗੰਜਨੀ ਟੀਕਾ, ਬਾਲਮੀਕੀ ਰਾਮਾਇਣ, ਆਤਮ ਪੁਰਾਣ ਟੀਕਾ, ਗੁਰੂ ਨਾਨਕ ਪ੍ਰਕਾਸ਼* ਅਤੇ *ਗੁਰ-ਪ੍ਰਤਾਪ ਸੂਰਜ ਗ੍ਰੰਥ*। ਮੇਰੇ ਇਸ ਪਰਚੇ ਦਾ ਆਧਾਰ *'ਗੁਰੂ ਨਾਨਕ ਪ੍ਰਕਾਸ਼'* ਤੇ *'ਗੁਰ ਪ੍ਰਤਾਪ ਸੂਰਜ ਗ੍ਰੰਥ'* ਹੀ ਹਨ, ਕਿਉਂਕਿ ਆਪ ਦੀਆਂ ਇਹ ਦੋ ਰਚਨਾਵਾਂ ਹੀ ਸਿੱਖ ਗੁਰੂ ਸਾਹਿਬਾਨ ਦੇ ਇਤਿਹਾਸ ਨਾਲ ਸੰਬੰਧਿਤ ਹਨ। ਇਨ੍ਹਾਂ ਦੋ ਗ੍ਰੰਥਾਂ ਵਿੱਚ ਭਾਈ ਸਾਹਿਬ ਨੇ 1469 ਈ: ਤੋਂ ਲੈ ਕੇ 1747 ਈ: ਤੱਕ ਦੇ ਸਿੱਖ ਇਤਿਹਾਸ ਨੂੰ ਸਮੇਟਿਆ ਹੈ। *ਗੁਰੂ ਨਾਨਕ ਪ੍ਰਕਾਸ਼* ਆਪ ਦੀ ਪਹਿਲੀ ਮੌਲ਼ਿਕ ਰਚਨਾ ਤੇ *ਗੁਰ ਪ੍ਰਤਾਪ ਸੂਰਜ ਗ੍ਰੰਥ* ਅੰਤਿਮ ਹੈ। ਇਹ ਗ੍ਰੰਥ 1834 ਈ: ਵਿੱਚ ਲਿਖਣਾ ਸ਼ੁਰੂ ਕੀਤਾ ਗਿਆ ਅਤੇ 1843 ਈ: ਵਿੱਚ ਸੰਪੂਰਣ ਹੋਇਆ। 1823 ਈ: ਵਿੱਚ ਜਦੋਂ *ਸ੍ਰੀ ਗੁਰੂ ਨਾਨਕ ਪ੍ਰਕਾਸ਼* ਸੰਪੂਰਣ ਹੋਇਆ, ਉਸ ਸਮੇਂ ਤੋਂ ਹੀ ਭਾਈ ਸਾਹਿਬ ਇਸ ਆਹਰ

---

* ਵਾਈਸ ਪ੍ਰਿੰਸੀਪਲ ਅਤੇ ਮੁਖੀ, ਇਤਿਹਾਸ ਵਿਭਾਗ, ਸ੍ਰੀ ਗੁਰੂ ਨਾਨਕ ਦੇਵ ਖਾਲਸਾ ਕਾਲਜ, ਦਿੱਲੀ ਯੂਨੀਵਰਸਿਟੀ, ਦੇਵ ਨਗਰ, ਨਵੀਂ ਦਿੱਲੀ।

ਵਿੱਚ ਲੱਗੇ ਰਹੇ ਕਿ ਬਾਕੀ ਗੁਰੂਆਂ ਦੇ ਜੀਵਨ ਸੰਬੰਧੀ ਮਿਲਦਾ ਮਸਾਲਾ ਵੀ ਥਾਂ-ਥਾਂ ਤੋਂ ਇਕੱਠਾ ਕੀਤਾ ਜਾਵੇ। ਇਸ ਲਈ ਜਿਥੇ ਆਪ ਸਮੇਂ-ਸਮੇਂ ਸੰਸਕ੍ਰਿਤ ਗ੍ਰੰਥਾਂ ਦੇ ਉਲੱਥੇ ਕਰਦੇ ਰਹੇ ਉਥੇ ਨਾਲ-ਨਾਲ ਗੁਰ ਇਤਿਹਾਸ ਲਈ ਵੀ ਸਮੱਗਰੀ ਇਕੱਠੀ ਕਰਦੇ ਰਹੇ, ਜਿਸ ਦਾ ਜ਼ਿਕਰ ਆਪ *ਗੁਰ ਪ੍ਰਤਾਪ ਸੂਰਜ ਗ੍ਰੰਥ* ਵਿੱਚ ਵੀ ਕਰਦੇ ਹਨ।[1] ਇਨ੍ਹਾਂ ਦੋਵੇਂ ਰਚਨਾਵਾਂ ਵਿੱਚ ਕ੍ਰਮ ਬੱਧ ਢੰਗ ਨਾਲ ਗੁਰੂ ਇਤਿਹਾਸ ਨੂੰ ਵਰਨਣ ਕੀਤਾ ਹੋਣ ਕਰਕੇ ਇਹ ਅਸਲੋਂ ਇੱਕ ਹੀ ਰਚਨਾ ਪ੍ਰਤੀਤ ਹੁੰਦੀ ਹੈ। ਇਨ੍ਹਾਂ ਦੇ ਕਈ ਹੱਥ ਲਿਖਤ ਜਾਂ ਛਪੇ ਹੋਏ ਸੰਸਕਰਣ ਉਪਲੱਬਧ ਸਨ, ਪਰ ਉਨ੍ਹਾਂ ਵਿਚਲੀਆਂ ਤਰੁੱਟੀਆਂ, ਲਿਖਾਰੀਆਂ ਵੱਲੋਂ ਉਤਾਰਾ ਕਰਨ ਵੇਲੇ ਪਾਈਆਂ ਗ਼ਲਤੀਆਂ, ਕਠਿਨ ਸ਼ਬਦਾਂ ਨੂੰ ਸਮਝਣ ਦੀ ਔਖਿਆਈ ਨੇ ਭਾਈ ਵੀਰ ਸਿੰਘ ਨੂੰ ਇਸ ਦਾ ਸੰਪਾਦਨ ਕਰਨ ਲਈ ਪ੍ਰੇਰਨਾ ਦਿੱਤੀ ਅਤੇ 1926 ਈ: ਵਿੱਚ ਉਨ੍ਹਾਂ ਨੇ ਇਸ ਕੰਮ ਨੂੰ ਆਰੰਭ ਕੀਤਾ ਤੇ 1934 ਵਿੱਚ ਇਸ ਦੀ ਪਹਿਲੀ ਛਾਪ ਸਾਹਮਣੇ ਆਈ, ਜਿਸ ਨੂੰ *ਗੁਰ ਪ੍ਰਤਾਪ ਸੂਰਜ ਗ੍ਰੰਥ* ਕਿਹਾ ਜਾਂਦਾ ਹੈ ਤੇ ਇਹ 14 ਜਿਲਦਾਂ ਵਿੱਚ ਉਪਲੱਬਧ ਹੈ ਤੇ ਦੋਵੇਂ ਗ੍ਰੰਥਾਂ ਦਾ ਸਮਿਲਿਤ ਰੂਪ ਹੈ।

ਦਸ ਗੁਰੂ ਸਾਹਿਬਾਨ ਦੇ ਸਮੇਂ ਅਤੇ ਉਨ੍ਹਾਂ ਤੋਂ ਬਾਅਦ ਬਿੱਖੜੇ ਸਮੇਂ ਜਦੋਂ ਇਤਿਹਾਸ ਸਿਰਜਣਾ ਹੋ ਰਹੀ ਸੀ, ਪਰ ਇਸ ਇਤਿਹਾਸ ਨੂੰ ਲਿਖਤੀ ਰੂਪ ਦੇਣ ਵਾਲਾ ਕੋਈ ਇਤਿਹਾਸਕਾਰ ਸਾਹਮਣੇ ਨਾ ਆਇਆ। ਇਹੀ ਕਾਰਨ ਹੈ ਕਿ ਸਿੱਖਾਂ ਦਾ ਮੁੱਢਲਾ ਇਤਿਹਾਸ ਸਹੀ ਤੇ ਤਰਤੀਬ ਅਨੁਸਾਰ ਪੂਰਾ-ਪੂਰਾ ਨਹੀਂ ਮਿਲਦਾ। ਜਦੋਂ ਸਿੱਖ ਮਿਸਲਾਂ ਤੇ ਰਣਜੀਤ ਸਿੰਘ ਦਾ ਸਮਾਂ ਆਇਆ ਤਾਂ ਸਿੱਖ ਲੇਖਕਾਂ ਨੇ ਫੌਰਨ ਇਸ ਪਾਸੇ ਵੱਲ ਧਿਆਨ ਦਿੱਤਾ ਤੇ ਸਿੱਖ ਇਤਿਹਾਸ ਲਿਖਣਾ ਸ਼ੁਰੂ ਹੋ ਗਿਆ। ਇਹੀ ਸਮਾਂ ਸੀ ਜਦੋਂ ਭਾਈ ਸਾਹਿਬ ਭਾਈ ਸੰਤੋਖ ਸਿੰਘ ਨੇ ਸਿੱਖ ਗੁਰੂਆਂ ਦਾ ਗੌਰਵਮਈ ਇਤਿਹਾਸ ਲਿਖਣ ਲਈ ਕਲਮ ਚੁੱਕੀ। ਇਹ ਗੁਰੂਆਂ ਦਾ ਸਮਕਾਲੀ ਇਤਿਹਾਸ ਤਾਂ ਨਹੀਂ ਹੈ ਪਰ ਪੰਜਾਬੀ ਵਿੱਚ ਸਮਕਾਲੀ ਸਰੋਤਾਂ ਦੀ ਘਾਟ, ਜਾਂ ਕਹਿ ਲਵੋ ਅਣਹੋਂਦ ਕਰਕੇ ਇਤਿਹਾਸਕਾਰਾਂ ਨੂੰ *ਗੁਰ ਪ੍ਰਤਾਪ ਸੂਰਜ ਗ੍ਰੰਥ* ਦੀ ਮਦਦ ਲੈਣੀ ਪੈਂਦੀ ਹੈ। ਜਦੋਂ ਕਿ ਭਾਈ ਸਾਹਿਬ ਸ਼ੁੱਧ ਇਤਿਹਾਸਕਾਰ ਨਹੀਂ ਸਨ, ਇੱਕ ਕਵੀ ਸਨ ਅਤੇ ਆਪ ਦੀਆਂ ਰਚਨਾਵਾਂ ਦਾ ਵਿਸ਼ਾ ਇਤਿਹਾਸਕ-ਅਧਿਆਤਮਕ ਹੈ। ਆਪ ਨੇ ਉਨਰੀ ਇਤਿਹਾਸ ਦੀ ਜ਼ਮੀਨ ਉੱਤੇ ਆਪਣੀ ਸਮਝ, ਵਿੱਤ, ਤਾਣ ਤੇ ਮਿਹਨਤ ਕਰਕੇ ਇਤਿਹਾਸ ਲਿਖਣ ਦੀ ਕੋਸ਼ਿਸ਼ ਕੀਤੀ ਹੈ। ਇਸ ਲਈ ਆਪ ਦੀਆਂ ਲਿਖਤਾਂ ਅੰਤਮ ਨਹੀਂ ਹਨ, ਸਗੋਂ ਇੱਕ ਸੁੰਦਰ ਢਾਂਚਾ ਤੇ ਖਾਕਾ ਹੈ, ਜਿਹੜਾ ਸਾਹਿਤਕ, ਦਾਰਸ਼ਨਿਕ ਤੇ ਧਾਰਮਿਕ ਗੁਣਾਂ ਨਾਲ ਸ਼ਿੰਗਾਰਿਆ ਹੋਇਆ ਹੈ ਤੇ ਜਿਸ ਵਿਚਲੀ ਇਤਿਹਾਸਕ ਸਮੱਗਰੀ ਦੀ ਵਰਤੋਂ ਬੜੀ ਸਮਝ ਤੇ ਸੂਝ-ਬੂਝ ਨਾਲ ਹੀ ਕੀਤੀ ਜਾ ਸਕਦੀ ਹੈ। ਭਾਈ ਵੀਰ ਸਿੰਘ ਜੀ ਅਨੁਸਾਰ ਇਸ ਸਾਹਿਤ ਨੂੰ ਸਰਬਪ੍ਰਿਯ ਇਤਿਹਾਸ ਦਾ ਨਾਮ ਦਿੱਤਾ ਜਾ ਸਕਦਾ ਹੈ। ਇਸ ਵਿੱਚ ਭਾਈ ਸਾਹਿਬ ਨੇ ਉਹ ਸਭ ਕੁਝ ਆਪਣੀਆਂ ਲਿਖਤਾਂ ਵਿੱਚ ਸਮੋ ਲਿਆ ਹੈ ਜਿਸ ਨੂੰ ਲੋਕਾਂ ਨੇ ਆਪਣੇ ਮਨ ਦਾ ਹਿੱਸਾ ਬਣਾ ਲਿਆ ਹੋਇਆ ਸੀ।[2] ਅਸਲ ਵਿੱਚ ਇਹ ਸਾਹਿਤ ਦੀ ਉਹ ਧਾਰਾ ਹੈ, ਜਿਸਨੂੰ 'ਹੈਜੀਓਗ੍ਰੈਫੀਕਲ ਲਿਟਰੇਚਰ' ਕਿਹਾ ਜਾਂਦਾ ਹੈ, ਜਿਸ ਵਿੱਚ ਪੀਰਾਂ ਫਕੀਰਾਂ, ਸੰਤਾਂ, ਮਹਾਤਮਾਵਾਂ, ਯੋਧਿਆਂ, ਸੂਰਬੀਰਾਂ,

1. ਕਵੀ ਚੂੜਾਮਣੀ ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ*, ਜਿਲਦ ਪਹਿਲੀ (ਸੰਪਾਦਿਤ ਭਾਈ ਵੀਰ ਸਿੰਘ), ਭਾਸ਼ਾ ਵਿਭਾਗ, ਪੰਜਾਬ, 1989, ਪੰਨਾ 102.

   ਬਹੁਤ ਬਰਸ ਬੀਤੇ ਜਬਿ ਲਹੇ। ਗੁਰ ਜਸ ਰਚਨ ਚਾਹਿ ਤੇ ਰਹੇ।
   ਉਹ ਅਭਿਲਾਖਾ ਨਿਤ ਕੀ ਮੇਰੀ। ਸਤਿਗੁਰ ਕ੍ਰਿਪਾ ਦ੍ਰਿਸ਼ਟ ਕਰਿ ਹੇਰੀ।
   ਭਯੋ ਅਚਾਨਕ ਸੰਚਯ ਆਈ। ਸਰਬ ਗੁਰਨਿ ਕੋ ਜਸ ਸਮੁਦਾਈ।
   ਚਾਹਿਤ ਭਏ ਆਪ ਸੁਰ ਜਬਿ ਹੂੰ। ਭਾ ਸੰਚਯ ਦਸ ਗੁਰ ਜਸ ਸਤਿ ਹੂੰ।
   ਹੋਰਿ ਉਮੰਗ ਮੋਹਿ ਮਨ ਆਈ। ਕਰਨ ਲਗਯੋ ਇਹ ਗ੍ਰੰਥ ਸਹਾਈ।

   (*ਗੁਰ ਪ੍ਰਤਾਪ ਸੂਰਜ ਗ੍ਰੰਥ,* 1, ਅੰਸ਼ੂ 5)

2. *ਉਹੀ*, ਪੰਨਾ 102.

ਸ਼ਹੀਦਾਂ ਤੇ ਆਗੂਆਂ ਦਾ ਜੀਵਨ ਉਸ ਵੇਲੇ ਦੇ ਜਨ-ਸਾਧਾਰਣ ਦੇ ਵਿਸ਼ਵਾਸਾਂ ਦੇ ਅਨੁਕੂਲ ਲਿਖਿਆ ਗਿਆ ਹੁੰਦਾ ਹੈ। ਕਰਾਮਾਤਾਂ, ਅਣਹੋਣੀਆਂ ਘਟਨਾਵਾਂ ਤੇ ਅਸੰਭਵ ਗੱਲਾਂ ਇਨ੍ਹਾਂ ਦਾ ਅੰਗ ਬਣ ਜਾਂਦੀਆਂ ਹਨ।[3] ਭਾਈ ਵੀਰ ਸਿੰਘ ਜੀ ਦਾ ਮੰਨਣਾ ਹੈ ਕਿ ਬੇਸ਼ੱਕ ਆਪ ਦੀਆਂ ਰਚਨਾਵਾਂ ਨੂੰ ਵਿਗਿਆਨਕ ਇਤਿਹਾਸ ਤਾਂ ਨਹੀਂ ਕਿਹਾ ਜਾ ਸਕਦਾ ਫਿਰ ਵੀ ਸਾਨੂੰ ਵਿਗਿਆਨਕ ਇਤਿਹਾਸ ਲਿਖਣ ਲਈ ਆਪ ਨੇ ਇਕ ਭਾਰੀ ਖ਼ਜ਼ਾਨਾ ਦਿੱਤਾ ਹੈ।[4] ਆਪ ਤੋਂ ਪਹਿਲਾਂ ਦੇ ਇਤਿਹਾਸਕਾਰ ਸੈਨਾਪਤਿ, ਸਰੂਪ ਦਾਸ ਤੇ ਭਾਈ ਸੁੱਖਾ ਸਿੰਘ ਆਦਿ ਨੇ ਕੇਵਲ ਇੱਕ ਗੁਰੂ ਵਿਅਕਤੀ ਜਾਂ ਕਿਸੇ ਖਾਸ ਗੁਰੂ ਕਾਲ ਉੱਤੇ ਥੋੜ੍ਹੀ ਬਹੁਤ ਰੌਸ਼ਨੀ ਪਾਈ ਹੈ ਪਰ ਇਹ ਸਾਰੇ ਗੁਰੂ ਕਾਲ ਦੇ ਸੰਪੂਰਣ ਇਤਿਹਾਸ ਨੂੰ ਆਪਣੇ ਕਲਾਵੇ ਵਿੱਚ ਨਹੀਂ ਲੈਂਦੀਆਂ, ਪਰ ਭਾਈ ਸੰਤੋਖ ਸਿੰਘ ਨੇ ਆਪਣੀਆਂ ਇਨ੍ਹਾਂ ਦੋ ਰਚਨਾਵਾਂ ਵਿੱਚ ਤਕਰੀਬਨ 300 ਸਾਲ ਦੇ ਸਿੱਖ ਇਤਿਹਾਸ ਨੂੰ ਸਮੇਟਿਆ ਹੈ, ਜੋ ਆਪਣੇ ਆਪ ਵਿੱਚ ਬਹੁਤ ਵੱਡੀ ਉਪਲੱਬਧੀ ਕਹੀ ਜਾ ਸਕਦੀ ਹੈ। ਆਪ ਤੋਂ ਬਾਅਦ ਦੇ ਇਤਿਹਾਸਕਾਰ ਗਿਆਨੀ ਗਿਆਨ ਸਿੰਘ, ਭਾਈ ਕਾਨ੍ਹ ਸਿੰਘ ਨਾਭਾ, ਮਿ: ਮੈਕਾਲਫ ਤੇ ਭਾਈ ਵੀਰ ਸਿੰਘ ਦੀਆਂ ਸਮੂਹ ਲਿਖਤਾਂ ਦਾ ਆਧਾਰ ਹੀ *ਨਾਨਕ ਪ੍ਰਕਾਸ਼* ਤੇ *ਸੂਰਜ ਪ੍ਰਕਾਸ਼* ਹਨ। ਇਸ ਲਈ ਮੰਨਣਾ ਪੈਂਦਾ ਹੈ ਕਿ ਕਮੀਆਂ ਦੇ ਬਾਵਜੂਦ ਸਿੱਖ ਇਤਿਹਾਸਕਾਰਾਂ ਦੀ ਕਤਾਰ ਵਿੱਚ ਭਾਈ ਸੰਤੋਖ ਸਿੰਘ ਦਾ ਦਰਜ਼ਾ ਸੱਚਮੁੱਚ ਸ਼ਿਰੋਮਣੀ ਹੈ। ਡਾ. ਜਸਪਾਲ ਸਿੰਘ ਜੀ ਦਾ ਮੰਨਣਾ ਹੈ ਕਿ ਅਗਰ ਅੱਜ *ਸੂਰਜ ਪ੍ਰਕਾਸ਼* ਨੂੰ ਨਜ਼ਰ ਅੰਦਾਜ਼ ਕਰ ਦੇਈਏ ਤਾਂ ਗੁਰੂਆਂ ਦਾ ਇਤਿਹਾਸ ਦੱਸਣ ਵਾਲੀ ਕੋਈ ਵੀ ਪੁਸਤਕ ਸਾਡੇ ਪਾਸ ਨਹੀਂ ਰਹਿ ਜਾਂਦੀ। ਵਰਤਮਾਨ ਖੋਜੀਆਂ ਲਈ ਵੀ ਆਪ ਦੀਆਂ ਰਚਨਾਵਾਂ ਮੂਲ ਸੋਮਿਆਂ ਦਾ ਕੰਮ ਕਰ ਰਹੀਆਂ ਹਨ।

ਗੁਰ ਪ੍ਰਤਾਪ ਸੂਰਜ ਗ੍ਰੰਥ ਦੇ ਅਧਿਐਨ ਤੋਂ ਇਹ ਵੀ ਸਾਫ਼ ਹੋ ਜਾਂਦਾ ਹੈ ਕਿ ਕਿਧਰੇ-ਕਿਧਰੇ ਭਾਈ ਸਾਹਿਬ ਨੇ ਇਤਿਹਾਸ ਲਿਖਣ ਦਾ ਹਿੰਦੂ-ਯੂਨਾਨੀ-ਜੂਡਿਕ (Indo-Greek-Judiac) ਤਰੀਕਾ ਵੀ ਵਰਤਿਆ ਹੈ। ਇਤਿਹਾਸ ਦੇ ਯੂਨਾਨੀ ਢੰਗ ਅਨੁਸਾਰ ਉਹ ਨਹੀਂ ਲਿਖਿਆ ਜਾਂਦਾ ਜੋ ਵਾਪਰਿਆ ਹੋਵੇ, ਸਗੋਂ ਉਹ ਲਿਖਿਆ ਜਾਂਦਾ ਹੈ ਜੋ ਕਵੀ ਦੀ ਮਰਜ਼ੀ ਮੁਤਾਬਿਕ ਹੋਵੇ। ਦੂਜਾ ਦ੍ਰਿਸ਼ਟੀਕੋਣ ਜੂਡੋ-ਜੋਰਸਤਾਨੀ (Judiaco-Zorastrian) ਹੈ ਜਿਸ ਅਨੁਸਾਰ ਕੌਮ, ਨਸਲ ਦੀ ਉਪਮਾ ਵਿੱਚ ਜਾਂ ਵੱਡਿਤਣ ਲਈ ਹੋਈਆਂ ਘਟਨਾਵਾਂ ਦਾ ਹੀ ਜ਼ਿਕਰ ਕੀਤਾ ਜਾਂਦਾ ਹੈ। ਇੱਕ ਪੱਖ ਨੂੰ ਲੈ ਕੇ ਉਸ ਉਪਰ ਜ਼ੋਰ ਦਿੱਤਾ ਜਾਂਦਾ ਹੈ। ਮੁਸਲਮਾਨਾਂ, ਈਸਾਈਆਂ, ਯਹੂਦੀਆਂ ਨੇ ਇਸੇ ਪੱਖ ਨੂੰ ਅਪਣਾਇਆ। ਇਸੇ ਲਈ ਭਾਈ ਸੰਤੋਖ ਸਿੰਘ ਆਪਣੇ ਇਤਿਹਾਸ ਨੂੰ ਗੁਰੂ ਕਥਾ ਜਾਂ ਗੁਰੂ ਮਹਿਮਾ ਕਹਿੰਦੇ ਹਨ। ਮਿਸਾਲ ਵਜੋਂ ਗੁਰੂ ਨਾਨਕ ਦੇਵ ਜੀ ਦੇ ਵਿਆਹ ਦੀ ਰਾਸ ਨੂੰ ਅਲੰਕ੍ਰਿਤ ਕਰਦੇ ਹੋਏ ਇਸ ਤਰ੍ਹਾਂ ਪ੍ਰਗਟਾਇਆ ਹੈ ਜਿਵੇਂ ਕਿਸੇ ਦੁਨਿਆਵੀ ਬਾਦਸ਼ਾਹ ਦੀ ਬਰਾਤ ਜਾ ਰਹੀ ਹੋਵੇ। ਗੁਰੂ ਜੀ ਇੱਕ ਸਾਧਾਰਣ ਪਟਵਾਰੀ ਦੇ ਪੁੱਤਰ ਸਨ, ਇਹ ਗੱਲ ਉਨ੍ਹਾਂ ਅੱਖੋਂ ਉਹਲੇ ਕੀਤੀ। ਗੁਰੂ ਜੀ ਦੀ ਬਰਾਤ ਦਾ ਉਨ੍ਹਾਂ ਉਹ ਚਿੱਤਰ ਚਿਤਰਿਆ ਜੋ ਉਹ ਚਾਹੁੰਦੇ ਸਨ, ਨਾ ਕਿ ਜਿਸ ਤਰ੍ਹਾਂ ਬਰਾਤ ਵਾਸਤਵ ਵਿੱਚ ਗਈ ਹੋਣੀ ਹੈ।

ਇਸ ਗ੍ਰੰਥ ਵਿੱਚ ਕਵੀ ਨੇ ਸ਼ੁਰੂ ਵਿੱਚ ਅਤੇ ਫਿਰ ਹਰ ਰਾਸਿ ਜਾਂ ਰੁੱਤ ਦੇ ਆਰੰਭ ਵਿੱਚ ਮੰਗਲਾ-ਚਰਣ ਅਤੇ ਇਸ਼ਟ ਅਕਾਲ ਪੁਰਖ ਅਤੇ ਗੁਰੂ ਸਾਹਿਬਾਨ ਦੀ ਬੰਦਨਾ ਕੀਤੀ ਹੈ ਅਤੇ ਉਸ ਸਮੇਂ ਦੀ ਪਰੰਪਰਾ ਅਨੁਸਾਰ ਹੋਰ ਦੇਵੀ-ਦੇਵਤਿਆਂ ਪ੍ਰਤਿ ਵੀ ਆਦਰ ਦੀ ਭਾਵਨਾ ਪ੍ਰਗਟ ਕੀਤੀ ਹੈ। ਪਰ ਕਵੀ ਜੀ ਦੀ ਇਸ਼ਟ ਬੁੱਧੀ ਭਾਈ ਵੀਰ ਸਿੰਘ ਅਨੁਸਾਰ ਅਕਾਲ-ਪੁਰਖ ਅਤੇ ਗੁਰੂ ਸਾਹਿਬਾਨ ਤੱਕ ਹੀ ਸੀਮਿਤ

3. ਡਾ. ਜੈ ਭਗਵਾਨ ਗੋਇਲ, *ਮਹਾਂਕਵੀ ਭਾਈ ਸੰਤੋਖ ਸਿੰਘ* ; ਦੇਖੋ ਹਰਮੀਤ ਸਿੰਘ, *ਮਹਾਂਕਵੀ ਭਾਈ ਸੰਤੋਖ ਸਿੰਘ*, ਪੰਨਾ 44; ਹੋਰ ਦੇਖੋ, ਡਾ. ਹਰਬੰਸ ਕੌਰ ਸਾਗੂ, *ਇਤਿਹਾਸ ਦੇ ਝਰੋਖੇ ਵਿੱਚੋਂ*, ਪੰਨਾ 52.
4. ਡਾ: ਸਬਿੰਦਰਜੀਤ ਸਿੰਘ ਸਾਗਰ, *ਭਾਈ ਸੰਤੋਖ ਸਿੰਘ ਦੀ ਇਤਿਹਾਸਕ ਸੂਝ* ; ਦੇਖੋ ਪ੍ਰੋ: ਹਰਮੀਤ ਸਿੰਘ, *ਉਹੀ*, ਪੰਨੇ 64, 65, 77.

ਹੈ। ਇਹ ਮੰਗਲਾ-ਚਰਣ ਕਵੀ ਦੀ ਵਿਦਵਤਾ ਅਤੇ ਸਰਬ ਧਰਮ ਏਕਤਾ ਦੇ ਲਖਾਇਕ ਹਨ। ਡਾ. ਜੈ ਭਗਵਾਨ ਗੋਇਲ ਲਿਖਦੇ ਹਨ ਕਿ *ਗੁਰ ਪ੍ਰਤਾਪ ਸੂਰਜ ਗ੍ਰੰਥ* ਵਿੱਚ ਦੇਸ਼ ਤੇ ਜਾਤੀ ਦੀਆਂ ਛੋਟੀਆਂ ਭਾਵਨਾਵਾਂ ਤੋਂ ਉੱਚੇ ਉੱਠ ਕੇ ਮਨੁੱਖੀ ਚੇਤਨਤਾ ਦੀ ਏਕਤਾ ਅਤੇ ਸੱਚਾਈ ਵਿੱਚ ਵਿਸ਼ਵਾਸ ਪ੍ਰਗਟ ਕੀਤਾ ਗਿਆ ਹੈ। ਇਹੀ ਭਾਰਤੀ ਸੱਭਿਆਚਾਰ ਦੀ ਇੱਕ ਮੁੱਖ ਵਿਸ਼ੇਸ਼ਤਾ ਹੈ।[5]

ਗੁਰ ਪ੍ਰਤਾਪ ਸੂਰਜ ਗ੍ਰੰਥ ਦਾ ਕਥਾਨਕ ਭਾਵੇਂ ਦੂਜੇ ਤੋਂ ਦਸਵੇਂ ਗੁਰੂ ਸਾਹਿਬ, ਬੰਦਾ ਸਿੰਘ ਬਹਾਦਰ, ਮਾਤਾ ਸੁੰਦਰੀ ਤੇ ਉਨ੍ਹਾਂ ਦੇ ਲੈ-ਪਾਲਕ ਪੁੱਤਰ ਅਜੀਤ ਸਿੰਘ ਨਾਲ ਸੰਬੰਧਿਤ ਹੈ ਪਰ ਆਪ *ਗੁਰ ਪ੍ਰਤਾਪ ਸੂਰਜ ਗ੍ਰੰਥ*, ਨੂੰ ਦੂਸਰੀ ਪਾਤਸ਼ਾਹੀ ਤੋਂ ਆਰੰਭ ਨਹੀਂ ਕਰਦੇ ਸਗੋਂ ਗੁਰੂ ਅੰਗਦ ਦੇਵ ਜੀ ਦਾ ਇਤਿਹਾਸ ਸ਼ੁਰੂ ਕਰਨ ਤੋਂ ਪਹਿਲਾਂ ਛੇਵੇਂ ਅੰਸ਼ੂ ਵਿੱਚ ਆਪ ਕੁਝ ਪ੍ਰਸੰਗ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਾਹਿਬਜ਼ਾਦਿਆਂ ਦੇ ਵੀ ਦੇ ਦਿੰਦੇ ਹਨ। ਨਾਲੇ ਰਾਸ ਦੋ ਅੰਸ਼ੂ 57 ਵਿੱਚ ਸਿੱਖੀ ਪਰਖਣ ਦਾ ਇੱਕ ਪ੍ਰਸੰਗ ਵੀ ਦਿੰਦੇ ਹਨ, ਜੋ *ਗੁਰੂ ਨਾਨਕ ਪ੍ਰਕਾਸ਼* ਵਿੱਚ ਨਹੀਂ ਸੀ ਦਿੱਤਾ। ਭਾਈ ਸਾਹਿਬ ਨੇ ਛੇਵੇਂ ਤੇ ਦਸਵੇਂ ਗੁਰੂ ਸਾਹਿਬਾਨ ਦੇ ਚਰਿਤ੍ਰਾਂ ਨੂੰ ਅਧਿਕ ਵਿਸਥਾਰ ਅਤੇ ਰੁਚੀ ਨਾਲ ਚਿਤਰਿਆ ਹੈ। ਕਥਾਨਕ ਵਿੱਚ ਕਿਤੇ ਕਿਤੇ ਕਵੀ ਨੇ ਕੁਝ ਪੌਰਾਣਿਕ ਅਤੇ ਕਾਲਪਨਿਕ ਪ੍ਰਸੰਗਾਂ ਨੂੰ ਵੀ ਜੋੜਿਆ ਹੈ। ਇਤਿਹਾਸ ਪ੍ਰਧਾਨ ਰਚਨਾ ਹੁੰਦੇ ਹੋਏ ਵੀ ਇਸ ਵਿੱਚ ਆਧੁਨਿਕ ਇਤਿਹਾਸ-ਦ੍ਰਿਸ਼ਟੀ ਦੀ ਸ਼ਾਇਦ ਸਾਨੂੰ ਕਮੀ ਜਾਪੇ, ਪਰ ਸਿੱਖ ਇਤਿਹਾਸ ਸੰਬੰਧੀ ਇਸ ਦੀ ਸਥਾਨ ਪੂਰਤੀ ਕਿਤੋਂ ਹੋਰ ਨਹੀਂ ਹੋ ਸਕਦੀ। ਪਰ ਇਹ ਗੱਲ ਆਪਾਂ ਸਾਰੇ ਜਾਣਦੇ ਹਾਂ ਕਿ ਮਹਾਂਪੁਰਸ਼ਾਂ ਦੇ ਇਤਿਹਾਸ ਨਿਰੇ-ਪੁਰੇ ਤੱਥਾਂ 'ਤੇ ਆਧਾਰਿਤ ਨਹੀਂ ਹੁੰਦੇ। ਉਨ੍ਹਾਂ ਵਿੱਚ ਲੋਕ ਮਨ ਤੇ ਪਏ ਉਨ੍ਹਾਂ ਦੇ ਪ੍ਰਭਾਵ ਰਚਨਾਕਾਰ ਦੀ ਲੇਖਣੀ ਤੋਂ ਹੀ ਪ੍ਰਗਟ ਹੁੰਦੇ ਹਨ। ਇਸ ਤਰ੍ਹਾਂ ਮਹਾਂਪੁਰਸ਼ ਇਤਿਹਾਸਕ ਪੁਰਸ਼ ਹੋਣ ਦੇ ਨਾਲ-ਨਾਲ ਇਸ਼ਟ ਦੇਵ ਵੀ ਹੁੰਦੇ ਹਨ। ਉਨ੍ਹਾਂ ਦੇ ਚਰਿੱਤਰਾਂ ਵਿੱਚ ਸ਼ਰਧਾ ਦਾ ਸਮਾਵੇਸ਼ ਹੋਣਾ ਸੁਭਾਵਿਕ ਹੈ। ਇਹੀ ਸਥਿਤੀ *ਗੁਰ ਪ੍ਰਤਾਪ ਸੂਰਜ ਗ੍ਰੰਥ* ਦੀ ਹੈ।

ਇਸ ਗ੍ਰੰਥ ਵਿੱਚ ਗੁਰੂ ਕਾਲੀਨ ਇਤਿਹਾਸ ਦੇ ਵੇਰਵਿਆਂ ਤੋਂ ਇਲਾਵਾ ਮੁਗ਼ਲ ਇਤਿਹਾਸ ਦੇ ਉੱਥਲ-ਪੁੱਥਲ ਤੇ ਪਤਨ ਦੀ ਕਹਾਣੀ ਵੀ ਅੰਕਿਤ ਹੈ। ਗੁਰੂ ਸਾਹਿਬਾਨ ਅਤੇ ਮੁਗ਼ਲ ਬਾਦਸ਼ਾਹਾਂ ਦੇ ਪਰਸਪਰ ਸੰਬੰਧਾਂ ਅਤੇ ਉਨ੍ਹਾਂ ਦੇ ਜਨ-ਸਾਧਾਰਣ ਤੇ ਕੀਤੇ ਗਏ ਅੱਤਿਆਚਾਰਾਂ ਦੀ ਮਾਰਮਿਕ ਕਹਾਣੀ ਵੀ ਇਸ ਵਿੱਚ ਅੰਕਿਤ ਹੈ। ਮੁਗ਼ਲ ਬਾਦਸ਼ਾਹ ਔਰੰਗਜ਼ੇਬ ਦੀ ਕਠੋਰਤਾ ਅਤੇ ਕਰੂਰਤਾ ਆਦਿ ਦੇ ਚਿੱਤਰ ਇਸ ਵਿੱਚ ਸਭ ਤੋਂ ਵੱਧ ਵਿਸਥਾਰ ਨਾਲ ਪੇਸ਼ ਕੀਤੇ ਗਏ ਹਨ। ਪੁਰਾਤਨ ਸਮਿਆਂ ਤੋਂ ਭਾਰਤੀ ਸਮਾਜ ਦੀਆਂ ਵੱਖ-ਵੱਖ ਇਕਾਈਆਂ ਵਿਚਕਾਰ ਸਦਭਾਵ, ਸੁਹਿਰਦਤਾ ਅਤੇ ਸਹਿਮਤੀ ਦੀ ਭਾਵਨਾ ਕਾਇਮ ਰਹੀ ਹੈ ਪਰ ਔਰੰਗਜ਼ੇਬ ਦੇ ਮਜ਼ਹਬੀ ਜਨੂੰਨ ਨੇ ਇਸ ਖ਼ੂਬਸੂਰਤ ਵਿਭਿੰਨਤਾ ਨੂੰ ਐਲਾਨੀਆਂ ਅਤੇ ਹਥਿਆਰਬੰਦ ਮੁਹਿੰਮ ਰਾਹੀਂ ਖ਼ਤਮ ਕਰਨ ਦਾ ਯਤਨ ਕੀਤਾ। ਭਾਰਤ ਵਾਸੀਆਂ ਤੋਂ ਉਨ੍ਹਾਂ ਦੀ ਵਿਅਕਤੀਗਤ ਤੇ ਸਮੂਹਿਕ ਆਜ਼ਾਦ ਹਸਤੀ ਖੋਹ ਲਈ ਗਈ। ਅਗਰ ਅੱਜ ਇਸ ਦੇਸ਼ ਵਿੱਚ ਵੱਖ-ਵੱਖ ਧਰਮਾਂ ਦੀ ਵਿਭਿੰਨਤਾ ਕਾਇਮ ਹੈ ਤਾਂ ਮਹਾਂਕਵੀ ਸੰਤੋਖ ਸਿੰਘ ਬਹੁਤ ਸੁੰਦਰ ਸ਼ਬਦਾਂ ਵਿੱਚ ਇਸ ਦਾ ਸੇਹਰਾ ਗੁਰੂ ਗੋਬਿੰਦ ਸਿੰਘ ਜੀ ਦੇ ਸਿਰ ਬੰਨ੍ਹਦੇ ਹਨ:

'ਛਾਏ ਜਾਤੀ ਏਕਤਾ, ਅਨੇਕਤਾ ਵਿਲਾਇ ਜਾਤੀ,
ਹੋਵਤੀ ਕੁਚੀਲਤਾ, ਕਤੇਬਨ ਕੁਰਾਨ ਕੀ,
ਪਾਪ ਹੀ ਪਰਪੱਕ ਜਾਤੇ, ਧਰਮ ਧਸਕ ਜਾਤੇ,
ਬਰਨ ਗਰਕ ਜਾਤੇ, ਸਹਿਤ ਬੇਦਾਨ ਕੀ,
ਦੇਵੀ ਦੇਵ ਦੇਹੁਰਾ, ਸੰਤੋਖ ਸਿੰਘ ਦੂਰ ਹੋਤੇ,
ਰੀਤ ਮਿਟ ਜਾਤੀ ਕਥਾ ਬੇਦਨ ਪੁਰਾਨ ਕੀ।

5. ਡਾ. ਜੈ ਭਗਵਾਨ ਗੋਇਲ, *ਉਹੀ*, ਪੰਨਾ 44.

ਸ੍ਰੀ ਗੁਰੂ ਗੋਬਿੰਦ ਸਿੰਘ ਪਾਵਨ ਪਰਮ ਸੂਰ,
ਮੂਰਤ ਨਾ ਹੋਤੀ, ਜੋ ਪੈ ਕਰੁਣਾ ਨਿਧਾਨ ਕੀ। [6]

ਮੁਗ਼ਲ ਸ਼ਾਸਨ ਦੇ ਆਰੰਭ ਅਤੇ ਉਸ ਦੀ ਵਿਸਤਾਰਵਾਦੀ ਨੀਤੀ ਤੋਂ ਇਲਾਵਾ ਇਸ ਵਿੱਚ ਅੰਗਰੇਜ਼ੀ ਸਰਕਾਰ ਆਪਣੇ ਰਾਜ ਦੀ ਨੀਂਹ ਕਿਵੇਂ ਪੱਕਿਆਂ ਕਰ ਰਹੀ ਸੀ, ਉਹ ਕਿਵੇਂ ਰਿਆਸਤਾਂ ਨੂੰ ਆਪਣੇ ਰਾਜ ਵਿੱਚ ਮਿਲਾ ਰਹੀ ਸੀ, ਕੈਥਲ ਦੀ ਲੁੱਟ ਦੀ ਕਹਾਣੀ ਤੇ ਅੰਗਰੇਜ਼ੀ ਸਰਕਾਰ ਵਿੱਚ ਮਿਲਾਏ ਜਾਣ ਦੀ ਵਿਥਿਆ ਵੀ ਇਸ ਵਿੱਚ ਅੰਕਿਤ ਹੈ।

ਮੈਕਲਾਊਡ ਦਾ ਇਹ ਕਹਿਣਾ ਕਿ *ਗੁਰੂ ਨਾਨਕ ਪ੍ਰਕਾਸ਼* ਅਵਿਸ਼ਵਾਸ-ਯੋਗ *ਬਾਲਾ ਜਨਮ ਸਾਖੀ* ਤੇ ਆਧਾਰਤ ਹੈ, ਬਹੁਤਾ ਠੀਕ ਨਹੀਂ ਲਗਦਾ। ਭਾਈ ਸਾਹਿਬ ਨੇ ਇਨ੍ਹਾਂ ਦੋਵੇਂ ਰਚਨਾਵਾਂ ਲਈ ਜਿਥੇ ਸਾਰਾਂਸ਼ਿਕ ਇਤਿਹਾਸ ਲਈ *ਗੁਰੂ ਗ੍ਰੰਥ ਸਾਹਿਬ, ਦਸਮ ਗ੍ਰੰਥ, ਵਾਰਾਂ ਭਾਈ ਗੁਰਦਾਸ,* ਭਾਈ ਨੰਦ ਲਾਲ ਤੇ ਭਾਈ ਮਨੀ ਸਿੰਘ ਜੀ ਦੀਆਂ ਲਿਖਤਾਂ ਨੂੰ ਚੰਗੀ ਤਰ੍ਹਾਂ ਪੜਚੋਲਿਆ, ਉਥੇ ਉਨ੍ਹਾਂ ਸੁਵਿਸਥਾਰਿਕ ਇਤਿਹਾਸ ਲਈ ਭਾਈ ਬਾਲੇ ਵਾਲੀ ਜਨਮ ਸਾਖੀ ਤੋਂ ਇਲਾਵਾ *ਪੰਜ ਸੌ ਸਾਖੀ, ਭਗਤ ਰਤਨਾਵਲੀ* ਜਾਂ *ਸਿੱਖਾਂ ਦੀ ਭਗਤ ਮਾਲਾ, ਰਾਮਦਾਸ ਵਾਲੀਆਂ ਸਾਖੀਆਂ, ਮਹਿਮਾ ਪ੍ਰਕਾਸ਼* (ਸਰੂਪ ਦਾਸ) *ਅਬਦੁਲ ਨੱਥੇ ਦੀ ਵਾਰ, ਵਾਰਤਕ ਮਹਿਮਾ ਪ੍ਰਕਾਸ਼, ਪਰਚੀਆਂ ਸੇਵਾ ਦਾਸ ਉਦਾਸੀ,* ਵਿਦਿਆ ਸਾਗਰ ਦੇ 62 ਪੱਤਰੇ ਜੋ ਅਨੰਦਪੁਰ ਸਾਹਿਬ ਤੋਂ ਮਿਲੇ, *ਗੁਰੂ ਬਿਲਾਸ ਪਾਤਸ਼ਾਹੀ ਛੇਵੀਂ* (ਗੁਰੂ ਸਰ ਵਾਲਾ), *ਗੁਰ ਬਿਲਾਸ ਪਾਤਸ਼ਾਹੀ 10* ਕ੍ਰਿਤ ਭਾਈ ਸੁੱਖਾ ਸਿੰਘ, ਸ੍ਰੀ ਗੁਰੂ ਤੇਗ਼ ਬਹਾਦਰ ਜੀ ਤੇ ਦਸ਼ਮੇਸ਼ ਜੀ ਦੇ ਮਾਲਵੇ ਦੇ ਸਫ਼ਰਾਂ ਵਾਲੀਆਂ ਸਾਖੀਆਂ ਦੀ ਪੋਥੀ, *ਗੁਰੂ ਬਿਲਾਸ* (ਕ੍ਰਿਤ ਭਾਈ ਵਿਸ਼ਨੂ ਜੀ) ਦੀ ਵੀ ਮੱਦਦ ਲਈ ਹੈ। ਇਸ ਤੋਂ ਇਲਾਵਾ ਥਾਂ-ਥਾਂ ਤੁਰ ਕੇ ਸੀਨਾ-ਬ-ਸੀਨਾ ਚਲੀਆਂ ਆ ਰਹੀਆਂ ਗੁਰ ਸਾਖੀਆਂ, ਬਿਰਧ ਬਜ਼ੁਰਗਾਂ ਤੋਂ ਸੁਣ ਕੇ ਅਤੇ ਬਹੁਤ ਸਾਰੀਆਂ ਗੱਲਾਂ ਚਿੱਠੀ ਪੱਤਰ ਰਾਹੀਂ ਪੜਤਾਲ ਕਰਕੇ ਵੀ ਇਕੱਠੀਆਂ ਕੀਤੀਆਂ। ਅੱਖੀਂ ਦੇਖੇ ਹਾਲ ਵੀ ਅੰਕਿਤ ਕੀਤੇ ਜਿਵੇਂ ਪੀਰ ਬੁੱਧੂ ਸ਼ਾਹ ਨੂੰ ਗੁਰੂ ਗੋਬਿੰਦ ਸਿੰਘ ਵੱਲੋਂ ਬਖਸ਼ਿਸ਼ ਵਿੱਚ ਦਿੱਤੀਆਂ ਨਿਸ਼ਾਨੀਆਂ ਜਿਵੇਂ ਕੰਘਾ, ਦਸਤਾਰ ਤੇ ਹੁਕਮਨਾਮਾ ਇਸ ਮਸਾਲੇ ਨੂੰ ਡੂੰਘੀ ਛਾਣਬੀਣ ਤੋਂ ਬਾਅਦ ਜਿਸ ਯੋਗਤਾ ਨਾਲ ਆਪਣੀ ਰਚਨਾ ਵਿੱਚ ਵਰਤਿਆ, ਉਹ ਆਪ ਦਾ ਕਮਾਲ ਸੀ। *ਗੁਰੂ ਨਾਨਕ ਪ੍ਰਕਾਸ਼* ਵਿੱਚ ਆਪ ਲਿਖਦੇ ਹਨ :

ਆਦਿ ਸੁਧਾਸਰ ਜੇ ਇਸਥਾਨਾ। ਖੋਜ ਖੋਜ ਕੀਨੇ ਬਿਧਿ ਨਾਨਾ।
ਲਿਖੀ ਦੇਖੁ ਕੇਤੀ ਬਹੁ ਥਾਂਈ, ਕੇਤੀ ਸੁਣੀ ਜੁ ਮਨ ਮਹਿ ਭਾਈ।
ਬੀਨਿ ਬੀਨਿ ਗੁਰ ਮਹਿਮਾ ਆਛੀ। ਮਾਖਨ ਜਯੋਂ ਲੀਨੀ ਤਜਿ ਛਾਛੀ। [7]

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ *ਗੁਰੂ ਨਾਨਕ ਪ੍ਰਕਾਸ਼* ਤੇ *ਗੁਰ ਪ੍ਰਤਾਪ ਸੂਰਜ ਗ੍ਰੰਥ* ਬਾਰੇ ਚਰਚਾ ਵਧੇਰੇ ਕਰਕੇ ਸੋਮਿਆਂ ਉੱਤੇ ਆਧਾਰਿਤ ਹੈ। ਸੋਮਿਆਂ ਤੋਂ ਲਈ ਗਈ ਸਮੱਗਰੀ ਇਤਿਹਾਸਕਾਰੀ ਦੇ ਖੇਤਰ ਵਿੱਚ ਜ਼ਰੂਰੀ ਹੈ। ਭਾਈ ਸੰਤੋਖ ਸਿੰਘ ਦੀ ਇਤਿਹਾਸਕ ਦ੍ਰਿਸ਼ਟੀ ਨੂੰ ਸਮਝਣ ਲਈ ਕਵੀ ਦੇ ਇਤਿਹਾਸ ਸੰਬੰਧੀ ਵਿਚਾਰਾਂ ਨੂੰ ਸਿਧਾਂਤਕ ਅਤੇ ਸਮਾਜਿਕ ਪਿਛੋਕੜ ਨਾਲ ਜੋੜ ਕੇ ਵੇਖਣ ਦੀ ਲੋੜ ਹੈ। ਭਾਈ ਸੰਤੋਖ ਸਿੰਘ ਆਪਣੀਆਂ ਰਚਨਾਵਾਂ ਨੂੰ ਇਤਿਹਾਸ ਕਹਿੰਦੇ ਹਨ। ਇਸ ਦੇ ਨਾਲ ਹੀ ਉਨ੍ਹਾਂ ਨੇ 'ਕਥਾ' ਸ਼ਬਦ ਦੀ ਵਰਤੋਂ ਵੀ ਕੀਤੀ ਹੈ। ਆਪ *ਨਾਨਕ ਪ੍ਰਕਾਸ਼* ਵਿੱਚ ਲਿਖਦੇ ਹਨ :

ਕਹਿ ਬਾਲਾ ਸ੍ਰੀ ਗੁਰੂ ਜੀ ਸੁਨਹੁ ਕਥਾ ਇਤਿਹਾਸ। [8]

---

6. *ਗੁਰ ਪ੍ਰਤਾਪ ਸੂਰਜ ਗ੍ਰੰਥ*, ਉਹੀ, ਪੰਨਾ ।
7. ਪਿਆਰਾ ਸਿੰਘ ਪਦਮ, *ਮਹਾਂਕਵੀ ਸੰਤੋਖ ਸਿੰਘ*, 1990, ਪੰਨਾ 33.
8. ਭਾਈ ਸੰਤੋਖ ਸਿੰਘ, *ਨਾਨਕ ਪ੍ਰਕਾਸ਼* (ਸੰਪਾ: ਭਾਈ ਵੀਰ ਸਿੰਘ), ਜਿਲਦ ਪਹਿਲੀ, ਖਾਲਸਾ ਸਮਾਚਾਰ, ਅੰਮ੍ਰਿਤਸਰ, 1961, ਪੰਨਾ 189.

ਓਪਰੀ ਨਜ਼ਰੇ ਪੜ੍ਹਿਆਂ ਇਹ ਦੋਵੇਂ ਸ਼ਬਦ ਭਾਵੇਂ ਸਮਾਨ-ਅਰਥੀ ਲੱਗਦੇ ਹਨ ਪਰ ਸਬਿੰਦਰਜੀਤ ਸਿੰਘ ਸਾਗਰ ਦਾ ਮੰਨਣਾ ਹੈ ਕਿ ਇੱਕ ਥਾਂ ਤੇ ਦੋਨਾਂ ਦਾ ਨਾਲ-ਨਾਲ ਹੋਣਾ ਇਸ ਦੇ ਭਿੰਨ ਹੋਣ ਵੱਲ ਸੰਕੇਤ ਹੈ। ਇਤਿਹਾਸ ਸ਼ਬਦ ਤੋਂ ਭਾਵ ਹੈ ਗਾਥਾ, ਪਰੰਪਰਾ ਤੇ ਭੂਤ ਦੀਆਂ ਘਟਨਾਵਾਂ। ਕਥਾ ਦਾ ਅਰਥ ਸੰਬਾਦ, ਭਾਸ਼ਣ, ਪਰਸਪਰ ਗੱਲਾਂ ਹਨ। ਕਵੀ ਜੀ ਆਪ ਵੀ ਇਸ ਦੀ ਭਿੰਨਤਾ ਦਾ ਵਰਨਣ ਕਰਦੇ ਦੱਸਦੇ ਹਨ ਕਿ ਜਿਥੇ ਗੁਰੂ ਇਤਿਹਾਸ ਸ਼ਰਧਾ ਦੇਣ ਵਾਲਾ ਹੈ, ਉਥੇ ਕਥਾ ਦਾ ਉਦੇਸ਼ ਸੁੱਖ ਦੇਣਾ ਹੈ।[9] ਪਹਿਲਾ ਇਸ ਦੇ ਭਗਤੀ ਪੱਖ ਨੂੰ ਉਜਾਗਰ ਕਰਦਾ ਹੈ ਤੇ ਦੂਸਰਾ ਉਸ ਦੇ ਸੁਹਜ ਪੱਖ ਨੂੰ। ਇਸ ਤਰ੍ਹਾਂ ਭਾਈ ਸਾਹਿਬ ਦਾ *ਨਾਨਕ ਪ੍ਰਕਾਸ਼* ਨੂੰ ਕਥਾ ਇਤਿਹਾਸ ਕਹਿਣ ਦਾ ਮਤਲਬ ਹੈ ਕਿ ਇਸ ਦਾ ਵਿਸ਼ਾ ਇਤਿਹਾਸਕ-ਅਧਿਆਤਮਕ ਹੈ। *ਨਾਨਕ ਪ੍ਰਕਾਸ਼* ਤੇ *ਗੁਰ ਪ੍ਰਤਾਪ ਸੂਰਜ ਗ੍ਰੰਥ* ਸਿਰਫ ਗੁਰੂਆਂ ਦੀ ਜੀਵਨੀ ਹੀ ਨਹੀਂ ਸਗੋਂ ਉਨ੍ਹਾਂ ਦੀ ਕੀਰਤੀ ਦਾ ਵੀ ਗਾਨ ਹੈ।[10]

ਗੁਰ ਪ੍ਰਤਾਪ ਸੂਰਜ ਗ੍ਰੰਥ ਦੀ ਜ਼ਮੀਨ ਤਾਂ ਸਾਰੀ ਉਨਰੀ ਇਤਿਹਾਸ ਦੀ ਹੈ, ਜਿਸ ਨੂੰ ਭਾਈ ਸਾਹਿਬ ਨੇ ਕਵਿਤਾ ਵਿੱਚ ਲਿਖਿਆ ਹੈ। ਇਸ ਦੇ ਬਿਆਨ ਦਾ ਢੰਗ ਵੀ ਉਨਰੀ ਹੈ ਤੇ ਇਸ ਦੀ ਤਾਸੀਰ ਵੀ ਐਸੀ ਹੈ ਕਿ ਹੂ-ਬ-ਹੂ ਅੱਖਾਂ ਦੇ ਅੱਗੇ ਸਮੇਂ ਫਿਰ ਜਾਂਦੇ ਹਨ। ਆਚਰਣ ਸਫੁੱਟ ਹੋ ਕੇ ਦਿਸ ਪੈਂਦੇ ਹਨ, ਮਨ ਸੁਸਿੱਖਿਅਤ ਹੋ ਜਾਂਦਾ ਹੈ। ਪਰ ਨਾਲ ਹੀ ਭਾਈ ਸਾਹਿਬ ਨੇ ਪੱਛਮੀ ਇਤਿਹਾਸ ਦੀ ਤਰ੍ਹਾਂ ਨਿਸ਼ਚਿਤ ਤੇ ਦ੍ਰਿੜ੍ਹ ਸਮਾਂ ਲਿਆ ਹੈ। ਸਿਲਸਿਲਾ ਵਾਕਯਾਤ ਦਾ ਖੋਜਿਆ ਵਿਚਾਰਿਆ ਤੇ ਕਾਇਮ ਕੀਤਾ ਹੈ। ਚਾਹੇ ਕਈ ਥਾਈਂ ਉਕਾਈਆਂ ਹਨ ਪਰ ਸੰਮਤ ਦਿੱਤੇ ਹਨ ਤੇ ਆਮ ਤੌਰ ਤੇ ਸੰਮਤ ਤੇ ਸਮੇਂ ਠੀਕ ਹਨ, ਜਿਵੇਂ ਵਿਗਿਆਨਕ ਇਤਿਹਾਸ ਵਿੱਚ ਹੁੰਦੇ ਹਨ। ਫਿਰ ਲਿਖਣ ਲਈ ਆਪ ਨੇ ਵੱਧ ਤੋਂ ਵੱਧ ਪੁਸਤਕਾਂ ਜੋ ਮਿਲ ਸਕੀਆਂ, ਲੱਭੀਆਂ ਤੇ ਪੜ੍ਹੀਆਂ, ਮੁਕਾਬਲੇ ਵੀ ਕੀਤੇ ਹਨ। ਦੂਰੋਂ ਦੂਰੋਂ ਲੋਕ ਆਪ ਪਾਸ ਲਿਖਤਾਂ ਲੈ ਕੇ ਆਏ, ਜਿਨ੍ਹਾਂ ਨੇ ਆਪਣੇ ਨੁਸਖੇ ਦੇਣੇ ਨਹੀਂ ਚਾਹੇ, ਉਹ ਭਾਈ ਸਾਹਿਬ ਨੇ ਪੜ੍ਹਕੇ ਲਾਭ ਉਠਾਇਆ। ਅਕਸਰ ਭਾਈ ਸਾਹਿਬ ਆਪਣੀਆਂ ਲਿਖਤਾਂ ਵਿੱਚ ਦੱਸਦੇ ਹਨ ਕਿ ਇਹ ਗੱਲ ਮੈਂ ਬਿਰਧਾਂ ਤੋਂ ਸੁਣੀ ਅਤੇ ਇਹ ਗੱਲ ਮੈਂ ਅੱਖੀਂ ਡਿੱਠੀ ਹੈ ਜਾਂ ਲੋਕਾਂ ਤੋਂ ਸੁਣੀ ਹੈ। ਇਹ ਸਭ ਕੁਝ ਦੱਸਦਾ ਹੈ ਕਿ ਜਿਸ ਤਰ੍ਹਾਂ ਵਿਗਿਆਨਕ ਇਤਿਹਾਸ ਲਿਖਣ ਵਾਲੇ ਯਤਨ ਕਰਦੇ ਹਨ, ਉਸੇ ਤਰ੍ਹਾਂ ਦੇ ਯਤਨ ਭਾਈ ਸਾਹਿਬ ਨੇ ਵੀ ਕੀਤੇ ਹਨ। ਇਸ ਤਰ੍ਹਾਂ ਕਵੀ ਜੀ ਵਿਗਿਆਨਕ ਇਤਿਹਾਸਕਾਰ ਦੀ ਤਰ੍ਹਾਂ ਕਿਸੇ ਹੱਦ ਤੱਕ ਖੋਜ ਕਰਦੇ ਹਨ, ਕਿਤਾਬੀ ਵੀ ਤੇ ਨਿੱਜ ਦੀ ਵੀ। ਇਸ ਤਰ੍ਹਾਂ ਜੋ ਵਾਕਿਆਤ ਲੱਭਦੇ ਹਨ, ਉਹ ਲਿਖਦੇ ਹਨ, ਕ੍ਰਮ ਦੇ ਸਿਲਸਿਲੇ ਵਿੱਚ ਟੁਰਦੇ ਹਨ ਤੇ ਆਲੇ ਦੁਆਲੇ ਦੇ ਹਾਲਾਤ ਵੀ ਨਾਲ ਲੈਂਦੇ ਹਨ ਜੋ ਆਮ ਤੌਰ ਤੇ ਗ਼ਲਤ ਘੱਟ ਹੁੰਦੇ ਹਨ। ਚਾਹੇ ਇਸ ਗ੍ਰੰਥ ਵਿੱਚ ਕੁਝ ਉਕਾਈਆਂ ਹੋਣ ਪਰ ਇਤਨੇ ਲੰਮੇ ਸਮੇਂ ਦਾ ਇਤਿਹਾਸ ਚਿਤਰਣ ਵਿੱਚ ਉਹ ਅਕਸਰ ਪੈ ਹੀ ਜਾਂਦੀਆਂ ਹਨ। ਪਰ ਪੂਰੀ ਤਰ੍ਹਾਂ ਇਸ ਨੂੰ ਵਿਗਿਆਨਕ ਇਤਿਹਾਸ ਵੀ ਨਹੀਂ ਕਹਿ ਸਕਦੇ ਕਿਉਂਕਿ ਆਪ ਦੀ ਛਾਣ-ਬੀਣ ਤੇ ਖੋਜ ਸਿਰਫ਼ ਗੁਰਮੁਖੀ ਪੁਸਤਕਾਂ ਤੱਕ ਹੀ ਸੀਮਤ ਰਹੀ ਹੈ। ਫ਼ਾਰਸੀ ਆਪ ਜਾਣਦੇ ਨਹੀਂ ਸਨ, ਅਗਰ ਜਾਣਦੇ ਹੁੰਦੇ ਤਾਂ ਉਸ ਦੀ ਵਰਤੋਂ ਜ਼ਰੂਰ ਕਰਦੇ। ਨਾ ਹੀ ਅੰਗ੍ਰੇਜ਼ੀ ਤੇ ਪੱਛਮੀ ਨੁਕਤੇ ਨਾਲ਼ ਇਤਿਹਾਸ ਨੂੰ ਨਿਖੇੜਿਆ ਗਿਆ ਹੈ। ਕਈ ਵਾਰ ਆਪ ਬਨਾਵਟੀ ਲੇਖਕਾਂ ਦੇ ਧੋਖੇ ਵਿੱਚ ਵੀ ਆ ਜਾਂਦੇ ਹਨ ਜਿਵੇਂ *ਸੌ ਸਾਖੀ* ਦੀ ਪੜਚੋਲ ਨਹੀਂ ਕਰਦੇ ਤੇ ਸਾਰੀ ਦੀ ਸਾਰੀ ਨੂੰ ਸੱਚ ਮੰਨ ਲੈਂਦੇ ਹਨ। ਆਪ ਨੇ ਕਲਾਧਾਰੀ ਸ਼ਖਸੀਅਤਾਂ ਅਤੇ ਕਰਾਮਤਾਂ ਦਾ ਜ਼ਿਕਰ ਵੀ ਬਹੁਤ ਕੀਤਾ ਹੈ ਤੇ ਉਸ ਨੂੰ ਸੱਚ ਵੀ ਮੰਨਿਆ ਹੈ। ਵਿਗਿਆਨਕ ਇਤਿਹਾਸਕਾਰ ਕਰਾਮਾਤਾਂ ਲਿਖਣ ਤੋਂ ਅਤਿ ਦਰਜ਼ੇ ਦੀ ਸੰਕੋਚ ਕਰਦੇ ਹਨ ਤੇ ਕਰਾਮਾਤਾਂ ਨੂੰ ਵਹਿਮ ਸਮਝ ਕੇ ਲਿਖਤ ਤੋਂ ਇੱਕ ਪਾਸੇ ਕਰ ਦਿੰਦੇ ਹਨ। ਫਿਰ

---

9. *ਉਹੀ*, ਪੰਨਾ 1195.
10. ਡਾ. ਸਬਿੰਦਰਜੀਤ ਸਿੰਘ ਸਾਗਰ, ਦੇਖੋ ਪ੍ਰੋ: ਹਰਮੀਤ ਸਿੰਘ, *ਉਹੀ*, ਪੰਨਾ 64.

ਸਿੱਖ ਗੁਰੂ ਤਾਂ ਕਰਾਮਾਤਾਂ ਨੂੰ ਕਹਿਰ ਸਮਝਦੇ ਹਨ ਤੇ ਕਿਸੇ ਹੋਰ ਹੀ ਪਾਸੇ ਖੜ੍ਹਨ ਵਾਲੇ ਸੰਵਾਦ 'ਰਿਧਿ ਸਿਧਿ ਅਵਰਾ ਸਾਦਿ' ਇਨ੍ਹਾਂ ਲਿਖਤਾਂ ਵਿੱਚ ਬਹੁਤ ਸਾਰੀਆਂ ਪੁਰਾਣਕ ਕਥਾਵਾਂ, ਗੁਰਮਤਿ ਤੋਂ ਉਲਟ ਰਵਾਇਤਾਂ, ਇੱਕ ਅਕਾਲ ਪੁਰਖ ਤੋਂ ਇਲਾਵਾ ਦੂਸਰੇ ਦੇਵੀ ਦੇਵਤਿਆਂ ਦੇ ਮੰਗਲਾਚਰਣ ਤੇ ਹੋਰ ਬਹੁਤ ਕੁਝ ਸ਼ਾਮਲ ਕੀਤਾ ਗਿਆ ਹੈ। ਮੈਂ ਡਾ. ਜੈ ਭਗਵਾਨ ਗੋਇਲ ਦੇ ਕਥਨ ਦਾ ਸਮਰਥਨ ਕਰਦੀ ਹਾਂ ਜਦੋਂ ਉਹ ਲਿਖਦੇ ਹਨ, "ਆਧੁਨਿਕ ਯੁੱਗ ਮੇਂ ਇਤਿਹਾਸ ਕੀ ਜਿਸ ਵੈਗਿਆਨਿਕ ਪਰੰਪਰਾ ਕਾ ਵਿਕਾਸ ਹੋ ਰਹਾ ਹੈ, ਉਸ ਦ੍ਰਿਸ਼ਟੀ ਸੇ *ਗੁਰ ਪ੍ਰਤਾਪ ਸੂਰਜ ਗ੍ਰੰਥ* ਕੋ ਸਿੱਖ ਗੁਰੂਓਂ ਕਾ ਵੈਗਿਆਨਿਕ ਇਤਿਹਾਸ ਨਹੀਂ ਕਹਾ ਜਾ ਸਕਤਾ।" ਆਪ ਲਿਖਦੇ ਹਨ "ਹਮੇਂ ਯਹ ਨਹੀਂ ਭੂਲਨਾ ਚਾਹੀਏ ਕਿ ਯਹ ਏਕ ਐਤਿਹਾਸਿਕ ਕਾਵਯ ਹੈ ਇਤਿਹਾਸਿਕ ਗ੍ਰੰਥ ਨਹੀਂ। ਇਤਿਹਾਸ ਮੈਂ ਤਿਥਿਯੋਂ ਏਵੰ ਘਟਨਾਓਂ ਕੀ ਯਥਾਰਥਕਤਾ ਏਵੰ ਸਤਯਤਾ ਕਾ ਉਲੇਖ ਕੀਯਾ ਜਾਤਾ ਹੈ ਜਬਕਿ ਇਤਿਹਾਸਿਕ ਕਾਵਯੋਂ ਮੇਂ ਇਸਕੇ ਅਤਿਰਿਕਤ ਏਕ ਵਿਸ਼ਿਸ਼ਟ ਚੇਤਨਾ ਭੀ ਹੋਤੀ ਹੈ। ਵਹ ਏਕ ਵਿਸ਼ੇਸ਼ ਉਦੇਸ਼ ਕੀ ਪੂਰਤੀ ਕੇ ਲੀਏ ਲਿਖੇ ਜਾਤੇ ਹੈਂ। ਉਨ ਮੇਂ ਐਸੇ ਤਥਯੋਂ ਕਾ ਪ੍ਰਤਿਪਾਦਨ ਹੋਤਾ ਹੈ, ਜੋ ਨਵਚੇਤਨਾ ਜਾਗ੍ਰਿਤ ਕਰਤੇ ਹੈਂ।"[11]

ਭਾਈ ਸੰਤੋਖ ਸਿੰਘ ਇਹ ਦਾਅਵਾ ਕਰਦੇ ਹਨ ਕਿ ਉਨ੍ਹਾਂ ਗੁਰ ਇਤਿਹਾਸ *ਗੁਰੂ ਗ੍ਰੰਥ ਸਾਹਿਬ* ਅਨੁਸਾਰ ਲਿਖਿਆ ਹੈ। 'ਸ੍ਰੀ ਨਾਨਕ ਇਤਿਹਾਸ ਪੁਨੀਤਾ, ਗ੍ਰੰਥ ਅਨੁਸਾਰ ਕਥੀ ਮੈਂ ਰੀਤਾ'। ਪਰ ਸਰਸਰੀ ਨਜ਼ਰ ਨਾਲ ਵੀ *ਗੁਰ ਪ੍ਰਤਾਪ ਸੂਰਜ ਗ੍ਰੰਥ* ਨੂੰ ਪੜ੍ਹਿਆਂ ਪਤਾ ਲੱਗਦਾ ਹੈ ਕਿ ਆਪ ਨੇ ਬਹੁਤ ਕੁਝ ਐਸਾ ਲਿਖਿਆ ਹੈ ਜੋ *ਗੁਰੂ ਗ੍ਰੰਥ ਸਾਹਿਬ* ਦੇ ਅਨੁਕੂਲ ਨਹੀਂ ਹੈ। ਨਾਮ ਨੂੰ ਉੱਤਮ ਦੱਸਦੇ ਹੋਏ ਲਿਖਦੇ ਹਨ ਕਿ ਨਾਮ ਦੇ ਨਾਲ ਹੀ ਅਗਰ ਕੋਈ ਤਪੱਸਿਆ, ਪੂਜਾ, ਵਰਤ ਤੇ ਜਾਪ ਕਰਦਾ ਹੈ ਤਾਂ ਉਸ ਨੂੰ ਦੱਸ ਗੁਣਾਂ ਵੱਧ ਫ਼ਲ ਮਿਲਦਾ ਹੈ।[12] ਪਰ ਸਿੱਖ ਮੱਤ ਵਿੱਚ ਤਾਂ ਵਰਤ ਵਗੈਰਾ ਵਿਵਰਜਿਤ ਹਨ ਤੇ *ਗੁਰੂ ਗ੍ਰੰਥ ਸਾਹਿਬ* ਵਿੱਚ ਆਇਆ ਹੈ 'ਅੰਨਿ ਛੋਡਿ ਕਰੇ ਪਾਖੰਡ ਨਾ ਸੁਹਾਗਣ ਨਾ ਉਹ ਰੰਡ'। ਇਸੇ ਤਰ੍ਹਾਂ ਆਪ ਦਾ ਸੇਵਾ ਦਾ ਸੰਕਲਪ ਵੀ *ਗੁਰੂ ਗ੍ਰੰਥ ਸਾਹਿਬ* ਤੋਂ ਭਿੰਨ ਹੈ। ਆਪ ਆਪਣੀ ਲਿਖਤ ਵਿੱਚ ਇੱਕ ਸਾਖੀ ਦਰਜ਼ ਕਰਦੇ ਹਨ ਕਿ ਗੁਰੂ ਦੀ ਸੇਵਾ ਲਈ ਸਿੱਖ ਆਪਣੀ ਧੀ ਨੂੰ ਵੇਚ ਕੇ ਧਨ ਲਿਆਉਂਦਾ ਹੈ, 'ਗੁਰ ਕੋ ਸਰਬਸ ਜਾਨਿਕੈ ਸੁਤਾ ਬੇਚਿ ਧਨ ਲਯਾਇ'।[13] ਇਸੇ ਤਰ੍ਹਾਂ ਦੀ ਇੱਕ ਸਾਖੀ 'ਸਮਨ ਮੂਸਨ' ਦੀ ਦਰਜ਼ ਕੀਤੀ ਹੈ। ਜਿਸ ਤੋਂ ਭਾਵ ਇਹ ਹੈ ਕਿ ਗੁਰੂ ਦੀ ਸੇਵਾ ਚੋਰੀ ਕਰਕੇ ਵੀ ਕੀਤੀ ਜਾ ਸਕਦੀ ਹੈ, ਪਕੜੇ ਜਾਣ ਦੀ ਹਾਲਤ ਵਿੱਚ ਪਿਤਾ ਪੁੱਤਰ ਦਾ ਸਿਰ ਵੱਢ ਸਕਦਾ ਹੈ ਤੇ ਗੁਰੂ ਅਰਜਨ ਦੇਵ ਜੀ ਜੋੜ ਕੇ ਰੱਖੇ ਸਿਰ ਤੇ ਧੜ ਨੂੰ ਜ਼ਿੰਦਾ ਕਰ ਸਕਦੇ ਹਨ। ਇਹ ਸਾਖੀ ਵੀ ਸਿੱਖੀ ਸਿਧਾਂਤਾਂ ਤੋਂ ਉਲਟ ਹੈ। ਗੁਰੂ ਘਰ ਵਿੱਚ ਇਸ ਤਰ੍ਹਾਂ ਦੀ ਸੇਵਾ ਪਰਵਾਨ ਨਹੀਂ ਚੜ੍ਹਦੀ। 'ਘਾਲਿ ਖਾਇ ਕਿਛੁ ਹੱਥਓ ਦੇਇ' ਦਾ ਸਿਧਾਂਤ ਪਰਚਾਰਿਆ ਸੀ ਗੁਰੂ ਸਾਹਿਬਾਨ ਨੇ।

ਇੱਕ ਗੱਲ ਜੋ *ਗੁਰ ਪ੍ਰਤਾਪ ਸੂਰਜ ਗ੍ਰੰਥ* ਵਿੱਚੋਂ ਉੱਘੜ ਕੇ ਸਾਹਮਣੇ ਆਉਂਦੀ ਹੈ ਉਹ ਇਹ ਕਿ ਕਵੀ ਜੀ ਸਮਕਾਲੀਨ ਸਥਿਤੀ ਨੂੰ ਇਤਿਹਾਸ ਤੋਂ ਓਹਲੇ ਨਹੀਂ ਹੋਣ ਦਿੰਦੇ, ਜਿਸ ਨੂੰ ਇਤਿਹਾਸਕ ਪਰਿਪੇਖ ਕਿਹਾ ਜਾਂਦਾ ਹੈ। ਆਪ ਨੇ ਸਿੱਖ ਗੁਰੂਆਂ ਨੂੰ ਇਤਿਹਾਸਕ ਪਰਿਪੇਖ ਵਿੱਚ ਪੇਸ਼ ਕੀਤਾ ਹੈ। ਇਹ ਗੱਲ

---

11. *ਉਹੀ*, ਪੰਨੇ 284-285.
12. ਡਾ. ਜਸਪਾਲ ਸਿੰਘ, *ਸੂਰਜ ਪ੍ਰਕਾਸ਼ ਵਿੱਚ ਭਗਤੀ ਦਾ ਸੰਕਲਪ*, ਪ੍ਰੋ: ਹਰਮੀਤ ਸਿੰਘ, *ਉਹੀ*, ਪੰਨਾ 35.
    ਜੌਂ ਇਕਾਂਗ ਪਰ ਲਿਖਿ ਹੈ ਸੂਨਾ। ਸੂਨ ਸੂਨ ਤੇ ਹੈ ਦਸ ਗੁਨਾ।
    ਭਯੋ ਜੇ ਨਾਮ ਸੰਗ ਤਪ ਤਾਪਹਿ। ਪੂਜਾ ਬ੍ਰਤ ਨੇਮ ਜਪ ਜਾਪਹਿ।
    ਸੋ ਦਸ ਗੁਨਾ ਅਧਿਕ ਫਲ ਪਾਵਹਿ। ਹੋਹਿ ਮੁਕਤਿ ਜਮ ਸੰਗ ਨਾ ਜਾਵਹਿ।
    ਅਹੈ ਸਿਰੋਮਣਿ ਸਭ ਕੋ ਨਾਮੁ। ਸਿਮਰਹੁ ਸਦਾ ਆਨ ਤਜਿ ਕਾਮੁ।
13. ਡਾ. ਸਬਿੰਦਰਜੀਤ ਸਿੰਘ ਸਾਗਰ, *ਉਹੀ*, ਜਿਲਦ ਪਹਿਲੀ, ਪੰਨਾ 77.

ਵੱਖਰੀ ਹੈ ਕਿ ਫ਼ਾਰਸੀ ਨਾ ਆਉਣ ਕਰਕੇ ਆਪ ਨੇ ਰਾਜਨੀਤਿਕ ਸਥਿਤੀਆਂ ਦਾ ਵਰਨਣ ਦੰਤ ਕਥਾਵਾਂ ਦੇ ਆਧਾਰ ਤੇ ਕੀਤਾ ਹੈ ਜੋ ਆਪ ਦੇ ਇਤਿਹਾਸਕ ਪੱਖ ਨੂੰ ਕਮਜ਼ੋਰ ਕਰ ਦਿੰਦਾ ਹੈ। ਬੰਦਾ ਬਹਾਦਰ ਬਾਰੇ ਵੀ ਆਪ ਦੇ ਵਿਚਾਰ ਬਹੁਤੇ ਸਹੀ ਨਹੀਂ ਕਹੇ ਜਾ ਸਕਦੇ। ਸੰਨ ਤੇ ਸੰਮਤ ਬਹੁਤੇ ਸਹੀ ਨਹੀਂ, ਘਟਨਾਵਾਂ ਵੀ ਕਿਸੇ ਕ੍ਰਮ ਵਿੱਚ ਨਹੀਂ ਟੁਰਦੀਆਂ। ਵਜ਼ੀਰ ਖਾਨ ਨਾਲ ਹੋਈ ਲੜਾਈ ਛੱਤ ਬਨੂੜ ਦੀ ਲਿਖਦੇ ਹਨ, ਜਦੋਂ ਕਿ ਵਜ਼ੀਰ ਖਾਨ ਨਾਲ ਲੜਾਈ ਚੱਪੜ-ਚਿੜੀ ਦੇ ਸਥਾਨ ਤੇ, ਜੋ ਸਰਹੰਦ ਤੋਂ ਕੋਈ 12 ਕੁ ਕੋਹ ਤੇ ਹੈ, ਹੋਈ ਸੀ। ਬਹਾਦੁਰ ਸ਼ਾਹ ਨਾਲ ਸੰਬੰਧਿਤ ਤਾਰੀਖਾਂ ਦਾ ਵੇਰਵਾ ਵੀ ਠੀਕ ਨਹੀਂ ਦਿੰਦੇ। ਇਹ ਗ਼ਲਤੀਆਂ ਫ਼ਾਰਸੀ ਨਾ ਆਉਣ ਕਰਕੇ ਪਈਆਂ ਹਨ। ਅਗਰ ਆਪ ਨੂੰ ਫ਼ਾਰਸੀ ਆਉਂਦੀ ਹੁੰਦੀ ਤਾਂ ਕਿਸੇ ਨਾ ਕਿਸੇ ਤਵਾਰੀਖ ਤੋਂ ਆਪ ਨੂੰ ਠੀਕ ਮਸਾਲਾ ਮਿਲ ਜਾਣਾ ਸੀ। ਇਸ ਤੋਂ ਇਲਾਵਾ ਸਿੱਖ ਸਿਧਾਂਤਾਂ ਬਾਰੇ ਵੀ ਉਨ੍ਹਾਂ ਦੀ ਸੂਝ-ਬੂਝ ਬਹੁਤੀ ਸਹੀ ਨਹੀਂ ਕਹੀ ਜਾ ਸਕਦੀ। ਹੰਦਾਲੀ ਸਿਧਾਂਤ, ਜੋਗ, ਵੇਦਾਂਤ, ਬ੍ਰਾਹਮਣੀਕਲ ਵਿਚਾਰ ਤੇ ਮਿਥਿਹਾਸ ਕਵੀ ਜੀ ਦੇ ਮਨ ਤੇ ਛਾਏ ਹੋਏ ਹਨ। ਗੁਰਮਤਿ ਸਿਧਾਂਤਾਂ ਤੇ ਵਿਚਾਰ ਕਰਦੇ ਕਰਦੇ ਉਹ ਭੁੱਲ ਜਾਂਦੇ ਹਨ ਕਿ ਜੋ ਉਹ ਲਿਖ ਰਹੇ ਹਨ ਉਹ ਗੁਰਮਤਿ ਸਿਧਾਂਤਾਂ ਤੋਂ ਉਲਟ ਹੈ।

ਪਰ ਇਸ ਸਭ ਦੇ ਬਾਵਜੂਦ ਵੀ ਆਪ ਦੀਆਂ ਰਚਨਾਵਾਂ ਦੀ ਮਹਾਨਤਾ ਘੱਟਦੀ ਨਹੀਂ ਕਿਉਂਕਿ ਉਨ੍ਹਾਂ ਦਾ ਮਕਸਦ ਤਾਰੀਖਾਂ ਪਰਮਾਣਿਤ ਕਰਨਾ ਨਹੀਂ ਕਿਹਾ ਜਾ ਸਕਦਾ, ਸਗੋਂ ਗੁਰੂ ਜੱਸ ਹੈ ਜਿਸ ਲਈ ਉਨ੍ਹਾਂ ਆਪਣੀ ਕਲਮ ਚੁੱਕੀ ਸੀ, ਜਿਸਦਾ ਜ਼ਿਕਰ ਬਾਰ-ਬਾਰ ਆਪਣੀਆਂ ਰਚਨਾਵਾਂ ਵਿੱਚ ਕਰਦੇ ਹਨ। ਇਤਿਹਾਸਕਾਰ ਉਨ੍ਹਾਂ ਤੇ ਵਿਗਿਆਨਕ ਇਤਿਹਾਸ ਨਾ ਲਿਖਣ ਦੀਆਂ ਊਜਾਂ ਵੀ ਨਹੀਂ ਲਾ ਸਕਦੇ ਕਿਉਂਕਿ ਉਨ੍ਹਾਂ ਆਪਣੀਆਂ ਰਚਨਾਵਾਂ ਵਿੱਚ ਕਿਧਰੇ ਵੀ ਇਹ ਨਹੀਂ ਕਿਹਾ ਕਿ ਉਹ ਵਿਗਿਆਨਕ ਇਤਿਹਾਸ ਲਿਖ ਰਹੇ ਹਨ। ਆਪ ਦੀਆਂ ਰਚਨਾਵਾਂ ਭਾਵੇਂ ਕੁਝ ਕਮੀਆਂ ਆਪਣੇ ਆਪ ਵਿੱਚ ਰੱਖਦੀਆਂ ਹੋਣ, ਪਰ ਉਨ੍ਹਾਂ ਦਾ ਮਕਸਦ ਆਪਣੀ ਸਮਝ ਬੂਝ ਮੁਤਾਬਕ ਇਤਿਹਾਸ ਨੂੰ ਇਕੱਠਾ ਕਰਨਾ ਤੇ ਗੁੰਮ ਹੋਣ ਤੋਂ ਸੰਭਾਲਣਾ ਸੀ। ਸੱਚ-ਮੁੱਚ ਅਗਰ ਉਹ ਇਹ ਸੱਭ ਕੁਝ ਨਾ ਕਰ ਜਾਂਦੇ ਤਾਂ ਜੋ ਕੁਝ ਸਾਨੂੰ ਅੱਜ ਮਿਲ ਰਿਹਾ ਹੈ, ਉਹ ਮਿਲਣਾ ਵੀ ਕਠਿਨ ਹੋਣਾ ਸੀ। ਉਹ ਆਪਣੇ ਆਪ ਨੂੰ ਸਰਬੱਗ ਵੀ ਨਹੀਂ ਕਹਿੰਦੇ। ਆਪਣੀ ਰਚਨਾ ਬਾਰੇ ਲਿਖਦੇ ਹਨ :

ਜਹਾ ਭੂਲ ਮੁਝ ਤੇ ਕੁਝ ਹੋਈ, ਸੁਨਿ ਪਠਿ ਕਰੈ ਰੋਸ ਨਹਿ ਕੋਈ।
ਕ੍ਰਿਪਾ ਧਾਰ ਸੋ ਲੇਹੁ ਬਨਾਏ, ਜਯੋਂ ਸਤਿਗੁਰ ਸਿਖਨ ਮਨ ਭਾਏ।[14]

ਕਵਿਤਾ ਵਿੱਚ ਲਿਖੀਆਂ ਇਹ ਰਚਨਾਵਾਂ ਪੂਰਨ ਰੂਪ ਵਿੱਚ ਇਤਿਹਾਸ ਨਹੀਂ ਕਹੀਆਂ ਜਾ ਸਕਦੀਆਂ। ਅਸਲ ਵਿੱਚ ਵਿਗਿਆਨਕ ਢੰਗ ਦਾ ਇਤਿਹਾਸ ਜਿਸ ਵਿੱਚ ਜੀਵਨ ਦੀਆਂ ਘਟਨਾਵਾਂ ਨੂੰ ਹੂ-ਬ-ਹੂ ਥਿਤਿ-ਵਾਰ ਅਨੁਸਾਰ ਬਿਨਾਂ ਵਾਧ-ਘਾਟ ਦੇ ਲਿਖਿਆ ਹੋਵੇ ਸਾਡੇ ਦੇਸ਼ ਵਿੱਚ ਪੱਛਮ ਵੱਲੋਂ ਆਇਆ ਹੈ। ਰੋਜ਼ਨਾਮਚੇ ਜਾਂ ਨਿੱਜ ਜੀਵਨੀਆਂ ਲਿਖਣ ਦਾ ਉਸ ਵੱਕਤ ਸਾਡੇ ਦੇਸ਼ ਵਿੱਚ ਰਿਵਾਜ਼ ਹੀ ਨਹੀਂ ਸੀ। ਹਾਂ ਅਗਰ ਮਹਾਂਪੁਰਸ਼ਾਂ ਦੇ ਜੀਵਨ ਅਤੇ ਕਾਰਨਾਮਿਆਂ ਨੂੰ ਕਿਸੇ ਨੇ ਲਿਖਣ ਦਾ ਯਤਨ ਕੀਤਾ ਵੀ ਹੈ ਤਾਂ ਉਹ ਕਵਿਤਾ ਵਿੱਚ ਹੈ ਜੋ ਭਾਈ ਸਾਹਿਬ ਦੀਆਂ ਰਚਨਾਵਾਂ ਬਾਰੇ ਵੀ ਸੱਚ ਹੈ। ਇਸ ਕਲਾ ਦੇ ਗ੍ਰੰਥਾਂ ਦੇ ਟਾਕਰੇ ਤੇ ਜੀਵਨੀਆਂ ਅਤੇ ਇਤਿਹਾਸਕ ਪੁਸਤਕਾਂ ਕਿਧਰੇ ਕਦੀ ਟਾਂਵੀਆਂ-ਟਾਂਵੀਆਂ ਹੀ ਲਿਖੀਆਂ ਜਾਂਦੀਆਂ ਸੀ। ਇਸ ਦਾ ਮੁੱਖ ਕਾਰਨ ਇਹ ਹੈ ਕਿ ਇਤਿਹਾਸਕਾਰੀ ਵਿੱਚ ਮਨ ਦੇ ਜਜ਼ਬਿਆਂ, ਰੁਚੀਆਂ ਅਤੇ ਪੱਖ-ਪਾਤ ਨੂੰ ਕਾਬੂ ਵਿੱਚ ਰੱਖਣਾ ਅਤੇ ਉਨ੍ਹਾਂ ਤੋਂ ਉੱਪਰ ਉੱਠਣਾ ਪੈਂਦਾ ਹੈ। ਇਹ ਹਰ ਕਿਸੇ ਦੇ ਵਸ ਦੀ ਗੱਲ ਨਹੀਂ, ਇਸ ਲਈ ਖਾਸ ਸਿੱਖਿਆ, ਮਨਮਾਰੀ ਤੇ ਜ਼ਬਤ ਦੀ ਲੋੜ ਹੈ ਅਤੇ ਮਿਲ

---

14. *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,* ਉਹੀ, ਜਿਲਦ ਪਹਿਲੀ, ਪੰਨਾ 77.

ਰਹੇ ਮਸਾਲੇ ਦੀ ਨਿਰਪੱਖ ਪੁਣ-ਛਾਣ ਦੀ ਆਦਤ ਦੀ ਲੋੜ ਹੈ, ਜਿਸ ਵਿੱਚ ਹਰ ਪੱਖ ਨੂੰ ਯੋਗ ਮਾਨਤਾ ਦੇਣੀ ਹੁੰਦੀ ਹੈ। ਕੇਵਲ ਆਪਣੇ ਬਣਾ ਲਏ ਹੋਏ ਪੱਖ ਨੂੰ ਠੀਕ ਸਮਝੀ ਜਾਣ ਨਾਲ ਦੂਸਰੇ ਪੱਖ ਦੀ ਸੱਚਾਈ ਨਾਲ ਅਨਿਆਏ ਹੋ ਜਾਣ ਦਾ ਡਰ ਹੁੰਦਾ ਹੈ। ਭਾਈ ਸਾਹਿਬ ਦੀਆਂ ਰਚਨਾਵਾਂ ਨੂੰ ਵੀ ਇਸੇ ਇਤਿਹਾਸਕ ਪਰਖ ਨਾਲ ਪੜ੍ਹਨ ਤੇ ਸਮਝਣ ਦੀ ਲੋੜ ਹੈ। ਡਾ. ਗੰਡਾ ਸਿੰਘ ਜੀ ਲਿਖਦੇ ਹਨ ਕਿ ਮਹਾਂਕਾਵਿ ਕਿਸੇ ਇਤਿਹਾਸਕ ਘਟਨਾ ਨੂੰ ਲੈ ਕੇ ਉਸ ਉਪਰ ਕਵਿਤਾ ਦੀਆਂ ਉੱਚ-ਉਡਾਰੀਆਂ ਨਾਲ ਮਨੋਕਲਪਤ ਮਿਥਿਹਾਸ ਦਾ ਉਸਾਰਿਆ ਹੋਇਆ ਪਹਾੜ ਹੁੰਦਾ ਹੈ, ਜਿਸ ਦੇ ਵਿਸਥਾਰ ਹੇਠਾਂ ਇਤਿਹਾਸ ਦੀ ਸੱਚ ਕਣੀ ਬਹੁਤ ਹੱਦ ਤੱਕ ਲੁਕ ਜਾਂਦੀ ਹੈ ਅਤੇ ਓਪਰਾ ਪਹਾੜ ਹੀ ਦਿਸਦਾ ਰਹਿੰਦਾ ਹੈ। ਇਸ ਤਰ੍ਹਾਂ ਦੇ ਮਿਥਿਹਾਸ ਦੀ ਮਿਲਾਵਟ ਨੇ ਸਿੱਖ ਗੁਰੂ ਸਾਹਿਬਾਨ ਦੇ ਸੱਚੇ ਸੁੱਚੇ ਜੀਵਨ ਦੀਆਂ ਕਈ ਇੱਕ ਸ਼ੁੱਧ ਇਤਿਹਾਸਕ ਘਟਨਾਵਾਂ ਨੂੰ ਕਰਾਮਾਤਾਂ ਤੇ ਕ੍ਰਿਸ਼ਮਿਆਂ ਦੀ ਅਜਿਹੀ ਗੂੜ੍ਹੀ ਗ਼ੈਰ-ਕੁਦਰਤੀ ਰੰਗਣ ਚਾੜ੍ਹੀ ਹੈ ਕਿ ਜਿਸ ਨੇ ਨਿਰੋਲ ਸੱਚ ਨੂੰ ਢਕ ਦਿੱਤਾ ਹੈ ਤੇ ਵਾਕਿਆਤ ਨੂੰ ਸ਼ੱਕੀ ਕਰ ਦਿੱਤਾ ਹੈ।[15] ਭਾਈ ਸੰਤੋਖ ਸਿੰਘ ਦੀਆਂ ਰਚਨਾਵਾਂ ਵਾਚਣ ਵੇਲੇ ਧਿਆਨ ਰੱਖਣਾ ਚਾਹੀਦਾ ਹੈ ਕਿ ਇਹ ਕਵਿਤਾ ਹੈ ਸ਼ੁੱਧ ਇਤਿਹਾਸ ਨਹੀਂ। ਆਪਣੀ ਵਿਵੇਕ ਤੇ ਖੋਜ ਨਾਲ ਇਤਿਹਾਸਕਾਰਾਂ ਨੇ ਮਿਥਿਹਾਸ ਨੂੰ ਇੱਕ ਪਾਸੇ ਰੱਖ ਕੇ ਇਤਿਹਾਸ ਨੂੰ ਵਰਤਣਾ ਤੇ ਸੋਧਣਾ ਹੈ। ਇਹ ਕੰਮ ਅੱਜ ਦੇ ਇਤਿਹਾਸਕਾਰ ਕਰ ਰਹੇ ਹਨ ਜੋ ਮੇਰੇ ਇਸ ਪਰਚੇ ਦੇ ਦਾਇਰੇ ਤੋਂ ਬਾਹਰ ਹੈ।

15. ਡਾ. ਗੰਡਾ ਸਿੰਘ, *ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਦੇ ਕੁਝ ਵਾਕਿਆਤ ਸੰਬੰਧੀ ਭੁਲੇਖੇ*, ਪੰਨਾ 35; ਦੇਖੋ *ਸ੍ਰੀ ਗੁਰੂ ਤੇਗ ਬਹਾਦਰ ਸਮ੍ਰਿਤੀ ਗ੍ਰੰਥ*, ਪ੍ਰਿੰਸੀਪਲ ਸਤਿਬੀਰ ਸਿੰਘ, 1975.

ਪੰਜਾਬ ਦਾ ਪੂਰਵ-ਇਤਿਹਾਸਕ ਅਤੇ ਹੜੱਪਾ-ਕਾਲ

ਸੁਖਦਿਆਲ ਸਿੰਘ *

ਪੰਜਾਬ ਦੇ ਪੂਰਵ-ਇਤਿਹਾਸਕ ਕਾਲ ਦੀ ਜੇਕਰ ਗੱਲ ਕਰਨੀ ਹੋਵੇ ਤਾਂ ਮਨੁੱਖੀ ਪਿੰਜਰਾਂ ਦੀਆਂ ਖੋਪੜੀਆਂ ਮਿਲਣ ਤੋਂ ਅੰਦਾਜ਼ਾ ਲਗਾਇਆ ਗਿਆ ਹੈ ਕਿ ਇਥੋਂ ਪੰਜ ਲੱਖ ਸਾਲਾਂ ਤੋਂ ਵੀ ਪਹਿਲੇ ਸਮੇਂ ਦੀਆਂ ਮਨੁੱਖੀ ਖੋਪੜੀਆਂ ਮਿਲੀਆਂ ਹਨ। ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਪੰਜ ਦਰਿਆਵਾਂ ਦੀ ਇਹ ਜ਼ਰਖੇਜ਼ ਜ਼ਮੀਨ ਸਿਰਫ ਫਸਲਾਂ ਦੀ ਪੈਦਾਵਾਰ ਲਈ ਹੀ ਜ਼ਰਖੇਜ਼ ਨਹੀਂ ਹੈ, ਸਗੋਂ ਇਹ ਮਨੁੱਖੀ ਜੀਵਨ ਨੂੰ ਵੀ ਆਪਣੇ ਉਪਜਾਊ ਕਣਾਂ ਵਿੱਚੋਂ ਪੈਦਾ ਕਰਦੀ ਰਹੀ ਹੈ। ਸਾਨੂੰ ਪੰਜਾਬੀਆਂ ਨੂੰ ਇਸ ਗੱਲ ਤੇ ਮਾਣ ਕਰਨਾ ਚਾਹੀਦਾ ਹੈ ਕਿ ਅੱਜ ਤੋਂ ਪੰਜ ਲੱਖ ਸਾਲ ਪਹਿਲਾਂ ਦੇ ਮਨੁੱਖੀ ਜੀਵਨ ਦੇ ਅਜੋਕੇ ਵਾਰਸ ਅਸੀਂ ਹਾਂ। ਸਾਡਾ ਅੱਜ ਦਾ ਮਨੁੱਖੀ ਜੀਵਨ ਅਨੇਕਾਂ ਯੁੱਗਾਂ ਦੀਆਂ ਉਮਰਾਂ ਹੰਢਾਉਣ ਬਾਅਦ ਪ੍ਰਾਪਤ ਹੋਇਆ ਹੈ। ਇਹ ਯੁੱਗ ਸਾਡੇ ਮੁੱਢਲੇ ਆਦਿ ਵਾਸੀ ਕਾਲ ਦੇ, ਪੱਥ ਯੁੱਗ ਦੇ ਅਤੇ ਨਵੀਨ ਪੱਥਰ ਯੁੱਗ ਦੇ ਜੀਵਨ ਦੇ ਘੜਨ ਵਾਲੇ ਹਨ। ਹੋ ਸਕਦਾ ਹੈ ਕਿ ਕਿਸੇ ਯੁੱਗ ਵਿੱਚ ਅਸੀਂ ਅੱਜ ਤੋਂ ਵਧੀਆ ਜੀਵਨ ਵੀ ਜੀ ਚੁੱਕੇ ਹੋਈਏ। ਇਨ੍ਹਾਂ ਬੀਤ ਚੁੱਕੇ ਯੁੱਗਾਂ ਦੀ ਹੋਰ ਤਾਂ ਕੋਈ ਲਿਖਤੀ ਗਵਾਹੀ ਨਹੀਂ ਮਿਲਦੀ ਪਰ ਸਾਡੇ ਪੰਜ ਦਰਿਆ ਅਤੇ ਇਨ੍ਹਾਂ ਦਰਿਆਵਾਂ ਦੇ ਵਿਚਕਾਰਲੇ ਉਪਜਾਊ ਮੈਦਾਨ ਇਨ੍ਹਾਂ ਯੁੱਗਾਂ ਦੇ ਜ਼ਰੂਰ ਗਵਾਹ ਹਨ। ਭਾਵੇਂ ਇਹ ਦਰਿਆ ਸਮੇਂ-ਸਮੇਂ ਤੇ ਆਪਣੇ ਮੁਹਾਣ ਵੀ ਬਦਲਦੇ ਰਹੇ ਹਨ ਪਰ ਇਨ੍ਹਾਂ ਦੀ ਰਵਾਨਗੀ ਮੁੱਢ ਤੋਂ ਹੀ ਅਟੁੱਟ ਰੂਪ ਵਿੱਚ ਚੱਲਦੀ ਆ ਰਹੀ ਹੈ। ਇਨ੍ਹਾਂ ਦਰਿਆਵਾਂ ਦੀ ਰਵਾਨਗੀ ਹੀ ਸਾਡੀ ਜਿਉਂਦੀ-ਜਾਗਦੀ ਸੱਭਿਅਤਾ ਦੀ ਪ੍ਰਤੀਕ ਹੈ। ਇਨ੍ਹਾਂ ਦਰਿਆਵਾਂ ਦੁਆਰਾ ਜ਼ਰਖੇਜ਼ ਕੀਤੀ ਜ਼ਮੀਨ ਮੁੱਢ ਤੋਂ ਲੈ ਕੇ ਅੱਜ ਤੀਕ ਲਗਾਤਾਰ ਸਾਨੂੰ ਵੱਖ-ਵੱਖ ਕਿਸਮ ਦੇ ਅਨਾਜ ਬਖਸ਼ਦੀ ਆ ਰਹੀ ਹੈ। ਇਹ ਅਨਾਜ ਹੀ ਸਾਡੇ ਮਨੁੱਖੀ ਜੀਵਨ ਨੂੰ ਸ਼ਕਤੀ ਪ੍ਰਦਾਨ ਕਰਦਾ ਆ ਰਿਹਾ ਹੈ। ਇਸ ਲਈ ਦਰਿਆਵਾਂ ਦਾ ਇਹ ਅੰਮ੍ਰਿਤਮਈ ਪਾਣੀ ਅਤੇ ਜ਼ਰਖੇਜ਼ ਜ਼ਮੀਨ ਦਾ ਇਹ ਸ਼ਕਤੀ-ਭਰਪੂਰ ਅਨਾਜ ਪੰਜਾਬ ਦੇ ਉਸ ਸਮੇਂ ਦੀ ਸੱਭਿਅਤਾ ਦੀ ਆਤਮਾ ਹਨ।

ਪੰਜਾਬ ਦਾ ਇਤਿਹਾਸ ਅਸਲ ਵਿੱਚ ਹੜੱਪਾ ਸੱਭਿਅਤਾ ਤੋਂ ਸ਼ੁਰੂ ਹੁੰਦਾ ਹੈ। ਹੜੱਪਾ ਸੱਭਿਅਤਾ ਆਪਣੇ ਸਮੇਂ ਦੀਆਂ ਵਿਸ਼ਵ-ਸੱਭਿਆਤਾਵਾਂ ਵਿੱਚੋਂ ਉਨ੍ਹਾਂ ਸੱਭਿਆਤਾਵਾਂ ਵਿੱਚ ਸ਼ਾਮਲ ਸੀ, ਜਿਹੜੀਆਂ ਮਨੁੱਖੀ ਜੀਵਨ ਦੇ ਹਰ ਖੇਤਰ ਵਿੱਚ ਪੂਰੀ ਤਰ੍ਹਾਂ ਵਿਕਸਤ ਸਨ। ਇਸ ਦਾ ਸ਼ਹਿਰੀ ਜੀਵਨ ਪੂਰੀ ਤਰ੍ਹਾਂ ਵਿਕਸਤ ਸੀ। ਇਹ ਸਿੰਧ ਘਾਟੀ ਦੀ ਸੱਭਿਅਤਾ ਤੋਂ ਵੀ ਇੱਕ ਯੁੱਗ ਪੁਰਾਣੀ ਸੱਭਿਅਤਾ ਸੀ।[1] ਇਸ ਦਾ ਖੇਤਰ ਭਾਵੇਂ ਬਹੁਤ ਵਿਸ਼ਾਲ ਸੀ ਪਰ ਜੋ ਨਿਸ਼ਾਨੀਆਂ ਸਾਡੇ ਪੁਰਾਤੱਤਵ ਖੋਜੀਆਂ ਨੂੰ ਪ੍ਰਾਪਤ ਹੋਈਆਂ ਹਨ, ਉਹ ਸਿਰਫ ਹੜੱਪਾ ਦੇ ਥੇਹ ਵਿੱਚੋਂ ਹੀ ਮਿਲੀਆਂ ਹਨ। ਹੜੱਪਾ ਦਾ ਥੇਹ ਪੰਜਾਬ ਵਿੱਚ ਰਾਵੀ ਦਰਿਆ ਦੇ ਇੱਕ ਕੰਢੇ ਉਪਰ ਸਥਿਤ ਹੈ। ਇਸ ਦਾ ਮਤਲਬ ਹੈ ਕਿ ਹੜੱਪਾ ਵਾਲੀ ਥਾਂ ਵਾਲਾ ਜਿਹੜਾ ਸ਼ਹਿਰ ਸੀ, ਉਹ ਪੰਜਾਬ ਦੇ ਰਾਵੀ ਦਰਿਆ ਉਪਰ ਸਥਿਤ ਸੀ। ਇਥੋਂ ਮਿਲੀਆਂ ਪੁਰਾਤਨ ਨਿਸ਼ਾਨੀਆਂ

---

* ਸਾਬਕਾ ਮੁਖੀ ਅਤੇ ਪ੍ਰੋਫੈਸਰ, ਪੰਜਾਬ ਇਤਿਹਾਸ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

1. L.M. Joshi's 'Introduction' in L.M. Joshi Fauja Singh (eds.), *History of the Punjab*, Vol. I, Punjabi University, Patiala, 1977, p. 2.

ਘੱਟੋ-ਘੱਟ ਪੰਜਾਬ ਦੇ ਪੰਜ ਦਰਿਆਵਾਂ ਦੀ ਧਰਤੀ ਉਪਰ ਫੈਲੀ ਹੋਈ ਵਿਕਸਤ ਸੱਭਿਅਤਾ ਨੂੰ ਦਰਸਾਉਂਦੀਆਂ ਹਨ। ਇਸ ਹੜੱਪਾ ਥੇਹ ਦੀ ਖੁਦਾਈ ਵਿੱਚੋਂ ਇਥੋਂ ਦੇ ਸ਼ਹਿਰੀ ਜੀਵਨ ਦੀਆਂ ਜੋ ਨਿਸ਼ਾਨੀਆਂ ਮਿਲੀਆਂ ਹਨ, ਉਹ ਸਾਡੇ ਇਤਿਹਾਸਕਾਰਾਂ ਨੂੰ ਹੈਰਾਨ ਕਰ ਦੇਣ ਵਾਲੀਆਂ ਹਨ। ਮੋਹਰਾਂ, ਸਿੱਕਿਆਂ ਅਤੇ ਹੋਰ ਵਸਤਾਂ ਉਪਰ ਜੋ ਇਸ ਸੱਭਿਅਤਾ ਦੀ ਲਿੱਪੀ ਦੇ ਅੱਖਰ ਮਿਲੇ ਹਨ, ਉਹ ਆਪਣੇ-ਆਪ ਵਿੱਚ ਹੀ ਇੱਕ ਮਿਸਾਲ ਹਨ। ਇਸ ਲਿੱਪੀ ਦੇ ਅੱਖਰ ਹੋਰ ਕਿਸੇ ਵੀ ਪੁਰਾਤਨ ਜਾਂ ਨਵੀਨ ਲਿੱਪੀ ਨਾਲ ਨਹੀਂ ਮਿਲਦੇ। ਪਹੀਆਂ ਦੇ ਵੱਖ-ਵੱਖ ਨਮੂਨੇ ਮਿਲੇ ਹਨ, ਜਿਸ ਤੋਂ ਸਾਬਤ ਹੁੰਦਾ ਹੈ ਕਿ ਹੜੱਪਾ ਸੱਭਿਅਤਾ ਦੌਰਾਨ ਪਹੀਏ ਦੀ ਕਾਢ ਵਿਕਸਿਤ ਹੋ ਚੁੱਕੀ ਸੀ। ਦਰਿਆ ਦੇ ਕੰਢੇ ਉਪਰ ਇੱਕ ਬੜੇ ਮਜ਼ਬੂਤ ਕਿਲ੍ਹੇ ਦੀਆਂ ਨੀਹਾਂ ਤੇ ਉਸਾਰੀ ਦੇ ਕੁਝ ਨਮੂਨੇ ਮਿਲੇ ਹਨ, ਜਿਹੜਾ ਆਪਣੀ ਪਕਿਆਈ ਅਤੇ ਮਜ਼ਬੂਤੀ ਦੀ ਖੁਦ ਵਿੱਚ ਹੀ ਮਿਸਾਲ ਹੈ। ਇਸ ਕਿਲ੍ਹੇ ਦੇ ਇੱਕ ਭਾਗ ਵਿੱਚ ਆਟਾ ਪੀਹਣ ਵਾਲੀਆਂ ਚੱਕੀਆਂ, ਹਥਿਆਰ ਅਤੇ ਸਿੱਕੇ ਢਾਲਣ ਵਾਲੀਆਂ ਅੱਗ ਦੀਆਂ ਭੱਠੀਆਂ, ਸੈਨਿਕਾਂ ਦੇ ਕਮਰੇ, ਦਰਬਾਰ ਹਾਲ, ਅਨਾਜ ਭੰਡਾਰ, ਖੂਹ ਆਦਿ ਹੈਰਾਨ ਕਰ ਦੇਣ ਵਾਲੀਆਂ ਨਿਸ਼ਾਨੀਆਂ ਮਿਲੀਆਂ ਹਨ।[2] ਰਾਜੇ ਜਾਂ ਬਾਦਸ਼ਾਹ ਦੇ ਮਹਿਲ, ਪੱਕੇ ਮਕਾਨ, ਵੱਡੇ ਅਲੀਸ਼ਾਨ ਗੁਸਲਖਾਨੇ, ਜ਼ਮੀਨ-ਦੋਜ਼ ਨਾਲੀਆਂ ਆਦਿ ਮਿਲੀਆਂ ਹਨ, ਜਿਨ੍ਹਾਂ ਤੋਂ ਜਾਪਦਾ ਹੈ ਕਿ ਇਹ ਸ਼ਹਿਰ ਇਸ ਖੇਤਰ ਵਿੱਚ ਫੈਲੀ ਹੋਈ ਸੱਭਿਅਤਾ ਦਾ ਕੇਂਦਰੀ ਸ਼ਹਿਰ (ਰਾਜਧਾਨੀ) ਸੀ। ਇਸ ਸੱਭਿਅਤਾ ਦਾ ਮੁੱਖ ਸਮਾਂ ਪੰਦਰਾਂ ਸੌ ਸਾਲਾਂ (3250 ਈ.ਪੂ.-1750 ਈ.ਪੂ.) ਦਾ ਸੀ।[3]

ਹੜੱਪਾ ਨਾਂ, ਸੱਭਿਅਤਾ ਦੇ ਖ਼ਤਮ ਹੋਣ ਬਾਅਦ ਪ੍ਰਚੱਲਿਤ ਹੋਇਆ ਪ੍ਰਤੀਤ ਹੁੰਦਾ ਹੈ। ਸੱਭਿਅਤਾ ਦੇ ਜੀਵਨ ਸਮੇਂ ਹੋ ਸਕਦਾ ਹੈ ਕਿ ਇਸ ਦਾ ਨਾਂ ਕੋਈ ਹੋਰ ਹੋਵੇ। ਹੜੱਪਾ ਤੋਂ ਭਾਵ ਦੋ ਕਿਸਮ ਦਾ ਬਣਦਾ ਹੈ, ਹੜ੍ਹ ਦਾ ਪੈ ਜਾਣਾ ਜਾਂ ਹੜ੍ਹ ਵਾਂਗ ਟੁੱਟ ਕੇ ਪੈ ਜਾਣਾ। ਭਾਵ ਕਿ ਜਾਂ ਤਾਂ ਇਹ ਸ਼ਹਿਰ ਹੜ੍ਹਾਂ ਦੀ ਮਾਰ ਹੇਠ ਆ ਕੇ ਬਰਬਾਦ ਹੋ ਗਿਆ ਸੀ ਤੇ ਜਾਂ ਇਥੋਂ ਦੇ ਲੋਕ ਹੜ੍ਹ ਦੀ ਤਰ੍ਹਾਂ ਦੁਸ਼ਮਣ ਉਪਰ ਪੈ ਜਾਂਦੇ ਸਨ। ਨਿਸ਼ਚੇ ਹੀ ਇਹ ਨਾਂ ਇਸ ਥਾਂ ਦੇ ਥੇਹ ਉਪਰ ਵਸੇ ਲੋਕਾਂ ਦੇ ਸੁਭਾਅ ਨੂੰ ਦਰਸਾਉਂਦਾ ਹੈ ਜਾਂ ਫਿਰ ਇਸ ਥੇਹ ਦੀ ਹੋ ਰਹੀ ਬਰਬਾਦੀ ਨੂੰ ਦਰਸਾਉਂਦਾ ਹੈ। ਪਰ ਇਹ ਨਾਂ ਹੜੱਪਾ ਸੱਭਿਅਤਾ ਦੀ ਰਾਜਧਾਨੀ ਦਾ ਨਹੀਂ ਹੋ ਸਕਦਾ। ਰਾਜਧਾਨੀ ਦਾ ਅਸਲ ਨਾਂ ਕਿਹੜਾ ਸੀ ਇਸ ਦੀ ਜਾਣਕਾਰੀ ਅਜੇ ਤੱਕ ਨਹੀਂ ਮਿਲੀ। ਇਹ ਨਿਸ਼ਚਿਤ ਹੈ ਕਿ ਇਹ ਥਾਂ ਹੜੱਪਾ ਸੱਭਿਅਤਾ ਦੀ ਰਾਜਧਾਨੀ ਸੀ। ਕਿਉਂਕਿ ਜਿਥੋਂ ਇਹ ਨਿਸ਼ਾਨੀਆਂ ਮਿਲੀਆਂ ਹਨ, ਉਸ ਥਾਂ ਦਾ ਵਰਤਮਾਨ ਨਾਂ ਹੜੱਪਾ ਹੈ ਇਸ ਲਈ ਇਨ੍ਹਾਂ ਨਿਸ਼ਾਨੀਆਂ ਰਾਹੀਂ ਜਾਣੀ ਜਾਣ ਵਾਲੀ ਸੱਭਿਅਤਾ ਦਾ ਨਾਂ ਵੀ ਸਾਡੇ ਪੁਰਾਤੱਤਵ ਖੋਜੀਆਂ ਨੇ ਹੜੱਪਾ ਸੱਭਿਅਤਾ ਰੱਖਿਆ ਹੈ।

ਕਿਉਂਕਿ ਇਹ ਸੱਭਿਅਤਾ ਪੰਜ ਦਰਿਆਵਾਂ ਦੀ ਧਰਤੀ ਪੰਜਾਬ ਉਪਰ ਫੈਲੀ ਹੋਈ ਸੀ, ਇਸ ਲਈ ਇਸ ਨੂੰ ਅੱਜ ਦੇ ਭੂਗੋਲਿਕ ਪੰਜਾਬ ਦੀ ਪਹਿਲੀ ਜਾਂ ਪੁਰਾਤਨ ਸੱਭਿਅਤਾ ਕਿਹਾ ਜਾ ਸਕਦਾ ਹੈ। ਇਸ ਲਈ ਪੰਜਾਬ ਦਾ ਇਤਿਹਾਸ ਇਥੋਂ ਹੀ ਸ਼ੁਰੂ ਹੁੰਦਾ ਹੈ। ਇਤਿਹਾਸ ਲਈ ਲਿਖਤੀ ਸਰੋਤਾਂ ਦਾ ਹੋਣਾ ਭਾਵੇਂ ਅਤੀ ਜ਼ਰੂਰੀ ਹੈ ਪਰ ਜੇ ਪੁਰਾਤਨ ਵਸਤਾਂ ਆਪਣੇ ਹੂਬਹੂ ਅੱਖਰਾਂ ਅਤੇ ਲਿੱਪੀ ਵਿੱਚ ਮਿਲ ਜਾਣ ਅਤੇ ਸ਼ਹਿਰਾਂ, ਮਕਾਨਾਂ ਅਤੇ ਕਿਲ੍ਹਿਆਂ ਦੇ ਨਮੂਨੇ ਵੀ ਅਸਲ ਨੀਹਾਂ ਦੇ ਰੂਪ ਵਿੱਚ ਮਿਲ ਜਾਣ ਤਾਂ ਉਹ ਵੀ ਲਿਖਤੀ ਸਰੋਤਾਂ ਜਿੰਨੀ ਹੀ ਮਹੱਤਤਾ ਰੱਖਦੇ ਹਨ। ਹੜੱਪਾ ਲਿੱਪੀ ਦੇ ਹੁਣ ਤੱਕ 419 ਦੇ ਕਰੀਬ ਅੱਖਰ ਨਮੂਨੇ ਮਿਲ ਚੁੱਕੇ ਹਨ। ਇਹ ਅੱਖਰ ਆਪਣੇ ਆਪ ਵਿਚ ਸੰਪੂਰਨ ਹਨ। ਨਾ ਹੀ ਤਾਂ ਇਹ ਤਸਵੀਰਾਂ ਹਨ ਅਤੇ ਨਾ ਹੀ ਇਹ ਸ਼ਾਰਟਹੈਂਡ ਜਾਂ ਕੱਚੀ ਲਿਖਤ ਵਾਂਗ ਅਧੂਰੇ ਹਨ। ਮੋਹਰਾਂ ਤੇ ਸਿੱਕਿਆਂ ਉਪਰ

2. Mortimer Wheeler, *My Archaeological Mission to India and Pakistan,* London, 1976, pp. 71-73.
3. L.M. Joshi, *op. cit.*, p. 2.

ਪੂਰਨ ਇਬਾਰਤ ਵਾਲੇ ਅੱਖਰ ਹਨ। ਇਨ੍ਹਾਂ ਤੋਂ ਸਾਬਤ ਹੁੰਦਾ ਹੈ ਕਿ ਹੜੱਪਾ ਸੱਭਿਅਤਾ ਦੌਰਾਨ ਇਥੋਂ ਦੀ ਬੋਲੀ ਦੀ ਲਿੱਪੀ ਪੂਰੀ ਤਰ੍ਹਾਂ ਵਿਕਸਿਤ ਹੋ ਚੁੱਕੀ ਸੀ। ਜਿਹੜੀ ਇਬਾਰਤ ਹੁਣ ਤੱਕ ਸਿੱਕਿਆਂ, ਮੋਹਰਾਂ ਜਾਂ ਹੋਰ ਕਿਸੇ ਵਸਤੂਆਂ ਉਪਰੋਂ ਮਿਲੀ ਹੈ, ਉਸ ਵਿੱਚ ਪੰਦਰਾਂ-ਪੰਦਰਾਂ ਅੱਖਰ-ਨਮੂਨਿਆਂ ਵਾਲੇ ਅੱਠ ਵਾਕ ਹਨ। ਸਭ ਤੋਂ ਲੰਮਾ ਵਾਕ 26 ਅੱਖਰਾਂ ਵਾਲਾ ਹੈ, ਜਿਹੜਾ ਤਿਕੋਣੇ ਪਰਿਜ਼ਮ ਦੇ ਤਿੰਨ ਪਾਸਿਆਂ ਉਪਰ ਲਿਖਿਆ ਹੋਇਆ ਹੈ। ਸਤਾਰਾਂ ਅੱਖਰਾਂ ਦੀਆਂ ਤਿੰਨ ਸਤਰਾਂ ਲਿਖੀਆਂ ਹੋਈਆਂ ਹਨ। ਮਿਲੀਆਂ ਇਬਾਰਤਾਂ ਵਿੱਚੋਂ ਅਨੁਪਾਤਕ ਸ਼ਬਦ ਪੰਜ ਅੱਖਰਾਂ ਵਾਲਾ ਹੈ। ਕਈ ਥਾਈਂ ਇੱਕ-ਇੱਕ ਜਾਂ ਦੋ-ਦੋ ਅੱਖਰਾਂ ਵਾਲੇ ਸ਼ਬਦ ਵੀ ਹਨ। ਉਕਤ 419 ਅੱਖਰਾਂ ਵਿੱਚੋਂ 113 ਅੱਖਰ ਸਿਰਫ਼ ਇੱਕ ਵਾਰ ਹੀ ਆਏ ਹਨ। 47 ਅੱਖਰ ਸਿਰਫ਼ ਦੋ ਵਾਰ ਆਏ ਹਨ। 59 ਅੱਖਰ ਪੰਜ ਵਾਰ ਵਰਤੇ ਗਏ ਹਨ। ਦੋ ਸੌ ਅੱਖਰ ਐਸੇ ਹਨ, ਜਿਹੜੇ ਵਾਰ-ਵਾਰ ਵਰਤੋਂ ਵਿੱਚ ਆਉਂਦੇ ਹਨ। ਭਾਵੇਂ ਪੁਰਾਤੱਤਵ ਖੋਜੀਆਂ ਨੇ ਇਨ੍ਹਾਂ ਅੱਖਰਾਂ ਨੂੰ ਮੂਰਤੀ-ਅੱਖਰ (pictograph) ਕਿਹਾ ਹੈ ਪਰ ਇਹ ਗਲਤ ਹੈ। ਹੜੱਪਾ ਲਿਪੀ ਮੂਰਤੀ-ਅੱਖਰਾਂ ਵਾਲੀ ਨਹੀਂ ਹੈ, ਸਗੋਂ ਇਹ ਆਪਣੇ ਆਪ ਵਿੱਚ ਪੂਰੇ ਅੱਖਰ ਹਨ।[4] ਮਿਸਾਲ ਦੇ ਤੌਰ ਤੇ ਜਿਹੜੇ ਅੱਖਰ ਵਾਰ-ਵਾਰ ਵਰਤੋਂ ਵਿੱਚ ਆ ਰਹੇ ਸਨ, ਇਨ੍ਹਾਂ ਦੇ ਬਰਾਬਰ ਜੇਕਰ ਵਰਤਮਾਨ ਗੁਰਮੁਖੀ ਲਿੱਪੀ ਦੇ ਕੁਝ ਅੱਖਰ ਪਾ ਕੇ ਰੱਖ ਦਿੱਤੇ ਜਾਣ ਤਾਂ ਇਹ ਇਨ੍ਹਾਂ ਤੋਂ ਵੀ ਵੱਡੇ ਅਤੇ ਜ਼ਿਆਦਾ ਔਖੇ ਲੱਗਣਗੇ। ਮਿਸਾਲ ਦੇ ਤੌਰ ਤੇ ੳ, ਅ, ਘ, ਙ, ਛ, ਝ, ਞ, ਨ, ਯ, ੜ, ਣ ਆਦਿ। ਜੇਕਰ ਗੁਰਮੁਖੀ ਦੇ ਇਹ ਅੱਖਰ, ਜਿਹੜੇ ਕਿ ਹੜੱਪਾ ਲਿੱਪੀ ਦੇ ਅੱਖਰਾਂ ਨਾਲੋਂ ਜ਼ਿਆਦਾ ਔਖੇ ਅਤੇ ਵੱਡੇ ਹਨ ਇਹ ਮੂਰਤੀ-ਅੱਖਰ ਨਹੀਂ ਕਹੇ ਜਾ ਸਕਦੇ ਤਾਂ ਹੜੱਪਾ ਦੇ ਸੌਖੇ ਅੱਖਰ ਮੂਰਤੀ-ਅੱਖਰ ਕਿਵੇਂ ਕਹੇ ਜਾ ਸਕਦੇ ਹਨ। ਫਰਕ ਸਿਰਫ਼ ਇਤਨਾ ਹੈ ਕਿ ਹੜੱਪਾ ਦੇ ਅੱਖਰ ਅਜੇ ਤਕ ਪੜ੍ਹੇ ਨਹੀਂ ਜਾ ਸਕੇ। ਨਾ ਪੜ੍ਹੇ ਜਾ ਸਕਣ ਕਰਕੇ ਅਸੀਂ ਆਪਣੀ ਅਣਜਾਣਤਾ ਨੂੰ ਛੁਪਾਉਣ ਲਈ ਇਨ੍ਹਾਂ ਨੂੰ ਮੂਰਤੀ-ਅੱਖਰ ਕਹਿ ਦਿੰਦੇ ਹਾਂ, ਜਦੋਂ ਕਿ ਇਹ ਮੂਰਤੀ ਅੱਖਰ ਨਹੀਂ ਹਨ। ਇਹ ਬਾਕਾਇਦਾ ਅੱਖਰ ਹਨ ਅਤੇ ਵਿਕਸਤ ਲਿੱਪੀ ਦਾ ਰੂਪ ਹਨ। ਹਾਂ ਇਹ ਜ਼ਰੂਰ ਕਿਹਾ ਜਾ ਸਕਦਾ ਹੈ ਕਿ ਕੁਝ ਅੱਖਰ-ਨਮੂਨੇ ਐਸੇ ਜ਼ਰੂਰ ਹਨ, ਜਿਹੜੇ ਮੂਰਤੀਨੁਮਾ ਹਨ, ਪਰ ਇਨ੍ਹਾਂ ਬਾਰੇ ਵਿਸ਼ੇਸ਼ ਗੱਲ ਇਹ ਹੈ ਕਿ ਇਹ ਮੂਰਤੀ-ਅੱਖਰ ਕਦੇ-ਕਦਾਈਂ ਹੀ ਵਰਤੋਂ ਵਿੱਚ ਆਉਂਦੇ ਸਨ, ਵਾਰ-ਵਾਰ ਨਹੀਂ। ਇਸ ਲਈ ਇਨ੍ਹਾਂ ਬਾਰੇ ਇਹ ਕਿਹਾ ਜਾ ਸਕਦਾ ਹੈ ਕਿ ਇਹ ਮੂਰਤੀ-ਅੱਖਰ ਸ਼ਾਇਦ ਕਿਸੇ ਸੰਕਲਪ ਜਾਂ ਸਿਧਾਂਤ ਦੇ ਨਿਸ਼ਾਨ (logos) ਹੋਣ।

ਹੜੱਪਾ ਲਿੱਪੀ ਭਾਵੇਂ ਅਜੇ ਤੱਕ ਪੜ੍ਹੀ ਨਹੀਂ ਜਾ ਸਕੀ ਪਰ ਇਤਿਹਾਸਕਾਰਾਂ ਨੇ ਇਸ ਬਾਰੇ ਦੋ ਐਸੇ ਸਿੱਟੇ ਜ਼ਰੂਰ ਕੱਢੇ ਹਨ, ਜਿਹੜੇ ਲਗਭਗ ਅੰਤਮ ਹਨ। ਇਹ ਹਨ : ਇੱਕ, ਹੜੱਪਾ ਲਿੱਪੀ ਸੱਜੇ ਪਾਸੇ ਤੋਂ ਖੱਬੇ ਹੱਥ ਨੂੰ ਲਿਖੀ ਜਾਣ ਵਾਲੀ ਲਿੱਪੀ ਸੀ। ਦੋ, ਇਹ ਲਿੱਪੀ ਇੰਡੋ-ਯੂਰਪੀਅਨ ਅਤੇ ਇੰਡੋ-ਇਰਾਨੀਅਨ ਤੋਂ ਬਿਲਕੁਲ ਅਲੱਗ ਸੀ। ਇਹ ਨਾ ਸੰਸਕ੍ਰਿਤ ਨਾਲ ਮਿਲਦੀ ਹੈ ਅਤੇ ਨਾ ਹੀ ਪੁਰਾਣੀ ਫਾਰਸੀ (ਅਵੇਸਤਾ) ਨਾਲ ਮਿਲਦੀ ਹੈ।[5] ਦਰਾਵੜੀ ਨਸਲ ਜਾਂ ਬੋਲੀ ਹੋਣ ਦੀ ਗੱਲ ਸਮੇਂ ਅਨੁਸਾਰ ਆਪਣੇ ਆਪ ਹੀ ਖਤਮ ਹੋ ਗਈ ਹੈ ਕਿਉਂਕਿ ਦਰਾਵੜ ਥਿਊਰੀ ਨਾ ਹੀ ਤਾਂ ਇਤਿਹਾਸਕ ਤੱਥਾਂ ਦੇ ਆਧਾਰ ਤੇ ਖੜ੍ਹੋ ਸਕੀ ਹੈ ਅਤੇ ਨਾ ਹੀ ਤਰਕ ਦੇ ਆਧਾਰ ਤੇ। ਦਰਾਵੜ ਲੋਕ ਤਾਂ ਖੁਦ ਵੀ ਆਪਣਾ ਪਿਛੋਕੜ ਹੜੱਪਾ ਜਾਂ ਸਿੰਧ ਘਾਟੀ ਦੀ ਸੱਭਿਅਤਾ ਵਾਲਾ ਨਹੀਂ ਮੰਨਦੇ। ਇਸ ਲਈ ਸੱਚਾਈ ਇਹ ਹੈ ਕਿ ਹੜੱਪਾ ਸੱਭਿਅਤਾ ਆਪਣੇ ਆਪ ਵਿੱਚ ਇੱਕ ਨਿਵੇਕਲੀ ਸੱਭਿਅਤਾ ਸੀ, ਜਿਸ ਦਾ ਵੈਦਿਕ ਅਤੇ ਅਵੇਸਤਾਈ ਸੱਭਿਆਤਾਵਾਂ

4. ਐਮ.ਐਸ. ਵੱਤਸ ਨੇ ਆਪਣੀ ਪੁਸਤਕ *Excavations at Harappa,* Varanasi, 1975, Vol. II, ਵਿੱਚ ਹੜੱਪਾ ਦੇ ਪੂਰੇ ਦੇ ਪੂਰੇ ਅੱਖਰ ਦਿੱਤੇ ਹਨ।

5. Kamil V. Zvelebil's article 'Decipherments of the Indus Script', in Thomas R. Trautmann (ed.), *The Aryan Debate,* Oxford, 2005, pp. 268-69.

ਨਾਲ ਕੋਈ ਸੰਬੰਧ ਨਹੀਂ ਸੀ। ਇਸ ਕਰਕੇ ਹੜੱਪਾ ਦੀ ਲਿੱਪੀ ਅਤੇ ਬੋਲੀ ਵੀ ਇਨ੍ਹਾਂ ਦੇ ਗਰੁੱਪ ਵਿੱਚ ਨਹੀਂ ਰੱਖੀ ਜਾ ਸਕਦੀ। ਹੜੱਪਾ ਦਾ ਸਥਾਨ ਪੰਜਾਬ ਵਿੱਚ ਹੈ। ਜਿਸ ਤਰ੍ਹਾਂ ਅੱਜ ਦੇ ਹਿੰਦੁਸਤਾਨ ਵਿੱਚ ਅਨੇਕ ਬੋਲੀਆਂ, ਲਿੱਪੀਆਂ ਅਤੇ ਸੱਭਿਆਚਾਰ ਹਨ, ਜਿਹੜੇ ਕਿ ਇੱਕ-ਦੂਜੇ ਨਾਲੋਂ ਕਈ ਵਾਰ ਬਿਲਕੁਲ ਉਲਟ ਹਨ, ਪਰ ਰਾਜਨੀਤਿਕ ਲੋਕ ਫਿਰ ਵੀ 'ਭਾਰਤ ਇੱਕ ਹੈ' ਜਾਂ 'ਅਨੇਕਤਾ ਵਿੱਚ ਏਕਤਾ' ਦਾ ਢੰਡੋਰਾ ਦਿਨ-ਰਾਤ ਪਿੱਟਦੇ ਰਹਿੰਦੇ ਹਨ, ਉਸੇ ਤਰ੍ਹਾਂ ਹੜੱਪਾ ਅਤੇ ਸਿੰਧ ਘਾਟੀ ਦੀਆਂ ਸੱਭਿਆਤਾਵਾਂ ਦਾ ਵੀ ਵਿਸ਼ਾਲ ਘੇਰਾ ਸੀ ਪਰ ਇਲਾਕਾਈ ਤੌਰ ਤੇ ਲਿੱਪੀ, ਬੋਲੀ ਅਤੇ ਸੱਭਿਆਚਾਰ ਇਨ੍ਹਾਂ ਦਾ ਵੀ ਵੱਖ-ਵੱਖ ਸੀ। ਗੁਜਰਾਤ, ਰਾਜਸਥਾਨ, ਸਿੰਧ ਜਾਂ ਬਲੋਚਿਸਤਾਨ ਦੀਆਂ ਸੱਭਿਆਤਾਵਾਂ ਵੀ ਭਾਵੇਂ ਇਕੋ ਕਾਲ ਦੀਆਂ ਹਨ, ਪਰ ਲਿੱਪੀ, ਬੋਲੀ ਅਤੇ ਸੱਭਿਆਚਾਰ ਇਨ੍ਹਾਂ ਦਾ ਵੀ ਵੱਖ-ਵੱਖ ਸੀ। ਹੜੱਪਾ ਪੰਜਾਬ ਦੇ ਖੇਤਰ ਦੀ ਤਰਜਮਾਨੀ ਕਰਨ ਵਾਲੀ ਬੋਲੀ, ਲਿੱਪੀ ਅਤੇ ਸੱਭਿਆਚਾਰ ਸੀ। ਇਹ ਪੰਜਾਬੀ ਦਾ ਹੀ ਮੁੱਢਲਾ ਰੂਪ ਸੀ ਅਤੇ ਹੜੱਪਾ ਲਿੱਪੀ ਪੰਜਾਬੀ ਬੋਲੀ ਦੀ ਹੀ ਇੱਕ ਵਿਕਸਿਤ ਹੋਈ ਲਿੱਪੀ ਸੀ। ਇਸ ਨੂੰ ਇੱਕ ਵੱਖਰੇ ਗਰੁੱਪ ਵਿੱਚ ਰੱਖ ਕੇ ਬੋਲੀ ਦਾ ਹੜੱਪਾ-ਸਿੰਧ-ਗਰੁੱਪ ਕਿਹਾ ਜਾ ਸਕਦਾ ਹੈ। ਕਿਉਂਕਿ ਇਹ ਬੋਲੀ ਅਤੇ ਲਿੱਪੀ ਵੈਦਿਕ ਅਤੇ ਅਵੇਸਤਾਈ ਬੋਲੀਆਂ ਅਤੇ ਲਿੱਪੀਆਂ ਤੋਂ ਵੱਖਰੀ ਸੀ, ਇਸ ਕਰਕੇ ਇਸ ਨੂੰ ਪਹਿਲਾਂ ਆਰੀਆਂ ਲੋਕਾਂ ਨੇ ਦਬਾ ਕੇ ਰੱਖਣ ਦੀ ਕੋਸ਼ਿਸ਼ ਕੀਤੀ ਸੀ ਅਤੇ ਹੁਣ ਵੈਦਿਕ ਅਤੇ ਬ੍ਰਾਹਮਣ ਪਿਛੋਕੜ ਵਾਲੇ ਇਤਿਹਾਸਕਾਰ ਅਤੇ ਰਾਜਨੀਤਿਕ ਲੋਕ ਅਣਗੌਲਿਆਂ ਕਰਕੇ ਛੱਡ ਰਹੇ ਹਨ। ਕਦੇ ਇਸ ਨੂੰ ਦਰਾਵੜ ਦੀ ਇੱਕ ਸ਼ਾਖਾ ਕਹਿ ਕੇ ਅਣਗੌਲਿਆਂ ਕੀਤਾ ਗਿਆ ਸੀ ਅਤੇ ਅੱਜ ਇਸ ਨੂੰ ਸੰਸਕ੍ਰਿਤ ਦਾ ਇੱਕ ਰੂਪ ਕਹਿ ਕੇ ਇਸ ਦੀ ਅਸਲੀਅਤ ਨੂੰ ਵਿਗਾੜਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਹੜੱਪਾ ਦੀ ਇਸ ਖੁਦਾਈ ਦੀ ਕਹਾਣੀ, ਜੋ ਪੁਰਾਤੱਤਵ ਖੋਜੀ ਮਾਧੋ ਸਰੂਪ ਵੱਤਸ ਨੇ ਲਿਖੀ ਹੈ, ਇਸ ਤਰ੍ਹਾਂ ਹੈ। ਸਰ ਅਲੈਗਜੈਂਡਰ ਕੁਨਿੰਘਮ (Sir Alexander Cunningham) ਨੇ ਹੜੱਪਾ ਦੇ ਥੇਹ ਦੀ ਯਾਤਰਾ ਤੇ ਸਰਵੇਖਣ ਕਰਕੇ ਜੋ ਰਿਪੋਰਟ 1895 ਦੀ Annual Report ਵਿੱਚ ਛਪਵਾਈ ਉਸ ਤੋਂ ਬਾਅਦ ਬ੍ਰਿਟਿਸ਼ ਮਿਊਜ਼ੀਅਮ ਨੇ ਕਈ ਪੁਰਾਤਨ ਲੱਭਤਾਂ ਇਕੱਠੀਆਂ ਕੀਤੀਆਂ ਅਤੇ ਇਨ੍ਹਾਂ ਦੀ ਰਿਪੋਰਟ ਡਾ. ਜੇ.ਐਫ. ਫਲੀਟ (J.F. Fleet) ਨੇ *Journal of The Royal Asiatic Society*, 1912 ਵਿੱਚ ਛਪਵਾਈ। ਇਨ੍ਹਾਂ ਸਭ ਰਿਪੋਰਟਾਂ ਤੋਂ ਉਤਸ਼ਾਹਿਤ ਹੋ ਕੇ ਅਤੇ ਸਰ ਜੋਹਨ ਮਾਰਸ਼ਲ (Sir John Marshall) ਦੀ ਪ੍ਰੇਰਨਾ ਨਾਲ ਰਾਇ ਬਹਾਦਰ ਦਯਾ ਰਾਮ ਸਾਹਨੀ ਨੇ 1920-21 ਵਿੱਚ ਹੜੱਪਾ ਦੇ ਥੇਹ ਦੀ ਖੁਦਾਈ ਕਰਵਾਉਣੀ ਸ਼ੁਰੂ ਕੀਤੀ। ਇਹ ਕੰਮ 1924-1925 ਤੱਕ ਜਾਰੀ ਰਿਹਾ। ਇਸ ਦੌਰਾਨ ਇਸ ਖੁਦਾਈ ਵਿਚੋਂ ਜੋ ਕੁੱਝ ਵੀ ਲੱਭਿਆ ਉਸ ਦੀ ਰਿਪੋਰਟ ਦਯਾਰਾਮ ਸਾਹਨੀ ਨੇ *Archaeological Survey Reports* ਦੇ 1920-21,1923-24 ਅਤੇ 1924-25 ਦੇ ਅੰਕਾਂ ਵਿੱਚ ਛਪਵਾ ਦਿੱਤੀ ਸੀ। 1926-27 ਤੋਂ ਲੈ ਕੇ 1933-34 ਤੱਕ ਇਸੇ ਥਾਂ ਦੀ ਖੁਦਾਈ ਮਾਧੋ ਸਰੂਪ ਵੱਤਸ ਨੇ ਕਰਵਾਈ। ਇਨ੍ਹਾਂ ਨੇ ਪੂਰੇ ਵਿਸਥਾਰ ਸਹਿਤ ਅਤੇ ਪੂਰੀ ਲਗਨ ਨਾਲ ਇਸ ਇਸ ਥੇਹ ਦੀ ਖੁਦਾਈ ਕਰਵਾਈ। ਇਸ ਦੌਰਾਨ ਇਥੋਂ ਹੈਰਾਨ ਕਰ ਦੇਣ ਵਾਲੀਆਂ ਯਾਦਗਾਰਾਂ ਲੱਭੀਆਂ। ਭਾਵੇਂ ਇਸ ਸਥਾਨ ਨੂੰ ਰੇਲਵੇ ਦੇ ਠੇਕੇਦਾਰਾਂ ਨੇ ਮੁਲਤਾਨ-ਲਾਹੌਰ ਰੇਲਵੇ ਲਾਈਨ ਕੱਢਣ ਸਮੇਂ ਬੁਰੀ ਤਰ੍ਹਾਂ ਪੁੱਟ ਸੁੱਟਿਆ ਸੀ ਅਤੇ ਇਥੋਂ ਦੀਆਂ ਇੱਟਾਂ ਨੂੰ ਰੇਲਵੇ ਲਾਈਨ ਵਿੱਚ ਵਰਤ ਲਿਆ ਗਿਆ ਸੀ। ਇਸ ਨਾਲ ਥੇਹ ਵਿੱਚੋਂ ਮਿਲੇ ਮਕਾਨਾਂ, ਗੁਦਾਮਾਂ, ਕਿਲ੍ਹੇ ਅਤੇ ਗੁਸਲਖਾਨਿਆਂ ਦਾ ਮੌਲਿਕ ਰੂਪ ਵਿਗੜ ਗਿਆ ਸੀ ਫਿਰ ਵੀ ਜੋ ਕੁਝ ਬਚਿਆ ਸੀ ਉਸ ਤੋਂ ਵੀ ਬਹੁਤ ਵਧੀਆ ਜਾਣਕਾਰੀ ਮਿਲਦੀ ਸੀ। ਜੇਕਰ ਰੇਲਵੇ ਲਾਈਨ ਕੱਢੇ ਜਾਣ ਤੋਂ ਪਹਿਲਾਂ ਇਹ ਥਾਂ ਸੰਭਾਲ ਕੇ ਰੱਖੀ ਜਾਂਦੀ ਤਾਂ ਪੂਰੇ ਦੇ ਪੂਰੇ ਮਕਾਨ, ਗੁਦਾਮ, ਗੁਸਲਖਾਨੇ ਅਤੇ ਕਿਲ੍ਹੇ ਦੀ ਸਥਾਪਤੀ ਮਿਲ ਸਕਦੀ ਸੀ।[6]

6. Madho Sarup Vats, *Excavations At Harappa,* Vol. I, Bhartiya Publishing House, Varanasi and New Delhi, 1974, pp. 11-12.

ਹੜੱਪਾ ਦੀ ਖੁਦਾਈ ਵਿੱਚੋਂ ਜੋ ਪੱਕੀਆਂ ਅਤੇ ਕੱਚੀਆਂ ਇੱਟਾਂ ਮਿਲੀਆਂ ਹਨ, ਉਨ੍ਹਾਂ ਦਾ ਸਾਈਜ਼ 11"×5.5"×2.5" ਹੈ। ਭਾਵ ਕਿ ਇੱਟ ਗਿਆਰਾਂ ਇੰਚ ਲੰਮੀ, ਸਾਢੇ ਪੰਜ ਇੰਚ ਚੌੜੀ ਅਤੇ ਢਾਈ ਇੰਚ ਮੋਟੀ ਹੈ। ਮੋਟਾਪਾ ਕਿਸੇ ਕਿਸੇ ਇੱਟ ਦਾ ਤਿੰਨ ਇੰਚ ਤੱਕ ਦਾ ਵੀ ਹੈ। ਇਹ ਇੱਟਾਂ ਕੰਧਾਂ ਦੀ ਉਸਾਰੀ, ਫਰਸ਼ ਤਿਆਰ ਕਰਨ ਲਈ ਅਤੇ ਨਾਲੀਆਂ ਵਗੈਰਾ ਲਈ ਵਰਤੀਆਂ ਜਾਂਦੀਆਂ ਸਨ। ਪੱਕੀਆਂ ਇੱਟਾਂ ਬਹੁਤ ਹੀ ਚੰਗੀ ਤਰ੍ਹਾਂ ਪਕਾਈਆਂ ਜਾਂਦੀਆਂ ਸਨ। ਇਨ੍ਹਾਂ ਨੂੰ ਖੜ੍ਹਵੇਂ ਢੰਗ ਅਨੁਸਾਰ ਵੀ ਅਤੇ ਲੇਟਵੇਂ ਢੰਗ ਅਨੁਸਾਰ ਵੀ ਵਰਤਿਆ ਜਾਂਦਾ ਸੀ।

ਜਿਸ ਪ੍ਰਕਾਰ ਦੇ ਘਰਾਂ ਦੇ ਨਮੂਨੇ ਮਿਲੇ ਹਨ, ਉਸ ਅਨੁਸਾਰ ਘਰਾਂ ਦੀਆਂ ਨੀਹਾਂ ਕਾਫ਼ੀ ਡੂੰਘੀਆਂ ਅਤੇ ਚੌੜੀਆਂ ਰੱਖੀਆਂ ਜਾਂਦੀਆਂ ਸਨ। ਨੀਹਾਂ ਵਿੱਚ ਪਹਿਲਾਂ ਮਿੱਟੀ ਚੰਗੀ ਤਰ੍ਹਾਂ ਕੁੱਟੀ ਜਾਂਦੀ ਸੀ। ਜੇਕਰ ਕੰਧ ਜ਼ਿਆਦਾ ਚੌੜੀ ਹੁੰਦੀ ਸੀ ਤਾਂ ਅੰਦਰਲੀ ਤੇ ਬਾਹਰਲੀ ਪਰਤ ਪੱਕੀਆਂ ਇੱਟਾਂ ਦੀ ਹੁੰਦੀ ਸੀ ਪਰ ਦੋਹਾਂ ਪਰਤਾਂ ਦੇ ਵਿਚਕਾਰ ਕੱਚੀਆਂ ਇੱਟਾਂ ਵਰਤ ਲਈਆਂ ਜਾਂਦੀਆਂ ਸਨ। ਕੱਚੀਆਂ ਇੱਟਾਂ ਦੀ ਵਰਤੋਂ ਸਿਰਫ਼ ਕੰਧ ਨੂੰ ਥਰਮਸ ਦੀ ਤਰ੍ਹਾਂ ਅੰਦਰਲੇ ਅਤੇ ਬਾਹਰਲੇ ਤਾਪਮਾਨ ਤੋਂ ਬਚਾਉਣ ਲਈ ਕੀਤੀ ਜਾਂਦੀ ਸੀ। ਭਾਵ ਕਿ ਇਸ ਤਰ੍ਹਾਂ ਦੀਆਂ ਕੰਧਾਂ ਵਾਲੇ ਮਕਾਨ ਗਰਮੀਆਂ ਵਿੱਚ ਠੰਢੇ ਅਤੇ ਸਰਦੀਆਂ ਵਿੱਚ ਨਿੱਘੇ ਰਹਿੰਦੇ ਸਨ। ਘਰਾਂ ਦੇ ਵਿਚਕਾਰ ਅਤੇ ਸਾਹਮਣੇ ਵਾਲੇ ਪਾਸੇ ਖੁੱਲ੍ਹਾ ਵਿਹੜਾ ਹੁੰਦਾ ਸੀ। ਵਿਹੜੇ ਦੇ ਤਿੰਨ ਪਾਸੇ ਕਮਰੇ ਹੁੰਦੇ ਸਨ। ਇਹ ਮਕਾਨ ਤਿੰਨ-ਤਿੰਨ ਕਮਰਿਆਂ ਵਾਲੇ ਵੀ ਮਿਲੇ ਹਨ ਅਤੇ 12-12 ਅਤੇ 16-16 ਕਮਰਿਆਂ ਵਾਲੇ ਵੀ ਮਿਲੇ ਹਨ। ਗਲੀ ਵਿੱਚ ਮਕਾਨ ਦੇ ਦਰਵਾਜ਼ੇ ਪਾਸ ਪਾਣੀ ਇਕੱਠਾ ਹੋਣ ਵਾਲੇ ਪੱਕੇ ਹੌਦ ਅਤੇ ਕੂੜਾ ਇਕੱਠਾ ਕਰਨ ਵਾਲੇ ਪੱਕੇ ਕੂੜਾਦਾਨ ਵੀ ਮਿਲੇ ਹਨ। ਘਰਾਂ ਦਾ ਪਾਣੀ ਬਾਹਰ ਗਲੀ ਵਿੱਚ ਬਣੇ ਪੱਕੇ ਹੌਦ ਵਿੱਚ ਇਕੱਠਾ ਹੁੰਦਾ ਸੀ। ਇਥੋਂ ਇਹ ਗਲੀ ਵਿੱਚ ਬਣੀ ਨਾਲੀ ਰਾਹੀਂ ਬਾਹਰ ਨਿਕਲਦਾ ਸੀ। ਕੂੜੇਦਾਨ ਵਿੱਚੋਂ ਕੂੜੇ ਨੂੰ ਸਫ਼ਾਈ ਕਰਨ ਵਾਲੇ ਚੁੱਕ ਕੇ ਲੈ ਕੇ ਜਾਂਦੇ ਸਨ।[7]

ਘਰਾਂ ਵਿੱਚ ਪੌੜੀਆਂ ਵੀ ਮਿਲੀਆਂ ਹਨ। ਇਨ੍ਹਾਂ ਦਾ ਖੜ੍ਹਵਾਂ ਰੂਪ ਹੁੰਦਾ ਸੀ। ਭਾਵ ਕਿ ਪੌੜੀ ਦਾ ਇੱਕ ਪੱਧਰ ਇੱਕ ਫੁੱਟ ਜਾਂ ਕੁਝ ਵੱਧ ਦਾ ਹੁੰਦਾ ਸੀ। ਇਹ ਚੌੜੀਆਂ ਘੱਟ ਹੁੰਦੀਆਂ ਸਨ। ਇਕੋ ਸਮੇਂ ਇੱਕ ਵਿਅਕਤੀ ਹੀ ਉੱਤਰ ਅਤੇ ਚੜ੍ਹ ਸਕਦਾ ਸੀ। ਪੌੜੀਆਂ ਦੀ ਹੋਂਦ ਤੋਂ ਇਹ ਕਿਆਸ ਕੀਤਾ ਜਾ ਸਕਦਾ ਹੈ ਕਿ ਘਰ ਇੱਕ ਮੰਜ਼ਲੇ ਅਤੇ ਇੱਕ ਤੋਂ ਵੱਧ ਮੰਜ਼ਲਾਂ ਵਾਲੇ ਵੀ ਹੁੰਦੇ ਸਨ। ਜਿਨ੍ਹਾਂ ਘਰਾਂ ਦੀਆਂ ਨੀਹਾਂ ਡੂੰਘੀਆਂ ਅਤੇ ਚੌੜੀਆਂ ਹਨ, ਉਨ੍ਹਾਂ ਨੂੰ ਇੱਕ ਤੋਂ ਵੱਧ ਮੰਜ਼ਲਾਂ ਵਾਲੇ ਮੰਨਿਆ ਗਿਆ ਹੈ ਜਿਨ੍ਹਾਂ ਦੀਆਂ ਨੀਹਾਂ ਘੱਟ ਡੂੰਘੀਆਂ ਤੇ ਘੱਟ ਚੌੜੀਆਂ ਹਨ, ਉਨ੍ਹਾਂ ਨੂੰ ਇੱਕ ਮੰਜ਼ਲੇ ਮੰਨਿਆ ਗਿਆ ਹੈ। ਕੰਧਾਂ ਦੀ ਉਸਾਰੀ ਜਿਪਸਮ ਦੇ ਗਾਰੇ ਨਾਲ ਕੀਤੀ ਜਾਂਦੀ ਸੀ। ਕੰਧਾਂ ਉਪਰ ਪਲੱਸਤਰ ਚੂਨੇ ਨਾਲ ਕੀਤਾ ਜਾਂਦਾ ਸੀ।

ਘਰਾਂ ਦਾ ਸਭ ਤੋਂ ਉੱਤਮ ਪੱਖ ਘਰਾਂ ਵਿੱਚ ਮਿਲੇ ਖੂਹਾਂ ਦੇ ਰੂਪ ਵਿੱਚ ਮਿਲਿਆ ਹੈ। ਇਸ ਦਾ ਮਤਲਬ ਹੈ ਕਿ ਘਰਾਂ ਵਿੱਚ ਪਾਣੀ ਦੀ ਵਰਤੋਂ ਲਈ ਖੂਹਾਂ ਦੀ ਵਰਤੋਂ ਕੀਤੀ ਜਾਂਦੀ ਸੀ। ਇਹ ਖੂਹ ਬੜੇ ਹੀ ਅਜੀਬ ਕਿਸਮ ਦੇ ਸਨ। ਆਮ ਘਰਾਂ ਵਾਲੇ ਖੂਹ ਸਿਰਫ਼ ਪੌਣੇ ਦੋ ਫੁੱਟ ਜਾਂ ਪੌਣੇ ਤਿੰਨ ਫੁੱਟ ਦੇ ਘੇਰੇ ਵਾਲੇ ਹੀ ਸਨ। ਇਨ੍ਹਾਂ ਦੀ ਉਸਾਰੀ ਪੱਕੀਆਂ ਇੱਟਾਂ ਨਾਲ ਕੀਤੀ ਜਾਂਦੀ ਸੀ। ਇਹ ਹੈਰਾਨੀ ਵਾਲੀ ਗੱਲ ਹੈ ਕਿ ਪੌਣੇ ਦੋ ਫੁੱਟ ਘੇਰੇ ਵਾਲੇ ਖੂਹ ਦੀ ਹੇਠਾਂ ਤੋਂ ਉਪਰ ਤੱਕ ਉਸਾਰੀ ਕਿਸ ਤਰ੍ਹਾਂ ਕੀਤੀ ਜਾਂਦੀ ਹੋਵੇਗੀ। ਇਹ ਗੱਲ ਤਾਂ ਪੱਕੀ ਹੈ ਕਿ ਉਸ ਸਮੇਂ ਧਰਤੀ ਹੇਠਲੇ ਪਾਣੀ ਦਾ ਪੱਧਰ, ਖਾਸ ਕਰ ਦਰਿਆਵਾਂ ਦੇ ਨੇੜੇ ਬਹੁਤ ਉੱਚਾ ਹੀ ਹੋਵੇਗਾ ਅਤੇ ਦਸ-ਪੰਦਰਾਂ ਫੁੱਟ ਦੀ ਡੂੰਘਾਈ ਤੋਂ ਹੀ ਪਾਣੀ ਨਿਕਲ ਆਉਂਦਾ ਹੋਵੇਗਾ। ਇਨ੍ਹਾਂ ਖੂਹਾਂ ਵਿੱਚੋਂ ਇੱਕ ਸਮੇਂ ਸਿਰਫ਼ ਇੱਕ ਵਿਅਕਤੀ ਹੀ ਪਾਣੀ ਕੱਢ ਸਕਦਾ ਸੀ। ਖੂਹ ਦੇ ਨੇੜੇ

7. *Ibid.*, p. 12.

ਗੁਸਲਖਾਨਿਆਂ ਦੇ ਨਿਸ਼ਾਨ ਵੀ ਮਿਲੇ ਹਨ। ਖੂਹ ਦੇ ਨੇੜੇ ਪਏ ਕਾਂਸੀ ਅਤੇ ਤਾਂਬੇ ਦੇ ਜੱਗ ਅਤੇ ਡੋਲ ਵੀ ਮਿਲੇ ਹਨ।[8]

ਦਰਿਆ ਤੋਂ ਦੂਰ ਵਾਲੇ ਖੂਹ ਸੱਤ-ਸੱਤ ਫੁੱਟ ਦੀ ਚੌੜਾਈ ਵਾਲੇ ਵੀ ਮਿਲੇ ਹਨ। ਇਹ ਵੱਡੇ ਕੰਮਾਂ ਲਈ ਵਰਤੇ ਜਾਂਦੇ ਸਨ। ਇਹ ਖੂਹ ਰਸਤਿਆਂ ਉਪਰ ਪਿਆਓ ਦੇ ਰੂਪ ਵਿੱਚ ਵੀ ਵਰਤੇ ਜਾਂਦੇ ਸਨ। ਇਨ੍ਹਾਂ ਦੇ ਆਲੇ-ਦੁਆਲੇ ਪੱਕੇ ਥੜ੍ਹੇ ਅਤੇ ਨਾਲੀਆਂ ਵੀ ਮਿਲੀਆਂ ਹਨ। ਹੋ ਸਕਦਾ ਹੈ ਕਿ ਰਸਤੇ ਵਿਚਲੇ ਪਿਆਓ ਰੂਪੀ ਖੂਹਾਂ ਉਪਰ ਗੁਸਲਖਾਨੇ ਵੀ ਹੋਣ।

ਸਭ ਤੋਂ ਕਮਾਲ ਦੀ ਲੱਭਤ ਇੱਕ ਅਨਾਜ-ਭੰਡਾਰ ਦੇ ਮਿਲਣ ਦੀ ਹੈ। ਇਸ ਨੂੰ ਪੁਰਾਤੱਤਵ ਵਿਭਾਗ ਦੇ ਖੋਜੀਆਂ ਨੇ ਮਹਾਨ ਅਨਾਜ-ਭੰਡਾਰ ਜਾਂ ਗੁਦਾਮ (The Great Granary) ਕਿਹਾ ਹੈ। ਇਹ ਆਮ੍ਹੋ-ਸਾਹਮਣੇ ਦੋ ਵੱਡੇ-ਵੱਡੇ ਗੁਦਾਮ ਹਨ। ਦੋਹਾਂ ਦੇ ਵਿਚਕਾਰਲਾ ਫਾਸਲਾ 23 ਫੁੱਟ ਦਾ ਹੈ। ਹਰ ਇੱਕ ਗੁਦਾਮ (Block) ਵਿੱਚ ਛੇ-ਛੇ ਵੱਡੀਆਂ ਸਬਾਤਾਂ (Halls) ਹਨ। ਇਨ੍ਹਾਂ ਵਿੱਚ ਆਉਣ-ਜਾਣ ਲਈ ਪੰਜ-ਪੰਜ ਰਸਤੇ (Corridors) ਹਨ ਜਿਨ੍ਹਾਂ ਦੇ ਦਰਵਾਜ਼ੇ ਬਾਹਰਲੇ ਪਾਸੇ ਖੁੱਲਦੇ ਹਨ। ਹਰ ਸਬਾਤ ਵਿੱਚ ਅਤੇ ਹਰ ਗੁਦਾਮ ਵਿੱਚ ਹਵਾ ਦੇ ਆਉਣ-ਜਾਣ ਲਈ ਕੁਝ ਮਘੋਰੇ-ਨੁਮਾ ਰੋਸ਼ਨਦਾਨ ਹਨ। ਇਹ ਗੁਦਾਮ ਉੱਤਰ ਤੋਂ ਦੱਖਣ ਵੱਲ 168 ਫੁੱਟ ਅਤੇ ਪੂਰਬ ਤੋਂ ਪੱਛਮ ਵੱਲ 135 ਫੁੱਟ ਲੰਮਾ-ਚੌੜਾ ਹੈ। ਇਸ ਦਾ ਫ਼ਰਸ਼ ਲੱਕੜ ਦੇ ਫੱਟਿਆਂ ਦਾ ਸੀ ਤਾਂ ਕਿ ਅਨਾਜ ਖਰਾਬ ਨਾ ਹੋਵੇ ਅਤੇ ਲੰਮੇ ਸਮੇਂ ਤੱਕ ਸੰਭਾਲ ਕੇ ਰੱਖਿਆ ਜਾ ਸਕੇ।[9] ਇਹ ਮਹਾਨ ਗੁਦਾਮ ਉਸ ਕਿਲ੍ਹੇ ਦਾ ਇੱਕ ਮਹੱਤਵਪੂਰਨ ਹਿੱਸਾ ਸੀ, ਜਿਹੜਾ ਰਾਵੀ ਦਰਿਆ ਦੇ ਕੰਢੇ ਤੇ ਹੜੱਪਾ ਹੁਕਮਰਾਨਾਂ ਨੇ ਆਪਣੀ ਸੁਰੱਖਿਅਤਾ ਲਈ ਬਣਾ ਕੇ ਰੱਖਿਆ ਸੀ। ਇਹ ਕਿਲ੍ਹਾ ਉੱਚੀਆਂ ਅਤੇ ਚੌੜੀਆਂ ਫਸੀਲਾਂ ਦਾ ਬਣਿਆ ਹੋਇਆ ਹੈ। ਇਹ ਧਰਤੀ ਦੇ ਕੁਦਰਤੀ ਪੱਧਰ ਤੋਂ ਚਾਲ੍ਹੀ ਫੁੱਟ ਉੱਚੀਆਂ ਕੰਧਾਂ ਵਾਲਾ ਸੀ। ਫਸੀਲਾਂ ਅੰਦਰੋਂ ਅਤੇ ਬਾਹਰੋਂ ਪੱਕੀਆਂ ਇੱਟਾਂ ਦੀਆਂ ਹਨ, ਪਰ ਵਿੱਚੋਂ ਮਿੱਟੀ ਨਾਲ ਕੁੱਟ-ਕੁੱਟ ਕੇ ਭਰੀਆਂ ਹੁੰਦੀਆਂ ਸਨ। ਇਸ ਕਿਲ੍ਹੇ ਵਿੱਚੋਂ ਜੋ ਸੰਪੂਰਨ ਪੌੜੀਆਂ ਮਿਲੀਆਂ ਹਨ, ਉਹ ਸਿਰਫ਼ ਦੋ-ਦੋ ਫੁੱਟ ਦੀਆਂ ਹੀ ਚੌੜੀਆਂ ਹਨ ਪਰ ਇਹ ਖੜ੍ਹਵੀਆਂ ਹਨ। ਇਹ ਦੋ ਮੰਜ਼ਲਾਂ ਉਪਰ ਲਗਾਤਾਰ ਖੱਬੇ-ਸੱਜੇ ਪਾਸੇ ਦਿਸ਼ਾ ਬਦਲ ਕੇ ਉਪਰ ਨੂੰ ਜਾਂਦੀਆਂ ਹਨ। ਭਾਵ ਕਿ ਪੌੜੀਆਂ ਦੀ ਪਹਿਲੀ ਮੰਜ਼ਿਲ ਦੇ ਸੱਜੇ ਹੱਥ ਵਾਲੀ ਦੀਵਾਰ ਨਾਲ ਚੜ੍ਹਦੀ ਹੈ ਤਾਂ ਦੂਜੀ ਮੰਜ਼ਿਲ ਤੇ ਪਹੁੰਚ ਕੇ ਇਹ ਖੱਬੇ ਹੱਥ ਵਾਲੀ ਦੀਵਾਰ ਨਾਲ ਚੜ੍ਹ ਕੇ ਆਪਣੀ ਦਿਸ਼ਾ ਬਦਲਦੀ ਹੈ। ਕਿਉਂਕਿ ਕਿਲ੍ਹੇ ਦੀ ਫਸੀਲ ਰਾਵੀ ਦਰਿਆ ਦੇ ਬਿਲਕੁਲ ਕੰਢੇ ਦੇ ਉਪਰ ਸੀ ਇਸ ਲਈ ਕਿਲ੍ਹੇ ਵਿੱਚ ਪਾਣੀ ਦੀ ਲੋੜ ਦਰਿਆ ਵਿੱਚੋਂ ਪੂਰੀ ਕੀਤੀ ਜਾਂਦੀ ਸੀ। ਜਿਸ ਤਰ੍ਹਾਂ ਉਪਰ ਵਰਨਣ ਕੀਤਾ ਅਨਾਜ-ਭੰਡਾਰ ਕਿਲ੍ਹੇ ਦੇ ਇੱਕ ਪਾਸੇ ਸੀ ਉਸੇ ਤਰ੍ਹਾਂ ਦੂਸਰੇ ਪਾਸੇ ਕਿਲ੍ਹੇ ਅਤੇ ਦਰਿਆ ਦੇ ਵਿਚਕਾਰ ਫੌਜੀ ਬੈਰਕਾਂ ਸਨ। ਬਿਲਕੁਲ ਇੱਕ ਕੋਨੇ ਵਿੱਚ, ਕਿਲ੍ਹੇ ਦੇ ਬਾਹਰਲੇ ਪਾਸੇ ਅਠਾਰਾਂ ਐਸੇ ਪੱਕੇ ਥੜ੍ਹੇ ਮਿਲੇ ਹਨ, ਜਿਨ੍ਹਾਂ ਉਪਰ ਆਟਾ-ਦਾਲਾਂ ਪੀਹਣ ਵਾਲੀਆਂ ਚੱਕੀਆਂ ਹੁੰਦੀਆਂ ਸਨ। ਇਹ ਚੱਕੀਆਂ ਸ਼ਾਇਦ ਪਾਣੀ ਨਾਲ ਚੱਲਣ ਵਾਲੀਆਂ ਸਨ, ਜਿਨ੍ਹਾਂ ਨੂੰ ਅੱਜਕਲ੍ਹ ਘਰਾਟ ਕਿਹਾ ਜਾਂਦਾ ਹੈ। ਕਿਲ੍ਹੇ ਦਾ ਬਾਕੀ ਖਾਲੀ ਪਿਆ ਥਾਂ ਪੱਕੇ ਫਰਸ਼ ਵਾਲਾ ਹੈ, ਇਹ ਫਰਸ਼ ਇੱਟਾਂ ਦਾ ਵੀ ਹੈ ਅਤੇ ਚੂਨੇ ਦੇ ਪਲੱਸਤਰ ਵਾਲਾ ਵੀ ਹੈ।[10]

ਸਦੀਆਂ ਦੌਰਾਨ ਪਨਪੀ ਹੋਈ ਸੱਭਿਅਤਾ ਕਿਸੇ ਵੀ ਤਰ੍ਹਾਂ ਆਪਣੀ ਹੋਂਦ ਨਹੀਂ ਮਿਟਾ ਸਕਦੀ। ਸੱਭਿਅਤਾ ਦੀਆਂ ਆਪਣੀਆਂ ਕੁਝ ਕੁ ਐਸੀਆਂ ਤਾਕਤਾਂ ਹੁੰਦੀਆਂ ਹਨ, ਜਿਨ੍ਹਾਂ ਨੂੰ ਖ਼ਤਮ ਨਹੀਂ ਕੀਤਾ

---

8. *Ibid.*, p. 13.
9. *Ibid.*, pp. 15-16.
10. Mortimer Wheeler, *op. cit.*, p. 73.

ਜਾ ਸਕਦਾ ਹੁੰਦਾ। ਹਾਂ ਇਨ੍ਹਾਂ ਨੂੰ ਦਬਾਇਆ ਜਾ ਸਕਦਾ ਹੁੰਦਾ ਹੈ ਅਤੇ ਪਛਾੜਿਆ ਜਾ ਸਕਦਾ ਹੁੰਦਾ ਹੈ। ਸੱਭਿਅਤਾ ਦਾ ਸੱਭਿਆਚਾਰ ਅਤੇ ਬੋਲੀ ਕਿਸੇ ਵੀ ਤਰ੍ਹਾਂ ਖਤਮ ਨਹੀਂ ਕੀਤੇ ਜਾ ਸਕਦੇ। ਹੜੱਪਾ ਸੱਭਿਅਤਾ ਤਾਂ ਪੰਦਰਾਂ ਸੌ ਸਾਲ ਤੋਂ ਵੀ ਵੱਧ ਸਮੇਂ ਦੌਰਾਨ ਪਨਪੀ ਅਤੇ ਵਿਕਸਿਤ ਹੋਈ ਸੱਭਿਅਤਾ ਸੀ। ਸਿਰਫ਼ ਇਹ ਆਪਣੇ ਲੰਮੇ ਸਮੇਂ ਕਰਕੇ ਹੀ ਇਹ ਵਿਸ਼ੇਸ਼ਤਾ ਨਹੀਂ ਰੱਖਦੀ ਸਗੋਂ ਇਹ ਆਪਣੇ ਸਮੇਂ ਦੀਆਂ ਵਿਸ਼ਵ ਦੀਆਂ ਉਨ੍ਹਾਂ ਸੱਭਿਆਤਾਵਾਂ ਵਿੱਚ ਵੀ ਸ਼ੁਮਾਰ ਹੁੰਦੀ ਸੀ, ਜਿਹੜੀਆਂ ਬਹੁਤ ਹੀ ਵਿਕਸਿਤ ਸਨ। ਜਿਵੇਂ ਕਿ ਮਿਸਰ ਦੀ ਸੱਭਿਅਤਾ ਅਤੇ ਮੈਸੋਪੋਟੈਮੀਆ ਦੀ ਸੱਭਿਅਤਾ। ਐਸੀ ਵਿਕਸਿਤ ਸੱਭਿਅਤਾ ਦਾ ਅੱਜ ਨਾਂ-ਨਿਸ਼ਾਨ ਹੀ ਮਿਟ ਗਿਆ ਹੈ। ਇਹ ਬਹੁਤ ਹੀ ਹੈਰਾਨੀ ਵਾਲੀ ਗੱਲ ਹੈ। ਇਹ ਨਾਂ-ਨਿਸ਼ਾਨ ਕਿਵੇਂ ਮਿਟਿਆ ? ਕੁਝ ਇਤਿਹਾਸਕਾਰਾਂ ਦਾ ਨਿਰਣਾ ਹੈ ਕਿ ਇਹ ਹੜੱਪਾ ਸੱਭਿਅਤਾ ਹੜ੍ਹਾਂ ਦੇ ਆਉਣ ਕਾਰਨ ਜਾਂ ਕੁਦਰਤ ਦੀ ਕਿਸੇ ਹੋਰ ਕਰੋਪੀ ਕਾਰਨ ਜਿਵੇਂ ਕਿ ਭੁੱਖਮਰੀ (ਕਾਲ਼) ਦਾ ਪੈ ਜਾਣਾ, ਬਿਮਾਰੀ ਦਾ ਫੈਲ ਜਾਣਾ ਜਾਂ ਫਿਰ ਭੁਚਾਲ ਆਦਿ ਆ ਜਾਣਾ ਆਦਿ ਨਾਲ ਖ਼ਤਮ ਹੋ ਗਈ ਸੀ। ਆਓ, ਇਸ ਬਾਰੇ ਵਿਚਾਰ ਕਰੀਏ।

2005 ਵਿੱਚ ਵਿਸ਼ਵ ਦੇ ਕੁਝ ਖੇਤਰਾਂ ਵਿੱਚ ਸੁਨਾਮੀ ਆਈ ਸੀ। ਜਿਥੇ ਜਿਥੇ ਵੀ ਸੁਨਾਮੀ ਆਈ ਸੀ, ਉਥੋਂ ਦੇ ਘਰ-ਬਾਰ, ਜ਼ਿਮੀਂ-ਜਾਇਦਾਦ ਆਦਿ ਸਭ ਕੁਝ ਰੋੜ੍ਹ ਕੇ ਲੈ ਗਈ ਸੀ। ਸਾਰੀ ਮਨੁੱਖੀ ਆਬਾਦੀ ਅਤੇ ਜੰਗਲੀ ਜੀਵ ਵੀ ਸੁਨਾਮੀ ਵਿੱਚ ਰੁੜ੍ਹ ਗਏ ਸਨ। ਬਿਨਾਂ ਸ਼ੱਕ ਇਹ ਇੱਕ ਕਿਆਮਤ ਸੀ। ਪਰ ਇਹ ਵੀ ਸੱਚ ਹੈ ਕਿ ਸੁਨਾਮੀ ਨੇ ਕਿਸੇ ਇੱਕ ਮੁਲਕ ਜਾਂ ਕੌਮ ਦਾ ਨਾਂ-ਨਿਸ਼ਾਨ ਨਹੀਂ ਮਿਟਾਇਆ। ਜਿਹੜੇ ਲੋਕ ਇਸ ਕਹਿਰ ਵਿੱਚੋਂ ਬਚ ਕੇ ਆ ਗਏ ਸਨ ਉਨ੍ਹਾਂ ਨੇ ਫਿਰ ਤੋਂ ਆਪਣੇ ਕਾਰੋਬਾਰ ਚਲਾ ਲਏ ਹਨ। ਅੱਜ ਉਹ ਫਿਰ ਉਨ੍ਹਾਂ ਹੀ ਇਲਾਕਿਆਂ ਵਿੱਚ ਵਸ ਰਹੇ ਹਨ। ਇਹ ਤਾਂ ਸਮੁੰਦਰੀ ਕਹਿਰ ਸੀ। ਸਮੁੰਦਰੀ ਕਹਿਰ ਵਰਗੀ ਕਿਆਮਤ ਕਦੇ ਵੀ ਦਰਿਆਵਾਂ ਦੀ ਜਾਂ ਝੱਖੜ-ਮੀਂਹ ਦੀ ਨਹੀਂ ਹੋ ਸਕਦੀ। ਫਿਰ ਇਹ ਕਿਵੇਂ ਕਿਹਾ ਜਾ ਸਕਦਾ ਹੈ ਕਿ ਹੜੱਪਾ ਸੱਭਿਅਤਾ ਹੜ੍ਹਾਂ ਵਿੱਚ ਰੁੜ੍ਹ ਗਈ ਸੀ? ਦਰਿਆ ਦਾ ਜਾਂ ਮੀਂਹ ਦਾ ਹੜ੍ਹ ਵਕਤੀ ਹੁੰਦਾ ਹੈ ਅਤੇ ਸੀਮਤ ਖੇਤਰ ਵਾਲਾ ਹੁੰਦਾ ਹੈ। ਹੜ੍ਹਾਂ ਨਾਲ ਸਾਰੀ ਸੱਭਿਅਤਾ ਹੀ ਖ਼ਤਮ ਹੋ ਜਾਵੇ ਇਹ ਨਹੀਂ ਹੋ ਸਕਦਾ। ਅੱਜ ਪੰਜਾਬ ਵਿੱਚ ਅਨੇਕਾਂ ਹੜ੍ਹ ਆ ਚੁੱਕੇ ਹਨ। ਹਿੰਦੁਸਤਾਨ ਦੇ ਕਿਸੇ ਨਾ ਕਿਸੇ ਭਾਗ ਵਿੱਚ ਹਰ ਸਾਲ ਹੀ ਖ਼ਤਰਨਾਕ ਕਿਸਮ ਦੇ ਹੜ੍ਹ ਆਉਂਦੇ ਹਨ, ਭੁਚਾਲ ਵੀ ਆਉਂਦੇ ਹਨ, ਬਿਮਾਰੀ ਵੀ ਪੈਂਦੀ ਹੈ ਪਰ ਇਤਨਾ ਕੁਝ ਹੋਣ ਦੇ ਬਾਵਜੂਦ ਵੀ ਕੋਈ ਕੌਮ ਜਾਂ ਸੱਭਿਅਤਾ ਪੂਰੀ ਦੀ ਪੂਰੀ ਖ਼ਤਮ ਨਹੀਂ ਹੋਈ। ਫਿਰ ਹੜੱਪਾ ਸੱਭਿਅਤਾ ਦੇ ਖਾਤਮੇ ਬਾਰੇ ਇਨ੍ਹਾਂ ਕੁਦਰਤੀ ਕਰੋਪੀਆਂ ਨੂੰ ਕਿਉਂ ਇੱਕੋ-ਇੱਕ ਕਾਰਨ ਮੰਨਿਆ ਜਾ ਰਿਹਾ ਹੈ?

ਆਉ ਹੁਣ ਦੂਜਾ ਪਾਸਾ ਵੀ ਵਿਚਾਰੀਏ। ਹਿੰਦੁਸਤਾਨ ਦੇ ਇਤਿਹਾਸਕ ਕਾਲ ਵਿੱਚ ਇਸਲਾਮ ਦਾ ਆਉਣਾ ਹੀ ਇੱਕ ਐਸਾ ਕਾਲ ਹੈ, ਜਿਸ ਨੂੰ ਇਤਿਹਾਸ ਨੇ ਪੂਰੀ ਤਰ੍ਹਾਂ ਸੰਭਾਲ ਕੇ ਰੱਖਿਆ ਹੈ। ਇਸਲਾਮੀ ਹਮਲੇ ਹਿੰਦੁਸਤਾਨ ਉਪਰ ਅੱਠਵੀਂ ਸਦੀ ਤੋਂ ਹੀ ਹੋਣੇ ਸ਼ੁਰੂ ਹੋ ਗਏ ਸਨ। ਦਸਵੀਂ ਅਤੇ ਗਿਆਰ੍ਹਵੀਂ ਸਦੀ ਵਿੱਚ ਮਹਿਮੂਦ ਗਜ਼ਨਵੀ ਅਤੇ ਮੁਹੰਮਦ ਗੌਰੀ ਨੇ ਹਿੰਦੁਸਤਾਨ ਨੂੰ ਪੂਰੀ ਤਰ੍ਹਾਂ ਦਰੜ ਸੁੱਟਿਆ ਸੀ। ਇਥੇ ਕਰੋੜਾਂ ਦੀ ਆਬਾਦੀ ਸੀ। ਆਉਣ ਵਾਲੇ ਇਸਲਾਮੀ ਹਮਲਾਵਰ ਹਜ਼ਾਰਾਂ ਦੀ ਹੀ ਗਿਣਤੀ ਵਿੱਚ ਸਨ। ਸਾਰਾ ਹਿੰਦੁਸਤਾਨ ਵੱਖ-ਵੱਖ ਕਿਸਮ ਦੀਆਂ ਹਿੰਦੂ ਰਿਆਸਤਾਂ ਵਿੱਚ ਵੰਡਿਆ ਹੋਇਆ ਚੰਗੀ-ਭਲੀ ਹਿੰਦੂ (ਵੈਦਿਕ) ਸੱਭਿਅਤਾ ਵਿੱਚ ਜ਼ੀਵਨ ਜੀਅ ਰਿਹਾ ਸੀ। ਪਰ ਮੁਹੰਮਦ ਗੌਰੀ ਦੇ ਵਾਰਸ ਕੁਤਬਦੀਨ ਐਬਕ ਨੇ ਐਸੀ ਇਸਲਾਮੀ ਹਕੂਮਤ ਕਾਇਮ ਕੀਤੀ ਕਿ ਹਿੰਦੁਸਤਾਨ ਬਾਰ੍ਹਵੀਂ ਸਦੀ ਤੋਂ ਲੈ ਕੇ ਅਠਾਰ੍ਹਵੀਂ ਸਦੀ ਦੇ ਅੱਧ ਤੱਕ ਪੂਰੀਆਂ ਸਾਢੇ ਛੇ ਸਦੀਆਂ ਇਸਲਾਮੀ ਸੱਭਿਅਤਾ ਵਿੱਚ ਜਕੜਿਆ ਰਿਹਾ ਸੀ। ਹਿੰਦੂ ਸੱਭਿਅਤਾ ਦਾ ਸੁਤੰਤਰ ਰੂਪ ਬਿਲਕੁਲ ਖ਼ਤਮ ਹੋ ਗਿਆ ਸੀ। ਫਿਰ ਅਠਾਰ੍ਹਵੀਂ ਸਦੀ ਦੇ ਅੱਧ ਤੋਂ ਅੰਗਰੇਜ਼ਾਂ ਨੇ ਇਸਲਾਮੀ ਸੁਤੰਤਰਤਾ ਖ਼ਤਮ ਕਰਕੇ ਬ੍ਰਿਟਿਸ਼ ਰਾਜ ਸਥਾਪਤ

ਕਰ ਦਿੱਤਾ। ਇਸ ਤਰ੍ਹਾਂ 1947 ਤੱਕ ਪੂਰੀਆਂ ਦੋ ਸਦੀਆਂ ਅੰਗਰੇਜ਼ੀ ਸ਼ਾਸ਼ਨ ਅਤੇ ਸੱਭਿਅਤਾ ਫੈਲੀ ਰਹੀ ਸੀ। ਅੱਜ ਤੋਂ ਹਜ਼ਾਰਾਂ ਸਾਲਾਂ ਬਾਅਦ ਜੇ ਕੋਈ ਇਤਿਹਾਸਕਾਰ ਇਹ ਲਿਖੇਗਾ ਕਿ ਹਿੰਦੂ ਸੱਭਿਅਤਾ ਦਾ ਖਾਤਮਾਂ ਹੜ੍ਹਾਂ ਦੇ ਕਾਰਨ ਜਾਂ ਕੁਦਰਤੀ ਕਰੋਪੀਆਂ ਕਾਰਨ ਹੋ ਗਿਆ ਸੀ ਤਾਂ ਇਹ ਕਿੰਨਾ ਕੁ ਠੀਕ ਹੋਵੇਗਾ?

ਇੱਕ ਮਿਸਾਲ 1947 ਦੀ ਪੰਜਾਬ ਦੀ ਵੰਡ ਦੀ ਵੀ ਦੇਣੀ ਅਢੁੱਕਵੀਂ ਨਹੀਂ ਹੋਵੇਗੀ। ਪੰਜਾਬ ਦੀ ਵੰਡ ਸਮੇਂ ਭਾਵੇਂ ਹਿੰਦੁਸਤਾਨੀ ਪੰਜਾਬ ਅਤੇ ਪਾਕਿਸਤਾਨੀ ਪੰਜਾਬ—ਦੋਹਾਂ ਵਿੱਚ ਹੀ ਧਰਮਾਂ ਦੇ ਨਾਂ ਤੇ ਲੋਕਾਂ ਦਾ ਕਤਲੇਆਮ ਹੋਇਆ ਸੀ ਅਤੇ ਆਬਾਦੀਆਂ ਦਾ ਉਜਾੜਾ ਹੋਇਆ ਸੀ। ਹਿੰਦੁਸਤਾਨੀ ਪੰਜਾਬ ਵਿੱਚ ਤਾਂ ਮੁਸਲਮਾਨ ਫਿਰ ਵੀ ਕੁਝ ਨਾ ਕੁਝ ਗਿਣਤੀ ਵਿੱਚ ਰਹਿ ਗਏ ਸਨ ਪਰ ਪਾਕਿਸਤਾਨੀ ਪੰਜਾਬ ਵਿੱਚੋਂ ਤਾਂ ਹਿੰਦੂ ਅਤੇ ਸਿੱਖ ਉੱਕਾ ਹੀ ਖ਼ਤਮ ਕਰ ਦਿੱਤੇ ਗਏ ਸਨ। ਉਥੋਂ ਦੇ ਗੁਰਦੁਆਰਿਆਂ ਅਤੇ ਮੰਦਰਾਂ ਨੂੰ ਵੀ ਸੰਭਾਲਣ ਵਾਲਾ ਕੋਈ ਹਿੰਦੂ-ਸਿੱਖ ਨਹੀਂ ਸੀ। ਪੰਜਾਬੀ ਅਤੇ ਹਿੰਦੀ ਉਥੇ ਭਲੀ-ਭਾਂਤ ਪੜ੍ਹਾਈਆਂ ਅਤੇ ਲਿਖਾਈਆਂ ਜਾਂਦੀਆਂ ਸਨ ਪਰ ਵੰਡ ਤੋਂ ਬਾਅਦ ਇਹ ਭਾਸ਼ਾਵਾਂ ਉੱਕਾ ਹੀ ਬੰਦ ਕਰ ਦਿੱਤੀਆਂ ਗਈਆਂ ਸਨ। ਅੱਜ ਪੱਛਮੀ ਪੰਜਾਬ ਵਿੱਚੋਂ ਪੰਜਾਬੀ ਗੁਰਮੁਖੀ ਅੱਖਰਾਂ ਵਿੱਚ ਬਿਲਕੁਲ ਹੀ ਖ਼ਤਮ ਹੈ। ਹਾਲਾਂਕਿ ਅਜੋਕਾ ਯੁੱਗ ਜ਼ਮਹੂਰੀਅਤ ਵਾਲਾ ਹੈ। ਜੇ ਜ਼ਮਹੂਰੀਅਤ ਵਿੱਚ ਵੀ ਇਸ ਤਰ੍ਹਾਂ ਦੇ ਖ਼ਾਤਮੇ ਹੋ ਸਕਦੇ ਹਨ ਤਾਂ ਪੁਰਾਤਨ ਯੁੱਗ ਦੇ ਤਾਨਾਸ਼ਾਹੀ ਅਤੇ ਹਮਲਾਵਰਾਂ ਦੀਆਂ ਧਾੜਾਂ ਵਿੱਚ ਕਿਸੇ ਸੱਭਿਅਤਾ, ਬੋਲੀ ਜਾਂ ਕੌਮ ਦਾ ਕੀ ਹਾਲ ਹੁੰਦਾ ਹੋਵੇਗਾ ? ਇਸ ਦਾ ਅੰਦਾਜ਼ਾ ਲਗਾਉਣਾ ਕੋਈ ਔਖਾ ਨਹੀਂ ਹੈ। ਹਜ਼ਾਰਾਂ ਸਾਲ ਬੀਤ ਜਾਣ ਬਾਅਦ ਜੇ ਕੋਈ ਉਸ ਸਮੇਂ ਦਾ ਇਤਿਹਾਸਕਾਰ ਪੱਛਮੀ ਪੰਜਾਬ ਜਾਂ ਪਾਕਿਸਤਾਨ ਵਿੱਚੋਂ ਗੁਰਮੁਖੀ ਲਿੱਪੀ ਦੇ ਅਤੇ ਸਿੱਖਾਂ-ਹਿੰਦੂਆਂ ਦੇ ਖਾਤਮੇ ਬਾਰੇ ਇਹ ਲਿਖੇਗਾ ਕਿ ਇਨ੍ਹਾਂ ਦਾ ਖ਼ਾਤਮਾ ਹੜ੍ਹਾਂ ਦੀ ਮਾਰ ਕਾਰਨ ਜਾਂ ਕੁਦਰਤੀ ਆਫ਼ਤਾਂ ਕਾਰਨ ਹੋਇਆ ਸੀ ਤਾਂ ਇਹ ਕਿੰਨਾ ਕੁ ਠੀਕ ਹੋਵੇਗਾ?

ਇਸ ਤਰ੍ਹਾਂ ਦੀਆਂ ਉਦਾਹਰਣਾਂ ਤਾਂ ਹੋਰ ਵੀ ਬਹੁਤ ਹਨ ਜਿਵੇਂ ਕਿ ਅਰਬਾਂ ਦੇ ਹਮਲੇ ਨਾਲ ਪੁਰਾਣੀ ਫਾਰਸੀ ਬੋਲੀ ਅਤੇ ਸੱਭਿਅਤਾ ਦਾ ਖ਼ਤਮ ਹੋ ਜਾਣਾ, ਬੁੱਧ ਧਰਮ ਦੇ ਫੈਲਾਅ ਨਾਲ ਬ੍ਰਾਹਮਣਵਾਦ ਦਾ ਖ਼ਤਮ ਹੋਣਾ ਜਾਂ ਬੁੱਧ ਧਰਮ ਦੀ ਗਿਰਾਵਟ ਪਿੱਛੋਂ ਫਿਰ ਤੋਂ ਬ੍ਰਾਹਮਣਵਾਦ ਦਾ ਉਭਾਰ ਹੋਣਾ ਆਦਿ। ਇਹ ਯੁੱਗ ਆਪਣੇ-ਆਪ ਵਿੱਚ ਵੱਖਰੇ-ਵੱਖਰੇ ਯੁੱਗ ਸਨ, ਜਿਹੜੇ ਕਿ ਦੂਜੀਆਂ ਦੁਸ਼ਮਣ ਤਾਕਤਾਂ ਦੇ ਵੱਧਣ ਨਾਲ ਖ਼ਤਮ ਹੋ ਗਏ ਸਨ। ਜਦੋਂ ਕੋਈ ਦੂਜੀ ਤਾਕਤ ਕਾਬਜ਼ ਹੁੰਦੀ ਸੀ ਤਾਂ ਉਹ ਪਹਿਲੀ ਨੂੰ ਪੂਰੀ ਤਾਕਤ ਨਾਲ ਖ਼ਤਮ ਕਰ ਦਿੰਦੀ ਸੀ। ਇਹੀ ਕੁਝ ਹੜੱਪਾ ਸੱਭਿਅਤਾ ਨਾਲ ਵਾਪਰਿਆ ਸੀ। ਜਦੋਂ ਤੱਕ ਹੜੱਪਾ ਸੱਭਿਅਤਾ ਦੇ ਹਾਕਮ ਮਜ਼ਬੂਤ ਰਹੇ ਸਨ, ਸੱਭਿਅਤਾ ਵਧਦੀ-ਫੁੱਲਦੀ ਰਹੀ ਸੀ। ਇਹ ਕੁਦਰਤ ਦੀ ਹੀ ਵਿਡੰਬਣਾ ਹੈ ਕਿ ਸਾਰਾ ਸਮਾਂ ਇਕੋ ਜਿਹਾ ਨਹੀਂ ਹੁੰਦਾ। ਵੱਡੇ-ਵੱਡੇ ਸਾਮਰਾਜ ਵੀ ਸਮੇਂ ਨਾਲ ਖ਼ਤਮ ਹੁੰਦੇ ਰਹੇ ਹਨ। ਸਮਾਂ ਐਸਾ ਹੋਵੇਗਾ ਕਿ ਹੜੱਪਾ ਸੱਭਿਅਤਾ ਦੇ ਹਾਕਮ ਕਮਜ਼ੋਰ ਜਾਂ ਅਯੋਗ ਆ ਗਏ ਹੋਣੇ ਹਨ। ਇਨ੍ਹਾਂ ਦੀ ਕਮਜ਼ੋਰੀ ਕਰਕੇ ਬਾਹਰਲੇ ਹਮਲਾਵਰਾਂ ਨੇ ਹਮਲੇ ਕਰਨੇ ਸ਼ੁਰੂ ਕਰ ਦਿੱਤੇ ਹੋਣੇ ਨੇ। ਗੱਲ ਇਹ ਨਹੀਂ ਕਿ ਕਿਸੇ ਇੱਕ ਜਾਂ ਦੋ ਲੜਾਈਆਂ ਵਿੱਚ ਹੜੱਪਾ ਸੱਭਿਅਤਾ ਵਾਲੇ ਖ਼ਤਮ ਕਰ ਦਿੱਤੇ ਹੋਣੇ ਨੇ। ਦਹਾਕਿਆਂ ਅਤੇ ਸਦੀਆਂ ਦੇ ਸੰਘਰਸ਼ ਵਿੱਚ ਹੜੱਪਾ ਸੱਭਿਅਤਾ ਨੂੰ ਖ਼ਤਮ ਕੀਤਾ ਗਿਆ ਹੋਣਾ ਹੈ।

ਇਹ ਗੱਲ ਇਤਿਹਾਸ ਦਾ ਇੱਕ ਤੱਥ ਬਣ ਚੁੱਕੀ ਹੈ ਕਿ ਹੜੱਪਾ ਅਤੇ ਸਿੰਧ ਘਾਟੀ ਦੀ ਸੱਭਿਅਤਾ ਨੂੰ ਖ਼ਤਮ ਕਰਨ ਵਾਲੇ ਆਰੀਆ ਲੋਕ ਸਨ। ਹੜੱਪਾ ਸੱਭਿਅਤਾ ਦੇ ਬਾਅਦ ਵੈਦਿਕ ਕਾਲ ਸ਼ੁਰੂ ਹੁੰਦਾ ਹੈ। ਵੈਦਿਕ ਕਾਲ ਉਹ ਸੀ ਜਦੋਂ ਆਰੀਆ ਲੋਕ ਭਾਰਤ ਵਿੱਚ ਆਪਣੀ ਤਾਕਤ ਸਥਾਪਤ ਕਰ ਚੁੱਕੇ ਸਨ। ਇਹ ਤਾਕਤ ਕਿੰਨੇ ਸਮੇਂ ਵਿੱਚ ਸਥਾਪਤ ਹੋਈ ਸੀ, ਇਸ ਦਾ ਵਖਰੇਵਾਂ ਹੋ ਸਕਦਾ ਹੈ। ਇਹ ਸਮਾਂ ਸਦੀਆਂ ਦਾ ਹੋ ਸਕਦਾ ਹੈ। ਵੈਦਿਕ ਕਾਲ ਆਰੀਆਂ ਦੇ ਆਉਣ ਸਾਰ ਹੀ ਸ਼ੁਰੂ ਨਹੀਂ ਹੋਇਆ ਸੀ, ਸਗੋਂ ਆਰੀਆ ਲੋਕਾਂ ਦੇ ਪੂਰੀ ਤਰ੍ਹਾਂ ਸਥਾਪਤ ਹੋਣ ਬਾਅਦ ਸ਼ੁਰੂ ਹੋਇਆ ਸੀ। ਗ੍ਰੰਥ ਆਦਿ ਪੁਸਤਕਾਂ

ਸਿਰਫ਼ ਉਸ ਸਮੇਂ ਹੀ ਲਿਖੀਆਂ ਜਾਂਦੀਆਂ ਹਨ, ਜਦੋਂ ਦੇਸ਼ ਵਿੱਚ ਸ਼ਾਂਤੀ ਦਾ ਸਮਾਂ ਹੁੰਦਾ ਹੈ। *ਰਿਗਵੇਦ* ਉਸ ਸਮੇਂ ਲਿਖਿਆ ਗਿਆ ਸੀ ਜਦੋਂ ਆਰੀਆ ਲੋਕ ਉੱਤਰੀ ਅਤੇ ਮੱਧ ਭਾਰਤ ਵਿੱਚ ਪੂਰੀ ਤਰ੍ਹਾਂ ਆਪਣੀ ਤਾਕਤ ਜਮਾ ਚੁੱਕੇ ਸਨ। *ਰਿਗਵੇਦ* ਵਿੱਚੋਂ ਇਸ ਗੱਲ ਦੀ ਭਲੀ-ਭਾਂਤ ਜਾਣਕਾਰੀ ਮਿਲ ਜਾਂਦੀ ਹੈ ਕਿ ਆਰੀਆ ਲੋਕ ਉੱਤਰ ਵੱਲੋਂ ਪੂਰਬ ਵੱਲ ਆਪਣੀ ਤਾਕਤ ਵਧਾਉਂਦੇ ਜਾਂਦੇ ਸਨ। *ਰਿਗਵੇਦ* ਦੇ ਪਹਿਲੇ ਮੰਡਲਾਂ ਵਿੱਚ ਸਿਰਫ਼ ਸਿੰਧ ਦਰਿਆ ਦਾ ਜ਼ਿਕਰ ਹੈ। ਫਿਰ ਜਿਉਂ-ਜਿਉਂ ਉਹ ਪੰਜਾਬ ਦੀ ਧਰਤੀ ਉਪਰ ਫੈਲਣ ਲੱਗੇ ਸਨ ਤਾਂ ਇਸ ਵਿੱਚ ਪੰਜਾਬ ਦੇ ਦਰਿਆਵਾਂ ਦਾ ਜ਼ਿਕਰ ਆਉਣਾ ਸ਼ੁਰੂ ਹੋ ਗਿਆ ਸੀ। ਪੰਜਾਬ ਵਿੱਚ ਆਰੀਆ ਲੋਕਾਂ ਨੂੰ ਇਥੋਂ ਦੇ ਵਸਨੀਕਾਂ ਨਾਲ ਬੜਾ ਲੰਮਾ ਸਮਾਂ ਲੜਾਈਆਂ ਕਰਨੀਆਂ ਪਈਆਂ ਸਨ। ਇਸ ਗੱਲ ਦਾ ਵੀ *ਰਿਗਵੇਦ* ਵਿੱਚ ਜ਼ਿਕਰ ਹੈ। *ਰਿਗਵੇਦ* ਵਿੱਚ ਜਿਹੜੀ ਦਸ ਰਾਜਨ ਯੁੱਧ ਦੀ ਸੰਗਿਆ ਹੇਠ ਲੜਾਈ ਵਰਨਣ ਕੀਤੀ ਗਈ ਹੈ[11] ਉਹ ਪੰਜਾਬ ਦੇ ਰਾਜਿਆਂ ਦਾ ਸਾਂਝਾ ਸੰਗਠਨ ਸੀ, ਜਿਹੜਾ ਕਿ ਆਰੀਆ ਲੋਕਾਂ ਨਾਲ ਸਫਲਤਾ ਸਹਿਤ ਲੜਨ ਲਈ ਬਣਾਇਆ ਗਿਆ ਸੀ। *ਰਿਗਵੇਦ* ਵਿੱਚ ਹੀ ਦੱਸਿਆ ਗਿਆ ਹੈ ਕਿ ਇਹ ਲੜਾਈ ਰਾਵੀ ਤੋਂ ਲੈ ਕੇ ਜਮੁਨਾ ਤੱਕ ਫੈਲੀ ਹੋਈ ਸੀ। ਇਸ ਲੜਾਈ ਵਿੱਚ ਆਰੀਆ ਲੋਕਾਂ ਦੀ ਅਗਵਾਈ ਸੁਦਾਸ ਕਰ ਰਿਹਾ ਸੀ ਅਤੇ ਪੰਜਾਬ ਦੀਆਂ ਸੈਨਾਵਾਂ ਦੀ ਅਗਵਾਈ ਭੇੜਾ ਅਤੇ ਸਾਂਬਰ ਕਰ ਰਹੇ ਸਨ। ਦੋਹਾਂ ਧਿਰਾਂ ਵਿਚਕਾਰ ਸਰਸਵਤੀ ਦੇ ਕੰਢਿਆਂ ਤੇ ਜ਼ਬਰਦਸਤ ਲੜਾਈ ਹੋਈ ਸੀ। ਪੰਜਾਬੀ ਸੈਨਾਵਾਂ ਘੁੜਾਮ ਦੇ ਸਥਾਨ ਤੇ ਇਕੱਠੀਆਂ ਹੋਈਆਂ ਸਨ ਅਤੇ ਆਰੀਆ ਲੋਕ ਕੁਰੂਕਸ਼ੇਤਰ ਦੇ ਮੈਦਾਨ ਵਿੱਚ ਸਨ। ਆਖਰਕਾਰ ਪੰਜਾਬ ਅਤੇ ਆਰੀਆ ਲੋਕਾਂ ਦੇ ਰਾਜਾਂ ਦੀ ਹੱਦ ਸਰਸਵਤੀ ਨੂੰ ਮੰਨ ਲਿਆ ਗਿਆ ਸੀ। ਇਸ ਤੋਂ ਜਾਪਦਾ ਹੈ ਕਿ ਪੰਜਾਬ ਦੇ ਲੋਕਾਂ ਨੇ ਆਰੀਆ ਲੋਕਾਂ ਨੂੰ ਪੰਜਾਬ ਵਿੱਚ ਰਹਿਣ ਨਹੀਂ ਦਿੱਤਾ ਸੀ ਅਤੇ ਉਨ੍ਹਾਂ ਨੂੰ ਧੱਕ ਕੇ ਸਰਸਵਤੀ ਦੇ ਪਾਰ ਲੰਘਾ ਦਿੱਤਾ ਸੀ।

ਸਰਸਵਤੀ ਤੋਂ ਪਾਰਲੇ ਖੇਤਰ ਵਿੱਚ ਆਰੀਆ ਲੋਕਾਂ ਦੀ ਕੋਈ ਵਿਰੋਧਤਾ ਨਹੀਂ ਹੋਈ। ਉਨ੍ਹਾਂ ਨੇ ਇੱਥੇ ਹੀ ਜਮੁਨਾ-ਗੰਗਾ ਦੇ ਮੈਦਾਨਾਂ ਵਿੱਚ ਆਪਣਾ ਰਾਜ ਸਥਾਪਤ ਕਰ ਲਿਆ ਸੀ। ਇਸੇ ਥਾਂ ਨੂੰ ਹੀ ਉਨ੍ਹਾਂ ਨੇ ਪਹਿਲਾਂ-ਪਹਿਲ 'ਆਰੀਆਵਰੱਤ' ਦਾ ਨਾਂ ਦਿੱਤਾ ਸੀ, ਜਿਸ ਦਾ ਅਰਥ ਸੀ ਕਿ ਆਰੀਆਂ ਦਾ ਦੇਸ਼। ਇਥੇ ਰਾਜ ਕਰਨ ਵਾਲੇ ਆਰੀਆ ਕਬੀਲਿਆਂ ਵਿੱਚੋਂ ਸਭ ਤੋਂ ਵੱਡੇ ਕਬੀਲੇ ਭਰਤਾਂ ਦਾ ਜ਼ੋਰ ਸੀ। ਇਸ ਲਈ ਇਨ੍ਹਾਂ ਨੇ ਇਸ ਇਲਾਕੇ ਨੂੰ ਆਰੀਆਵਰੱਤ ਤੋਂ ਬਦਲ ਕੇ 'ਭਰਤਵਰਸ਼' ਕਹਿਣਾ ਸ਼ੁਰੂ ਕਰ ਦਿੱਤਾ ਸੀ। 'ਭਰਤ ਵਰਸ਼' ਦਾ ਮਤਲਬ ਸੀ 'ਭਰਤਾਂ ਦਾ ਦੇਸ਼'। ਜਿਉਂ-ਜਿਉਂ ਭਰਤਾਂ ਦਾ ਰਾਜ ਗੰਗਾ ਤੋਂ ਪਾਰ ਕੇਂਦਰੀ ਅਤੇ ਦੱਖਣੀ ਪ੍ਰਾਂਤਾਂ ਵੱਲ ਵੱਧਦਾ ਗਿਆ ਸੀ ਤਾਂ ਨਾਲ ਦੀ ਨਾਲ ਉਨ੍ਹਾਂ ਖੇਤਰਾਂ ਨੂੰ ਵੀ 'ਭਰਤ ਵਰਸ਼' ਵਿੱਚ ਮਿਲਾਇਆ ਜਾਂਦਾ ਰਿਹਾ ਸੀ। ਇਉਂ ਹੌਲੀ-ਹੌਲੀ ਸਾਰੇ ਦੇਸ਼ ਦਾ ਨਾਂ 'ਭਰਤ ਵਰਸ਼' ਜਾਂ 'ਭਾਰਤ' ਪ੍ਰਚੱਲਿਤ ਹੋ ਗਿਆ ਸੀ।

ਇਸ ਤਰ੍ਹਾਂ ਇਹ ਕਿਹਾ ਜਾ ਸਕਦਾ ਹੈ ਕਿ 'ਭਾਰਤ' ਨਾਂ ਆਰੀਆ ਲੋਕਾਂ ਦੀ ਦੇਣ ਹੈ ਅਤੇ ਇਹ ਆਰੀਆ 'ਸੱਭਿਅਤਾ' ਨੂੰ ਦਰਸਾਉਂਦਾ ਹੈ। ਇਸ ਤੋਂ ਪਹਿਲਾਂ ਸਾਡੇ ਦੇਸ਼ ਦਾ ਨਾਂ ਹਿੰਦੁਸਤਾਨ ਸੀ। ਹਿੰਦੁਸਤਾਨ ਸਿੰਧ ਘਾਟੀ ਦੀ ਸੱਭਿਅਤਾ ਦੀ ਦੇਣ ਸੀ। ਹਿੰਦੁਸਤਾਨ ਸਿੰਧ ਦਰਿਆ ਤੋਂ ਪ੍ਰਚੱਲਿਤ ਹੋਇਆ ਨਾਂ ਹੈ। ਇਸ ਦੀ ਕਥਾ ਇਸ ਤਰ੍ਹਾਂ ਹੈ : ਇਰਾਨੀ ਲੋਕ, ਜਿਥੋਂ ਕਿ ਆਰੀਆ ਲੋਕ ਹਿੰਦੁਸਤਾਨ ਵਿੱਚ ਆਏ ਸਨ। ਸਿੰਧ ਨੂੰ ਹਿੰਦ ਕਹਿੰਦੇ ਸਨ ਕਿਉਂਕਿ ਉਹ 'ਸ' ਅੱਖਰ ਦੀ ਆਵਾਜ਼ 'ਹ' ਦੀ ਆਵਾਜ਼ ਵਿੱਚ ਬੋਲਦੇ ਸਨ। ਜਿਸ ਵੀ ਵਸਤੂ ਨੂੰ ਜਾਂ ਕਿਸੇ ਪ੍ਰਤੀਕ ਨੂੰ ਅਸੀਂ 'ਸ' ਅੱਖਰ ਨਾਲ ਸ਼ੁਰੂ ਕਰਦੇ ਸਾਂ ਇਰਾਨੀ

---

11. ਦੇਖੋ *ਰਿਗਵੇਦ* ਦੇ ਮੰਡਲ ਸੱਤਵੇਂ ਦੇ 18 ਤੋਂ ਲੈ ਕੇ 83 ਤੱਕ ਦੇ ਸਲੋਕ; See also Pt. Kshetresh Chandra Chattopadhyaya, *Studies in Vedic and Indo-Iranian Religion and Literature,* Bhartya Prakashan, Delhi, 1976, pp. 195-200.

ਲੋਕ ਉਸ ਨੂੰ 'ਹ' ਅੱਖਰ ਨਾਲ ਸ਼ੁਰੂ ਕਰਦੇ ਸਨ। ਇਸ ਤਰ੍ਹਾਂ ਉਹ ਸਿੰਧ ਦਰਿਆ ਨੂੰ ਹਿੰਦ ਦਰਿਆ ਕਹਿੰਦੇ ਸਨ। ਸਿੰਧ ਦੇ ਤੱਟੀ ਖੇਤਰ ਨੂੰ ਉਹ ਹਿੰਦ ਦਾ ਤੱਟੀ ਖੇਤਰ ਕਹਿੰਦੇ ਸਨ। ਇਸ ਤਰ੍ਹਾਂ ਤੱਟੀ ਖੇਤਰ ਨੂੰ ਅਸੀਂ ਸਿੰਧ ਸਤਾਨ ਜਾਂ ਸਿੰਧ ਘਾਟੀ ਦਾ ਦੇਸ਼ ਕਹਿੰਦੇ ਸਾਂ। ਇਰਾਨੀ ਲੋਕ ਇਸ ਨੂੰ ਹਿੰਦੁਸਤਾਨ ਕਹਿੰਦੇ ਸਨ। ਇਉਂ ਅਸਲ ਵਿੱਚ 'ਹਿੰਦੁਸਤਾਨ' ਨਾਂ ਇਰਾਨੀ ਲੋਕਾਂ ਦਾ ਸ਼ੁਰੂ ਕੀਤਾ ਹੋਇਆ ਹੈ। ਉਹ ਲੋਕ ਸਿੰਧ ਦਰਿਆ ਦੇ ਤੱਟੀ ਖੇਤਰ ਨੂੰ ਹਿੰਦੁਸਤਾਨ ਕਹਿੰਦੇ ਸਨ। ਇਥੋਂ ਦੇ ਲੋਕਾਂ ਨੂੰ ਹਿੰਦੂ ਕਹਿੰਦੇ ਸਨ। ਇਨ੍ਹਾਂ ਲੋਕਾਂ ਦੀ ਬੋਲੀ ਨੂੰ ਹਿੰਦੀ ਕਹਿੰਦੇ ਸਨ। ਇਸ ਤਰ੍ਹਾਂ ਹਿੰਦੁਸਤਾਨ, ਹਿੰਦੂ ਅਤੇ ਹਿੰਦੀ ਕ੍ਰਮਵਾਰ ਸਾਡੇ ਦੇਸ਼ ਦੇ ਨਾਂ ਨੂੰ, ਇਥੋਂ ਦੇ ਨਾਗਰਿਕਾਂ ਨੂੰ ਅਤੇ ਇਨ੍ਹਾਂ ਨਾਗਰਿਕਾਂ ਦੀ ਬੋਲੀ ਨੂੰ ਦਰਸਾਉਣ ਵਾਲੇ ਸ਼ਬਦ ਸਨ। ਇਹ ਸਾਰੇ ਭੂਗੋਲਿਕ ਮਹੱਤਤਾ ਵਾਲੇ ਨਾਂ ਸਨ ਅਤੇ ਅੱਜ ਦੇ ਹਿੰਦੂ, ਹਿੰਦੀ ਅਤੇ ਹਿੰਦੁਸਤਾਨ ਦੇ ਅਰਥਾਂ ਤੋਂ ਬਿਲਕੁਲ ਭਿੰਨ ਸਨ।[12]

ਕਿਉਂਕਿ ਆਰੀਆ ਲੋਕਾਂ ਨੇ ਸਿੰਧ ਦੀ ਅਤੇ ਹੜੱਪਾ ਦੀ ਸੱਭਿਅਤਾ ਨੂੰ ਖ਼ਤਮ ਕੀਤਾ ਸੀ। ਇਸ ਲਈ ਉਨ੍ਹਾਂ ਨੇ ਇਥੇ ਰਾਜ ਸਥਾਪਤ ਕਰਕੇ ਉਹੀ ਆਪਣੀ ਸੱਭਿਅਤਾ ਵਾਲੇ ਨਾਂ ਰੱਖਣੇ ਸ਼ੁਰੂ ਕਰ ਦਿੱਤੇ ਸਨ। ਪਹਿਲਾਂ ਪਹਿਲ ਉਨ੍ਹਾਂ ਨੇ ਪੰਜਾਬ ਦਾ ਨਾਂ ਬਦਲਾ ਕੇ ਸਪਤ-ਸਿੰਧੂ ਰੱਖਣ ਦੀ ਕੋਸ਼ਿਸ਼ ਕੀਤੀ ਸੀ, ਪਰ ਕਿਉਂਕਿ ਆਰੀਆ ਲੋਕ ਪੰਜਾਬ ਵਿੱਚ ਚੰਗੀ ਤਰ੍ਹਾਂ ਟਿਕ ਨਹੀਂ ਸਕੇ ਸਨ, ਇਸ ਲਈ ਸਪਤ-ਸਿੰਧੂ ਨਾਂ ਜ਼ਿਆਦਾ ਪ੍ਰਚੱਲਿਤ ਨਹੀਂ ਹੋ ਸਕਿਆ। ਪਰ ਉਨ੍ਹਾਂ ਨੇ ਸਰਸਵੱਤੀ ਤੋਂ ਪਾਰ ਜਾ ਕੇ ਜਦੋਂ ਜਮੁਨਾ-ਗੰਗਾ ਦੇ ਮੈਦਾਨਾਂ ਵਿੱਚ ਆਪਣਾ ਸਿੱਕਾ ਜਮਾ ਲਿਆ ਸੀ ਤਾਂ ਉਨ੍ਹਾਂ ਨੇ ਹਿੰਦੁਸਤਾਨ ਦਾ ਨਾਂ ਬਦਲ ਕੇ ਭਾਰਤ ਵਰਸ਼ ਰੱਖ ਦਿੱਤਾ ਸੀ। ਇਸ ਵਿੱਚ ਉਹ ਕਾਮਯਾਬ ਹੋ ਗਏ ਸਨ। ਹਿੰਦੁਸਤਾਨ ਸਿੰਧ ਘਾਟੀ ਦੀ ਸੱਭਿਅਤਾ ਦਾ ਪ੍ਰਤੀਕ ਨਾਂ ਸੀ, ਪਰ ਭਾਰਤ ਵਰਸ਼ ਆਰੀਆ ਸੱਭਿਅਤਾ ਨੂੰ ਦਰਸਾਉਣ ਵਾਲਾ ਨਾਂ ਸੀ।

---

12. ਹੋਰ ਦੇਖੋ ਰਾਜਬਲੀ ਪਾਂਡੇ, *ਪ੍ਰਾਚੀਨ ਭਾਰਤ*, ਨੰਦ ਕਿਸ਼ੋਰ ਐਂਡ ਸੰਨਜ਼, ਵਾਰਾਨਸੀ, 1976-77, ਪੰਨੇ 1-2.

ਕਬੀਰ ਬਾਣੀ ਦਾ ਰਹੱਸਵਾਦ

ਦਲਜੀਤ ਸਿੰਘ *

ਰਹੱਸਵਾਦ ਅਨੁਭਵ ਅਧਾਰਿਤ ਅਧਿਆਤਮਕ ਖੇਤਰ ਦਾ ਵਿਸ਼ਾ ਹੀ ਕਬੂਲਿਆ ਗਿਆ ਹੈ। ਸ੍ਰਿਸ਼ਟੀ ਦਾ ਸੁਚੇਤ ਪ੍ਰਾਣੀ ਹੋਣ ਕਰਕੇ ਆਪਣੀ ਬੌਧਿਕ ਬਾਰੀਕੀ ਨਾਲ ਮਨੁੱਖ ਨੇ ਰਹੱਸਵਾਦ ਨੂੰ ਅੱਖਰਾਂ ਰਾਹੀਂ ਬਿਆਨ ਕਰਨ ਦਾ ਯਤਨ ਪੁਰਾਣੇ ਸਮੇਂ ਤੋਂ ਹੀ ਆਰੰਭਿਆ ਹੈ। ਅਨੁਭਵ ਤੇ ਰਹੱਸ ਨਾਲ ਸਰਸ਼ਾਰ ਕਬੀਰ ਜੀ ਦੀ ਬਾਣੀ ਦੇ ਰਹੱਸਵਾਦ ਨੂੰ ਵਿਚਾਰਨ ਤੋਂ ਪਹਿਲਾਂ ਰਹੱਸਵਾਦ ਦੇ ਕੋਸ਼ਗਤ ਅਰਥ ਅਤੇ ਪਰਿਭਾਸ਼ਾ ਨੂੰ ਸਮਝਣਾ ਲਾਹੇਵੰਦ ਹੋਵੇਗਾ।

'ਰਹੱਸਵਾਦ' ਸ਼ਬਦ ਦਾ ਹਿੰਦੀ ਵਿਚ ਪ੍ਰਯੋਗ 1927 ਈ. ਵਿਚ ਮੰਨਿਆ ਗਿਆ ਹੈ। ਪਰਸ਼ੂਰਾਮ ਚਤੁਰਵੇਦੀ ਅਨੁਸਾਰ 'ਰਹੱਸਵਾਦ ਦਾ ਸਭ ਤੋਂ ਪਹਿਲਾਂ ਪ੍ਰਯੋਗ ਅੰਗ੍ਰੇਜ਼ੀ ਸ਼ਬਦ 'Mysticism' ਦਾ ਭਾਵ ਵਿਅਕਤ ਕਰਨ ਵਾਸਤੇ ਕੀਤਾ ਗਿਆ ਹੋਵੇਗਾ।"[1] ਹਾਲਾਂਕਿ ਇਹ ਅਨੁਮਾਨ ਆਧਾਰਿਤ ਖ਼ਿਆਲ ਹੈ, ਫਿਰ ਵੀ ਇਸ ਨੂੰ ਸਹੀ ਸਵੀਕਾਰਨਾ ਇਸ ਲਈ ਲਾਹੇਵੰਦ ਹੈ ਕਿਉਂਕਿ ਇਸ ਤੋਂ ਪਹਿਲਾਂ ਇਸ ਦਾ ਹਿੰਦੀ ਵਿਚ ਪ੍ਰਯੋਗ ਨਹੀਂ ਮਿਲਦਾ। ਰਹੱਸਵਾਦ ਸ਼ਬਦ ਦੇ ਅਰਥ ਵਿਭਿੰਨ ਕੋਸ਼ਾਂ ਵਿਚ ਥੋੜ੍ਹੇ ਬਹੁਤ ਫ਼ਰਕ ਨਾਲ ਕੀਤੇ ਮਿਲਦੇ ਹਨ। *ਮਹਾਨ ਕੋਸ਼* ਦੇ ਕਰਤਾ ਕਾਨ੍ਹ ਸਿੰਘ ਨਾਭਾ ਅਨੁਸਾਰ ਰਹੱਸ ਦਾ ਅਰਥ ਛੁਪਾਉਣ ਲਾਇਕ ਬਾਤ, ਗੁਪਤ ਭੇਦ, ਆਨੰਦ ਸੁਰਗ, ਸਮੁੰਦਰ ਆਦਿ ਹਨ।[2] ਪ੍ਰੇਮ ਪ੍ਰਕਾਸ਼ ਸਿੰਘ ਇਸਦੇ ਅਰਥ ਗੁਪਤ, ਨਿੱਜੀ, ਗੁੱਝਾ, ਛੁਪਿਆ ਹੋਇਆ, ਭੇਦ ਭਰਿਆ, ਗੁੰਝਲਦਾਰ ਕਰਦੇ ਹਨ।[3] ਕਾਲਿਕਾ ਪ੍ਰਸਾਦ ਇਸ ਨੂੰ ਗੁਪਤ ਭੇਦ, ਪਰਮ ਭੇਦ, ਏਕਾਂਤ ਵਿਚ ਘਟਿਤ ਘਟਨਾ, ਹਾਸੀ-ਮਜ਼ਾਕ ਕਹਿੰਦੇ ਹਨ।[4] ਸ਼ਯਾਮ ਸੁੰਦਰ ਦਾਸ ਇਸਦਾ ਅਰਥ ਉਹ ਤਤਵ ਜੋ ਸਭ ਦੀ ਸਮਝ ਵਿਚ ਨਾ ਆ ਸਕੇ, ਅੰਦਰ ਦੀ ਛੁਪੀ ਹੋਈ ਬਾਤ ਕਰਦੇ ਹਨ।[5] ਵਾਮਨ ਸਿਵਰਾਮ ਆਮਟੇ ਨੇ ਵੀ ਭਾਵੇਂ ਇਹੀ ਅਰਥ ਕੀਤੇ ਹਨ ਪਰ ਉਸਨੇ ਇਸਨੂੰ ਵਿਸਥਾਰ ਦਿੰਦਿਆਂ ਰਹੱਸ ਨਾਲ ਭਰਿਆ ਜਾਦੂ ਅਤੇ ਕਿਸੇ ਗੁਪਤ ਭੇਦ ਦੇ ਖੁਲ੍ਹਣ ਨਾਲ ਜੋੜਿਆ ਹੈ।[6] ਸਿੱਟੇ ਵਜੋਂ ਇਸ ਦੇ ਅਰਥ ਗੁਪਤ ਭੇਦ ਜਾਂ ਛੁਪੀ ਹੋਈ ਬਾਤ ਕਰਨੇ ਹੀ ਸਾਰਥਕ ਹਨ ਕਿਉਂਕਿ ਇਸ ਦਾ ਸਬੰਧ ਅੰਤਰੀਵੀ ਹੈ। ਪਰਸ਼ੂਰਾਮ ਚਤੁਰਵੇਦੀ ਅਨੁਸਾਰ "ਅਸਲ ਵਿਚ 'ਰਹਸਯ' ਸ਼ਬਦ ਦਾ ਅਰਥ 'ਗੁੱਝਾ ਭੇਦ' ਜਾਂ 'ਗੁੱਝਾ ਤੱਤ' ਵਰਗਾ ਮੰਨ ਕੇ ਚਲਣ ਨਾਲ ਹੀ ਇਸਦੇ ਅੱਗੇ ਲੱਗੇ ਸ਼ਬਦ 'ਵਾਦ' ਨੂੰ ਜੋੜਣ ਉਪਰੰਤ ਕਿਸੇ ਪਰੇਸ਼ਾਨੀ ਦਾ ਸਾਮ੍ਹਣਾ ਨਹੀਂ ਕਰਨਾ ਪਵੇਗਾ।"[7]

---

* ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

1. ਪਰਸ਼ੂਰਾਮ ਚਤੁਰਵੇਦੀ, *ਰਹਸਯਵਾਦ,* ਪਹਿਲਾ ਸੰਸਕਰਣ, ਪਟਨਾ, 1963, ਪੰਨਾ 3.
2. ਕਾਨ੍ਹ ਸਿੰਘ ਨਾਭਾ, *ਗੁਰਸ਼ਬਦ ਰਤਨਾਕਰ ਮਹਾਨਕੋਸ਼,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1960, ਪੰਨਾ 579.
3. ਪ੍ਰੇਮ ਪ੍ਰਕਾਸ਼ ਸਿੰਘ (ਸੰਪਾ.), *ਸੰਸਕ੍ਰਿਤ-ਪੰਜਾਬੀ ਕੋਸ਼,* ਪਟਿਆਲਾ, 2002, ਪੰਨਾ 728.
4. ਕਾਲਿਕਾ ਪ੍ਰਸਾਦ (ਸੰਪਾ.), *ਬ੍ਰਿਹਤ ਹਿੰਦੀ ਕੋਸ਼,* ਚੌਥਾ ਸੰਸਕਰਣ, ਵਾਰਾਨਸੀ, ਸੰਮਤ 2030, ਪੰਨਾ 551.
5. ਸ਼ਯਾਮ ਸੁੰਦਰਦਾਸ (ਸੰਪਾ.), *ਹਿੰਦੀ ਸ਼ਬਦ ਸਾਗਰ,* ਭਾਗ ਅਠਵਾਂ, ਛਠਾ ਸੰਸਕਰਣ, ਵਾਰਾਨਸੀ, 1964, ਪੰਨਾ 548.
6. ਵਾਮਨ ਸ਼ਿਵਰਾਮ ਆਮਟੇ *ਸੰਸਕ੍ਰਿਤ-ਹਿੰਦੀ ਕੋਸ਼,* ਛੇਵਾਂ ਸੰਸਕਰਣ, ਦਿੱਲੀ, 1996, ਪੰਨਾ 850.
7. ਪਰਸ਼ੂਰਾਮ ਚਤੁਰਵੇਦੀ, *ਰਹਸਯਵਾਦ,* ਪੰਨਾ 3.

ਰਹਸਯ ਸ਼ਬਦ ਦੇ ਅਰਥ ਖੁਲ੍ਹਣ ਤੋਂ ਬਾਅਦ ਜਦੋਂ ਇਸ ਨਾਲ ਵਾਦ ਜੋੜ ਕੇ ਇਸ ਦੀ ਪਰਿਭਾਸ਼ਾ ਨਿਸ਼ਚਿਤ ਕਰਨ ਵੱਲ ਰੁਚਿਤ ਹੋਈਦਾ ਹੈ ਤਾਂ ਕੋਈ ਇਕ ਪਰਿਭਾਸ਼ਾ ਕਰ ਸਕਣੀ ਬੜੀ ਮੁਸ਼ਕਿਲ ਜਾਪਦੀ ਹੈ। ਜਿਸ ਤਰ੍ਹਾਂ ਇਹ ਸ਼ਬਦ ਕਿਸੇ ਅੰਦਰੂਨੀ ਰਾਜ਼ ਨੂੰ ਛੁਪਾਈ ਬੈਠਾ ਹੈ, ਬਿਲਕੁਲ ਉਸੇ ਤਰ੍ਹਾਂ ਹੀ ਇਸ ਦੀ ਵਿਆਖਿਆ ਵਿਭਿੰਨ ਰੂਪਾਂ ਵਿਚ, ਉਸ ਰਹੱਸ ਦਾ ਥੋੜ੍ਹਾ-ਥੋੜ੍ਹਾ ਬਿਆਨ ਬਣ ਕੇ, ਵਿਦਵਾਨ ਸੱਜਣਾਂ ਵਲੋਂ ਇਸ ਦੀ ਪਰਿਭਾਸ਼ਾ ਦੇ ਰੂਪ ਵਿਚ ਪੇਸ਼ ਕਰਨ ਦਾ ਉਪਰਾਲਾ ਹੈ। ਰਹੱਸਵਾਦ ਬਾਰੇ ਆਪਣੇ ਵਿਚਾਰ ਪੇਸ਼ ਕਰਦੇ ਹੋਏ ਰਾਮ ਕੁਮਾਰ ਵਰਮਾ ਕਹਿੰਦੇ ਹਨ, "ਰਹਸਯਵਾਦ ਦੀ ਵਿਵੇਚਨਾ ਅਤਿਅੰਤ ਮਨੋਰੰਜਕ ਹੋਣ ਦੇ ਬਾਵਜੂਦ ਵੀ ਕਠਿਨ ਹੈ। ਉਹ ਸਾਡੇ ਸਾਮ੍ਹਣੇ ਇਕ ਸੰਘਣੇ ਜੰਗਲ ਵਾਂਗੂ ਫੈਲੀ ਹੋਈ ਹੈ। ਉਸ ਦੀਆਂ ਜਟਿਲ ਵਿਚਾਰਾਂ ਦੀਆਂ ਕਿੰਨੀਆਂ ਗੁਫਾਵਾਂ ਅਤੇ ਸ਼ਿਲਾਵਾਂ ਹਨ। ਉਸ ਦੀ ਕਠਿਨਾਈ ਵੇਖ ਕੇ ਸਾਡੇ ਹਿਰਦੇ ਦਾ ਨਿਰਬਲ ਮਨੁੱਖ ਥੱਕ ਕੇ ਬੈਠਾ ਜਾਂਦਾ ਹੈ। ਸਾਗਰ ਵਾਂਗ ਇਸ ਵਿਸ਼ੇ ਦਾ ਵਿਸਥਾਰ ਵਿਸ਼ਵ-ਸਾਹਿਤ ਵਿਚ ਫੈਲਿਆ ਹੋਇਆ ਹੈ। ਪਤਾ ਨਹੀਂ ਕਿੰਨੇ ਕਵੀਆਂ ਦੇ ਹਿਰਦੇ ਵਿਚੋਂ ਰਹਸਯਵਾਦ ਦੀ ਭਾਵਨਾ ਨਿਰਜਰ ਦੀ ਤਰ੍ਹਾਂ ਪ੍ਰਵਾਹਿਤ ਹੋਈ। ਉਨ੍ਹਾਂ ਇਸ ਦੇ ਆਲੌਕਿਕ ਅਨੰਦ ਦਾ ਅਨੁਭਵ ਕਰਕੇ ਮੌਨ ਧਾਰ ਲਿਆ। ਪਤਾ ਨਹੀਂ ਕਿੰਨੇ ਯੋਗੀਆਂ ਨੇ ਇਸ ਦੈਵੀ ਅਨੁਭੂਤੀ ਦੇ ਪ੍ਰਵਾਹ ਵਿਚ ਆਪੇ ਨੂੰ ਵਹਾਅ ਦਿੱਤਾ। ਇਸ ਰਹੱਸਯਵਾਦ ਨੂੰ ਹੀ ਅਸੀਂ ਪਰਿਭਾਸ਼ਾ ਦਾ ਰੂਪ ਦੇਣਾ ਚਾਹੁੰਦੇ ਹਾਂ, ਇਕ ਅੰਮ੍ਰਿਤ-ਕੁੰਡ ਨੂੰ ਮਿੱਟੀ ਦੇ ਘੜੇ ਵਿਚ ਭਰਨਾ ਚਾਹੁੰਦੇ ਹਾਂ।[8]

ਰਹੱਸਵਾਦ ਦੀ ਪਰਿਭਾਸ਼ਾ ਤੋਂ ਪਹਿਲਾਂ ਥੋੜ੍ਹਾ ਇਸ ਸ਼ਬਦ ਦੇ ਪਿਛੋਕੜ ਵੱਲ ਝਾਕ ਲੈਣਾ ਲਾਹੇਵੰਦ ਹੋਵੇਗਾ। ਰਾਮਕੁਮਾਰ ਵਰਮਾ ਅਨੁਸਾਰ "ਅੰਗ੍ਰੇਜ਼ੀ ਦੇ 'Mystic' ਸ਼ਬਦ ਦੀ ਉਤਪਤੀ ਗ੍ਰੀਕ ਭਾਸ਼ਾ ਦੇ 'Mystes' (ਮਿਸਟੇਸ) ਜਾਂ 'Mustes' (ਮਸਟੇਸ) ਤੋਂ ਹੋਈ ਹੈ, ਜਿਸ ਦਾ ਅਰਥ 'ਮੌਤ ਅਤੇ ਜੀਵਨ ਦੇ ਮਰਮ ਸਬੰਧੀ ਗੂੜ੍ਹ ਗਿਆਨ ਪ੍ਰਾਪਤ ਕਰਨ ਲਈ ਕਿਸੇ ਦੀਖਿਅਤ ਮਨੁੱਖ ਦਾ ਹੁੰਦਾ ਹੈ।"[9] ਭਾਵ ਮਿਸਟੀਸਿਜ਼ਮ ਸ਼ਬਦ ਗੁਪਤ ਗਿਆਨ ਨਾਲ ਸਬੰਧਤ ਹੈ। ਦਰਸ਼ਨ ਸਿੰਘ ਰਹੱਸਵਾਦ ਨੂੰ ਅੰਗ੍ਰੇਜ਼ੀ ਭਾਸ਼ਾ ਦੇ 'Mysticism' ਦਾ ਪੰਜਾਬੀ ਰੂਪਾਂਤਰਣ ਦਸਦੇ ਹੋਏ ਇਸ ਦੀ ਉਤਪਤੀ ਯੂਨਾਨੀ ਮੂਲ ਨਾਲ ਜੋੜਦੇ ਹਨ, ਜਿਸ ਦਾ ਅਰਥ 'ਬੰਦ ਕਰਨਾ' ਕੀਤਾ ਗਿਆ ਹੈ। ਉਨ੍ਹਾਂ ਅਨੁਸਾਰ "ਰਹੱਸਵਾਦ ਪਦ ਭਾਰਤੀ ਭਾਸ਼ਾਵਾਂ ਦੇ ਕੋਸ਼ਾਂ ਵਿਚ ਨਹੀਂ ਮਿਲਦਾ। ਹਾਂ, ਰਹੱਸ ਜਾਂ ਰਹਸਯ ਪਦ ਜ਼ਰੂਰ ਮਿਲ ਜਾਂਦੇ ਹਨ। ਜਾਪਦਾ ਹੈ ਰਹੱਸਵਾਦ ਪਦ ਅੰਗਰੇਜ਼ੀ ਭਾਸ਼ਾ ਦੇ Mysticism ਦਾ ਅਨੁਵਾਦ ਕਰਨ ਲਈ ਘੜ ਲਿਆ ਗਿਆ ਹੈ।"[10] ਸੋ ਸਹਿਜੇ ਹੀ ਇਹ ਕਿਹਾ ਜਾ ਸਕਦਾ ਹੈ ਕਿ ਰਹੱਸਵਾਦ ਸ਼ਬਦ ਅੰਗਰੇਜ਼ੀ ਦੇ Mysticism ਦੇ ਭਾਵ ਨੂੰ ਬਿਆਨ ਕਰਨ ਲਈ ਵਰਤਿਆ ਗਿਆ ਹੈ। ਜਿਸ ਦਾ ਅਰਥ ਗੁਪਤ ਭੇਦ ਜਾਂ ਗੁੱਝਾ ਗਿਆਨ ਹੈ।

ਰਹੱਸਵਾਦ ਦੀ ਪਰਿਭਾਸ਼ਾ ਕਰਦਿਆਂ ਰਤਨ ਸਿੰਘ ਜੱਗੀ ਕਹਿੰਦੇ ਹਨ "ਜਦੋਂ ਲੌਕਿਕਤਾ ਤੋਂ ਬੇਮੁਖ ਹੋ ਕੇ ਕਿਸੇ ਅਗਿਆਤ ਰਹੱਸਮਈ ਅਲੌਕਿਕ ਸ਼ਕਤੀ ਪ੍ਰਤੀ ਪ੍ਰੇਮ, ਉਤਸੁਕਤਾ, ਜਗਿਆਸਾ, ਲਾਲਸਾ ਜਾਂ ਮਿਲਣ ਦੀ ਅਭਿਲਾਸ਼ਾ ਪ੍ਰਗਟ ਕੀਤੀ ਜਾਂਦੀ ਹੈ ਤਾਂ ਉਸ ਅਨੁਭਵ ਅਧਾਰਿਤ ਅਵਸਥਾ ਨੂੰ ਰਹੱਸ ਅਨੁਭੂਤੀ ਕਿਹਾ ਜਾਂਦਾ ਹੈ।"[11] ਦਰਸ਼ਨ ਸਿੰਘ ਦੇ ਕਥਨ ਅਨੁਸਾਰ "ਪ੍ਰਾਭੌਤਿਕ-ਸ਼ਾਸਤਰ ਬੁੱਧੀ ਰਾਹੀਂ ਅਸਲੀਅਤ ਦਾ ਗਿਆਨ ਪ੍ਰਾਪਤ ਕਰਨ ਦਾ ਯਤਨ ਹੈ ਜਦੋਂ ਕਿ ਰਹੱਸਵਾਦ ਬੁੱਧੀ ਤੋਂ ਅਗਾਂਹ ਅੰਤਰ-ਸੂਝ ਅਤੇ ਅਨੁਭਵ ਰਾਹੀਂ ਸੱਚ ਵਿਚ ਅਭੇਦ ਹੋਣ ਦੀ ਕ੍ਰਿਆ ਹੈ।"[12] ਜੈ ਰਾਮ ਮਿਸ਼ਰ ਅਨੁਸਾਰ "ਇਹ ਪਰਮਾਤਮਾ ਨਾਲ

8. ਰਾਮ ਕੁਮਾਰ ਵਰਮਾ, *ਕਬੀਰ ਕਾ ਰਹਸਯਵਾਦ,* ਅੱਠਵਾਂ ਸੰਸਕਰਣ, ਇਲਾਹਾਬਾਦ, 1995, ਪੰਨਾ 867.
9. ਪਰਸ਼ੂਰਾਮ ਚਤੁਰਵੇਦੀ, *ਰਹਸਯਵਾਦ,* ਪੰਨਾ 3.
10. ਦਰਸ਼ਨ ਸਿੰਘ, *ਧਰਮ ਅਧਿਐਨ ਅਤੇ ਸਿੱਖ ਅਧਿਐਨ,* ਪਟਿਆਲਾ, 2000, ਪੰਨਾ 7.
11. ਰਤਨ ਸਿੰਘ ਜੱਗੀ, *ਗੁਰੂ ਗ੍ਰੰਥ ਵਿਸ਼ਵਕੋਸ਼,* ਭਾਗ ਦੂਜਾ, ਪਟਿਆਲਾ, 2002, ਪੰਨਾ 409.
12. ਦਰਸ਼ਨ ਸਿੰਘ, *ਧਰਮ ਅਧਿਐਨ ਅਤੇ ਸਿੱਖ ਅਧਿਐਨ,* ਪੰਨਾ 11.

ਇਕਮਿਕ ਹੋਣ ਦਾ ਅਨੁਭਵ ਹੈ। ਉਹ ਪਰਮਾਤਮਾ ਚਿੰਤਨਮਈ ਹੈ। ਗਿਆਨ ਅਤੇ ਸ਼ਕਤੀ ਨਾਲ ਭਰਪੂਰ ਹੈ। ਉਹ ਸਭ ਦੇ ਅੰਦਰ ਬਾਹਰ ਸਥਿਤ ਹੋ ਕੇ, ਬਿਨਾਂ ਕੁਝ ਕਹੇ ਸੁਣੇ ਸਾਰੇ ਰਹੱਸਾਂ ਨੂੰ ਜਾਣਦਾ ਹੈ।"[13] S.N. Das Gupta relates that "Mysticism is not intellectual theory; it is fundamentally an active, formative creative, elevating and emoting principle of life."[14] Deewan Singh explains that, "Mysticism is the intutive experience of a Mystic. We cannot conceive Mysticism without the Mystic. It has not abstract theory, no empty concept, no idle feeling, no ethical fetish, no philosophic Jargon, it is on the other hand, something deeply genuine. We can define Mysticism as the surest and the greatest source of personal rapport between man and eternal being."[15]

ਉਪਰੋਕਤ ਪਰਿਭਾਸ਼ਾਵਾਂ ਤੋਂ ਇਕ ਸਾਂਝਾ ਸੰਕੇਤ ਇਹੀ ਝਲਕਦਾ ਹੈ ਕਿ ਰਹੱਸਵਾਦ ਜੀਵ ਆਤਮਾ ਦਾ ਪਰਮਾਤਮਾ ਨਾਲ ਸੰਪੂਰਣ ਮਿਲਾਪ ਜਾਂ ਅਭੇਦਤਾ ਹੈ। ਇਸ ਦੀ ਅਸਲੀਅਤ ਅਨੁਭਵ ਅਧਾਰਿਤ ਹੈ। ਆਪਣੇ ਅਸਲੀ ਰੂਪ ਵਿਚ ਇਹ ਜੀਵਾਤਮਾ ਦੀ ਉਚਤਮ ਅਤੇ ਸ੍ਰੇਸ਼ਟ ਅਵਸਥਾ ਦਾ ਸਹਿਜ ਅਨੁਭਵ ਹੈ। ਇਹ ਸਹਿਜ ਅਨੁਭਵ ਸਹਜ ਪ੍ਰਕ੍ਰਿਆ ਨਾਲ ਸਦੀਵੀ ਸਹਜ ਵਿਚ ਟਿਕ ਜਾਣ ਦੀ ਅਵਸਥਾ ਹੈ। ਜਿਥੇ ਸਦਾ ਸਥਿਰਤਾ ਅਤੇ ਸਦੀਵੀ ਖੇੜਾ ਬਣਿਆ ਰਹਿੰਦਾ ਹੈ।

ਰਹੱਸਵਾਦੀ ਹਾਲਤ ਵਿਚ ਸੀਮਤ ਆਪਾ ਆਪਣੀ ਹੋਂਦ ਗਵਾ ਕੇ ਆਪਣੇ ਮੂਲ ਸਰੋਤ ਨਾਲ ਇਕਮਿਕ ਹੋ ਜਾਂਦਾ ਹੈ। ਰਹੱਸਵਾਦ ਦੀ ਇਸ ਅਗੰਮੀ ਛੂਹ ਨਾਲ ਵਿਸਮਾਦੀ ਰੰਗਤ ਮਾਨਣ ਵਾਲੇ ਚੋਟੀ ਦੇ ਅਨੁਭਵੀਆਂ ਵਿਚੋਂ ਭਗਤ ਕਬੀਰ ਜੀ ਦੀ, *ਸ੍ਰੀ ਗੁਰੂ ਗ੍ਰੰਥ ਸਾਹਿਬ,* ਵਿਚ ਸ਼ਾਮਿਲ ਬਾਣੀ ਦੇ ਅਧਾਰ ਤੇ ਰਹੱਸਵਾਦੀ ਅਨੁਭਵ ਨੂੰ ਜਾਨਣ ਦੀ ਚਰਚਾ ਜਾਰੀ ਰਖਣ ਦਾ ਨਿਮਾਣਾ ਜਿਹਾ ਯਤਨ ਕਰਦੇ ਹਾਂ। ਇਸ ਵਿਚ ਕੋਈ ਦੋ ਰਾਵਾਂ ਨਹੀਂ ਕਿ *ਸ੍ਰੀ ਗੁਰੂ ਗ੍ਰੰਥ ਸਾਹਿਬ* ਦੀ ਸਮੁੱਚੀ ਬਾਣੀ ਰਹੱਸਵਾਦ ਦਾ ਅਮੁੱਕ ਭੰਡਾਰ ਹੈ। ਕਬੀਰ ਜੀ ਦੀ ਬਾਣੀ ਦੇ ਅਧਿਐਨ ਨਾਲ ਸਹਿਜੇ ਹੀ ਉਨ੍ਹਾਂ ਦੀ ਅਨੁਭੂਤੀ ਦਾ ਅੰਦਾਜ਼ਾ ਹੋ ਜਾਂਦਾ ਹੈ। ਰਹੱਸ ਅਨੁਭੂਤੀ ਲਈ ਜਿਹੜੀ ਮਰਿਆਦਾ ਸਥਾਪਿਤ ਹੋਈ ਹੈ, ਕਬੀਰ ਜੀ ਉਸ ਪਰ ਖਰੇ ਉਤਰਦੇ ਹਨ। ਆਪ ਜੀ ਦੀ ਬਾਣੀ ਦਾ ਅਧਿਐਨ ਕਰਦਿਆਂ ਪਾਠਕ ਦੀ ਉਤਸੁਕਤਾ ਅਤੇ ਇਕਾਗਰਤਾ ਸਿਖਰੀ ਹੁੰਦੀ ਹੈ। ਕਬੀਰ ਜੀ ਦੀ ਬਾਣੀ ਦਾ ਇਹ ਵੱਡਾ ਗੁਣ ਹੈ ਕਿ ਆਪ ਨੇ ਰਹੱਸਮਈ ਗੱਲਾਂ ਬੜੇ ਸਾਧਾਰਨ ਅੰਦਾਜ਼ ਅਤੇ ਵਿਵਹਾਰ ਵਿਚ ਪੇਸ਼ ਕੀਤੀਆਂ ਹਨ। ਕਈ ਵਾਰ ਇਹ ਪਾਠਕ ਨੂੰ ਦੁਨਿਆਵੀ ਧਰਾਤਲ ਤੇ ਵਾਪਰੀਆਂ ਕਥਾਵਾਂ ਦਾ ਬਿਆਨ ਮਾਤਰ ਹੀ ਪ੍ਰਤੀਤ ਹੁੰਦਾ ਹੈ ਪਰ ਅਸਲ ਵਿਚ ਇਹ ਰਮਜ਼ੀ ਸੱਚਾਈਆਂ ਨੂੰ ਉਜਾਗਰ ਕਰਨ ਅਤੇ ਆਮ ਲੋਕਾਈ ਦੀ ਸਮਝਗੋਚਰੇ ਬਣਾਉਣ ਦੀ ਕਲਾ ਹੈ। ਇਕ ਰਹੱਸਵਾਦੀ ਦਾ ਇਹ ਵੱਡਾ ਗੁਣ ਹੁੰਦਾ ਹੈ ਕਿ ਉਹ ਆਪਣੇ ਜਾਤੀ ਅਨੁਭਵ ਨੂੰ ਸਮਝਗੋਚਰੇ ਬਣਾਉਣ ਲਈ ਇਸ ਰਾਹੇ ਪੈਂਦਾ ਹੈ। ਮਸਲਨ ਭਗਤ ਕਬੀਰ ਜੀ ਦਾ ਇਹ ਸ਼ਬਦ:

ਪ੍ਰਹਲਾਦ ਪਠਾਏ ਪੜਨਸਾਲ॥
ਸੰਗਿ ਸਖਾ ਬਹੁ ਲੀਏ ਬਾਲ॥
ਮੋ ਕਉ ਕਹਾ ਪੜਾਵਸਿ ਆਲ ਜਾਲ॥
ਮੇਰੀ ਪਟੀਆ ਲਿਖਿ ਦੇਹੁ ਸ੍ਰੀ ਗੁਪਾਲੁ॥੧॥

---

13. ਜੈਰਾਮ ਮਿਸ਼ਰ, *ਸ੍ਰੀ ਗੁਰੂ ਗ੍ਰੰਥ ਦਰਸ਼ਨ,* ਪਹਿਲਾ ਸੰਸਕਰਣ, ਇਲਾਹਾਬਾਦ, 1960, ਪੰਨਾ 85.
14. S.N.Das Gupta, *Hindu Mysticism,* Delhi, 1976, preface.
15. Deewan Singh, *What is Mysticism,* Amritsar, 1981, p. 13.

ਨਹੀ ਛਡਉ ਰੇ ਬਾਬਾ ਰਾਮ ਨਾਮ॥
ਮਰੋ ਅਉਰ ਪੜਨ ਸਿਉ ਨਹੀ ਕਾਮੁ॥੧॥ ਰਹਾਉ॥
... ...
ਉਇ ਪਰਮ ਪੁਰਖ ਦੇਵਾਧਿ ਦੇਵ॥
ਭਗਤਿ ਹੇਤ ਸਰ ਸਿੰਘ ਭੇਵ॥
ਕਹਿ ਕਬੀਰ ਕੋ ਲਖੈ ਨ ਪਾਰ॥
ਪ੍ਰਹਿਲਾਦ ਉਧਾਰੇ ਅਨਿਕ ਬਾਰ॥੨॥[16]

ਸ਼ਬਦ ਨੂੰ ਉਪਰਲੇ ਤੌਰ ਤੇ ਵਾਚਿਆਂ ਇਹ ਭਗਤ ਪ੍ਰਹਿਲਾਦ ਦੀ ਕਥਾ ਪ੍ਰਤੀਤ ਹੁੰਦੀ ਹੈ। ਹੁਣ ਥੋੜ੍ਹਾ ਧਿਆਨ ਨਾਲ ਰਹਾਉ ਵਾਲੀਆਂ ਪੰਕਤੀਆਂ ਦੇਖੀਏ ਤਾਂ ਕਬੀਰ ਸਾਹਿਬ ਪ੍ਰਹਿਲਾਦ ਦੀ ਰਾਮ ਨਾਮ ਪ੍ਰਤੀ ਸੱਚੀ-ਸੁੱਚੀ ਦ੍ਰਿੜ੍ਹਤਾ ਦਰਸਾ ਕੇ ਇਸ ਲੋਕਾਈ ਤੋਂ ਅਗਾਂਹ ਕਿਸੇ ਅਗੰਮੀ ਤਾਕਤ ਵੱਲ ਇਸ਼ਾਰਾ ਕਰ ਰਹੇ ਹਨ ਅਤੇ ਆਪਣੀ ਇਸ ਸੰਕੇਤਕ ਗੱਲ ਨੂੰ ਸਿੱਧ ਕਰਨ ਲਈ ਅੰਤਿਮ ਪੰਕਤੀਆਂ ਵਿਚ ਉਸ ਸਰਵਉਚ ਹਸਤੀ ਦਾ ਸਪਸ਼ਟ ਰੂਪ ਪੇਸ਼ ਕਰਦੇ ਹਨ। ਨਾਲ ਹੀ ਇਸ ਗੱਲ ਨੂੰ ਦ੍ਰਿੜ੍ਹ ਕਰਵਾਉਂਦੇ ਹਨ ਕਿ ਐਸਾ ਪਹਿਲੀ ਵਾਰ ਨਹੀਂ ਹੋਇਆ ਕਿ ਉਸ ਪਰਮ ਪੁਰਖ ਨੇ ਆਪਣੇ ਭਗਤ ਦੀ ਰੱਖਿਆ ਕੀਤੀ ਹੋਵੇ ਬਲਕਿ ਐਸਾ ਉਸਨੇ ਹਰ ਸਮੇਂ ਕੀਤਾ ਹੈ ਜਦੋਂ ਉਸਦੇ ਪ੍ਰੇਮ ਵਾਲੇ ਕਿਸੇ ਇਮਤਿਹਾਨ ਵਿਚ ਪਏ। ਇਥੇ ਅੰਤਿਮ ਪੰਕਤੀ ਨੂੰ ਗਹੁ ਨਾਲ ਵਾਚਣਾ ਬਹੁਤ ਜ਼ਰੂਰੀ ਹੈ ਕਿਉਂਕਿ ਇਸ ਵਿਚ ਆਦਿ ਕਾਲ ਤੋਂ ਆਪਣੇ ਬਿਰਦ ਵਿਚ ਦ੍ਰਿੜ੍ਹ ਉਸ ਅਗੰਮੀ ਪ੍ਰਭੂ ਵੱਲ ਹੀ ਇਸ਼ਾਰਾ ਹੈ। ਪਰਮਾਤਮਾ ਦੇ ਅਨੁਭਵ ਤੋਂ ਬਿਨਾਂ ਉਸ ਦੇ ਉਰਾਰ ਜਾਂ ਪਾਰ ਬਾਰੇ ਕਿਵੇਂ ਕਿਹਾ ਜਾ ਸਕਦਾ ਹੈ। ਜੇਕਰ ਕਬੀਰ ਸਾਹਿਬ ਉਸਦੇ ਪਾਰ ਬਾਰੇ ਆਪਣੀ ਗਮਤਾ ਤੋਂ ਇਨਕਾਰੀ ਹਨ ਤਾਂ ਸਪਸ਼ਟ ਹੈ ਕਿ ਉਨ੍ਹਾਂ ਦੀ ਉਸ ਤੱਕ ਪਹੁੰਚ ਬਣੀ ਹੋਵੇਗੀ। ਅਗੰਮ ਨਾਲ ਸਾਂਝ ਪਾਉਣ ਦੀ ਪਹਿਲੀ ਸ਼ਰਤ ਇਹੀ ਹੈ ਕਿ ਉਥੇ ਆਪਣੀ ਦਾਅਵੇਦਾਰੀ ਖ਼ਤਮ ਹੋ ਜਾਦੀ ਹੈ। ਮੈਂ, ਮੇਰੀ ਦਾ ਖ਼ਾਤਮਾ ਹੋ ਜਾਂਦਾ ਹੈ। ਸਾਧਕ ਸਭ ਕੁਝ ਉਸ ਨੂੰ ਸਮਰੱਪਤ ਕਰਕੇ ਉਸਦੀ ਰਜ਼ਾ ਵਿਚ ਰਾਜ਼ੀ ਹੋ ਜਾਂਦਾ ਹੈ। ਕਬੀਰ ਜੀ ਤਾਂ ਇਥੋਂ ਤੱਕ ਕਹਿੰਦੇ ਹਨ ਕਿ ਮੇਰੇ ਕੋਲ ਆਪਣਾ ਕਹਿਣ ਜੋਗਾ ਕੁਝ ਨਹੀਂ, ਸਭ ਤੇਰਾ ਹੀ ਤੇਰਾ ਹੈ। ਤੇਰਾ ਤੈਨੂੰ ਅਰਪਣ ਕਰਕੇ ਮੈਂ ਆਪਣੀ ਮੈਂ ਤੋਂ ਮੁਕਤ ਹਾਂ।[17] ਅਸਲ ਵਿਚ ਉਥੇ ਜੀਵ ਆਪਣੀ ਸੱਤਾ ਗਵਾ ਦਿੰਦਾ ਹੈ। ਮੈਂ, ਮੇਰਾ, ਮੈਨੂੰ ਦਾ ਵਿਨਾਸ਼ ਹੀ ਰਹੱਸਵਾਦ ਦਾ ਮੁੱਖ ਅੰਗ ਹੈ। ਸਾਧਕ ਦਾ ਆਪਾ ਉਸ ਅਪਰਿਚਿਤ ਸ਼ਕਤੀ ਦੀ ਝੋਲੀ ਵਿਚ ਸਦਾ ਲਈ ਸਮਾ ਜਾਂਦਾ ਹੈ। ਉਥੇ ਆਪਣੀ ਕੋਈ ਸ਼ਕਤੀ ਨਹੀਂ ਹੁੰਦੀ ਬਲਕਿ ਸੇਵਕ ਆਪਣੇ ਆਪ ਨੂੰ ਆਪਣੇ ਮਹਿਬੂਬ (ਸਵਾਮੀ) ਦੇ ਚਰਣਾਂ ਤੇ ਰੱਖ ਦਿੰਦਾ ਹੈ।[18]

ਪ੍ਰਭੂ ਨੂੰ ਅਜਿਹਾ ਸਮਰੱਪਣ ਮਜਬੂਰੀ ਜਾਂ ਬੰਧਨਾਂ ਕਰਕੇ ਨਹੀਂ ਬਲਕਿ ਸਵੈ-ਇੱਛਾ ਅਤੇ ਉਤਸੁਕਤਾ ਦਾ ਫਲ ਹੈ। ਇਹ ਸਮਰੱਪਣ ਵੱਡੀ ਪ੍ਰਾਪਤੀ ਦਾ ਸਾਧਨ ਹੈ। ਉਹ ਪ੍ਰਾਪਤੀ ਅੰਮ੍ਰਿਤ ਹੈ, ਅਨੰਦ ਹੈ, ਸਹਿਜ ਹੈ। ਜੀਵ ਆਪਣੀ ਸਿਰਜਣਾਤਮਕ ਚੇਤਨਾ ਸਦਕਾ ਉਸ ਦਾ ਹੀ ਰੂਪ ਹੋ ਜਾਂਦਾ ਹੈ। ਉਸਦੇ ਹਿਰਦੇ ਵਿਚੋਂ ਪਾਵਨ ਬੋਲ ਉਸਦੀ ਅੰਦਰੂਨੀ ਸ਼ੁੱਧੀ ਦਾ ਪ੍ਰਮਾਣ ਬਣਕੇ ਫੁੱਟਦੇ ਹਨ। ਇਹ ਸੰਜੋਗ ਆਨੰਦ ਭਰਪੂਰ ਹੁੰਦਾ ਹੈ। ਚਾਰੇ ਪਾਸੇ ਉਸਦੇ ਦੀਦਾਰ ਮਨ ਨੂੰ ਅਗੰਮੀ ਅਨੰਦ ਦੇ ਕਲਾਵੇ ਵਿਚ ਲੈ ਲੈਂਦੇ ਹਨ। ਜੀਵ ਦੀ ਸਾਰੀ ਇੰਦ੍ਰੀਆਵੀ ਪ੍ਰਕ੍ਰਿਆ ਇਕ ਹੋ ਕੇ, ਇਕੋ ਹੀ ਆਵਾਜ਼ ਵਿਚ ਉਸੇ ਦਾ ਹੀ ਸਮਰਣ ਕਰਦੀ ਪ੍ਰਤੀਤ ਹੁੰਦੀ ਹੈ। ਜੀਵਾਤਮਾ ਦੀ ਪੁਕਾਰ ਮਾਨੋ ਆਪਣੇ ਉਦੇਸ਼ ਵਿਚ ਕਾਮਯਾਬ ਹੋ ਗਈ ਹੁੰਦੀ ਹੈ, ਉਸ

16. *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 1194.
17. *ਉਹੀ,* ਪੰਨਾ 1375.
18. ਰਾਮ ਕੁਮਾਰ ਵਰਮਾ, *ਕਬੀਰ ਕਾ ਰਹਸਯਵਾਦ,* ਪੰਨਾ 19.

ਨੂੰ ਕੁਝ ਵੀ ਵੱਖਰਾ ਨਹੀਂ ਦਿਸਦਾ। ਸਭ ਇਕ ਹੀ ਮਿੱਟੀ ਤੋਂ, ਇਕ ਹੀ ਘੁਮਿਆਰ ਦੀ ਬਣਾਈ ਬਣਤਰ ਦ੍ਰਿਸ਼ਟੀਗੋਚਰ ਹੁੰਦੀ ਹੈ। ਜਿਥੇ ਜੀਵ ਆਪ ਭਰਮ ਮੁਕਤ ਹੁੰਦਾ ਹੈ ਉਥੇ ਭਟਕਣਾ ਵਿਚ ਪਿਆਂ ਵਾਸਤੇ ਵੀ ਉਤਨੀ ਹੀ ਤੜਪ ਰੱਖਦਾ ਹੈ। ਉਸ ਸੱਚ ਦੇ ਸਾਖਾਤਕਾਰ ਤੋਂ ਬਾਅਦ, ਉਸਦਾ ਬਿਆਨ ਉਸੇ ਰੂਪ ਵਿਚ ਹੀ ਕਰਦਾ ਹੋਇਆ ਕਹਿ ਉਠਦਾ ਹੈ:

ਮਾਟੀ ਏਕ ਅਨੇਕ ਭਾਂਤਿ ਕਰਿ ਸਾਜੀ ਸਾਜਨਹਾਰੈ॥
ਨਾ ਕਛੁ ਪੋਚ ਮਾਟੀ ਕੇ ਭਾਂਡੇ ਨਾ ਕਛੁ ਪੋਚ ਕੁੰਭਾਰੈ॥੨॥
ਸਭ ਮਹਿ ਸਚਾ ਏਕੋ ਸੋਈ ਤਿਸ ਕਾ ਕੀਆ ਸਭੁ ਕਛੁ ਹੋਈ॥
ਹੁਕਮੁ ਪਛਾਨੈ ਸੁ ਏਕੋ ਜਾਨੈ ਬੰਦਾ ਕਹੀਐ ਸੋਈ॥੩॥
ਅਲਹੁ ਅਲਖੁ ਨ ਜਾਈ ਲਖਿਆ ਗੁਰਿ ਗੁੜੁ ਦੀਨਾ ਮੀਠਾ॥
ਕਹਿ ਕਬੀਰ ਮੇਰੀ ਸੰਕਾ ਨਾਸੀ ਸਰਬ ਨਿਰੰਜਨੁ ਡੀਠਾ॥੪॥[19]

ਰਹੱਸਵਾਦੀ ਵਰਤਾਰੇ ਵਿਚ ਜੀਵਾਤਮਾ ਸਾਰੀਆਂ ਭੌਤਿਕ-ਬੰਦਿਸ਼ਾਂ ਪਾਰ ਕਰਕੇ ਪਰਾਭੌਤਿਕ ਮੰਡਲਾਂ ਦੇ ਨਵੇਂ ਗਿਆਨ ਕੁੰਡ ਵਿਚ ਪ੍ਰਵੇਸ਼ ਕਰਦੀ ਹੈ। ਇਹ ਇਤਨੀ ਹੈਰਾਨਕੁੰਨ ਅਵਸਥਾ ਹੁੰਦੀ ਹੈ ਕਿ ਪਹਿਲਾਂ ਵਾਲੀ ਸਾਰੀ ਜੀਵਨ ਜੁਗਤੀ, ਗਿਆਨ, ਇਸ ਸਾਹਮਣੇ ਜ਼ੀਰੋ ਹੋ ਜਾਂਦਾ ਹੈ। ਜੀਵਾਤਮਾ 'ਤੇ ਪਿਆ ਹੋਇਆ ਭਰਮ ਦਾ ਛੱਪਰ ਉਡ ਜਾਂਦਾ ਹੈ। ਵਿਰਾਟ ਦੀ ਬੇਅੰਤਤਾ ਮਹਿਸੂਸ ਹੁੰਦੀ ਹੈ। ਮਨ ਦੀ ਦ੍ਵੈਤ ਰੂਪ ਥੰਮ੍ਹੀ ਡਿੱਗ ਪੈਂਦੀ ਹੈ। ਮਨ ਦੀ ਸੁਭਾਵਿਕ ਬਿਰਤੀ ਜਿਸ ਵਿਚ ਸਦਾ ਹੀ ਹੋਰ-ਹੋਰ ਆਸਰੇ ਭਾਲਦਾ ਫਿਰਦਾ ਹੈ, ਨੂੰ ਟਿਕਾਅ ਮਿਲ ਜਾਂਦਾ ਹੈ। ਇਸ ਨਾਸ਼ਵਾਨ ਸੰਸਾਰਿਕਤਾ ਨਾਲੋਂ ਮੋਹ ਵਾਲੀ ਤੰਦ ਟੁੱਟ ਜਾਂਦੀ ਹੈ। ਤ੍ਰਿਸ਼ਨਾ ਦੀ ਛੰਨ ਤਾਰ-ਤਾਰ ਹੋ ਜਾਂਦੀ ਹੈ, ਹਮੇਸ਼ਾ ਹੋਰ ਅੱਗੇ ਵਾਲੀ ਭਾਲ ਡਾਵਾਂਡੋਲ ਹੋ ਕੇ ਧਰਤੀ ਉਪਰ ਡਿੱਗ ਪੈਂਦੀ ਹੈ ਭਾਵ ਮਨੁੱਖੀ ਮਨ ਦੀ ਤ੍ਰਿਸ਼ਾਲੂ ਬਿਰਤੀ ਉਸ ਅਗੰਮੀ ਸਾਖਾਤਕਾਰ ਅੱਗੇ ਨਿਉਂ ਕੇ ਸਥਿਰ ਹੋ ਜਾਂਦੀ ਹੈ। ਜਿਵੇਂ ਹੀ ਮਹਾਂ ਪ੍ਰਕਾਸ਼ (ਪ੍ਰਭੂ) ਨਾਲ ਮੇਲ ਹੁੰਦਾ ਹੈ ਅੰਦਰੋਂ ਸਾਰਾ ਅਗਿਆਨਤਾ ਵਾਲਾ ਹਨੇਰਾ ਉਸੇ ਪ੍ਰਕਾਸ਼ ਦਾ ਹੀ ਰੂਪ ਹੋ ਜਾਂਦਾ ਹੈ।[20]

ਰਹੱਸਵਾਦ ਦੀ ਇਸ ਅਵਰਣਿਤ ਸਥਿਤੀ ਬਾਰੇ ਅਨੁਭਵੀ ਪੁਰਖਾਂ ਨੇ ਗੂੰਗੇ ਦੀ ਮਠਿਆਈ ਚੱਖਣ ਤੋਂ ਬਾਅਦ ਵਾਲੀ ਸੈਨਤ ਵਾਂਗੂੰ ਇਸ਼ਾਰੇ ਮਾਤਰ ਹੀ ਭਾਵੇਂ ਸੰਕੇਤ ਦਿੱਤੇ ਹਨ, ਫਿਰ ਵੀ ਇਹ ਜਗਿਆਸੂਆਂ ਲਈ ਕਿਸੇ ਵਿਸਮਾਦੀ ਤੋਹਫੇ 'ਤੋਂ ਘੱਟ ਨਹੀਂ। ਐਲਵਿਨ ਅੰਡਰਹਿਲ ਲਿਖਦੀ ਹੈ, "ਰਹੱਸਵਾਦੀ ਬਾਰ-ਬਾਰ ਸਾਨੂੰ ਇਹੀ ਯਕੀਨ ਦਿਵਾਉਂਦੇ ਹਨ ਕਿ ਇਸ ਨਾਲ ਵਿਅਕਤੀ ਗਵਾਉਂਦਾ ਨਹੀਂ ਬਲਕਿ ਜ਼ਿਆਦਾ ਨਿਰਮਲ ਬਣਦਾ ਹੈ।"[21] ਜੀਵਾਤਮਾ ਸ਼ੁਧਤਾ ਦਾ ਰੂਪ ਹੋ ਜਾਂਦੀ ਹੈ। ਸਾਰੇ ਬਾਹਰੀ ਇੰਦ੍ਰਿਆਵੀ ਪ੍ਰਭਾਵ ਖਤਮ ਹੋ ਜਾਂਦੇ ਹਨ। ਮਨ ਅਨਾਹਤ ਸ਼ਬਦ ਨਾਲ ਇਕਸੁਰ ਹੋ ਕੇ ਇਸਦੇ ਪ੍ਰਭਾਵ ਨੂੰ ਆਪ ਕਬੂਲਦਾ ਤੇ ਮਾਣਦਾ ਹੈ ਪਰ ਪ੍ਰਗਟਾਉਣ ਤੋਂ ਅਸਮਰਥ ਹੋ ਜਾਂਦਾ ਹੈ, ਜਿਵੇਂ:

---

19. *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 1350.
20. *ਦੇਖੌ ਭਾਈ ਗ੍ਯਾਨ ਕੀ ਆਈ ਆਂਧੀ॥*
ਸਭੈ ਉਡਾਨੀ ਭ੍ਰਮ ਕੀ ਟਾਟੀ ਰਹੈ ਨ ਮਾਇਆ ਬਾਂਧੀ॥ ਰਹਾਉ॥
ਦੁਚਿਤੇ ਕੀ ਦੁਇ ਥੂਨਿ ਗਿਰਾਨੀ ਮੋਹ ਬਲੇਡਾ ਟੂਟਾ॥
ਤਿਸਨਾ ਛਾਨਿ ਪਰੀ ਧਰ ਊਪਰਿ ਦੁਰਮਤਿ ਭਾਂਡਾ ਫੂਟਾ॥੧॥
ਆਂਧੀ ਪਾਛੇ ਜੋ ਜਲੁ ਬਰਖੈ ਤਿਹਿ ਤੇਰਾ ਜਨੁ ਭੀਨਾ॥
ਕਹਿ ਕਬੀਰ ਮਨ ਭਇਆ ਪ੍ਰਗਾਸਾ ਉਦੈ ਭਾਨੁ ਜਬ ਚੀਨਾ॥੨॥
(ਪੰਨਾ 331-32)
21. Evelyn Underhill, *Mysticism,* Fourth edition, London, 1912, p. 503.

ਪਿੰਡਿ ਮੂਐ ਜੀਉ ਕਿਹ ਘਰਿ ਜਾਤਾ॥
ਸਬਦਿ ਅਤੀਤਿ ਅਨਾਹਦਿ ਰਾਤਾ॥
ਜਿਨਿ ਰਾਮੁ ਜਾਨਿਆ ਤਿਨਹਿ ਪਛਾਨਿਆ॥
ਜਿਉ ਗੂੰਗੇ ਸਾਕਰ ਮਨੁ ਮਾਨਿਆ॥੧॥[22]

ਸਹੀ ਅਰਥਾਂ ਵਿਚ ਇਹ ਬਿਆਨ ਯੋਗ ਨੁਕਤਾ ਨਹੀਂ, ਸਮਝਣ ਲਈ ਅਨੁਭਵ ਖੇਤਰ ਵਿਚ ਸਾਧਨਾ ਅਤੇ ਸ਼ਰਧਾ ਨਾਲ ਉਤਰਨਾ ਜ਼ਰੂਰੀ ਸਮਝਿਆ ਜਾਂਦਾ ਹੈ। ਗੂੰਗੇ ਨੂੰ ਸ਼ੱਕਰ ਖਵਾ ਕੇ ਸਵਾਦ ਪੁੱਛਣ ਨਾਲੋਂ ਫੱਕਾ ਮਾਰ ਕੇ ਚੱਖਣ ਵਾਲੀ ਗੱਲ ਜ਼ਿਆਦਾ ਸਾਰਥਕ ਪ੍ਰਤੀਤ ਹੁੰਦੀ ਹੈ। ਇਥੇ ਇਹ ਲਾਜ਼ਮੀ ਹੈ ਕਿ ਜਿਸ ਵੱਲ ਜਾਣ ਲਈ ਤੁਰਨਾ ਸ਼ੁਰੂ ਕਰਨਾ ਹੈ ਉਸ ਪ੍ਰਤੀ ਸਮਰਪਣ ਪਹਿਲੀ ਸ਼ਰਤ ਹੈ। ਇਹ ਸਮਰਪਣ ਇੰਦ੍ਰਿਆਵੀ ਨਹੀਂ ਅੰਤਰੀਵੀ ਹੈ। ਅੰਤਰੀਵੀ ਵੀ ਇਹ ਸਮੁੱਚਤਾ ਨਾਲ ਸਬੰਧਤ ਹੈ ਟੁਕੜਿਆਂ ਨਾਲ ਨਹੀਂ। ਇਸ ਵਿਚ ਵਿਸ਼ਵਾਸ, ਲਗਨ ਤੇ ਹੌਂਸਲਾ ਬੜਾ ਜ਼ਰੂਰੀ ਹੋ ਨਿਬੜਦਾ ਹੈ। ਆਪਣੇ ਅਮਲੀ ਰੂਪ ਵਿਚ ਇਹ ਪ੍ਰਕਿਰਿਆ ਸਿੱਧੇ ਅਨੁਭਵ ਨਾਲ ਸਬੰਧਤ ਹੈ ਅਤੇ ਇਹ ਅਨੁਭਵ ਆਪਣੇ ਨਾਲ ਸੰਘਰਸ਼ਮਈ ਜੱਦੋ-ਜਹਿਦ ਤੋਂ ਬਾਅਦ ਪ੍ਰਾਪਤ ਕੀਤਾ ਜਾ ਸਕਦਾ ਹੈ ਸੁਤੇ-ਸਿਧ ਨਹੀਂ। ਜਿਵੇਂ ਵਿਲਿਅਮ ਜੇਮਜ਼ ਕਹਿੰਦਾ ਹੈ, "ਇਸ ਦਾ ਸਿੱਧਾ ਅਨੁਭਵ ਹੀ ਕੀਤਾ ਜਾ ਸਕਦਾ ਹੈ। ਇਹ ਇਕ ਤੋਂ ਦੂਜੇ ਨੂੰ ਨਹੀਂ ਦਿੱਤਾ ਜਾ ਸਕਦਾ। ਇਸ ਤਰ੍ਹਾਂ ਇਹ ਰਹੱਸ ਚੇਤੰਨਤਾ ਦੀ ਅਵਸਥਾ ਬੌਧਿਕ ਗਿਆਨ ਦੀ ਅਵਸਥਾ ਨਾਲੋਂ ਮਹਿਸੂਸ ਕਰਨ ਦੀ ਅਵਸਥਾ ਦੇ ਵੱਧ ਨੇੜੇ ਹੁੰਦੀ ਹੈ। ਜਿਸ ਕਿਸੇ ਵਿਚ ਮੁੱਢਲੇ ਰੂਪ ਵਿਚ ਅਜਿਹੀ ਅਵਸਥਾ ਦਾ ਕਦੇ ਵਰਤਾਰਾ ਹੀ ਨਹੀਂ ਹੋਇਆ ਉਸ ਨੂੰ ਇਹ ਸਮਝਾਇਆ ਨਹੀਂ ਜਾ ਸਕਦਾ। ਸੰਗੀਤ ਦੇ ਵੱਖਰੇ-ਵੱਖਰੇ ਮੇਲਾਂ ਨੂੰ ਸਮਝਣ ਲਈ ਸੰਗੀਤ ਵਿਦਿਆ ਦੁਆਰਾ ਸਾਧੇ ਹੋਏ ਕੰਨ ਹੀ ਸਹਾਈ ਹੋ ਸਕਦੇ ਹਨ ਅਤੇ ਪ੍ਰੇਮੀ ਦੇ ਮਨ ਦੀ ਅਵਸਥਾ ਦਾ ਹਾਲ ਪਿਆਰ ਦੀ ਵਾਦੀ 'ਚੋਂ ਲੰਘਿਆ ਕੋਈ ਸਾਧਕ ਹੀ ਸਮਝ ਸਕਦਾ ਹੈ।"[23]

ਇਸ ਛੋਟੇ ਜਿਹੇ ਦਿਸਣ ਵਾਲੇ ਮਾਸ, ਮਿੱਝ ਅਤੇ ਹੱਡੀਆਂ ਦੇ ਢਾਂਚੇ ਦਾ ਅਸਲ ਰੂਪ ਬੜਾ ਵਿਰਾਟ ਅਤੇ ਹੈਰਾਨ ਕਰਨ ਵਾਲਾ ਹੈ। ਕੋਈ ਅੰਦਰਲੀ ਖ਼ਾਸ ਦ੍ਰਿਸ਼ਟੀ ਧਾਰਨ ਕਰਨ ਵਾਲਾ ਹੀ ਇਸਦੇ ਅਸਲੀ ਰਹੱਸ ਤੋਂ ਪਰਦਾ ਚੁੱਕ ਕੇ ਸਾਧਾਰਨ ਲੋਕਾਈ ਨੂੰ ਇਸਦਾ ਸਾਖਾਤਕਾਰ ਕਰਵਾ ਸਕਦਾ ਹੈ। ਭਾਵੇਂ ਇਹ ਲਫ਼ਜ਼ੀ ਬਿਆਨ ਅਕਲ ਨੂੰ ਕਿਸੇ ਹੱਦ ਤੱਕ ਸਮਝਾਉਣ ਵਿਚ ਸਫਲ ਹੋ ਜਾਂਦਾ ਹੈ ਪਰ ਪੂਰੀ ਜਾਣਕਾਰੀ ਤਾਂ ਇਸਦੇ ਅਨੁਭਵ ਵਿਚੋਂ ਨਿਕਲਣ ਉਪਰੰਤ ਹੀ ਮਿਲਦੀ ਹੈ। ਭਗਤ ਕਬੀਰ ਜੀ ਦਾ ਭੈਰਉ ਰਾਗ ਵਾਲਾ ਇਹ ਸ਼ਬਦ "ਕਿਉ ਲੀਜੈ ਗਢੁ ਬੰਕਾ ਭਾਈ"[24] ਆਪਣੇ ਆਪ ਵਿਚ ਰਹੱਸਵਾਦੀ ਅਨੁਭਵ ਦੀ ਉਹ ਪ੍ਰਮਾਣਿਕਤਾ ਹੈ ਜਿਸ ਪਰ ਕਿੰਤੂ ਦੀ ਕੋਈ ਗੁੰਜਾਇਸ਼ ਨਹੀਂ। ਮਨ ਦੀ ਪਰਮ ਤਤ ਨਾਲ ਅਭੇਦਤਾ ਵਿਚ ਬੜੀ ਵੱਡੀ ਸਮੱਸਿਆ ਸਦਾ ਕਾਇਮ ਰਹਿਣ ਕਰਕੇ ਹੀ ਵਿਛੋੜਾ ਜਾਰੀ ਰਹਿੰਦਾ ਹੈ। ਇਸ ਸਮੱਸਿਆ ਦੇ ਨਿਵਾਰਨ ਹਿਤ ਕਬੀਰ ਜੀ ਨੇ ਇਸ ਸ਼ਬਦ ਰਾਹੀਂ ਸਾਰੀ ਸਥਿਤੀ ਸਪਸ਼ਟ ਕਰਕੇ ਅੰਤ ਮਿਲਾਪ ਦੀ ਸਫਲਤਾ ਦਰਸਾਈ ਹੈ। ਇਹ ਅਨੁਭਵ ਅਧਾਰਿਤ ਸਤ ਦਾ ਪ੍ਰਤੱਖ ਚਿਤ੍ਰਣ ਕਲਪਨਾ ਦੇ ਵੱਸ ਦੀ ਗੱਲ ਨਹੀਂ। ਉਸ ਬੇਅੰਤ ਪ੍ਰਭੂ ਨੇ ਜਿਥੇ ਨਿਵਾਸ ਕੀਤਾ ਹੈ ਉਸ ਦੀ ਜਾਣਕਾਰੀ ਸਿਰਫ ਅਨੁਭਵੀ ਪੁਰਖ ਹੀ ਕਰਵਾ ਸਕਦਾ ਹੈ। ਉਸ ਨਾਲ ਹੋਈ ਅਭੇਦਤਾ ਹੀ ਉਸਦੇ ਅਕਸ ਨੂੰ ਕਿਸੇ ਰੂਪ ਵਿਚ ਉਜਾਗਰ ਕਰਨ ਦੇ ਯੋਗ ਹੋ ਸਕਦੀ ਹੈ। ਐਲਵਿਨ ਅੰਡਰਹਿਲ ਅਨੁਸਾਰ, "ਰਹੱਸਵਾਦ ਅਸਲ ਵਿਚ ਅਧਾਰਭੂਤ

---

22. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 327.
23. William James, *The Varieties of Religious Experience*, New York, without date, p.300.
24. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 1161.

ਵਿਗਿਆਨ ਹੈ, ਉਸ ਪੂਰਨ ਨਾਲ ਮਿਲਾਪ ਦਾ ਵਿਗਿਆਨ। ਇਸ ਤੋਂ ਸਿਵਾ ਕੁਝ ਨਹੀਂ ਅਤੇ ਰਹੱਸਵਾਦੀ ਉਹ ਮਨੁੱਖ ਹੈ ਜੋ ਇਸ ਮਿਲਾਪ ਨੂੰ ਮਾਣਦਾ ਹੈ, ਉਹ ਨਹੀਂ ਜੋ ਇਸ ਬਾਰੇ ਗੱਲਾਂ ਕਰਦਾ ਹੈ।"[25]

ਜਦੋਂ ਰਹੱਸਵਾਦੀ ਅਨੰਤ ਦੇ ਨਾਲ ਮਿਲਾਪ ਕਰਕੇ, ਉਸ ਵਿਚ ਟਿਕ ਕੇ ਉਸਦੀ ਵਿਆਪਕਤਾ ਦੇ ਦਰਸ਼ਨ ਕਰਦਾ ਹੈ ਤਾਂ ਉਸ ਦਾ ਆਪਣੇ ਲਈ ਕੋਈ ਵੀ ਬਿਆਨ ਨਹੀਂ ਹੁੰਦਾ, ਇਸ ਸਬੰਧ ਵਿਚ ਉਸਨੇ ਚੁੱਪੀ ਸਾਧ ਲਈ ਹੁੰਦੀ ਹੈ। ਉਹ ਤਾਂ ਉਸ ਅਸੀਮ ਦੀ ਵਾਪਰ ਰਹੀ ਖੇਡ ਨੂੰ ਵੇਖ ਕੇ ਹੀ ਸਤਬੱਧ ਹੋਇਆ ਰਹਿੰਦਾ ਹੈ। ਉਹ ਚੁਪਚਾਪ ਉਸਨੂੰ ਵੇਖਦਾ ਅਤੇ ਸੁਣਦਾ ਹੈ। ਉਸਦਾ ਸਾਰਾ ਆਪ ਹੀ ਉਸ ਅਨੁਭਵ ਵਿਚ ਲੀਨ ਹੁੰਦਾ ਹੈ। ਆਪਣੇ ਲਫ਼ਜ਼ੀ ਬਿਆਨ ਵਿਚ "ਇਹ ਵਿਅਕਤੀਗਤ ਆਤਮਾ ਦਾ ਅਨੰਤ ਵਿਚ ਪੂਰਨ ਵਿਨਾਸ਼ ਜਾ ਪੁਨਰ ਮਿਲਨ ਹੈ।"[26] ਰਹੱਸਵਾਦ ਦੀ ਪਹਿਲੀ ਵਿਸ਼ੇਸ਼ਤਾ ਇਹ ਹੈ ਕਿ ਇਸ ਵਿਚ ਪ੍ਰੇਮ ਦੀ ਧਾਰਾ ਬਿਨਾਂ ਰੁਕਾਵਟ ਵਹਿਣੀ ਚਾਹੀਦੀ ਹੈ। ਰਹੱਸਵਾਦੀ ਆਪਣੀ ਅਨੁਭੂਤੀ ਨਾਲ ਉਹ ਤੱਤ ਪਾ ਲਵੇ ਜਿਸ ਨਾਲ ਉਸਦੇ ਸੰਸਾਰਿਕ ਤੇ ਅਲੌਕਿਕ ਜੀਵਨ ਦੀ ਇਕਸੁਰਤਾ ਹੋਵੇ। ਪ੍ਰੇਮ ਦਾ ਮਤਲਬ ਹਿਰਦੇ ਦੀ ਭਾਵੁਕਤਾ ਨਹੀਂ ਬਲਕਿ ਉਹ ਖਿੱਚ ਅਤੇ ਸੂਖਮ ਪ੍ਰਵਿਰਤੀ ਹੈ ਜਿਸ ਵਿਚ ਆਪੇ ਦੀ ਸਾਂਝ ਉਸ ਬੇਅੰਤ ਨਾਲ ਹੋ ਸਕੇ। "ਪ੍ਰੇਮ ਹਿਰਦੇ ਦੀ ਉਹ ਅੰਤਰੀਵ ਭਾਵਨਾ ਹੋਵੇ ਜਿਸ ਕਰਕੇ ਜੀਵਨ ਦਾ ਵਿਕਾਸ ਸਦਾ ਉਸ ਅਸੀਮ ਵਲ ਹੋਵੇ ਭਾਵੇਂ ਉਹ ਪ੍ਰੇਮ ਕਿਸੇ ਬੁਧੀਮਾਨ ਦੇ ਹਿਰਦੇ ਵਿਚ ਨਿਵਾਸ ਕਰੇ ਅਤੇ ਭਾਵੇਂ ਇਕ ਮੂਰਖ ਦੇ ਹਿਰਦੇ ਵਿਚ।"[27]

ਰਹੱਸਵਾਦੀ ਅਨੁਭਵ ਵਿਚ ਪ੍ਰੇਮਾ ਭਗਤੀ ਕਿਸੇ ਅਗੰਮੀ ਦੇਸ਼ ਵੱਲ ਸਫਰ ਦੀ ਰਾਸ ਪੂੰਜੀ ਵਜੋਂ ਮੰਨੀ ਗਈ ਹੈ। ਪ੍ਰੇਮ ਜਦੋਂ ਇੰਦ੍ਰਿਆਵੀ ਵਲੱਗਣਾਂ ਉਲੰਘ ਕੇ ਅਗਲੇ ਪੜਾਅ 'ਤੇ ਪਹੁੰਚਦਾ ਹੈ ਤਾਂ ਉਹ ਅਸਚਰਜ ਭਰਪੂਰ ਵਰਤਾਰਾ ਹੁੰਦਾ ਹੈ ਜਿਸ ਨੂੰ ਰਹੱਸਵਾਦੀ ਲਈ ਜ਼ਰੂਰੀ ਮੰਨਿਆ ਗਿਆ ਹੈ। ਜਸਵੰਤ ਸਿੰਘ ਨੇਕੀ ਅਨੁਸਾਰ "ਰਹੱਸਵਾਦੀ ਅਨੁਭਵ ਵਿਚ ਅਸਚਰਜਤਾ ਦਾ ਭਾਵ ਮੂਲ ਹੈ। ਵਿਸਮਿਤ ਕਰਨ ਵਾਲੀ ਇਹ ਸਥਿਤੀ ਉਸ ਵੇਲੇ ਪੈਦਾ ਹੁੰਦੀ ਹੈ ਜਦੋਂ ਜਗਿਆਸੂ ਕਿਸੇ ਅਜਿਹੇ ਸਵਾਦ ਜਾਂ ਰਸ ਨੂੰ ਅਨੁਭਵ ਕਰਦਾ ਹੈ ਜੋ ਇੰਦ੍ਰਿਆਵੀ ਸੀਮਾਵਾਂ ਤੋਂ ਉਚੇਰਾ ਹੁੰਦਾ ਹੈ।"[28] ਕਬੀਰ ਜੀ ਦੀ ਰਹੱਸ ਅਨੁਭੂਤੀ ਵਿਚ ਐਸੀ ਅਸਚਰਜਤਾ ਜਾਂ ਵਿਸਮਾਦੀ ਰੰਗਤ ਦਾ ਬਿਆਨ ਹਰ ਥਾਂ ਮਿਲਦਾ ਹੈ। ਆਪ ਨੇ ਅਨੁਭਵ ਨੂੰ ਨਿਰਮਲ ਝਰਨੇ ਵਾਂਗੂ ਸ਼ਬਦਾਵਲੀ ਦਾ ਵਹਿਣ ਦੇ ਕੇ ਕੋਈ ਲੁਕਾਅ ਨਹੀਂ ਰੱਖਿਆ ਬਲਕਿ ਪ੍ਰਗਟ ਕਰਕੇ ਲੋਕਾਈ ਨੂੰ ਭਰਮ ਤੋਂ ਉਪਰ ਚੁੱਕਿਆ ਹੈ। ਰਹੱਸਵਾਦੀ ਅਨੁਭਵ ਵਿਚ ਪੂਰਨਤਾ ਸ਼ਾਮਿਲ ਹੈ, ਘਾਟ-ਵਾਧ ਨਹੀਂ, ਭਾਵ ਅਨੁਭਵ ਕਰਨ ਵਾਲਾ ਤਾਂ ਹੀ ਪੂਰਨ ਹੈ ਜੇ ਉਸਨੇ ਪੂਰਨ ਸਾਖਾਤਕਾਰ ਕੀਤਾ ਹੈ। ਕਬੀਰ ਜੀ ਅਨੁਸਾਰ:

ਕਹੈ ਕਬੀਰੁ ਪੂਰਨ ਜਗ ਸੋਈ॥
ਜਾ ਕੇ ਹਿਰਦੈ ਅਵਰੁ ਨ ਕੋਈ॥[29]

ਵਿਦਵਾਨਾਂ ਨੇ ਐਸੀ ਸਥਿਤੀ ਨੂੰ ਸੰਪੂਰਨ ਇਕਾਗਰਤਾ ਨਾਲ ਜੋੜਿਆ ਹੈ ਜਿਥੇ ਹੋਰ ਕਿਸੇ ਕਿਸਮ ਦੀ ਕੋਈ ਸੰਭਾਵਨਾ ਨਹੀਂ ਰਹਿੰਦੀ। ਸਾਧਕ ਉਸ ਪ੍ਰਤੀ ਹੀ ਚੇਤੰਨ ਹੋ ਜਾਂਦਾ ਹੈ। ਉਸ ਦੀ ਸਮਾਧੀ ਲੱਗ ਜਾਂਦੀ ਹੈ, ਜਾਂ ਇੰਝ ਕਿਹਾ ਜਾਵੇ ਕਿ ਉਹ ਪ੍ਰਾਰਥਨਾ ਵਿਚ ਜੁੜ ਜਾਂਦਾ ਹੈ। ਪਰਸ਼ੂਰਾਮ ਚਤੁਰਵੇਦੀ ਦਾ

25. Evelyn Underhill, *Mysticism,* p.72.
26. *ਉਹੀ,* ਪੰਨਾ 207.
27. ਰਾਮ ਕੁਮਾਰ ਵਰਮਾ, *ਕਬੀਰ ਕਾ ਰਹਸਯਵਾਦ,* ਪੰਨਾ 35.
28. ਬਲਕਾਰ ਸਿੰਘ, *ਸਿੱਖ ਰਹੱਸਵਾਦ : ਅਨੁਭੂਤੀ ਅਤੇ ਅਭਿਵਿਅਕਤੀ ਦਾ ਵਿਸ਼ਲੇਸ਼ਣਾਤਮਕ ਅਧਿਐਨ,* ਪਟਿਆਲਾ, ਦੂਜੀ ਵਾਰ 1999, ਪੰਨਾ 97.
29. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 331.

ਵਿਚਾਰ ਹੈ, "ਐਸੀ ਦਸ਼ਾ ਦੀ ਵਿਸ਼ੇਸ਼ਤਾ ਇਹ ਹੈ ਕਿ ਇਸ ਵਿਚ ਸਾਰੀ ਚਿੱਤ ਸ਼ਕਤੀ ਦੇ ਕੇਵਲ ਇਕ ਪਾਸੇ ਕੇਂਦਰਿਤ ਹੋਣ ਕਾਰਨ ਉਸਦੀਆਂ ਦੂਸਰੀਆਂ ਬਿਰਤੀਆਂ ਨੂੰ ਹੋਰ ਕਿਸੇ ਪਾਸੇ ਪ੍ਰਵਾਹਿਤ ਹੋਣ ਦਾ ਮੌਕਾ ਹੀ ਨਹੀਂ ਮਿਲਦਾ। ਐਸੀ ਚੇਤਨਾ ਨੂੰ ਹੀ ਅਧਿਆਤਮਿਕ ਸ਼ਬਦਾਵਲੀ ਵਿਚ ਇੰਦ੍ਰਿਆਤੀਤ (Transcendental) ਕਿਹਾ ਜਾਂਦਾ ਹੈ ਅਤੇ ਇਸ ਨੂੰ ਹੀ ਆਧੁਨਿਕ ਵਿਦਵਾਨਾਂ ਦੀ ਭਾਸ਼ਾ ਵਿਚ 'ਬ੍ਰਹਿਮੰਡੀ' (Cosmic) ਵੀ ਕਿਹਾ ਜਾਂਦਾ ਹੈ। ਐਸੀ ਹਾਲਤ ਵਿਚ ਹੀ ਸ਼ੁਧ ਚੇਤੰਨਤਾ ਹੁੰਦੀ ਹੈ ਅਤੇ ਇਸ ਦੀ ਅਨੁਭੂਤੀ ਨੂੰ ਹੀ ਰਹਸਯਨੁਭੂਤੀ, ਸਵੈਨੁਭੂਤੀ, ਈਸ਼ਵਰ ਅਨੁਭੂਤੀ ਜਾਂ ਨਿਰਵਾਨ ਵਰਗੇ ਨਾਂ ਦਿੱਤੇ ਗਏ ਮਿਲਦੇ ਹਨ।"[30]

ਰਹੱਸਵਾਦੀ ਦਾ ਮੂਲ ਲੱਛਣ ਉਸਦਾ ਪ੍ਰਭੂ ਰੂਪ ਹੋ ਜਾਣਾ ਹੀ ਜ਼ਿਆਦਾ ਸਾਰਥਕ ਹੈ। ਉਸਦੀ ਇਸ ਅਵਸਥਾ ਤੋਂ ਛੁੱਟ ਉਸਨੂੰ ਕਿਸੇ ਰੂਪ ਵਿਚ ਸਵੀਕਾਰ ਨਹੀਂ ਕੀਤਾ ਸਕਦਾ । "ਸ਼ੁਰੂਆਤੀ ਦੌਰ ਵਿਚ ਭਾਵੇਂ ਆਤਮਾ ਅਤੇ ਪਰਮਾਤਮਾ ਦੋ ਵੱਖਰੀਆਂ-ਵੱਖਰੀਆਂ ਸ਼ਕਤੀਆਂ ਨਜ਼ਰ ਆਉਂਦੀਆਂ ਹਨ, ਪਰ ਜਦੋਂ ਦੋਵੇਂ ਆਪਸ ਵਿਚ ਮਿਲ ਜਾਂਦੇ ਹਨ ਤਾਂ ਪਰਮਾਤਮਾ ਦੇ ਗੁਣਾਂ ਦਾ ਪ੍ਰਵਾਹ ਆਤਮਾ ਵਿਚ ਇਤਨੀ ਤੇਜ਼ ਗਤੀ ਨਾਲ ਹੁੰਦਾ ਹੈ ਕਿ ਆਤਮਾ ਦੇ ਨਿਜਗੁਣ ਤਾਂ ਲੁਪਤ ਹੋ ਜਾਂਦੇ ਹਨ ਅਤੇ ਪਰਮਾਤਮਾ ਦੇ ਗੁਣ ਪ੍ਰਗਟ ਹੋ ਜਾਂਦੇ ਹਨ। ਅਸਲ ਵਿਚ ਇਹ ਹੀ ਸਬੰਧ ਰਹਸਯਵਾਦੀਆਂ ਦਾ ਪਰਮ ਲਕਸ਼ ਹੈ।"[31] ਕਬੀਰ ਜੀ ਨੇ ਰਹੱਸਵਾਦੀ ਅਨੁਭੂਤੀ ਨੂੰ ਪ੍ਰਮਾਤਮਾ ਸਰੂਪ ਹੀ ਸਵੀਕਾਰਿਆ ਹੈ। ਇਹ ਚੇਤਨਾ ਪੂਰਨ ਮਿਲਾਪ ਦੇ ਅਨੁਭਵ ਵਿਚੋਂ ਹੀ ਪ੍ਰਗਟ ਹੁੰਦੀ ਹੈ ਤਾਂ ਹੀ ਆਪ ਨੇ ਕਿਹਾ ਹੈ:

ਹਰਿ ਜਨੁ ਐਸਾ ਚਾਹੀਐ ਜੈਸਾ ਹਰਿ ਹੀ ਹੋਇ॥[32]

---

30. ਪਰਸ਼ੂਰਾਮ ਚਤੁਰਵੇਦੀ, *ਰਹਸਯਵਾਦ,* ਪੰਨਾ 97.
31. ਵਿਜੇਂਦਰ ਸਨਾਤਕ (ਸੰਪਾ.), *ਸੰਤ ਕਬੀਰ,* ਤੀਸਰਾ ਸੰਸਕਰਣ, ਦਿੱਲੀ, 1970, ਪੰਨਾ 79.
32. *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 1372.

ਗੁਰੂ ਨਾਨਕ ਅਧਿਐਨ : ਇੱਕ ਇਤਿਹਾਸਕ ਦ੍ਰਿਸ਼ਟੀਕੋਣ

(ਮੁੱਢਲੇ ਗੁਰਮੁਖੀ ਸ੍ਰੋਤਾਂ ਦੇ ਆਧਾਰ ਤੇ)

ਗੁਰਦੀਪ ਸਿੰਘ *

ਸਿੱਖ ਧਰਮ ਦੇ ਮੋਢੀ ਗੁਰੂ ਨਾਨਕ ਸਾਹਿਬ (1469-1539) ਵੱਲੋਂ ਰਚੀ ਬਾਣੀ ਦੀ ਧਰਮ ਅਧਿਐਨ ਖਾਸ ਕਰਕੇ ਗੁਰੂ ਨਾਨਕ ਅਧਿਐਨ ਵਿੱਚ ਵਿਸ਼ੇਸ਼ ਮਹੱਤਤਾ ਹੈ। ਦੁਨੀਆਂ ਭਰ ਵਿੱਚ ਗੁਰੂ ਨਾਨਕ ਸਾਹਿਬ ਦੇ ਜੀਵਨ ਅਤੇ ਉਨ੍ਹਾਂ ਦੀ ਵਿਚਾਰਧਾਰਾ ਉੱਤੇ ਅਨੇਕ ਪੱਖਾਂ ਤੋਂ ਅਧਿਐਨ-ਕਾਰਜ ਹੋ ਰਹੇ ਹਨ, ਜੋ ਕਿ ਸ਼ਖਸੀ ਪੱਧਰ ਤੋਂ ਲੈ ਕੇ ਯੂਨੀਵਰਸਿਟੀ ਦੇ ਅਕਾਦਮਿਕ ਪੱਖ ਤੱਕ ਫੈਲੇ ਹੋਏ ਹਨ। ਗੁਰੂ ਨਾਨਕ ਅਧਿਐਨ ਨਾਲ ਸੰਬੰਧਿਤ ਇਸ ਸੰਦਰਭ ਵਿੱਚ ਅਸੀਂ ਗੁਰੂ ਨਾਨਕ ਅਧਿਐਨ ਦੇ ਮੁੱਢਲੇ ਗੁਰਮੁਖੀ ਸ੍ਰੋਤਾਂ ਵਿੱਚੋਂ ਗੁਰੂ ਨਾਨਕ ਸਾਹਿਬ ਦੇ ਜੀਵਨ, ਵਿਚਾਰਧਾਰਾ, ਸਖਸ਼ੀਅਤ ਆਦਿ ਬਾਰੇ ਸਮਝਣ ਦੀ ਕੋਸ਼ਿਸ਼ ਕਰ ਰਹੇ ਹਾਂ।

ਇਤਿਹਾਸਕ ਪੱਖ ਤੋਂ ਵੇਖਿਆ ਜਾਵੇ ਤਾਂ ਜਦੋਂ ਅਸੀਂ ਗੁਰੂ ਸਾਹਿਬਾਨ ਬਾਰੇ ਪ੍ਰਮਾਣਿਕ ਇਤਿਹਾਸ ਦੀ ਭਾਲ ਕਰਦੇ ਹਾਂ ਤਾਂ ਸਾਡੇ ਸਾਹਮਣੇ ਦੋ ਤਰ੍ਹਾਂ ਦੇ ਸਰੋਤ ਆਉਂਦੇ ਹਨ : ਫ਼ਾਰਸੀ ਸ੍ਰੋਤ ਅਤੇ ਗੁਰਮੁਖੀ ਸ੍ਰੋਤ। ਮੁਗਲ ਰਾਜ ਸਮੇਂ ਸਰਕਾਰੀ ਭਾਸ਼ਾ ਫ਼ਾਰਸੀ ਸੀ। ਸੁਭਾਵਿਕ ਹੀ ਇਤਿਹਾਸ ਫ਼ਾਰਸੀ ਭਾਸ਼ਾ ਵਿੱਚ ਹੀ ਰਚਿਆ ਜਾਂਦਾ ਸੀ। ਇਸ ਭਾਸ਼ਾ ਵਿੱਚ ਮਿਲਦੀਆਂ ਲਿਖਤਾਂ ਜ਼ਿਆਦਾਤਰ ਅਜਿਹੀਆਂ ਲਿਖਤਾਂ ਹਨ, ਜੋ ਸਿੱਧੇ ਰੂਪ ਵਿੱਚ ਗੁਰੂ ਨਾਨਕ ਸਾਹਿਬ ਜਾਂ ਉਨ੍ਹਾਂ ਦੀ ਵਿਚਾਰਧਾਰਾ ਨੂੰ ਪੇਸ਼ ਨਹੀਂ ਕਰਦੀਆਂ, ਸਗੋਂ ਆਪਣੇ-ਆਪਣੇ ਮੁੱਖ ਵਿਸ਼ੇ ਦੇ ਸੰਦਰਭ ਵਿੱਚ ਸਿੱਖ ਧਰਮ ਦੇ ਉਥਾਨ ਜਾਂ ਗੁਰੂ ਨਾਨਕ ਸਾਹਿਬ ਨੂੰ ਚਰਚਾ ਦਾ ਵਿਸ਼ਾ ਬਣਾਉਂਦੀਆਂ ਹਨ। ਫ਼ਾਰਸੀ ਲਿਖਤਾਂ ਨਾਲੋਂ ਗੁਰਮੁਖੀ ਲਿਖਤਾਂ ਗੁਰੂ ਨਾਨਕ ਅਧਿਐਨ ਲਈ ਵਧੇਰੇ ਲਾਹੇਬੰਦ ਸਾਬਿਤ ਹੋ ਸਕਦੀਆਂ ਹਨ, ਕਿਉਂਕਿ ਗੁਰਮੁਖੀ ਸ੍ਰੋਤ ਜ਼ਿਆਦਾਤਰ ਗੁਰੂ ਕਾਲ ਵਿੱਚ ਹੀ ਲਿਖੇ ਗਏ ਸਨ, ਜਿਵੇਂ ਭਾਈ ਗੁਰਦਾਸ ਦੀਆਂ ਵਾਰਾਂ, *ਸ੍ਰੀ ਗੁਰੂ ਗ੍ਰੰਥ ਸਾਹਿਬ* ਆਦਿ ਸਿੱਖ ਇਤਿਹਾਸ ਲਈ ਵੱਡਮੁੱਲੇ ਸ੍ਰੋਤ ਮੰਨੇ ਜਾਂਦੇ ਹਨ। ਇਸ ਖੋਜ ਪੱਤਰ ਵਿੱਚ ਅਸੀਂ ਮੁੱਖ ਤੌਰ ਤੇ *ਸ੍ਰੀ ਗੁਰੂ ਗ੍ਰੰਥ ਸਾਹਿਬ,* ਭਾਈ ਗੁਰਦਾਸ ਦੀਆਂ ਵਾਰਾਂ, ਜਨਮਸਾਖੀ ਸਾਹਿਤ, ਭਾਈ ਮਨੀ ਸਿੰਘ ਜੀ, ਨੰਦ ਲਾਲ ਦੀਆਂ ਰਚਨਾਵਾਂ ਅਤੇ *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* ਨੂੰ ਲਿਆ ਹੈ।

ਗੁਰੂ ਨਾਨਕ ਅਧਿਐਨ ਦੀ ਸ਼ੁਰੂਆਤ ਗੁਰੂ ਨਾਨਕ ਬਾਣੀ ਤੋਂ ਹੀ ਹੋਈ ਜਾਪਦੀ ਹੈ, ਜੋ ਕਿ ਅੱਜ ਸਾਡੇ ਕੋਲ *ਸ੍ਰੀ ਗੁਰੂ ਗ੍ਰੰਥ ਸਾਹਿਬ* ਵਿੱਚ ਦਰਜ ਹੈ। ਲੇਖਕ ਦੱਸਦਾ ਹੈ ਕਿ "ਗੁਰੂ ਨਾਨਕ ਦੇਵ ਜੀ ਦੇ ਜੋਤੀ ਜੋਤਿ ਸਮਾਣ ਸਮੇਂ ਗੁਰੂ ਅੰਗਦ ਸਾਹਿਬ ਉਨ੍ਹਾਂ ਦੇ ਪਾਸ ਹੀ ਸਨ। ਸਤਿਗੁਰੂ ਨਾਨਕ ਦੇਵ ਜੀ ਨੇ ਆਪਣੀ ਸਾਰੀ ਬਾਣੀ ਦੀ ਪੋਥੀ ਗੁਰੂ ਅੰਗਦ ਸਾਹਿਬ ਨੂੰ ਦੇ ਦਿੱਤੀ ਸੀ।"[1] "ਗੁਰਬਾਣੀ ਦੀ ਰਚਨਾ ਦਾ ਆਰੰਭ ਗੁਰੂ ਨਾਨਕ ਸਾਹਿਬ ਜੀ ਤੋਂ ਸ਼ੁਰੂ ਹੋ ਗਿਆ ਸੀ। ਜਨਮ ਸਾਖੀ ਸਾਹਿਤ ਵਿੱਚ ਅਜਿਹੇ ਉਲੇਖ ਮਿਲਦੇ ਹਨ ਜਿਨ੍ਹਾਂ ਤੋਂ ਪਤਾ ਚੱਲਦਾ ਹੈ ਕਿ ਗੁਰੂ ਜੀ ਦੀ ਬਾਣੀ ਸਿੱਖਾਂ ਦੁਆਰਾ ਨਾਲ-ਨਾਲ ਲਿਖੀ ਜਾਂਦੀ

---

* ਰਿਸਰਚ ਸਕਾਲਰ, ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

1. ਸਾਹਿਬ ਸਿੰਘ, *ਆਦਿ ਬੀੜ ਬਾਰੇ*, ਸਿੰਘ ਬ੍ਰਦਰਜ਼, ਅੰਮ੍ਰਿਤਸਰ, 1970, ਪੰਨਾ 38.

ਰਹੀ ਸੀ। ਭਾਈ ਗੁਰਦਾਸ ਦਾ 'ਕਿਤਾਬ ਕਛ' ਦਾ ਉਲੇਖ ਅਤੇ *ਪੁਰਾਤਨ ਜਨਮਸਾਖੀ* ਦਾ 'ਪੋਥੀ ਜੁਬਾਨਿ ਗੁਰੂ ਅੰਗਦ ਜੋਗ ਮਿਲੀ' ਵਾਲਾ ਹਵਾਲਾ ਸਿੱਧ ਕਰਦਾ ਹੈ ਕਿ ਗੁਰੂ ਨਾਨਕ ਦੇਵ ਜੀ ਪਾਸ ਆਪਣੀ ਬਾਣੀ ਦਾ ਸੰਕਲਨ ਮੌਜੂਦ ਸੀ, ਜੋ ਉਨ੍ਹਾਂ ਤੋਂ ਬਾਅਦ ਗੁਰੂ ਅੰਗਦ ਦੇਵ ਤੱਕ ਪਹੁੰਚਿਆ।"[2] "ਗੁਰੂ ਅਰਜਨ ਦੇਵ ਜੀ ਤੋਂ ਪਹਿਲਾਂ ਦੇ ਸਾਰੇ ਗੁਰੂ ਸਾਹਿਬਾਨ ਆਪਣੇ-ਆਪਣੇ ਸਮੇਂ ਬਾਣੀ ਰਚਨ ਦੇ ਨਾਲ-ਨਾਲ ਬਾਣੀ ਨੂੰ ਇਕੱਤਰ ਕਰਨ ਲਈ ਭਰਪੂਰ ਯਤਨ ਕਰਦੇ ਰਹੇ ਸਨ। ਇਹ ਕਾਰਜ ਗੁਰੂ ਨਾਨਕ ਪਾਤਸ਼ਾਹ ਦੇ ਵੇਲੇ ਤੋਂ ਹੀ ਸੁਚੇਤ ਰੂਪ ਵਿੱਚ ਸ਼ੁਰੂ ਹੋ ਗਿਆ ਸੀ। ਇਤਿਹਾਸਕ ਲਿਖਤਾਂ ਦੱਸਦੀਆਂ ਹਨ ਕਿ ਗੁਰੂ ਨਾਨਕ ਦੇਵ ਜੀ ਹਰ ਸਮੇਂ ਆਪਣੇ ਪਾਸ ਇੱਕ ਕਿਤਾਬ ਰੱਖਦੇ ਸਨ ਅਤੇ ਇਸ ਕਿਤਾਬ ਵਿੱਚ ਹੀ ਰੱਬੀ ਕਲਾਮ ਅਤੇ ਸੰਤਾਂ, ਭਗਤਾਂ, ਫਕੀਰਾਂ ਦੀ ਬਾਣੀ ਦਰਜ ਕਰਦੇ ਸਨ। ਐਸੇ ਪ੍ਰਮਾਣ ਵੀ ਮਿਲਦੇ ਹਨ ਕਿ ਭਗਤਾਂ ਦੀ ਬਾਣੀ ਗੁਰੂ ਨਾਨਕ ਪਾਤਸ਼ਾਹ ਇਕੱਠੀ ਕਰਕੇ ਦੇ ਗਏ ਸਨ। ਫਿਰ ਗੁਰਗੱਦੀ ਦੇਣ ਸਮੇਂ ਹਰ ਗੁਰੂ ਆਪਣੇ ਉਤਰਾਧਿਕਾਰੀ ਨੂੰ ਆਪਣੀ ਬਾਣੀ ਅਤੇ ਪਹਿਲੇ ਗੁਰੂ ਤੋਂ ਪ੍ਰਾਪਤ ਬਾਣੀ ਸੰਗ੍ਰਹਿ ਸੌਂਪਦਾ ਚਲਾ ਗਿਆ ਅਤੇ ਇਸ ਤਰ੍ਹਾਂ ਸਮੁੱਚੀ ਬਾਣੀ ਇਕੱਤਰ ਹੁੰਦੀ ਹੋਈ ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਪਾਸ ਪਹੁੰਚ ਗਈ।"[3] ਗੁਰੂ ਨਾਨਕ ਅਧਿਐਨ ਨਾਲ ਸੰਬੰਧਿਤ ਬਹੁਤ ਸਾਰੇ ਸ੍ਰੋਤ ਪ੍ਰਾਪਤ ਹਨ, ਜੋ ਗੁਰੂ ਨਾਨਕ ਅਧਿਐਨ ਬਾਰੇ ਜਾਣਕਾਰੀ ਅੰਕਿਤ ਕਰਦੇ ਹਨ, ਜਿਵੇਂ ਕਿ ਡਾ. ਗੰਡਾ ਸਿੰਘ ਅਨੁਸਾਰ, "ਗੁਰੂ ਕਾਲ ਤੇ ਸਿੱਖ ਇਤਿਹਾਸ ਬਾਰੇ ਬਹੁਤ ਕੰਮ ਹੋਇਆ ਹੈ। ਪਰ ਅਸੀਂ ਏਥੇ ਚੰਦ ਕੁ ਉਨ੍ਹਾਂ ਮੂਲ ਸ੍ਰੋਤਾਂ ਦੀ ਗੱਲ ਕਰਾਂਗੇ, ਉਹ ਵੀ ਸੰਕੇਤਕ ਰੂਪ ਵਿੱਚ, ਜਿਨ੍ਹਾਂ ਦੀ ਭੂਮਿਕਾ ਤੇ ਪ੍ਰਸੰਗਿਕਤਾ ਅੱਜ ਵੀ ਮਹੱਤਵਪੂਰਨ ਹੈ ਜਾਂ ਮੂਲ ਸ੍ਰੋਤ ਵਜੋਂ ਹਵਾਲਾਯੋਗ ਹਨ। ਜਨਮਸਾਖੀਆਂ, ਸਾਖੀਆਂ, ਹੁਕਮਨਾਮੇ, ਰਹਿਤਨਾਮੇ, ਗੁਰਬਾਣੀ ਆਦਿ ਉਹ ਬੁਨਿਆਦੀ ਸਮੱਗਰੀ ਹੈ, ਜੋ ਗੁਰੂ ਦੇ ਜੀਵਨ ਤੇ ਫਲਸਫ਼ੇ ਸੰਬੰਧੀ ਟੋਹ ਦੇਂਦੀ ਹੈ।"[4]

ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਦੁਨੀਆਂ ਦੇ ਧਰਮ ਗ੍ਰੰਥਾਂ ਵਿੱਚੋਂ ਇੱਕ ਵਿਲੱਖਣ ਤੇ ਨਿਵੇਕਲਾ ਸਥਾਨ ਹੈ। *ਸ੍ਰੀ ਗੁਰੂ ਗ੍ਰੰਥ ਸਾਹਿਬ* ਸਿੱਖ ਪੰਥ ਦੇ ਗੁਰੂ ਜਾਣੇ ਜਾਂਦੇ ਹਨ। "ਗੁਰੂ ਅਰਜਨ ਦੇਵ ਜੀ ਕੋਲ ਪਹਿਲਾਂ ਤੋਂ ਹੀ ਸਾਰੀ ਬਾਣੀ ਇਕੱਤਰ ਹੋ ਚੁੱਕੀ ਸੀ ਅਤੇ ਉਨ੍ਹਾਂ ਨੇ ਇਸ ਬਾਣੀ ਨੂੰ ਇੱਕ ਤਰਤੀਬ ਦੇ ਕੇ ਸੰਪਾਦਤ ਕਰਨ ਦਾ ਕੰਮ ਆਪਣੀ ਨਿਗਰਾਨੀ ਹੇਠ ਭਾਈ ਗੁਰਦਾਸ ਜੀ ਪਾਸੋਂ ਕਰਵਾਇਆ। ਤਿੰਨ ਸਾਲ ਇਹ ਮਹਾਨ ਕਾਰਜ ਚੱਲਦਾ ਰਿਹਾ ਅਤੇ 1604 ਈ. ਵਿੱਚ ਗੁਰੂ ਅਰਜਨ ਪਾਤਸ਼ਾਹ ਦੁਆਰਾ ਸੰਪਾਦਿਤ *ਗੁਰੂ ਗ੍ਰੰਥ ਸਾਹਿਬ* ਦੀ ਬੀੜ ਦਾ ਪਹਿਲਾ ਪ੍ਰਕਾਸ਼ ਸ੍ਰੀ ਹਰਿਮੰਦਰ ਸਾਹਿਬ ਵਿੱਚ ਕੀਤਾ ਗਿਆ।"[5] ਸਿੱਖ ਧਰਮ ਦਾ ਮੂਲ ਆਧਾਰ ਗੁਰਬਾਣੀ ਹੈ, ਜਿਸ ਦੇ ਸਿਧਾਂਤ ਤੇ ਸਿੱਖ ਰਹਿਤ ਵਿਕਸਤ ਹੋਈ ਹੈ। ਸਿੱਖ ਰਹਿਤ ਦੀ ਅਗਵਾਈ ਸਿੱਖ ਵਿਸ਼ਵਾਸ ਨੇ ਕੀਤੀ ਹੈ, ਜੋ ਸੰਗਠਤ ਰੂਪ ਵਿੱਚ *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* ਦੇ ਰੂਪ ਵਿੱਚ ਸਿੱਖਾਂ ਕੋਲ ਹੈ। ਗੁਰੂ ਨਾਨਕ ਸਾਹਿਬ ਅਤੇ ਉਨ੍ਹਾਂ ਦੀ ਗੱਦੀ 'ਤੇ ਵਿਰਾਜਮਾਨ ਗੁਰੂ ਸਾਹਿਬਾਨ ਨੇ ਸਿੱਖ ਵਿਸ਼ਵਾਸ ਨੂੰ ਸੰਸਥਾਈ ਰੂਪ ਦੇਣ ਦੇ ਇਰਾਦੇ ਨਾਲ ਗੁਰਬਾਣੀ ਦੀ ਰਚਨਾ ਕੀਤੀ ਅਤੇ ਹੋਰਨਾਂ ਬਾਣੀਕਾਰਾਂ ਦੀਆਂ ਰਚਨਾਵਾਂ ਨੂੰ ਇਕੱਠਾ ਕੀਤਾ ਅਤੇ ਗੁਰੂ ਅਰਜਨ ਸਾਹਿਬ ਨੇ ਇਨ੍ਹਾਂ ਦੀ ਸੰਪਾਦਨਾ ਕਰਕੇ *ਆਦਿ ਗ੍ਰੰਥ* ਤਿਆਰ ਕੀਤਾ, ਇਸ ਤੋਂ ਉਪਰੰਤ ਗੁਰੂ ਗੋਬਿੰਦ ਸਿੰਘ ਜੀ ਨੇ ਨੌਵੇਂ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਨੂੰ ਇਸ ਵਿੱਚ ਸ਼ਾਮਲ ਕੀਤਾ। ਜੋਤੀ ਜੋਤ ਸਮਾਉਣ ਤੋਂ ਪਹਿਲਾਂ ਉਨ੍ਹਾਂ ਨੇ ਸੰਨ 1708

---

2. ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵਕੋਸ਼*, ਭਾਗ ਪਹਿਲਾ, ਗੁਰ ਰਤਨ ਪਬਲਿਸ਼ਰਜ਼, ਪਟਿਆਲਾ, 2005, ਪੰਨਾ 659.
3. ਜਸਪਾਲ ਸਿੰਘ, *ਸਿੱਖ ਧਰਮ ਤੇ ਰਾਜਨੀਤੀ*, ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ, 1997, ਪੰਨੇ 24-25.
4. ਹਰਚੰਦ ਸਿੰਘ ਬੇਦੀ (ਸੰਪਾ.), *ਗੰਡਾ ਸਿੰਘ ਦੀ ਸਿੱਖ ਇਤਿਹਾਸ ਸਰੋਤ ਪੁਸਤਕ*, ਖਾਲਸਾ ਕਾਲਜ, ਅੰਮ੍ਰਿਤਸਰ, 2000, ਪੰਨੇ 47-48.
5. *ਉਹੀ*, ਪੰਨਾ 25.

ਈ. ਨੂੰ *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* ਨੂੰ ਗੁਰਗੱਦੀ ਬਖ਼ਸ਼ ਦਿੱਤੀ ਸੀ। ਸਿੱਖ ਧਰਮ ਦੀ ਇਹ ਵੀ ਵਿਲੱਖਣਤਾ ਹੈ ਕਿ ਸ਼ਬਦ ਨੂੰ ਗੁਰੂ ਮੰਨਿਆ ਗਿਆ ਹੈ। ਗੁਰੂ ਨਾਨਕ ਸਾਹਿਬ ਵੱਲੋਂ ਸ਼ੁਰੂ ਕੀਤੀ ਸ਼ਬਦ ਗੁਰੂ ਦੀ ਪਰੰਪਰਾ ਨੂੰ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਰੂਪ ਵਿੱਚ ਸਿੱਖਾਂ ਨੂੰ ਮੁਕੰਮਲ ਰੂਪ ਵਿੱਚ ਭੇਂਟ ਕੀਤਾ ਹੈ।

ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ॥
ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ॥

(*ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 982)

ਸ੍ਰੀ ਗੁਰੂ ਗ੍ਰੰਥ ਸਾਹਿਬ ਦੁਨੀਆਂ ਦਾ ਇਕੋ ਇਕ ਅਜਿਹਾ ਧਰਮ ਗ੍ਰੰਥ ਹੈ ਜਿਸ ਨੂੰ ਕਿ ਗੁਰੂ ਦਾ ਦਰਜਾ ਪ੍ਰਾਪਤ ਹੈ, ਜੋ ਕਿ ਮਨੁੱਖੀ ਰੂਹ ਦੀ ਅਕਾਲ-ਪੁਰਖ ਨਾਲ ਅਭੇਦਤਾ ਅਤੇ ਅਧਿਆਤਮਕਤਾ ਦਾ ਸਿਖਰ ਹੋਣ ਦੇ ਨਾਲ-ਨਾਲ ਬਾਣੀਕਾਰਾਂ ਦੇ ਸਮਕਾਲੀਨ ਹਾਲਾਤਾਂ ਦਾ ਸਾਖੀ ਵੀ ਹੈ। ਗੁਰੂ ਨਾਨਕ ਸਾਹਿਬ ਦੀ ਵਿਚਾਰਧਾਰਾ ਨੂੰ ਸਮਝਣ ਦਾ ਮੁੱਖ ਸ੍ਰੋਤ ਉਨ੍ਹਾਂ ਦੁਆਰਾ ਰਚੀ ਬਾਣੀ ਹੈ, ਜੋ *ਸ੍ਰੀ ਗੁਰੂ ਗ੍ਰੰਥ ਸਾਹਿਬ* ਵਿੱਚ ਸੁਰੱਖਿਅਤ ਹੈ।

ਗੁਰੂ ਨਾਨਕ ਸਾਹਿਬ ਸੰਬੰਧੀ ਇੱਕ ਵੱਡਮੁੱਲਾ ਅਤੇ ਭਰੋਸੇਯੋਗ ਸ੍ਰੋਤ ਭਾਈ ਗੁਰਦਾਸ ਜੀ ਦੀਆਂ ਰਚਨਾਵਾਂ ਹਨ। ਭਾਵੇਂ ਭਾਈ ਸਾਹਿਬ ਗੁਰੂ ਜੀ ਦੇ ਸਮਕਾਲੀ ਤਾਂ ਨਹੀਂ ਸਨ ਪਰ ਇਨ੍ਹਾਂ ਦੇ ਜੀਵਨ-ਕਾਲ ਵਿੱਚ ਥੋੜ੍ਹਾ ਹੀ ਅੰਤਰ ਸੀ ਜਿਵੇਂ ਕਿ ਗੁਰੂ ਨਾਨਕ ਸਾਹਿਬ ਦਾ ਜੀਵਨ-ਕਾਲ 1469-1539 ਸੀ। "ਭਾਈ ਸਾਹਿਬ ਭਾਈ ਵੀਰ ਸਿੰਘ ਜੀ ਨੇ ਇਨ੍ਹਾਂ ਦੀ ਜੀਵਨ ਸੀਮਾ ਬਾਰੇ ਨਿਸ਼ਚਿਤ ਮਤਿ ਸਥਾਪਤ ਨਾ ਕਰਕੇ 1545-1637 ਈ. ਦੇ ਵਿਚਕਾਰ ਆਪ ਦੀ ਹੋਂਦ ਅਨੁਮਾਨੀ ਹੈ।"[6] ਪਰ ਫਿਰ ਵੀ ਸਪੱਸ਼ਟ ਹੈ ਕਿ ਭਾਈ ਸਾਹਿਬ ਗੁਰੂ ਪਰਿਵਾਰ ਵਿੱਚੋਂ ਸਨ ਅਤੇ ਗੁਰੂ ਅਮਰਦਾਸ ਜੀ ਦੇ ਨੇੜੇ ਦੇ ਸੰਬੰਧੀ ਸਨ, ਉਨ੍ਹਾਂ ਦਾ ਜਨਮ ਗੁਰੂ ਨਾਨਕ ਸਾਹਿਬ ਤੋਂ ਲਗਭਗ ਕੁਝ ਸਾਲ ਬਾਅਦ ਦਾ ਮੰਨਿਆ ਜਾਂਦਾ ਹੈ। ਇਸ ਲਈ ਉਨ੍ਹਾਂ ਨੂੰ ਗੁਰੂ ਨਾਨਕ ਵਿਚਾਰਧਾਰਾ ਦੇ ਵਿਸ਼ੇ ਉੱਤੇ ਪ੍ਰਮਾਣ ਪੁਰਸ਼ ਕਿਹਾ ਜਾ ਸਕਦਾ ਹੈ।

"ਭਾਈ ਗੁਰਦਾਸ ਜੀ ਦੀਆਂ ਰਚਿਤ 40 ਵਾਰਾਂ ਉਪਲੱਬਧ ਹਨ। ਗੁਰੂ ਨਾਨਕ ਸੰਬੰਧੀ ਰੋਸ਼ਨੀ ਪਾਉਣ ਹਿਤ ਸਹਾਇਕ ਵਾਰਾਂ ਦੀ ਗਿਣਤੀ ਲਗਭਗ ਛੇ ਹੈ।"[7] ਭਾਈ ਗੁਰਦਾਸ ਜੀ ਪਹਿਲੀ ਵਾਰ ਵਿੱਚ ਗੁਰੂ ਨਾਨਕ ਸਾਹਿਬ ਸੰਬੰਧੀ ਇਸ ਤਰ੍ਹਾਂ ਫੁਰਮਾਉਂਦੇ ਹਨ :

"ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗ ਚਾਨਣ ਹੋਆ।
ਜਿਉ ਕਰਿ ਸੂਰਜ ਨਿਕਲਿਆ ਤਾਰੇ ਛਪਿ ਅੰਧੇਰੁ ਪਲੋਆ।"[8]

ਜਦੋਂ ਗੁਰੂ ਨਾਨਕ ਸਾਹਿਬ ਸਤਿਗੁਰੂ ਰੂਪ ਵਿੱਚ ਪ੍ਰਗਟ ਹੋਏ, ਉਸ ਸਮੇਂ ਜਗਤ ਵਿੱਚ ਸਮਾਜਿਕ, ਸਭਿਆਚਾਰਕ, ਸਦਾਚਾਰਕ, ਧਾਰਮਿਕ ਤੇ ਰਾਜਨੀਤਿਕ ਖੇਤਰ ਵਿੱਚ ਅਗਿਆਨ ਰੂਪੀ ਧੁੰਧ ਦਾ ਫ਼ੈਲਾਅ ਹੋ ਚੁੱਕਿਆ ਸੀ। ਗੁਰੂ ਨਾਨਕ ਸਾਹਿਬ ਦੇ ਪ੍ਰਗਟ ਹੋਣ ਤੇ ਜਗਤ ਵਿੱਚੋਂ ਅਗਿਆਨ ਰੂਪੀ ਧੁੰਧ ਮਿਟ ਗਈ ਅਤੇ ਸਮੁੱਚੇ ਜਗਤ ਵਿੱਚ ਗਿਆਨ ਰੂਪੀ ਚਾਨਣ ਦਾ ਪ੍ਰਕਾਸ਼ ਹੋ ਗਿਆ। ਉਸ ਸਮੇਂ ਅਗਿਆਨ ਰੂਪੀ ਰਾਤ ਛਾਈ ਹੋਈ ਸੀ ਅਤੇ ਸਮੇਂ ਦੇ ਪੀਰ, ਪੈਗੰਬਰ, ਸਾਧੂ, ਸੰਤ ਅਗਿਆਨ ਰੂਪੀ ਰਾਤ ਵਿੱਚ ਜੁਗਨੂੰ ਦੀ ਤਰ੍ਹਾਂ ਟਿਮਟਿਮਾ ਰਹੇ ਸਨ। ਜਦੋਂ ਗੁਰੂ ਨਾਨਕ ਸਾਹਿਬ (ਗਿਆਨ ਰੂਪੀ ਸੂਰਜ) ਨੇ ਜਨਮ ਲਿਆ ਤਾਂ ਉਹ ਸਭ ਦੂਰ ਹੋ ਗਏ।

6. ਭਾਈ ਵੀਰ ਸਿੰਘ (ਸੰਪਾ.), *ਕਬਿੱਤ ਭਾਈ ਗੁਰਦਾਸ,* ਦੂਸਰਾ ਸਕੰਧ, ਅੰਮ੍ਰਿਤਸਰ, 1940, ਪੰਨਾ 83, ਮੁਖਬੰਧ.
7. ਗੁਰਬਚਨ ਸਿੰਘ ਨਈਅਰ, *ਗੁਰੂ ਨਾਨਕ ਵਿਆਖਿਆਤਮਕ ਪੁਸਤਕਮਾਲਾ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997, ਪੰਨਾ 45.
8. *ਭਾਈ ਗੁਰਦਾਸ ਜੀ, ਵਾਰਾਂ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1952, ਵਾਰ 1.28, ਪੰਨਾ 14.

ਭਾਈ ਗੁਰਦਾਸ ਜੀ ਦੀ "ਪਹਿਲੀ ਵਾਰ ਗੁਰੂ ਨਾਨਕ ਸਾਹਿਬ ਦੇ ਜੀਵਨ ਅਤੇ ਸਿੱਖਿਆ ਦੀ ਸੂਚਕ ਹੈ ਤੇ ਇਸ ਵਿਸ਼ੇ ਨੂੰ ਵਿਸਥਾਰ ਸਹਿਤ ਨਿਭਾਉਂਦੀ ਹੈ। ਚਾਰ ਵਾਰਾਂ, ਜਿਨ੍ਹਾਂ ਵਿੱਚ ਬਾਰ੍ਹਵੀਂ, ਵੀਹਵੀਂ, ਚੌਵੀਵੀਂ ਅਤੇ ਛੱਬੀਵੀਂ ਸ਼ਾਮਲ ਹਨ, ਗੁਰੂ ਨਾਨਕ ਸਾਹਿਬ ਸੰਬੰਧੀ ਕੁਝ ਵਿਆਪਕ ਪ੍ਰਸੰਗਾਂ ਦੇ ਉਲੇਖ ਕਰਦੀਆਂ ਹਨ। ਗਿਆਰ੍ਹਵੀਂ ਵਾਰ ਗੁਰੂ ਸਾਹਿਬ ਦੇ ਸ਼ਰਧਾਲੂਆਂ ਦੇ ਨਾਵਾਂ ਦੀ ਲਖਾਇਕ ਹੈ।"[9] ਭਾਈ ਗੁਰਦਾਸ ਦੀਆਂ ਵਾਰਾਂ ਦਾ ਪ੍ਰਮੁੱਖ ਵਿਸ਼ਾ ਗੁਰਬਾਣੀ ਦੀ ਵਿਆਖਿਆ ਹੈ, ਇਸ ਤੋਂ ਬਿਨਾਂ ਰਾਜਸੀ ਭਾਵਨਾ ਤੇ ਸਮਾਜਿਕ ਵਿਵੇਚਨ ਵੀ ਉਨ੍ਹਾਂ ਦੀ ਰਚਨਾ ਵਿੱਚ ਸ਼ਾਮਿਲ ਹੈ। ਭਾਈ ਗੁਰਦਾਸ ਦੀਆ ਵਾਰਾਂ ਨੂੰ ਭਾਵੇਂ ਸ਼ੁੱਧ ਇਤਿਹਾਸ ਨਹੀਂ ਕਿਹਾ ਜਾ ਸਕਦਾ, ਪਰ ਉਨ੍ਹਾਂ ਵਿੱਚ ਅਜਿਹੇ ਇਤਿਹਾਸਕ ਸੰਕੇਤ ਵਿਦਮਾਨ ਹਨ, ਜੋ ਗੁਰ-ਇਤਿਹਾਸ ਉਲੀਕਣ ਲਈ ਵੱਡਮੁੱਲੀ ਸਾਮੱਗ੍ਰੀ ਪ੍ਰਦਾਨ ਕਰਦੇ ਹਨ। ਇਹ ਇਤਿਹਾਸਕ ਸੰਕੇਤ ਅਧਿਕਤਰ ਪਹਿਲੀ ਵਾਰ ਵਿੱਚ ਗੁਰੂ ਨਾਨਕ ਦੇਵ ਜੀ ਦੇ ਜੀਵਨ-ਕਾਲ ਨਾਲ ਸੰਬੰਧਿਤ ਹੋਣ ਕਰਕੇ ਗੁਰੂ ਨਾਨਕ ਦੇਵ ਜੀ ਦੇ ਜੀਵਨ ਤੇ ਬਿੰਬ ਨੂੰ ਉਜਾਗਰ ਕਰਦੇ ਹਨ। ਇਸ ਤੋਂ ਇਲਾਵਾ ਭਾਈ ਗੁਰਦਾਸ ਦੀਆਂ ਵਾਰਾਂ ਵਿੱਚ ਗੁਰੂ ਅੰਗਦ ਦੇਵ ਜੀ ਤੋਂ ਗੁਰੂ ਹਰਗੋਬਿੰਦ ਜੀ ਤੱਕ ਸੰਕੇਤ ਵੀ ਮਿਲਦੇ ਹਨ ਜੋ ਗੁਰ-ਇਤਿਹਾਸ ਉਲੀਕਣ ਲਈ ਸਹਾਈ ਹੁੰਦੇ ਹਨ।

ਭਾਈ ਗੁਰਦਾਸ ਨੇ ਗਿਆਰ੍ਹਵੀਂ ਵਾਰ ਵਿੱਚ ਗੁਰੂ ਸਾਹਿਬਾਨ ਦੇ ਕੁਝ ਪ੍ਰਮੁੱਖ ਸਿੱਖਾਂ ਦੀ ਸੂਚੀ ਵੀ ਦਿੱਤੀ ਹੈ, ਜੋ ਇੱਕ ਤਰ੍ਹਾਂ ਨਾਲ ਗੁਰੂ-ਕਾਲ ਦੇ ਸਿੱਖਾਂ ਦੀ ਨਾਮਾਵਲੀ ਦਾ ਲਘੂਕੋਸ਼ ਹੈ।"[10] ਭਾਈ ਗੁਰਦਾਸ ਦੀ ਕਾਵਿ-ਰਚਨਾ ਵਿੱਚੋਂ ਵੀ ਅਜਿਹੀ ਰਾਜਨੀਤਿਕ ਸਥਿਤੀ ਦਾ ਵਿਵਰਣ ਮਿਲਦਾ ਹੈ, ਜਿਵੇਂ:

"ਭਾਈ ਗੁਰਦਾਸ ਦੀ ਕਾਵਿ-ਰਚਨਾ ਵਿੱਚ ਵਿਦਮਾਨ ਰਾਜਸੀ ਭਾਵਨਾ ਦੇ ਵਿਵੇਚਣ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਸਿੱਖ ਧਰਮ ਵਿੱਚ ਰਾਜਨੀਤਿਕ ਚੇਤੰਨਤਾ ਦਾ ਬੀਜ ਗੁਰੂ ਨਾਨਕ ਕਾਲ ਵਿੱਚ ਅਸੰਤੋਸ਼ ਦੀ ਭਾਵਨਾ ਦੇ ਰੂਪ ਵਿੱਚ ਬੀਜਿਆ ਗਿਆ, ਜੋ ਗੁਰੂ ਹਰਗੋਬਿੰਦ ਦੇ ਸਮੇਂ ਪ੍ਰਫੁੱਲਿਤ ਹੋਇਆ। ਇਸ ਤਰ੍ਹਾਂ ਸਿੱਖ ਧਰਮ ਵਿੱਚ ਰਾਜਨੀਤਿਕ ਚੇਤੰਨਤਾ ਦੇ ਉਦਗਮ ਅਤੇ ਵਿਕਾਸ ਨੂੰ ਜਾਨਣ ਲਈ ਭਾਈ ਗੁਰਦਾਸ ਦੀ ਕਾਵਿ-ਰਚਨਾ ਇੱਕ ਮਹੱਤਵਪੂਰਨ ਸ੍ਰੋਤ ਹੈ।"[11]

"ਕਲਿ ਆਈ ਕੁਤੇ ਮੁਹੀ ਖਾਜੁ ਹੋਇਆ ਮੁਰਦਾਰ ਗੁਸਾਈ॥
ਰਾਜੇ ਪਾਪ ਕਮਾਵਦੇ ਉਲਟੀ ਵਾੜ ਖੇਤ ਕਉ ਖਾਈ॥...
ਕਾਜੀ ਹੋਏ ਰਿਸ਼ਵਤੀ ਵਢੀ ਲੈ ਕੇ ਹਕ ਗਵਾਈ॥"[12]

ਉਸ ਸਮੇਂ ਦੇ ਲੋਕਾਂ ਦਾ ਵਰਤਾਰਾ ਕੁੱਤਿਆਂ ਦੀ ਤਰ੍ਹਾਂ ਹੋ ਗਿਆ ਇਨ੍ਹਾਂ ਦਾ ਖਾਣ ਪੀਣ ਝੂਠ ਤੇ ਖੋਹਾ-ਖੋਹੀ ਦੀ ਕਮਾਈ ਦਾ ਹੋ ਗਿਆ ਭਾਵ ਹੱਕ ਬੇ-ਹੱਕ ਕੋਈ ਨਹੀਂ ਦੇਖਦਾ ਸੀ। ਰਾਜਿਆਂ ਦਾ ਧਰਮ ਸੀ ਨਿਆਂ ਕਰਨਾ ਪਰ ਉਹ ਰਾਜੇ ਅਨਿਆਂ ਕਰ ਰਹੇ ਸਨ, ਰਾਜੇ ਪਰਜਾ ਨੂੰ ਹੀ ਦੁੱਖ ਦੇ ਰਹੇ ਸਨ। ਸਮੇਂ ਦੇ ਕਾਜ਼ੀ, ਜੋ ਕਿ ਧਰਮ ਦੇ ਉਸ ਸਮੇਂ ਮੋਹਤਬਰ ਵਿਅਕਤੀ ਸਨ, ਵੀ ਵੱਢੀ ਖੋਰ ਹੋ ਗਏ ਸਨ ਅਤੇ ਰਿਸ਼ਵਤ ਲੈ ਕੇ ਆਪਣਾ ਹੱਕ ਗਵਾ ਕੇ ਸੱਚ 'ਤੇ ਪਰਦੇ ਪਾ ਰਹੇ ਸਨ।

ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿੱਚੋਂ ਇਹ ਨਜ਼ਰ ਆਉਂਦਾ ਹੈ ਕਿ ਗੁਰੂ ਸਾਹਿਬ ਆਪਣੀ ਹੋਂਦ ਦਾ ਕੋਈ ਰਾਜਸੀ ਅਸਤਿਤਵ ਸਥਾਪਤ ਨਹੀਂ ਕਰਨਾ ਚਾਹੁੰਦੇ ਸੀ ਪਰ ਗੁਰੂ ਸਾਹਿਬ ਨੇ ਸਮਕਾਲੀ ਰਾਜ ਪ੍ਰਬੰਧ ਤੇ ਨੁਕਤਾਚੀਨੀ ਕੀਤੀ।

9. ਗੁਰਬਚਨ ਸਿੰਘ ਨਈਅਰ, *ਉਪਰੋਕਤ*, ਪੰਨਾ 45.
10. ਹਰਨੇਕ ਸਿੰਘ ਕੋਮਲ, *ਵਾਰਾਂ ਭਾਈ ਗੁਰਦਾਸ ਪਾਠ ਅਤੇ ਪ੍ਰਵਚਨ*, ਰੂਹੀ ਪ੍ਰਕਾਸ਼ਨ, ਅੰਮ੍ਰਿਤਸਰ, 2007, ਪੰਨਾ 44.
11. *ਉਹੀ*, ਪੰਨਾ 47.
12. *ਭਾਈ ਗੁਰਦਾਸ ਜੀ*, ਉਪਰੋਕਤ, ਵਾਰ 1.30, ਪੰਨਾ 15.

ਜਨਮਸਾਖੀ ਦਾ ਸ਼ਾਬਦਿਕ ਅਰਥ ਜਨਮ ਦੀ ਗਵਾਹੀ, ਸਾਖੀ, ਕਹਾਣੀ, ਬਿਰਤਾਂਤ ਅਥਵਾ ਵਾਰਤਾ ਆਦਿ ਹੈ। ਸਿੱਖ ਅਧਿਐਨ ਵਿੱਚ ਇਹ ਸ਼ਬਦ ਗੁਰੂ ਨਾਨਕ ਸਾਹਿਬ ਦੇ ਜੀਵਨ ਬਿਰਤਾਂਤ ਲਈ ਪ੍ਰਚਲਿਤ ਹੋ ਗਿਆ। ਸੰਸਾਰ ਦੇ ਧਾਰਮਿਕ ਸਾਹਿਤ ਵਿੱਚ ਹਰੇਕ ਧਰਮ ਦੇ ਪਰਉਪਕਾਰਾਂ, ਕਾਰਜਾਂ, ਉਪਦੇਸ਼ਾਂ ਜਾਂ ਜੀਵਨ ਘਟਨਾਵਾਂ ਆਦਿ ਦੀਆਂ ਮੌਖਿਕ ਪਰੰਪਰਾਵਾਂ ਨੂੰ ਕਲਮਬੱਧ ਕਰਨ ਦੀ ਇਤਿਹਾਸਿਕ-ਪਰੰਪਰਾ ਹੈ। ਜਿਵੇਂ ਭਾਰਤ ਵਿੱਚ ਮਹਾਤਮਾ ਬੁੱਧ ਨਾਲ ਸੰਬੰਧਿਤ ਇਹ ਪਰੰਪਰਾ 'ਅਵਦਾਨ-ਪਰੰਪਰਾ' ਕਹਾਉਂਦੀ ਹੈ। ਸਿੱਖ ਅਧਿਐਨ ਵਿੱਚ ਖਾਸ ਕਰਕੇ ਗੁਰੂ ਨਾਨਕ ਦੇਵ ਜੀ ਬਾਰੇ ਰਵਾਇਤਾਂ, ਇਤਿਹਾਸਕ-ਘਟਨਾਵਾਂ, ਉਪਦੇਸ਼ਾਂ ਅਥਵਾ ਜੀਵਨ ਘਟਨਾ-ਕ੍ਰਮ ਬਾਰੇ ਪਰੰਪਰਾਵਾਂ ਦੇ ਲਿਖਤੀ ਸੰਗ੍ਰਹਿ ਨੂੰ 'ਜਨਮਸਾਖੀ-ਪਰੰਪਰਾ' ਦੀ ਬੋਲੀ ਦਿੱਤੀ ਜਾਂਦੀ ਹੈ। ਜਨਮਸਾਖੀ ਸਾਹਿਤ ਸਿੱਖ ਸਾਹਿਤ ਵਿੱਚ ਵਡਮੁੱਲਤਾ ਪ੍ਰਾਪਤ ਕਰਦਾ ਹੈ। ਗੁਰੂ ਸਾਹਿਬਾਨਾਂ ਦੇ ਸਮੇਂ ਦੇ ਧਾਰਮਿਕ, ਰਾਜਨੀਤਿਕ, ਆਰਥਿਕ, ਸਭਿਆਚਾਰਕ ਆਦਿ ਪੱਖਾਂ ਨਾਲ ਸੰਬੰਧਿਤ ਤੱਥ ਪੇਸ਼ ਕਰਦਾ ਹੈ।

ਜਨਮਸਾਖੀਆਂ ਦੇ ਲਿਖਤੀ ਰੂਪ ਧਾਰਨ ਕਰਨ ਤੋਂ ਪਹਿਲਾਂ ਗੁਰੂ ਨਾਨਕ ਸਾਹਿਬ ਸੰਬੰਧੀ ਰਵਾਇਤਾਂ ਦਾ ਆਰੰਭ ਗੁਰੂ ਸਾਹਿਬ ਦੇ ਸਮੇਂ ਤੋਂ ਹੀ ਹੋਇਆ ਜਾਪਦਾ ਹੈ। ਕਿਰਪਾਲ ਸਿੰਘ ਅਨੁਸਾਰ, "ਗੁਰੂ ਨਾਨਕ ਸਾਹਿਬ ਸੰਬੰਧੀ ਰਵਾਇਤਾਂ ਦਾ ਪਸਾਰਾ ਉਨ੍ਹਾਂ ਦੀ ਆਖਰੀ ਉਮਰ ਵਿੱਚ ਆਰੰਭ ਹੋਇਆ। ਇਹ ਹੀ ਕਾਰਨ ਹੈ ਕਿ ਉਨ੍ਹਾਂ ਦੀ ਬਾਲ ਅਵਸਥਾ ਦੀਆਂ ਰਵਾਇਤਾਂ ਦਾ ਠੀਕ ਪਤਾ ਨਹੀਂ ਚਲਦਾ। ਇਹ ਗੱਲ ਮੱਧ ਕਾਲ ਦੇ ਹਰ ਧਾਰਮਿਕ ਆਗੂ 'ਤੇ ਢੁੱਕਦੀ ਹੈ ਕਿਉਂਕਿ ਲੋਕ ਚਰਚਾ ਕਿਸੇ ਪ੍ਰਾਪਤੀ ਦੇ ਪਿਛੋਂ ਆਰੰਭ ਹੁੰਦੀ ਹੈ। ਕਰਤਾਰਪੁਰ ਰਹਿੰਦਿਆਂ ਗੁਰੂ ਸਾਹਿਬ ਦੇ ਜੀਵਨ ਦੀਆਂ ਗੱਲਾਂ ਸੰਗਤਾਂ ਵਿੱਚ ਪ੍ਰਚਲਿਤ ਹੋਈਆਂ। ਗੁਰੂ ਨਾਨਕ ਸਾਹਿਬ ਦੇ ਮਹਾਨ ਸਫਰ ਮੱਕੇ, ਮਦੀਨੇ, ਬਗਦਾਦ ਜਾਣਾ, ਮੁਲਤਾਨ ਅਤੇ ਉੱਚ ਦੇ ਪੀਰਾਂ ਨਾਲ ਗੋਸ਼ਟੀਆਂ, ਗੰਗਾ ਜੀ ਤੇ ਹੋਰ ਤੀਰਥਾਂ ਦੀ ਯਾਤਰਾ, ਗੋਰਖ ਪੰਥੀਆਂ ਨਾਲ ਚਰਚੇ, ਕਾਜ਼ੀਆਂ ਅਤੇ ਪੰਡਤਾਂ ਦੇ ਫੋਕੇ ਕਰਮਕਾਂਡਾਂ ਦੇ ਖੰਡਨ ਲੋਕ ਚਰਚਾ ਦਾ ਵਿਸ਼ਾ ਬਣੇ। ਇਨ੍ਹਾਂ ਸੰਬੰਧੀ ਲੋਕ ਕਹਾਣੀਆਂ ਗੁਰੂ ਨਾਨਕ ਸਾਹਿਬ ਦੇ ਜੋਤੀ-ਜੋਤ ਸਮਾਉਣ ਤੋਂ ਪਿਛੋਂ ਵੀ ਪ੍ਰਚੱਲਿਤ ਰਹੀਆਂ।"[13]

"ਗੁਰੂ ਅਰਜਨ ਸਾਹਿਬ ਦੇ *ਆਦਿ ਗੁਰੂ ਗ੍ਰੰਥ ਸਾਹਿਬ* ਦੀ ਸੰਪਾਦਨਾ ਕਰਨ, ਭਾਵ 1604 ਈਸਵੀ ਤੋਂ ਪਿਛੋਂ ਗੁਰੂ ਨਾਨਕ ਦੀ ਪਰੰਪਰਾ ਨੇ ਲਿਖਤੀ ਰੂਪ ਧਾਰਿਆ, ਕਿਉਂਕਿ *ਆਦਿ ਬੀੜ* ਤੋਂ ਪਹਿਲਾਂ ਗੁਰੂ ਨਾਨਕ ਸਾਹਿਬ ਦੇ ਸ਼ਬਦ ਐਨੀ ਭਾਰੀ ਗਿਣਤੀ ਵਿੱਚ ਕਿਸੇ ਜਨਮਸਾਖੀ ਦੇ ਕਰਤਾ ਨੂੰ ਨਹੀਂ ਮਿਲ ਸਕਦੇ ਸਨ। *ਆਦਿ ਗ੍ਰੰਥ ਸਾਹਿਬ* ਦੀ ਬੀੜ ਰਚਣ ਤੋਂ ਪਹਿਲਾਂ ਸ਼ਬਦ ਲਿਖਤੀ ਰੂਪ ਵਿੱਚ ਆਮ ਨਹੀਂ ਸਨ ਮਿਲਦੇ। ਇਸ ਗੱਲ ਦਾ ਅੰਦਾਜ਼ਾ ਇੱਥੋਂ ਵੀ ਲਾਇਆ ਜਾ ਸਕਦਾ ਹੈ ਕਿ ਗੁਰੂ ਰਾਮਦਾਸ ਜੀ ਕੋਲ *ਜਪੁਜੀ ਸਾਹਿਬ* ਦਾ ਗੁਟਕਾ ਆਪਣੇ ਹੱਥ ਦਾ ਲਿਖਿਆ ਹੋਇਆ ਸੀ, ਜਿਸ ਤੋਂ ਗੁਰੂ ਅਰਜਨ ਸਾਹਿਬ ਨੇ *ਆਦਿ ਗ੍ਰੰਥ* ਵਿੱਚ ਜਪੁਜੀ ਸਾਹਿਬ ਉਭਾਰਿਆ। ਇਸੇ ਕਰਕੇ ਪ੍ਰਾਚੀਨ ਹੱਥ-ਲਿਖਤ ਬੀੜਾਂ ਤੇ *ਜਪੁ ਨਿਸ਼ਾਨ ਗੁਰੂ ਰਾਮਦਾਸ* ਲਿਖਿਆ ਮਿਲਦਾ ਹੈ। ਸਭ ਤੋਂ ਵੱਡਾ ਸਬੂਤ ਜਿਸ ਤੋਂ ਇਹ ਸਿੱਧ ਹੁੰਦਾ ਹੈ ਕਿ ਜਨਮ ਸਾਖੀਆਂ *ਆਦਿ ਗ੍ਰੰਥ* ਰਚਨਾ ਤੋਂ ਪਿਛੋਂ ਹੋਂਦ ਵਿੱਚ ਆਈਆਂ, ਇਹ ਹੈ ਕਿ ਭਾਈ ਬਾਲੇ ਵਾਲੀ ਜਨਮ ਸਾਖੀ ਦੀ ਹੁਣ ਤੱਕ ਸਭ ਤੋਂ ਪੁਰਾਣੀ ਹੱਥ ਲਿਖਤ ਜੋ 1658 ਈਸਵੀ ਦੀ ਹੈ, ਵਿੱਚ ਵੀ ਗੁਰੂ ਅਰਜਨ ਸਾਹਿਬ ਦੇ ਸ਼ਬਦ ਮਿਲਦੇ ਹਨ। ਇਸੇ ਤਰ੍ਹਾਂ ਪੁਰਾਤਨ ਜਨਮਸਾਖੀ ਜਾਂ ਵਲਾਇਤ ਵਾਲੀ ਜਨਮਸਾਖੀ ਵਿੱਚ ਵੀ ਗੁਰੂ ਅਰਜਨ ਸਾਹਿਬ ਦੇ ਬਹੁਤ ਸ਼ਬਦ ਮੌਜਦ ਹਨ। ਜੇਕਰ ਇਹ ਜਨਮਸਾਖੀਆਂ

13. ਕਿਰਪਾਲ ਸਿੰਘ, *ਜਨਮਸਾਖੀ ਪਰੰਪਰਾ ਇਤਿਹਾਸਕ ਦ੍ਰਿਸ਼ਟੀਕੋਣ ਤੋਂ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1969, ਪੰਨਾ 6.

ਪਹਿਲਾਂ ਲਿਖੀਆਂ ਹੁੰਦੀਆਂ ਤਾਂ ਇਹਨਾਂ ਵਿੱਚ ਗੁਰੂ ਅਰਜਨ ਸਾਹਿਬ ਦੀ ਬਾਣੀ ਅੰਕਿਤ ਨਾ ਹੁੰਦੀ।"[14] ਜਨਮ ਸਾਖੀ ਸਾਹਿਤ ਬੜੀ ਲੰਬੀ ਪਰੰਪਰਾ ਵਿੱਚੋਂ ਹੋਂਦ ਵਿੱਚ ਆਇਆ ਹੈ। ਇਥੇ ਅਸੀਂ ਮੁੱਖ ਚਾਰ ਜਨਮ ਸਾਖੀਆਂ ਦੀ ਗੱਲ ਕਰਾਂਗੇ।

"ਸਤਾਰ੍ਹਵੀਂ ਸਦੀ ਦੇ ਪਹਿਲੇ ਅੱਧ ਵਿੱਚ ਲਿਖੀ ਜਨਮਸਾਖੀ ਦਾ ਪਤਾ ਲੱਗਦਾ ਹੈ ਜਿਸ ਨੂੰ ਭਾਈ ਸਾਹਿਬ ਡਾਕਟਰ ਵੀਰ ਸਿੰਘ ਜੀ ਨੇ 'ਪੁਰਾਤਨ ਜਨਮਸਾਖੀ' ਦੇ ਸਿਰਲੇਖ ਹੇਠ ਸੰਪਾਦਨ ਕਰਕੇ ਛਾਪਿਆ ਹੈ। ਅਸੀਂ ਇਸ ਜਨਮਸਾਖੀ ਨੂੰ ਵਲਾਇਤ ਵਾਲੀ ਜਨਮਸਾਖੀ ਲਿਖਿਆ ਹੈ, ਕਿਉਂਕਿ ਇਸ ਦੀ ਇੱਕ ਹੱਥ ਲਿਖਤ 1815 ਈਸਵੀ ਵਿੱਚ ਹੈਨਰੀ ਥਾਮਸ ਕੋਲਬ੍ਰਕ ਇੰਗਲੈਂਡ ਲੈ ਗਿਆ ਸੀ। ਇਹ ਸੰਸਕ੍ਰਿਤ ਦਾ ਇੱਕ ਵਿਦਵਾਨ ਸੀ, ਅਤੇ ਈਸਟ ਇੰਡੀਆ ਕੰਪਨੀ ਦੀ ਕੌਂਸਲ ਦਾ ਇੱਕ ਮੈਂਬਰ ਸੀ। ਉਥੇ ਜਾ ਕੇ ਉਸ ਨੇ ਇਹ ਖਰੜਾ ਈਸਟ ਇੰਡੀਆ ਕੰਪਨੀ ਦੀ ਲਾਇਬ੍ਰੇਰੀ ਨੂੰ ਦੇ ਦਿੱਤਾ ਤੇ 1857 ਪਿਛੋਂ ਇੰਡੀਆ ਆਫਿਸ ਲਾਇਬ੍ਰੇਰੀ ਨੂੰ ਮਿਲ ਗਿਆ ਜਿਥੇ ਇਹ ਹੁਣ ਤੱਕ ਸੁਰੱਖਿਅਤ ਹੈ। ਅੱਜਕਲ੍ਹ ਇਸ ਲਾਇਬ੍ਰੇਰੀ ਦਾ ਨਾਉਂ ਕਾਮਨ ਵੈਲਥ ਰੀਲੇਸ਼ਨਜ਼ ਲਾਇਬ੍ਰੇਰੀ ਹੋ ਗਿਆ ਹੈ। 1872 ਈਸਵੀ ਵਿੱਚ ਡਾਕਟਰ ਟਰੰਪ ਨੇ ਇਸ ਨੂੰ ਵਾਚਿਆ ਤੇ ਹੋਰਨਾਂ ਵਿਦਵਾਨਾਂ ਦਾ ਧਿਆਨ ਇਸ ਵੱਲ ਦਿਵਾਇਆ। ਚਾਰਲਸ ਐਚੀਸਨ, ਲੈਫਟੀਨੈਂਟ ਗਵਰਨਰ ਪੰਜਾਬ ਨੇ ਇਸ ਦੇ ਕੁਝ ਉਤਾਰੇ ਪੰਜਾਬ ਵਿੱਚ ਲਿਆਂਦੇ ਅਤੇ ਭਾਈ ਸਾਹਿਬ ਡਾ. ਵੀਰ ਸਿੰਘ ਜੀ ਦੇ ਸੰਪਾਦਨ ਕਰਨ ਤੋਂ ਪਹਿਲਾਂ ਇਸ ਦਾ ਨਾਂ ਵਲਾਇਤ ਵਾਲੀ ਜਨਮਸਾਖੀ ਪੈ ਗਿਆ।"[15]

ਮਿਹਰਬਾਨ ਗੁਰੂ ਅਰਜਨ ਦੇਵ ਜੀ ਦੇ ਰਿਸ਼ਤੇ ਵਿੱਚੋਂ ਸਨ ਜਿਵੇਂ "ਮਨੋਹਰ ਦਾਸ ਮਿਹਰਬਾਨ (1581-1640) ਗੁਰੂ ਅਰਜਨ ਸਾਹਿਬ ਦੇ ਵੱਡੇ ਭਰਾ ਪ੍ਰਿਥੀ ਚੰਦ ਦੇ ਸਪੁੱਤਰ ਅਤੇ ਗੁਰੂ ਰਾਮਦਾਸ ਜੀ ਦੇ ਪੋਤਰੇ ਸਨ। ਆਪ ਨੇ ਵਿੱਦਿਆ ਦੀ ਪ੍ਰਾਪਤੀ ਗੁਰੂ ਅਰਜਨ ਸਾਹਿਬ ਤੋਂ ਕੀਤੀ ਅਤੇ ਆਪਣੇ ਸਮੇਂ ਦੇ ਉੱਘੇ ਲਿਖਾਰੀ ਤੇ ਕੀਰਤਨੀਏ ਹੋਏ ਹਨ। ਗੁਰਬਾਣੀ ਦੇ ਪਦਾਰਥਾਂ ਦੀ ਪ੍ਰਾਪਤੀ ਇਨ੍ਹਾਂ ਹੀ ਤੋਰੀ ਜਾਪਦੀ ਹੈ। ਗੁਰੂ ਅੰਸ਼ ਵਿੱਚੋਂ ਹੋਣ ਕਰਕੇ ਇਹ ਗੁਰੂ ਨਾਨਕ ਸਾਹਿਬ ਸੰਬੰਧੀ ਪ੍ਰਚੱਲਿਤ ਰਵਾਇਤਾਂ ਤੋਂ ਭਲੀ ਪ੍ਰਕਾਰ ਜਾਣੂ ਸਨ। ਇਹ ਹੀ ਕਾਰਨ ਹੈ ਕਿ ਇਹ ਜਨਮਸਾਖੀ ਇਤਿਹਾਸਕ ਪੱਖ ਤੋਂ ਬਹੁਤ ਮਹਾਨਤਾ ਰੱਖਦੀ ਹੈ।"[16]

ਭਾਈ ਬਾਲੇ ਦੇ ਨਾਮ ਦਾ ਜ਼ਿਕਰ ਭਾਈ ਬਾਲੇ ਵਾਲੀ ਜਨਮਸਾਖੀ ਤੋਂ ਪਿਛਲੇ ਸ੍ਰੋਤਾਂ ਵਿੱਚ ਕਿਸੇ ਥਾਂ ਨਹੀਂ ਮਿਲਦਾ। ਇਸ ਜਨਮਸਾਖੀ ਵਿੱਚ ਦੱਸਿਆ ਹੈ ਕਿ ਜਿਸ ਤਰ੍ਹਾਂ ਭਾਈ ਮਰਦਾਨਾ ਗੁਰੂ ਨਾਨਕ ਸਾਹਿਬ ਦੇ ਨਾਲ ਸੀ, ਉਸੇ ਤਰ੍ਹਾਂ ਭਾਈ ਬਾਲਾ ਵੀ ਗੁਰੂ ਸਾਹਿਬ ਦੇ ਸਾਥ ਸੀ। ਜਦੋਂ ਭਾਈ ਬਾਲਾ ਗੁਰੂ ਸਾਹਿਬ ਦੇ ਦਰਸ਼ਨ ਕਰਨ ਗਿਆ ਤਾਂ ਗੁਰੂ ਅੰਗਦ ਸਾਹਿਬ ਨੇ ਭਾਈ ਬਾਲੇ ਨੂੰ ਗੁਰੂ ਨਾਨਕ ਸਾਹਿਬ ਦਾ ਜੀਵਨ ਬਿਰਤਾਂਤ ਲਿਖਵਾਉਣ ਲਈ ਕਿਹਾ ਅਤੇ ਭਾਈ ਪੈੜੇ ਮੋਖੇ ਨੂੰ ਨਾਲੋ-ਨਾਲ ਲਿਖਣ ਲਈ ਕਿਹਾ। ਇਸ ਤਰ੍ਹਾਂ ਇਸ ਨਾਮ ਨਾਲ ਸ਼ੁਰੂ ਹੋਈ ਜਨਮਸਾਖੀ ਆਮ ਲੋਕਾਂ ਵਿੱਚ ਮਸ਼ਹੂਰ ਹੋ ਗਈ, ਕਿਉਂਕਿ ਇਸ ਜਨਮਸਾਖੀ ਅਨੁਸਾਰ ਭਾਈ ਬਾਲਾ ਵੀ ਮਰਦਾਨੇ ਦੀ ਤਰ੍ਹਾਂ ਨਾਨਕ ਸਾਹਿਬ ਦਾ ਸਾਥੀ ਦੱਸਿਆ ਹੈ। ਪਰ ਇਸ ਜਨਮਸਾਖੀ ਤੋਂ ਬਿਨਾਂ ਪਿਛਲੇ ਹੋਰ ਸ੍ਰੋਤਾਂ ਵਿੱਚ ਮਰਦਾਨੇ ਦੀ ਤਰ੍ਹਾਂ ਭਾਈ ਬਾਲੇ ਦਾ ਜ਼ਿਕਰ ਨਹੀਂ ਆਉਂਦਾ। "ਇਸ ਜਨਮਸਾਖੀ ਦੇ ਕਰਤਾ ਨੇ ਸਾਧਾਰਨ ਰਵਾਇਤਾਂ ਨਾਲ ਮਨੋਵਿਗਿਆਨਕ ਭਾਵਾਂ ਨੂੰ ਭਰਿਆ ਹੈ ਤੇ ਕਈਆਂ ਥਾਂਵਾਂ ਤੇ ਗੁਰੂ ਜੀ ਦੇ ਸੁਭਾਅ ਅਤੇ ਘਰੋਗੀ ਵਾਤਾਵਰਨ ਨੂੰ ਉਲੀਕਣ ਦਾ ਯਤਨ ਕੀਤਾ ਹੈ।"[17]

---

14. *ਉਹੀ,* ਪੰਨਾ 8.
15. *ਉਹੀ,* ਪੰਨਾ 24.
16. *ਉਹੀ,* ਪੰਨਾ 12.
17. *ਉਹੀ,* ਪੰਨਾ 22.

ਗੁਰੂ ਗੋਬਿੰਦ ਸਿੰਘ ਜੀ ਦੇ ਖਾਲਸਾ ਸਾਜਣ ਪਿਛੋਂ ਗੁਰੂ ਨਾਨਕ ਸਾਹਿਬ ਸੰਬੰਧੀ ਪਰੰਪਰਾ ਨੇ ਜੋ ਰੂਪ ਧਾਰਿਆ, ਉਹ ਭਾਈ ਮਨੀ ਸਿੰਘ ਵਾਲੀ ਜਨਮਸਾਖੀ ਵਿੱਚ ਅੰਕਿਤ ਹੈ। ਇਸ ਜਨਮਸਾਖੀ ਦੇ ਆਰੰਭ ਵਿੱਚ ਲਿਖਿਆ ਹੈ : "ਫੇਰ ਸਿਖਾਂ ਕਹਿਆ ਉਹ (ਭਾਈ ਗੁਰਦਾਸ ਦੀ ਪਹਿਲੀ ਵਾਰ) ਤਾਂ ਸਾਖੀ ਸੂਚਨਾ ਕੀਤੀ ਹੋਈ ਹੈ।" ਇਸ ਜਨਮਸਾਖੀ ਦਾ ਲੇਖਕ ਭਾਈ ਮਨੀ ਸਿੰਘ ਆਪ ਸੀ ਜਾਂ ਕੋਈ ਹੋਰ ਸੀ। ਇਸ ਬਾਰੇ ਵਿਦਵਾਨਾਂ ਵਿੱਚ ਕਾਫ਼ੀ ਮਤਭੇਦ ਹੈ। ਸਿੱਟਾ ਇਹ ਕੱਢਿਆ ਜਾਂਦਾ ਹੈ ਕਿ ਇਹ ਜਨਮਸਾਖੀ ਭਾਈ ਮਨੀ ਸਿੰਘ ਦੇ ਸਰੋਤਿਆਂ ਵਿੱਚੋਂ ਕਿਸੇ ਨੇ ਲਿਖੀ ਹੈ ਕਿਉਂਕਿ ਉਹ ਇਸ ਕੰਮ ਵਿੱਚ ਭਾਈ ਮਨੀ ਸਿੰਘ ਤੋਂ ਪ੍ਰਭਾਵਿਤ ਹੈ।

ਜਨਮਸਾਖੀ ਪਰੰਪਰਾ ਦਾ ਮੂਲ ਸ੍ਰੋਤ ਗੁਰੂ ਨਾਨਕ ਸਾਹਿਬ ਦਾ ਜੀਵਨ ਚਰਿੱਤਰ ਹੈ। ਇਸ ਵਿੱਚ ਉਨ੍ਹਾਂ ਦੇ ਵੱਡਮੁੱਲੇ ਜੀਵਨ ਦੀ ਸ਼ਰਧਾ ਤੇ ਪਿਆਰ ਵਿੱਚ ਭਿੱਜ ਕੇ ਭਰਪੂਰ ਵਿਆਖਿਆ ਹੋਈ ਹੈ। ਉਨ੍ਹਾਂ ਦੀ ਇਲਾਹੀ ਬਾਣੀ ਵਿੱਚੋਂ ਸਮੁੱਚੇ ਸੰਸਾਰ ਨੂੰ ਸੰਦੇਸ਼ਮਈ ਵਿਚਾਰਧਾਰਾ ਦਾ ਝਲਕਾਰਾ ਸਾਫ਼ ਦਿਖਾਈ ਦਿੰਦਾ ਹੈ। ਜਨਮਸਾਖੀਕਾਰਾਂ ਨੇ ਆਪਣੇ-ਆਪਣੇ ਢੰਗ ਨਾਲ ਗੁਰੂ ਸਾਹਿਬ ਦੀ ਵਿਚਾਰਧਾਰਾ ਨੂੰ ਧਾਰਮਿਕ, ਇਤਿਹਾਸਕ ਤੇ ਸਾਹਿਤਕ ਨਜ਼ਰੀਏ ਤੋਂ ਦੇਖਣ ਦਾ ਯਤਨ ਕੀਤਾ ਹੈ, ਜਦ ਕਿ ਉਨ੍ਹਾਂ ਦਾ ਮੂਲ ਮੰਤਵ ਗੁਰੂ ਸਾਹਿਬ ਦੇ ਵਿਚਾਰਾਂ ਦਾ ਉਪਦੇਸ਼ ਕਰਨਾ ਸੀ ਇਸ ਲਈ ਉਨ੍ਹਾਂ ਨੇ ਗੁਰੂ ਨਾਨਕ ਸਾਹਿਬ ਦੇ ਸੰਦੇਸ਼ ਨੂੰ ਪ੍ਰਚਾਰਨ ਲਈ ਇੱਕ ਸੁਭਾਵਕ ਰੂਪ ਦੀ ਚੋਣ ਕੀਤੀ ਹੈ।

ਭਾਈ ਮਨੀ ਸਿੰਘ ਜੀ ਦਾ ਸਿੱਖ ਇਤਿਹਾਸ ਵਿੱਚ ਵੱਡਮੁੱਲਾ ਨਾਮ ਹੈ। ਸ਼ਹਾਦਤ ਪੱਖੋਂ ਵੀ ਅਤੇ ਕਲਮ ਪੱਖੋਂ ਵੀ। "ਭਾਈ ਮਨੀ ਸਿੰਘ ਦਾ ਜਨਮ 10 ਮਾਰਚ, 1644 ਨੂੰ ਹੋਇਆ ਅਤੇ 1734 ਈ. ਨੂੰ ਭਾਈ ਮਨੀ ਸਿੰਘ ਨੂੰ ਅਤੇ ਹੋਰ ਸਿੰਘਾਂ ਸਹਿਤ ਨਿਖਾਸ ਚੌਕ (ਜਿਥੇ ਹੁਣ ਗੁਰਦੁਆਰਾ ਸ਼ਹੀਦ ਗੰਜ਼ ਹੈ) ਵਿੱਚ ਬੰਦ-ਬੰਦ ਕੱਟ ਕੇ ਸ਼ਹੀਦ ਕੀਤਾ ਗਿਆ।"[18]

"ਭਾਈ ਮਨੀ ਸਿੰਘ ਦੇ ਨਾਂ ਤੇ ਪ੍ਰਚਲਿਤ ਸਾਹਿਤ-ਰਚਨਾਵਾਂ ਦਾ ਵੇਰਵਾ ਇਸ ਪ੍ਰਕਾਰ ਹੈ :-

(1) ਗਿਆਨ ਰਤਨਾਵਲੀ (ਜਨਮਸਾਖੀ), (2) ਭਗਤ ਰਤਨਾਵਲੀ (ਸਿੱਖਾਂ ਦੀ ਭਗਤਮਾਲ਼ਾ), (3) ਉਥਾਨਿਕਾਵਾਂ, (4) ਬੀੜਾਂ ਅਤੇ (5) ਇੱਕ ਚਿੱਠੀ।"[19]

ਭਾਈ ਮਨੀ ਸਿੰਘ ਦੀਆਂ ਇਨ੍ਹਾਂ ਲਿਖਤਾਂ ਵਿੱਚੋਂ ਸਾਨੂੰ ਗੁਰੂ ਸਾਹਿਬ ਦੇ ਜੀਵਨ ਅਤੇ ਬਾਣੀ ਦੇ ਵੇਰਵੇ ਮਿਲਦੇ ਹਨ।

ਭਾਈ ਸਾਹਿਬ ਦੇ ਜਨਮ ਸਥਾਨ ਤੇ ਜਨਮ ਤਾਰੀਖ ਸੰਬੰਧੀ ਵਿਦਵਾਨਾਂ ਵਿੱਚ ਮਤਭੇਦ ਹੈ। ਲੇਖਕ ਦੱਸਦਾ ਹੈ ਕਿ, "ਭਾਈ ਨੰਦ ਲਾਲ ਦੇ ਬਜ਼ੁਰਗਾਂ ਦੇ ਅਸਲੀ ਵਤਨ ਬਾਰੇ ਇਸ ਵੇਲੇ ਪੱਕੀ ਤਰ੍ਹਾਂ ਕੁਝ ਨਹੀਂ ਕਿਹਾ ਜਾ ਸਕਦਾ। ਇਤਿਹਾਸਕ ਪੁਸਤਕਾਂ ਅਤੇ ਖ਼ਾਨਦਾਨੀ ਰਵਾਇਤਾਂ ਇਸ ਬਾਬਤ ਸਾਡੀ ਕੋਈ ਸਹਾਇਤਾ ਨਹੀਂ ਕਰਦੀਆਂ ਪਰ ਸੰਕਟ ਸਮੇਂ ਪਨਾਹ ਲੈਣ ਲਈ ਆਪ ਦਾ ਪੰਜਾਬ ਵਿੱਚ ਆ ਕੇ ਗੁਰੂ ਗੋਬਿੰਦ ਸਿੰਘ ਜੀ ਦੇ ਹਜ਼ੂਰ ਪੁੱਜਣਾ ਇਸ ਗੱਲ ਦੀ ਕਿਸੇ ਹੱਦ ਤੱਕ ਪੁਸ਼ਟੀ ਕਰਦਾ ਹੈ ਕਿ ਆਪ ਦੇ ਖਾਨਦਾਨ ਦਾ ਪੰਜਾਬ ਦੇਸ਼ ਅਤੇ ਸਿੱਖ ਗੁਰੂਆਂ ਨਾਲ ਪਹਿਲਾਂ ਤੋਂ ਹੀ ਸੰਬੰਧ ਸੀ, ਜਿਨ੍ਹਾਂ ਲਈ ਸ਼ਰਧਾ ਨੇ ਭਾਈ ਨੰਦ ਲਾਲ ਨੂੰ ਆਪਣਾ ਜਾਨ-ਮਾਲ ਅਤੇ ਧਰਮ-ਈਮਾਨ ਸਭ ਕੁਝ ਉਨ੍ਹਾਂ ਦੇ ਹਵਾਲੇ ਕਰਨ ਦੀ ਪ੍ਰੇਰਨਾ ਕੀਤੀ।"[20] ਉਨ੍ਹਾਂ ਦੀ ਜਨਮ ਤਾਰੀਖ ਸੰਬੰਧੀ "ਸ੍ਰੀ ਪਰਮਾਨੰਦ ਅਰੋੜਾ, ਐਮ.ਏ., ਨੇ ਆਪਣੇ ਇੱਕ ਲੇਖ 'ਭਾਈ ਨੰਦ ਲਾਲ ਦੀ ਜੀਵਨੀ ਅਤੇ ਰਚਨਾ' ਵਿੱਚ ਉਨ੍ਹਾਂ ਦੀ ਜਨਮ ਤਾਰੀਖ 1633 ਈ. ਅਤੇ

18. ਰਤਨ ਸਿੰਘ ਜੱਗੀ, *ਭਾਈ ਮਨੀ ਸਿੰਘ : ਜੀਵਨੀ ਅਤੇ ਰਚਨਾ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1983, ਪੰਨਾ 14.
19. *ਉਹੀ*, ਪੰਨਾ 22.
20. ਗੰਡਾ ਸਿੰਘ, *ਭਾਈ ਨੰਦ ਲਾਲ ਗ੍ਰੰਥਾਵਲੀ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1989, ਪੰਨਾ 1.

ਥਾਂ ਗਜਨੀ ਦਿੱਤੇ ਹਨ।"[21]

ਡਾ. ਗੰਡਾ ਸਿੰਘ ਅਨੁਸਾਰ ਭਾਈ ਨੰਦ ਲਾਲ ਦਾ ਗੁਰੂ ਗੋਬਿੰਦ ਸਿੰਘ ਦੇ ਕਵੀਆਂ ਅਤੇ ਵਿਦਵਾਨਾਂ ਦੀ ਗਿਣਤੀ ਵਿੱਚ ਇੱਕ ਵੱਡਮੁੱਲਾ ਨਾਮ ਹੈ ਅਤੇ ਲੇਖਕ ਨੇ ਇਹ ਵੀ ਸਿੱਧ ਕੀਤਾ ਹੈ ਕਿ ਸਿੱਖ ਇਤਿਹਾਸ ਵਿੱਚ ਭਾਈ ਗੁਰਦਾਸ ਤੋਂ ਬਾਅਦ ਦੂਜਾ ਨਾਮ ਭਾਈ ਨੰਦ ਲਾਲ ਜੀ ਦਾ ਆਉਂਦਾ ਹੈ। ਕਿਉਂਕਿ ਸਿੱਖ ਗੁਰਦਵਾਰਿਆਂ ਵਿੱਚ ਅਤੇ ਖਾਸ ਕਰਕੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿੱਚ ਗੁਰਬਾਣੀ ਅਤੇ ਭਾਈ ਗੁਰਦਾਸ ਦੀਆਂ ਰਚਨਾਵਾਂ ਤੋਂ ਛੁੱਟ ਕੇਵਲ ਭਾਈ ਨੰਦ ਲਾਲ ਦੀਆਂ ਰਚਨਾਵਾਂ ਦੇ ਕੀਰਤਨ ਦੀ ਹੀ ਆਗਿਆ ਹੈ। ਸਿੱਖ ਜਗਤ ਵਿੱਚ ਇਹ ਇੱਕ ਬੇਮਿਸਾਲ ਸਤਿਕਾਰ ਅਤੇ ਮਾਣ ਹੈ ਜਿਹੜਾ ਕਿ ਭਾਈ ਗੁਰਦਾਸ ਤੋਂ ਪਿਛੋਂ ਕੇਵਲ ਭਾਈ ਨੰਦ ਲਾਲ ਨੂੰ ਹੀ ਨਸੀਬ ਹੋ ਸਕਿਆ ਹੈ।

ਲੇਖਕ ਅਨੁਸਾਰ ਭਾਈ ਨੰਦ ਲਾਲ ਦੀਆਂ ਰਚਨਾਵਾਂ "ਜਿਵੇਂ ਕਿ ਭਾਈ ਨੰਦ ਲਾਲ ਦੀਆਂ ਰਚਨਾਵਾਂ ਦੀ ਸ਼ੈਲੀ ਤੋਂ ਪ੍ਰਤੀਤ ਹੁੰਦਾ ਹੈ, ਉਨ੍ਹਾਂ ਦੀਆਂ ਸਾਰੀਆਂ ਦੀਆਂ ਸਾਰੀਆਂ ਰਚਨਾਵਾਂ ਆਪ ਦੇ ਗੁਰੂ ਗੋਬਿੰਦ ਸਿੰਘ ਜੀ ਦੀ ਸੇਵਾ ਵਿੱਚ ਆਨੰਦਪੁਰ ਵਿੱਚ ਹਾਜ਼ਰ ਹੋਣ ਪਰ ਸਿੱਖ ਧਰਮ ਦੀ ਸਿੱਖਿਆ ਦੇ ਪ੍ਰਭਾਵ ਹੇਠ ਕੀਤੀਆਂ ਹੋਈਆਂ ਹਨ। ਅਜਿਹੀਆਂ ਰਚਨਾਵਾਂ ਦੀ ਗਿਣਤੀ ਦਸ ਤੱਕ ਪੁੱਜ ਜਾਂਦੀ ਹੈ। ਇਨ੍ਹਾਂ ਵਿੱਚੋਂ ਸੱਤ ਫ਼ਾਰਸੀ ਵਿੱਚ ਅਤੇ ਤਿੰਨ ਪੰਜਾਬੀ ਵਿੱਚ ਹਨ। ਕਵਿਤਾ ਵਿੱਚ ਆਪ 'ਗੋਯਾ' ਅਤੇ 'ਲਾਲ' ਦਾ ਉਪਨਾਮ ਵਰਤਦੇ ਸਨ।"[22] ਇਨ੍ਹਾਂ ਸਾਰੀਆਂ ਰਚਨਾਵਾਂ ਵਿੱਚੋਂ ਗੁਰੂ ਨਾਨਕ ਸਾਹਿਬ ਸੰਬੰਧੀ ਪੁਸਤਕਾਂ ਦਾ ਨਿਵੇਕਲਾ ਸਥਾਨ ਹੈ : ਜਿਵੇਂ ਕਿ (1) ਗੰਜਨਾਮਾ (ਫ਼ਾਰਸੀ)—ਇਹ ਵਾਰਤਕ ਅਤੇ ਕਾਵਿ ਦੀ ਸਾਂਝੀ ਰਚਨਾ ਹੈ, ਜਿਸ ਵਿੱਚ ਕਰਤਾ ਨੇ ਸਿੱਖ ਧਰਮ ਦੇ ਮੋਢੀ ਗੁਰੂ ਨਾਨਕ ਸਾਹਿਬ ਤੋਂ ਲੈ ਕੇ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਤੱਕ ਸਾਰੇ ਗੁਰੂਆਂ ਦੀ ਵੱਖ-ਵੱਖ ਉਸਤਤਿ ਕੀਤੀ ਹੈ ਅਤੇ ਆਪਣੀ ਅਥਾਹ ਸ਼ਰਧਾ ਦਾ ਪ੍ਰਗਟਾਉ ਹੈ। ਜੋਤ ਬਿਗਾਸ (ਫ਼ਾਰਸੀ ਕਵਿਤਾ)—ਇਸ ਰਚਨਾ ਵਿੱਚ ਸਿੱਖ ਧਰਮ ਦੇ ਮੋਢੀ ਗੁਰੂ ਨਾਨਕ ਸਾਹਿਬ ਦੀ ਨੂਰਾਨੀ ਜੋਤ ਦਾ ਉਨ੍ਹਾਂ ਦੀ ਗੱਦੀਪੁਰ ਬੈਠਣ ਵਾਲੇ ਗੁਰੂਆਂ ਵਿੱਚ ਕ੍ਰਮਵਾਰ ਪ੍ਰਗਟ ਹੁੰਦੇ ਜਾਣਾ ਦਰਸਾਇਆ ਗਿਆ ਹੈ ਅਤੇ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਨੂੰ ਹੱਕ-ਅੰਦੇਸ਼, ਬਾਦਸ਼ਾਹ-ਦਰਵੇਸ਼, ਪੂਰਣ ਮਨੁੱਖ ਦੇ ਰੂਪ ਵਿੱਚ ਪੇਸ਼ ਕੀਤਾ ਗਿਆ ਹੈ।

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਲੇਖਕ ਦੀ ਬਹੁਤ ਸਖਤ ਮਿਹਨਤ ਦਾ ਸਿੱਟਾ ਹੈ ਅਤੇ ਸਿੱਖ ਇਤਿਹਾਸ ਦਾ ਇੱਕ ਮਹੱਤਵਪੂਰਨ ਸ੍ਰੋਤ ਹੈ। "ਇਹ ਮਹਾਂਕਵੀ ਸੰਤੋਖ ਸਿੰਘ ਦੀ ਸਰਬ ਪ੍ਰਮੁੱਖ ਅਤੇ ਮਹੱਤਵਪੂਰਨ ਰਚਨਾ ਹੈ। ਇਸ ਨੂੰ ਕਵੀ ਨੇ ਸੰ. 1893 ਬਿ. (1836 ਈ.) ਵਿੱਚ ਕੈਥਲ ਨਗਰ ਅੰਦਰ ਸ਼ੁਰੂ ਕਰਕੇ 7 ਸਾਲ ਦੀ ਲਗਾਤਾਰ ਸਾਧਨਾ ਤੋਂ ਬਾਅਦ 1900 ਬਿ. (1843 ਈ.) ਵਿੱਚ ਪੂਰਾ ਕੀਤਾ। ਇਸ ਗ੍ਰੰਥ ਦੇ ਨਾਂ ਅਨੁਸਾਰ ਇਹ ਗੁਰੂ ਸਾਹਿਬਾਨ ਦੇ ਪ੍ਰਤਾਪ ਦਾ ਸੂਰਜ ਹੈ। ਇਸ ਲਈ ਸਾਰੇ ਕਥਾਨਕ ਨੂੰ ਸੂਰਜ ਦੀ ਗਤੀ ਅਨੁਸਾਰ 12 ਰਾਗਾਂ, 6 ਰੁੱਤਾਂ ਅਤੇ 2 ਐਨਾ (ਅਯਨਾਂ) ਵਿੱਚ ਵੰਡਿਆ ਹੋਇਆ ਹੈ। ਇਸ ਤਰ੍ਹਾਂ ਇਸ ਗ੍ਰੰਥ ਦੇ ਕੁੱਲ ਵੀਹ ਅਧਿਆਇ ਹਨ। ਇਨ੍ਹਾਂ ਅਧਿਆਵਾਂ ਨੂੰ ਅੱਗੋਂ 1151 ਅੰਸ਼ਾਂ/ਕਿਰਨਾਂ ਵਿੱਚ ਵੰਡਿਆ ਹੋਇਆ ਹੈ। ਇਸ ਵਿੱਚ ਕੁੱਲ ਛੰਦਾਂ ਦੀ ਗਿਣਤੀ 51829 ਹੈ, ਕਵੀ ਨੇ 'ਗੁਰ ਪ੍ਰਤਾਪ ਸੂਰਜ' ਦਾ ਕਥਾਨਕ ਸੂਰਜ ਦੇ ਰੂਪਕ ਰਾਹੀਂ ਚਿਤਰ ਕੇ ਅੰਧ-ਵਿਸ਼ਵਾਸ਼ ਅਤੇ ਅਗਿਆਨ ਦੇ ਹਨੇਰੇ ਨੂੰ ਦੂਰ ਕਰਨ ਵਾਲਾ ਦੱਸਿਆ ਹੈ।"[23] ਇਸ ਗ੍ਰੰਥ ਦੀ ਭਾਸ਼ਾ ਬ੍ਰਜ ਹੈ ਜੋ ਗੁਰਮੁਖੀ ਲਿੱਪੀ ਵਿੱਚ ਲਿਖੀ ਗਈ ਹੈ। ਇਹ ਗ੍ਰੰਥ ਆਪਣੇ ਕਾਵਿਕ ਗੁਣਾਂ ਕਰਕੇ ਜਾਂ ਸਾਹਿਤਕ ਉੱਚਤਾ ਕਰਕੇ ਬਹੁਤ ਲੋਕਪ੍ਰਿਆ

---

21. *ਉਹੀ*, ਪੰਨਾ 2.
22. *ਉਹੀ*, ਪੰਨਾ 13.
23. ਰਤਨ ਸਿੰਘ ਜੱਗੀ, *ਉਪਰੋਕਤ*, ਪੰਨਾ 644.

ਹੋਇਆ। ਇਸ ਗ੍ਰੰਥ ਦਾ ਪਹਿਲਾ ਭਾਗ *ਸ੍ਰੀ ਗੁਰੂ ਨਾਨਕ ਪ੍ਰਕਾਸ਼* ਦੋ ਹਿੱਸਿਆਂ ਵਿੱਚ ਗੁਰੂ ਨਾਨਕ ਸਾਹਿਬ ਜੀ ਦਾ ਜੀਵਨ ਬ੍ਰਿਤਾਂਤ ਪੇਸ਼ ਕਰਦਾ ਹੈ। ਇਸ ਭਾਗ ਵਿੱਚ ਗੁਰੂ ਸਾਹਿਬ ਦੇ ਗੁਣਾਂ ਅਤੇ ਗੁਰੂ ਸਾਹਿਬ ਦੀ ਸਿਫ਼ਤ ਸਾਲਾਹ 'ਤੇ ਵੀ ਜ਼ੋਰ ਦਿੱਤਾ ਗਿਆ ਹੈ।

ਉਪਰੋਕਤ ਵਿਸ਼ਲੇਸ਼ਣ ਦੇ ਸੰਦਰਭ ਵਿੱਚ ਦਰਸਾਏ ਸ੍ਰੋਤਾਂ ਨੂੰ ਗੁਰੂ ਨਾਨਕ ਸਾਹਿਬ ਦੇ ਅਧਿਐਨ ਨਾਲ ਸੰਬੰਧਿਤ ਪ੍ਰਮੁੱਖ ਸ੍ਰੋਤਾਂ ਦੇ ਰੂਪ ਵਿੱਚ ਮੰਨਿਆ ਗਿਆ ਹੈ, ਜਿਵੇਂ ਕਿ *ਸ੍ਰੀ ਗੁਰੂ ਗ੍ਰੰਥ ਸਾਹਿਬ, ਵਾਰਾਂ ਭਾਈ ਗੁਰਦਾਸ,* ਜਨਮਸਾਖੀ ਸਾਹਿਤ, ਭਾਈ ਮਨੀ ਸਿੰਘ ਜੀ ਦੀਆਂ ਰਚਨਾਵਾਂ, ਭਾਈ ਨੰਦ ਲਾਲ ਅਤੇ *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* ਇੱਕ ਮਹਾਨ ਦੇਣ ਹਨ, ਇਨ੍ਹਾਂ ਵਿੱਚੋਂ ਕਿਤੇ ਤਾਂ ਗੁਰੂ ਨਾਨਕ ਸਾਹਿਬ ਦਾ ਇਲਾਹੀ ਸੰਦੇਸ਼ *ਗੁਰੂ ਗ੍ਰੰਥ ਸਾਹਿਬ* ਦੀ ਪਵਿੱਤਰ ਬਾਣੀ ਦੇ ਰੂਪ ਵਿੱਚ, ਕਿਤੇ ਉਨ੍ਹਾਂ ਦੇ ਬਾਲ ਕੌਤਕ, ਪ੍ਰਚਾਰ ਦੌਰੇ, ਰਹਿਮਤਾਂ ਦੇ ਕੇ ਸੰਸਾਰ ਦੇ ਲੋਕਾਂ ਦਾ ਉਦਾਰ ਕਰਨਾ ਆਦਿ ਦੇ ਜਨਮਸਾਖੀਆਂ ਵਿੱਚ ਅਤੇ ਭਾਈ ਗੁਰਦਾਸ ਦੀਆਂ ਵਾਰਾਂ ਵਿੱਚ ਸਾਫ਼ ਝਲਕਾਰੇ ਮਿਲਦੇ ਹਨ। ਇਥੇ ਹੀ ਬੱਸ ਨਹੀਂ ਇਨ੍ਹਾਂ ਦੀ ਜ਼ਿੰਦਗੀ ਦੇ ਨਾਲ ਵਿਚਰਣ ਵਾਲੇ ਗੁਰਮੁਖ ਸੰਗੀ ਸਾਥੀਆਂ ਦਾ ਵੀ ਗੁਰੂ ਨਾਨਕ ਸਾਹਿਬ ਤੋਂ ਪ੍ਰਾਪਤ ਕੀਤੀਆਂ ਰਹਿਮਤਾਂ ਦਾ ਬਿਆਨ, ਜੀਵਨ ਨੂੰ ਸੁਚੇਤਮਈ ਬਣਾਉਣ ਦਾ ਢੰਗ ਬਹੁਤ ਹੀ ਸ਼ਰਧਾ ਵਸ ਹੋ ਕੇ ਸਾਫ਼ ਅਤੇ ਸਰਲ ਸ਼ਬਦਾਂ ਦੇ ਵਿੱਚ ਇਨ੍ਹਾਂ ਸੰਪੂਰਨ ਸ੍ਰੋਤਾਂ ਵਿੱਚ ਸਾਨੂੰ ਸਾਫ਼ ਝਲਕਾਰੇ ਦੇ ਰੂਪ ਵਿੱਚ ਦਿਖਾਈ ਦਿੰਦਾ ਹੈ। ਕਈ ਸ੍ਰੋਤਾਂ ਦੇ ਰਚਨਹਾਰਾਂ ਨੇ ਗੁਰੂ ਨਾਨਕ ਸਾਹਿਬ ਦੇ 1469 ਤੋਂ ਲੈ ਕੇ 1539 ਤੱਕ ਦੇ ਵੱਡਮੁੱਲੇ ਜੀਵਨ ਨੂੰ ਇਸ ਤਰ੍ਹਾਂ ਕਲਮਬੰਦ ਕੀਤਾ ਹੈ ਕਿ ਜਦੋਂ ਇਨ੍ਹਾਂ ਦਾ ਅਧਿਐਨ ਕਰਦੇ ਹਾਂ ਤਾਂ ਗੁਰੂ ਨਾਨਕ ਸਾਹਿਬ ਦੀ ਮਹਾਨ ਸ਼ਖ਼ਸੀਅਤ ਆਪਣੇ ਆਪ ਸਾਡੇ ਸਾਹਮਣੇ ਆ ਕੇ ਸਾਨੂੰ ਜੀਵਨ ਸੰਦੇਸ਼ ਦਿੰਦੀ ਹੈ।

ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਦਾ ਇਤਿਹਾਸ

ਨਰਪੇਸ਼ ਸਿੰਘ ਸਰਾਓ *

1604 ਈ. ਵਿਚ *ਸ੍ਰੀ ਗੁਰੂ ਗ੍ਰੰਥ ਸਾਹਿਬ* ਦੀ ਸੰਪਾਦਨਾ ਕੀਤੀ ਗਈ ਸੀ। ਭਾਈ ਗੁਰਦਾਸ ਜੀ ਲਿਖਣ ਵਾਲੇ ਸਨ ਅਤੇ ਗੁਰੂ ਅਰਜਨ ਦੇਵ ਜੀ ਲਿਖਵਾਉਣ ਵਾਲੇ ਸਨ। ਪਹਿਲੇ ਚਾਰ ਗੁਰੂ ਸਾਹਿਬਾਨ ਦੀ ਅਤੇ ਭਗਤਾਂ ਦੀ ਬਾਣੀ ਗੁਰੂ ਅਰਜਨ ਦੇਵ ਜੀ ਪਾਸ ਵਿਰਸੇ ਦੇ ਰੂਪ ਵਿੱਚ ਪਹਿਲੋਂ ਹੀ ਪਰਾਪਤ ਸੀ। ਇਸ ਸਮੁੱਚੀ ਗੁਰਬਾਣੀ ਨੂੰ, ਸਮੇਤ ਭਗਤਾਂ ਦੀ ਬਾਣੀ ਦੇ, ਇੱਕ ਬਾਕਾਇਦਾ ਤਰਤੀਬ ਵਿੱਚ, *ਗੁਰੂ ਗ੍ਰੰਥ ਸਾਹਿਬ* ਦੇ ਸੰਪਾਦਨ ਲਈ ਤਿਆਰ ਕਰਨਾ ਕੋਈ ਸੌਖਾ ਕੰਮ ਨਹੀਂ ਸੀ ਅਤੇ ਨਾ ਹੀ ਇਹ ਛੇਤੀ ਹੋਣ ਵਾਲਾ ਕੰਮ ਸੀ। ਇਹ ਤਾਂ ਸਗੋਂ ਬੜੀ ਹੀ ਸਹਿਜ-ਅਵਸਥਾ ਵਿਚ ਅਤੇ ਪੂਰੇ ਸ਼ਾਂਤ-ਹਿਰਦੇ ਨਾਲ ਲੰਮੇ ਸਮੇਂ ਵਿਚ ਕੀਤਾ ਜਾਣ ਵਾਲਾ ਕੰਮ ਸੀ। ਇਹ ਇਕ ਪੂਰਾ ਯੋਜਨਾ-ਬੱਧ ਕਾਰਜ ਸੀ। ਜਿਸ ਲਈ ਪੂਰੀ ਇਕਾਗਰਤਾ ਦੀ ਜ਼ਰੂਰਤ ਸੀ। ਇਸ ਮਨੋਰਥ ਲਈ ਇਕ ਐਸੀ ਥਾਂ ਦੀ ਤਲਾਸ਼ ਕੀਤੀ ਗਈ ਜਿਸ ਦਾ ਵਾਤਾਵਰਣ ਪੂਰਾ ਰਮਣੀਕ ਅਤੇ ਠੰਡਕ ਪਹੁੰਚਾਉਣ ਵਾਲਾ ਸੀ। *ਗੁਰਬਿਲਾਸ ਪਾਤਸ਼ਾਹੀ ਛੇਵੀਂ* ਵਿੱਚ ਦੱਸਿਆ ਗਿਆ ਹੈ ਕਿ ਬੜੀ ਹੀ ਸੰਘਣੀ ਛਾਂ ਵਾਲੀ ਥਾਂ ਲੱਭੀ ਗਈ ਜਿਥੇ ਬੇਰੀਆਂ, ਪਿੱਪਲ, ਜੰਡ, ਕਰੀਰ ਅਤੇ ਵਣਾਂ ਦੇ ਸੰਘਣੇ ਝੁੰਡ ਸਨ। ਇਨ੍ਹਾਂ ਦੇ ਨੇੜੇ ਹੀ ਇਕ ਨਿਰਮਲ ਨੀਰ ਵਾਲੀ ਢਾਬ ਸੀ। ਭਾਰਤੀ ਸਾਹਿਤ ਵਿਚ ਪੰਚਬਟੀ ਸਥਾਨ ਨੂੰ ਬਹੁਤ ਹੀ ਸੁੰਦਰ ਮੰਨਿਆ ਗਿਆ ਹੈ ਇਸ ਕਰਕੇ ਸਾਡੇ ਮੁੱਢਲੇ ਲੇਖਕਾਂ ਨੇ ਇਸ ਰਮਣੀਕ ਥਾਂ ਨੂੰ ਪੰਚਬਟੀ ਦੇ ਸਮਾਨ ਮੰਨਿਆ ਹੈ। ਗੁਰੂ ਸਾਹਿਬ ਨੇ ਇਥੇ, ਥਾਂ ਨੂੰ ਸਾਫ਼ ਕਰਵਾ ਕੇ ਤੰਬੂ ਕਨਾਤਾਂ ਵਗੈਰਾ ਲਗਵਾ ਲਈਆਂ, ਪੂਰੀ ਲਿਖਣ ਸਮੱਗਰੀ ਅਤੇ ਲਿਖੇ ਜਾਣ ਵਾਲਾ ਵਿਸ਼ਾ-ਵਸਤੂ ਰਖਵਾ ਲਿਆ।[1]

ਇਸ ਜਗ੍ਹਾ ਨੂੰ ਬਾਅਦ ਵਿਚ ਰਾਮ ਸਰ ਦੇ ਤੌਰ ਤੇ ਜਾਣਿਆ ਜਾਣ ਲੱਗਾ। ਢਾਬ ਨੂੰ ਰਾਮ ਸਰ ਵਿੱਚ ਤਬਦੀਲ ਕਰ ਦਿੱਤਾ ਗਿਆ ਅਤੇ ਤੰਬੂਆਂ ਵਾਲੀ ਥਾਂ ਉਪਰ ਗੁਰਦੁਆਰਾ ਉਸਾਰ ਦਿੱਤਾ ਗਿਆ ਸੀ। ਅੱਜਕੱਲ੍ਹ ਇਸ ਨੂੰ ਗੁਰਦੁਆਰਾ ਰਾਮਸਰ ਸਾਹਿਬ ਕਿਹਾ ਜਾਂਦਾ ਹੈ। ਗੁਰੂ ਅਰਜਨ ਦੇਵ ਜੀ ਸਾਰੀ ਬਾਣੀ ਦੀ ਤਰਤੀਬ ਬਣਾ ਕੇ ਭਾਈ ਗੁਰਦਾਸ ਜੀ ਨੂੰ ਦਿੰਦੇ ਸਨ ਅਤੇ ਭਾਈ ਸਾਹਿਬ ਉਸ ਬਾਣੀ ਨੂੰ ਦਰਸਾਈ ਗਈ ਤਰਤੀਬ ਅਨੁਸਾਰ ਲਿਖਦੇ ਰਹਿੰਦੇ ਸਨ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, "ਸ੍ਰੀ ਗੁਰੂ ਅਰਜਨ ਦੇਵ ਜੀ ਨੇ ਪਹਿਲੇ ਸਤਿਗੁਰੂ ਦੀ ਬਾਣੀ ਇਕੱਤ੍ਰ ਕਰਕੇ ਸੰਮਤ 1660 ਵਿੱਚ, ਇਸ ਰਾਮਸਰ ਦੇ ਕਿਨਾਰੇ (ਅੰਮ੍ਰਿਤਸਰ) ਭਾਈ ਗੁਰਦਾਸ ਜੀ ਤੋਂ ਲਿਖਾਉਣਾ ਆਰੰਭਿਆ। ਆਪਣੀ ਰਚਨਾ ਅਤੇ ਭਗਤ ਆਦਿਕਾਂ ਦੀ ਬਾਣੀ ਸ਼ਾਮਿਲ ਕਰਕੇ ਸੰਮਤ 1661 ਵਿੱਚ ਸਮਾਪਤ ਕੀਤਾ।"[2] *ਗੁਰਬਿਲਾਸ ਪਾਤਸ਼ਾਹੀ ਛੇਵੀਂ* ਵਿੱਚ ਇਸ ਬਾਰੇ ਇਉਂ ਲਿਖਿਆ ਹੈ: "ਗੁਰਦਾਸ ਬੀੜ ਪਰ ਦਸਖਤ ਕਰੇ। ਸੰਮਤ ਲਿਖਯੋ ਅਧਕ ਸੁਖ ਭਰੇ। ਸੰਮਤ ਸੋਲਾਂ ਸੈ ਸੁਖਕਾਰੀ। ਇਕ ਸਠ ਤਾਂ ਕੇ ਉਪਰ ਧਾਰੀ। ਭਾਦੋਂ ਸੁਦਿ ਏਕਮ ਸੁਖਦਾਈ। ਸ੍ਰੀ ਗ੍ਰੰਥ ਭਯੋ ਪੂਰ ਸਹਾਈ।"[3]

---

* ਧਰਮ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

1. *ਗੁਰਬਿਲਾਸ ਪਾਤਸ਼ਾਹੀ-ਛੇਵੀਂ*, ਪਟਿਆਲਾ, 1997, ਪੰਨਾ 123.
2. *ਮਹਾਨ ਕੋਸ਼*, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1960, ਪੰਨਾ 327.
3. *ਗੁਰਬਿਲਾਸ ਪਾਤਸ਼ਾਹੀ-6*, ਪੰਨਾ 151.

ਭਾਈ ਸੰਤੋਖ ਸਿੰਘ ਜੀ ਨੇ ਵੀ ਇਉਂ ਲਿਖਿਆ ਹੈ: "ਸੰਮਤ ਸੋਲਹਿ ਸੈ ਇਕ ਸਾਠਹਿ, ਭਾਦਵ ਕੀ ਸੁਦੀ ਏਕਮ ਜਾਨੋ। ਗ੍ਰੰਥ ਸਮਾਪਤ ਸ੍ਰੀ ਗੁਰ ਕੀਨ ਮਹਾਂ ਉਤਸ਼ਾਹ ਗੁਰੂ-ਘਰ ਠਾਨੋ।"[4]

ਪ੍ਰੋ. ਸਾਹਿਬ ਸਿੰਘ ਨੇ ਉਕਤ ਟੂਕਾਂ ਦੇ ਆਧਾਰ ਤੇ ਇਹ ਨਿਰਣਾ ਕੀਤਾ ਹੈ ਕਿ *ਗੁਰੂ ਗ੍ਰੰਥ ਸਾਹਿਬ* ਦੀ ਬੀੜ ਸੰਮਤ ਸੋਲਾਂ ਸੌ ਇਕਾਹਠ ਬਿਕਰਮੀ ਦੀ ਭਾਦੋਂ ਵਦੀ ਇਕ ਨੂੰ ਲਿਖ ਕੇ ਸੰਪੂਰਨ ਕੀਤੀ ਗਈ ਸੀ ਅਤੇ ਪਿੱਛੋਂ ਤੱਤਕਰਾ ਆਦਿ ਲਿਖ ਕੇ ਇਸ ਸਾਲ ਦੀ ਭਾਦੋਂ ਸੁਦੀ ਇਕ ਨੂੰ ਸ੍ਰੀ ਦਰਬਾਰ ਸਾਹਿਬ ਵਿਚ ਪਰਕਾਸ਼ ਕਰ ਦਿੱਤੀ ਗਈ ਸੀ।[5] ਇਸ ਤਰ੍ਹਾਂ ਇਸ ਦੀ ਸੰਪਾਦਨਾ ਦਾ, ਸੰਪਾਦਿਕ ਦਾ ਅਤੇ ਪਰਕਾਸ਼ ਕਰਨ ਦਾ ਪੂਰਾ ਪੂਰਾ ਸੰਮਤ-ਬੱਧ ਵੇਰਵਾ ਸਾਨੂੰ ਉਪਲਭਦ ਹੈ ਅਤੇ ਇਉਂ *ਗੁਰੂ ਗ੍ਰੰਥ ਸਾਹਿਬ,* ਦੀ ਇਤਿਹਾਸਕ ਮਹੱਤਤਾ ਆਪਣੇ ਆਪ ਸਥਾਪਤ ਹੋ ਜਾਂਦੀ ਹੈ। ਇਸ ਲੇਖ ਨੂੰ ਲਿਖਣ ਲਈ ਮੈਂ ਹੋਰਨਾ ਪੁਸਤਕਾਂ ਤੋਂ ਜਾਣਕਾਰੀ ਲੈਣ ਦੇ ਨਾਲ-ਨਾਲ ਜ਼ਿਆਦਾ ਜਾਣਕਾਰੀ ਡਾ. ਸੁਖਦਿਆਲ ਸਿੰਘ ਦੀ ਪੁਸਤਕ ਤੋਂ ਲਈ ਹੈ।[6]

ਇਹ ਗੱਲ ਪਹਿਲਾਂ ਵੀ ਲਿਖੀ ਜਾ ਚੁੱਕੀ ਹੈ ਕਿ ਗੁਰੂ ਅਰਜਨ ਦੇਵ ਜੀ ਪਾਸ ਉਨ੍ਹਾਂ ਤੋਂ ਪਹਿਲੇ ਸਾਰੇ ਗੁਰੂ ਸਾਹਿਬਾਨ ਦੀ ਅਤੇ ਸਾਰੇ ਭਗਤਾਂ ਦੀ ਬਾਣੀ ਸੀ। ਭਗਤਾਂ ਦੀ ਬਾਣੀ ਗੁਰੂ ਨਾਨਕ ਦੇਵ ਜੀ ਨੇ ਹੀ ਇਕੱਤਰ ਕਰ ਲਈ ਸੀ। ਉਨ੍ਹਾਂ ਦੀ ਆਪਣੀ ਸਾਰੀ ਬਾਣੀ ਉਨ੍ਹਾਂ ਦੇ ਆਪਣੇ ਪਾਸ ਸੀ ਅਤੇ ਇਹ ਉਨ੍ਹਾਂ ਵੱਲੋਂ ਗੁਰੂ ਅੰਗਦ ਦੇਵ ਜੀ ਨੂੰ ਗੁਰਗੱਦੀ ਦੇਣ ਸਮੇਂ ਬਖਸ਼ੀ ਗਈ ਸੀ। ਗੁਰੂ ਅੰਗਦ ਦੇਵ ਜੀ ਨੇ ਆਪਣੀ ਅਤੇ ਪਹਿਲੇ ਗੁਰੂ ਦੀ ਸਾਰੀ ਬਾਣੀ ਗੁਰੂ ਅਮਰ ਦਾਸ ਜੀ ਨੂੰ ਗੁਰਗੱਦੀ ਬਖਸ਼ਣ ਸਮੇਂ ਹੀ ਸੌਂਪ ਦਿੱਤੀ ਸੀ। ਇਸੇ ਤਰ੍ਹਾਂ ਅਗਲੇ ਗੁਰੂ ਵੀ ਗੁਰਗੱਦੀ ਸੌਂਪਣ ਦੀ ਰਸਮ ਸਮੇਂ ਗੁਰਬਾਣੀ ਵੀ ਆਪਣੇ ਉਤਰਅਧਿਕਾਰੀ ਨੂੰ ਬਖਸ਼ ਦਿੰਦੇ ਸਨ। ਇਸ ਲਈ ਗੁਰੂ ਅਰਜਨ ਦੇਵ ਜੀ ਪਾਸ ਸਭ ਕਿਸਮ ਦੀ ਬਾਣੀ ਸ਼ੁੱਧ ਰੂਪ ਵਿੱਚ ਸੀ। ਇਹ ਹੋ ਸਕਦਾ ਹੈ ਕਿ ਭਗਤਾਂ ਦੀ ਬਾਣੀ ਦਾ ਲਿਪੀਅੰਤਰ ਕੀਤਾ ਗਿਆ ਹੋਵੇ ਕਿਉਂਕਿ ਇਹ ਗੁਰਮੁਖੀ ਅੱਖਰਾਂ ਵਿੱਚ ਨਹੀਂ ਹੋ ਸਕਦੀ ਸੀ। ਇਹ ਲਿਪੀਅੰਤਰ ਗੁਰੂ ਨਾਨਕ ਦੇਵ ਜੀ ਦੀ ਹਜ਼ੂਰੀ ਵਿਚ ਗੁਰੂ ਅੰਗਦ ਦੇਵ ਜੀ ਨੇ ਹੀ ਕਰ ਦਿੱਤਾ ਹੋਵੇਗਾ। ਇਸ ਤਰ੍ਹਾਂ ਗੁਰੂ ਅਰਜਨ ਦੇਵ ਜੀ ਨਾਲ ਜੁੜੀਆਂ ਇਹ ਗੱਲਾਂ ਆਪਣੇ ਆਪ ਵਿੱਚ ਹੀ ਗਲਤ ਹਨ ਕਿ ਉਹ ਬਾਣੀ ਇਕੱਤਰ ਕਰਨ ਲਈ ਵੱਖ-ਵੱਖ ਥਾਵਾਂ ਉਪਰ ਅਤੇ ਵੱਖ-ਵੱਖ ਵਿਅਕਤੀਆਂ ਪਾਸ ਗਏ ਸਨ।[7]

ਗੁਰੂ ਗ੍ਰੰਥ ਸਾਹਿਬ ਵਿਚ ਛੇ ਗੁਰੂ ਸਾਹਿਬਾਨ ਦੀ ਬਾਣੀ ਦਰਜ ਹੈ। ਇਨ੍ਹਾਂ ਦੇ ਨਾਂ ਹਨ, ਗੁਰੂ ਨਾਨਕ ਦੇਵ ਜੀ, ਗੁਰੂ ਅੰਗਦ ਦੇਵ ਜੀ, ਗੁਰੂ ਅਮਰ ਦਾਸ ਜੀ, ਗੁਰੂ ਰਾਮ ਦਾਸ ਜੀ, ਗੁਰੂ ਅਰਜਨ ਦੇਵ ਜੀ ਅਤੇ ਗੁਰੂ ਤੇਗ ਬਹਾਦਰ ਜੀ। ਇਨ੍ਹਾਂ ਤੋਂ ਇਲਾਵਾ ਪੰਦਰਾਂ ਭਾਰਤੀ ਭਗਤਾਂ ਦੀ ਬਾਣੀ ਵੀ ਇਸ ਵਿਚ ਦਰਜ ਹੈ। ਇਨ੍ਹਾਂ ਪੰਦਰਾਂ ਭਗਤਾਂ ਦੇ ਨਾਂ ਹਨ: ਸ਼ੇਖ ਫ਼ਰੀਦ, ਜੈ ਦੇਵ, ਤਿਰਲੋਚਨ, ਨਾਮ ਦੇਵ, ਸਧਨਾ, ਬੇਣੀ, ਰਾਮਾਨੰਦ, ਕਬੀਰ, ਰਵਿਦਾਸ, ਪੀਪਾ, ਸੈਣ, ਧੰਨਾ, ਭੀਖਣ, ਪਰਮਾਨੰਦ, ਸੂਰਦਾਸ। ਇਹ ਭਗਤ ਵੱਖ-ਵੱਖ ਸਮਿਆਂ, ਵੱਖ-ਵੱਖ ਖੇਤਰਾਂ, ਅਤੇ ਵੱਖ ਵੱਖ ਜਾਤਾਂ ਨਾਲ ਸੰਬੰਧਤ ਸਨ। ਸ਼ੇਖ ਫਰੀਦ ਜੀ ਮੁਸਲਮਾਨ ਸੂਫੀ ਸੰਤ ਸਨ ਅਤੇ ਬਾਰ੍ਹਵੀਂ-ਤੇਰ੍ਹਵੀਂ ਸਦੀ ਨਾਲ ਸਬੰਧਤ ਸਨ। ਭਗਤ ਜੈ ਦੇਵ ਜੀ ਬਾਰ੍ਹਵੀਂ ਸਦੀ ਵਿਚ ਹੋਏ ਸਨ ਅਤੇ ਬੰਗਾਲ ਦੇ ਸਨ। ਭਗਤ ਕਬੀਰ ਜੀ ਚੌਦ੍ਹਵੀਂ-ਪੰਦਰ੍ਹਵੀਂ ਸਦੀ ਦੌਰਾਨ ਹੋਏ ਸਨ ਅਤੇ ਜਾਤ ਦੇ ਜੁਲਾਹੇ ਸਨ। ਇਹ ਬਨਾਰਸ (ਯੂ.ਪੀ.) ਦੇ ਜੰਮਪਲ ਸਨ। ਭਗਤ ਰਵੀਦਾਸ ਜੀ ਜਾਤ ਦੇ

4. *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,* ਜਿਲਦ ਛੇਵੀਂ, ਖਾਲਸਾ ਸਮਾਚਾਰ, ਅੰਮ੍ਰਿਤਸਰ, 1963, ਪੰਨਾ 2140.
5. *ਆਦਿ ਬੀੜ ਬਾਰੇ,* ਪੰਨਾ 122; ਦੇਖੋ ਗਯਾਨੀ ਗਯਾਨ ਸਿੰਘ, *ਤਵਾਰੀਖ ਗੁਰੂ ਖਾਲਸਾ* (ਪੱਥਰ ਛਾਪ), ਸਿਆਲਕੋਟ, 1891 ਈ., ਪੰਨਾ 85.
6. ਸੁਖਦਿਆਲ ਸਿੰਘ, *ਇਤਿਹਾਸ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ,* ਸੁੰਦਰ ਪ੍ਰਕਾਸ਼ਨ, ਪਟਿਆਲਾ, 2004.
7. ਵਿਸਥਾਰ ਲਈ ਦੇਖੋ, ਪ੍ਰੋ. ਸਾਹਿਬ ਸਿੰਘ, *ਪੂਰਵਅੰਕਤ,* ਪੰਨੇ 46-81.

ਚਮਿਆਰ ਸਨ ਅਤੇ ਇਹ ਵੀ ਬਨਾਰਸ ਦੇ ਰਹਿਣ ਵਾਲੇ ਸਨ। ਭਗਤ ਧੰਨਾ ਜੀ ਜੱਟ ਕਿਸਾਨ ਸਨ ਅਤੇ ਰਾਜਸਥਾਨ ਦੇ ਰਹਿਣ ਵਾਲੇ ਸਨ। ਇਸ ਤਰ੍ਹਾਂ ਭਗਤਾਂ ਵਿਚੋਂ ਉੱਚ-ਜਾਤੀ ਦੇ ਭਗਤ ਵੀ ਸਨ ਅਤੇ ਨੀਚ-ਜਾਤੀਆਂ ਦੇ ਭਗਤ ਵੀ ਸਨ। ਇਨ੍ਹਾਂ ਦੀ ਬੋਲੀ ਵੀ ਵੱਖਰੀ-ਵੱਖਰੀ ਸੀ ਅਤੇ ਕੁਝ ਹੱਦ ਤੱਕ ਇਨ੍ਹਾਂ ਦੇ ਭਗਤੀ ਮਾਰਗ ਵੀ ਵੱਖ-ਵੱਖ ਸਨ।[8]

ਇਨ੍ਹਾਂ ਭਗਤਾਂ ਦੀਆਂ ਬਾਣੀਆਂ ਬਾਰੇ ਇਕ ਮੱਤ ਇਹ ਵੀ ਪਰਚੱਲਤ ਹੈ ਕਿ ਇਨ੍ਹਾਂ ਦੀਆਂ ਰਚਨਾਵਾਂ ਪੰਜਾਬ ਵਿਚਲੇ ਇਨ੍ਹਾਂ ਦੇ ਸ਼ਰਧਾਲੂਆਂ ਪਾਸ ਪੰਜਾਬੀ ਬੋਲੀ ਵਿਚ ਹੀ ਲਿਖ ਕੇ ਰੱਖੀਆਂ ਹੋਈਆਂ ਸਨ ਜਿੱਥੋਂ ਕਿ ਇਹ ਗੁਰੂ ਸਾਹਿਬਾਨ ਨੂੰ ਮਿਲੀਆਂ ਸਨ। ਜਿਵੇਂ ਕਿ ਪ੍ਰੋ. ਤੇਜਾ ਸਿੰਘ ਦਾ ਮੱਤ ਹੈ।[9] ਇਸ ਤੋਂ ਇਲਾਵਾ ਇਕ ਸੰਭਵ ਵਿਚਾਰ ਇਹ ਵੀ ਹੋ ਸਕਦਾ ਹੈ ਕਿ ਭਗਤਾਂ ਦੀ ਬਾਣੀ ਉਨ੍ਹਾਂ ਦੇ ਆਪਣੇ ਆਪਣੇ ਕੇਂਦਰਾਂ ਤੋਂ ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਉਦਾਸੀਆਂ ਸਮੇਂ ਇਕੱਤਰ ਕਰ ਲਈ ਹੋਵੇ ਅਤੇ ਇਨ੍ਹਾਂ ਰਚਨਾਵਾਂ ਦਾ, ਕਰਤਾਰਪੁਰ ਸਾਹਿਬ ਵਿਖੇ ਕੀਤੇ ਗਏ ਨਿਵਾਸ ਸਮੇਂ, ਭਾਈ ਲਹਿਣਾ (ਅੰਗਦ ਦੇਵ) ਜੀ ਪਾਸੋਂ ਗੁਰਮੁਖੀ ਵਿਚ ਲਿਪੀਅੰਤਰ ਕਰਵਾ ਲਿਆ ਗਿਆ ਹੋਵੇ। ਪਰ ਦੋ ਗੱਲਾਂ ਨਿਸ਼ਚਤ ਹਨ। ਇਕ ਤਾਂ ਇਹ ਕਿ ਭਗਤਾਂ ਦੀ ਬਾਣੀ ਗੁਰੂ ਨਾਨਕ ਦੇਵ ਜੀ ਪਾਸ ਹੀ ਮੌਜੂਦ ਸੀ, ਅਤੇ ਦੂਜੀ ਇਹ ਕਿ ਇਨ੍ਹਾਂ ਦੀਆਂ ਰਚਨਾਵਾਂ ਗੁਰਮੁੱਖੀ ਲਿਪੀ ਵਿੱਚ ਨਹੀਂ ਸਨ ਕਿਉਂਕਿ ਗੁਰਮੁੱਖੀ ਲਿਪੀ ਸਿਰਫ ਗੁਰੂ ਸਾਹਿਬਾਨ ਦੁਆਰਾ ਹੀ ਪਰਚੱਲਤ ਕੀਤੀ ਗਈ ਸੀ ਅਤੇ ਇਹ ਗੁਰਮੁੱਖਾਂ ਦੁਆਰਾ ਵਰਤੋਂ ਵਿੱਚ ਲਿਆਂਦੀ ਗਈ ਸੀ। ਗੁਰਮੁੱਖ ਸਿੱਖ ਧਰਮ ਦੇ ਆਦਰਸ਼ ਵਿਅਕਤੀ ਸੀ।[10]

ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਘਰ ਦੇ ਸ਼ਰਧਾਲੂ ਗਿਆਰਾਂ ਭੱਟਾਂ ਦੀ ਬਾਣੀ ਵੀ ਸ਼ਾਮਲ ਹੈ। ਇਨ੍ਹਾਂ ਦੇ ਨਾਂ ਹਨ: ਕਲਸਹਾਰ, ਜਾਲਪ, ਕੀਰਤ, ਭਿੱਖਾ, ਸੱਲ੍ਹ, ਭੱਲ੍ਹ, ਗਾਯੰਦ, ਮਥੁਰਾ, ਬਲ੍ਹ, ਹਰਿਬੰਸ। ਚਾਰ ਕੁ ਕਵੀ ਐਸੇ ਹਨ ਜਿਹੜੇ ਗੁਰੂ ਘਰ ਦੇ ਜਾਂ ਤਾਂ ਨਿਕਟਵਰਤੀ ਸਨ ਤੇ ਜਾਂ ਗੁਰੂ ਸਾਹਿਬਾਨ ਦੀ ਅੰਸ਼ ਵਿਚੋਂ ਸਨ ਜਿਵੇਂ ਸੁੰਦਰ। ਇਹ ਗੁਰੂ ਅਮਰ ਦਾਸ ਜੀ ਦਾ ਪੋਤਰਾ ਸੀ ਅਤੇ ਇਸ ਦੀ ਰਚਨਾ ਦਾ ਨਾਂ 'ਸੱਦ' ਹੈ ਜੋ ਰਾਗ ਰਾਮਕਲੀ ਵਿੱਚ ਹੈ। ਇਸ ਰਚਨਾ ਦੀ ਇਤਿਹਾਸਕ ਤੌਰ ਤੇ ਬੜੀ ਹੀ ਮਹੱਤਤਾ ਹੈ। ਬਾਕੀਆਂ ਵਿੱਚ ਭਾਈ ਮਰਦਾਨਾ ਜੀ ਹਨ ਜਿਨ੍ਹਾਂ ਦਾ ਇਕ ਸ਼ਬਦ ਹੈ। ਇਹ ਗੁਰੂ ਨਾਨਕ ਦੇਵ ਜੀ ਦਾ ਬਹੁਤ ਹੀ ਕਰੀਬੀ ਸਾਥੀ ਸੀ ਭਾਵੇਂ ਕਿ ਇਹ ਜਾਤ ਦਾ ਮਰਾਸੀ ਸੀ ਪਰ ਜਿਸ ਸ਼ਰਧਾ ਅਤੇ ਦਰਿੜ੍ਹਤਾ ਨਾਲ ਇਸ ਨੇ ਗੁਰੂ ਨਾਨਕ ਦੇਵ ਜੀ ਦਾ ਸਾਥ ਨਿਭਾਇਆ ਸੀ ਉਹ ਆਪਣੇ ਆਪ ਵਿਚ ਬੜਾ ਮਹਾਨ ਕੰਮ ਸੀ। ਰਾਇ ਬਲਵੰਡ ਅਤੇ ਭਾਈ ਸੱਤਾ ਦੀ ਵੀ ਰਚਨਾ ਹੈ ਜਿਸ ਦਾ ਪੂਰਾ ਨਾ "ਰਾਮਕਲੀ ਕੀ ਵਾਰ: ਰਾਇ ਬਲਵਿਡ ਤਥਾ ਸਤੈ ਡੂਮ ਆਖੀ" ਹੈ। ਇਹ *ਗੁਰੂ ਗ੍ਰੰਥ ਸਾਹਿਬ* ਦੇ ਪੰਨਿਆਂ 966 ਤੋਂ ਲੈ ਕੇ 968 ਤੱਕ ਹੈ। ਇਹ ਪੂਰੀ ਇਤਿਹਾਸਕ ਮਹੱਤਤਾ ਵਾਲੀ ਬਾਣੀ ਹੈ।

ਜਿਨ੍ਹਾਂ ਗੁਰੂ ਸਾਹਿਬਾਨ ਦੀ ਬਾਣੀ *ਗੁਰੂ ਗ੍ਰੰਥ ਸਾਹਿਬ* ਵਿਚ ਦਰਜ ਹੈ। ਉਨ੍ਹਾਂ ਵਿਚ ਪਹਿਲੇ ਪੰਜ ਗੁਰੂ ਸਾਹਿਬਾਨ ਦੀ ਬਾਣੀ ਤਾਂ 1604 ਈ. ਵਿਚ ਗੁਰੂ ਅਰਜਨ ਦੇਵ ਜੀ ਨੇ ਹੀ *ਗੁਰੂ ਗ੍ਰੰਥ ਸਾਹਿਬ* ਵਿਚ ਦਰਜ ਕਰ ਦਿਤੀ ਸੀ। ਪਰ ਨੌਂਵੇ ਗੁਰੂ ਤੇਗ ਬਹਾਦਰ ਜੀ ਦੀ ਬਾਣੀ, ਗੁਰੂ ਗੋਬਿੰਦ ਸਿੰਘ ਜੀ ਰਾਹੀਂ *ਗੁਰੂ ਗ੍ਰੰਥ ਸਾਹਿਬ* ਦੀ 1706 ਈ. ਵਿਚ ਦੂਜੀ ਵਾਰ ਸੰਪਾਦਨਾ ਕਰਨ ਸਮੇਂ ਚੜ੍ਹਾਈ ਗਈ ਸੀ। ਇਹ ਦੂਜੀ ਸੰਪਾਦਨਾ ਤਖਤ ਸ੍ਰੀ ਦਮਦਮਾ ਸਾਹਿਬ ਵਿਖੇ ਭਾਈ ਮਨੀ ਸਿੰਘ ਜੀ ਦੁਆਰਾ ਕਰਵਾਈ ਗਈ ਸੀ। ਇਸ

---

8. ਭਗਤਾਂ ਬਾਰੇ ਵਿਸਥਾਰ ਵਿਚ ਦੇਖੋ, *ਗੁਰੂ ਗ੍ਰੰਥ ਰਤਨਾਵਲੀ* (ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 2001.
9. *ਪੂਰਵਅੰਕਤ,* ਪੰਨਾ 14.
10. ਹੋਰ ਦੇਖੋ ਸੁਖਦਿਆਲ ਸਿੰਘ, *ਪੂਰਵਅੰਕਤ,* ਪੰਨਾ 12.

ਤਰ੍ਹਾਂ *ਗੁਰੂ ਗ੍ਰੰਥ ਸਾਹਿਬ* ਵਿਚ ਅੰਤਮ ਤੌਰ ਤੇ ਛੇ ਗੁਰੂ ਸਾਹਿਬਾਨ ਦੀ ਬਾਣੀ ਹੀ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਤਾਂ ਅੰਤਮ ਤੌਰ ਤੇ *ਗੁਰੂ ਗ੍ਰੰਥ ਸਾਹਿਬ* ਨੂੰ ਆਤਮਿਕ ਗੁਰੂ ਦਾ ਦਰਜਾ ਬਾਹੁਕਮ ਦਿੱਤਾ ਹੈ।[11]

ਬਾਣੀਕਾਰਾਂ ਦੀ ਬਾਣੀ ਘੱਟ-ਵੱਧ ਹੈ ਪਰ ਥੀਮ ਸਭ ਦਾ ਹੀ ਇਕੋ ਹੈ। ਮੁੱਖ ਥੀਮ ਹੈ ਸਮੁੱਚੀ ਮਨੁੱਖਤਾ ਦਾ ਇਕੋ ਪਰਮਾਤਮਾ ਦੀ ਸੰਤਾਨ ਹੋਣਾ ਅਤੇ ਉਨ੍ਹਾਂ ਵਿੱਚ ਸਭ ਕੁਝ ਦਾ ਭੇਦ ਮਿਟਾ ਕੇ ਬਰਾਬਰਤਾ ਕਾਇਮ ਕਰਨਾ। ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਦੇ ਕੁੱਲ ਸ਼ਬਦ 974 ਹਨ ਜਦੋਂ ਕਿ ਗੁਰੂ ਅੰਗਦ ਦੇਵ ਜੀ ਦੇ ਸਿਰਫ 63 ਸ਼ਬਦ ਹੀ ਹਨ। ਗੁਰੂ ਅਮਰਦਾਸ ਜੀ ਦੇ 907, ਗੁਰੂ ਰਾਮ ਦਾਸ ਜੀ ਦੇ 679, ਗੁਰੂ ਅਰਜਨ ਦੇਵ ਜੀ ਦੇ 2218 ਅਤੇ ਗੁਰੂ ਤੇਗ ਬਹਾਦਰ ਜੀ ਦੇ 115 ਸ਼ਬਦ ਹਨ। ਭਗਤਾਂ ਵਿਚੋਂ ਸਭ ਤੋਂ ਵੱਧ ਸ਼ਲੋਕ ਕਬੀਰ ਜੀ ਦੇ ਹਨ। ਇਹ 541 ਹਨ। ਕਈਆਂ ਦੇ ਸਿਰਫ਼ ਇਕ-ਇਕ ਹੀ ਹਨ। ਸਾਰੇ ਗੁਰੂ ਸਾਹਿਬਾਨ ਦੀ ਬਾਣੀ 'ਨਾਨਕ' ਦੇ ਨਾਂ ਹੇਠ ਹੀ ਉਚਾਰੀ ਹੋਈ ਹੈ। ਕਿਸੇ ਵੀ ਗੁਰੂ ਨੇ ਆਪਣੀ ਬਾਣੀ ਵਿਚ ਸਿਰਫ਼ 'ਨਾਨਕ' ਨਾਂ ਤੋਂ ਬਿਨਾਂ ਆਪਣਾ ਕੋਈ ਨਾਂ ਨਹੀਂ ਵਰਤਿਆ। ਹਰ ਗੁਰੂ ਦੀ ਬਾਣੀ ਦੀ ਪਛਾਣ ਸਿਰਫ ਮਹਲਾ ਪਹਿਲਾ, ਮਹਲਾ ਦੂਜਾ, ਮਹਲਾ ਤੀਜਾ, ਚੌਥਾ, ਪੰਜਵਾਂ ਅਤੇ ਨੌਂਵਾਂ ਕਰਕੇ ਹੀ ਹੈ। ਇਸ ਤਰ੍ਹਾਂ ਨਾਨਕ ਸ਼ਬਦ ਸੱਚੀ ਬਾਣੀ ਅਤੇ ਕੱਚੀ ਬਾਣੀ ਦੀ ਪੱਕੀ ਪਛਾਣ ਬਣ ਗਿਆ ਸੀ। ਭਗਤਾਂ ਦੀ ਬਾਣੀ ਵਿਚ ਭਾਵੇਂ ਨਾਨਕ ਸ਼ਬਦ ਨਹੀਂ ਵਰਤਿਆ ਗਿਆ ਅਤੇ ਉਨ੍ਹਾਂ ਦੀ ਪਛਾਣ ਵਜੋਂ ਮਹਲਾ ਸ਼ਬਦ ਵੀ ਨਹੀਂ ਵਰਤਿਆ ਗਿਆ। ਸਗੋਂ ਉਨ੍ਹਾਂ ਦੇ ਸਿੱਧੇ ਨਾਵਾਂ ਦੀ ਹੀ ਵਰਤੋਂ ਕੀਤੀ ਗਈ ਹੈ। ਗੁਰੂ-ਬਾਣੀ ਅਤੇ ਭਗਤਾਂ ਦੀ ਬਾਣੀ ਵਿਚ ਭਾਵੇਂ ਕਿਤੇ ਕਿਤੇ ਕੁਝ ਭਿੰਨਤਾ ਵੀ ਹੈ ਪਰ ਪ੍ਰੋ: ਤੇਜਾ ਸਿੰਘ ਵੀ ਇਸ ਗੱਲ ਦੀ ਇਉਂ ਕਹਿ ਕੇ ਪੁਸ਼ਟੀ ਕਰਦੇ ਹਨ ਕਿ ਜਿਥੋਂ ਤੱਕ ਭਗਤਾਂ ਦਾ ਮੁੱਖ ਮਕਸਦ ਪਰਮਾਤਮਾ ਲਈ ਪਿਆਰ ਪੈਦਾ ਕਰਨ ਦਾ ਸੀ ਭਾਵੇਂ ਕਿ ਉਹ ਕਿਸੇ ਵੀ ਤਰ੍ਹਾਂ ਇਹ ਪੈਦਾ ਕਰਦੇ ਹਨ ਅਤੇ ਜਿਥੋਂ ਤੱਕ ਉਨ੍ਹਾਂ ਦੀਆਂ ਲਿਖਤਾਂ ਮਨੁੱਖਾਂ ਦੇ ਮਨਾਂ ਵਿੱਚ ਬੁਰੀ ਭਾਵਨਾ ਪੈਦਾ ਕਰਨ ਤੋਂ ਰੋਕਦੀਆਂ ਸਨ, ਗੁਰੂ ਸਾਹਿਬਾਨ ਉਨ੍ਹਾਂ ਦੀਆਂ ਇਨ੍ਹਾਂ ਗੱਲਾਂ ਦਾ ਸਤਿਕਾਰ ਕਰਦੇ ਸਨ ਅਤੇ ਇਸੇ ਕਰਕੇ ਉਨ੍ਹਾਂ ਨੂੰ ਆਪਣੇ ਹਮ-ਮਾਰਗੀ ਬਣਾ ਲਿਆ ਸੀ। ਇਸ ਤਰ੍ਹਾਂ ਜਦੋਂ ਉਦੇਸ਼ ਇਕ ਹੋਵੇ ਤਾਂ ਛੋਟੇ ਛੋਟੇ ਵਖਰੇਵਿਆਂ ਨੂੰ ਜ਼ਜ਼ਬ ਕਰ ਲੈਣਾ ਸਿੱਖ ਧਰਮ ਦੀ ਕਮਜ਼ੋਰੀ ਨਹੀਂ ਹੈ ਸਗੋਂ ਸ਼ਾਨ ਹੈ।[12] ਗੁਰੂ ਸਾਹਿਬਾਨ ਨੇ ਭਾਰਤੀ ਜਨਸਾਧਾਰਨ ਨੂੰ ਇਕ ਤਾਕਤ ਬਣਾ ਕੇ ਅਤੇ ਇਕ ਸਾਂਝੀ ਵਿਚਾਰਧਾਰਾ ਦੇ ਕੇ, ਪੰਜਾਬੀ ਬੋਲੀ ਤੇ ਗੁਰਮੁੱਖੀ ਲਿਪੀ ਦੇ ਇਕ ਝੰਡੇ ਹੇਠ ਹੇਠ ਖੜ੍ਹਾ ਕਰਨਾ ਸੀ। ਨਾ *ਰਿਗਵੇਦ* ਵਿਚ ਸਰਬਸਾਂਝ ਸੀ ਤੇ ਨਾਂ ਹੀ *ਕੁਰਾਨ* ਵਿੱਚ। ਨਾ ਹੀ ਸੰਸਕਰਿਤ ਸਮੁੱਚੇ ਜਨਸਾਧਾਰਨ ਨੂੰ ਇਕ ਕੜੀ ਵਿਚ ਪਰੋ ਕੇ ਖੜ੍ਹਾ ਕਰ ਸਕਦੀ ਸੀ ਅਤੇ ਨਾ ਹੀ ਫ਼ਾਰਸੀ। ਪਰ *ਗੁਰੂ ਗ੍ਰੰਥ ਸਾਹਿਬ* ਦਾ ਨਿਰਮਾਣ ਕਰਨ ਵਾਲਿਆਂ ਵਿੱਚ ਮੁਸਲਮਾਨ ਸੂਫ਼ੀ ਫ਼ਕੀਰ ਤੇ ਸ਼ੇਖ਼ ਸਨ, ਭਾਰਤ ਦੇ ਮੁਖੀ ਭਗਤ ਸਨ, ਪੰਜਾਬ ਦੇ ਗੁਰੂ ਸਨ ਅਤੇ ਨੀਵੀਆਂ ਜਾਤਾਂ ਦੇ ਦਸਾਂ ਨਹੁੰਆਂ ਦੀ ਕਮਾਈ ਕਰਨ ਦਾ ਸੰਦੇਸ਼ ਦੇਣ ਵਾਲੇ ਭਗਤ ਸਨ। ਇਨ੍ਹਾਂ ਸਭ ਦਾ ਉਦੇਸ਼ ਵਿਸ਼ਵਵਿਆਪੀ, ਅਧਿਆਤਮਿਕ ਅਤੇ ਸਭਿਆਚਾਰਕ ਸਿਧਾਂਤ ਪੇਸ਼ ਕਰਨ ਦਾ ਸੀ। ਇਸ ਤਰ੍ਹਾਂ *ਗੁਰੂ ਗ੍ਰੰਥ ਸਾਹਿਬ,* ਭਾਰਤੀ ਸਮਾਜ ਵਿੱਚੋਂ ਵਿੱਥਾਂ ਮਿਟਾਣ ਵਾਲਾ, ਮਨੁੱਖਤਾ ਵਿੱਚ ਸਾਂਝੀ ਏਕਤਾ ਨੂੰ ਵਧਾਉਣ ਵਾਲਾ ਅਤੇ ਲੋਕ-ਕਲਿਆਣ ਦੀ ਸੋਝੀ ਦੇਣ ਵਾਲਾ ਹੋਣਾ ਸੀ।[13]

ਸਿੱਖ ਗੁਰੂ ਸਾਹਿਬਾਨ ਸੰਗੀਤ ਦੇ ਨਿਰਮਾਤਾ ਸਨ। ਉਨ੍ਹਾਂ ਨੇ ਭਾਰਤੀ ਸੰਗੀਤ ਨੂੰ ਹੋਰ ਉਚੇਰਾ ਅਤੇ ਪਰਪੱਕ ਕੀਤਾ ਸੀ। ਉਨ੍ਹਾਂ ਨੇ *ਗੁਰੂ ਗ੍ਰੰਥ ਸਾਹਿਬ* ਦੀ ਸਾਰੀ ਬਾਣੀ ਰਾਗਾਂ ਵਿਚ ਵੰਡ ਕੇ ਦਿੱਤੀ। ਕੁੱਲ ਰਾਗ 31 ਹਨ। ਇਹ ਸਾਰੇ ਰਾਗ ਇਕ ਸਤੁੰਲਤ ਅਹਿਸਾਸ ਪੈਦਾ ਕਰਦੇ ਹਨ। ਅਸੰਤੁਲਤ ਅਹਿਸਾਸ ਪੈਦਾ ਕਰਨ ਵਾਲੇ ਰਾਗ ਨਹੀਂ ਵਰਤੇ ਗਏ। ਇਸ ਤਰ੍ਹਾਂ ਜਿਹੜੇ 31 ਰਾਗਾਂ ਦੀ *ਗੁਰੂ ਗ੍ਰੰਥ ਸਾਹਿਬ* ਵਿਚ ਵਰਤੋਂ

11. ਕੇਸਰ ਸਿੰਘ ਛਿੱਬਰ, *ਪੂਰਵ ਅੰਕਤ,* ਪੰਨੇ 163-164.
12. *ਪੂਰਵਅੰਕਤ,* ਇੰਟਰੋਡਕਸ਼ਨ।
13. ਸੁਖਦਿਆਲ ਸਿੰਘ, *ਪੂਰਵਅੰਕਤ,* ਪੰਨਾ 14.

ਕੀਤੀ ਗਈ ਹੈ, ਉਨ੍ਹਾਂ ਵਿੱਚ ਇਹ ਰਾਗ ਸ਼ਾਮਲ ਹਨ : ਸ੍ਰੀ ਰਾਗ, ਮਾਝ, ਗਉੜੀ, ਆਸਾ, ਗੁਜਰੀ, ਦੇਵਗੰਧਾਰੀ, ਬਿਹਾਗੜਾ, ਵਡਹੰਸ, ਸੋਰਠ, ਧਨਾਸਰੀ, ਜੈਤਸਰੀ, ਟੋਡੀ, ਬੈਰਾਗੀ, ਤਿਲੰਗ, ਸੂਹੀ, ਬਿਲਾਵਲ, ਗੋਂਡ, ਰਾਮਕਲੀ, ਨਟ ਨਰਾਇਣ, ਮਾਲੀ ਗੌੜਾ, ਮਾਰੂ, ਤੁਖਾਰੀ, ਕੇਦਾਰਾ, ਭੈਰਉ, ਬਸੰਤ, ਸਾਰੰਗ, ਮਲਾਰੁ, ਕਾਨੜਾ, ਕਲਿਆਣ, ਪਰਭਾਤੀ ਅਤੇ ਜੈਜਾਵੰਤੀ। ਰਾਗ ਜੈਜਾਵੰਤੀ ਸਿਰਫ ਗੁਰੂ ਤੇਗ ਬਹਾਦੁਰ ਜੀ ਦਾ ਹੀ ਵਰਤਿਆ ਹੋਇਆ ਹੈ। ਕੁਝ ਬਾਣੀ ਰਾਗਾਂ ਤੋਂ ਬਗੈਰ ਵੀ ਹੈ ਪਰ ਇਹ ਬਹੁਤ ਥੋੜ੍ਹੀ ਹੈ। ਬਾਣੀ ਦਾ ਬਹੁਤ ਵੱਡਾ ਭਾਗ ਰਾਗਾਂ ਵਿੱਚ ਹੀ ਹੈ। *ਗੁਰੂ ਗ੍ਰੰਥ ਸਾਹਿਬ* ਦੀਆਂ ਸਾਰੀਆਂ ਬਾਣੀਆਂ ਵਿਚੋਂ ਕੁਝ ਕੁ ਬਾਣੀਆਂ ਬਹੁਤ ਮਸ਼ਹੂਰ ਹਨ, ਜਿਵੇਂ ਕਿ ਜਪੁਜੀ ਸਾਹਿਬ, ਰਹਿਰਾਸ, ਕੀਰਤਨ ਸੋਹਿਲਾ, ਆਸਾ ਦੀ ਵਾਰ, ਸਿੱਧ ਗੋਸ਼ਟ, ਸੁਖਮਨੀ ਸਾਹਿਬ, ਬਾਰਹਾ ਮਾਹ ਅਤੇ ਨੌਵੇਂ ਮਹੱਲੇ ਦੇ ਭੋਗ ਵਾਲੇ ਸਲੋਕ। *ਗੁਰੂ ਗ੍ਰੰਥ ਸਾਹਿਬ* ਵਿਚ ਬਾਈ ਵਾਰਾਂ ਸ਼ਾਮਲ ਹਨ। ਸਾਰੀ ਬਾਣੀ ਦੀ ਤਰਤੀਬ ਇਸ ਤਰ੍ਹਾਂ ਹੈ: ਪਹਿਲਾਂ ਮਹਲੇ ਪਹਿਲੇ ਦੀ, ਫਿਰ ਦੂਜੇ ਦੀ ਤੇ ਇਸੇ ਤਰ੍ਹਾਂ ਤੀਜੇ, ਚੌਥੇ, ਪੰਜਵੇਂ ਅਤੇ ਨੌਵੇਂ ਦੀ। ਭਗਤਾਂ ਦੀ ਬਾਣੀ, ਗੁਰੂ ਸਾਹਿਬਾਨ ਦੀ ਬਾਣੀ ਤੋਂ ਬਾਅਦ ਦਿਤੀ ਗਈ ਹੈ। ਇਹ ਸਮਾਂ-ਬੱਧ ਹੈ। ਅਰਥਾਤ ਜੇ ਬਹੁਤੇ ਭਗਤ ਹਨ ਤਾਂ ਪਹਿਲਾਂ ਸਭ ਤੋਂ ਪਹਿਲਾਂ ਹੋਏ ਭਗਤ ਦੀ, ਫਿਰ ਉਸ ਤੋਂ ਦੂਜੇ ਨੰਬਰ ਤੇ, ਤੀਜੇ ਨੰਬਰ ਤੇ ਆਦਿ ਆਦਿ। ਪਰ ਹਰ ਰਾਗ ਵਿੱਚ ਜ਼ਰੂਰੀ ਨਹੀਂ ਕਿ ਸਾਰੇ ਹੀ ਭਗਤਾਂ ਦੀ ਬਾਣੀ ਹੋਵੇ, ਪਰ ਜਿਥੇ ਵੀ ਅਤੇ ਜਿੰਨੇ ਵੀ ਭਗਤਾਂ ਦੀ ਬਾਣੀ ਦਿੱਤੀ ਗਈ ਹੈ ਉਹ ਸਮੇਂ ਅਨੁਸਾਰ ਹੈ।[14]

ਗੁਰੂ ਗ੍ਰੰਥ ਸਾਹਿਬ ਦੇ ਇਸ ਤਰ੍ਹਾਂ ਹੋਂਦ ਵਿਚ ਆ ਜਾਣ ਕਰਕੇ ਸ਼ਬਦ-ਗੁਰੂ ਦੀ ਸਿੱਖ ਸੰਗਤਾਂ ਵਿਚ ਸਰਬਉੱਚਤਾ ਸਥਾਪਤ ਹੋ ਗਈ ਸੀ। ਭਾਵੇਂ ਬਾਕਾਇਦਾ ਤੌਰ ਤੇ *ਗ੍ਰੰਥ ਸਾਹਿਬ* ਨੂੰ ਗੁਰੂ, ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ-ਜੋਤ ਸਮਾਅ ਜਾਣ ਸਮੇਂ ਹੀ ਮੰਨਿਆ ਜਾਣ ਲਗਿਆ ਹੈ, ਇਹ ਤਾਂ ਇਕ ਮਿਤੀ-ਬੱਧ ਤੱਥ ਹੈ। ਸ਼ਬਦ-ਗੁਰੂ ਦੀ ਸਰਬਉੱਚਤਾ ਹੋਣ ਕਰਕੇ ਸਿੱਖ ਸੰਗਤਾਂ ਵਿਚ ਮੁੱਢ ਤੋਂ ਹੀ ਗੁਰੂ ਸਹਿਬਾਨ ਦੀ ਬਾਣੀ ਨੂੰ ਗੁਰੂ ਦੇ ਤੌਰ ਤੇ ਜਾਣਿਆ ਜਾਂਦਾ ਸੀ। ਇਹ ਗੱਲ ਗੁਰਬਾਣੀ ਵਿਚ ਵੀ ਸਪੱਸ਼ਟ ਕੀਤੀ ਗਈ ਹੈ। ਜਿਵੇਂ ਕਿ:

ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤ ਸਾਰੇ॥
ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ॥[15]

ਭਾਈ ਗੁਰਦਾਸ ਜੀ ਨੇ ਵੀ ਇਸ ਤੱਥ ਨੂੰ ਇਹ ਕਹਿ ਕੇ ਪਰਪੱਕ ਕੀਤਾ ਹੈ:

ਗੁਰੂ ਮੂਰਤਿ ਗੁਰਸ਼ਬਦੁ ਹੈ ਸਾਧ ਸੰਗਤਿ ਵਿਚਿ ਪਰਗਟੀ ਆਇਆ॥[16]

ਪਿੱਛੋਂ ਦੇ ਸਿੱਖ ਲੇਖਕਾਂ ਨੇ ਵੀ ਇਸ ਗੱਲ ਨੂੰ ਦਰਿੜ੍ਹ ਕੀਤਾ ਹੈ ਕਿ *ਗੁਰੂ ਗ੍ਰੰਥ ਸਾਹਿਬ* ਦੇ ਹੋਂਦ ਵਿਚ ਆਉਣ ਸਾਰ ਹੀ ਸਿੱਖ ਸੰਗਤਾਂ *ਗ੍ਰੰਥ ਸਾਹਿਬ* ਨੂੰ ਗੁਰੂ ਦੇ ਤੌਰ ਤੇ ਮਾਨਤਾ ਦੇਣ ਲਗ ਗਈਆਂ ਸਨ। ਗੁਰੂ ਅਰਜਨ ਦੇਵ ਜੀ ਖੁਦ, *ਗੁਰੂ ਗ੍ਰੰਥ ਸਾਹਿਬ* ਤੋਂ ਨੀਵੇਂ ਥਾਂ ਬੈਠਦੇ ਸਨ। ਸੰਪਾਦਨਾ ਤੋਂ ਬਾਅਦ ਜਦੋਂ *ਗੁਰੂ ਗ੍ਰੰਥ ਸਾਹਿਬ* ਦਾ ਸਿਰੀ ਦਰਬਾਰ ਸਾਹਿਬ ਵਿਚ ਪਰਕਾਸ਼ ਕੀਤਾ ਗਿਆ ਸੀ ਤਾਂ ਗੁਰੂ ਅਰਜਨ ਦੇਵ ਜੀ ਖੁਦ ਅਤੇ ਬਾਕੀ ਸਾਰੀਆਂ ਸਿੱਖ ਸੰਗਤਾਂ ਸਿਰੀ ਦਰਬਾਰ ਸਾਹਿਬ ਵਿਖੇ ਪਹੁੰਚ ਕੇ *ਗੁਰੂ ਗ੍ਰੰਥ ਸਾਹਿਬ* ਅੱਗੇ ਮੱਥਾ ਟੇਕਦੀਆਂ ਸਨ। ਸਭ ਤੋਂ ਅਹਿਮ ਗੱਲ ਇਹ ਹੈ ਕਿ *ਗ੍ਰੰਥ ਸਾਹਿਬ* ਦਾ ਨਾਂ *ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* ਹੀ ਇਸ ਗੱਲ ਨੂੰ ਸਪਸ਼ਟ ਕਰਦਾ ਹੈ ਕਿ *ਗ੍ਰੰਥ ਸਾਹਿਬ* ਇਕ ਗੁਰੂ ਦੇ ਤੌਰ ਤੇ ਹੀ ਸਿੱਖ ਸੰਗਤਾਂ ਵਿਚ ਪਰਗਟ ਹੋਇਆ ਸੀ। *ਗੁਰੂ ਗ੍ਰੰਥ ਸਾਹਿਬ* ਦਾ ਮੁੱਢ ਤੋਂ ਹੀ ਇਹੋ ਨਾਂ ਸੀ।

---

14. *ਉਕਤ*, ਪੰਨਾ 15.
15. *ਗੁਰੂ ਗ੍ਰੰਥ ਸਾਹਿਬ*, ਪੰਨਾ 982.
16. ਭਾਈ ਗੁਰਦਾਸ, *ਵਾਰਾਂ*, ਵਾਰ 24ਵੀਂ, ਪਾਉੜੀ 25ਵੀਂ।

ਬਾਬਾ ਬੁੱਢਾ ਜੀ ਨੂੰ ਸਿਰੀ ਦਰਬਾਰ ਸਾਹਿਬ ਦਾ ਪਹਿਲਾ ਗ੍ਰੰਥੀ ਨਿਯੁਕਤ ਕੀਤਾ ਗਿਆ ਸੀ। ਇਸ ਸਮੇਂ ਤੱਕ ਅੰਮ੍ਰਿਤਸਰ ਸ਼ਹਿਰ ਕਾਫ਼ੀ ਹੱਦ ਤਕ ਵਿਕਸਤ ਹੋ ਚੁੱਕਿਆ ਸੀ। ਇਥੇ ਹਰ ਕਿਸਮ ਦੇ ਬਵੰਜਾ ਕਿੱਤਿਆਂ ਦੇ ਮਾਹਰ ਵਸ ਚੁੱਕੇ ਸਨ। *ਗੁਰੂ ਗ੍ਰੰਥ ਸਾਹਿਬ* ਦੀ ਜਿਲਦਸਾਜ਼ੀ, ਇਸ ਦੀ ਪਵਿੱਤਰਤਾ ਵੱਲ ਧਿਆਨ ਰੱਖਦੇ ਹੋਏ, ਨਾ ਹੀ ਕਿਸੀ ਆਮ ਦੁਕਾਨ ਤੋਂ ਕਰਵਾਈ ਜਾ ਸਕਦੀ ਸੀ ਅਤੇ ਨਾ ਹੀ ਆਮ ਦੁਕਾਨਦਾਰਾਂ ਤੋਂ। ਇਹ ਸਾਰਾ ਕੰਮ ਉਥੇ ਹੀ ਰਾਮਸਰ ਵਾਲੀ ਥਾਂ ਤੇ ਗੁਰੂ ਅਰਜਨ ਦੇਵ ਜੀ ਦੀ ਨਿਗਰਾਨੀ ਹੇਠ ਕੀਤਾ ਜਾ ਰਿਹਾ ਸੀ। ਬੀੜਾਂ ਦੇ ਉਤਾਰੇ ਨਾਲ ਭਾਈ ਬੰਨੋ ਦਾ ਨਾਂ ਇਤਿਹਾਸ ਵਿੱਚ ਨਹੁੰ-ਮਾਸ ਦੀ ਤਰ੍ਹਾਂ ਜੁੜਿਆ ਹੋਇਆ ਹੈ। ਇਸ ਬਾਰੇ ਸੋਚ-ਵਿਚਾਰ ਕਰਨ ਦੀ ਲੋੜ ਹੈ, ਜਿਵੇਂ ਭਾਈ ਬੰਨੋ ਵਲੋਂ ਅਸਲ ਬੀੜ ਤੋਂ ਚਲਾਕੀ ਨਾਲ ਰਸਤੇ ਵਿੱਚ ਹੀ ਦੂਸਰਾ ਉਤਾਰਾ ਕਰਵਾ ਲੈਣਾ ਅਤੇ ਉਹ ਵੀ ਵਾਧੂ ਬਾਣੀਆਂ ਵਾਲਾ, ਇਹ ਕਿਸੇ ਵਫਾਦਾਰ ਸਿੱਖ ਦਾ ਕੰਮ ਨਹੀਂ ਸੀ ਅਤੇ ਨਾ ਹੀ ਸਿੱਖੀ ਦੀ ਸੇਵਾ ਵਾਲੀ ਕੋਈ ਗੱਲ ਸੀ। ਸਗੋਂ ਇਸ ਦੇ ਉਲਟ ਇਹ ਗੱਲਾਂ *ਗੁਰੂ ਗ੍ਰੰਥ ਸਾਹਿਬ* ਦੀ ਪਰਮਾਣਿਕਤਾ ਨੂੰ ਸੱਟ ਮਾਰਨ ਵਾਲੀਆਂ ਹਨ। ਇਹ ਗੱਲ ਕੋਈ ਗੁਰੂ ਦਾ ਸਿੱਖ ਨਹੀਂ ਕਰ ਸਕਦਾ ਸੀ। ਪਤਾ ਨਹੀਂ ਭਾਈ ਬੰਨੋ ਨੇ ਇਹ ਗੱਲ ਕੀਤੀ ਸੀ ਜਾਂ ਉਸ ਦਾ ਨਾਂ ਕਿਸੇ ਸ਼ਰਾਰਤੀ ਨੇ ਜਾਣ-ਬੁੱਝ ਕੇ ਜੋੜ ਦਿੱਤਾ ਹੈ। ਪਰ ਇਹ ਕਿਸੇ ਸਿੱਖ-ਦੋਖੀ ਦਾ ਕੰਮ ਸੀ।[17]

ਅਸਲ ਵਿਚ ਭਾਈ ਬੰਨੋ ਵਾਲੀ ਬੀੜ ਦਾ ਉਤਾਰਾ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਜੋਤੀ-ਜੋਤ ਸਮਾ ਜਾਣ ਬਾਅਦ, ਅਰਥਾਤ 1644 ਈ. ਤੋਂ ਬਾਅਦ ਕਿਸੇ ਸਮੇਂ ਕੀਤਾ ਗਿਆ ਸੀ। ਜਿਸ ਤਰ੍ਹਾਂ ਇਸ ਦੇ ਤਤਕਰੇ ਵਿਚ ਬੀੜ ਨੂੰ ਲਿਖੇ ਜਾਣ ਦਾ ਸੰਮਤ ਅਤੇ ਪਹਿਲੇ ਛੇ ਗੁਰੂ ਸਾਹਿਬਾਨ, ਸਮੇਤ ਬਾਬਾ ਗੁਰਦਿੱਤਾ ਜੀ ਦੇ ਚਲਾਣਿਆਂ ਦੇ ਸੰਮਤ ਦਿੱਤੇ ਹੋਏ ਹਨ, ਉਨ੍ਹਾਂ ਤੋਂ ਇਉਂ ਲਗਦਾ ਹੈ ਜਿਵੇਂ ਕਿ ਇਹ ਬੀੜ ਪਹੋਏ ਦੇ ਪਾਂਡਿਆਂ ਜਾਂ ਭੱਟਾਂ ਨੇ ਲਿਖੀ ਹੋਵੇ। 'ਪੋਥੀ ਲਿਖਿ ਪਹੁੰਚੇ ਜਾਂ ਪਹੋਚੇ' ਬੜਾ ਹੀ ਭੁਲੇਖਾ ਪਾਉਣ ਵਾਲੇ ਸ਼ਬਦ ਹਨ। ਪਹੋਚੇ ਸ਼ਬਦ ਕੱਟ ਕੇ ਲਿਖਿਆ ਹੋਇਆ ਹੈ। 'ਪਹੁੰਚੇ ਜਾਂ ਪਹੋਚੇ' ਅਸਲ ਵਿੱਚ ਪਹੋਏ ਤੋਂ ਜਾਣ ਬੁੱਝ ਕੇ ਜਾਂ ਅਣਜਾਣਤਾ ਵਿਚ ਬਿਗਾੜ ਕੇ ਲਿਖੇ ਹੋਏ ਹਿੰਦਸੇ ਹਨ। 'ਏ' ਤੋਂ 'ਚ' ਬਣਾ ਲੈਣਾ ਸ਼ਰਾਰਤੀ ਦਿਮਾਗ ਲਈ ਇਕ ਆਮ ਜਿਹੀ ਗੱਲ ਹੈ। 'ਪੋਥੀ ਲਿਖਿ ਪਹੁੰਚੇ ਜਾਂ ਪਹੋਚੇ' ਕਿਸੇ ਵੀ ਤਰ੍ਹਾਂ ਸਪਸ਼ਟ ਜਾਣਕਾਰੀ ਦੇਣ ਵਾਲੇ ਸ਼ਬਦ ਨਹੀਂ ਹਨ। 'ਸੰਮਤ....ਪੋਥੀ ਲਿਖਿ ਪਹੋਚੇ' ਸ਼ਬਦ ਨਾ ਹੀ ਤਾਂ ਸਪਸ਼ਟ ਜਾਣਕਾਰੀ ਦੇਣ ਵਾਲੇ ਹਨ ਅਤੇ ਨਾ ਹੀ ਕਿਸੇ ਪਰਪੱਕ ਲਿਖਾਰੀ ਦੇ ਹੀ ਸ਼ਬਦ ਹਨ। 'ਪੋਥੀ ਲਿਖਿ ਪਹੁੰਚੇ' ਦੇ ਕੀ ਅਰਥ ਹੋਏ? ਨਾ ਹੀ ਪਵਿੱਤਰ ਗ੍ਰੰਥ ਦੇ ਤਤਕਰੇ ਵਿਚ ਗੁਰੂ ਸਾਹਿਬਾਨ ਦੇ ਚਲਾਣੇ ਦੀਆਂ ਤਿੱਥਾਂ ਜਾਂ ਸੰਮਤ ਦੇਣ ਦੀ ਹੀ ਕੋਈ ਤੁਕ ਬਣਦੀ ਹੈ। ਇਹ ਵੀ ਇਕੱਲੇ ਜੋਤੀ-ਜੋਤ ਸਮਾਉਣ ਦੀਆਂ ਤਿੱਥਾਂ ਹਨ, ਜਨਮ ਦੀਆਂ ਜਾਂ ਗੁਰਗੱਦੀ ਪਰਾਪਤ ਕਰਨ ਦੀਆਂ ਮਿਤੀਆਂ ਕਿਉਂ ਨਹੀਂ? ਇਹ ਸ਼ਬਦਾਵਲੀ ਵੀ ਪਾਂਡਿਆਂ ਦੀ ਹੈ। ਸਭ ਤੋਂ ਵੱਧ ਕੇ ਗੱਲ ਇਹ ਕਿ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਨੂੰ ਵੀ ਸਮਾਣੇ ਸ਼ਬਦ ਨਾਲ ਹੀ ਦਰਜ ਕੀਤਾ ਗਿਆ ਹੈ। ਭਾਵ ਸੰਖੇਪ ਵਿਚ ਇਸ ਸਾਰੀ ਗੱਲ ਦਾ ਇਹ ਹੀ ਸਾਰ ਹੈ ਕਿ ਭਾਈ ਬੰਨੋ ਵਾਲੀ ਕਹੀ ਜਾਂਦੀ ਬੀੜ ਪਹੋਏ ਵਿਖੇ ਪਹੋਏ ਦੇ ਪਾਂਡਿਆਂ ਵਲੋਂ ਕਿਸੇ ਸਮੇਂ ਲਿਖੀ ਗਈ ਬੀੜ ਸੀ। ਇਹ ਨਾ ਹੀ ਸੰ. 1661 ਬਿ. ਵਿਚ ਲਿਖੀ ਗਈ ਹੈ ਤੇ ਨਾ ਹੀ ਕਿਸੇ ਗੁਰ ਸਿੱਖ ਰਾਹੀਂ। ਇਹ 1604 ਈ. ਤੋਂ ਬਹੁਤ ਸਮਾਂ ਪਿਛੋਂ ਲਿਖੀ ਗਈ ਗੈਰ-ਪਰਮਾਣਿਕ ਬੀੜ ਹੈ।[18] ਬਾਕੀ ਜਿੰਨੇ ਵੀ ਅਣਅਧਿਕਾਰਤ ਬੀੜਾਂ ਦੇ ਉਤਾਰੇ ਹੋਏ ਹਨ ਉਹ ਸਭ ਇਸੇ ਗੈਰ-ਪਰਮਾਣਿਕ ਬੀੜ ਤੋਂ ਹੀ ਹੋਏ ਹਨ।

---

17. *ਉਕਤ,* ਪੰਨਾ 16.
18. ਹੋਰ ਦੇਖੋ ਗਿਆਨੀ ਮਹਾਂ ਸਿੰਘ, *ਪਰਮ ਪਵਿਤ੍ਰ ਆਦਿ ਬੀੜ ਦਾ ਸੰਕਲਨ ਕਾਲ,* ਖਾਲਸਾ ਸਮਾਚਾਰ, ਅੰਮ੍ਰਿਤਸਰ, 1952, ਪੰਨੇ 52-53.

ਕਿਉਂਕਿ ਇਸ ਤਰ੍ਹਾਂ ਦੇ ਉਤਾਰੇ ਕਰਕੇ ਪਹੋਏ ਦੇ ਪਾਂਡੇ ਜਾਂ ਭੱਟ ਅੱਗੇ ਸਾਧਾਂ ਜਾਂ ਡੇਰੇਦਾਰਾਂ ਨੂੰ ਵੇਚ ਦਿੰਦੇ ਸਨ। ਵਰਤਮਾਨ ਕਰਤਾਰਪੁਰ ਵਾਲੀ ਬੀੜ ਵੀ ਇਨ੍ਹਾਂ ਹੀ ਉਤਾਰਿਆਂ ਦਾ ਇੱਕ ਉਤਾਰਾ ਹੈ। ਕਰਤਾਰਪੁਰ ਵਾਲੀ ਬੀੜ ਵਿੱਚ ਤਾਂ ਇਕ ਕੋਰਾ ਝੂਠ, ਸੰਮਤ 1655 ਵਿਚ ਬਾਦਸ਼ਾਹ ਜਹਾਂਗੀਰ ਵਲੋਂ 8964 ਘੁਮਾ, 7 ਕਨਾਲ, 15 ਮਰਲੇ ਦਾ ਰਕਬਾ ਵੀ ਗੁਰੂ ਅਰਜਨ ਦੇਵ ਜੀ ਨੂੰ ਬਖਸ਼ਿਆ ਹੋਇਆ ਲਿਖਿਆ ਗਿਆ ਹੈ। ਨਾ ਹੀ ਸੰਮਤ 1655 ਵਿਚ ਜਹਾਂਗੀਰ ਬਾਦਸ਼ਾਹ ਸੀ, ਨਾ ਹੀ ਕਨਾਲ ਤੇ ਮਰਲੇ ਉਸ ਸਮੇਂ ਪਰਚੱਲਤ ਸਨ ਅਤੇ ਨਾ ਹੀ ਗੁਰੂ-ਘਰ ਵਿਚ ਇਹ ਪਰੰਪਰਾ ਰਹੀ ਹੈ ਕਿ ਗੁਰੂ ਸਾਹਿਬਾਨ ਮੁਗਲ ਬਾਦਸ਼ਾਹਾਂ ਕੋਲੋਂ ਕੋਈ ਦਾਨ ਵਿਚ ਦਿੱਤੀ ਹੋਈ ਜਮੀਨ ਸਵੀਕਾਰ ਕਰਦੇ ਸਨ।[19]

ਗੁਰੂ ਗ੍ਰੰਥ ਸਾਹਿਬ ਦੀ ਬੀੜ ਜੋ 1604 ਈ. ਵਿਚ ਸੰਪਾਦਿਤ ਕੀਤੀ ਗਈ ਸੀ ਉਹ ਉਸ ਸਮੇਂ ਤੋਂ ਹੀ ਸਿਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿੱਚ ਪਰਕਾਸ਼ ਕਰ ਦਿਤੀ ਗਈ ਸੀ। ਇਹ ਪਰਕਾਸ਼ ਲਗਾਤਾਰ ਗੁਰੂ ਹਰਿ ਰਾਇ ਜੀ ਦੇ ਸਮੇਂ ਤੱਕ ਹੁੰਦਾ ਰਿਹਾ। ਹੋ ਸਕਦਾ ਹੈ ਕਿ ਮੌਲਿਕ ਬੀੜ ਦਾ ਪਰਕਾਸ਼ ਗੁਰੂ ਹਰਿ ਕ੍ਰਿਸ਼ਨ ਜੀ ਅਤੇ ਗੁਰੂ ਤੇਗ ਬਹਾਦਰ ਜੀ ਦੇ ਸਮੇਂ ਬੰਦ ਕਰ ਦਿੱਤਾ ਗਿਆ ਹੋਵੇ ਕਿਉਂਕਿ *ਸ਼ਹੀਦ ਬਿਲਾਸ ਭਾਈ ਮਨੀ ਸਿੰਘ* ਵਿਚ ਦੱਸਿਆ ਗਿਆ ਹੈ ਕਿ ਜਦੋਂ 1699 ਦੀ ਵਿਸਾਖੀ ਤੇ ਗੁਰੂ ਗੋਬਿੰਦ ਸਿੰਘ ਜੀ ਵਲੋਂ ਖਾਲਸੇ ਦੀ ਸਾਜਨਾ ਕਰਨ ਬਾਅਦ ਭਾਈ ਮਨੀ ਸਿੰਘ ਜੀ ਨੂੰ ਸ੍ਰੀ ਦਰਬਾਰ ਸਾਹਿਬ ਅਤੇ ਸਿਰੀ ਅਕਾਲ ਤਖ਼ਤ ਸਾਹਿਬ ਦਾ ਮੁੱਖ ਸੇਵਾਦਾਰ ਥਾਪ ਕੇ ਆਨੰਦਪੁਰ ਸਾਹਿਬ ਤੋਂ ਅੰਮ੍ਰਿਤਸਰ ਲਈ ਤੋਰਿਆ ਗਿਆ ਸੀ ਤਾਂ ਗੁਰੂ ਸਾਹਿਬ ਨੇ ਭਾਈ ਸਾਹਿਬ ਨੂੰ ਨਿਸ਼ਾਨ ਸਾਹਿਬ ਦੇ ਨਾਲ ਇਕ ਬੀੜ *ਗੁਰੂ ਗ੍ਰੰਥ ਸਾਹਿਬ* ਦੀ ਵੀ ਦਿੱਤੀ ਸੀ।[20] ਭਾਈ ਮਨੀ ਸਿੰਘ ਨਾਲ ਪੰਜ ਸਿੰਘ ਵੀ ਭੇਜੇ ਸਨ। ਭਾਈ ਸਾਹਿਬ ਨੇ ਅੰਮ੍ਰਿਤਸਰ ਪਹੁੰਚ ਕੇ ਸਿਰੀ ਦਰਬਾਰ ਸਾਹਿਬ ਦੀ ਸਾਰੀ ਗੁਰਮਤਿ ਮਰਯਾਦਾ ਬਹਾਲ ਕੀਤੀ। ਗੁਰੂ ਗੋਬਿੰਦ ਸਿੰਘ ਜੀ ਵੱਲੋਂ ਪੁਨਰ-ਸੰਪਾਦਨਾ 1706 ਈ. ਵਿੱਚ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਕੀਤੀ ਗਈ ਸੀ। ਇਸ ਪੁਨਰ-ਸੰਪਾਦਿਤ ਕੀਤੀ ਬੀੜ ਦੇ ਜਿਹੜੇ ਚਾਰ ਉਤਾਰੇ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਉਥੇ ਰਹਿੰਦੇ ਸਮੇਂ ਤੱਕ ਬਾਬਾ ਦੀਪ ਸਿੰਘ ਤੋਂ ਕਰਵਾਏ ਸਨ ਉਨ੍ਹਾਂ ਵਿਚੋਂ ਇਕ ਬੀੜ ਅੰਮ੍ਰਿਤਸਰ ਵਿਖੇ ਭੇਜੀ ਗਈ ਸੀ।[21] ਇਸੇ ਹੀ ਬੀੜ ਦਾ ਜੋ ਛਪਿਆ ਰੂਪ ਸਿੱਖ ਸੰਗਤਾਂ ਸਾਹਮਣੇ ਆਇਆ ਹੈ ਉਸ ਦੇ ਕੁੱਲ ਪੰਨੇ 1430 ਹਨ। ਇਹੀ 1430 ਪੰਨਿਆਂ ਵਾਲੀ ਬੀੜ ਆਪਣੇ ਇਕੋ ਸਟੈਂਡਰਡ ਰੂਪ ਵਿਚ ਸਿੱਖ ਜਗਤ ਵਿੱਚ ਪਰਚੱਲਤ ਹੈ। ਇਸ ਬੀੜ ਦਾ ਆਕਾਰ ਤਾਂ ਛੋਟਾ-ਵੱਡਾ ਹੋ ਸਕਦਾ ਹੈ ਪਰ ਪੰਨਿਆਂ ਦਾ ਵਾਧਾ-ਘਾਟਾ ਨਹੀਂ ਹੋ ਸਕਦਾ। ਅੱਜ ਕੱਲ੍ਹ ਤਾਂ *ਗੁਰੂ ਗ੍ਰੰਥ ਸਾਹਿਬ* ਦੀ ਬੀੜ ਨੂੰ ਸ਼੍ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੀ ਇਜ਼ਾਜਤ ਤੋਂ ਬਗੈਰ ਕੋਈ ਵੀ ਪਬਲਿਸ਼ਰ ਛਾਪ ਨਹੀਂ ਸਕਦਾ।

---

19. *ਉਕਤ,* ਪੰਨੇ 16-17.
20. ਕਵੀ ਸੇਵਾ ਸਿੰਘ, *ਸ਼ਹੀਦ ਬਿਲਾਸ* (ਭਾਈ ਮਨੀ ਸਿੰਘ), ਸੰਪਾਦਕ ਗਿਆਨੀ ਗਰਜਾ ਸਿੰਘ, ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ, 1961, ਪੰਨਾ 70, ਬੰਦ 85.
21. ਗਯਾਨੀ ਗਯਾਨ ਸਿੰਘ, *ਸ੍ਰੀ ਗੁਰੂ ਪੰਥ ਪ੍ਰਕਾਸ਼* (ਪੱਥਰ ਛਾਪ ਦੂਜੀ), ਅੰਮ੍ਰਿਤਸਰ, 1889, ਪੰਨਾ 234.

ਗੁਰੂ ਗ੍ਰੰਥ ਸਾਹਿਬ ਵਿੱਚ ਮਾਨਵਤਾ ਦਾ ਸੰਦੇਸ਼

*ਬਲਵਿੰਦਰਜੀਤ ਕੌਰ ਭੱਟੀ**

ਗੁਰੂ ਗ੍ਰੰਥ ਸਾਹਿਬ ਸੰਸਾਰ ਦਾ ਇੱਕ ਅਦੁੱਤੀ ਧਰਮ ਗ੍ਰੰਥ ਹੈ। ਇਹ ਮਨੁੱਖੀ ਭਾਈਚਾਰੇ ਦੀ ਏਕਤਾ ਦਾ ਗ੍ਰੰਥ ਹੈ। ਇਸ ਦਾ ਪ੍ਰਤੱਖ ਸਬੂਤ ਇਸ ਦੀ ਸਮੁੱਚੀ ਬਣਤਰ ਹੈ। ਇਸ ਗ੍ਰੰਥ ਦੀ ਮਿਸਾਲ ਦੁਨੀਆਂ ਵਿੱਚ ਕਿਤੇ ਨਹੀਂ ਮਿਲਦੀ। ਇਸਦੀ ਸੰਪਾਦਨਾ, ਸ੍ਰੀ ਗੁਰੂ ਅਰਜਨ ਦੇਵ ਜੀ ਨੇ 15 ਅਗਸਤ 1604 ਈ: ਵਿੱਚ ਕੀਤੀ। *ਸ੍ਰੀ ਗੁਰੂ ਗ੍ਰੰਥ ਸਾਹਿਬ* ਵਿੱਚ ਪਹਿਲੇ ਪੰਜ ਗੁਰੂ ਸਾਹਿਬਾਨ ਦੀ ਬਾਣੀ ਅਤੇ ਨੌਵੇਂ ਗੁਰੂ, ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਰਜ ਕੀਤੀ ਗਈ ਹੈ। ਇਸ ਤੋਂ ਇਲਾਵਾ ਭਾਰਤ ਦੇ ਵੱਖ-ਵੱਖ ਇਲਾਕਿਆਂ, ਧਰਮਾਂ, ਫਿਰਕਿਆਂ, ਭਾਸ਼ਾਵਾਂ, ਸੰਪਰਦਾਵਾਂ ਨਾਲ ਸੰਬੰਧਿਤ ਪਰਮਾਤਮਾ ਦੀ ਭਗਤੀ ਵਿੱਚ ਲੀਨ 15 ਭਗਤਾਂ, 11 ਭੱਟਾਂ ਤੇ 4 ਗੁਰੂ ਘਰ ਦੇ ਨਿਕਟ ਪ੍ਰੇਮੀਆਂ ਦੀ ਬਾਣੀ ਵੀ ਦਰਜ ਹੈ। ਇਹ ਗ੍ਰੰਥ 36 ਬਾਣੀਕਾਰਾਂ ਦਾ ਸਰਬ ਸਾਂਝਾ ਗ੍ਰੰਥ ਹੈ ਜਿਸ ਵਿੱਚ ਸਮੁੱਚੀ ਮਾਨਵਤਾ ਨੂੰ ਗਿਆਨ ਰਾਹੀਂ ਮੁਕਤ ਕਰਨ ਦਾ ਸੰਦੇਸ਼ ਦਿੱਤਾ ਗਿਆ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮਹਾਨਤਾ ਬਾਰੇ ਸੰਸਾਰ ਦੇ ਵੱਖ-ਵੱਖ ਚਿੰਤਕਾਂ ਅਤੇ ਵਿਦਵਾਨਾਂ ਦੇ ਨਾਲ-ਨਾਲ ਸੰਸਾਰ ਪ੍ਰਸਿੱਧ ਇਤਿਹਾਸਕਾਰਾਂ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ ਹਨ। ਡਾ. ਮਨਮੋਹਨ ਸਹਿਗਲ ਅਨੁਸਾਰ : ਭਾਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਨਿਰਮਾਣ ਪੌਣੇ ਚਾਰ ਸੌ ਸਾਲ ਪੂਰਵ ਹੋਇਆ ਹੈ ਪਰ ਫਿਰ ਵੀ ਵਰਤਮਾਨ ਜੀਵਨ ਦੀਆਂ ਪਰਚੰਡ ਸਮੱਸਿਆਵਾਂ ਦਾ ਸੁਚਾਰੂ ਸਮਾਧਾਨ ਅਤੇ ਭਾਰਤੀ ਸੰਸਕ੍ਰਿਤੀ ਦਾ ਆਦਰਸ਼ ਸਰੂਪ ਇਸ ਵਿਚ ਦ੍ਰਿਸ਼ਟਮਾਨ ਹੈ। ਇਸੇ ਲਈ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਭਾਰਤ ਵਿੱਚ ਭਾਵਾਤਮਿਕ (Emotional) ਏਕਤਾ, ਪਰਸਪਰ ਪ੍ਰੇਮ ਅਥਵਾ ਮਾਨਵਤਾ ਦਾ ਪ੍ਰਚਾਰਕ ਗ੍ਰੰਥ ਮੰਨਦੇ ਹਾਂ।[1]

ਸੰਸਾਰ ਪ੍ਰਸਿੱਧ ਚਿੰਤਕ ਡੰਕਨ ਗਰੀਨਲੀਜ਼ ਅਨੁਸਾਰ, "ਇਹ ਬਿਲਕੁਲ ਠੀਕ ਕਿਹਾ ਗਿਆ ਹੈ ਕਿ ਗੁਰੂ ਗ੍ਰੰਥ ਸਾਹਿਬ ਭਾਰਤੀ ਵਿਚਾਰਧਾਰਾ ਦੀ ਕਰੀਮ ਹੈ, ਹਿੰਦੂ ਫਿਲਾਸਫੀ ਦਾ ਨਿਚੋੜ ਹੈ ਜੋ ਹਿੰਦੂ ਨਹੀਂ ਸਗੋਂ ਨਿਰੋਲ ਸਿੱਖ ਹੈ। ਜਿਤਨਾ ਜਿਤਨਾ ਵੱਧ ਮੈਂ ਗੁਰੂ ਗ੍ਰੰਥ ਸਾਹਿਬ ਦਾ ਅਧਿਐਨ ਕੀਤਾ ਹੈ ਉਤਨੀ ਹੀ ਮੇਰੀ ਪਿਆਰ ਭਾਵਨਾ ਇਸ ਪ੍ਰਤੀ ਹੋਰ ਵਧੀ ਤੇ ਬਲਵਾਨ ਹੋਈ ਹੈ। ਜੋ ਪ੍ਰੇਰਨਾ ਅਤੇ ਭਾਵਿਕ ਖ਼ੂਬਸੂਰਤੀ *ਗੁਰੂ ਗ੍ਰੰਥ ਸਾਹਿਬ* ਵਿੱਚ ਮਿਲਦੀ ਹੈ ਸ਼ਾਇਦ ਹੀ ਦੁਨੀਆਂ ਦੀ ਕਿਸੀ ਹੋਰ ਧਾਰਮਿਕ ਲਿਖਤ ਵਿੱਚੋਂ ਮਿਲਦੀ ਹੋਵੇ।"[2]

ਪ੍ਰਸਿੱਧ ਅਮਰੀਕਨ ਇਤਿਹਾਸਕਾਰ ਮਿਸਟਰ ਤਿਆਨਬੀ ਆਪਣੀ ਪੁਸਤਕ *ਧਰਮ-ਇਤਿਹਾਸਕ ਦ੍ਰਿਸ਼ਟੀਕੋਣ ਤੋਂ* ਵਿੱਚ ਲਿਖਦਾ ਹੈ : ਜਦ ਸਾਰਾ ਜਗਤ ਕੋਈ ਧਰਮ ਅਪਣਾਏਗਾ, ਤਾਂ ਉਹ ਧਰਮ ਅੱਜ ਦੇ ਰਸਮੀ ਕਰਮ ਕਾਂਡੀ ਤੇ ਵਹਿਮੀ ਪ੍ਰਭਾਵਾਂ ਵਾਲਾ ਕਦਾਚਿਤ ਨਹੀਂ ਹੋਵੇਗਾ। ਸਗੋਂ ਉਸ ਦਾ ਮੂਲ ਆਧਾਰ ਸੇਵਾ ਤੇ ਸ਼ਬਦ (ਨਾਮ) ਹੋਣਗੇ। ਸੇਵਾ ਦਾ ਸੰਕਲਪ ਈਸਾਈਆਂ ਨੇ ਡਾਢਾ ਸੁਹਣਾ ਅਪਣਾ

---

* ਲੈਕਚਰਾਰ, ਪੰਜਾਬ ਇਤਿਹਾਸ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

1. ਸਰੂਪ ਸਿੰਘ ਅਲੱਗ, *ਪ੍ਰੀਚੈ ਸ੍ਰੀ ਗੁਰੂ ਗ੍ਰੰਥ ਸਾਹਿਬ*, 1998, ਪੰਨਾ 169.
2. *ਉਹੀ*, ਪੰਨਾ 169.

ਲਿਆ ਹੈ (ਗੁਰਸਿੱਖੀ ਵਿੱਚ ਵੀ ਸੇਵਾ ਨੂੰ ਮਹਾਨ ਸਥਾਨ ਪ੍ਰਾਪਤ ਹੈ) ਤੇ ਸ਼ਬਦ ਦਾ ਪ੍ਰਯੋਗ ਸਿੱਖ ਧਰਮ ਦੇ ਗੁਰੂ ਗ੍ਰੰਥ ਤੋਂ ਪੂਰੀ ਤੀਬਰਤਾ ਵਿੱਚ ਦੇਖਿਆ ਜਾ ਸਕਦਾ ਹੈ।[3]

ਪ੍ਰਸਿੱਧ ਵਿਦਵਾਨ, ਸਵਾਮੀ ਰਾਮ ਤੀਰਥ ਜੀ ਦੰਡੀ ਸੰਨਿਆਸੀ, ਨੇ ਬਹੁਤ ਸ਼ਰਧਾ ਅਤੇ ਪਿਆਰ ਨਾਲ ਲਿਖੀ ਪੁਸਤਕ *ਸਰਵੋਤਮ ਧਰਮ ਗ੍ਰੰਥ, ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਸਰਵੋਤਮ ਧਰਮ ਖਾਲਸਾ ਪੰਥ* ਵਿੱਚ ਆਪਣੇ ਸਮੁੱਚੇ ਜੀਵਨ ਦੇ ਗਿਆਨ, ਅਨੁਭਵ ਅਤੇ ਅਧਿਆਤਮਵਾਦ ਦਾ ਸਾਰ ਪੇਸ਼ ਕਰਦਿਆਂ ਲਿਖਿਆ ਹੈ, "ਵੇਦਾਂ ਦਾ, ਸ਼ਾਸਤਰਾਂ ਦਾ, ਸਿਮ੍ਰਤੀਆਂ ਦਾ, ਸਮਾਰਤ ਸੂਤਰਾਂ ਨੂੰ ਤੰਤਰ ਤਥਾ ਪੁਰਾਣਾਂ ਦਾ ਪੂਰਵੋਵਾਦ ਅਨੇਕ ਦੋਸ਼ਾਂ ਤੋਂ ਭ੍ਰਿਸ਼ਟ ਹੋਏ ਜਾਣ ਕੇ ਮੈਨੇ ਬਹੁਤ ਸਾਰੇ ਅੰਸ਼ਾਂ ਵਿੱਚ ਇਨ੍ਹਾਂ ਗ੍ਰੰਥਾਂ ਨੂੰ ਛੋੜ ਦਿੱਤਾ ਹੈ। ਕੇਵਲ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਬਿਲਕੁਲ ਹੀ ਨਿਰਦੋਸ਼ ਜਾਣ ਕੇ ਅਤੇ ਮਨੁੱਖ ਮਾਤ੍ਰ ਦਾ ਹਿਤੈਸ਼ੀ ਮੰਨ ਕੇ ਮੈਂ ਇਸ *ਗੁਰੂ ਗ੍ਰੰਥ* ਨੂੰ ਆਪਣਾ ਧਰਮ ਗ੍ਰੰਥ ਮੰਨ ਲਿਆ ਹੈ ਅਤੇ ਮੈਂ ਆਪਣੇ ਆਪ ਨੂੰ ਗੁਰੂ ਨਾਨਕ ਦੇਵ ਜੀ ਦਾ ਸਿੱਖ ਮੰਨਦਾ ਹਾਂ। ਇਸ ਲਈ ਮੈਂ ਗੁਰੂ ਦਾ ਸਿੱਖ ਹਾਂ।"[4]

ਆਪਣੇ ਇਸ ਖੋਜ ਪੱਤਰ ਵਿੱਚ ਅਸੀਂ *ਸ੍ਰੀ ਗੁਰੂ ਗ੍ਰੰਥ ਸਾਹਿਬ* ਵਿੱਚ 'ਮਾਨਵਵਾਦ ਦਾ ਸੰਦੇਸ਼' ਵਿਸ਼ੇ ਬਾਰੇ ਆਪਣੇ ਵਿਚਾਰ ਪੇਸ਼ ਕਰਨ ਤੋਂ ਪਹਿਲਾਂ ਮਾਨਵਵਾਦ ਬਾਰੇ ਕੁਝ ਵਿਚਾਰ ਸਾਂਝੇ ਕਰਨ ਦਾ ਯਤਨ ਕਰਾਂਗੇ। ਡਾ. ਮਨਮੋਹਨ ਸਹਿਗਲ ਅਨੁਸਾਰ, "ਆਮ ਤੌਰ ਤੇ ਪੰਥਕ ਝਮੇਲਿਆਂ ਤੋਂ ਇਲਾਵਾ ਨਿਰੋਲ ਸਾਤਵਿਕਤਾ ਤੋਂ ਪ੍ਰਭਾਵਿਤ ਹੋ ਕੇ ਪਿਆਰ, ਹਮਦਰਦੀ ਅਤੇ ਪ੍ਰੇਰਨਾ ਦੇ ਸਹਾਰੇ ਵਿਸ਼ਵ ਭਾਈਚਾਰੇ ਦਾ ਜੋ ਮਹਿਲ ਉਸਾਰਿਆ ਜਾਂਦਾ ਹੈ, ਉਸ ਨੂੰ ਮਨੁੱਖਵਾਦ ਕਿਹਾ ਜਾਣਾ ਚਾਹੀਦਾ ਹੈ।"[5] ਡਾ. ਸਹਿਗਲ ਆਪਣੇ ਵਿਚਾਰ ਨੂੰ ਹੋਰ ਸਪੱਸ਼ਟ ਕਰਦੇ ਹੋਏ ਲਿਖਦੇ ਹਨ, "ਵਿਸ਼ਵ ਮਨੁੱਖਤਾ ਨੂੰ ਜਾਤੀ, ਸਭਿਆਚਾਰਕ ਅਤੇ ਰਾਜਨੀਤਕ ਹੱਦਾਂ ਤੋਂ ਅੱਗੇ ਮਨੁੱਖੀ ਸੰਬੰਧਾਂ ਦੇ ਦ੍ਰਿਸ਼ਟੀਕੋਣ ਤੋਂ ਵੇਖਣ ਦੇ ਸਿਧਾਂਤ ਦਾ ਨਾਂ ਹੋਣਾ ਚਾਹੀਦਾ ਹੈ ਮਨੁੱਖਵਾਦ, ਐਪਰ-ਸ਼ਾਸਤਰੀ ਪਰਿਭਾਸ਼ਾਵਾਂ ਇਸ ਨੂੰ ਤਰਕ ਦੀਆਂ ਹੱਦਾਂ ਵਿੱਚ ਏਨਾ ਜਕੜਦੀਆਂ ਰਹੀਆਂ ਹਨ ਕਿ ਪਰਾਭੌਤਿਕ ਵਿਸ਼ਵਾਸ਼ਾਂ ਅਤੇ 'ਵਸ਼ਦੈਵ ਕਟੁੰਬਕਮ' ਦੀ ਸਦੀਵੀ ਭਾਵਨਾ ਲਈ ਇਸ ਵਿੱਚ ਕੋਈ ਥਾਂ ਹੀ ਨਹੀਂ ਰਹਿ ਗਈ।"[6] ਡਾ. ਮਨਮੋਹਨ ਸਹਿਗਲ ਨੇ ਪੱਛਮੀ ਮਾਨਵਵਾਦ ਤੇ ਭਾਰਤੀ ਮਾਨਵਵਾਦ ਨੂੰ ਸਪੱਸ਼ਟ ਕਰਦਿਆਂ ਮਤ ਪੇਸ਼ ਕੀਤਾ ਹੈ ਕਿ ਯੂਰਪ ਵਿੱਚ ਮਾਨਵਵਾਦ ਦਾ ਜਨਮ ਪੁਨਰ ਜਾਗ੍ਰਤੀ ਕਾਲ ਵਿੱਚ ਹੋਇਆ ਹੈ ਪਰੰਤੂ ਭਾਰਤੀ ਚਿੰਤਨ ਵਿੱਚ ਮਾਨਵਵਾਦ ਦੇ ਬੀਜ ਵੈਦਿਕ ਕਾਲ ਵਿੱਚ ਹੀ ਬੀਜੇ ਜਾ ਚੁੱਕੇ ਸਨ। ਭਾਰਤੀ ਪਰੰਪਰਾ ਵਿੱਚ ਸਾਰੇ ਸੰਸਾਰ ਦੇ ਮਨੁੱਖਾਂ ਨੂੰ ਸਾਂਝਾ ਪਰਿਵਾਰ ਪ੍ਰਵਾਨ ਕੀਤਾ ਗਿਆ ਹੈ ਤੇ ਇਸ ਪਰਿਵਾਰ ਦਾ ਪਿਤਾ ਪਰਮਾਤਮਾ ਹੈ ਅਤੇ ਸਾਰੇ ਮਨੁੱਖ ਉਸ ਇੱਕ ਹੀ ਅੰਸ਼ ਵਿੱਚੋਂ ਪੈਦਾ ਹੋਏ ਹਨ ਤੇ ਇਸ ਕਾਰਨ ਸਾਰੇ ਭਰਾ ਭਰਾ ਹਨ। ਸਮੁੱਚੀ ਧਰਤੀ ਦੇ ਮਨੁੱਖਾਂ ਨੂੰ ਇਕੋ ਪਰਿਵਾਰ ਦੇ ਜੀਅ ਸਮਝਣਾ ਭਾਰਤ ਦੀ ਪ੍ਰਾਚੀਨ ਪਰੰਪਰਾ ਦਾ ਮੂਲ ਆਧਾਰ ਰਿਹਾ ਹੈ।

ਡਾ. ਸਹਿਗਲ ਯੂਰਪ ਦੀ ਮਾਨਵਵਾਦੀ ਪਰੰਪਰਾ ਨੂੰ ਭਾਰਤੀ ਪਰੰਪਰਾ ਤੋਂ ਵਿਰੋਧੀ ਪ੍ਰਵਿਰਤੀ ਦੀ ਪਰੰਪਰਾ ਮੰਨਦਾ ਹੈ। ਯੂਰਪ ਵਿੱਚ ਮਾਨਵਵਾਦੀ ਚਿੰਤਕ ਮਨੁੱਖ ਮਾਤਰ ਉੱਤੇ ਪ੍ਰਮਾਤਮਾ ਦੀ ਇੱਕ ਸਮਾਨ ਸੱਤਾ ਨੂੰ ਥਾਂ ਨਹੀਂ ਦਿੰਦੇ ਸਗੋਂ ਮਨੁੱਖ ਵਿੱਚ ਵਿਵੇਕ ਸ਼ਕਤੀ ਦਾ ਆਧਾਰ ਲੈ ਕੇ ਉਸ ਦੇ ਸ੍ਰੇਸ਼ਟ ਜੀਵ ਹੋਣ ਦੇ ਐਲਾਨ ਦੇ ਨਾਲ-ਨਾਲ "ਮਨੁੱਖ ਹੀ ਸਭ ਦਾ ਪਮਾਨਾ ਹੈ" ਦਾ ਸਿਧਾਂਤ ਖ਼ਾਸ ਮਹੱਤਵ ਰੱਖਦਾ ਹੈ।[7]

---

3. *ਉਹੀ,* ਪੰਨਾ 170-71.
4. *ਸਵਾਮੀ ਰਾਮ ਤੀਰਥ ਜੀ ਦੰਡੀ ਸੰਨਿਆਸੀ,* ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 1974, ਪੰਨਾ 96.
5. ਮਨਮੋਹਨ ਸਹਿਗਲ (ਡਾ.), *ਗੁਰੂ ਗ੍ਰੰਥ ਸਾਹਿਬ : ਇੱਕ ਸਭਿਆਚਾਰਕ ਸਰਵੇਖਣ,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1987, ਪੰਨਾ 705.
6. *ਉਹੀ,* ਪੰਨਾ 705.
7. *ਉਹੀ,* ਪੰਨਾ 706.

ਮਾਨਵਵਾਦ ਬਾਰੇ ਇੱਕ ਹੋਰ ਵਿਦਵਾਨ, ਪ੍ਰਿੰਸੀਪਲ ਹਰਭਜਨ ਸਿੰਘ, ਪੱਛਮੀ ਅਤੇ ਭਾਰਤੀ ਮਾਨਵਵਾਦ ਦੇ ਵਿਚਾਰਾਂ ਵਿਚਲੇ ਵਿਚਾਰਧਾਰਾਈ ਆਧਾਰ ਦੇ ਵਖਰੇਵੇਂ ਨੂੰ ਆਧਾਰ ਬਣਾਉਂਦਿਆਂ ਲਿਖਦੇ ਹਨ, "ਸੋ ਮਾਨਵਤਾਵਾਦੀ ਵਿਚਾਰਧਾਰਾ ਚਿੰਤਨ ਨੂੰ ਵਿਚਾਰਧਾਰਾ ਦਾ ਰੂਪ ਪ੍ਰਦਾਨ ਕਰਨ ਲਈ ਇਸ ਨੂੰ ਦੋ ਭਾਗਾਂ ਵਿੱਚ ਵੰਡਣਾ ਜ਼ਰੂਰੀ ਹੈ : ਪਦਾਰਥ ਆਧਾਰਿਤ ਮਾਨਵਤਾਵਾਦੀ ਚਿੰਤਨ ਅਤੇ ਧਰਮ ਆਧਾਰਿਤ ਮਾਨਵਤਾਵਾਦੀ ਚਿੰਤਨ।"[8] *ਗੁਰੂ ਗ੍ਰੰਥ ਸਾਹਿਬ* ਵਿੱਚ ਪੇਸ਼ ਮਾਨਵਤਾਵਾਦੀ ਚਿੰਤਨ ਦਾ ਆਧਾਰ ਧਰਮ ਅਤੇ ਅਧਿਆਤਮਿਕਤਾ 'ਤੇ ਆਧਾਰਿਤ ਮਾਨਵਤਾਵਾਦੀ ਚਿੰਤਨ ਹੈ। ਇਸ ਵਿੱਚ ਪੱਛਮੀ ਵਿਚਾਰਧਾਰਾ ਅਨੁਸਾਰ ਮਨੁੱਖ ਨੂੰ ਤਰਕਸ਼ੀਲ ਅਤੇ ਚਿੰਤਨਸ਼ੀਲ ਪ੍ਰਾਣੀ ਹੋਣ ਕਾਰਨ ਜੀਵਨ ਦਾ ਸ੍ਰੇਸ਼ਟਤਮ ਰੂਪ ਪ੍ਰਵਾਨ ਕਰਨ ਦੀ ਥਾਂ ਸਾਰੇ ਮਨੁੱਖ ਪਰਮਾਤਮਾ ਵੱਲੋਂ ਪੈਦਾ ਕੀਤੇ ਹੋਣ ਕਾਰਨ ਸਾਰਿਆਂ ਦੀ ਬਰਾਬਰੀ, ਸਾਰਿਆਂ ਨਾਲ ਪਿਆਰ ਅਤੇ ਸਾਰਿਆਂ ਦੇ ਇਕੋ ਜਿਹੇ ਹੋਣ ਅਤੇ ਸਾਰਿਆਂ ਦੀ ਭਲਾਈ ਦੀ ਲੋਚਾ ਕਰਦਿਆਂ ਸਰਬੱਤ ਦੇ ਭਲੇ ਦਾ ਸੰਦੇਸ਼ ਦਿੱਤਾ ਗਿਆ ਹੈ। ਪ੍ਰਿੰਸੀਪਲ ਹਰਿਭਜਨ ਸਿੰਘ ਅਨੁਸਾਰ, 'ਸੋ ਜਿਥੇ ਪਦਾਰਥਵਾਦੀ ਮਨੁੱਖ ਦੀਆਂ ਦ੍ਰਿਸ਼ਟਮਾਨ ਅਸਥਾਈ ਪਦਾਰਥਕ ਸਮੱਸਿਆਵਾਂ ਦਾ ਸਮਾਧਾਨ ਕਰਕੇ 'ਮਾਨਵਤਾਵਾਦੀ' ਹੋਣ ਦਾ ਸ਼੍ਰੇਯ ਪ੍ਰਾਪਤ ਕਰਨ ਦਾ ਯਤਨ ਕਰਦਾ ਹੈ, ਉਥੇ ਧਰਮ ਮਨੁੱਖ ਦੀਆਂ ਪਦਾਰਥਕ ਲੋੜਾਂ ਨੂੰ ਨਜ਼ਰ-ਅੰਦਾਜ਼ ਕੀਤੇ ਬਿਨਾਂ ਮਾਨਵੀ ਸਮਾਜ ਵਿੱਚ ਬਿਖਰਾਅ ਪੈਦਾ ਕਰਨ ਵਾਲੀਆਂ ਅਦ੍ਰਿਸ਼ਟ, ਸੂਖਮ ਅਤੇ ਸਥਾਈ ਪ੍ਰਵਿਰਤੀਆਂ ਦੀ ਪਹਿਚਾਣ ਸਥਾਪਿਤ ਕਰਕੇ, ਇਨ੍ਹਾਂ ਤੋਂ ਛੁਟਕਾਰੇ ਦੀਆਂ ਵਿਧੀਆਂ ਸੰਬੰਧੀ ਅਧਿਆਤਮਿਕ-ਵਿਸ਼ਲੇਸ਼ਣ ਪ੍ਰਸਤੁਤ ਕਰਦਾ ਹੈ।'[9]

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮਹਾਨਤਾ ਅਤੇ ਮਾਨਵਵਾਦ ਦੇ ਸੰਕਲਪ ਸੰਬੰਧੀ ਵਰਣਨ ਤੋਂ ਬਾਅਦ ਅਸੀਂ *ਸ੍ਰੀ ਗੁਰੂ ਗ੍ਰੰਥ ਸਾਹਿਬ* ਵਿੱਚ ਪੇਸ਼ ਮਾਨਵਵਾਦ ਬਾਰੇ ਸੰਖੇਪ ਵਿੱਚ ਆਪਣੇ ਵਿਚਾਰ ਸਾਂਝੇ ਕਰਨ ਦਾ ਯਤਨ ਕਰਾਂਗੇ।

ਗ੍ਰੰਥ ਸਾਹਿਬ ਵਿੱਚ ਦਰਜ ਸਮੁੱਚੀ ਬਾਣੀ ਇੱਕ ਪਾਸੇ ਅਕਾਲ ਉਸਤਤ ਦਾ ਖ਼ਜ਼ਾਨਾ ਹੈ ਅਤੇ ਦੂਸਰੇ ਪਾਸੇ ਇਹ ਮਨੁੱਖ ਜਾਤੀ ਨੂੰ ਹਰ ਲਿਹਾਜ਼ ਨਾਲ ਸ਼ਕਤੀਸ਼ਾਲੀ ਬਣਾਉਣ ਦਾ ਸੋਮਾ ਹੈ। ਜੇਕਰ ਸਮਾਜ ਵਿੱਚ ਰਹਿੰਦੇ ਹੋਇਆਂ ਮਨੁੱਖ ਇਹ ਮੰਨ ਲਵੇ ਕਿ ਅਕਾਲ ਪੁਰਖ ਮਨੁੱਖ ਦਾ ਸਿਰਜਣਹਾਰ ਹੈ, ਸਾਰੀ ਸ੍ਰਿਸ਼ਟੀ ਦਾ ਰਚਨਹਾਰਾ ਪ੍ਰਮਾਤਮਾ ਹੈ, ਅਸੀਂ ਇੱਕ ਪਿਤਾ ਦੀ ਸੰਤਾਨ ਹਾਂ ਤਾਂ ਸਾਰੀ ਮਨੁੱਖਤਾ ਇੱਕ ਭਰਾਤਰੀ ਭਾਵ ਵਿੱਚ ਬੱਝ ਜਾਂਦੀ ਹੈ, ਜਿਵੇਂ :

ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ ॥[10]

ਭਾਵ ਅਸੀਂ ਸਾਰੇ ਇਕੋ ਪ੍ਰਮਾਤਮਾ ਦੇ ਬੱਚੇ ਹਾਂ। ਜਾਂ ਇਹ ਕਹਿ ਲਵੋ ਕਿ ਆਦਿ ਗ੍ਰੰਥ ਵਿੱਚ ਸਮੁੱਚੀ ਸ੍ਰਿਸ਼ਟੀ ਦੇ ਵਾਸੀਆਂ ਦੀ ਆਪਸੀ ਏਕਤਾ ਦਾ ਬਾਰ-ਬਾਰ ਵਰਣਨ ਕੀਤਾ ਗਿਆ ਹੈ। ਸਾਰੇ ਹੀ ਪਰਮਾਤਮਾ ਦੇ ਬੰਦੇ ਹਨ, ਉਸਦੇ ਨੂਰ ਤੋਂ ਸਾਰਾ ਜੱਗ ਪੈਦਾ ਹੋਇਆ ਹੈ। ਭਗਤ ਕਬੀਰ ਜੀ ਦਾ ਫ਼ੁਰਮਾਨ ਹੈ :

ਅਵਲਿ ਅਲਹ ਨੂਰ ਉਪਾਇਆ ਕੁਦਰਤਿ ਕੇ ਸਭ ਬੰਦੇ ॥
ਏਕ ਨੂਰ ਤੇ ਸਭ ਜਗ ਉਪਜਿਆ ਕਉਨ ਭਲੇ ਕੋ ਮੰਦੇ ॥[11]

ਜੇ ਇਹ ਸਾਦਾ ਜਿਹੇ ਸਿਧਾਂਤ ਤੇ ਗੰਭੀਰਤਾ ਨਾਲ ਅਮਲ ਕਰੀਏ, ਇਸਨੂੰ ਆਪਣੀ ਜ਼ਿੰਦਗੀ

---

8. *ਨਾਨਕ ਪ੍ਰਕਾਸ਼ ਪੱਤ੍ਰਿਕਾ*, ਦਸੰਬਰ 2002-ਅੰਕ ਦੂਜਾ "ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸੰਪੂਰਣ ਮਾਨਵਤਾਵਾਦ", ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ 60.
9. *ਉਹੀ*, ਪੰਨਾ 59.
10. *ਆਦਿ ਗ੍ਰੰਥ*, ਪੰਨਾ 611.
11. *ਆਦਿ ਗ੍ਰੰਥ*, ਪੰਨਾ 1349.

ਵਿੱਚ ਢਾਲ ਲਈਏ ਤਾਂ ਫਿਰ ਸਹਿਜ ਸੁਭਾਅ ਹੀ ਇੱਕ ਮਨੁੱਖ ਦਾ ਦੂਜੇ ਮਨੁੱਖ ਨਾਲ ਬੜਾ ਨੇੜੇ ਦਾ ਸੰਬੰਧ ਬਣ ਜਾਂਦਾ ਹੈ। ਕੋਈ ਦੂਜਾ ਮਨੁੱਖ ਸਾਨੂੰ ਗ਼ੈਰ ਨਹੀਂ ਦਿਸਦਾ, ਦੁਸ਼ਮਣ ਨਹੀਂ ਦਿਸਦਾ ਸਗੋਂ ਇਕੋ ਅਕਾਲ ਪੁਰਖ ਦੀ ਸੰਤਾਨ ਹੋਣ ਕਾਰਨ ਆਪਣਾ ਭਰਾ ਜਾਪਦਾ ਹੈ।

ਤੂੰ ਸਾਝਾ ਸਾਹਿਬ ਬਾਪੁ ਹਮਾਰਾ॥
ਨਉ ਨਿਧਿ ਤੇਰੈ ਅਖੁਟ ਭੰਡਾਰਾ॥ [12]

ਜਦ ਸ੍ਰਿਸ਼ਟੀ ਦਾ ਸਾਰਾ ਤਾਣਾ-ਬਾਣਾ ਇਸੇ ਵਿਚਾਰ ਨੂੰ ਨੀਂਹ ਬਣਾ ਕੇ ਇਸ ਉੱਤੇ ਉਸਰਦਾ ਹੈ ਤਦ ਮਾਨਵਵਾਦ ਦੀ ਗੱਲ ਸ਼ਕਤੀ ਤੇ ਗਤੀ ਫੜਦੀ ਹੈ। ਇਸ ਧਾਰਨਾ ਨੂੰ ਹੋਰ ਵੀ ਮਜ਼ਬੂਤੀ ਮਿਲਦੀ ਹੈ। ਸਿਮਰਨ ਕਰਨ ਨਾਲ ਸਾਡਾ ਪਰਮਾਤਮਾ ਨਾਲ ਰਿਸ਼ਤਾ ਹੋਰ ਵੀ ਗੂੜ੍ਹਾ ਹੋ ਜਾਂਦਾ ਹੈ। ਇਸੇ ਤਰ੍ਹਾਂ ਸੇਵਾ ਕਰਨ ਵਾਲਾ ਮਨੁੱਖ ਅਵੱਸ਼ ਹੀ ਸੰਤੋਖੀ ਬਿਰਤੀ ਵਾਲਾ ਹੋ ਜਾਂਦਾ ਹੈ ਜਿਸ ਵਿੱਚ ਸਬਰ, ਤਿਆਗ, ਨਿਮਰਤਾ, ਸੰਜਮ ਤੇ ਪਿਆਰ ਵਰਗੇ ਗੁਣ ਪ੍ਰਬਲ ਹੋ ਜਾਂਦੇ ਹਨ ਜੋ ਸਾਰੀ ਮਾਨਵਤਾ ਵਿੱਚ ਪਿਆਰ ਦੇ ਪਸਾਰੇ ਦਾ ਕਾਰਨ ਬਣਦੇ ਹਨ ਜਿਸ ਦੀ ਬਦੌਲਤ ਮਨੁੱਖ ਦੁਨੀਆਂ ਦੇ ਵਿੱਚ ਰਹਿ ਕੇ, ਸੱਚੀ ਕਿਰਤ ਕਰਕੇ, ਵੰਡ ਛੱਕ ਕੇ, ਜੀਵਨ ਨਿਰਬਾਹ ਕਰਦਾ ਹੈ। ਗੁਰਬਾਣੀ ਕਦਮ ਕਦਮ ਤੇ ਸਾਨੂੰ ਰਸਤਾ ਦਿਖਾਉਂਦੀ ਹੈ ਜਿਵੇਂ :

ਖਾਵਹਿ ਖਰਚਹਿ ਰਲਿ ਮਿਲਿ ਭਾਈ ॥
ਤੋਟਿ ਨ ਆਵੈ ਵਧਦੋ ਜਾਈ ॥ [13]

ਕਈ ਵਾਰ ਮਨੁੱਖ ਸਮਾਜ ਵਿੱਚ ਰਹਿੰਦਿਆਂ ਹੋਇਆਂ ਕਈ ਸਮਾਜਿਕ ਬੁਰਾਈਆਂ ਵਿੱਚ ਜਕੜਿਆ ਜਾਂਦਾ ਹੈ। ਉਥੇ ਮਾਨਵਵਾਦ ਨੂੰ ਸੱਟ ਵੱਜਦੀ ਹੈ। ਕਈ ਵਾਰ ਲਾਲਚ ਮਨੁੱਖ ਨੂੰ ਕਮਜ਼ੋਰ ਕਰ ਦਿੰਦਾ ਹੈ। ਜਿਵੇਂ ਨਿਰਮਲ ਜਲ ਨੂੰ ਬੂਰ ਖਰਾਬ ਕਰ ਦਿੰਦਾ ਹੈ, ਇਵੇਂ ਮਨੁੱਖ ਦੇ ਜੀਵਨ ਨੂੰ ਲੋਭ ਗੰਧਲਾ ਕਰ ਦਿੰਦਾ ਹੈ, ਅਪਾਹਜ ਕਰ ਦਿੰਦਾ ਹੈ। ਜਿਵੇਂ :

ਲਬੁ ਵਿਣਾਹੇ ਮਾਣਸਾ ਜਿਉ ਪਾਣੀ ਬੂਰ॥ [14]

ਗੁਰੂ ਨਾਨਕ ਦੇਵ ਜੀ ਨੇ ਸਾਰਾ ਜੀਵਨ ਮਾਨਵਤਾ ਦਾ ਸੰਦੇਸ਼ ਦੇਣ ਵਿੱਚ ਲਗਾ ਦਿੱਤਾ। ਉਹ ਇੱਕ ਅਜਿਹੇ ਸਮਾਜ ਦੀ ਕਲਪਨਾ ਕਰਦੇ ਸਨ ਜਿਸ ਵਿੱਚ ਜਾਤ-ਪਾਤ, ਰੰਗ, ਧਰਮ ਦੇ ਆਧਾਰ ਤੇ ਕੋਈ ਵਿਤਕਰਾ ਨਾ ਹੋਵੇ। ਉਨ੍ਹਾਂ ਨੇ ਵਿਸ਼ਵ ਭਰ ਵਿੱਚ ਮਾਨਵਤਾ ਵਿੱਚ ਭਰਾਤਰੀ ਭਾਵ ਨੂੰ ਉਜਾਗਰ ਕੀਤਾ ਤੇ ਨੈਤਿਕ ਕਦਰਾਂ-ਕੀਮਤਾਂ ਨੂੰ ਬਲ ਪ੍ਰਦਾਨ ਕੀਤਾ। ਕਈ ਵਾਰ ਮਨੁੱਖ ਕੌੜਾ ਬੋਲਦਾ ਹੈ, ਅਜਿਹੇ ਬੋਲ ਬੋਲਣ ਵਾਲਾ ਮਨੁੱਖ ਮਾਨਵਤਾ ਦੀਆਂ ਸੂਖਮ ਕੜੀਆਂ ਨੂੰ ਤੋੜਨ ਦੇ ਯਤਨ ਕਰਦਾ ਹੈ। ਉਹ ਸਮਾਜ ਵਿੱਚ ਆਪਣੀ ਇੱਜ਼ਤ ਗਵਾ ਲੈਂਦਾ ਹੈ। ਜਦੋਂ ਅਸੀਂ ਇਹ ਸੋਚਦੇ ਹਾਂ ਕਿ ਸਾਡੇ ਹਿਰਦੇ ਵਿੱਚ ਪਰਮਾਤਮਾ ਵਸਦਾ ਹੈ ਤਾਂ ਸਾਨੂੰ ਗੱਲ ਕਰਨ ਲੱਗਿਆਂ ਦੂਜੇ ਦੇ ਭਾਵਾਂ ਤੇ ਇੱਜ਼ਤ ਦਾ ਖ਼ਿਆਲ ਰਖਣਾ ਚਾਹੀਦਾ ਹੈ। ਗੁਰਬਾਣੀ ਵਿੱਚ ਇਸ ਬਾਰੇ ਸਾਫ਼ ਕਿਹਾ ਹੈ :

ਇਕੁ ਫਿਕਾ ਨ ਗਾਲਾਇ ਸਭਨਾ ਮੈ ਸਚਾ ਧਣੀ॥
ਹਿਆਉ ਨਾ ਕੈਹੀ ਠਾਹਿ ਮਾਣਕ ਸਭ ਅਮੋਲਵੇ॥ [15]

ਜੇਕਰ ਕੋਈ ਸਾਡੇ ਨਾਲ ਜ਼ਿਆਦਤੀ ਕਰੀ ਜਾਵੇ ਤਾਂ ਉਸਨੂੰ ਮੁਆਫ਼ ਕਰ ਦੇਣ ਦੀ ਵਡਿਆਈ ਸਾਰੀ ਉਮਰ ਕਾਇਮ ਰਹਿੰਦੀ ਹੈ, ਜਿਵੇਂ ਫਰੀਦ ਜੀ ਨੇ ਕਿਹਾ ਹੈ :

---

12. *ਉਹੀ,* ਪੰਨਾ 97.
13. *ਉਹੀ,* ਪੰਨਾ 186.
14. *ਉਹੀ,* ਪੰਨਾ 967.
15. *ਉਹੀ,* ਪੰਨਾ 1384.

ਫਰੀਦਾ ਜੋ ਤੈ ਮਾਰਨਿ ਮੁਕੀਆ ਤਿਨਾ ਨਾ ਮਾਰੇ ਘੁੰਮਿ॥
ਆਪਨੜੈ ਘਰਿ ਜਾਈਐ ਪੈਰ ਤਿਨਾ ਦੇ ਚੁੰਮਿ ॥ [16]

ਕਈ ਵਾਰ ਮਨੁੱਖ ਆਪਣੇ ਦਿਲ ਵਿੱਚ ਕਿਸੇ ਲਈ ਵੈਰ-ਵਿਰੋਧ ਦੀ ਭਾਵਨਾ ਰੱਖਦਾ ਹੈ ਅਤੇ ਹਮੇਸ਼ਾ ਕਰੋਧ ਦੀ ਅੱਗ ਵਿੱਚ ਜਲਦਾ ਹੈ, ਉਸਦਾ ਮਨ ਸਦਾ ਅਸ਼ਾਂਤ ਰਹਿੰਦਾ ਹੈ। ਮਨੁੱਖ ਨੂੰ ਆਪਣੇ ਮਨ ਵਿੱਚ ਕਿਸੇ ਲਈ ਬੁਰਾਈ ਨਹੀਂ ਪਾਲਣੀ ਚਾਹੀਦੀ। ਇਸ ਤਰ੍ਹਾਂ ਕਰਨ ਨਾਲ ਉਹ ਪ੍ਰਭੂ ਨੂੰ ਪਾਉਣ ਦੇ ਉਦੇਸ਼ ਤੋਂ ਕੋਹਾਂ ਦੂਰ ਹੋ ਜਾਂਦਾ ਹੈ।

ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨਾ ਹਢਾਇ॥
ਦੇਹੀ ਰੋਗੁ ਨਾ ਲਗਈ ਪਲੈ ਸਭ ਕਿਛੁ ਪਾਇ॥ [17]

ਇਸੇ ਤਰ੍ਹਾਂ *ਗੁਰੂ ਗ੍ਰੰਥ ਸਾਹਿਬ* ਵਿੱਚ ਜਾਤ ਪਾਤ ਨੂੰ ਰੱਦ ਕੀਤਾ ਗਿਆ ਹੈ। ਮਨੁੱਖ ਆਪਣੀ ਜਾਤ ਕਰਕੇ ਨਹੀਂ ਸਗੋਂ ਚੰਗੇ ਕਰਮਾਂ ਕਰਕੇ ਵੱਡਾ ਹੈ। ਮਾਨਵਤਾ ਵਿੱਚ ਬਰਾਬਰੀ ਦੇ ਇਸ ਅਹਿਸਾਸ ਨੂੰ ਪ੍ਰਬਲ ਰੂਪ ਵਿੱਚ ਪੱਕਾ ਕਰਨ ਲਈ ਬੜੀ ਸਪੱਸ਼ਟ ਤਾੜਨਾ ਕੀਤੀ ਗਈ ਹੈ। ਗੁਰਬਾਣੀ ਦੇ ਉਪਦੇਸ਼ ਕਿਸੇ ਇੱਕ ਫ਼ਿਰਕੇ ਜਾਂ ਜਾਤ ਲਈ ਨਹੀਂ ਸਗੋਂ ਇਹ ਉਪਦੇਸ਼ ਚਹੁੰ ਵਰਨਾਂ ਲਈ ਸਾਂਝੇ ਹਨ।

ਜਾਤੀ ਦੈ ਕਿਆ ਹਥਿ ਸਚੁ ਪਰਖੀਐ॥
ਮਹੁਰਾ ਹੋਵੈ ਹਥਿ ਮਰੀਐ ਚਖੀਐ॥ [18]

ਇਸਤਰੀ-ਪੁਰਸ਼ ਵਿੱਚ ਊਚ-ਨੀਚ ਦੇ ਪਏ ਭੁਲੇਖਿਆਂ ਨੂੰ ਵੀ ਕਈ ਬਹੁਤ ਵਧੀਆ ਮਿਸਾਲਾਂ ਦੇ ਕੇ ਅਪ੍ਰਵਾਨ ਕੀਤਾ ਗਿਆ ਹੈ, ਤਾਂ ਜੋ ਮਾਨਵਵਾਦ ਸਹੀ ਅਰਥਾਂ ਵਿੱਚ ਸਮਤਲ ਮਾਨਵੀ ਆਧਾਰਾਂ ਤੇ ਟਿਕਿਆ ਰਹਿ ਸਕੇ। ਜਿਵੇਂ ਔਰਤ ਦੀ ਬੇਕਦਰੀ ਨੂੰ ਰੋਕਣ ਲਈ ਗੁਰਬਾਣੀ ਵਿੱਚ ਕਿਹਾ ਗਿਆ ਹੈ:

ਸੋ ਕਿਉ ਮੰਦਾ ਆਖੀਐ ਜਿਤਿ ਜੰਮੈ ਰਾਜਾਨੁ॥ [19]

ਪ੍ਰੋ. ਕਿਰਪਾਲ ਸਿੰਘ ਬਡੂੰਗਰ ਅਨੁਸਾਰ, "ਸ੍ਰੀ ਗੁਰੂ ਗ੍ਰੰਥ ਸਾਹਿਬ ਮਨੁੱਖਤਾ ਨੂੰ ਧਰਮ ਅਤੇ ਵਰਣ ਦੇ ਨਾਂ ਤੇ ਵੰਡਣ ਦੀ ਤੇ ਵਿਤਕਰਾ ਕਰਨ ਦੀ ਆਗਿਆ ਨਹੀਂ ਦਿੰਦਾ। ਇਸ ਵਿੱਚ ਸਭ ਸੰਸਾਰ ਤੇ ਸਮੁੱਚੀ ਮਨੁੱਖਤਾ ਨੂੰ ਇੱਕ ਸਮਾਜਿਕ ਭਾਈਚਾਰਾ ਸਮਝਿਆ ਗਿਆ ਹੈ ਤੇ ਸਰਬੱਤ ਦੇ ਭਲੇ ਦੀ ਕਾਮਨਾ ਕੀਤੀ ਗਈ ਹੈ" :

ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ॥
ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ॥ [20]

ਉਪਰੋਕਤ ਵਿਚਾਰ ਚਰਚਾ ਤੋਂ ਸਪਸ਼ਟ ਹੋ ਜਾਂਦਾ ਹੈ ਕਿ *ਗੁਰੂ ਗ੍ਰੰਥ ਸਾਹਿਬ* ਦਾ ਸਮੁੱਚਾ ਸੰਦੇਸ਼ ਕਿਸੇ ਇੱਕ ਮਨੁੱਖ, ਧਰਮ, ਫ਼ਿਰਕੇ, ਇਲਾਕੇ, ਸੰਪਰਦਾ ਜਾਂ ਕਿਸੇ ਇੱਕ ਵਰਗ ਦੇ ਪੈਰੋਕਾਰਾਂ ਲਈ ਨਹੀਂ ਰਚਿਆ ਗਿਆ, ਸਗੋਂ ਇਹ ਤਾਂ ਸਮੁੱਚੀ ਮਨੁੱਖਤਾ ਨੂੰ ਆਪਣੇ ਕਲਾਵੇ ਵਿੱਚ ਲੈ ਕੇ ਸਮੁੱਚੀ ਮਨੁੱਖਤਾ ਦੇ ਉਧਾਰ ਦਾ ਇੱਕ ਕ੍ਰਾਂਤੀਕਾਰੀ ਯਤਨ ਹੈ।

---

16. *ਉਹੀ,* ਪੰਨਾ 1378.
17. *ਉਹੀ,* ਪੰਨਾ 1381-82.
18. *ਉਹੀ,* ਪੰਨਾ 142.
19. *ਉਹੀ,* ਪੰਨਾ 473.
20. *ਗੁਰਮਤਿ ਸਭਿਆਚਾਰ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, 2008, ਪੰਨਾ 76.

ਭਾਈ ਜੋਧ ਸਿੰਘ ਜੀ : ਗੁਰਮਤਿ ਵਿਆਖਿਆਕਾਰ

*ਇੰਦਰਪਾਲ ਕੌਰ**

ਵੀਹਵੀਂ ਸਦੀ ਦੇ ਪ੍ਰਮੁੱਖ ਸਿੱਖ ਵਿਦਵਾਨ, ਧਰਮ-ਸ਼ਾਸਤਰੀ, ਦਾਰਸ਼ਨਿਕ, ਪ੍ਰਬੰਧਕ ਤੇ ਵਿਆਖਿਆਕਾਰ ਭਾਈ ਜੋਧ ਸਿੰਘ ਜੀ ਦਾ ਜਨਮ ਬਖ਼ਸ਼ੀ ਖਾਨਦਾਨ ਵਿਚ 31 ਮਈ, 1882 ਨੂੰ ਹੋਇਆ। ਆਪ ਦਾ ਜਨਮ ਉਸ ਸਮੇਂ ਹੋਇਆ ਜਦੋਂ ਸਿੰਘ ਸਭਾ ਲਹਿਰ ਚੱਲ ਰਹੀ ਸੀ। ਆਪ ਨੇ ਨਾ ਕੇਵਲ ਇਸ ਲਹਿਰ ਦਾ ਅਸਰ ਕਬੂਲਿਆ ਸਗੋਂ ਲੋੜ ਪੈਣ 'ਤੇ ਯੋਗ ਅਗਵਾਈ ਵੀ ਦਿੱਤੀ। ਗੁਰਮਤਿ ਸਾਹਿਤ ਦੀ ਵਿਆਖਿਆ ਕਰਨਾ ਆਪ ਦੇ ਜੀਵਨ ਦਾ ਮੁੱਖ ਲਕਸ਼ ਸੀ। ਵਿਦਿਅਕ ਖੇਤਰ, ਧਾਰਮਿਕ ਖੇਤਰ, ਸਾਹਿਤਕ ਖੇਤਰ ਅਤੇ ਸਮਾਜਿਕ ਖੇਤਰ ਵਿਚ ਆਪਦਾ ਵਿਸ਼ੇਸ਼ ਯੋਗਦਾਨ ਰਿਹਾ ਹੈ। ਇਸ ਸਬੰਧ ਵਿਚ ਆਪ ਨੇ ਅਨੇਕਾਂ ਪੁਸਤਕਾਂ ਦੀ ਰਚਨਾ ਕੀਤੀ ਹੈ। ਸਮੇਂ ਦੀ ਲੋੜ ਅਨੁਸਾਰ ਆਪ ਨੇ ਕਈ ਲੇਖ ਲਿਖੇ ਜੋ ਅਖਬਾਰਾਂ ਵਿਚ ਛਪਦੇ ਸਨ ਅਤੇ ਜਿਨ੍ਹਾਂ ਦਾ ਪ੍ਰਭਾਵ ਥੋੜ੍ਹੇ ਸਮੇਂ ਲਈ ਹੁੰਦਾ ਸੀ। ਗੁਰਮਤਿ ਵਿਆਖਿਆ ਸਬੰਧੀ ਕੀਤੀਆਂ ਰਚਨਾਵਾਂ ਦਾ ਪ੍ਰਭਾਵ ਅੱਜ ਵੀ ਪਾਠਕਾਂ ਦੇ ਮਨਾਂ 'ਤੇ ਹੈ ਅਤੇ ਜੋ ਅੱਜ ਵੀ ਸਾਹਿਤ ਦੇ ਖੇਤਰ ਵਿਚ ਮਹੱਤਵਪੂਰਨ ਹਨ।

ਭਾਈ ਜੋਧ ਸਿੰਘ ਗੁਰਮਤਿ ਦੀ ਸਿਰਫ ਵਿਆਖਿਆ ਹੀ ਨਹੀਂ ਕਰਦੇ, ਸਗੋਂ ਆਪ ਨੇ ਆਪਣੀ ਜ਼ਿੰਦਗੀ ਵਿਚ ਵੀ ਗੁਰਮਤਿ ਵਿਚਾਰਧਾਰਾ ਅਪਣਾਈ ਹੈ। ਆਪ ਦੀ ਕਥਨੀ ਅਤੇ ਕਰਨੀ ਵਿਚ ਕੋਈ ਫਰਕ ਨਹੀਂ ਸੀ। ਉਹ ਜੋ ਕਹਿੰਦੇ, ਪਹਿਲਾਂ ਆਪਣੇ ਆਪ ਨੂੰ ਉਸ ਅਨੁਸਾਰ ਢਾਲਦੇ। ਇਸੇ ਕਰਕੇ ਭਾਈ ਸਾਹਿਬ ਦੇ ਵਿਚਾਰਾਂ ਦਾ ਦੂਜਿਆਂ 'ਤੇ ਜਲਦੀ ਅਸਰ ਹੁੰਦਾ ਸੀ। ਭਾਈ ਜੋਧ ਸਿੰਘ ਜੀ ਦੀ ਗੁਰਬਾਣੀ ਦੀ ਵਿਆਖਿਆ ਦਾ ਮੂਲ ਸਰੋਤ ਭਾਈ ਗੁਰਦਾਸ ਦੀਆਂ ਵਾਰਾਂ ਹਨ। ਆਪ ਦੀ ਕਿਤਾਬ *ਸਿੱਖੀ ਕੀ ਹੈ?* ਭਾਈ ਗੁਰਦਾਸ ਦੀਆਂ ਵਾਰਾਂ 'ਤੇ ਹੀ ਆਧਾਰਿਤ ਹੈ। ਭਾਈ ਗੁਰਦਾਸ ਦੀਆਂ ਵਾਰਾਂ ਨੂੰ *ਗੁਰੂ ਗ੍ਰੰਥ ਸਾਹਿਬ* ਦੀ ਕੁੰਜੀ ਕਿਹਾ ਜਾਂਦਾ ਹੈ। ਭਾਈ ਜੋਧ ਸਿੰਘ ਜੀ ਨੇ ਇਸ ਕਿਤਾਬ ਵਿਚ ਭਾਈ ਗੁਰਦਾਸ ਦੀਆਂ ਚੋਣਵੀਆਂ ਵਾਰਾਂ ਵਿਚੋਂ ਉਦਾਹਰਨਾਂ ਲੈ ਕੇ ਸਿੱਖ ਸਿਧਾਂਤਾਂ ਨੂੰ ਸਿਲਸਿਲੇਵਾਰ ਸਪੱਸ਼ਟ ਕਰਨ ਦਾ ਯਤਨ ਕੀਤਾ ਹੈ ਅਤੇ ਵਾਰਾਂ ਵਿਚੋਂ ਵਿਚਾਰ ਪੇਸ਼ ਕਰਦੇ ਹੋਏ ਔਖੇ ਸ਼ਬਦਾਂ ਦੇ ਅਰਥ ਦੱਸ ਕੇ ਫੇਰ ਵਾਰ ਜਾਂ ਪਉੜੀ ਦਾ ਭਾਵ ਪੇਸ਼ ਕੀਤਾ ਹੈ। ਇਹ ਪੁਸਤਕ ਮੰਗਲਾਚਰਨ ਤੋਂ ਸ਼ੁਰੂ ਹੋ ਕੇ ਆਖਰੀ ਅਧਿਆਇ ਅੰਤਮ ਅਰਦਾਸ ਨਾਲ ਸਮਾਪਤ ਹੁੰਦੀ ਹੈ। ਪਰਉਪਕਾਰ, ਸਿਦਕ, ਪ੍ਰੇਮ, ਗੁਰਸਿੱਖੀ ਦੀ ਰਹਿਤ, ਗੁਰੂ, ਗੁਰਮੁਖ, ਸਾਧ ਸੰਗਤ, ਕੂੜ ਤੇ ਸੱਚ ਦਾ ਫਰਕ, ਬੇਮੁਖ ਤੇ ਉਹਦਾ ਹਾਲ ਆਦਿ ਵਿਚਾਰਾਂ ਨੂੰ ਵੱਖ-ਵੱਖ ਵਾਰਾਂ ਵਿਚੋਂ ਉਦਾਹਰਨਾਂ ਦੇ ਕੇ ਸਮਝਾਉਣ ਦਾ ਯਤਨ ਕੀਤਾ ਹੈ।

ਇਸੇ ਤਰ੍ਹਾਂ ਹੀ *ਟੀਕਾ ਜਪੁਜੀ ਸਾਹਿਬ* ਵਿਚ ਬਾਣੀ ਦੇ ਸਰਲ ਅਰਥਾਂ ਨੂੰ ਟੀਕੇ ਦੇ ਰੂਪ ਵਿਚ ਪੇਸ਼ ਕੀਤਾ ਹੈ। ਇਸ ਪੁਸਤਕ ਵਿਚ *ਉਪਨਿਸ਼ਦਾਂ* ਵਿਚੋਂ, *ਸੁਖਮਨੀ ਸਾਹਿਬ* ਵਿਚੋਂ ਅਤੇ *ਗੁਰੂ ਗ੍ਰੰਥ ਸਾਹਿਬ* ਵਿਚੋਂ ਹੋਰ ਮਿਲਦੀਆਂ ਜੁਲਦੀਆਂ ਉਦਾਹਰਨਾਂ ਦੇ ਕੇ ਅਰਥ ਸਪਸ਼ਟ ਕੀਤੇ ਹਨ। ਜਿਵੇਂ *ਜਪੁਜੀ ਸਾਹਿਬ* ਦੀ 16ਵੀਂ ਪਉੜੀ ਵਿਚ ਦਰਜ ਹੈ:

---

* ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਪੰਚ ਪਰਵਾਣ ਪੰਚ ਪਰਧਾਨ॥
ਪੰਚੇ ਪਾਵਹਿ ਦਰਗਹਿ ਮਾਨ॥[1]

ਜਿਨ੍ਹਾਂ ਪੁਰਸ਼ਾਂ ਨੇ ਨਾਮ ਨੂੰ ਸੁਣ ਕੇ ਮੰਨਿਆ ਹੈ, ਉਹ ਸ੍ਰੇਸ਼ਟ ਪੁਰਸ਼ ਹਨ ਅਤੇ ਉਨ੍ਹਾਂ ਨੂੰ ਪੰਚ ਦਾ ਦਰਜਾ ਪ੍ਰਾਪਤ ਹੈ।

ਇਸੇ ਤਰ੍ਹਾਂ *ਸੁਖਮਨੀ ਸਾਹਿਬ* ਵਿਚ ਪੰਜਵੇਂ ਪਾਤਸ਼ਾਹ ਫਰਮਾਉਂਦੇ ਹਨ:

ਪ੍ਰਭ ਕਉ ਸਿਮਰਹਿ ਸੇ ਜਨ ਪਰਵਾਨ॥
ਪ੍ਰਭ ਕਉ ਸਿਮਰਹਿ ਸੇ ਪੁਰਖ ਪਰਧਾਨ॥[2]

ਟੀਕਾ ਜਪੁਜੀ ਸਾਹਿਬ ਵਿਚ ਟੀਕਾਕਾਰੀ ਕਰਦੇ ਹੋਏ ਤੁਲਨਾਤਮਕ ਵਿਧੀ ਅਪਣਾਈ ਗਈ ਹੈ।

ਭਗਤ ਬਾਣੀ ਸਟੀਕ ਵਿਚ ਭਾਈ ਜੋਧ ਸਿੰਘ ਨੇ ਉਨ੍ਹਾਂ ਭਗਤਾਂ ਦੀ ਬਾਣੀ ਨੂੰ ਲਿਆ ਹੈ ਜਿਹੜੀ *ਗੁਰੂ ਗ੍ਰੰਥ ਸਾਹਿਬ* ਵਿਚ ਦਰਜ ਹੈ। ਪਹਿਲਾਂ ਔਖੇ ਸ਼ਬਦਾਂ ਦੇ ਅਰਥ ਦਿੱਤੇ ਹਨ ਤੇ ਫੇਰ ਸੰਖੇਪ ਵਿਚ ਸਮੁੱਚੇ ਸ਼ਬਦਾਂ ਦੇ ਅਰਥ ਸਮਝਾਉਣ ਦੀ ਕੋਸ਼ਿਸ਼ ਕੀਤੀ ਹੈ ਤਾਂ ਜੋ ਆਮ ਵਿਅਕਤੀ ਨੂੰ ਵੀ ਸ਼ਬਦ ਦਾ ਭਾਵ ਸਮਝ ਵਿਚ ਆ ਸਕੇ। *ਬਾਣੀ ਭਗਤ ਕਬੀਰ ਜੀ ਸਟੀਕ* ਵਿਚ ਵੀ ਇਹੀ ਤਰੀਕਾ ਅਪਣਾਇਆ ਗਿਆ ਹੈ।

'ਸਾਇੰਸ ਅਤੇ ਧਰਮ' ਭਾਈ ਜੋਧ ਸਿੰਘ ਜੀ ਦਾ ਅੰਗਰੇਜ਼ੀ ਲੇਖ Science and Religion ਦਾ ਅਨੁਵਾਦ ਹੈ। ਇਸ ਵਿਚ ਭਾਈ ਜੋਧ ਸਿੰਘ ਸਾਇੰਸ ਤੇ ਧਰਮ ਦੀ ਅਸਮਾਨਤਾ ਤੇ ਵਿਰੋਧਤਾ ਨੂੰ ਹੱਲ ਕਰਨ ਦਾ ਯਤਨ ਕਰਦੇ ਹਨ। ਆਪ ਕਹਿੰਦੇ ਹਨ ਕਿ ਮਨੁੱਖ ਦਾ ਸੁਭਾਅ ਹੈ ਜਾਂ ਮਨ ਦੀ ਪ੍ਰਵਿਰਤੀ ਹੈ ਕਿ ਜਿਹੜੇ ਕੰਮ ਤੋਂ ਮਨ੍ਹਾ ਕਰੀਦਾ ਹੈ, ਉਹ ਕੰਮ ਕਰਨ ਲਈ ਮਨ ਉਸੇ ਪਾਸੇ ਚਲਾ ਜਾਂਦਾ ਹੈ, ਬੌਧਿਕਤਾ ਦੇ ਆਧਾਰ ਤੇ ਹੀ ਮਨ ਨੂੰ ਸ਼ਾਂਤਮਈ ਅਵਸਥਾ ਵਿਚ ਰੱਖਿਆ ਜਾ ਸਕਦਾ ਹੈ।

ਪਰੰਪਰਾ ਤੇ ਆਧੁਨਿਕਤਾ ਦੇ ਸੁਮੇਲ ਤੇ ਆਧਾਰਿਤ ਭਾਈ ਜੋਧ ਸਿੰਘ ਜੀ ਦੀ 30 ਪੰਨਿਆਂ ਦੀ ਪੁਸਤਕ *ਜੀਵਨ ਜੁਗਤੀ* ਹੈ। ਇਸ ਵਿਚ ਮਨੁੱਖਾ ਜਨਮ ਦੇ ਮਨੋਰਥ ਦੀ ਗੱਲ ਕਰਦੇ ਹੋਏ ਇਸ ਦੀ ਉਤਮਤਾ ਨੂੰ ਬਿਆਨਿਆ ਗਿਆ ਹੈ। ਕਿਵੇਂ ਮਨੁੱਖ ਬਾਕੀ ਜੂਨਾਂ ਤੋਂ ਭਿੰਨ ਹੈ? ਤੇ ਕਿਵੇਂ ਇਸ ਨੇ ਇਸ ਜਨਮ ਵਿਚ ਪਰਮਾਤਮਾ ਦਾ ਨਾਮ ਜਪ ਕੇ, ਉਸ ਨੂੰ ਪ੍ਰਾਪਤ ਕਰਨਾ ਹੈ। ਗੁਰਬਾਣੀ ਵਿਚੋਂ ਉਦਾਹਰਨਾਂ ਦਿੰਦੇ ਹੋਏ, ਵਿਆਖਿਆ ਕਰਦੇ ਹੋਏ, ਭਾਈ ਗੁਰਦਾਸ ਦੀਆਂ ਵਾਰਾਂ ਨੂੰ ਵੀ ਆਧਾਰ ਬਣਾਇਆ ਹੈ ਕਿ ਜਿਹੋ ਜਿਹਾ ਮਨੁੱਖ ਆਪ ਹੁੰਦਾ ਹੈ, ਉਹੋ ਜਿਹੇ ਹੀ ਦੂਜੇ ਸਖਸ਼ ਨਜ਼ਰ ਆਉਂਦੇ ਹਨ:

ਆਪਿ ਭਲਾ ਸਭੁ ਜਗੁ ਭਲਾ, ਭਲਾ ਭਲਾ ਸਭਨਾ ਕਰਿ ਦੇਖੈ।
ਆਪਿ ਬੁਰਾ ਸਭੁ ਜਗੁ ਬੁਰਾ, ਸਭ ਕੋ ਬੁਰਾ ਬੁਰੇ ਦੇ ਲੇਖੈ।[3]

ਇਸੇ ਭਾਵ ਨੂੰ ਸਪਸ਼ਟ ਕਰਨ ਲਈ ਮਹਾਂਭਾਰਤ ਵਿਚੋਂ ਵੀ ਉਦਾਹਰਨ ਦਿੱਤੀ ਹੈ।

ਮਨੁੱਖ ਦੇ ਕਰਮਾਂ ਦੀ ਗੱਲ ਕਰਦੇ ਹੋਏ ਬਾਬਾ ਫਰੀਦ ਜੀ ਦੀ ਬਾਣੀ ਨੂੰ ਵੀ ਆਧਾਰ ਬਣਾਇਆ ਹੈ ਕਿ ਮਾੜੇ ਕੰਮ ਕਰਕੇ ਚੰਗੇ ਫਲ ਦੀ ਆਸ ਰੱਖਣੀ ਵਿਅਰਥ ਹੈ:

ਫਰੀਦਾ ਲੋੜੈ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ॥[4]

ਪੱਛਮੀ ਲਿਖਾਰੀਆਂ (ਟੀ.ਐਚ. ਹਕਸਲੇ ਤੇ ਅਲੈਕਸਿਸ ਕੇਰਲ) ਦੇ ਵਿਚਾਰਾਂ ਨੂੰ ਇਸ ਕਿਤਾਬ ਵਿਚ ਪੇਸ਼ ਕੀਤਾ ਗਿਆ ਹੈ। ਭਾਈ ਜੋਧ ਸਿੰਘ ਜੀ ਜੀਵਨ ਜੁਗਤੀ ਦੱਸਦੇ ਹੋਏ ਕਹਿੰਦੇ ਹਨ ਕਿ ਆਪਣਾ ਠੀਕ ਕੰਮ ਕਰਦੇ ਹੋਏ, ਦੂਜਿਆਂ ਦੀ ਪਰਵਾਹ ਨਹੀਂ ਕਰਨੀ ਚਾਹੀਦੀ ਕਿ ਉਹ ਸਾਡੇ ਬਾਰੇ ਕੀ ਸੋਚਦੇ

1. *ਗੁ. ਗ੍ਰੰ.*, ਮ. ੧, ਪੰਨਾ 3.
2. *ਉਹੀ*, ਮ. ੫, ਪੰਨਾ 263.
3. *ਵਾਰਾਂ ਭਾਈ ਗੁਰਦਾਸ*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ਫਰਵਰੀ 1981, ਪੰਨਾ 336.
4. *ਗੁ. ਗ੍ਰੰ.*, ਪੰਨਾ 1379.

ਹਨ ਅਤੇ ਨਾ ਹੀ ਹੰਕਾਰ ਕਰਨਾ ਚਾਹੀਦਾ ਹੈ ਕਿਉਂਕਿ ਹੰਕਾਰ ਕਾਰਨ ਹੀ ਮਨੁੱਖ ਸਦਾ ਦੁਖੀ ਹੁੰਦਾ ਰਹਿੰਦਾ ਹੈ। ਸਰੀਰ ਨੂੰ ਅਰੋਗ ਤੇ ਸ਼ਾਂਤ ਰੱਖਣ ਲਈ ਵਾਹਿਗੁਰੂ ਦੇ ਭਾਣੇ ਵਿਚ ਚੱਲਣ ਅਤੇ ਖੁਸ਼ ਰਹਿਣ ਦੀ ਸਲਾਹ ਦਿੰਦੇ ਹੋਏ ਕਹਿੰਦੇ ਹਨ ਕਿ "ਹੁਣ ਤਾਂ ਪੱਛਮੀ ਡਾਕਟਰ ਵੀ ਇਹ ਗੱਲ ਮੰਨ ਗਏ ਹਨ ਕਿ ਜੇ ਬੀਮਾਰ ਨੂੰ ਖੁਸ਼ ਰੱਖਿਆ ਜਾਵੇ ਤਾਂ ਛੇਤੀ ਅਰੋਗ ਹੋ ਜਾਂਦਾ ਹੈ। ਚਿੰਤਾ ਮਨ ਦਾ ਵੱਡਾ ਰੋਗ ਹੈ।"[5]

ਭਾਈ ਜੋਧ ਸਿੰਘ ਜੀ ਦੀ *ਜੀਵਨ ਦਾ ਅਰਥ* ਕਿਤਾਬ ਕਿਸੇ ਅੰਗਰੇਜ਼ੀ ਪੁਸਤਕ ਦਾ ਤਰਜ਼ਮਾ ਹੈ ਪਰ ਗੁਰਬਾਣੀ ਵਿਚੋਂ ਉਦਾਹਰਨਾਂ ਦੇ ਕੇ, ਮਨੁੱਖ ਦੀ ਜ਼ਿੰਦਗੀ ਦੇ ਪ੍ਰਯੋਜਨ ਬਾਰੇ ਦੱਸਿਆ ਗਿਆ ਹੈ। ਦੁਨਿਆਵੀ ਕਾਰ-ਵਿਹਾਰ ਕਰਦੇ ਹੋਏ ਆਪਣੇ ਮਨ ਨੂੰ ਸਿਮਰਨ ਤੇ ਸੇਵਾ ਵੱਲ ਲਾਉਣਾ ਹੈ। ਅਜਿਹਾ ਤਾਂ ਹੀ ਸੰਭਵ ਹੈ ਜੇ ਹਉਮੈ ਦਾ ਤਿਆਗ ਹੋਵੇਗਾ ਤੇ ਮਨ ਸ਼ਾਂਤਮਈ ਅਵਸਥਾ ਵਿਚ ਆ ਜਾਵੇਗਾ। ਧਰਮ ਦੇ ਰਸਤੇ 'ਤੇ ਚੱਲਣ ਨਾਲ ਜੀਵਨ ਜਿਉਣ ਦਾ ਸਹੀ ਤਰੀਕਾ ਪਤਾ ਚਲਦਾ ਹੈ ਤੇ ਵਾਹਿਗੁਰੂ ਦੇ ਹੁਕਮ ਅਨੁਸਾਰ ਤੁਰਨ ਦੀ ਪ੍ਰੇਰਨਾ ਮਿਲਦੀ ਹੈ:

ਨਾਨਕ ਹੁਕਮੈ ਜੇ ਬੁਝੈ ਤਾ ਹਉਮੈ ਕਹੈ ਨ ਕੋਇ॥[6]

ਦੂਜਿਆਂ ਪ੍ਰਤਿ ਵੈਰ ਵਿਰੋਧ ਦੀ ਭਾਵਨਾ ਨਹੀਂ ਰੱਖਣੀ ਅਤੇ ਆਪਣੇ ਸੁੱਖਾਂ ਲਈ ਕਿਸੇ ਨੂੰ ਦੁੱਖ ਨਹੀਂ ਦੇਣਾ, ਨਿਮਰਤਾ ਵਾਲਾ ਸੁਭਾਅ ਰੱਖਣਾ, ਇਹੀ ਜੀਵਨ ਦੀ ਧਾਰਨਾ ਹੋਣੀ ਚਾਹੀਦੀ ਹੈ। ਗੁਰੂ ਤੋਂ ਗਿਆਨ ਦਾ ਪ੍ਰਕਾਸ਼ ਲੈ ਕੇ ਆਤਮਕ ਉਨਤੀ ਲਈ ਅੱਗੇ ਵਧਣਾ ਹੈ। ਜੇ ਰਾਤ ਪਈ ਹੈ ਤਾਂ ਦਿਨ ਵੀ ਜ਼ਰੂਰ ਚੜ੍ਹੇਗਾ ਤੇ ਜੇ ਦੁੱਖ ਦੀ ਘੜੀ ਆਈ ਹੈ ਤਾਂ ਸੁੱਖ ਵੀ ਜ਼ਰੂਰ ਆਏਗਾ। ਮਨਮਤਿ ਨੂੰ ਤਿਆਗ ਕੇ ਗੁਰਮਤਿ ਦੇ ਰਾਹ 'ਤੇ ਚਲਣਾ ਹੀ ਸਾਡੇ ਜੀਵਨ ਦਾ ਮਨੋਰਥ ਹੈ। ਮਨੁੱਖਾ ਸਰੀਰ ਦਾ ਲਾਹਾ ਲੈ ਕੇ ਇਸ ਜਨਮ ਨੂੰ ਸਫਲ ਕਰਨਾ ਹੈ। ਜੀਵਨ ਦਾ ਅਸਲ ਉਦੇਸ਼ ਇਹ ਹੈ ਕਿ ਨਾਮ ਜਪਦਿਆਂ ਮਨੁੱਖ ਨੇ ਆਪਣਾ ਮੂਲ ਪਛਾਨਣਾ ਹੈ ਕਿਉਂਕਿ ਪਰਮਾਤਮਾ ਉਸਦੇ ਹਿਰਦੇ ਅੰਦਰ ਹੀ ਵਿਦਮਾਨ ਹੈ।

ਭਾਈ ਜੋਧ ਸਿੰਘ ਜੀ ਨੇ *ਗੁਰਮਤਿ ਨਿਰਣਯ* ਪੁਸਤਕ ਵਿਚ ਗੁਰਮਤਿ ਦੇ ਵੱਖ-ਵੱਖ ਸਿਧਾਂਤਾਂ ਨੂੰ ਪੇਸ਼ ਕੀਤਾ ਹੈ। ਹੋਰ ਧਰਮਾਂ ਦਾ ਜ਼ਿਕਰ ਕਰਨ ਦੇ ਨਾਲ ਨਾਲ ਸਾਇੰਸ ਦੇ ਹਵਾਲੇ ਵੀ ਦਿੱਤੇ ਹਨ ਤਾਂ ਜੋ ਗੁਰਮਤਿ ਦੇ ਸਿਧਾਂਤਾਂ ਨੂੰ ਸਪੱਸ਼ਟ ਕੀਤਾ ਜਾ ਸਕੇ। ਪੱਛਮੀ ਵਿਦਵਾਨ ਏ.ਐਸ. ਐਡਿੰਗਟਨ ਤੇ ਏ.ਜੀ. ਟੈਨਸਲੇ ਦੀਆਂ ਕਿਤਾਬਾਂ ਨੂੰ ਵੀ ਆਧਾਰ ਬਣਾਇਆ ਹੈ। ਪਰੰਪਰਾ ਤੇ ਆਧੁਨਿਕਤਾ, ਵਿਵੇਕ ਤੇ ਸ਼ਰਧਾ, ਕਥਨੀ ਤੇ ਕਰਨੀ ਦਾ ਸੁਮੇਲ ਇਸ ਕਿਤਾਬ ਵਿਚ ਵੇਖਿਆ ਜਾ ਸਕਦਾ ਹੈ। ਦੂਜੇ ਧਰਮਾਂ ਦਾ ਵਰਨਣ ਕਰਦੇ ਹੋਏ ਉਨ੍ਹਾਂ ਦੇ ਵਿਚਾਰਾਂ ਦਾ ਖੰਡਨ ਨਹੀਂ ਕੀਤਾ, ਸਗੋਂ ਸਿੱਖ ਧਰਮ ਦਾ ਵਰਨਣ ਕਰਦੇ ਹੋਏ ਉਨ੍ਹਾਂ ਨੂੰ ਨਿਖੇੜ ਕੇ ਪੇਸ਼ ਕੀਤਾ ਹੈ।

ਇਸ ਪੁਸਤਕ ਵਿਚ ਅਕਾਲ ਪੁਰਖ, ਸ੍ਰਿਸ਼ਟੀ ਰਚਨਾ, ਮਨੁੱਖ, ਸ਼ਖਸੀ ਜੀਵਨ ਦਾ ਮਨੋਰਥ, ਪਰਮ ਪਦ ਦੀ ਪ੍ਰਾਪਤੀ ਕਿਵੇਂ ਹੋਵੇ, ਸਤਿਗੁਰੂ, ਗੁਰਮੁਖ, ਸਾਧ ਸੰਗਤ ਦੀ ਮਹਾਨਤਾ, ਨਾਮ, ਅਨਹਤ ਸ਼ਬਦ, ਕਰਮ, ਆਵਾਗਵਨ, ਕਰਾਮਾਤ, ਭਾਈਚਾਰਕ ਬਣਤਰ, ਖਾਲਸਾ ਆਦਿ ਸਿਧਾਂਤਾਂ ਦੀ ਗੱਲ ਕਰਦੇ ਹੋਏ ਮਨੁੱਖ ਨੂੰ ਕਥਨੀ ਤੇ ਕਰਨੀ ਵਿਚ ਅੰਤਰ ਨਾ ਰੱਖ ਕੇ, ਅਮਲੀ ਜੀਵਨ ਜਿਉਣ ਦੀ ਪ੍ਰੇਰਨਾ ਦਿੱਤੀ ਹੈ।

ਅਕਾਲ ਪੁਰਖ ਇਕ ਹੈ ਤੇ ਸਾਰੇ ਬ੍ਰਹਿਮੰਡ ਵਿਚ ਉਹ ਆਪ ਹੀ ਵਿਆਪਕ ਹੈ। ਉਸਦੇ ਹੁਕਮ ਅਨੁਸਾਰ ਹੀ ਸਭ ਕੁਝ ਹੋ ਰਿਹਾ ਹੈ। ਉਸ ਨੂੰ ਨਾ ਤਾਂ ਬਣਾਇਆ ਜਾ ਸਕਦਾ ਹੈ ਅਤੇ ਨਾ ਹੀ ਸਾਡੇ ਬਣਾਇਆਂ ਉਹ ਥਾਪਿਆ ਜਾ ਸਕਦਾ ਹੈ। ਹੋਰ ਕੋਈ ਵੀ ਉਸ ਵਰਗਾ ਨਹੀਂ ਹੈ:

---

5. ਭਾਈ ਜੋਧ ਸਿੰਘ, *ਜੀਵਨ ਮੁਕਤੀ,* ਪ੍ਰਕਾਸ਼ਕ ਡਾ. ਇੰਦਰਜੀਤ ਕੌਰ, ਪ੍ਰਧਾਨ ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ (ਰਜਿ.), ਅੰਮ੍ਰਿਤਸਰ.
6. *ਗੁ. ਗ੍ਰੰ.,* ਮ. ੧, ਪੰਨਾ 1.

ਕਰਨ ਕਾਰਣ ਪ੍ਰਭੁ ਏਕੁ ਹੈ ਦੂਸਰ ਨਾਹੀ ਕੋਇ॥[7]

ਐਡਿੰਗਟਨ ਲਿਖਦਾ ਹੈ ਕਿ "ਜਿਸ ਮਸਾਲੇ ਤੋਂ ਦੁਨੀਆਂ ਬਣੀ ਹੈ ਉਹ ਉਹੀ ਹੈ ਜੋ ਅੰਤਹਕਰਣ ਦੀ ਬਣਤਰ ਦਾ ਮਸਾਲਾ ਹੈ।"[8]

ਗੁਰਮਤਿ ਅਨੁਸਾਰ ਸ੍ਰਿਸ਼ਟੀ ਦਾ ਰਚਨਹਾਰ ਅਕਾਲਪੁਰਖ ਹੈ। ਪਰ ਜਦੋਂ ਸ੍ਰਿਸ਼ਟੀ ਦੀ ਰਚਨਾ ਨਹੀਂ ਹੋਈ ਸੀ ਤਾਂ ਪਰਮਾਤਮਾ ਸਿਰਫ ਆਪ ਹੀ ਸੀ। ਸ੍ਰਿਸ਼ਟੀ ਕਦੋਂ ਹੋਂਦ ਵਿਚ ਆਈ, ਇਸ ਬਾਰੇ ਤਾਂ ਅਕਾਲਪੁਰਖ ਆਪ ਹੀ ਜਾਣਦਾ ਹੈ। ਗੁਰੂ ਸਾਹਿਬ ਕਹਿੰਦੇ ਹਨ ਕਿ ਜਿੰਨੀ ਵਾਰੀ ਵੀ ਸ੍ਰਿਸ਼ਟੀ ਦੀ ਰਚਨਾ ਹੋਈ, ਇਕ ਪਰਮਾਤਮਾ ਦੀ ਹੋਂਦ ਹਮੇਸ਼ਾ ਹੀ ਰਹੀ ਹੈ ਤੇ ਰਹੇਗੀ:

ਕਈ ਬਾਰ ਪਸਰਿਓ ਪਾਸਾਰ॥ ਸਦਾ ਸਦਾ ਇਕ ਏਕੰਕਾਰ॥[9]

ਇਸ ਸ੍ਰਿਸ਼ਟੀ ਦੇ ਜੀਵਾਂ ਵਿਚ ਮਨੁੱਖ ਨੂੰ ਹੀ ਸਭ ਤੋਂ ਉੱਤਮ ਮੰਨਿਆ ਗਿਆ ਹੈ। ਹਉਮੈ ਨੂੰ ਖਤਮ ਕਰਕੇ, ਵਿਸ਼ੈ ਵਿਕਾਰਾਂ ਤੋਂ ਨਿਰਲੇਪ ਰਹਿ ਕੇ, ਵਾਹਿਗੁਰੂ ਦਾ ਨਾਮ ਜਪ ਕੇ, ਉਸ ਦੇ ਹੁਕਮ ਅਨੁਸਾਰ ਤੁਰ ਕੇ, ਉਸ ਦੀ ਰਜ਼ਾ ਵਿਚ ਰਹਿ ਕੇ, ਮਨੁੱਖ ਉਸੇ ਦਾ ਰੂਪ ਹੋ ਜਾਂਦਾ ਹੈ। ਮਨੁੱਖ ਨੇ ਆਪਣੇ ਅੰਦਰ ਦੀ ਜੋਤ ਨੂੰ ਸਿਮਰਨ ਦੁਆਰਾ, ਚੰਗੇ ਕਰਮ ਕਰਕੇ ਪਹਿਚਾਨਣਾ ਹੈ:

ਮਨ ਤੂੰ ਜੋਤਿ ਸਰੂਪ ਹੈ ਆਪਣਾ ਮੂਲ ਪਛਾਣ॥[10]

ਮਨੁੱਖ ਅਕਾਲਪੁਰਖ ਦੀ ਜੋਤਿ ਨੂੰ ਧਾਰਨ ਕਰਕੇ ਸ੍ਰਿਸ਼ਟੀ ਵਿਚ ਆਇਆ ਹੈ ਤੇ ਫਿਰ ਇਸ ਨੇ ਅਕਾਲਪੁਰਖ ਕੋਲ ਹੀ ਵਾਪਸ ਜਾਣਾ ਹੈ। ਇਹ ਸੰਸਾਰ ਉਸਦਾ ਸਦੀਵੀ ਟਿਕਾਣਾ ਨਹੀਂ ਹੈ। ਮਨੁੱਖ ਦੇ ਅੰਦਰ ਅਕਾਲਪੁਰਖ ਆਪ ਹੈ, ਉਸਨੂੰ ਲੱਭਣ ਲਈ ਕਿਧਰੇ ਹੋਰ ਜਾਣ ਦੀ ਆਵੱਸ਼ਕਤਾ ਨਹੀਂ ਹੈ:

ਕਾਹੇ ਰੇ ਬਨ ਖੋਜਨ ਜਾਈ॥
ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗ ਸਮਾਈ॥[11]

ਸਖਸ਼ੀ ਜੀਵਨ ਦਾ ਮਨੋਰਥ ਇਹ ਹੈ ਕਿ ਇਸ ਜਨਮ ਵਿਚ ਪਰਮਾਤਮਾ ਦਾ ਸਿਮਰਨ ਕਰਕੇ, ਉਸ ਵਿਚ ਅਭੇਦ ਹੋ ਜਾਈਏ। ਕਿਉਂਕਿ ਹੋਰ ਦੁਨਿਆਵੀ ਕਾਰਜ ਕਿਸੇ ਕੰਮ ਦੇ ਨਹੀਂ ਹਨ ਜੇ ਅਸੀਂ ਸਾਧਸੰਗਤ ਨਾ ਕਰਕੇ, ਪਰਮਾਤਮਾ ਦਾ ਨਾਮ ਨਹੀਂ ਜਪਦੇ:

ਭਈ ਪਰਾਪਤ ਮਾਨੁਖ ਦੇਹੁਰੀਆ॥
ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥
ਅਵਰਿ ਕਾਜ ਤੇਰੈ ਕਿਤੈ ਨ ਕਾਮ॥
ਮਿਲ ਸਾਧ ਸੰਗਤਿ ਭਜੁ ਕੇਵਲ ਨਾਮ॥[12]

ਮਨੁੱਖ ਨੇ ਖੁਸ਼ੀ ਤੇ ਗਮੀ, ਸੁਖ ਤੇ ਦੁੱਖ ਵਿਚ ਅਡੋਲ ਅਵਸਥਾ ਵਿਚ ਰਹਿਣਾ ਹੈ, ਘਬਰਾਉਣਾ ਨਹੀਂ। ਜਦੋਂ ਤੱਕ ਮਨ ਦੀ ਹਉਮੈ ਦੀ ਮੈਲ ਦੂਰ ਨਹੀਂ ਹੁੰਦੀ, ਉਦੋਂ ਤਕ ਸਭ ਵਿਅਰਥ ਹੈ। ਗ੍ਰਿਹਿਸਥ ਜੀਵਨ ਬਸਰ ਕਰਦਿਆਂ, ਆਪਣੇ ਆਪ ਨੂੰ ਸੰਜਮ ਵਿਚ ਰਖਕੇ, ਕੰਵਲ ਫੁੱਲ ਦੀ ਤਰ੍ਹਾਂ ਮੋਹ ਮਾਇਆ ਤੋਂ ਨਿਰਲੇਪ ਰਹਿਣਾ ਹੈ। ਗੁਰਮਤਿ ਅਨੁਸਾਰ ਜੀਵਨ ਬਸਰ ਕਰਨ ਵਾਲਾ, ਨਾਮ ਨਾਲ ਲਿਵ ਜੋੜਨ ਵਾਲਾ ਮਨੁੱਖ ਹੀ ਸ੍ਰੇਸ਼ਟ ਮੰਨਿਆ ਜਾਂਦਾ ਹੈ:

---

7. *ਉਹੀ,* ਮ. ੫, ਪੰਨਾ 276.
8. ਭਾਈ ਜੋਧ ਸਿੰਘ, *ਗੁਰਮਤਿ ਨਿਰਣਯ,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1990, ਪੰਨਾ 19.
9. *ਗੁ. ਗ੍ਰੰ.,* ਮ. ੫, ਪੰਨਾ 276.
10. *ਗੁ. ਗ੍ਰੰ.,* ਮ. ੩, ਪੰਨਾ 441.
11. *ਗੁ. ਗ੍ਰੰ.,* ਮ. ੯, ਪੰਨਾ 684.
12. *ਗੁ. ਗ੍ਰੰ.,* ਮ. ੫, ਪੰਨਾ 12.

ਨਾਮ ਸੰਗਿ ਜਿਸ ਕਾ ਮਨੁ ਮਾਨਿਆ॥
ਨਾਨਕ ਤਿਨਹਿ ਨਿਰੰਜਨੁ ਜਾਨਿਆ॥[13]

ਜਿਸ ਤਰ੍ਹਾਂ ਸਰੀਰ ਦੀ ਮੈਲ ਸਾਬਣ ਮਲਣ ਨਾਲ ਦੂਰ ਹੋ ਜਾਂਦੀ ਹੈ, ਉਸੇ ਤਰ੍ਹਾਂ ਹੀ ਨਾਮ ਜਪਣ ਨਾਲ ਮਨ ਤੋਂ ਵਿਕਾਰਾਂ ਦੀ ਮੈਲ ਉਤਰ ਜਾਂਦੀ ਹੈ। ਹਿਰਦਾ ਸ਼ੁੱਧ ਤੇ ਪਵਿੱਤਰ ਹੋ ਜਾਂਦਾ ਹੈ:

ਭਰੀਐ ਹਥੁ ਪੈਰੁ ਤਨੁ ਦੇਹ॥
ਪਾਣੀ ਧੋਤੈ ਉਤਰਸਿ ਖੇਹ॥

... ...

ਭਰੀਐ ਮਤਿ ਪਾਪਾ ਕੈ ਸੰਗਿ॥
ਓਹੁ ਧੋਪੈ ਨਾਵੈ ਕੈ ਰੰਗਿ॥[14]

ਅਜਿਹੇ ਵਿਅਕਤੀ ਦੇ ਰਸਤੇ ਵਿਚ ਮਾਇਆ ਰੁਕਾਵਟ ਨਹੀਂ ਬਣਦੀ ਅਤੇ ਨਾ ਹੀ ਉਸਨੂੰ ਕੋਈ ਠੱਗ ਸਕਦਾ ਹੈ:

ਨਾ ਓਹ ਮਰਹਿ ਨ ਠਾਗੇ ਜਾਹਿ॥
ਜਿਨ ਕੈ ਰਾਮੁ ਵਸੈ ਮਨ ਮਾਹਿ॥[15]

ਸਤਿਗੁਰੂ ਹੀ ਮਨੁੱਖ ਨੂੰ ਗਿਆਨ ਦਾ ਰਾਹ ਵਿਖਾਉਂਦਾ ਹੈ ਤੇ ਅਗਿਆਨਤਾ ਦੇ ਹਨੇਰੇ ਵਿਚੋਂ ਬਾਹਰ ਕੱਢਦਾ ਹੈ। ਸਤਿਗੁਰੂ ਤੋਂ ਬਿਨਾਂ ਨਾਮ ਦੀ ਦਾਤ ਹਾਸਲ ਨਹੀਂ ਹੁੰਦੀ ਤੇ ਬਿਨਾਂ ਨਾਮ ਤੋਂ ਮਨ ਦੇ ਭਰਮ-ਭੁਲੇਖੇ ਦੂਰ ਨਹੀਂ ਹੁੰਦੇ। ਇਨਸਾਨ ਨੂੰ ਗੁਰੂ ਦੀ ਲੋੜ ਤਾਂ ਹੀ ਪੈਂਦੀ ਹੈ ਕਿਉਂਕਿ ਉਹ ਮਨ ਪਿੱਛੇ ਲੱਗਾ ਰਹਿੰਦਾ ਹੈ, ਚੰਗੇ-ਮਾੜੇ ਦੀ ਪਰਖ ਨਹੀਂ ਕਰ ਸਕਦਾ। ਸਤਿਗੁਰੂ ਆਪਣੇ ਭਗਤ ਦੀ ਆਪ ਪਾਲਣਾ ਕਰਦਾ ਹੈ ਅਤੇ ਉਸਦੇ ਵਿਕਾਰਾਂ ਦੀ ਮੈਲ ਧੋਣ ਵਿਚ ਉਸਦੀ ਮਦਦ ਕਰਦਾ ਹੈ। ਮਨੁੱਖ ਨੂੰ ਆਪਾ ਭਾਵ ਮਿਟਾ ਕੇ, ਸਤਿਗੁਰੂ ਦੀ ਸੇਵਾ ਵਿਚ ਲੱਗ ਜਾਣਾ ਚਾਹੀਦਾ ਹੈ। ਮਨੁੱਖ ਨੇ ਸਤਿਗੁਰੂ ਦੇ ਸਿਰਫ ਦਰਸ਼ਨ ਹੀ ਨਹੀਂ ਕਰਨੇ ਸਗੋਂ ਸ਼ਬਦ ਦੀ ਵੀਚਾਰ ਵੀ ਕਰਨੀ ਹੈ ਤਾਂ ਹੀ ਮੁਕਤੀ ਹਾਸਲ ਹੋਣੀ ਹੈ:

ਸਤਿਗੁਰ ਨੋ ਸਭੁ ਕੋ ਦੇਖਦਾ ਜੇਤਾ ਜਗਤੁ ਸੰਸਾਰੁ॥
ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੈ ਵੀਚਾਰੁ॥[16]

ਗੁਰਮੁਖ ਨੇ ਸਾਧ-ਸੰਗ ਵਿਚ ਜਾ ਕੇ ਨਾਮ ਦੀ ਮਹਿਮਾ ਗਾਉਣੀ ਹੈ, ਮਨ ਦੀ ਮੈਲ ਧੋਣੀ ਹੈ। ਸਿਰਫ ਵਿਚਾਰ ਹੀ ਨਹੀਂ ਸੁਣਨੇ, ਸਗੋਂ ਉਹਨਾਂ ਨੂੰ ਅਮਲ ਵਿਚ ਵੀ ਲਿਆਉਣਾ ਹੈ। ਸਾਧ ਸੰਗ ਵਿਚ ਜਾ ਕੇ ਮਨ ਨੂੰ ਕੁਰਾਹੇ ਪੈਣ ਤੋਂ ਰੋਕਣਾ ਹੈ, ਆਪਣੇ ਆਪ ਨੂੰ ਭਟਕਣ ਤੋਂ ਬਚਾਉਣਾ ਹੈ:

ਸਾਧ ਕੈ ਸੰਗਿ ਮੁਖੁ ਊਜਲ ਹੋਤ॥
ਸਾਧਸੰਗਿ ਮਲੁ ਸਗਲੀ ਖੋਤ॥[17]

ਮਨੁੱਖ ਜਦੋਂ ਮਨ ਪਿੱਛੇ ਲੱਗਣਾ ਬੰਦ ਕਰ ਦਿੰਦਾ ਹੈ, ਸਾਧ ਸੰਤਾਂ ਦੀ ਸੰਗਤ ਕਰਨ ਲੱਗ ਜਾਂਦਾ ਹੈ ਤਾਂ ਸੰਤ ਜਨ ਉਸ ਨੂੰ ਨਾਮ ਬਾਣੀ ਨਾਲ ਜੁੜਨ ਦਾ ਉਪਦੇਸ਼ ਦਿੰਦੇ ਹਨ ਤਾਂ ਉਹ ਗੁਰਮੁਖ ਦੀ ਪਦਵੀ ਹਾਸਲ ਕਰ ਲੈਂਦਾ ਹੈ। ਗੁਰੂ ਦੇ ਦੱਸੇ ਰਾਹ 'ਤੇ ਤੁਰ ਕੇ ਗੁਰਮੁਖ, ਪਰਮਾਤਮਾ ਦੇ ਹੁਕਮ ਨੂੰ ਪਛਾਣ ਲੈਂਦਾ ਹੈ। ਦਿਨ ਰਾਤ ਹਰੀ ਦੇ ਗੁਣ ਗਾਣ ਕਰਦਾ ਹੈ। ਉਸ ਦਾ ਮਨ ਸ਼ਾਂਤਮਈ ਅਵਸਥਾ ਵਿਚ ਆ ਜਾਂਦਾ

13. *ਉਹੀ,* ਪੰਨਾ 281.
14. *ਗੁ. ਗ੍ਰੰ.,* ਮ. ੧, ਪੰਨਾ 4.
15. *ਉਹੀ,* ਪੰਨਾ 8.
16. *ਗੁ. ਗ੍ਰੰ.,* ਮ. ੩, ਪੰਨਾ 594.
17. *ਗੁ. ਗ੍ਰੰ.,* ਮ. ੫, ਪੰਨਾ 271.

ਹੈ। ਉਹ ਨਿਰੰਕਾਰ ਨੂੰ ਹਰ ਥਾਂ ਵਿਆਪਕ ਸਮਝਦਾ ਹੈ। ਉਹ ਆਪ ਤਾਂ ਮੁਕਤ ਹੋ ਹੀ ਜਾਂਦਾ ਹੈ, ਆਪਣੇ ਸੰਗੀਆਂ ਨੂੰ ਵੀ ਇਸ ਪਾਸੇ ਲਾ ਕੇ ਮੁਕਤ ਕਰ ਦਿੰਦਾ ਹੈ।

ਪਰ ਮਨਮੁਖ ਮਨ ਦੇ ਪਿੱਛੇ ਲੱਗ ਕੇ, ਵਿਸ਼ੇ ਵਿਕਾਰਾਂ ਦੇ ਵੱਸ ਹੋ ਕੇ, ਆਪਣਾ ਲੋਕ ਪ੍ਰਲੋਕ ਦੋਵੇਂ ਗੁਆ ਲੈਂਦਾ ਹੈ। ਉਹ ਗੁਰੂ ਦੇ ਦੱਸੇ ਰਾਹ 'ਤੇ ਤੁਰਨ ਦੀ ਕੋਸ਼ਿਸ਼ ਹੀ ਨਹੀਂ ਕਰਦਾ। ਉਹ ਇਸ ਸੰਸਾਰ ਨੂੰ ਹੀ ਸਭ ਕੁਝ ਸਮਝਦਾ, ਮੋਹ ਮਾਇਆ ਵਿਚ ਫਸਿਆ ਰਹਿੰਦਾ ਹੈ।

ਇਹ ਸਰੀਰ ਮਾਇਆ ਦਾ ਪੁਤਲਾ ਵਿਚਿ ਹਉਮੈ ਦੁਸ਼ਟੀ ਪਾਈ॥
ਆਵਣ ਜਾਣਾ ਜੰਮਣੁ ਮਰਣਾ ਮਨਮੁਖਿ ਪਤਿ ਗਵਾਈ॥[18]

ਭਾਈ ਜੋਧ ਸਿੰਘ ਨੇ ਪਾਤੰਜਲ ਦੇ ਯੋਗ ਦੀਆਂ ਉਦਾਹਰਨਾਂ ਦੇ ਕੇ ਮਨ ਦੀਆਂ ਬਿਰਤੀਆਂ ਬਾਰੇ ਦੱਸਣ ਦੀ ਕੋਸ਼ਿਸ਼ ਕੀਤੀ ਹੈ ਕਿ ਕਿਵੇਂ ਸਾਧਕ ਯੋਗ ਦੇ ਅੱਠ ਅੰਗਾਂ ਦੁਆਰਾ ਸੁਰਤੀ ਨੂੰ ਟਿਕਾ ਕੇ, ਜਾਪ ਦੁਆਰਾ ਮਨ ਨੂੰ ਸਾਧਣ ਦਾ ਯਤਨ ਕਰਦਾ ਹੈ ਪਰ ਗੁਰਮਤਿ ਮਰਿਆਦਾ ਵਿਚ ਇਸ ਤਰ੍ਹਾਂ ਨਹੀਂ ਹੈ। ਗੁਰਮੁਖ ਸਿਮਰਨ ਦੁਆਰਾ ਆਪਣੀ ਲਿਵ ਪਰਮਾਤਮਾ ਨਾਲ ਜੋੜਦਾ ਹੈ ਤੇ ਫ਼ਿਰ ਉਸੇ ਵਿਚ ਆਪਣੇ ਆਪ ਨੂੰ ਅਭੇਦ ਕਰ ਲੈਂਦਾ ਹੈ। ਗੁਰੂ ਦਾ ਸ਼ਬਦ ਉਸ ਦੇ ਮਨ ਵਿਚ ਪੂਰੀ ਤਰ੍ਹਾਂ ਵੱਸ ਜਾਂਦਾ ਹੈ:

ਜਿਉ ਮੰਦਰ ਕਉ ਥਾਮੈ ਥੰਮਨ॥
ਤਿਉ ਗੁਰ ਕਾ ਸਬਦੁ ਮਨਹਿ ਅਸਥੰਮਨ॥[19]

ਗੁਰਮਤਿ ਅਨੁਸਾਰ ਜੋ ਕਰਮ ਅਸੀਂ ਕਰਦੇ ਹਾਂ, ਉਸ ਦਾ ਫਲ ਸਾਨੂੰ ਜ਼ਰੂਰ ਭੋਗਣਾ ਪੈਂਦਾ ਹੈ। ਚੰਗੇ ਜਾਂ ਮਾੜੇ ਕਰਮਾਂ ਕਰਕੇ ਅਸੀਂ ਦੁੱਖ ਜਾਂ ਸੁੱਖ ਭੋਗਦੇ ਹਾਂ। ਪਰ ਜੇ ਮਨੁੱਖ ਬੁਰੀ ਸੰਗਤ ਛੱਡ ਕੇ, ਸਾਧ ਸੰਗਤ ਦੀ ਸੇਵਾ ਵਿਚ ਲੱਗ ਜਾਵੇ, ਹਉਮੈ ਦਾ ਤਿਆਗ ਕਰ ਦੇਵੇ ਤਾਂ ਵਾਹਿਗੁਰੂ ਉਸਦੇ ਪਿਛਲੇ ਕਰਮਾਂ ਨੂੰ ਬਖਸ਼ ਦਿੰਦਾ ਹੈ।

ਸਾਇੰਸਦਾਨ ਮਨੁੱਖਾ ਸਰੀਰ ਨੂੰ ਵਿਕਾਸ ਦੀ ਕਸਵੱਟੀ 'ਤੇ ਰੱਖ ਕੇ ਵਿਚਾਰ ਪੇਸ਼ ਕਰਦੇ ਹਨ ਕਿ ਬਨਸਪਤੀ, ਜਨੌਰ, ਬਾਂਦਰ ਆਦਿ ਸਰੀਰਕ ਅਵਸਥਾ ਤੋਂ ਬਾਅਦ ਮਨੁੱਖ ਦਾ ਮੌਜੂਦਾ ਰੂਪ ਹੋਂਦ ਵਿਚ ਆਇਆ ਹੈ ਅਤੇ ਹੌਲੀ-ਹੌਲੀ ਮਨੁੱਖ ਦੇ ਵਿਚਾਰਾਂ ਵਿਚ ਵੀ ਤਬਦੀਲੀ ਆਈ ਹੈ ਅਤੇ ਮਨੁੱਖ ਦੀ ਸੋਚਣ ਸ਼ਕਤੀ ਵਿਚ ਵਾਧਾ ਹੋਇਆ ਹੈ। ਪਰ ਗੁਰਮਤਿ ਵਿਚਾਰਧਾਰਾ ਅਨੁਸਾਰ ਮਨੁੱਖ ਦੇ ਕਰਮਾਂ ਅਨੁਸਾਰ ਹੀ ਉਸਨੂੰ ਅਗਲਾ ਜਨਮ ਮਿਲਦਾ ਹੈ। ਦੋਨੋਂ ਵਿਚਾਰਧਾਰਾਵਾਂ ਅਨੁਸਾਰ ਮਨੁੱਖਾ ਜਨਮ ਬੜੀਆਂ ਅਵਸਥਾਵਾਂ ਵਿਚੋਂ ਗੁਜਰਨ ਤੋਂ ਬਾਅਦ ਹੀ ਪ੍ਰਾਪਤ ਹੁੰਦਾ ਹੈ:

ਕਈ ਜਨਮ ਭਏ ਕੀਟ ਪਤੰਗਾ॥
ਕਈ ਜਨਮ ਗਜ ਮੀਨ ਕੁਰੰਗਾ॥
ਕਈ ਜਨਮ ਪੰਖੀ ਸਰਪ ਹੋਇਓ॥
ਕਈ ਜਨਮ ਹੈਵਰ ਬ੍ਰਿਖ ਜੋਇਓ॥
ਮਿਲ ਜਗਦੀਸ ਮਿਲਨ ਕੀ ਬਰੀਆ॥
ਚਿਰਕਾਲ ਇਹ ਦੇਹ ਸੰਜਰੀਆ॥[20]

ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਦੀ ਸਾਜਣਾ ਕੀਤੀ ਅਤੇ ਕਿਹਾ ਕਿ ਜਦੋਂ ਹੋਰ ਸਾਰੇ ਵਸੀਲੇ ਖਤਮ ਹੋ ਜਾਣ ਤਾਂ ਆਪਣੀ ਰੱਖਿਆ ਲਈ ਤਲਵਾਰ ਨੂੰ ਮਿਆਨ ਵਿਚੋਂ ਕੱਢਣਾ ਜਾਇਜ਼ ਹੈ। ਸਿੱਖਾਂ ਨੂੰ

18. *ਗੁ. ਗ੍ਰੰ.*, ਮ. ੩, ਪੰਨਾ 31.
19. *ਗੁ. ਗ੍ਰੰ.*, ਮ. ੫, ਪੰਨਾ 282.
20. *ਉਹੀ*, ਪੰਨਾ 176.

ਖਾਲਸਾ ਬਨਣ ਲਈ ਅੰਮ੍ਰਿਤ ਦੀ ਦਾਤ ਹਾਸਲ ਕਰਨੀ ਤੇ ਪੰਜ ਕਕਾਰਾਂ ਨੂੰ ਪਹਿਨਣ ਦੀ ਹਦਾਇਤ ਕੀਤੀ ਗਈ। *ਗੀਤਾ* ਵਿਚ ਕਰਮ ਕਰਨ, ਤੇ ਫਲ ਦੀ ਆਸ ਨਾ ਰੱਖਣ 'ਤੇ ਜ਼ੋਰ ਦਿੱਤਾ ਗਿਆ ਹੈ। ਗੁਰਮਤਿ ਵਿਚਾਰਧਾਰਾ ਦਾ ਕਹਿਣਾ ਹੈ ਕਿ ਗ੍ਰਹਿਸਥ ਦਾ ਤਿਆਗ ਨਹੀਂ ਕਰਨਾ, ਸਗੋਂ ਕਰਮ ਕਰਦੇ ਹੋਏ, ਆਪਣੇ ਅੰਦਰ ਦੀ ਹਉਮੈ ਨੂੰ ਮਾਰ ਕੇ, ਪਰਮਾਤਮਾ ਨਾਲ ਲਿਵ ਜੋੜਨੀ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਕੇਵਲ ਬਾਹਰੀ ਤੌਰ ਤੇ ਪਹਿਨੇ ਪੰਜ ਕਕਾਰਾਂ ਨੂੰ ਹੀ ਮਹੱਤਵ ਨਹੀਂ ਦਿੱਤਾ, ਸਗੋਂ ਅੰਦਰੂਨੀ ਤੌਰ 'ਤੇ ਸੰਤ ਸਿਪਾਹੀ ਬਨਣ ਲਈ ਕਿਹਾ ਹੈ। ਗੁਰਸਿੱਖ ਨੂੰ ਨਸ਼ਿਆਂ ਦਾ ਸੇਵਨ ਕਰਨ ਦੀ ਮਨਾਹੀ ਹੈ। ਨਸ਼ੇ ਵਿਚ ਮਨੁੱਖ ਦੀ ਸੁੱਧ-ਬੁੱਧ ਮਾਰੀ ਜਾਂਦੀ ਹੈ, ਆਪਣੇ ਪਰਾਏ ਦਾ ਫਰਕ ਪਤਾ ਨਹੀਂ ਲੱਗਦਾ। ਕਈ ਕੁਰੀਤੀਆਂ ਇਸੇ ਕਰਕੇ ਜਨਮ ਲੈਂਦੀਆਂ ਹਨ। ਇਸ਼ਨਾਨ ਕਰਨਾ, ਤੀਰਥਾਂ ਤੇ ਜਾਣਾ, ਦਾਨ ਦੇਣਾ ਸਭ ਵਿਅਰਥ ਹਨ ਜੇ ਅਕਾਲ ਪੁਰਖ ਦੇ ਨਾਮ ਦਾ ਵਾਸਾ ਹਿਰਦੇ ਵਿਚ ਨਹੀਂ ਹੈ:

ਜਾਗਤ ਜੋਤ ਜਪੈ ਨਿਸਬਾਸੁਰ ਏਕ ਬਿਨਾ ਮਨ ਨੈਕ ਨ ਆਨੈ।
ਪੂਰਨ ਪ੍ਰੇਮ ਪ੍ਰਤੀਤ ਸਜੈ ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ।
ਤੀਰਥ ਦਾਨ ਦਇਆ ਤਪ ਸੰਜਮ ਏਕ ਬਿਨਾ ਨਹ ਏਕ ਪਛਾਨੈ।
ਪੂਰਨ ਜੋਤ ਜਗੈ ਘਟ ਮੈ ਤਬ ਖਾਲਸ ਤਾਹਿ ਨਖਾਲਸ ਜਾਨੈ।[21]

ਭਾਈ ਜੋਧ ਸਿੰਘ ਜੀ ਦੀ ਗੁਰਮਤਿ ਵਿਆਖਿਆਕਾਰੀ ਪਰੰਪਰਾ ਤੇ ਆਧੁਨਿਕਤਾ, ਵਿਵੇਕ ਤੇ ਸ਼ਰਧਾ, ਕਥਨੀ ਤੇ ਕਰਨੀ ਦਾ ਸੁਮੇਲ ਹੈ। ਪੂਰਬ ਤੇ ਪੱਛਮ ਦੋਹਾਂ ਪਰੰਪਰਾਵਾਂ ਦੀ ਗੱਲ ਕਰਦੇ ਹੋਏ ਆਪਣੇ ਵਿਚਾਰਾਂ ਨੂੰ ਪੇਸ਼ ਕਰਨ ਦਾ ਯਤਨ ਕੀਤਾ ਹੈ। ਗੁਰਬਾਣੀ ਦੀ ਵਿਆਖਿਆ ਲਈ ਭਾਈ ਗੁਰਦਾਸ ਦੀਆਂ ਵਾਰਾਂ ਨੂੰ ਆਧਾਰ ਬਣਾ ਕੇ ਤੁਲਨਾਤਮਿਕ ਵਿਧੀ ਅਪਣਾਈ ਗਈ ਹੈ।

---

21. ਰਤਨ ਸਿੰਘ ਜੱਗੀ ਤੇ ਗੁਰਸ਼ਰਨ ਕੌਰ ਜੱਗੀ, *ਸ੍ਰੀ ਦਸਮ ਗ੍ਰੰਥ ਸਾਹਿਬ : ਪਾਠ-ਸੰਪਾਦਨਾ ਅਤੇ ਵਿਆਖਿਆ*, ਭਾਗ ਤੀਜਾ, 1999, ਪੰਨਾ 388.

ਜਨਮ-ਸਾਖੀ ਸਾਹਿਤ ਦੀ ਜਾਣ-ਪਹਿਚਾਣ

ਸ਼ੇਰ ਸਿੰਘ *

15ਵੀਂ ਤੇ 16ਵੀਂ ਸਦੀ ਨੂੰ ਮਨੁੱਖਤਾ ਦੇ ਇਤਿਹਾਸ ਵਿਚ ਇੱਕ ਮਹੱਤਵਪੂਰਨ ਸਥਾਨ ਪ੍ਰਾਪਤ ਹੈ। ਉਹ ਨਾ ਕੇਵਲ ਮਹਾਨ ਭੂਗੋਲਿਕ ਲੱਭਤਾਂ ਤੇ ਕੁਦਰਤੀ ਵਿਗਿਆਨਾਂ ਵਿਚ ਸ਼ਾਨਦਾਰ ਪ੍ਰਾਪਤੀਆਂ ਦੇ ਹੀ ਸਮੇਂ ਸਨ, ਸਗੋਂ ਉਹਨਾਂ ਸਮਿਆਂ ਨੇ ਪਰਮ ਮਨੁੱਖੀ ਸਖਸ਼ੀਅਤਾਂ ਅਤੇ ਉੱਘੇ ਮਨੁੱਖਵਾਦੀਆਂ ਨੂੰ ਵੀ ਜਨਮ ਦਿੱਤਾ, ਜਿਵੇਂ ਮਾਰਟਿਨ ਲੂਥਰ, ਜਾਨ ਕਾਲਵਿਨ, ਏਰਾੱਸਮਸ, ਗਿਉਰਡਾਨੋ ਬਰੋ ਆਦਿ। ਇਨ੍ਹਾਂ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਨਾਂ ਵੀ ਸ਼ਾਮਲ ਹੈ। ਦੂਸਰੇ ਸ਼ਬਦਾਂ ਵਿਚ ਅਸੀਂ ਆਖ ਸਕਦੇ ਹਾਂ ਕਿ ਇਸ ਵਿਸ਼ਵ-ਵਿਆਪੀ ਇਤਿਹਾਸਕ ਅਮਲ ਵਿਚ ਜਿਨ੍ਹਾਂ ਨੇ ਭਾਗ ਲਿਆ ਉਨ੍ਹਾਂ ਵਿੱਚੋਂ ਗੁਰੂ ਨਾਨਕ ਦੇਵ ਜੀ ਵੀ ਇੱਕ ਸਨ।

ਸ੍ਰੀ ਗੁਰੂ ਨਾਨਕ ਦੇਵ ਜੀ ਆਧੁਨਿਕ ਯੁੱਗ ਦੇ ਸਭ ਤੋਂ ਮਹਾਨ (ਵੱਡੇ) ਪ੍ਰਭੂ-ਸਵਰੂਪ, ਪਰਮ ਮਨੁੱਖ ਸਨ। ਆਪ ਦੀ ਅਦੁੱਤੀ ਸਖਸ਼ੀਅਤ ਬਹੁਰੰਗੀ ਹੈ। ਮਹਾਂ-ਪੁਰਸ਼ਾਂ, ਵਿਦਵਾਨਾਂ, ਦੈਵੀ ਕਵੀਆਂ ਅਤੇ ਇਤਿਹਾਸਕਾਰਾਂ ਨੇ ਆਪ ਨੂੰ ਵਿਸ਼ੇਸ਼ਤਾਈ-ਸੂਚਕ ਨਾਵਾਂ ਨਾਲ ਯਾਦ ਕੀਤਾ ਹੈ।

ਸੋਢੀ ਮਿਹਰਬਾਨ ਜੀ ਨੇ ਗੁਰੂ ਜੀ ਨੂੰ 'ਮੀਰਾਂ ਦੀ ਵਾਰ' ਵਿਚ 'ਸਚੇ ਸਿਉ ਸਚ ਮਿਲ ਗਿਆ' ਅਤੇ ਉਨ੍ਹਾਂ ਇਸ ਅੰਦਰ ਸਚ ਗਰੀਬੀ ਆਪ ਅਤੇ ਗੁਰੂ ਗੋਪਾਲਾ ਕਰਕੇ ਯਾਦ ਕੀਤਾ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ *ਬਚਿੱਤਰ ਨਾਟਕ* ਵਿਚ ਗੁਰੂ ਨਾਨਕ ਜੀ ਨੂੰ 'ਨਾਨਕ ਰਾਏ', 'ਕਲਿ ਮੇਂ ਧਰਮ ਚਲਾਵਣ ਵਾਲੇ', 'ਸਾਧਨ ਕੋ ਰਾਹ ਬਤਾਵਣ ਹਾਰੇ' ਅਤੇ *ਚੰਡੀ ਦੀ ਵਾਰ* ਵਿਚ 'ਗੁਰੂ ਨਾਨਕ' ਜਿਹੇ ਰੱਬੀ ਵਿਸ਼ੇਸ਼ਣਾਂ ਨਾਲ ਸੁਸੱਜਤ ਕੀਤਾ ਹੈ।

ਭਾਈ ਸੰਤੋਖ ਸਿੰਘ *ਸ੍ਰੀ ਗੁਰੂ ਨਾਨਕ ਪ੍ਰਕਾਸ਼* ਵਿਚ ਇਸ਼ਟ ਗੁਰੂ ਨਾਨਕ ਦੇਵ ਜੀ ਦਾ ਮੰਗਲਾਚਰਣ 'ਸ੍ਰੀ ਗੁਰੂ ਨਾਨਕ ਪੁਰਸ਼ੋਤਮ', 'ਪਰਮ ਪਾਰਾਵਾਰ ਨਾਥ' ਜਿਹੇ ਸ਼ਬਦਾਂ ਵਿਚ ਕਰਕੇ ਉਨ੍ਹਾਂ ਦੇ ਚਰਣਾਂ ਵਿਚ ਬੰਦਨਾ ਕਰਦਾ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਇੱਕ ਸਭ ਤੋਂ ਮਹਾਂਨ ਸਿਧਾਂਤਕਾਰ ਤੇ ਸੁਧਾਰਕ ਸਨ। ਇਸੇ ਲਈ ਪੰਜਾਬ ਦੇ ਇਤਿਹਾਸ ਨੂੰ ਫ਼ਖ਼ਰ ਹੈ ਕਿ ਉਸਦੇ ਇੱਕ ਮਹਾਨ ਵਿਚਾਰਵਾਨ ਬਜ਼ੁਰਗ (ਬਾਬਾ ਨਾਨਕ) ਨੂੰ ਉਹਨਾਂ ਇਤਿਹਾਸਕ ਹਸਤੀਆਂ ਦੀ ਪੰਗਤ ਵਿਚ ਵਿਸ਼ੇਸ਼ ਪਦਵੀ ਪ੍ਰਾਪਤ ਹੈ, ਜਿਨ੍ਹਾਂ ਦੀ ਵਿਚਾਰਧਾਰਾ ਦੁਨੀਆਂ ਦੇ ਕਿਸੇ ਨਾ ਕਿਸੇ ਤਖਤੇ ਉੱਤੇ ਰਾਜਸੀ ਤੇ ਸਮਾਜੀ ਤਬਦੀਲੀਆਂ ਲਿਆਉਣ ਦਾ ਕਾਰਨ ਬਣੀ। ਉਸਨੇ 16ਵੀਂ ਸਦੀ ਦੀ ਉੱਭਰ ਤੁਰੀ ਵਿਚਾਰਧਾਰਾ ਅਨੁਕੂਲ ਹਿੰਦੁਸਤਾਨੀ ਹਾਲਤਾਂ ਨਾਲ ਢੁਕਵੇਂ ਅਜਿਹੇ ਵਿਚਾਰ ਪੇਸ਼ ਕੀਤੇ, ਜੋ ਪੰਜਾਬ ਅੰਦਰ ਪੰਜਾਬੀ ਕੌਮ ਦੀ ਸਾਖਤ ਦਾ ਪਹਿਲ ਪ੍ਰਿਥਮੀ ਰਾਹ ਨਿਸ਼ਾਨੇ ਗਏ ਹਨ।

ਗੁਰੂ ਜੀ ਦੇ ਜੀਵਨ ਨਾਲ ਸੰਬੰਧਿਤ ਸਾਹਿਤ ਵਿਚ ਆਪ ਜੀ ਦੁਆਰਾ ਰਚੀ ਗਈ ਬਾਣੀ ਜੋ *ਗੁਰੂ ਗ੍ਰੰਥ ਸਾਹਿਬ* ਵਿਚ ਦਰਜ਼ ਹੈ ਅਤੇ ਜਨਮ ਸਾਖੀਆਂ ਮਹੱਤਵਪੂਰਨ ਸ੍ਰੋਤ ਹਨ। ਇਨ੍ਹਾਂ ਤੋਂ ਇਲਾਵਾ *ਸ੍ਰੀ ਗੁਰੂ ਨਾਨਕ ਪ੍ਰਕਾਸ਼, ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ, ਤਵਾਰੀਖ ਗੁਰੂ ਖਾਲਸਾ, ਮਹਿਮਾ*

* ਰਿਸਰਚ ਸਕਾਲਰ, ਇਤਿਹਾਸ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਪ੍ਰਕਾਸ਼, ਪ੍ਰਾਚੀਨ ਪੰਥ ਪ੍ਰਕਾਸ਼, ਤਾਰੀਖ-ਏ-ਪੰਜਾਬ ਆਦਿ ਮੁੱਢਲੇ ਸਰੋਤਾਂ ਤੋਂ ਗੁਰੂ ਜੀ ਦੇ ਜੀਵਨ ਨਾਲ ਸੰਬੰਧਿਤ ਮਹੱਤਵਪੂਰਨ ਜਾਣਕਾਰੀ ਮਿਲਦੀ ਹੈ।

ਜਨਮ ਸਾਖੀ ਸਾਹਿਤ ਗੁਰੂ ਜੀ ਦੇ ਜੀਵਨ ਸੰਬੰਧੀ ਮਹੱਤਵਪੂਰਨ ਸੋਮਾ ਹੈ। ਇਸ ਵਿਚ ਗੁਰੂ ਸਾਹਿਬ ਦੇ ਜੀਵਨ ਦੇ ਹਰੇਕ ਪਹਿਲੂ ਨੂੰ ਦਰਸਾਇਆ ਗਿਆ ਹੈ। ਜਨਮ ਦਾ ਭਾਵ ਕੇਵਲ ਜਨਮ (ਉਤਪਤੀ) ਸਮੇਂ ਤੋਂ ਹੀ ਨਹੀਂ ਸਗੋਂ ਸਾਰੇ ਜੀਵਨ ਤੋਂ ਹੈ। ਇਸ ਤਰ੍ਹਾਂ ਜਨਮਸਾਖੀ ਦਾ ਤਾਤਪਰਜ ਕਿਸੇ ਮਹਾਂਪੁਰਸ਼ ਦਾ ਅਧਿਆਤਮਿਕ ਜੀਵਨ ਬ੍ਰਿਤਾਂਤ ਹੈ, ਜਿਸ ਵਿਚ ਉਸ ਦੇ ਮੂੰਹੋਂ ਕਹੇ ਸ਼ਬਦ ਇਸ ਤਰ੍ਹਾਂ ਜੋੜੇ ਗਏ ਹੋਣ ਕਿ ਜਗਿਆਸੂਆਂ ਦੇ ਨਿੱਤ ਜੀਵਨ ਵਿੱਚ ਕਦੇ-ਕਦੇ ਨੈਤਿਕ, ਅਧਿਆਤਮਿਕ ਅਤੇ ਵਿਵਹਾਰਿਕ ਝਮੇਲਿਆਂ ਜਾਂ ਸਮੱਸਿਆਵਾਂ ਦੇ ਪੇਸ਼ ਹੋਣ ਤੇ ਉਨ੍ਹਾਂ ਨੂੰ ਨਜਿੱਠਣ ਲਈ ਸੰਕੇਤਿਕ ਪ੍ਰਮਾਣ ਪ੍ਰਾਪਤ ਕੀਤੇ ਜਾ ਸਕਣ। ਭਾਈ ਕਾਨ੍ਹ ਸਿੰਘ ਨਾਭਾ ਨੇ ਜਨਮ ਸਾਖੀ ਦਾ ਅਰਥ ਜੀਵਨ ਬ੍ਰਿਤਾਂਤ ਦੱਸਿਆ ਹੈ।[1] ਜਨਮਸਾਖੀ ਸਾਹਿਤ ਦਾ ਆਰੰਭ ਗੁਰੂ ਨਾਨਕ ਦੇਵ ਜੀ ਦੇ ਜੀਵਨ ਬ੍ਰਿਤਾਂਤ ਨਾਲ ਹੋਇਆ, ਇਸ ਕਰਕੇ ਜਨਮਸਾਖੀ ਤੋਂ ਭਾਵ ਗੁਰੂ ਨਾਨਕ ਦਾ ਅਧਿਆਤਮਿਕ ਜੀਵਨ ਬ੍ਰਿਤਾਂਤ ਹੈ, ਜਿਸ ਵਿਚ ਅਨੇਕਾਂ ਸਾਖੀਆਂ ਜਾਂ ਗੋਸ਼ਟੀਆਂ ਦਾ ਜੀਵਨ ਦੇ ਵਿਕਾਸ ਕ੍ਰਮ ਵਿਚ ਸੰਕਲਨ ਹੋਇਆ ਹੋਵੇ। ਗੁਰੂ ਨਾਨਕ ਦੇਵ ਜੀ ਦੇ ਜੋਤੀ-ਜੋਤ ਸਮਾ ਜਾਣ ਤੋਂ ਬਾਅਦ, ਆਪ ਜੀ ਦੇ ਸਿੱਖਾਂ (ਅਨੁਯਾਈਆਂ) ਵਿਚ ਆਪਣੇ ਚੋਜੀ ਪ੍ਰੀਤਮ ਬਾਰੇ ਕੁਝ ਸੁਣਨ, ਕੁਝ ਜਾਣਨ ਦਾ ਉਤਸ਼ਾਹ ਜਾਗਿਆ, ਇਸ ਉਤਸੁਕਤਾ ਵਿੱਚੋਂ ਜਨਮਸਾਖੀਆਂ ਪੈਦਾ ਹੋਈਆਂ। ਇਹ ਜਨਮਸਾਖੀਆਂ ਬਹੁ-ਪੱਖੀ ਸਾਹਿਤ ਦਾ ਸੋਮਾ ਹਨ। ਇਤਿਹਾਸਕ ਪੱਖ ਤੋਂ ਗੁਰੂ ਨਾਨਕ ਦੇਵ ਜੀ ਦੇ ਜੀਵਨ ਦੀਆਂ ਰਵਾਇਤਾਂ ਦਾ, ਧਾਰਮਿਕ ਪੱਖ ਤੋਂ ਉਨ੍ਹਾਂ ਦੀ ਬਾਣੀ ਦੇ ਪਰਮਾਰਥ ਦਾ, ਸਾਹਿਤਕ ਰੂਪ ਵਿਚ ਪੰਜਾਬੀ ਬੋਲੀ ਦਾ ਅਤੇ ਅਧਿਆਤਮਕ ਪੱਖ ਤੋਂ ਗੁਰਮਤਿ, ਵੇਦਾਂਤ ਅਤੇ ਸੂਫੀ ਮੱਤ ਦੇ ਸੰਕੇਤਾਂ ਦਾ ਬਹੁਮੁੱਲਾ ਖਜ਼ਾਨਾ ਹੈ। ਹੁਣ ਤੱਕ ਦੀਆਂ ਪ੍ਰਚੱਲਤ ਜਨਮਸਾਖੀਆਂ ਵਿਚ ਪੁਰਾਤਨ ਜਨਮਸਾਖੀ, ਭਾਈ ਬਾਲੇ ਵਾਲੀ ਜਨਮਸਾਖੀ, ਮਿਹਰਬਾਨ ਵਾਲੀ ਜਨਮਸਾਖੀ ਅਤੇ ਭਾਈ ਮਨੀ ਸਿੰਘ ਵਾਲੀ ਜਨਮਸਾਖੀ (ਗਿਆਨ-ਰਤਨਾਵਲੀ) ਹੀ ਮੁੱਖ ਰੂਪ ਵਿਚ ਸ਼ਾਮਿਲ ਹਨ। ਇਹ ਜਨਮਸਾਖੀਆਂ ਪਾਠਕਾਂ ਨੂੰ ਗੁਰੂ ਨਾਨਕ ਦੇਵ ਜੀ ਦੇ ਸਮੇਂ ਦੇ ਸਮਾਜਿਕ, ਰਾਜਨੀਤਿਕ, ਧਾਰਮਿਕ ਅਤੇ ਸਭਿਆਚਾਰਕ ਹਾਲਾਤਾਂ ਸੰਬੰਧੀ ਵਿਸ਼ੇਸ਼ ਜਾਣਕਾਰੀ ਦਿੰਦੀਆਂ ਹਨ। ਇਨ੍ਹਾਂ ਵਿਚ ਗੁਰੂ ਨਾਨਕ ਦੇਵ ਜੀ ਦੇ ਜੀਵਨ ਨਾਲ ਸੰਬੰਧਿਤ, ਜਨਮ ਤੋਂ ਲੈ ਕੇ ਉਨ੍ਹਾਂ ਦੇ ਜੋਤੀ-ਜੋਤ ਸਮਾਉਣ ਤੱਕ ਦੀ ਹਰੇਕ ਘਟਨਾ ਦਾ ਉਲੇਖ ਹੈ। ਭਾਵੇਂ ਇਹ ਜਨਮਸਾਖੀਆਂ, ਗੁਰੂ ਜੀ ਸੰਬੰਧੀ (ਕੁਝ ਸਾਖੀਆਂ ਦੇ ਸੰਬੰਧ ਵਿਚ) ਇੱਕ-ਸੁਰ ਨਹੀਂ ਹਨ, ਫਿਰ ਵੀ ਇਹ ਸਾਨੂੰ ਗੁਰੂ ਜੀ ਦੇ ਅਤੇ ਉਨ੍ਹਾਂ ਦੇ ਸਮੇਂ ਦੇ ਸੰਬੰਧ ਵਿਚ ਬਹੁਤ ਮਹੱਤਵਪੂਰਨ ਜਾਣਕਾਰੀ ਦਿੰਦੀਆਂ ਹਨ। ਇਨ੍ਹਾਂ ਜਨਮਸਾਖੀਆਂ ਦੀ ਜੀਵਨ ਲਿਖਣ-ਵਿਧੀ ਵਿਗਿਆਨਿਕ ਨਹੀਂ ਪੌਰਾਣਿਕ ਹੈ, ਜਿਸ ਕਾਰਨ ਬਹੁਤ ਸਾਰੀਆਂ ਕਰਾਮਾਤਾਂ ਅਤੇ ਚਮਤਕਾਰ ਪ੍ਰਧਾਨ ਘਟਨਾਵਾਂ ਨੂੰ ਗੁਰੂ ਜੀਵਨ-ਬਿਰਤਾਂਤ ਵਿਚ ਸ਼ਾਮਿਲ ਕਰ ਲਿਆ ਗਿਆ ਹੈ।

ਪੁਰਾਤਨ ਜਨਮਸਾਖੀ – 20ਵੀਂ ਸਦੀ (1926 ਈ.) ਦੇ ਪਹਿਲੇ ਅੱਧ ਵਿਚ ਭਾਈ ਵੀਰ ਸਿੰਘ ਨੇ 'ਪੁਰਾਤਨ ਜਨਮਸਾਖੀ' ਨਾਂ ਦੇ ਸਿਰਲੇਖ ਹੇਠ ਇੱਕ ਜਨਮਸਾਖੀ ਦਾ ਸੰਪ੍ਰਾਦਨ ਕਰਕੇ ਛਾਪਿਆ। ਇਸ ਜਨਮਸਾਖੀ ਨੂੰ 'ਵਲਾਇਤ ਵਾਲੀ ਜਨਮਸਾਖੀ' ਵੀ ਕਿਹਾ ਜਾਂਦਾ ਹੈ, ਕਿਉਂਕਿ ਇਸ ਜਨਮਸਾਖੀ ਦਾ ਇੱਕ ਖਰੜਾ 1815 ਈ: ਵਿਚ ਹੈਨਰੀ ਥਾਮਸ ਕੋਲਬ੍ਰਕ ਇੰਗਲੈਂਡ ਲੈ ਗਿਆ ਸੀ। ਉਹ ਈਸਟ ਇੰਡੀਆ ਕੰਪਨੀ ਦੀ ਕੌਂਸਲ ਦਾ ਇੱਕ ਮੈਂਬਰ ਸੀ। ਉੱਥੇ ਉਸ ਨੇ ਇਹ ਖਰੜਾ ਈਸਟ ਇੰਡੀਆ ਕੰਪਨੀ ਦੀ ਲਾਇਬ੍ਰੇਰੀ ਨੂੰ ਦੇ ਦਿੱਤਾ ਅਤੇ ਬਾਅਦ ਵਿਚ ਈਸਟ-ਇੰਡੀਆ ਆਫਿਸ ਲਾਇਬ੍ਰੇਰੀ ਬਣਨ ਤੇ ਇਹ

1. ਭਾਈ ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਪੰਨਾ 504.

ਖਰੜਾ ਇੰਡੀਆ ਆਫ਼ਿਸ ਲਾਇਬ੍ਰੇਰੀ ਨੂੰ ਮਿਲ ਗਿਆ। ਜਿੱਥੇ ਇਹ ਹੁਣ ਤੱਕ ਸੁਰੱਖਿਅਤ ਹੈ। ਅੱਜਕੱਲ੍ਹ ਇਸ ਲਾਇਬ੍ਰੇਰੀ ਦਾ ਨਾਂ ਕਾਮਨ ਵੈਲਥ ਰੀਲੇਸ਼ਨਜ ਲਾਇਬ੍ਰੇਰੀ ਹੈ। 1872 ਈ. ਵਿਚ ਡਾ. ਟਰੰਪ ਨੇ ਇਸ ਨੂੰ ਵੇਖਿਆ ਤੇ ਹੋਰਨਾਂ ਵਿਦਵਾਨਾਂ ਦਾ ਧਿਆਨ ਇਸ ਵੱਲ ਦਿਵਾਇਆ। 1883 ਈ. ਵਿਚ ਅੰਮ੍ਰਿਤਸਰ ਦੇ ਸਿੱਖਾਂ ਦੇ ਕਹਿਣ ਤੇ ਲੈਫਟੀਨੈਂਟ ਗਵਰਨਰ ਪੰਜਾਬ, ਚਾਰਲਸ ਐਚੀਸਨ ਨੇ ਇਹ ਖਰੜਾ ਇੰਡੀਆ ਆਫਿਸ ਲਾਇਬ੍ਰੇਰੀ ਤੋਂ 'ਮਿਸਟਰ ਰਾਸ' ਲਾਇਬ੍ਰੇਰੀਅਨ ਦੀ ਮਦਦ ਨਾਲ ਪੰਜਾਬ ਵਿਚ ਮੰਗਵਾ ਲਿਆ[2] ਅਤੇ ਇਸ ਦੀਆਂ ਕੁਝ ਕਾਪੀਆਂ ਲੈ ਕੇ ਸਰ ਚਾਰਲਸ ਐਚੀਸਨ ਨੇ ਪੰਜਾਬ ਦੇ ਸਿੱਖਾਂ ਵਿਚ ਵੰਡੀਆਂ। ਇਸ ਤਰ੍ਹਾਂ ਇਹ ਜਨਮ ਸਾਖੀ ਦੇ ਵਲਾਇਤ ਤੋਂ ਆਉਣ ਕਰਕੇ ਲੋਕ ਇਸ ਨੂੰ 'ਵਲਾਇਤ ਵਾਲੀ ਜਨਮਸਾਖੀ' ਆਖਣ ਲੱਗ ਪਏ। 1885 ਈ. ਵਿਚ ਇਸ ਖਰੜੇ ਨਾਲ ਮਿਲਦਾ-ਜੁਲਦਾ ਇੱਕ ਖਰੜਾ ਭਾਈ ਗੁਰਮੁੱਖ ਸਿੰਘ ਨੂੰ ਹਾਫ਼ਿਜ਼ਾਬਾਦ ਤੋਂ ਲੱਭਾ।[3] ਇਸ ਕਰਕੇ ਇਸ ਨੂੰ 'ਹਾਫ਼ਿਜ਼ਾਬਾਦ ਵਾਲੀ ਜਨਮਸਾਖੀ' ਵੀ ਕਿਹਾ ਜਾਂਦਾ ਹੈ। ਮੈਕਾਲਿਫ਼ ਨੇ ਇਸ ਨੂੰ ਗੁਰਮੁੱਖੀ ਅੱਖਰਾਂ ਵਿਚ ਛਪਵਾਇਆ, ਇਸ ਕਰਕੇ ਲੋਕ ਇਸ ਨੂੰ ਮੈਕਾਲਿਫ਼ ਵਾਲੀ ਜਨਮਸਾਖੀ ਵੀ ਕਹਿੰਦੇ ਹਨ। ਇਤਿਹਾਸਕ ਪੱਖ ਤੋਂ ਇਹ ਮਹੱਤਵਪੂਰਨ ਰਚਨਾ ਹੈ।

ਇਸ ਜਨਮਸਾਖੀ ਦੇ ਰਚੇ ਜਾਣ ਸੰਬੰਧੀ ਵੱਖ-ਵੱਖ ਵਿਦਵਾਨਾਂ ਦੇ ਵੱਖ-ਵੱਖ ਵਿਚਾਰ ਹਨ। ਭਾਈ ਕਾਨ੍ਹ ਸਿੰਘ ਨਾਭਾ ਨੇ ਲਿਖਿਆ ਹੈ ਕਿ ਪੋਠੋਹਾਰ ਨਿਵਾਸੀ, ਸੇਵਾਦਾਸ ਨੇ 1588 ਈ. ਵਿਚ ਗੁਰੂ ਨਾਨਕ ਦੇਵ ਜੀ ਦੀ ਜਨਮਸਾਖੀ ਲਿਖੀ।[4] ਪਰ ਇਸ ਦੇ ਲਿਖੇ ਜਾਣ ਦੀ ਮਿਤੀ ਅਤੇ ਰਚਨਹਾਰ ਦੀ ਕਿਸੇ ਥਾਂ ਤੇ ਪੁਸ਼ਟੀ ਨਹੀਂ ਹੁੰਦੀ। ਕਰਮ ਸਿੰਘ ਹਿਸਟੋਰੀਅਨ ਨੇ 'ਜੁਗਾਵਲੀ' ਨਾਂ ਦੀ ਸਾਖੀ ਵਿਚ ਆਏ ਕਲਜੁਗੀ ਸੰਮਤ ਦੇ ਇੱਕ ਸੰਕੇਤ ਤੋਂ ਪੁਰਾਤਨ ਜਨਮਸਾਖੀ ਦਾ ਰਚਨਾ ਕਾਲ 1635 ਈ. ਨਿਸ਼ਚਿਤ ਕੀਤਾ ਹੈ।[5] ਭਾਈ ਗੁਰਦਾਸ ਦੀ ਪਹਿਲੀ ਵਾਰ ਅਤੇ ਮਿਹਰਬਾਨ ਵਾਲੀ ਜਨਮਸਾਖੀ ਦੀ ਇਹ ਸਮਕਾਲੀ ਰਚਨਾ ਹੈ। ਮਿਹਰਬਾਨ ਵਾਲੀ ਜਨਮਸਾਖੀ ਅਤੇ ਪੁਰਾਤਨ ਜਨਮਸਾਖੀ ਦੀਆਂ ਕਈ ਸਾਖੀਆਂ ਆਪਸ ਵਿਚ ਮਿਲਦੀਆਂ ਹਨ, ਜਿਸ ਤੋਂ ਪਤਾ ਲੱਗਦਾ ਹੈ ਕਿ ਇਹ ਦੋਵੇਂ ਜਨਮਸਾਖੀਆਂ ਲੱਗਭੱਗ ਇੱਕੋ ਸਮੇਂ ਲਿਖੀਆਂ ਗਈਆਂ।

ਇਸ ਜਨਮਸਾਖੀ ਵਿਚ ਸਾਖੀਆਂ ਦੀ ਗਿਣਤੀ 57 ਹੈ। ਇਹ ਸਾਖੀਆਂ ਬੜੇ ਸੰਖੇਪ ਪਰ ਭਾਵਪੂਰਤ ਸੰਕੇਤ ਹਨ। ਲੰਮੀਆਂ ਬਾਣੀਆਂ (ਪਟੀ, ਜਪੁ ਆਦਿ) ਬਾਰੇ ਕੇਵਲ ਉਚਾਰੇ ਜਾਣ ਦੇ ਹੀ ਸੰਕੇਤ ਹਨ, ਪੂਰੇ ਪਾਠ ਨਹੀਂ ਦਿੱਤੇ। ਇਸ ਵਿਚ ਗੁਰੂ ਜੀ ਦਾ ਜਨਮ[6] ਬੈਸਾਖ ਦੀ ਤੀਜ, ਸੰਮਤ 1526 (1469 ਈ.), ਵਿਆਹ ਬਾਰਾਂ ਸਾਲਾਂ ਦੀ ਉਮਰ ਵਿਚ ਤੇ ਦੇਹਾਂਤ[7] ਅੱਸੂ ਸੁਦੀ 10 ਸੰਮਤ 1595 (1538 ਈ.) ਦਾ ਦੱਸਿਆ ਹੈ। ਇਸ ਵਿਚ ਗੁਰੂ ਜੀ ਦੀਆਂ ਪੰਜ ਉਦਾਸੀਆਂ ਦਾ ਵਰਣਨ ਹੈ। ਪਹਿਲੀ, ਪੂਰਬ ਦੀ ਉਦਾਸੀ ਵਿਚ ਗੁਰੂ ਜੀ ਕਾਮਰੂਪ ਤੱਕ ਗਏ, ਦੂਜੀ, ਦੱਖਣ ਦੀ ਉਦਾਸੀ ਵਿਚ ਆਪ ਸਿੰਘਲਾਦੀਪ ਤੱਕ ਗਏ, ਤੀਜੀ, ਉਤਰਾਖੰਡ ਦੀ ਉਦਾਸੀ ਵਿਚ ਉਹ ਕਸ਼ਮੀਰ ਤੇ ਸੁਮੇਰ ਪਰਬਤ ਤੱਕ ਗਏ, ਚੌਥੀ, ਪੱਛਮ ਦੀ ਉਦਾਸੀ ਵਿਚ ਗੁਰੂ ਜੀ ਮੱਕੇ ਤੱਕ ਪਹੁੰਚੇ ਤੇ ਪੰਜਵੀਂ ਉਦਾਸੀ ਵਿਚ ਗੁਰੂ ਜੀ ਦੇ ਗੋਰਖ ਹਟੜੀ ਤੱਕ

2. ਭਾਈ ਵੀਰ ਸਿੰਘ (ਸੰਪਾ.), *ਪੁਰਾਤਨ ਜਨਮ ਸਾਖੀ*, ਨਵੀਂ ਦਿੱਲੀ, 1996, ਪੰਨਾ 2.
3. ਭਾਈ ਵੀਰ ਸਿੰਘ (ਸੰਪਾ.), *ਪੁਰਾਤਨ ਜਨਮ ਸਾਖੀ*, ਨਵੀਂ ਦਿੱਲੀ, 1996, ਪੰਨਾ 6.
4. ਭਾਈ ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼*, ਭਾਸ਼ਾ ਵਿਭਾਗ, ਪੰਜਾਬ, ਪੰਨਾ 229.
5. ਕਿਰਪਾਲ ਸਿੰਘ (ਸੰਪਾ.), *ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ* (ਮਿਹਰਬਾਨ ਵਾਲੀ), ਖਾਲਸਾ ਕਾਲਜ, ਅੰਮ੍ਰਿਤਸਰ, 1962, ਪੰਨਾ 89.
6. ਭਾਈ ਵੀਰ ਸਿੰਘ (ਸੰਪਾ.), *ਪੁਰਾਤਨ ਜਨਮ ਸਾਖੀ*, ਨਵੀਂ ਦਿੱਲੀ, 1996, ਪੰਨਾ 17.
7. *ਉਹੀ*, ਪੰਨਾ 209.

ਜਾਣ ਦਾ ਵਰਣਨ ਹੈ। ਇਸ ਵਿਚ ਗੁਰੂ ਜੀ ਨਾਲ ਸੰਬੰਧਿਤ ਕਈ ਕਰਾਮਾਤੀ ਸਾਖੀਆਂ ਦਿੱਤੀਆਂ ਗਈਆਂ ਹਨ, ਜਿਵੇਂ ਦਿੱਲੀ ਮੋਇਆ ਹਾਥੀ ਜਵਾਇਆ, ਪਾਲੀ ਨੂੰ ਪਾਤਸ਼ਾਹੀ, ਠੱਗਾਂ ਦਾ ਨਿਸਤਾਰਾ, ਨੂਰਸ਼ਾਹ ਦਾ ਨਿਸਤਾਰਾ, ਕਲਿਜੁਗ, ਕੀੜ ਨਗਰ, ਕਉਡਾ ਰਾਕਸ਼, ਮਖਦੂਮ ਬਹਾਵਦੀ, ਮੱਕਾ ਘੁਮਾਇਆ, ਸ਼ਿਵਨਾਭ ਆਦਿ। ਇਸ ਵਿਚ ਕਈ ਅਣਇਤਿਹਾਸਕ ਮੁਲਾਕਾਤਾਂ ਦਾ ਵੀ ਵਰਣਨ ਹੈ, ਜਿਵੇਂ ਸ਼ੇਖ ਫਰੀਦ ਨਾਲ ਗੋਸਟਿ, ਗੋਸ਼ਟਿ ਸ਼ੇਖ ਸ਼ਫਰ, ਮਛੰਦਰ, ਗੋਰਖ ਨਾਥ ਆਦਿ।

ਇਸ ਜਨਮਸਾਖੀ ਵਿਚ ਭਾਈ ਬਾਲੇ ਦਾ ਕੋਈ ਜ਼ਿਕਰ ਨਹੀਂ ਹੈ। ਪਹਿਲੀ ਉਦਾਸੀ ਸਮੇਂ ਮਰਦਾਨਾ, ਦੂਜੀ ਉਦਾਸੀ ਸਮੇਂ ਸੈਦੋ ਤੇ ਸੀਹੋ ਨਾਂ ਦੇ ਦੋ ਜੱਟ, ਤੀਜੀ ਵੇਲੇ ਹੱਸੂ ਲੁਹਾਰ ਤੇ ਸੀਹਾਂ-ਛੀਂਬਾ ਗੁਰੂ ਜੀ ਦੇ ਨਾਲ ਦੱਸੇ ਹਨ। ਚੌਥੀ ਪੱਛਮ ਦੀ ਉਦਾਸੀ, ਤੇ ਪੰਜਵੀਂ ਗੋਰਖ ਹਟੜੀ ਦੀ ਉਦਾਸੀ ਸਮੇਂ ਗੁਰੂ ਜੀ ਨਾਲ ਕਿਸੇ ਸਾਥੀ ਦਾ ਉਲੇਖ ਨਹੀਂ ਹੈ।

ਭਾਈ ਬਾਲੇ ਵਾਲੀ ਜਨਮਸਾਖੀ

ਭਾਈ ਬਾਲੇ ਵਾਲੀ ਜਨਮਸਾਖੀ ਦੀ ਰਚਨਾ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਸਮੇਂ ਹੋਈ। ਭਾਈ ਬਾਲੇ ਨੂੰ ਗੁਰੂ ਨਾਨਕ ਦੇਵ ਜੀ ਦੀਆਂ ਮਹਾਨ ਯਾਤਰਾਵਾਂ ਵਿਚ ਗੁਰੂ ਜੀ ਦਾ ਸਾਥੀ ਮੰਨਿਆ ਜਾਂਦਾ ਹੈ। ਇਸ ਜਨਮਸਾਖੀ ਦੀ ਭੂਮਿਕਾ ਵਿਚ ਲਿਖਿਆ ਹੈ, "ੴ ਸਤਿਨਾਮੁ ਕਰਤਾ ਪੁਰਖ ਨਿਰਭਉ ਨਿਰਵੈਰ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ। ਸੰਮਤ ੧੫੮੨ ਮਿਤੀ ਵੇਸਾਖ ਸੁਦੀ ਪੰਚਮੀ ਪੋਥੀ ਲਿਖੀ ਪੈੜਾ ਮੋਖੇ ਸੁਲਤਾਨ ਪੁਰ ਕੇ ਵਸਨੀਕ। ਖਤਰੇਟੇ। ਗੁਰੂ ਅੰਗਦ ਜੀ ਲਿਖਾਈ। ਮੁਖਾਸਤਿ ਭਾਈ ਬਾਲੇ ਜਟੇਟੇ ਕੀ। ਰਾਇ ਭੋਏ ਭਟੀ ਦੀ ਤਿਲਵੰਡੀਅਹੁ ਆਇਆ ਆਹੁ। ਗੁਰੂ ਅੰਗਦ ਜੀ ਨੂੰ ਢੂੰਢ ਲਧੋਸੁ। ਦੁਇ ਮਹੀਨੇ ਅਤੇ ਸਤਾਹੀ ਦਿਨ ਲਿਖਦਿਆਂ ਲਗੇ ਆਹੇ। ਜੋ ਹਕੀਕਤ ਆਹੀ ਜਿਥੇ ਜਿਥੇ ਗੁਰੂ ਨਾਨਕ ਫਿਰੇ ਆਹੇ। ਤਿਥੋ-ਤਿਥੋ ਦੀ ਹਕੀਕਤ ਭਾਈ ਬਾਲੇ ਸਹਜਿ ਨਾਲਿ ਲਿਖਾਈ। ਭਾਈ ਬਾਲੇ ਉਪਿਰ ਗੁਰੂ ਅੰਗਦਿ ਜੀ ਬਹੁਤ ਖੁਸੀ ਹੋਇਆ। ਭਾਈ ਬਾਲਾ ਤੇ ਮਰਦਾਨਾ ਰਬਾਬੀ ਫਿਰਦੇ ਆਹੇ। ਬੋਲਹੁ ਭਾਈ ਜੀ ਵਾਹਗੁਰੂ ਜੀ।"[8] ਇਸ ਅਨੁਸਾਰ ਗੁਰੂ ਅੰਗਦ ਦੇਵ ਜੀ ਦੇ ਕਹਿਣ ਤੇ ਭਾਈ ਬਾਲਾ ਗੁਰੂ ਸਾਹਿਬ ਸੰਬੰਧੀ ਸਾਖੀਆਂ ਦੱਸਦਾ ਗਿਆ ਤੇ ਪੈੜਾ ਨਾਂ ਦਾ ਮੋਖਾ ਜਾਤ ਦਾ ਖੱਤਰੀ ਲਿਖਦਾ ਗਿਆ। ਇਹ ਜਨਮਸਾਖੀ ਸਿੱਖ ਜਗਤ ਵਿਚ ਸਭ ਤੋਂ ਜ਼ਿਆਦਾ ਪ੍ਰਚੱਲਤ ਜਨਮਸਾਖੀ ਹੈ। ਜਿੰਨੀਆਂ ਹੱਥ ਲਿਖਤਾਂ ਇਸ ਜਨਮਸਾਖੀ ਦੀਆਂ ਮਿਲਦੀਆਂ ਹਨ, ਸ਼ਾਇਦ ਹੀ ਕਿਸੇ ਹੋਰ ਪੁਸਤਕ ਦੀਆਂ ਮਿਲਦੀਆਂ ਹੋਣ। ਇਸ ਦੀ ਭੂਮਿਕਾ ਨੂੰ ਦੇਖਿਆਂ ਇਹ ਸਭ ਤੋਂ ਪਹਿਲੀ ਜਨਮਸਾਖੀ ਹੈ ਪਰ ਕੁਝ ਵਿਦਵਾਨ ਇਸ ਗੱਲ ਨੂੰ ਠੀਕ ਨਹੀਂ ਮੰਨਦੇ ਕਿਉਂਕਿ ਭਾਈ ਗੁਰਦਾਸ ਦੀਆਂ ਵਾਰਾਂ ਵਿੱਚ, ਪੁਰਾਤਨ ਜਨਮਸਾਖੀ ਵਿਚ ਅਤੇ ਨਾ ਹੀ ਮਿਹਰਬਾਨ ਵਾਲੀ ਜਨਮਸਾਖੀ ਵਿਚ ਗੁਰੂ ਨਾਨਕ ਦੇਵ ਜੀ ਦਾ ਬਾਲਾ ਨਾਂ ਦਾ ਕੋਈ ਸਾਥੀ ਦੱਸਿਆ ਗਿਆ ਹੈ। ਕਰਮ ਸਿੰਘ ਹਿਸਟੋਰੀਅਨ ਨੇ ਆਪਣੀ ਪੁਸਤਕ *ਕੱਤਕ ਕਿ ਵਿਸਾਖ* ਵਿਚ ਭਾਈ ਬਾਲੇ ਵਾਲੀ ਜਨਮਸਾਖੀ ਦੇ ਪੁਰਾਤਨ ਹੋਣ ਨੂੰ ਅਸਵੀਕਾਰ ਕੀਤਾ ਹੈ। ਉਸ ਅਨੁਸਾਰ ਇਹ ਗੁਰੂ ਗੋਬਿੰਦ ਸਿੰਘ ਜੀ ਦੇ ਅਖੀਰਲੇ ਸਮੇਂ ਵਿਚ ਲਿਖੀ ਗਈ ਤੇ ਬਾਲਾ ਨਾਂ ਦਾ ਕੋਈ ਵਿਅਕਤੀ ਗੁਰੂ ਸਾਹਿਬ ਦੇ ਨਾਲ ਨਹੀਂ ਸੀ।[9] ਇਸੇ ਤਰ੍ਹਾਂ ਰਤਨ ਸਿੰਘ ਭੰਗੂ, ਡਾ. ਟਰੰਪ, ਮਿਸਟਰ ਮੈਕਾਲਿਫ਼, ਮੈਕਲਿਓਡ ਆਦਿ ਵੀ ਬਾਲੇ ਨੂੰ ਇਤਿਹਾਸਿਕ ਵਿਅਕਤੀ ਨਹੀਂ ਮੰਨਦੇ।

ਪਰ ਪਰਚੀਆਂ ਸੇਵਾ ਦਾਸ ਵਿਚ ਬਾਲੇ ਦਾ ਜ਼ਿਕਰ ਹੈ। ਕਵੀ ਸੰਤੋਖ ਸਿੰਘ ਦੀ ਰਚਨਾ *ਨਾਨਕ ਪ੍ਰਕਾਸ਼* ਵਿਚ ਭਾਈ ਬਾਲੇ ਦਾ ਅਤੇ ਗੁਰੂ ਅੰਗਦ ਦੇਵ ਜੀ ਦੁਆਰਾ ਭਾਈ ਬਾਲੇ ਤੋਂ ਗੁਰੂ ਨਾਨਕ ਦੇਵ

8. ਸੁਰਿੰਦਰ ਸਿੰਘ ਕੋਹਲੀ (ਸੰਪਾ.), *ਜਨਮਸਾਖੀ ਭਾਈ ਬਾਲਾ*, ਪਬਲੀਕੇਸ਼ਨ ਬਿਊਰੋ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, 1990, ਪੰਨਾ 47.
9. ਕਰਮ ਸਿੰਘ ਹਿਸਟੋਰੀਅਨ, *ਕੱਤਕ ਕਿ ਵੇਸਾਖ*, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1923.

ਜੀ ਦੀ ਜਨਮ ਪੱਤਰੀ ਲਿਆਉਣ ਦਾ ਵਰਣਨ ਹੈ। ਮਹੰਤ ਗਣੇਸ਼ਾ ਸਿੰਘ ਦੀ ਰਚਨਾ *ਗੁਰੂ ਨਾਨਕ ਸੂਰਜਉਦੈ* ਦਾ ਆਧਾਰ ਵੀ ਭਾਈ ਬਾਲੇ ਵਾਲੀ ਜਨਮਸਾਖੀ ਹੈ।

ਕੁਝ ਵਿਦਵਾਨ ਇਹ ਮੰਨਦੇ ਹਨ ਕਿ ਇਸ ਜਨਮਸਾਖੀ ਵਿਚ ਹਿੰਦਾਲੀਆਂ ਨੇ ਵਾਧਾ-ਘਾਟਾ ਕੀਤਾ, ਉਨ੍ਹਾਂ ਦਾ ਮਕਸਦ ਸੀ ਬਾਬੇ ਹੰਦਾਲ ਦੀ ਪ੍ਰਤਿਸ਼ਠਾ ਨੂੰ ਵਧਾਉਣਾ ਤੇ ਗੁਰੂ ਨਾਨਕ ਦੇਵ ਜੀ ਦੀ ਪ੍ਰਤਿਸ਼ਠਾ ਨੂੰ ਘਟਾਉਣਾ।

ਭਾਵੇਂ ਭਾਈ ਬਾਲੇ ਬਾਰੇ ਕੁਝ ਵੀ ਕਿਹਾ ਜਾਵੇ ਪਰ ਭਾਈ ਬਾਲੇ ਵਾਲੀ ਜਨਮਸਾਖੀ ਵਿਚ ਗੁਰੂ ਨਾਨਕ ਸਾਹਿਬ ਸੰਬੰਧੀ ਕੁਝ ਮੁੱਢਲੀਆਂ ਰਵਾਇਤਾਂ ਅੰਕਿਤ ਹਨ। ਭਾਵੇਂ ਇਨ੍ਹਾਂ ਰਵਾਇਤਾਂ ਨੂੰ ਕਿੰਨਾਂ ਵੀ ਵਿਗਾੜਿਆ ਗਿਆ ਹੈ, ਫਿਰ ਵੀ ਇਸ ਦਾ ਗੁਰੂ ਨਾਨਕ ਸੰਬੰਧੀ ਜਾਣਕਾਰੀ ਲਈ ਵਿਸ਼ੇਸ਼ ਮਹੱਤਵ ਹੈ। ਇਸ ਜਨਮਸਾਖੀ ਦਾ ਲਿਖਣ ਢੰਗ ਮਨੋਵਿਗਿਆਨਕ ਅਤੇ ਸਮਾਜਿਕ ਹੈ, ਜਿਸ ਕਰਕੇ ਆਮ ਸਿੱਖ ਇਸ ਨੂੰ ਬਹੁਤ ਪਸੰਦ ਕਰਦੇ ਹਨ। ਇਸ ਜਨਮਸਾਖੀ ਤੋਂ ਗੁਰੂ ਨਾਨਕ ਦੇਵ ਜੀ ਦੇ ਆਪਣੀ ਵੱਡੀ ਭੈਣ ਨਾਲ ਪਿਆਰ ਅਤੇ ਸੁਖਾਵੇਂ ਸੰਬੰਧਾਂ ਦਾ ਵੇਰਵਾ ਮਿਲਦਾ ਹੈ। ਬੇਬੇ ਨਾਨਕੀ ਦਾ ਵੀਰ ਨਾਲ ਮੋਹ ਇਸ ਵਿੱਚੋਂ ਡੁੱਲ੍ਹ-ਡੁੱਲ੍ਹ ਪੈਂਦਾ ਹੈ। ਸੁਲਤਾਨਪੁਰ ਗੁਰੂ ਸਾਹਿਬ ਦੇ ਘਰ ਸਾਧਾਂ ਸੰਤਾਂ ਦਾ ਆਉਣਾ, ਮਲਕ ਭਾਗੋ ਦੇ ਪਕਵਾਨ ਨੂੰ ਲਹੂ ਅਤੇ ਭਾਈ ਲਾਲੋ ਦੀ ਸੁੱਕੀ ਰੋਟੀ ਨੂੰ ਦੁੱਧ ਕਰਕੇ ਦਰਸਾਇਆ ਹੈ। ਇਹ ਜਨਮਸਾਖੀ ਸਮਾਜਿਕ ਪੱਖ ਤੋਂ ਵੇਖਿਆਂ ਇੱਕ ਮਹੱਤਵਪੂਰਨ ਰਚਨਾ ਹੈ।

ਇਸ ਵਿਚ ਗੁਰੂ ਜੀ ਦਾ ਜਨਮ ਕੱਤਕ ਮਹੀਨੇ ਦੀ ਪੂਰਨਮਾਸ਼ੀ ਨੂੰ ਹੋਇਆ ਲਿਖਿਆ ਹੈ।[10] ਇਸ ਅਨੁਸਾਰ ਗੁਰੂ ਨਾਨਕ ਦੇਵ ਜੀ ਅਸੂ ਵਦੀ 10 ਸੰਮਤ 1596 (1539 ਈ.) ਨੂੰ ਜੋਤੀ-ਜੋਤ ਸਮਾਏ। ਇਸ ਵਿਚ ਗੁਰੂ ਜੀ ਦੀ ਬਾਬਰ ਨਾਲ ਮੁਲਾਕਾਤ, ਸਿੱਧਾਂ ਨਾਲ ਭੇਂਟ, ਸੇਖ ਬ੍ਰਹਮ ਨਾਲ ਭੇਂਟ ਆਦਿ ਦਾ ਵੀ ਵਰਣਨ ਹੈ।

ਮਿਹਰਬਾਨ ਵਾਲੀ ਜਨਮਸਾਖੀ

ਮਨੋਹਰ ਦਾਸ ਮਿਹਰਬਾਨ ਸ੍ਰੀ ਗੁਰੂ ਰਾਮਦਾਸ ਜੀ ਦੇ ਪੋਤਰੇ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਵੱਡੇ ਭਰਾ ਪ੍ਰਿਥੀ ਚੰਦ ਦੇ ਸਪੁੱਤਰ ਸਨ। ਆਪ ਨੇ ਵਿੱਦਿਆ ਪ੍ਰਾਪਤੀ ਸ੍ਰੀ ਗੁਰੂ ਅਰਜਨ ਦੇਵ ਜੀ ਤੋਂ ਕੀਤੀ ਤੇ ਆਪਣੇ ਸਮੇਂ ਦੇ ਮਹਾਨ ਲਿਖਾਰੀ ਤੇ ਕੀਰਤਨੀਏ ਸਨ। ਆਪ ਦੇ ਨਾਂ ਨਾਲ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਇੱਕ ਜਨਮ ਸਾਖੀ ਜੁੜੀ ਹੋਈ ਹੈ, ਜਿਸਦੇ ਤਿੰਨ ਭਾਗ ਹਨ :

'ਸਚ ਖੰਡ ਪੋਥੀ', 'ਹਰਿਜੀ ਪੋਥੀ' ਤੇ 'ਚਤੁਰਭੁਜ ਪੋਥੀ'। ਪਹਿਲੀ ਪੋਥੀ 'ਸਚਖੰਡ' ਦੇ ਕਰਤਾ ਮਿਹਰਬਾਨ ਹਨ ਅਤੇ ਦੂਸਰੀਆਂ ਦੋਹਾਂ ਪੋਥੀਆਂ ਦੇ ਕਰਤਾ ਆਪ ਦੇ ਸਪੁੱਤਰ ਹਰਿ ਜੀ ਤੇ ਚਤੁਰਭੁਜ ਹਨ। ਕੁਝ ਵਿਦਵਾਨਾਂ ਦਾ ਵਿਚਾਰ ਹੈ ਕਿ ਇਨ੍ਹਾਂ ਰਚਨਾਵਾਂ ਦਾ ਲਿਖਾਰੀ ਕੇਸੋ ਦਾਸ ਬ੍ਰਾਹਮਣ ਹੈ ਤੇ ਪਹਿਲੀ 'ਸਚਖੰਡ ਪੋਥੀ' ਦੀ ਸੁਧਾਈ ਕਰਵਾਉਣ ਤੇ ਲਿਖਵਾਉਣ ਵਾਲੇ ਮਿਹਰਬਾਨ ਜੀ ਹਨ। ਦੂਜੀਆਂ ਦੋਹਾਂ ਪੋਥੀਆਂ ਦੀ ਸੁਧਾਈ ਹਰਿ ਜੀ ਤੇ ਚਤੁਰਭੁਜ ਨੇ ਕਰਵਾਈ। 'ਸਚਖੰਡ ਪੋਥੀ' ਗੁਰੂ ਸਾਹਿਬ ਦੇ ਕਰਤਾਰਪੁਰ ਟਿਕ ਜਾਣ ਤੱਕ ਦਾ ਵੇਰਵਾ ਦਿੰਦੀ ਹੈ ਅਤੇ ਦੂਜੀਆਂ ਦੋ ਪੋਥੀਆਂ 'ਪੋਥੀ ਹਰਿ ਜੀ' ਤੇ 'ਪੋਥੀ ਚਤੁਰਭੁਜ' ਗੁਰੂ ਜੀ ਦੇ ਕਰਤਾਰਪੁਰ ਨਿਵਾਸ ਅਤੇ ਉਥੇ ਰਹਿੰਦਿਆਂ ਕੀਤੇ ਕਾਰਜਾਂ ਦਾ ਵੇਰਵਾ ਦਿੰਦੀਆਂ ਹਨ।

ਗੁਰਬਾਣੀ-ਪਰਮਾਰਥਾਂ ਦਾ ਮੁੱਢ ਬੰਨ੍ਹਣ ਵਾਲੀ ਇਸ ਰਚਨਾ ਦੇ ਤਿੰਨਾਂ ਭਾਗਾਂ ਵਿਚ ਕੁੱਲ ਸਾਖੀਆਂ ਦੀ ਗਿਣਤੀ 302 ਹੈ, ਪਰ ਇਸਦੇ ਪਹਿਲੇ ਭਾਗ 'ਸਚਖੰਡ ਪੋਥੀ' ਵਿੱਚੋਂ 14 ਸਾਖੀਆਂ ਨਹੀਂ ਮਿਲਦੀਆਂ,

10. ਸੁਰਿੰਦਰ ਸਿੰਘ ਕੋਹਲੀ (ਸੰਪਾ.), *ਜਨਮਸਾਖੀ ਭਾਈ ਬਾਲਾ*, ਪਬਲੀਕੇਸ਼ਨ ਬਿਊਰੋ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, 1990, ਪੰਨਾ 50.

ਇਸ ਕਰਕੇ ਹੁਣ ਤੱਕ ਪ੍ਰਾਪਤ ਸਾਖੀਆਂ ਦੀ ਗਿਣਤੀ 288 ਹੈ। ਇਸਦੀ ਪਹਿਲੀ ਪੋਥੀ 'ਸਚਖੰਡ' ਵਿਚ 153, ਦੂਜੀ ਪੋਥੀ 'ਹਰਿ ਜੀ' ਵਿਚ 61 ਅਤੇ ਤੀਜੀ ਪੋਥੀ 'ਚਤੁਰਭੁਜ' ਵਿਚ 74 ਸਾਖੀਆਂ ਹਨ।

ਸਚਖੰਡ ਪੋਥੀ ਦਾ ਰਚਨਾ ਕਾਲ ਸਤਾਰ੍ਹਵੀਂ ਸਦੀ ਦੇ ਪਹਿਲੇ ਦਹਾਕੇ ਦਾ ਮੰਨਿਆ ਜਾਂਦਾ ਹੈ ਜੋ ਅਨਿਸ਼ਚਿਤ ਹੈ ਪਰ ਦੂਸਰੀਆਂ ਦੋਹਾਂ ਪੋਥੀਆਂ ਦੀ ਅੰਦਰਲੀ ਗਵਾਹੀ ਅਨੁਸਾਰ 'ਹਰਿ ਜੀ ਪੋਥੀ' ਸੰਮਤ 1707 (1650 ਈ.) ਅਤੇ 'ਚਤੁਰਭੁਜ ਪੋਥੀ' ਸੰਮਤ 1708 (1651 ਈ.) ਵਿਚ ਲਿਖੀਆਂ ਗਈਆਂ।[11] ਮਿਹਰਬਾਨ ਪਰੰਪਰਾ ਦੀ ਇਸ ਮਹਾਨ ਰਚਨਾ ਵਿਚ ਗੁਰੂ ਸਾਹਿਬ ਦਾ ਜੀਵਨ ਘਟਨਾ-ਕ੍ਰਮ ਉਨ੍ਹਾਂ ਦੀ ਬਾਣੀ ਨਾਲ ਮੇਲ ਕੇ ਪੇਸ਼ ਕੀਤਾ ਗਿਆ ਹੈ। ਇਸ ਵਿਚ ਗੁਰੂ ਜੀ ਦੀ ਹਰੇਕ ਬਾਣੀ (ਪਟੀ, ਓਅੰਕਾਰ, ਬਾਰਹਮਾਹ, ਜਪੁ ਆਦਿ) ਦੇ ਵਿਸਥਾਰ ਸਹਿਤ ਪਰਮਾਰਥ ਕੀਤੇ ਗਏ ਹਨ। ਇਹ ਗੁਰੂ ਸਾਹਿਬ ਵੱਲੋਂ ਪਰਚਾਰੇ ਗਏ ਸਿਧਾਂਤਾਂ ਦਾ ਉਲੇਖ ਵੀ ਕਰਦੀ ਹੈ ਅਤੇ ਇਹ ਵੀ ਦੱਸਦੀ ਹੈ ਕਿ ਸੰਗਤਾਂ ਨੇ ਨਵੇਂ ਪ੍ਰਚਾਰੇ ਸਿਧਾਂਤਾਂ ਨੂੰ ਅਪਣਾਇਆ।

ਇਸ ਵਿਚ ਗੁਰੂ ਜੀ ਦੇ ਜਨਮ ਬਾਰੇ ਲਿਖਿਆ ਹੈ, "ਸੰਮਤ ੧੫੨੬, ਵੈਸਾਖ, ਮਾਸਿ, ਥਿਤਿ, ਤ੍ਰਿਤੀਏ, ਚਾਂਨਣੀ, ਕਉ, ਪਹਰੁ ਰਾਤਿ ਪਿਛਲੀ ਰਹਤੀ ਕਉ ਅੰਬ੍ਰਿਤ ਵੇਲੇ ਜਨਮ ਲਿਆ।"[12] ਇਸ ਵਿਚ ਲਿਖਿਆ ਹੈ ਕਿ ਗੁਰੂ ਜੀ ਦਾ ਜਨਮ ਨਾਨਕੇ ਘਰ 'ਚਾਹਿਲਾਂ ਵਾਲੇ' ਹੋਇਆ। ਇਸ ਵਿਚ ਇਹ ਵੀ ਲਿਖਿਆ ਹੈ ਕਿ ਗੁਰੂ ਜੀ ਦੀਆਂ ਦੋ ਬੇਟੀਆਂ ਵੀ ਸਨ, ਪਰ ਇਨ੍ਹਾਂ ਗੱਲਾਂ ਦੀ ਪੁਸ਼ਟੀ ਨਾ ਤਾਂ ਕਿਸੇ ਲਿਖਤੀ ਸੋਮੇ ਤੋਂ ਤੇ ਨਾ ਹੀ ਕਿਸੇ ਮੌਖਿਕ ਪਰੰਪਰਾ ਤੋਂ ਹੁੰਦੀ ਹੈ।

ਇਸ ਜਨਮਸਾਖੀ ਵਿਚ ਆਪ ਜੀ ਦੀਆਂ ਉਦਾਸੀਆਂ ਦਾ ਹਾਲ ਵੀ ਬਹੁਤ ਯਥਾਰਥਕ ਢੰਗ ਨਾਲ ਦਿੱਤਾ ਹੈ। ਗੁਰੂ ਜੀ ਦੇ ਪੂਰਬ ਵਾਲੇ ਪਾਸੇ ਤੋਂ ਹੀ ਦੱਖਣ ਵੱਲ ਜਾਣ ਦਾ ਵਰਣਨ ਹੈ, ਦੂਜੀ ਉਦਾਸੀ ਵਿਚ ਆਪ ਉੱਤਰ ਤੇ ਪੱਛਮ ਵੱਲ ਗਏ। ਇਸ ਵਿਚ ਗੁਰੂ ਜੀ ਦੀ ਨਾ ਬਾਬਰ ਨਾਲ ਮੁਲਾਕਾਤ ਤੇ ਨਾ ਹੀ ਲੰਕਾ ਜਾਣ ਦਾ ਉਲੇਖ ਹੈ। ਇਸ ਅਨੁਸਾਰ ਗੁਰੂ ਜੀ ਕਲਿਜੁਗ ਵਿਚ ਰਾਜਾ ਜਨਕ ਦੇ ਅਵਤਾਰ ਹਨ। ਜਿਥੇ ਇਹ ਜਨਮਸਾਖੀ ਸਾਹਿਤਕ, ਭਾਸ਼ਾਈ ਤੇ ਗੁਰਬਾਣੀ ਪਰਮਾਰਥ ਦੇ ਪੱਖ ਤੋਂ ਇੱਕ ਮਹੱਤਵਪੂਰਨ ਰਚਨਾ ਹੈ, ਉਥੇ ਇਸਦੀ ਇਤਿਹਾਸਿਕ ਪੱਖ ਤੋਂ ਵੀ ਬਹੁਤ ਮਹੱਤਤਾ ਹੈ, ਕਿਉਂਕਿ ਇਸ ਵਿਚ ਗੁਰੂ ਸਾਹਿਬ ਸੰਬੰਧੀ ਤਰੀਕਾਂ ਦਾ ਵੇਰਵਾ ਬਹੁਤ ਵਧੀਆ ਢੰਗ ਨਾਲ ਅੰਕਿਤ ਹੈ। ਥਾਂ-ਥਾਂ ਤਰੀਕਾਂ ਦਾ ਵੇਰਵਾ ਹੋਣ ਕਰਕੇ ਇਸ ਦੀ ਬੜੀ ਇਤਿਹਾਸਿਕ ਮਹਾਨਤਾ ਹੈ। ਇਸ ਵਿਚ ਬਾਕੀ ਜਨਮਸਾਖੀਆਂ ਦੀ ਤੁਲਨਾ ਵਿਚ ਘੱਟ ਕਰਾਮਾਤਾਂ ਹਨ। ਇਸ ਜਨਮਸਾਖੀ ਵਿਚ ਲਿਖਿਆ ਹੈ ਕਿ ਗੁਰੂ ਜੀ ਕਰਤਾਰਪੁਰ ਰਹਿੰਦੇ ਸਮੇਂ ਉਥੋਂ ਅਚਲ ਵਟਾਲੇ, ਸਿਆਲਕੋਟ, ਟਿੱਲਾ ਬਾਲ ਗੁੰਦਾਈ, ਲਾਹੌਰ ਤੇ ਪੱਟੀ ਆਦਿ ਥਾਵਾਂ ਤੇ ਗਏ। ਇਸ ਦਾ ਲਿਖਣ ਢੰਗ ਵਿਆਖਿਆਤਮਕ ਹੈ। ਸ਼ਬਦਾਂ ਦੀ ਉਥਾਨਕਾ ਦੱਸ ਕੇ ਵਿਆਖਿਆ ਕੀਤੀ ਗਈ ਹੈ।

ਆਦਿ ਸਾਖੀਆਂ

ਆਦਿ ਸਾਖੀਆਂ ਦਾ ਅਸਲ ਨਾਂ 'ਜਨਮ ਪਤ੍ਰੀ ਬਾਬੇ ਨਾਨਕ ਜੀ ਕੀ' ਹੈ ਅਤੇ ਇਸ ਦੀ ਕਿਤਾਬਤ ਦਾ ਕੰਮ ਸ਼ੰਭੂ ਨਾਥ ਬ੍ਰਾਹਮਣ ਨੇ ਕੀਤਾ। ਇਸਦੇ ਲਿਖੇ ਜਾਣ ਦੀ ਮਿਤੀ ਇਸ ਤਰ੍ਹਾਂ ਹੈ, "ਸੰਮਤ ੧੭੫੮ ਮਾਂਹ ਅਸਾੜ ਬਦੀ ੧੩."[13] ਇਸ ਹਿਸਾਬ ਨਾਲ ਇਹ ਜਨਮ ਸਾਖੀ 1701 ਈ. ਵਿਚ ਲਿਖੀ ਗਈ।

---

11. ਕਿਰਪਾਲ ਸਿੰਘ (ਸੰਪਾ.), *ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ*, ਖਾਲਸਾ ਕਾਲਜ, ਅੰਮ੍ਰਿਤਸਰ, 1962, ਪੰਨੇ 8-9.
12. *ਉਹੀ*, ਪੰਨਾ 9.
13. ਡਾ. ਪਿਆਰ ਸਿੰਘ (ਸੰਪਾ.), *ਸ਼ੰਭੂ ਨਾਥ ਵਾਲੀ ਜਨਮ ਪਤ੍ਰੀ*, ਬਾਬੇ ਨਾਨਕ ਜੀ ਕੀ ਪ੍ਰਸਿੱਧੀ ਨਾਂ ਆਦਿ ਸਾਖੀਆਂ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1969, ਪੰਨਾ 8.

ਇਸ ਜਨਮ ਸਾਖੀ ਵਿਚ ਕੁੱਲ 30 ਸਾਖੀਆਂ ਹਨ, ਆਦਿ ਸਾਖੀਆਂ ਨੂੰ ਪਹਿਲੀ ਵਾਰ ਡਾ. ਪਿਆਰ ਸਿੰਘ ਨੇ "ਸ਼ੰਭੂ ਨਾਥ ਵਾਲੀ ਜਨਮ ਪਤ੍ਰੀ ਬਾਬੇ ਨਾਨਕ ਜੀ ਕੀ ਪ੍ਰਸਿੱਧ ਨਾਂ ਆਦਿ ਸਾਖੀਆਂ" ਸਿਰਲੇਖ ਹੇਠ ਸੰਪਾਦਿਤ ਕੀਤਾ। ਇਸ ਦੀਆਂ ਲੱਗਭੱਗ 18 ਸਾਖੀਆਂ "ਪੁਰਾਤਨ ਜਨਮ ਸਾਖੀ" ਤੇ ਲੱਗਭੱਗ 7 'ਮਿਹਰਬਾਨ ਜਨਮਸਾਖੀ' ਵਿੱਚੋਂ ਆਈਆਂ ਹਨ। ਪ੍ਰੰਤੂ ਫਿਰ ਵੀ ਇਸ ਦੀਆਂ ਕੁਝ ਅਜਿਹੀਆਂ ਵਿਸ਼ੇਸ਼ਤਾਈਆਂ ਹਨ ਜੋ ਇਸ ਜਨਮਸਾਖੀ ਪਰੰਪਰਾ ਨੂੰ ਇੱਕ ਵੱਖਰੀ ਕੜੀ ਵਜੋਂ ਨਿਸ਼ਚਿਤ ਕਰਦੀਆਂ ਹਨ। ਇਸ ਜਨਮਸਾਖੀ ਨੇ ਬਾਣੀ ਪ੍ਰਮਾਰਥਾਂ ਨੂੰ ਬੜੇ ਸੰਖੇਪ ਜਾਂ ਸੰਕੇਤ ਵਜੋਂ ਲਿਆ ਹੈ। ਜਿਥੇ ਪੁਰਾਤਨ ਜਨਮ ਸਾਖੀ ਦਾ ਕਰਤਾ ਹਰ ਸਾਖੀ ਦਾ ਆਰੰਭ 'ਆਗਿਆ ਪਰਮੇਸ਼ਰ ਕੀ ਹੋਈ' ਵਾਕ ਨਾਲ ਕਰਦਾ ਹੈ, ਉਥੇ ਆਦਿ ਸਾਖੀਆਂ ਦੇ ਕਰਤਾ ਨੇ ਇਸ ਨੂੰ ਛੱਡ ਦਿੱਤਾ ਹੈ।

ਪੁਰਾਤਨ ਜਨਮ ਸਾਖੀ ਦੇ ਮੁਕਾਬਲੇ ਇਸ ਵਿਚ ਬਹੁਤ ਘੱਟ ਕਰਾਮਾਤਾਂ ਹਨ। 'ਪੁਰਾਤਨ ਜਨਮ ਸਾਖੀ' ਵਿਚ ਸੱਤ ਸਾਲ ਦੀ ਉਮਰ ਵਿਚ 'ਪਟੀ' ਉਚਾਰਣਾ, ਮੱਕਾ ਘੁੰਮਾਉਣਾ, ਬਾਬਰ ਦੀ ਫੌਜ ਵੱਲੋਂ ਬਾਬੇ ਨਾਨਕ ਨੂੰ ਚੁਕਾਈ ਪੰਡ ਦਾ ਉੱਚੀ ਚੱਲਣਾ ਆਦਿ ਸਾਖੀਆਂ ਨੂੰ 'ਆਦਿ ਸਾਖੀਆਂ' ਦੇ ਕਰਤਾ ਨੇ ਨਹੀਂ ਅਪਣਾਇਆ। 'ਆਦਿ ਸਾਖੀਆਂ' ਦਾ ਕਰਤਾ ਗੁਰੂ ਨਾਨਕ ਸਾਹਿਬ ਦੇ ਜੋਤੀ ਜੋਤਿ ਤੋਂ ਬਾਅਦ ਸਰੀਰ ਦਾ ਸੰਸਕਾਰ ਕਰਵਾਉਂਦਾ ਹੈ, ਸਰੀਰ ਸਮੇਤ ਸਿੱਧਾ ਸੱਚਖੰਡ ਜਾਣ ਦਾ ਵਰਣਨ ਨਹੀਂ ਕਰਦਾ।

ਗਿਆਨ ਰਤਨਾਵਲੀ

ਜਨਮ ਸਾਖੀ ਪਰੰਪਰਾ ਦੀ ਅਖੀਰਲੀ ਮਹੱਤਵਪੂਰਨ ਰਚਨਾ *ਗਿਆਨ ਰਤਨਾਵਲੀ* ਗੁਰਮਤਿ ਦੇ 'ਸੇਂਟ ਪਾਲ' ਤੇ ਧੁਰੰਤਰ ਵਿਦਵਾਨ ਭਾਈ ਗੁਰਦਾਸ ਦੀ ਪਹਿਲੀ ਵਾਰ ਅਤੇ ਪ੍ਰਚੱਲਿਤ ਗੁਰੂ ਨਾਨਕ ਸਾਹਿਬ ਸੰਬੰਧੀ ਸਾਖੀਆਂ 'ਤੇ ਆਧਾਰਿਤ ਹੈ। ਪਰੰਪਰਾ ਦੇ ਤੌਰ ਤੇ ਇਹ ਰਚਨਾ ਭਾਈ ਮਨੀ ਸਿੰਘ ਦੇ ਨਾਂ ਨਾਲ ਜੁੜੀ ਹੋਈ ਹੈ, ਪਰ ਵਿਦਵਾਨ ਇਸ ਨੂੰ ਸੂਰਤ ਸਿੰਘ, ਜੋ ਭਾਈ ਮਨੀ ਸਿੰਘ ਦੀ ਸੰਗਤ ਕਰਦਾ ਸੀ, ਦੀ ਰਚਨਾ ਮੰਨਦੇ ਹਨ। ਭਾਵੇਂ ਇਹ ਜਨਮਸਾਖੀ ਭਾਈ ਗੁਰਦਾਸ ਦੀ ਪਹਿਲੀ ਵਾਰ ਤੇ ਆਧਾਰਿਤ ਹੋਣ ਦੇ ਬਾਵਜੂਦ ਇਸ ਵਾਰ ਦੀ ਵਿਆਖਿਆ ਮਾਤਰ ਨਹੀਂ ਸਗੋਂ ਇਸ ਦੇ ਆਧਾਰ ਤੇ ਗੁਰੂ ਨਾਨਕ ਸਾਹਿਬ ਦਾ ਸਮੁੱਚਾ ਜੀਵਨ ਘਟਨਾ-ਕ੍ਰਮ ਚਿੱਤਰਿਆ ਗਿਆ ਹੈ। ਪਹਿਲੀਆਂ ਜਨਮ ਸਾਖੀਆਂ ਜਿੱਥੇ ਜ਼ਿਆਦਾਤਰ ਗੁਰਬਾਣੀ ਜਾਂ ਸ਼ਬਦ-ਪ੍ਰਮਾਣ ਲੈ ਕੇ ਸਾਖੀ ਘੜਦੀਆਂ ਹਨ, ਉਥੇ ਇਸਨੇ ਗੁਰਸਿੱਖ-ਬਾਣੀ ਨੂੰ ਆਧਾਰ ਬਣਾ ਕੇ ਆਪਣੀ ਨਿਵੇਕਲੀ ਵਿਸ਼ੇਸ਼ਤਾ ਪ੍ਰਗਟਾਈ ਹੈ।

ਗਿਆਨ ਰਤਨਾਵਲੀ ਦੇ ਲੱਗਭੱਗ ਡੇਢ ਦਰਜਨ ਹੱਥ-ਲਿਖਿਤ ਗ੍ਰੰਥ ਮਿਲਦੇ ਹਨ, ਜਦੋਂ ਕਿ ਮੈਕਲੋਡ[14] ਨੇ ਸਿਰਫ 8 ਖਰੜਿਆਂ ਦੀ ਸੂਚਨਾ ਦਿੱਤੀ ਹੈ। ਡਾ. ਬੇਦੀ ਕੇਵਲ ਚਾਰ ਖਰੜਿਆਂ ਦੀ ਗੱਲ ਕਰਦੇ ਹਨ।

ਪੁਰਾਤਨ ਜਨਮ ਸਾਖੀ ਅਤੇ ਮਿਹਰਬਾਨ ਵਾਲੀ ਜਨਮਸਾਖੀ ਨੇ *ਗਿਆਨ ਰਤਨਾਵਲੀ* ਤੇ ਬਹੁਤ ਅਸਰ ਪਾਇਆ ਹੈ ਜਿਸ ਕਾਰਨ ਇਸ ਵਿਚ ਗੁਰੂ ਜੀ ਦਾ ਜਨਮ ਵਿਸਾਖ ਵਿਚ ਹੋਇਆ ਲਿਖਿਆ ਹੈ। ਜਿਸ ਤੋਂ ਇਹ ਪਤਾ ਲੱਗਦਾ ਹੈ ਕਿ ਇਸ ਜਨਮਸਾਖੀ ਦਾ ਕਰਤਾ ਪਹਿਲੀਆਂ ਜਨਮਸਾਖੀਆਂ ਦੀ ਪਰੰਪਰਾ ਤੋਂ ਜਾਣੂ ਸੀ। ਇਹ ਜਨਮਸਾਖੀ ਪਹਿਲੀਆਂ ਜਨਮਸਾਖੀਆਂ ਤੋਂ ਵਧੇਰੇ ਤਰਕਸ਼ੀਲ ਹੈ।

ਗੁਰੂ ਜੀ ਦੀਆਂ ਤਿੰਨ ਮੁੱਖ ਬਾਣੀਆਂ 'ਆਸਾ ਦੀ ਵਾਰ', 'ਜਪੁਜੀ', 'ਸਿੱਧ ਗੋਸ਼ਟਿ' ਦੇ ਟੀਕੇ ਵੀ ਇਸ ਰਚਨਾ ਵਿਚ ਕੀਤੇ ਮਿਲਦੇ ਹਨ। ਇਸ ਅਨੁਸਾਰ ਗੁਰੂ ਨਾਨਕ ਸਾਹਿਬ ਨੇ ਤਿੰਨ ਯਾਤਰਾਵਾਂ ਕੀਤੀਆਂ। ਪਹਿਲੀ ਤੇ ਤੀਜੀ ਵੇਲੇ ਕੇਵਲ ਮਰਦਾਨਾ ਗੁਰੂ ਜੀ ਦੇ ਨਾਲ ਸੀ ਪਰ ਦੂਜੀ ਵੇਲੇ ਬਾਲੇ ਦਾ ਵੀ ਜ਼ਿਕਰ ਹੈ। ਇਸ ਅਨੁਸਾਰ ਗੁਰੂ ਜੀ ਪਾਕਪਟਨ ਦੋ ਵਾਰ ਗਏ। ਗੁਰੂ ਜੀ ਨੇ ਮਰਦਾਨੇ ਦੀ ਬੇਟੀ ਦੇ

14. W.H. McLeod, *Early Sikh Tradition*, Oxford, 1980, p. 39.

ਵਿਆਹ ਤੇ ਮਾਇਕ ਸਹਾਇਤਾ ਕੀਤੀ ਅਤੇ ਆਪ ਜੀ ਦੇ ਜਵਾਲਾ ਜੀ ਜਾਣ ਦਾ ਵਰਣਨ ਵੀ ਇਸ ਜਨਮਸਾਖੀ ਵਿਚ ਹੈ।

ਇਸ ਅਨੁਸਾਰ ਗੁਰੂ ਨਾਨਕ ਦੇਵ ਵਿਸ਼ਨੂੰ ਦੇ ਅਵਤਾਰ ਸਨ ਤੇ ਉਹ ਇਸ ਦੁਨੀਆਂ ਵਿਚ ਵੈਸ਼ਨਵ ਭਗਤੀ ਦ੍ਰਿੜ੍ਹਾਉਣ ਲਈ ਆਏ ਸਨ। ਇਸ ਵਿਚ ਨਾ ਤਾਂ ਮਿਹਰਬਾਨ ਵਾਲੀ ਜਨਮਸਾਖੀ ਵਾਲੇ ਉਚੇਰੇ ਸਾਹਿਤਕ ਗੁਣ ਹਨ ਤੇ ਨਾ ਹੀ 'ਪੁਰਾਤਨ ਜਨਮ ਸਾਖੀ' ਵਰਗਾ ਸੰਜਮ।

ਸਿੱਟਾ

ਗੁਰੂ ਨਾਨਕ ਸਾਹਿਬ ਸੰਬੰਧੀ ਜਨਮ ਸਾਖੀ ਪਰੰਪਰਾ ਵਿਚ 'ਪੁਰਾਤਨ ਜਨਮ ਸਾਖੀ', 'ਭਾਈ ਬਾਲੇ ਵਾਲੀ ਜਨਮ ਸਾਖੀ', 'ਆਦਿ ਸਾਖੀਆਂ', 'ਮਿਹਰਬਾਨ ਵਾਲੀ ਜਨਮਸਾਖੀ' ਤੇ 'ਗਿਆਨ ਰਤਨਾਵਲੀ' ਹਨ। ਇਹ ਜਨਮ ਸਾਖੀਆਂ ਸਾਨੂੰ ਗੁਰੂ ਸਾਹਿਬ ਦੇ ਜੀਵਨ ਸੰਬੰਧੀ ਬਹੁਪੱਖੀ ਜਾਣਕਾਰੀ ਦਿੰਦੀਆਂ ਹਨ। ਇਨ੍ਹਾਂ ਦੇ ਅਧਿਐਨ ਤੋਂ ਪਤਾ ਲੱਗਦਾ ਹੈ ਕਿ 'ਬਾਲੇ ਵਾਲੀ ਜਨਮਸਾਖੀ' ਨੂੰ ਛੱਡ ਕੇ ਦੂਜੀਆਂ ਸਾਰੀਆਂ ਜਨਮਸਾਖੀਆਂ ਦੀ ਪਰੰਪਰਾ ਲੱਗਭੱਗ ਇੱਕ ਹੈ। 'ਆਦਿ ਸਾਖੀਆਂ' ਤਾਂ 'ਪੁਰਾਤਨ ਜਨਮਸਾਖੀ' ਤੇ 'ਮਿਹਰਬਾਨ ਵਾਲੀ ਜਨਮਸਾਖੀ' ਦਾ ਮੇਲ ਹੀ ਹਨ। ਇਨ੍ਹਾਂ ਦੋਹਾਂ ਜਨਮਸਾਖੀਆਂ ਦਾ 'ਗਿਆਨ ਰਤਨਾਵਲੀ' ਤੇ ਪਿਆ ਪ੍ਰਭਾਵ ਵੀ ਪ੍ਰਤੱਖ ਰੂਪ ਵਿਚ ਦਿਖਾਈ ਦਿੰਦਾ ਹੈ। ਇਹ ਸਾਰੀਆਂ ਜਨਮਸਾਖੀਆਂ ਵੱਖ-ਵੱਖ ਸਮਿਆਂ ਤੇ ਅੱਡ-ਅੱਡ ਦ੍ਰਿਸ਼ਟੀਕੋਣਾਂ ਤੋਂ ਲਿਖੀਆਂ ਗਈਆਂ। ਇਨ੍ਹਾਂ ਦੇ ਗੰਭੀਰ ਅਧਿਐਨ ਤੋਂ ਪਤਾ ਲੱਗਦਾ ਹੈ ਕਿ 'ਪੁਰਾਤਨ ਜਨਮ ਸਾਖੀ' ਮੁਸਲਮਾਨੀ ਵਾਤਾਵਰਣ ਵਿਚ ਲਿਖੀ ਗਈ, 'ਮਿਹਰਬਾਨ ਵਾਲੀ ਜਨਮਸਾਖੀ' ਦਾ ਲਿਖਣ ਢੰਗ ਵਿਆਖਿਆਤਮਕ ਹੈ, 'ਬਾਲੇ ਵਾਲੀ ਜਨਮਸਾਖੀ' ਦਾ ਲਿਖਣ ਢੰਗ ਸਮਾਜਿਕ ਤੇ ਮਨੋਵਿਗਿਆਨਕ ਹੈ ਅਤੇ 'ਗਿਆਨ ਰਤਨਾਵਲੀ' ਦੇ ਕਰਤਾ ਨੇ ਹਰ ਗੱਲ ਨੂੰ ਪਰਮਾਰਥ ਦੇ ਅੰਤ੍ਰੀਵ ਭਾਵ ਦਿੱਤੇ ਹਨ।

'ਬਾਲੇ ਵਾਲੀ ਜਨਮਸਾਖੀ' ਅਤੇ ਅਤੇ ਦੂਜੀਆਂ ਜਨਮਸਾਖੀਆਂ ਵਿਚ ਕਈ ਸਾਖੀਆਂ ਸੰਬੰਧੀ ਬੜਾ ਮੱਤਭੇਦ ਹੈ। ਅਸੀਂ ਗੁਰੂ ਸਾਹਿਬ ਦੇ ਜਨਮ ਨੂੰ ਹੀ ਲੈ ਲੈਂਦੇ ਹਾਂ, ਕੇਵਲ ਬਾਲੇ ਵਾਲੀ ਜਨਮਸਾਖੀ ਵਿਚ ਗੁਰੂ ਸਾਹਿਬ ਦਾ ਜਨਮ ਕੱਤਕ ਮਹੀਨੇ ਦੀ ਪੂਰਨਮਾਸ਼ੀ ਨੂੰ ਹੋਇਆ ਲਿਖਿਆ ਹੈ। ਇਸਦੇ ਉਲਟ ਦੂਜੀਆਂ ਸਾਰੀਆਂ ਜਨਮਸਾਖੀਆਂ ਵਿਚ ਵਿਸਾਖ ਦਾ ਲਿਖਿਆ ਹੈ। ਕਰਮ ਸਿੰਘ ਹਿਸਟੋਰੀਅਨ ਨੇ ਆਪਣੀ ਪੁਸਤਕ *ਕੱਤਕ ਕਿ ਵਿਸਾਖ* ਵਿਚ ਤਾਂ ਬਾਲਾ ਨਾਂ ਦਾ ਗੁਰੂ ਜੀ ਦਾ ਕੋਈ ਸਾਥੀ ਹੋਣ ਤੋਂ ਇਨਕਾਰ ਕੀਤਾ ਹੈ ਤੇ ਬਾਲੇ ਨੂੰ ਇੱਕ ਮਨੋ-ਕਲਪਤ ਵਿਅਕਤੀ ਦੱਸਿਆ ਹੈ। ਕਰਮ ਸਿੰਘ ਹਿਸਟੋਰੀਅਨ ਅਨੁਸਾਰ ਗੁਰੂ ਅੰਗਦ ਸਾਹਿਬ ਨੇ ਕੋਈ ਜਨਮਸਾਖੀ ਨਹੀਂ ਲਿਖਵਾਈ। ਦੂਸਰੇ ਪਾਸੇ ਬਾਲੇ ਵਾਲੀ ਜਨਮਸਾਖੀ ਦੀ ਭੂਮਿਕਾ ਵਿਚ ਲਿਖਿਆ ਹੈ ਕਿ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਆਗਿਆ ਨਾਲ ਭਾਈ ਬਾਲੇ ਨੇ ਜਨਮ ਸਾਖੀ ਲਿਖਵਾਈ ਤੇ ਪੈੜਾ ਨਾਂ ਦੇ ਮੋਖਾ ਜਾਤੀ ਦੇ ਖੱਤਰੀ ਨੇ ਲਿਖੀ। ਗਿਆਨੀ ਈਸ਼ਰ ਸਿੰਘ ਨਾਰਾ ਨੇ ਵੀ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਤੇ ਆਪਣੀ ਪੁਸਤਕ *ਵਿਸਾਖ ਨਹੀਂ ਕੱਤਕ* ਵਿਚ ਕਰਮ ਸਿੰਘ ਹਿਸਟੋਰੀਅਨ ਦੇ ਵਿਚਾਰ ਨੂੰ ਗਲਤ ਸਾਬਤ ਕੀਤਾ ਹੈ। ਮਹਾਂ ਕਵੀ ਸੰਤੋਖ ਸਿੰਘ ਨੇ *ਨਾਨਕ ਪ੍ਰਕਾਸ਼* ਵਿਚ ਲਿਖਿਆ ਹੈ ਕਿ ਹਿੰਦਾਲੀਆਂ ਨੇ ਗੁਰੂ ਅੰਗਦ ਸਾਹਿਬ ਦੀ ਹਜ਼ੂਰੀ ਵਿਚ ਤਿਆਰ ਹੋਈ ਜਨਮ ਸਾਖੀ ਦਰਿਆ ਵਿਚ ਸੁੱਟ ਦਿੱਤੀ ਅਤੇ ਉਸ ਦੀ ਥਾਂ ਉਸ ਦਾ ਹਿੰਦਾਲੀ ਰੂਪ ਪ੍ਰਚੱਲਿਤ ਕਰ ਦਿੱਤਾ। ਇਸ ਕਰਕੇ ਅਸੀਂ ਜਨਮਸਾਖੀਆਂ ਸੰਬੰਧੀ ਇਹ ਕਹਿ ਸਕਦੇ ਹਾਂ ਕਿ ਇਨ੍ਹਾਂ ਦੇ ਆਪਸੀ ਮੱਤਭੇਦ ਬਹੁਤ ਹਨ ਤੇ ਕਈ ਸਾਖੀਆਂ ਵਿਵਾਦ ਵਿਚ ਘਿਰੀਆਂ ਹੋਈਆਂ ਹਨ।

ਜ਼ਫ਼ਰਨਾਮਾ : ਇੱਕ ਇਤਿਹਾਸਕ ਪੱਤਰ

ਅਮਨ ਸਿੰਘ 'ਕਤਲੌਰ' *

ਗੁਰੂ ਗੋਬਿਦ ਸਿੰਘ ਜੀ ਦੀਆਂ *ਦਸਮ ਗ੍ਰੰਥ* ਵਿੱਚ ਦੋ ਰਚਨਾਵਾਂ 'ਜ਼ਫ਼ਰਨਾਮਾ' ਅਤੇ 'ਹਿਕਾਇਤਾਂ' ਫ਼ਾਰਸੀ ਭਾਸ਼ਾ ਵਿੱਚ ਰਚਿਤ ਮਿਲਦੀਆਂ ਹਨ। ਭਾਵੇਂ *ਸ੍ਰੀ ਦਸਮ ਗ੍ਰੰਥ* ਵਿੱਚ 'ਜ਼ਫ਼ਰਨਾਮਾ' ਹਿਕਾਇਤਾਂ ਦਾ ਹੀ ਪਹਿਲਾ ਭਾਗ ਹੈ, ਫਿਰ ਵੀ ਵਿਸ਼ੇ-ਵਸਤੂ ਪੱਖੋਂ ਦੋਵੇਂ ਸੁਤੰਤਰ ਰਚਨਾਵਾਂ ਹਨ। ਜ਼ਫ਼ਰਨਾਮਾ ਇੱਕ ਛੰਦਬੱਧ ਪਤ੍ਰਾਤਮਕ ਰਚਨਾ ਹੈ। ਇਹ ਉਹ ਪੱਤਰ ਹੈ, ਜਿਹੜਾ ਕਿ ਗੁਰੂ ਜੀ ਨੇ ਔਰੰਗਜ਼ੇਬ ਦੇ ਨਾਮ ਲਿਖ ਕੇ ਭੇਜਿਆ ਸੀ। ਇਸ ਦੇ ਕੁੱਲ 111 ਸ਼ੇਅਰ ਹਨ, ਪਹਿਲੇ 12 ਸ਼ੇਅਰ ਅਕਾਲ ਪੁਰਖ ਦੀ ਉਸਤਤਿ ਦੇ ਮੰਗਲਾਚਰਨ ਰੂਪ ਵਿੱਚ ਉਚਾਰਨ ਕੀਤੇ ਹਨ ਅਤੇ ਬਾਕੀ ਰਹਿੰਦੇ 99 ਸ਼ੇਅਰਾਂ ਵਿੱਚ ਦਾਸਤਾਨ ਬਿਆਨ ਕੀਤੀ ਹੈ।

ਸ੍ਰੀ ਦਸਮ ਗ੍ਰੰਥ ਵਿੱਚ ਜੇ ਜ਼ਫ਼ਰਨਾਮੇ ਦਾ ਹਿਕਾਇਤਾਂ ਨਾਲ ਸੰਬੰਧ ਸਥਾਪਿਤ ਕੀਤਾ ਗਿਆ ਹੈ ਤਾਂ ਇਸ ਦਾ ਕੋਈ ਕਾਰਨ ਜ਼ਰੂਰ ਰਿਹਾ ਹੋਵੇਗਾ। ਕੁਝ ਵਿਦਵਾਨਾਂ ਦਾ ਮੱਤ ਹੈ ਕਿ ਦੋਹਾਂ ਦੀ ਭਾਸ਼ਾਗਤ ਸਾਂਝ ਹੀ ਇਸ ਅੰਤਰ-ਸੰਬੰਧ ਦਾ ਮੂਲ ਕਾਰਨ ਹੈ, ਪਰ ਮੇਰਾ ਮੱਤ ਹੈ ਕਿ ਹਿਕਾਇਤ ਦਾ ਅਰਥ ਕਥਾ ਜਾਂ ਕਹਾਣੀ ਹੈ ਅਤੇ ਜ਼ਫ਼ਰਨਾਮੇ ਵਿੱਚ ਵਰਣਿਤ ਕਥਾ ਦੇ ਆਰੰਭ ਵਿੱਚ ਆਏ ਦਾਸਤਾਨ ਪਦ ਦਾ ਅਰਥ ਵੀ ਕਥਾ/ਕਹਾਣੀ ਹੀ ਹੈ। ਫ਼ਰਕ ਇਤਨਾ ਹੈ ਕਿ ਹਿਕਾਇਤਾਂ ਵਿੱਚ ਆਈਆਂ ਛਲ-ਕਪਟ ਨਾਲ ਸੰਬੰਧਤ ਕਹਾਣੀਆਂ ਨਾਲੋਂ ਜ਼ਫ਼ਰਨਾਮੇ ਵਿੱਚ ਬਿਆਨ ਕੀਤੀ ਛਲ-ਗਾਥਾ ਥੋੜ੍ਹੀ ਭਿੰਨਤਾ ਨਾਲ ਆਈ ਹੈ। ਇਸ ਵਿੱਚ ਵਰਣਿਤ ਕਥਾ, ਔਰੰਗਜ਼ੇਬ ਵੱਲੋਂ ਗੁਰੂ ਜੀ ਨਾਲ ਕੀਤੇ ਛਲ-ਕਪਟ ਅਤੇ ਧੱਕੇ ਦੀ ਹਿਕਾਇਤ ਹੈ।

ਜ਼ਫ਼ਰਨਾਮਾ ਦਾ ਸ਼ਾਬਦਿਕ ਅਰਥ

ਜ਼ਫ਼ਰਨਾਮਾ ਦੋ ਸ਼ਬਦਾਂ 'ਜ਼ਫ਼ਰ'[1] ਅਤੇ 'ਨਾਮਾ'[2] ਦੇ ਸੁਮੇਲ ਤੋਂ ਬਣਿਆ ਹੈ। 'ਜ਼ਫ਼ਰ' ਦਾ ਅਰਥ ਹੈ ਵਿਜੈ, ਜਿੱਤ, ਸਫਲਤਾ ਅਤੇ 'ਨਾਮਾ' ਦਾ ਅਰਥ ਹੈ ਚਿੱਠੀ, ਪੱਤਰ, ਲਿਖਤ ਆਦਿ। ਇਸ ਤਰ੍ਹਾਂ ਅਸੀਂ ਜ਼ਫ਼ਰਨਾਮਾ ਦਾ ਸ਼ਾਬਦਿਕ ਅਰਥ 'ਜਿੱਤ ਦੀ ਚਿੱਠੀ, ਵਿਜੈ ਪੱਤਰ ਅਰਥਾਤ ਉਹ ਲਿਖਤ ਜਿਸ ਵਿੱਚ ਗੁਰੂ ਜੀ ਨੇ ਸ਼ਹਿਨਸ਼ਾਹ ਦੁਆਰਾ ਕੀਤੇ ਛਲ-ਕਪਟ ਅਤੇ ਧੱਕੇ ਵਿਰੁੱਧ ਆਪਣੀ ਸਫਲਤਾ ਦਾ ਬਿਆਨ ਕੀਤਾ ਹੈ।'

ਜ਼ਫ਼ਰਨਾਮਾ ਦਾ ਰਚਨਾਕਾਲ

ਗੁਰੂ ਗੋਬਿੰਦ ਸਿੰਘ ਜੀ 9 ਪੋਹ ਸੰਮਤ 1761 ਬਿ. ਨੂੰ ਚਮਕੌਰ ਦੀ ਗੜ੍ਹੀ ਵਿਚੋਂ ਨਿੱਕਲੇ ਅਤੇ ਮਾਛੀਵਾੜੇ ਹੁੰਦੇ ਹੋਏ ਦੀਨਾ-ਕਾਂਗੜ ਪਹੁੰਚੇ। ਇਥੇ ਲੱਗਭੱਗ ਸੰਮਤ 1762 ਬਿ. ਦੇ ਅਖੀਰ ਵਿੱਚ ਜ਼ਫ਼ਰਨਾਮੇ ਦੀ ਰਚਨਾ ਕੀਤੀ। ਗੁਰੂ ਗੋਬਿੰਦ ਸਿੰਘ ਜੀ ਨੇ ਇਹ ਚਿੱਠੀ ਕਾਂਗੜ ਪਿੰਡ ਤੋਂ ਭਾਈ ਦਯਾ ਸਿੰਘ ਤੇ ਭਾਈ ਧਰਮ ਸਿੰਘ ਦੇ ਹੱਥ ਦੱਖਣ ਵਿੱਚ ਔਰੰਗਜ਼ੇਬ ਨੂੰ ਭੇਜੀ ਸੀ ਅਤੇ ਇਹ ਪੱਤਰ ਸੰਮਤ 1763 ਬਿ. ਨੂੰ ਉਸ ਨੂੰ ਮਿਲਿਆ, ਪਰੰਤੂ ਇਸ ਤੋਂ ਪਹਿਲਾਂ ਕਿ ਗੁਰੂ ਜੀ ਦੀ ਉਸ ਨਾਲ ਕੋਈ ਮੁਲਾਕਾਤ ਸੰਭਵ

---

* ਸੀਨੀਅਰ ਰਿਸਰਚ ਫੈਲੋ, ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

1. *ਫ਼ਾਰਸੀ-ਪੰਜਾਬੀ ਕੋਸ਼*, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ 476.
2. *ਉਹੀ*, ਪੰਨਾ 681.

ਹੁੰਦੀ, ਉਸ ਦਾ ਪਹਿਲਾਂ ਹੀ ਦੇਹਾਂਤ ਹੋ ਗਿਆ।

ਜ਼ਫ਼ਰਨਾਮੇ ਦੀ ਇਤਿਹਾਸਿਕ ਮਹੱਤਤਾ

ਜ਼ਫ਼ਰਨਾਮੇ ਦੀ ਵਿਸ਼ੇਸ਼ਤਾ ਇਹ ਹੈ ਕਿ ਇਹ ਵਾਰਤਕ ਦੀ ਬਜਾਇ ਛੰਦਾ-ਬੰਦੀ ਵਿੱਚ ਰਚਿਤ ਕੀਤਾ ਹੋਇਆ ਹੈ। ਦੂਜਾ, ਬਾਦਸ਼ਾਹ ਜਾਂ ਕਿਸੇ ਉੱਚ-ਅਧਿਕਾਰੀ ਵੱਲ ਲਿਖੇ ਪੱਤਰ, ਉਸਦੀ ਵਿਸ਼ੇਸ਼ਣਮਾਲਾ ਨਾਲ ਸ਼ੁਰੂ ਹੁੰਦੇ ਹਨ, ਜਦਕਿ ਇਹ ਅਕਾਲ ਪੁਰਖ ਦੀ ਸਿਫ਼ਤ-ਸਾਲਾਹ ਨਾਲ ਸ਼ੁਰੂ ਹੁੰਦਾ ਹੈ।

ਜ਼ਫ਼ਰਨਾਮਾ ਇੱਕ ਇਤਿਹਾਸਕ ਮਹੱਤਤਾ ਰੱਖਣ ਵਾਲਾ ਪੱਤਰ ਹੈ। ਇਹ ਪੱਤਰ ਗੁਰੂ ਗੋਬਿੰਦ ਸਿੰਘ ਜੀ ਨੇ ਮਾਲਵੇ ਦੇ ਪਿੰਡ ਦੀਨਾ-ਕਾਂਗੜ ਵਿੱਚ ਲਿਖਿਆ। ਉਸ ਸਮੇਂ ਕਾਂਗੜ ਸਿੱਧੂ-ਬਰਾੜਾਂ ਦੀ ਤਾਕਤ ਦਾ ਗੜ੍ਹ ਸੀ। ਚੌਧਰੀ ਰਾਇ ਜੋਧ (ਜਿਹੜਾ ਕਿ ਗੁਰੂ ਹਰਿਗੋਬਿੰਦ ਸਾਹਿਬ ਦਾ ਸਿੱਖ ਸੀ) ਦੇ ਪੋਤਰੇ ਰਾਇ ਸ਼ਮੀਰ, ਲਖਮੀਰ ਤੇ ਤਖ਼ਤ ਮੱਲ ਸਨ। ਇਨ੍ਹਾਂ ਵਿੱਚੋਂ ਰਾਇ ਸ਼ਮੀਰ ਇਸ ਸਮੇਂ ਕਾਂਗੜ ਦਾ ਚੌਧਰੀ ਸੀ। ਮੁਗਲਾਂ ਨਾਲ ਸਾਕਾਦਾਰੀ ਹੋਣ ਕਰਕੇ ਇਹ ਸਰਕਾਰੀ ਵਿਸ਼ਵਾਸ ਦੇ ਪਾਤਰ ਸਨ ਅਤੇ ਗੁਰੂ-ਘਰ ਨਾਲ ਪ੍ਰੇਮ ਹੋਣ ਕਾਰਨ ਇਹ ਸਤਿਗੁਰਾਂ ਲਈ ਵੀ ਆਦਰ ਸਨਮਾਨ ਰੱਖਦੇ ਸਨ। ਇਸੇ ਕਰਕੇ ਗੁਰੂ ਜੀ ਦੇ ਟਿਕਾਣੇ ਲਈ ਕਾਂਗੜ ਦੀ ਚੋਣ ਕੀਤੀ ਗਈ। ਕਾਂਗੜ ਕਸਬੇ ਦੇ ਨਾਲ ਹੀ ਇੱਕ ਛੋਟਾ ਜਿਹਾ ਕਸਬਾ ਦੀਨਾ ਹੈ, ਜਿਥੇ ਗੁਰੂ ਸਾਹਿਬ ਭਾਈ ਦੇਸੂ ਤਰਖਾਣ (ਦੇਸਾ ਸਿੰਘ) ਦੇ ਚੁਬਾਰੇ ਵਿੱਚ ਤਿੰਨ ਹਫ਼ਤੇ ਠਹਿਰੇ ਸਨ ਤੇ ਇਥੇ ਗੁਪਤਵਾਸ ਰਹਿ ਕੇ ਹੀ ਜ਼ਫ਼ਰਨਾਮਾ ਲਿਖਿਆ ਸੀ।

ਪਿਆਰਾ ਸਿੰਘ ਪਦਮ ਅਨੁਸਾਰ, "ਜ਼ਫ਼ਰਨਾਮਾ ਨਾਮਕ ਪੱਤਰ ਲੈ ਕੇ ਭਾਈ ਦਯਾ ਸਿੰਘ ਤੇ ਭਾਈ ਧਰਮ ਸਿੰਘ ਪਹਿਲਾਂ ਔਰੰਗਾਬਾਦ ਤੇ ਫਿਰ ਅਹਿਮਦਨਗਰ ਗਏ। ਔਰੰਗਾਬਾਦ ਵਿੱਚ ਭਾਈ ਜੇਠਾ ਜੀ ਪਾਸ ਠਹਿਰੇ ਸਨ, ਪਰ ਬਾਦਸ਼ਾਹ ਦੇ ਬਿਮਾਰ ਹੋਣ ਦੇ ਕਾਰਨ ਤੇ ਕਈ ਹੋਰ ਰੁਕਾਵਟਾਂ ਕਰਕੇ ਮਿਲ ਨਹੀਂ ਸਕੇ ਸਨ। ਫਿਰ ਭਾਈ ਧਰਮ ਸਿੰਘ ਵਾਪਸ ਦਮਦਮੇ ਆ ਕੇ ਗੁਰੂ ਜੀ ਨੂੰ ਮਿਲੇ ਤਾਂ ਸਤਿਗੁਰਾਂ ਨੇ ਕੋਈ ਵਿਸ਼ੇਸ਼ ਜੁਗਤਿ ਦੱਸ ਕੇ ਦੁਬਾਰਾ ਤੋਰਿਆ, ਨਾਲ ਭਾਈ ਦੇਸਾ ਸਿੰਘ ਨੂੰ ਭੇਜਿਆ। ਉਪਰੰਤ ਪੰਜ ਸਿੰਘ - ਭਾਈ ਦਯਾ ਸਿੰਘ, ਭਾਈ ਧਰਮ ਸਿੰਘ, ਭਾਈ ਜੇਠਾ ਸਿੰਘ, ਭਾਈ ਦੇਸਾ ਸਿੰਘ ਤੇ ਭਾਈ ਸ਼ਿਵ ਸਿੰਘ - ਜ਼ਫ਼ਰਨਾਮਾ ਦੇਣ ਗਏ, ਜਿਸਨੂੰ ਬਾਦਸ਼ਾਹ ਦੇ ਮੁਨਸ਼ੀ ਨੇ ਵਸੂਲ ਕੀਤਾ। ਬਾਦਸ਼ਾਹ ਨੇ ਇਹ ਕਿਹਾ ਕਿ ਮੈਨੂੰ ਉਨ੍ਹਾਂ ਏਲਚੀਆਂ ਨੂੰ ਮਿਲਾਓ ਜੋ ਇਹ ਖ਼ਤ ਲੈ ਕੇ ਆਏ ਹਨ।"[3]

ਮੈਕਾਲਿਫ ਲਿਖਦਾ ਹੈ ਕਿ ਜ਼ਫ਼ਰਨਾਮਾ ਬਾਦਸ਼ਾਹ ਤੱਕ ਲੈ ਜਾਣ ਵਾਲੇ ਭਾਈ ਦਯਾ ਸਿੰਘ ਤੇ ਧਰਮ ਸਿੰਘ ਨੂੰ ਬਾਦਸ਼ਾਹ ਵੱਲੋਂ ਸੁਰੱਖਿਅਤ ਵਾਪਸੀ ਸੰਬੰਧੀ ਪਰਵਾਨਾ ਦਿੱਤਾ ਗਿਆ ਸੀ ਅਤੇ ਸਰਕਾਰੀ ਵਿਧੀ ਅਨੁਸਾਰ ਸਨਮਾਨ ਦੇ ਕੇ ਵਿਦਾ ਕੀਤਾ ਗਿਆ। ਬਾਦਸ਼ਾਹ ਨੇ ਜ਼ਫ਼ਰਨਾਮੇ ਨੂੰ ਵਾਰ-ਵਾਰ ਪੜ੍ਹਿਆ ਤੇ ਉਸਨੂੰ ਡੂੰਘਾ ਅਹਿਸਾਸ ਹੋਇਆ ਕਿ ਉਸਦੀ ਹਕੂਮਤ ਦੇ ਅਹਿਲਕਾਰਾਂ ਨੇ ਗੁਰੂ ਜੀ ਤੇ ਉਨ੍ਹਾਂ ਦੇ ਪਰਿਵਾਰ ਅਤੇ ਅਨੁਯਾਈਆਂ ਨਾਲ ਬਹੁਤ ਜ਼ਿਆਦਤੀ ਕੀਤੀ ਹੈ। ਗੁਰੂ ਜੀ ਦੇ ਚਾਰ ਬੱਚੇ ਮਾਰ ਮੁਕਾਏ ਅਤੇ ਘਰ-ਘਾਟ ਵੀ ਉਜਾੜ ਦਿੱਤਾ। ਜ਼ਫ਼ਰਨਾਮਾ ਮਿਲਣ ਤੋਂ ਬਾਅਦ ਔਰੰਗਜ਼ੇਬ ਵੱਲੋਂ ਆਪਣੇ ਪੁੱਤਰਾਂ ਕਾਮ ਬਖ਼ਸ਼ ਤੇ ਆਜ਼ਮ ਨੂੰ ਲਿਖੀਆਂ ਚਿੱਠੀਆਂ ਵਿੱਚ ਉਹ ਕਹਿੰਦਾ ਹੈ ਕਿ 'ਮੈਂ ਸੰਸਾਰ ਤੇ ਆਇਆ ਤਾਂ ਖਾਲੀ ਹੱਥ ਸੀ, ਪਰ ਜਾਣ ਵੇਲੇ ਸਿਰ ਤੇ ਪਾਪਾਂ ਦੀ ਪੰਡ ਲੈ ਕੇ ਜਾ ਰਿਹਾ ਹਾਂ।' ਜ਼ਫ਼ਰਨਾਮੇ ਨੇ ਉਸਦੀ ਅਪਰਾਧੀ ਜ਼ਮੀਰ ਟੁੰਬ ਕੇ ਰੱਖ ਦਿੱਤੀ ਸੀ, ਉਹ ਇਸ ਗੱਲ ਲਈ ਉਤਾਵਲਾ ਸੀ ਕਿ ਉਹ ਗੁਰੂ ਜੀ ਨੂੰ ਮਿਲ ਕੇ ਆਪਣੇ ਕੀਤੇ ਲਈ ਪਸ਼ਚਾਤਾਪ ਕਰੇ ਅਤੇ ਸੁਲ੍ਹਾ-ਸਫ਼ਾਈ ਦੀ ਗੱਲ ਕੀਤੀ ਜਾਵੇ।[4]

---

3. ਪਿਆਰਾ ਸਿੰਘ ਪਦਮ, *ਜ਼ਫ਼ਰਨਾਮਾ*, ਪੰਨਾ 22.
4. ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦*, ਪੰਨਾ 224.

ਉਸ ਨੇ ਤਤਕਾਲ ਫ਼ਰਮਾਨ ਜਾਰੀ ਕਰ ਦਿੱਤਾ ਕਿ ਨਾਨਕ-ਪ੍ਰਸਤਾਂ ਦੇ ਆਗੂ ਗੁਰੂ ਗੋਬਿੰਦ ਸਿੰਘ ਨੂੰ ਸਰਕਾਰੀ ਪ੍ਰਬੰਧ ਹੇਠ ਪੂਰੇ ਆਦਰ ਭਾਵ ਅਤੇ ਸੁਰੱਖਿਆ ਨਾਲ ਉਸ ਪਾਸ ਪਹੁੰਚਾਉਣ ਦਾ ਬੰਦੋਬਸਤ ਕੀਤਾ ਜਾਵੇ।

ਦੱਖਣ ਵੱਲ ਚਾਲੇ

ਤਲਵੰਡੀ ਸਾਬੋ ਵਿਖੇ ਗੁਰੂ ਜੀ ਪੱਤਰ ਦੇ ਉੱਤਰ ਦੀ ਉਡੀਕ ਵਿੱਚ ਸਨ। ਗੁਰੂ ਜੀ ਨੇ ਸੱਦਾ ਮਿਲਦੇ ਹੀ ਦੱਖਣ ਵੱਲ ਚਾਲੇ ਪਾ ਦਿੱਤੇ। ਜਦੋਂ ਗੁਰੂ ਜੀ ਬਘੌਰ ਪਹੁੰਚੇ ਤਾਂ ਉਥੇ ਖ਼ਬਰ ਮਿਲੀ ਕਿ ਬਾਦਸ਼ਾਹ ਦਾ ਦੇਹਾਂਤ ਹੋ ਗਿਆ ਹੈ। ਸ਼ਹਿਜ਼ਾਦਾ ਮੁਅੱਜ਼ਮ ਸ਼ਾਹ ਦੇ ਬੇਨਤੀ ਕਰਨ 'ਤੇ ਗੁਰੂ ਜੀ ਨੇ ਗੱਦੀ ਪ੍ਰਾਪਤ ਕਰਨ ਵਿੱਚ ਉਸਦੀ ਮਦਦ ਕੀਤੀ ਅਤੇ ਉਹ ਸ਼ਹਿਜ਼ਾਦਾ ਬਹਾਦਰ ਸ਼ਾਹ ਨਾਮ ਰੱਖ ਕੇ ਦਿੱਲੀ ਦੇ ਤਖ਼ਤ ਉੱਤੇ ਬੈਠਾ। ਇਥੋਂ ਫਿਰ ਗੁਰੂ ਜੀ ਨੇ ਦੱਖਣ ਵੱਲ ਚਾਲੇ ਪਾ ਦਿੱਤੇ। ਇਸ ਤਰ੍ਹਾਂ ਔਰੰਗਜ਼ੇਬ ਆਪਣੇ ਜੀਵਨ ਦੇ ਅੰਤਿਮ ਕਾਲ ਵਿੱਚ ਗੁਰੂ ਜੀ ਨੂੰ ਮਿਲ ਨਹੀਂ ਸਕਿਆ ਅਤੇ ਪਛਤਾਵੇ ਵਿੱਚ ਹੀ ਡੁੱਬਿਆ 21 ਫਰਵਰੀ, 1707 ਈ. ਨੂੰ ਇਸ ਜਹਾਨ ਤੋਂ ਚਲਾਣਾ ਕਰ ਗਿਆ।

ਜ਼ਫ਼ਰਨਾਮੇ ਦਾ ਸਾਰ

ਜ਼ਫ਼ਰਨਾਮੇ ਦੇ ਪਹਿਲੇ 12 ਸ਼ੇਅਰਾਂ ਵਿੱਚ ਪਰਮਾਤਮਾ ਦੀ ਉਸਤਤਿ ਕੀਤੀ ਗਈ ਹੈ।

ਉਹ ਅਕਾਲ ਪੁਰਖ ਸਰਬ-ਸ਼ਕਤੀਮਾਨ, ਅਟਲ, ਅਡੋਲ, ਆਨੰਦਦਾਤਾ, ਅੰਨਦਾਤਾ ਅਤੇ ਬੰਦੀਛੋੜ ਕ੍ਰਿਪਾਲੂ ਹੈ। ਉਹ ਸ਼ਰਣਪਾਲਕ, ਬਖ਼ਸ਼ਣਵਾਲਾ ਅਤੇ ਬਾਂਹ ਫੜਨ ਵਾਲਾ, ਭੁੱਲਾਂ ਮੁਆਫ਼ ਕਰਨ ਵਾਲਾ, ਰਿਜ਼ਕ ਦੇਣ ਵਾਲਾ, ਦਿਲ ਨੂੰ ਮੋਹਣ ਵਾਲਾ ਹੈ। ਉਹ ਰਾਜਿਆਂ ਦਾ ਮਹਾਰਾਜਾ, ਗੁਣਦਾਤਾ ਆਗੂ ਹੈ ਅਤੇ ਰੰਗ-ਰੂਪ ਤੋਂ ਰਹਿਤ ਬੇਮਿਸਾਲ ਹੈ। ਜਿਸ ਕੋਲ ਕੋਈ ਸਾਜੋ-ਸਮਾਨ, ਘੋੜੇ, ਫ਼ੌਜ ਆਦਿ ਨਾ ਹੋਵੇ, ਉਹ ਉਸਨੂੰ ਵੀ ਸਵਰਗੀ ਆਨੰਦ ਬਖ਼ਸ਼ਣ ਵਾਲਾ ਹੈ। ਸੰਸਾਰ ਤੋਂ ਨਿਰਲੇਪ, ਸਾਖਿਆਤ ਰੂਪ ਸਮਰੱਥਾ ਵਾਲਾ ਹੈ। ਉਹ ਵਡਿਆਈਆਂ ਬਖ਼ਸ਼ਣ ਵਾਲਾ ਤੇ ਹਰ ਥਾਂ ਮੌਜੂਦ ਹੈ। ਉਹ ਪਰਮਾਤਮਾ ਦਾਤਾਂ ਦੇਣ ਵਾਲਾ, ਪਵਿੱਤਰ, ਪਾਲਣਹਾਰ ਹੈ। ਉਹ ਦਿਆਲੂ, ਕ੍ਰਿਪਾਲੂ ਹਰ ਥਾਂ ਰੋਜ਼ੀ ਪਹੁੰਚਾਉਣ ਵਾਲਾ ਹੈ। ਉਹ ਪਰਮਾਤਮਾ ਸਭ ਮੁਲਕਾਂ ਦਾ ਮਾਲਿਕ ਅਤੇ ਵੱਡਿਆਂ ਤੋਂ ਵੀ ਵੱਡਾ ਹੈ। ਉਹ ਸਭ ਤੋਂ ਵੱਧ ਬੁੱਧੀਮਾਨ ਹੈ, ਨਿਮਾਣਿਆਂ-ਨਿਤਾਣਿਆਂ ਨੂੰ ਨਿਵਾਜਣ ਵਾਲਾ ਹੈ। ਉਹ ਅਨਾਥਾਂ-ਗ਼ਰੀਬਾਂ ਦਾ ਪਾਲਣਹਾਰਾ ਅਤੇ ਦੁਸ਼ਮਣਾਂ-ਦੋਖੀਆਂ ਦਾ ਨਾਸ਼ ਕਰਨ ਵਾਲਾ ਹੈ। ਉਹ ਧਰਮ-ਪਾਲਕ, ਸੱਚ ਨੂੰ ਪਛਾਣਨ ਵਾਲਾ ਅਤੇ ਸਭ ਧਰਮ-ਗ੍ਰੰਥਾਂ ਦਾ ਪ੍ਰਕਾਸ਼ਕ ਸੋਮਾ ਹੈ। ਉਹ ਗਿਆਨ ਦੀ ਤਲਾਸ਼ ਕਰਨ ਵਾਲਾ, ਭਾਵ ਕਦਰ ਕਰਨ ਵਾਲਾ ਅਤੇ ਅਕਲ ਦਾ ਮਾਲਿਕ, ਸੰਸਾਰ ਦੇ ਸਭ ਇਲਮਾਂ ਦਾ ਜਾਣੂੰ ਅਤੇ ਹਰ ਪ੍ਰਕਾਰ ਦੀਆਂ ਔਕੜਾਂ ਦੂਰ ਕਰਨ ਵਾਲਾ ਹੈ। ਉਹ ਮਹਾਨ ਹਸਤੀ ਇਸ ਵੱਡੇ ਸੰਸਾਰ ਦੇ ਕਾਰੋਬਾਰ ਨੂੰ ਚਲਾਉਣ ਵਾਲੀ ਹੈ, ਉਸ ਸ਼ਿਰੋਮਣੀ ਮਾਲਿਕ ਨੂੰ ਸਾਰੇ ਸੰਸਾਰ ਦੀ ਸੋਝੀ ਹੈ। (12)

1. ਔਰੰਗਜ਼ੇਬ ਦਾ ਕਸਮ ਤੋਂ ਮੁੱਕਰਨਾ

ਗੁਰੂ ਜੀ ਔਰੰਗਜ਼ੇਬ ਨੂੰ ਸੰਬੋਧਨ ਕਰਦੇ ਲਿਖਦੇ ਹਨ ਕਿ ਮੈਨੂੰ ਤੇਰੀ ਕਸਮ ਉੱਤੇ ਯਕੀਨ ਨਹੀਂ ਸੀ, ਇਸ ਦਾ ਗਵਾਹ ਪਰਮਾਤਮਾ ਹੈ। ਮੈਨੂੰ ਤੇਰੇ ਉੱਤੇ ਕੋਈ ਭਰੋਸਾ ਨਹੀਂ, ਕਿਉਂਕਿ ਤੇਰੇ ਸਾਰੇ ਬਖ਼ਸ਼ੀ ਅਤੇ ਦੀਵਾਨ ਝੂਠ ਬੋਲਣ ਵਾਲੇ ਹਨ। ਜਿਹੜਾ ਕੋਈ ਆਦਮੀ ਤੇਰੀ *ਕੁਰਾਨ* ਦੀ ਕਸਮ ਉੱਤੇ ਇਤਬਾਰ ਕਰ ਲਵੇ, ਉਹ ਅੰਤ ਨੂੰ ਖ਼ੁਆਰ ਹੁੰਦਾ ਹੈ।

ਕਸੇ ਕਉਲਿ ਕੁਰਆਂ ਕੁਨਦ ਏਤਬਾਰ।
ਹਮਾ ਰੋਜ਼ਿ ਆਖ਼ਿਰ ਸ਼ਵਦ ਮਰਦ ਖ਼੍ਵਾਰ॥15॥

ਜਿਵੇਂ ਕੋਈ ਸ਼ੇਰ ਦੀ ਸ਼ਰਨ ਲੈ ਲਵੇ ਤਾਂ ਬੱਕਰੀ, ਭੇਡ ਅਤੇ ਹਿਰਨ ਆਦਿ ਉਸ ਦਾ ਕੁਝ ਨਹੀਂ

ਵਿਗਾੜ ਸਕਦੇ, ਇਸੇ ਤਰ੍ਹਾਂ ਅਕਾਲ ਪੁਰਖ ਦੀ ਕ੍ਰਿਪਾ ਨਾਲ ਤੇਰੇ ਭੇਜੇ ਹੋਏ ਫ਼ੌਜੀ ਜਰਨੈਲ ਮੇਰੇ ਸਾਹਮਣੇ ਅੜ ਨਹੀਂ ਸਕੇ।

2. ਯੁੱਧ ਦੀ ਮਜ਼ਬੂਰੀ

ਸਿੱਖ ਗੁਰੂ ਸਾਹਿਬਾਨ ਦਾ ਰਾਜਸੀ ਪ੍ਰਾਪਤੀਆਂ ਪ੍ਰਯੋਜਨ ਨਹੀਂ ਸੀ, ਫਿਰ ਵੀ ਸਮੇਂ ਦੀ ਹਕੂਮਤ ਨੇ ਸਿੱਖਾਂ ਨਾਲ ਬਹੁਤ ਵਧੀਕੀਆਂ ਕੀਤੀਆਂ। ਪਹਿਲਾਂ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕੀਤਾ ਗਿਆ, ਮਗਰੋਂ ਅਮਨ-ਪੂਰਵਕ ਧਰਮ ਪ੍ਰਚਾਰ ਕਰ ਰਹੇ ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੂੰ ਸ਼ਹੀਦ ਕਰ ਦਿੱਤਾ ਗਿਆ। ਉਨ੍ਹਾਂ ਦੀ ਸ਼ਹਾਦਤ ਤੋਂ ਬਾਅਦ ਵੀ ਪਹਾੜੀ ਰਾਜਿਆਂ ਦੀ ਸਹਾਇਤਾ ਨਾਲ ਸਿੱਖਾਂ ਉੱਤੇ ਵਾਰ-ਵਾਰ ਮਾਰੂ ਹਮਲੇ ਕੀਤੇ ਗਏ। ਇਸ ਕਰਕੇ ਗੁਰੂ ਗੋਬਿੰਦ ਸਿੰਘ ਜੀ ਦੀ ਅਗਵਾਈ ਵਿੱਚ ਸਿੱਖਾਂ ਨੂੰ ਮਜ਼ਬੂਰਨ ਸ਼ਸਤਰ ਉਠਾਉਣੇ ਪਏ ਸਨ। ਜਦੋਂ ਗੁਰੂ ਜੀ ਆਪਣੇ ਪਰਿਵਾਰ ਅਤੇ ਸਿੱਖਾਂ ਸਮੇਤ ਆਨੰਦਪੁਰ ਦੇ ਕਿਲ੍ਹੇ ਵਿੱਚੋਂ ਨਿੱਕਲੇ, ਪਿੱਛੋਂ ਮੁਗ਼ਲ ਫ਼ੌਜ ਨੇ ਹਮਲਾ ਕਰ ਦਿੱਤਾ, ਜਿਸ ਕਾਰਨ ਗੁਰੂ ਜੀ ਦਾ ਸਾਰਾ ਪਰਿਵਾਰ ਵਿੱਛੜ ਗਿਆ। ਗੁਰੂ ਜੀ ਚਾਲੀ ਸਿੰਘਾਂ ਅਤੇ ਦੋ ਸਾਹਿਬਜ਼ਾਦਿਆਂ ਸਮੇਤ ਚਮਕੌਰ ਦੀ ਕੱਚੀ ਗੜ੍ਹੀ ਵਿੱਚ ਆ ਠਹਿਰੇ, ਇਥੇ ਵੀ ਮੁਗ਼ਲ ਫ਼ੌਜ ਉਨ੍ਹਾਂ ਦਾ ਪਿੱਛਾ ਕਰਦੀ ਆ ਪਹੁੰਚੀ।

ਤੇਰੇ ਵਾਅਦਾ ਤੋੜਨ ਵਾਲੇ ਸਿਪਾਹੀ ਝੱਟ ਪੱਟ ਆਏ ਅਤੇ ਉਨ੍ਹਾਂ ਤੇਗ਼ਾਂ, ਤੀਰ ਅਤੇ ਬੰਦੂਕਾਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ :

ਕਿ ਪੈਮਾ ਸ਼ਿਕਨ ਬੇਦਰੰਗ ਅਮਾਦੰਦ।
ਮਿਯਾਂ ਤੇਗ਼ ਤੀਰੋ ਤੁਫ਼ੰਗ ਆਮਦੰਦ॥ 20॥

ਫਿਰ ਜਦੋਂ ਗੱਲ ਸਾਰਿਆਂ ਹੀਲਿਆਂ ਵਸੀਲਿਆਂ ਤੋਂ ਅੱਗੇ ਲੰਘ ਗਈ ਫਿਰ ਕਿਰਪਾਨ ਦੀ ਮੁੱਠ 'ਤੇ ਹੱਥ ਰੱਖਣਾ ਜਾਇਜ਼ ਹੋ ਗਿਆ। ਅਰਥਾਤ ਯੁੱਧ ਕਰਨਾ ਮਜ਼ਬੂਰੀ ਹੋ ਗਿਆ ਅਤੇ ਜ਼ਰੂਰੀ ਵੀ :

ਚੁ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ।
ਹਲਾਲ ਅਸਤੁ ਬੁਰਦਨ ਬ ਸ਼ਮਸ਼ੀਰ ਦਸਤ॥ 22॥

3. ਮੁਗ਼ਲ ਜਰਨੈਲਾਂ ਦੀ ਕਾਇਰਤਾ

ਗੁਰੂ ਜੀ ਲਿਖਦੇ ਹਨ ਕਿ ਚਮਕੌਰ ਦੀ ਗੜ੍ਹੀ ਉੱਪਰ ਜਿਸ ਕਿਸੇ ਵੀ ਮੁਗ਼ਲ ਜਰਨੈਲ ਨੇ ਚੜ੍ਹਨ ਦੀ ਕੋਸ਼ਿਸ਼ ਕੀਤੀ, ਉਨ੍ਹਾਂ ਹੱਥੋਂ ਮਾਰਿਆ ਗਿਆ। ਨਾਹਰ ਖਾਂ ਨੇ ਜੰਗ ਦੇ ਮੈਦਾਨ ਵਿੱਚ ਸਾਹਮਣੇ ਆਉਣ ਦੀ ਕੋਸ਼ਿਸ਼ ਕੀਤੀ। ਉਸ ਨੂੰ ਫ਼ੌਰਨ ਆਪਣੇ ਤੀਰ ਦਾ ਸੁਆਦ ਚਖਾਇਆ। ਭਾਵ ਮੇਰੇ ਹੱਥੋਂ ਮਾਰਿਆ ਗਿਆ। ਖ਼੍ਵਾਜਾ ਮਰਦੂਦ ਡਰ ਕੇ ਗੜ੍ਹੀ ਦੀ ਦੀਵਾਰ ਦੀ ਓਟ ਵਿੱਚ ਹੀ ਰਿਹਾ, ਬਹਾਦਰਾਂ ਵਾਂਗ ਮੈਦਾਨ ਵਿੱਚ ਨਾ ਨਿੱਤਰਿਆ ਅਤੇ ਨਾ ਹੀ ਮਰਦਾਨਗੀ ਨਾਲ ਵਾਰ ਕੀਤਾ। ਅਫ਼ਸੋਸ, ਜੇ ਮੈਂ ਉਸ ਕਾਇਰ ਦਾ ਮੂੰਹ ਵੇਖ ਲੈਂਦਾ, ਤਾਂ ਮਜ਼ਬੂਰ ਹੋ ਕੇ ਇੱਕ ਤੀਰ ਉਸ ਨੂੰ ਵੀ ਬਖ਼ਸ਼ ਦਿੰਦਾ (ਅਰਥਾਤ ਮਾਰ ਦਿੰਦਾ) :

ਕਿ ਆਂ ਖ਼੍ਵਾਜਹ ਮਰਦੂਦ ਸਾਯਹ ਦੀਵਾਰ।
ਨਯਾਮਦ ਬ ਮੈਦਾਂ ਬ ਮਰਦਾਨਹ ਵਾਰ॥ 34॥
ਦਰੇਗਾ ਅਗਰ ਰੂਇ ਓ ਦੀਦਮੇ।
ਬ ਯਕ ਤੀਰ ਲਾਚਾਰ ਬਖ਼ਸ਼ੀਦਮੇ॥ 35॥

ਆਖਰਕਾਰ ਕਿਤਨੇ ਹੀ ਪਠਾਣ, ਜਿਹੜੇ ਆਪਣੀ ਬਹਾਦਰੀ ਦੇ ਦਮਗ਼ਜੇ ਮਾਰਦੇ ਸਨ, ਉਹ ਰਣਭੂਮੀ ਵਿੱਚੋਂ ਬਾਹਰ ਭੱਜ ਨਿੱਕਲੇ :

ਹਮਾਖ਼ਿਰ ਗੁਰੇਜ਼ਦ ਬਜਾਏ ਮਸਾਫ਼।
ਬਸੇ ਖ਼ਾਨਹ ਖ਼ੁਰਦੰਦ ਬੇਰੂੰ ਗੁਜ਼ਾਫ਼॥ 30॥

4. ਮੈਦਾਨ-ਏ-ਜੰਗ ਦਾ ਦ੍ਰਿਸ਼

ਗੁਰੂ ਜੀ ਲਿਖਦੇ ਹਨ ਕਿ ਤੀਰਾਂ ਅਤੇ ਗੋਲੀਆਂ ਦੀ ਇਤਨੀ ਬੁਛਾੜ ਹੋਈ ਕਿ ਧਰਤੀ ਪੋਸਤ ਦੇ ਫੁੱਲ ਵਾਂਗ ਲਾਲ ਹੋ ਗਈ। ਯੁੱਧ ਦੇ ਮੈਦਾਨ ਵਿੱਚ ਸਿਰਾਂ ਅਤੇ ਪੈਰਾਂ ਦੇ ਇਉਂ ਅੰਬਾਰ ਲੱਗ ਗਏ ਜਿਵੇਂ ਖੇਡ ਦਾ ਮੈਦਾਨ ਖਿੱਦੋ ਖੂੰਡੀਆਂ ਨਾਲ ਭਰਿਆ ਹੋਵੇ। ਮਾਰੂ ਬਰਛਿਆਂ ਨੇ ਇਸ ਤਰ੍ਹਾਂ ਗੜਬੜ ਮਚਾ ਦਿੱਤੀ ਕਿ ਵੱਡੇ-ਵੱਡੇ ਸੂਰਮਿਆਂ ਦੇ ਵੀ ਹੋਸ਼ ਗੁੰਮ ਹੋ ਗਏ।

5. ਸ਼ਾਸ਼ਕ ਦੇ ਕਰਤੱਵ

ਗੁਰੂ ਜੀ ਲਿਖਦੇ ਹਨ ਕਿ ਇੱਕ ਸ਼ਾਸ਼ਕ ਧਰਮ-ਈਮਾਨ ਉੱਤੇ ਕਾਇਮ ਰਹਿਣਾ ਚਾਹੀਦਾ ਹੈ, ਆਪਣੇ ਕੀਤੇ ਕੌਲ ਕਰਾਰਾਂ ਦੀ ਪਾਲਣਾ ਕਰਨ ਵਾਲਾ ਹੋਣਾ ਚਾਹੀਦਾ ਹੈ, ਉਸ ਨੂੰ ਗ਼ਰੀਬਾਂ ਦਾ ਤਲਵਾਰ ਦੇ ਜ਼ੋਰ ਨਾਲ ਲਹੂ ਨਹੀਂ ਵਹਾਉਣਾ ਚਾਹੀਦਾ।

6. ਔਰੰਗਜ਼ੇਬ ਦਾ ਕਿਰਦਾਰ

ਔਰੰਗਜ਼ੇਬ ਦੇ ਛਲ-ਕਪਟ ਕਾਰਨ ਗੁਰੂ ਜੀ ਦਾ ਸਾਰਾ ਪਰਿਵਾਰ ਉਨ੍ਹਾਂ ਤੋਂ ਵਿੱਛੜ ਗਿਆ ਅਤੇ ਏਨੀ ਭਿਆਨਕ ਜੰਗ ਵਿੱਚ ਅਣਗਿਣਤ ਲੋਕਾਂ ਨੂੰ ਆਪਣੀ ਜਾਨ ਗੁਆਉਣੀ ਪਈ। ਗੁਰੂ ਜੀ ਸੰਬੋਧਨ ਕਰਦੇ ਹੋਏ ਔਰੰਗਜ਼ੇਬ ਨੂੰ ਕਹਿੰਦੇ ਹਨ ਕਿ ਤੂੰ ਸਿਰਫ਼ ਜ਼ੁਬਾਨੀ ਹੀ ਕਹਿੰਦਾ ਹੈਂ ਕਿ ਮੈਂ ਦੀਨਦਾਰ ਹਾਂ, ਮੇਰਾ ਮੁਹੰਮਦ ਵਿੱਚ ਵਿਸ਼ਵਾਸ ਹੈ ਅਤੇ ਖ਼ੁਦਾ ਉੱਤੇ ਭਰੋਸਾ ਹੈ, ਪਰ ਤੂੰ ਝੂਠਾ, ਫ਼ਰੇਬੀ ਹੈਂ, ਅਸਲ ਵਿੱਚ ਤੇਰਾ ਦੀਨ *ਕੁਰਾਨ*, ਖ਼ੁਦਾ ਉੱਤੇ ਵੀ ਕੋਈ ਭਰੋਸਾ ਨਹੀਂ ਕਿਉਂਕਿ ਤੂੰ *ਕੁਰਾਨ* ਦੀਆਂ ਕਸਮਾਂ ਖਾ ਕੇ ਆਪਣੇ ਬਚਨ ਤੋਂ ਮੁੱਕਰ ਗਿਆ ਹੈਂ। ਭਾਵੇਂ ਤੂੰ ਦੁਨੀਆਂ ਦਾ ਬਾਦਸ਼ਾਹ ਹੈਂ ਪਰ ਤੂੰ ਧਰਮ ਤੋਂ ਦੂਰ ਹੈਂ। ਤੂੰ ਨਿਰਦਈ ਹੋ ਕੇ ਕਿਸੇ ਦਾ ਖ਼ੂਨ ਕਰਨ ਲਈ ਤਲਵਾਰ ਨਾ ਚਲਾ, ਅਸਮਾਨੀ ਸੱਤਾ ਤੇਰਾ ਵੀ ਲਹੂ ਤਲਵਾਰ ਨਾਲ ਡੋਲ੍ਹੇਗੀ। ਤੂੰ ਬੇਪ੍ਰਵਾਹ ਨਾ ਹੋ ਅਤੇ ਨਾ ਹੀ ਰੱਬੀ ਬੰਦਿਆਂ ਨੂੰ ਪ੍ਰੇਸ਼ਾਨ ਕਰ :

ਤੁ ਗਾਫ਼ਲ ਮਸ਼ੌ ਮਰਦਿ ਯਜ਼ਦਾਂ ਹਿਰਾਸ।
ਕਿ ਓ ਬੇਨਯਾਜ਼ਸਤੁ ਓ ਬੇਸਪਾਸ॥ 70॥

7. ਗੁਰੂ ਗੋਬਿੰਦ ਸਿੰਘ ਜੀ ਦਾ ਨਿਰਭੈ ਵਿਅਕਤਿਤਵ

ਜ਼ਫ਼ਰਨਾਮੇ ਵਿੱਚ ਗੁਰੂ ਜੀ ਉਸ ਸਮੇਂ ਦੇ ਜ਼ਾਬਰ ਮੁਗ਼ਲ ਹਾਕਮ ਨੂੰ ਬਹੁਤ ਦਲੇਰੀ ਨਾਲ ਫਿਟਕਾਰਾਂ ਪਾਉਂਦੇ ਹਨ ਕਿ ਤੂੰ ਵੱਡਾ ਬਹਾਦਰ ਅਤੇ ਧਰਮੀ ਅਖਵਾਉਂਦਾ ਹੈਂ, ਪਰ ਤੂੰ *ਕੁਰਾਨ*, ਖ਼ੁਦਾ ਅਤੇ ਮੁਹੰਮਦ ਦੀਆਂ ਕਸਮਾਂ ਖਾ ਕੇ ਮੁੱਕਰ ਗਿਆ ਹੈਂ। ਕੀ ਹੋਇਆ ਜੇ ਤੂੰ ਮੇਰੇ ਚਾਰ ਬੱਚੇ ਸ਼ਹੀਦ ਕਰ ਦਿੱਤੇ ਹਨ ਪਰ ਕੁੰਡਲੀਆ ਨਾਗ (ਖ਼ਾਲਸਾ) ਬਾਕੀ ਹੈ :

ਚਿਹਾ ਸ਼ੁਦ ਕਿ ਚੂੰ ਬੱਚਗਾਂ ਕੁਸ਼ਤਹ ਚਾਰ।
ਕਿ ਬਾਕੀ ਬਮਾਂਦਸਤੁ ਪੇਚੀਦਹ ਮਾਰ॥ 78॥

ਇਸ ਵਿੱਚ ਕੀ ਬਹਾਦਰੀ ਹੈ ਕਿ ਤੂੰ ਭੁੱਖਣ-ਭਾਣੇ ਚਾਲੀ ਆਦਮੀਆਂ ਨੂੰ ਮਾਰਨ ਲਈ ਦਸ ਲੱਖ ਦੀ ਫ਼ੌਜ ਚੜ੍ਹਾ ਕੇ ਭੇਜ ਦਿੱਤੀ ਹੈ :

ਗੁਰਸਨਹ ਚਿ ਕਾਰੇ ਕੁਨਦ ਚਿਹਲ ਨਰ।
ਕਿ ਦਹ ਲਖ ਬਰਾਯਦ ਬਰੋ ਬੇਖ਼ਬਰ॥ 19॥

ਜ਼ਫ਼ਰਨਾਮਾ ਗੁਰੂ ਗੋਬਿੰਦ ਸਿੰਘ ਜੀ ਦੀ ਇੱਕ ਅਜਿਹੀ ਅਦੁੱਤੀ ਰਚਨਾ ਹੈ, ਜਿਸ ਵਿੱਚ ਦੁਸ਼ਮਣ ਨਾਲ ਸੰਬਾਦ ਰਚਾਉਣ ਦੀ ਬਿਲਕੁੱਲ ਨਵੀਂ ਵਿਧੀ ਅਪਣਾਈ ਮਿਲਦੀ ਹੈ। ਗੁਰੂ ਜੀ ਨੇ ਆਪਣੇ ਵਿਰੋਧੀ ਨੂੰ ਨਫ਼ਰਤ ਦੀ ਬਜਾਇ ਸਹਿਜਤਾ ਪੂਰਵਕ ਉਸ ਦੀ ਅਸਲੀਅਤ ਤੋਂ ਜਾਣੂੰ ਕਰਵਾਇਆ ਹੈ। ਇਸ ਪੱਤਰ ਦਾ ਔਰੰਗਜ਼ੇਬ 'ਤੇ ਇੰਨਾਂ ਅਸਰ ਹੋਇਆ ਕਿ ਉਸ ਨੇ ਆਪਣੇ ਪੁੱਤਰਾਂ ਦੇ ਨਾਂ ਲਿਖੇ ਪੱਤਰਾਂ ਵਿੱਚ ਆਪਣੇ ਕੀਤੇ ਪਾਪਾਂ ਦਾ ਘੋਰ ਪਸ਼ਚਾਤਾਪ ਕੀਤਾ ਅਤੇ ਪਛਤਾਵੇ ਦੇ ਨਾਲ ਇਸ ਜਹਾਨ ਤੋਂ ਕੂਚ ਕਰ ਗਿਆ।

ਚਤੁਰਜੁਗੀ ਗ੍ਰੰਥ : ਸਿੱਖ ਇਤਿਹਾਸ ਦਾ ਅਗਿਆਤ ਸੋਮਾ

*ਕੁਲਵਿੰਦਰ ਸਿੰਘ**

ਸਿੱਖ ਸਾਹਿਤ ਦਾ ਸਾਹਿਤਕ ਘੇਰਾ ਬਹੁਤ ਵਿਸ਼ਾਲ ਰਿਹਾ ਹੈ, ਪਰ ਪੰਜਾਬ ਦੇ ਅਸਥਿਰ ਹਾਲਾਤ ਕਰਕੇ ਅਨੇਕਾਂ-ਹੱਥ-ਲਿਖਿਤ ਗ੍ਰੰਥ ਅਜਿਹੇ ਹਨ, ਜੋ ਜਾਂ ਤਾਂ ਨਸ਼ਟ ਹੋ ਗਏ ਹਨ ਜਾਂ ਅਜੇ ਤੱਕ ਛਾਪੇਖਾਨੇ ਦਾ ਮੂੰਹ ਨਹੀਂ ਵੇਖ ਸਕੇ। ਇਨ੍ਹਾਂ ਗ੍ਰੰਥਾਂ ਦਾ ਸੰਪਾਦਨ ਅਤੇ ਅਧਿਐਨ ਨਾ ਹੋਣ ਕਰਕੇ ਅਕਾਦਮਿਕ ਜਗਤ 'ਪਿਉ ਦਾਦੇ' ਦੇ ਇਸ ਅਨਮੋਲ ਖ਼ਜ਼ਾਨੇ ਤੋਂ ਪੂਰਾ ਲਾਭ ਪ੍ਰਾਪਤ ਨਹੀਂ ਕਰ ਸਕਿਆ। ਇਹ ਗ੍ਰੰਥ ਹੱਥ-ਲਿਖਿਤ ਰੂਪ ਵਿਚ ਹੀ ਗਿਆਤ ਜਾਂ ਅਗਿਆਤ ਸਥਾਨਾਂ ਉਪਰ ਕਾਗਜ਼ ਦੀ ਮੁਨਿਆਦ ਖ਼ਤਮ ਹੋਣ ਕਰਕੇ ਜਾਂ ਹੋਰ ਅਚੇਤਨ ਲੋਕਾਂ ਦੀਆਂ ਅਸਾਵਧਾਨੀਆਂ ਕਰਕੇ ਦਿਨ ਪ੍ਰਤੀ ਦਿਨ ਅਲੋਪ ਹੋ ਰਹੇ ਹਨ। *ਚਤੁਰਜੁਗੀ ਗ੍ਰੰਥ,* ਕ੍ਰਿਤ ਭਾਈ ਟੇਕ ਸਿੰਘ ਵੀ ਏਸੇ ਸ਼੍ਰੇਣੀ ਦੇ ਦੁਰਲਭ ਗ੍ਰੰਥਾਂ ਵਿੱਚੋਂ ਇੱਕ ਹੈ। 1933 ਈ. ਵਿਚ ਭਾਈ ਵੀਰ ਸਿੰਘ ਜੀ ਨੇ ਇਸ ਗ੍ਰੰਥ ਦੀ ਜਾਣਕਾਰੀ *ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ* ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਅਕਾਲ ਚਲਾਣੇ ਬਾਰੇ ਲਿਖੀ ਆਪਣੀ ਖੋਜ ਵਿਚ ਦਿੱਤੀ ਸੀ। ਜਿਸ ਵਿਚ ਉਹ ਕਹਿੰਦੇ ਹਨ, "....ਤਾਂ ਸਾਡੀ ਨਜ਼ਰ ਇੱਕ ਲਿਖਤੀ ਪੋਥੀ ਤੇ ਪਈ ਜਿਸ ਦਾ ਨਾਉਂ 'ਚਤਰਜੁਗੀ' ਹੈ, ਇਸ ਵਿਚੋ ਹੋਰ ਹਾਲ ਤਾਂ ਦੂਸਰਿਆਂ ਨਾਲ ਮਿਲਦੇ-ਜੁਲਦੇ ਹੀ ਦਿੱਤੇ ਹਨ, ਪਰ ਵਿਸਾਹਘਾਤੀ ਵਾਰ ਕਰਨ ਵਾਲੇ ਪਠਾਣ ਨੂੰ 'ਸਰੁੰਦੀ ਪਠਾਣ' ਲਿਖਿਆ ਹੈ।"[1] ਵਰਤਮਾਨ ਸਮੇਂ ਇਸਦੀ ਇਕੋ ਇੱਕ ਹੱਥ-ਲਿਖਿਤ ਕਾਪੀ ਡਾ. ਬਲਬੀਰ ਸਿੰਘ ਸਾਹਿਤ ਕੇਂਦਰ ਦੀ ਲਾਇਬ੍ਰੇਰੀ ਵਿਚ (ਖਰੜਾ ਨੰ. 233) ਸੁਰੱਖਿਅਤ ਹੈ। ਇਸ ਗ੍ਰੰਥ ਦੇ ਕੁੱਲ 1274 ਪੰਨੇ ਹਨ ਅਤੇ ਇਸ ਨੂੰ ਚਾਰ ਜੁੱਗਾਂ ਅਨੁਸਾਰ ਵਰਗੀਕ੍ਰਿਤ ਕੀਤਾ ਹੋਇਆ ਹੈ।

ਸਤਜੁਗ ਦੀ ਸ਼ੁਰੂਆਤ '੧ਓ ਸਤਗੁਰ ਸਹਾਇ' ਦੇ ਨਾਲ ਹੁੰਦੀ ਹੈ। ਇਸ ਜੁਗ ਦੀ ਕਥਾ ਲਈ ਕਵੀ ਨੇ *ਵੇਦ,* ਅਤੇ *ਪੁਰਾਣ* ਨੂੰ ਆਪਣਾ ਆਧਾਰ ਬਣਾਇਆ ਹੈ :

- *ਬੇਦ ਪੁਰਾਨ ਕਥੇ ਜਿਮ ਬਾਤਾ॥*[2]
- *ਕਵਿ ਪੁਰਾਨ ਜਿਮ ਆਖ ਸੁਨਾਵੈ॥*[3]

ਕਥਾਵਾਂ ਵਿਚ ਵਿਆਪਤ ਦੋਸ਼ਾਂ ਦੀ ਜ਼ਿੰਮੇਵਾਰੀ ਕਵੀ ਆਪਣੇ ਸਿਰ ਨਹੀਂ ਲੈਂਦਾ - *ਯਾ ਮੈ ਦੋਸ ਨ ਹਮ ਕਉ ਦੀਜੈ॥*[4]

ਸਤਜੁਗ ਦੇ ਕੁੱਲ 63 ਪੱਤਰੇ (126 ਪੰਨੇ) ਹਨ। ਇਸ ਜੁਗ ਵਿਚ ਬਹੁਤ ਕਥਾਵਾਂ ਦਾ ਵਰਣਨ ਹੈ, ਜਿਵੇਂ ਬ੍ਰਹਮ, ਸ੍ਰਿਸ਼ਟੀ ਰਚਨਾ, ਵਰਣ-ਪ੍ਰਣਾਲੀ, ਚਾਰ ਵੇਦ, ਸਨਤਕੁਮਾਰ, ਬ੍ਰਹਮਾ, ਵਿਸ਼ਨੂੰ, ਸ਼ਿਵ,

---

* ਪ੍ਰਾਜੈਕਟ ਐਸੋਸੀਏਟ, 'ਨਿਰੁਕਤ ਸ੍ਰੀ ਗੁਰੂ ਗ੍ਰੰਥ ਸਾਹਿਬ', ਪੰਜਾਬੀ ਯੂਨੀਵਰਸਿਟੀ ਡਾ. ਬਲਬੀਰ ਸਿੰਘ ਸਾਹਿਤ ਕੇਂਦਰ, ਦੇਹਰਾਦੂਨ।

1. *ਗੁਰ ਪ੍ਰਤਾਪ ਸੂਰਜ,* ਜਿਲਦ 14, ਪੰਨਾ 6306-16.
2. ਟੇਕ ਸਿੰਘ, *ਚਤੁਰਜੁਗੀ* (ਹੱਥ-ਲਿਖਿਤ), ਡਾ. ਬਲਬੀਰ ਸਿੰਘ ਸਾਹਿਤ ਕੇਂਦਰ ਲਾਇਬ੍ਰੇਰੀ, ਦੇਹਰਾਦੂਨ, ਖਰੜਾ ਨੰ. 233, (ਸਤਿਜੁਗ), ਪਤਰਾ ਨੰ. 1 (ੳ).
3. *ਉਹੀ* (ਸਤਿਜੁਗ), ਪਤਰਾ ਨੰ. 1 (ੳ).
4. *ਉਹੀ* (ਸਤਿਜੁਗ), ਪਤਰਾ ਨੰ. 1 (ੳ).

ਸੂਰ ਅਵਤਾਰ, ਮੱਛ ਅਵਤਾਰ, ਪ੍ਰਹਿਲਾਦ, ਧਰੂ, ਅਸਨੀ ਕੁਮਾਰ, ਬਾਵਨ ਦੁਆਰਾ ਬਲ ਰਾਜੇ ਨੂੰ ਛਲਣਾ, ਸਮੁੰਦਰ ਮੰਥਨ, ਦੇਵਤਿਆਂ ਤੇ ਦੈਂਤਾਂ ਦੀਆਂ ਲੜਾਈਆਂ ਆਦਿ।

ਤ੍ਰੇਤਾ ਜੁਗ ਦੇ ਕੁੱਲ 108 ਪੱਤਰੇ (216 ਪੰਨੇ) ਹਨ। ਇਸ ਜੁਗ ਵਿਚ ਧਨੰਤਰ ਵੈਦ, ਦੁਰਬਾਸ਼ਾ ਰਿਸ਼ੀ, ਗਣੇਸ਼/ਸ਼ਿਵ ਪੂਜਾ, ਵੇਦੀ ਕੁਲ, ਕ੍ਰਿਸ਼ਨ ਅਵਤਾਰ ਜੋ ਪਹਿਲਾਂ ਹੋਣਾ ਸੀ ਜੁਗ ਬਦਲਣ ਕਾਰਨ ਅਗਲੇ ਜੁਗ ਵਿਚ ਹੋਣਾ, ਗੁਰੂ ਵਸ਼ਿਸ਼ਟ, ਵਿਸ਼ਵਾ ਮਿੱਤਰ, ਰਾਜਾ ਹਰੀ ਚੰਦ, ਰਾਜੇ ਸਗੜ ਦੇ ਸੱਠ ਹਜ਼ਾਰ ਪੁੱਤਰਾਂ ਦਾ ਕਪਿਲ ਰਿਸ਼ੀ ਦੇ ਸਰਾਪ ਕਾਰਨ ਸੜ ਕੇ ਸੁਆਹ ਹੋਣਾ ਅਤੇ ਭਗੀਰਥ ਦੁਆਰਾ ਤਪ ਕਰਕੇ ਗੰਗਾ ਧਰਤੀ ਉਪਰ ਲਿਆਉਣਾ, ਰਾਜਾ ਅਜ, ਦਸਰਥ ਹੱਥੋਂ ਸਰਵਣ ਦਾ ਮਰਨਾ ਅਤੇ ਅੰਧਲੇ ਮਾਪਿਆਂ ਵੱਲੋਂ ਸਰਾਪੇ ਜਾਣਾ ਅਤੇ ਇਸ ਤੋਂ ਬਾਅਦ ਰਾਮ ਜੀ ਦੇ ਅਵਤਾਰ ਹੋਣ ਕਰਕੇ ਬਾਕੀ ਕਥਾ, ਜੁਗ ਅਵਤਾਰ ਦੇ ਜੀਵਨ ਨਾਲ ਜੁੜੀਆਂ ਘਟਨਾਵਾਂ ਤੇ ਆਧਾਰਿਤ ਹੈ।

ਦੁਆਪਰ ਜੁਗ ਦੇ ਕੁੱਲ 68 ਪੱਤਰੇ (136 ਪੰਨੇ) ਹਨ। ਇਸ ਜੁਗ ਦੀ ਕਥਾ, ਜੁਗ ਅਵਤਾਰ ਸ੍ਰੀ ਕ੍ਰਿਸ਼ਨ ਜੀ ਦੇ ਦੁਆਲੇ ਹੀ ਘੁੰਮਦੀ ਹੈ, ਜਿਸ ਵਿਚ ਉਨ੍ਹਾਂ ਦੇ ਸਮਕਾਲੀ ਰਿਸ਼ੀਆਂ, ਰਾਜਿਆਂ, ਯੋਧਿਆਂ ਆਦਿ ਦਾ ਵਰਣਨ ਹੈ।

ਕਲਜੁਗ ਦੇ ਕੁੱਲ 397 ਪੱਤਰੇ (794 ਪੰਨੇ) ਹਨ। ਮੁੱਢਲੇ 350 ਪੰਨਿਆਂ ਉੱਪਰ ਰਾਜਾ ਪਰੀਛਤ, ਜਨਮੇਜਾ, ਆਦਮ, ਨੂਹ, ਇਬਰਾਹੀਮ, ਯੂਸਫ਼, ਯਕੂਬ, ਸਿਕੰਦਰ, ਬਿਕ੍ਰਮਾਜੀਤ, ਅਬੂ ਬਕਰ, ਉਸਮਾਨ, ਅਲੀ, ਹਸਨ, ਫਿਰੋਜ਼ ਸ਼ਾਹ, ਬਹਿਲੋਲ ਸ਼ਾਹ ਅਤੇ ਤੁਗ਼ਲਕ ਵੰਸ਼ ਆਦਿ ਬਾਰੇ ਜਾਣਕਾਰੀ ਦਿੱਤੀ ਗਈ ਹੈ। 444 ਪੰਨੇ ਨਿਰੋਲ ਸਿੱਖ ਧਰਮ ਸੰਬੰਧੀ ਜਾਣਕਾਰੀ ਪ੍ਰਦਾਨ ਕਰਦੇ ਹਨ, ਇਹ ਜਾਣਕਾਰੀ ਗੁਰੂ ਨਾਨਕ ਦੇਵ ਜੀ ਤੋਂ ਸ਼ੁਰੂ ਹੁੰਦੀ ਹੈ, ਜਿਸ ਵਿਚ ਲਗਭਗ 110 ਪੰਨੇ ਗੁਰੂ ਨਾਨਕ ਦੇਵ ਜੀ, 90 ਗੁਰੂ ਅੰਗਦ ਦੇਵ ਜੀ ਤੋਂ ਗੁਰੂ ਤੇਗ ਬਹਾਦਰ ਜੀ ਤੱਕ, 132 ਪੰਨੇ ਗੁਰੂ ਗੋਬਿੰਦ ਸਿੰਘ ਜੀ, 9 ਪੰਨੇ ਬਾਬਾ ਬੰਦਾ ਸਿੰਘ ਬਹਾਦਰ ਅਤੇ 100 ਪੰਨੇ ਮਿਸਲ-ਕਾਲ ਤੋਂ ਲੈ ਕੇ ਮਹਾਰਾਜਾ ਦਲੀਪ ਸਿੰਘ ਦੇ ਰਾਜ ਸੰਭਾਲਣ ਤੱਕ ਦੀ ਜਾਣਕਾਰੀ ਪ੍ਰਦਾਨ ਕਰਦੇ ਹਨ।

ਇਨ੍ਹਾਂ ਚਾਰ ਜੁਗਾਂ ਦੀਆਂ ਕਥਾਵਾਂ ਦੇ ਵਰਣਨ ਦਾ ਮੂਲ ਕਾਰਨ ਇਹ ਜਾਪਦਾ ਹੈ ਕਿ ਇਨ੍ਹਾਂ ਦਾ ਸੰਖਿਪਤ ਉਲੇਖ *ਗੁਰੂ ਗ੍ਰੰਥ ਸਾਹਿਬ* ਅਤੇ *ਦਸਮ ਗ੍ਰੰਥ* ਵਿਚ ਉਪਲੱਬਧ ਹੁੰਦਾ ਹੈ ਅਤੇ ਕਵੀ ਇਨ੍ਹਾਂ ਪੌਰਾਣਿਕ ਵਿਅਕਤੀਆਂ ਨਾਲ ਸੰਬੰਧਿਤ ਜਾਣਕਾਰੀ ਪ੍ਰਦਾਨ ਕਰਨ ਦਾ ਇੱਛੁਕ ਹੈ।

ਸਿਧਾਂਤਕ ਦ੍ਰਿਸ਼ਟੀ ਤੋਂ ਵਿਚਾਰ ਅਧੀਨ ਰਚਨਾ ਜਿਥੇ ਸਿੱਖ ਧਰਮ ਨੂੰ ਭਾਰਤੀ ਧਰਮ ਪਰੰਪਰਾ ਵਿਚ ਇੱਕ ਵਿਲੱਖਣ ਧਰਮ ਦੇ ਤੌਰ 'ਤੇ ਦੇਖਦੀ ਹੈ, ਉਥੇ ਇਤਿਹਾਸਕ ਦ੍ਰਿਸ਼ਟੀ ਤੋਂ ਕਈ ਵੇਰਵੇ ਜਾਂ ਘਟਨਾਵਾਂ ਅਜਿਹੀਆਂ ਵੀ ਹਨ, ਜਿਨ੍ਹਾਂ ਦਾ ਪ੍ਰਾਪਤ ਗੁਰਮੁਖੀ ਸ੍ਰੋਤਾਂ ਵਿਚ ਲਗਭਗ ਅਭਾਵ ਹੈ। ਸਿੱਖ ਰਾਜ ਸੰਬੰਧੀ ਜਾਣਕਾਰੀ ਲੇਖਕ ਦੇ ਜੀਵਨ-ਕਾਲ ਵਿਚ ਵਰਤੀਆਂ ਘਟਨਾਵਾਂ 'ਤੇ ਆਧਾਰਿਤ ਹੈ।

ਪ੍ਰਾਪਤ ਖਰੜਾ ਕਵੀ ਦੀ ਮੂਲ ਰਚਨਾ ਜਾਪਦਾ ਹੈ, ਕਿਉਂਕਿ ਇੱਕ ਤਾਂ ਇਸ ਗ੍ਰੰਥ ਦੇ ਅੰਤ ਵਿਚ ਕਿਸੇ ਉਤਾਰਾਕਾਰ ਦਾ ਨਾਂ ਨਹੀਂ ਹੈ; ਦੂਜਾ, ਪਹਿਲੇ ਤਿੰਨ ਜੁਗਾਂ ਦੀ ਕਥਾ ਸਮੇਂ ਕਵੀ ਹਰੇਕ ਛੰਦ ਦੇ ਖਤਮ ਹੋਣ 'ਤੇ ਸੰਬੰਧਿਤ ਗ੍ਰੰਥ, ਜੁਗ ਅਤੇ ਆਪਣਾ ਨਾਂ ਲਿਖ ਰਿਹਾ ਸੀ, ਪਰ ਕਲਯੁਗ ਦੀ ਕਥਾ ਸਮੇਂ ਉਸਨੇ ਉਹੀ ਜਾਣਕਾਰੀ ਹਰੇਕ ਪੱਤਰੇ ਦੇ ਉੱਪਰ ਵੱਖਰੇ ਰੂਪ ਵਿਚ ਦਿੱਤੀ ਹੈ, ਜਿਸ ਦੀ ਲਿਖਾਈ ਤਾਂ ਮਿਲਦੀ ਹੈ, ਸਿਆਹੀ ਨਹੀਂ। ਇਹ ਕਵੀ ਦਾ ਬਾਅਦ ਵਿਚ ਲਿਖਿਆ ਪ੍ਰਤੀਤ ਹੁੰਦਾ ਹੈ, ਉਤਾਰਾਕਾਰ ਉਤਾਰਾ ਕਰਦੇ ਸਮੇਂ ਇੱਕ ਸਿਆਹੀ ਨਾਲ ਹੀ ਸਭ ਕੁਝ ਲਿਖਦਾ, ਇਹ ਸੰਭਵ ਜਾਪਦਾ ਹੈ; ਤੀਜਾ, ਜੇਕਰ ਇਹ ਉਤਾਰਾ ਹੁੰਦਾ ਤਾਂ ਇਸ ਦੀ ਅਸਲ ਰਚਨਾ ਦੇ ਹੋਣ ਦੀ ਕੋਈ ਸੂਚਨਾ ਜ਼ਰੂਰ ਹੁੰਦੀ, ਭਾਵ ਇਸ ਦਾ ਕੋਈ ਹੋਰ ਖਰੜਾ ਵੀ ਉਪਲੱਬਧ ਹੋਣਾ ਸੀ।

ਵਿਚਾਰਯੋਗ ਹੈ ਕਿ ਸਿੱਖ-ਕਾਲ ਨਾਲ ਸੰਬੰਧਿਤ ਇਸ ਗ੍ਰੰਥ ਵਿਚਲੀ ਸਮੱਗਰੀ ਨੂੰ ਡਾ. ਗੰਡਾ ਸਿੰਘ ਨੇ ਟਾਈਪ ਕਰਵਾ ਕੇ ਆਪਣੀ ਲਾਇਬ੍ਰੇਰੀ ਵਿਚ ਇਤਿਹਾਸਕ ਸ੍ਰੋਤ ਦੇ ਤੌਰ ਤੇ ਸਾਂਭਣ ਦਾ ਯਤਨ ਕੀਤਾ ਅਤੇ ਲੋੜ ਪੈਣ 'ਤੇ ਵਰਤਿਆ। ਇਹ ਕਾਰਜ ਯਕੀਨਨ ਉਨ੍ਹਾਂ ਨੇ ਭਾਈ ਵੀਰ ਸਿੰਘ ਵਾਲੇ ਖਰੜੇ ਤੋਂ ਹੀ ਕਰਵਾਇਆ, ਜਿਸ ਦੀ ਗਵਾਹੀ ਉਨ੍ਹਾਂ ਦੀਆਂ ਪੁਸਤਕਾਂ *ਸਿੱਖ ਇਤਿਹਾਸ* ਅਤੇ *A Selected Bibliography of the Sikhs & Sikhism* ਵਿੱਚੋਂ ਹੁੰਦੀ ਹੈ, ਜਿਨ੍ਹਾਂ ਵਿਚ ਉਹ ਲਿਖਦੇ ਹਨ ਕਿ ਇਹ ਗ੍ਰੰਥ ਅੰਮ੍ਰਿਤਸਰ ਦੇ ਭਾਈ ਵੀਰ ਸਿੰਘ ਕੋਲ ਹੈ।

ਜਿਥੋਂ ਤੱਕ ਇਸ ਗ੍ਰੰਥ ਦੇ ਨਾਮ ਦਾ ਸਵਾਲ ਹੈ, ਗ੍ਰੰਥ ਦੀ ਜਿਲਦ ਉੱਪਰ *ਚਤਰਜੁਗੀ* ਲਿਖਿਆ ਹੋਇਆ ਹੈ ਅਤੇ ਭਾਈ ਵੀਰ ਸਿੰਘ ਨੇ ਵੀ ਇਸੇ ਤਰ੍ਹਾਂ ਲਿਖਿਆ ਹੈ। ਡਾ. ਗੰਡਾ ਸਿੰਘ ਨੇ ਇਸਨੂੰ *ਚਤਰਯੁਗੀ* ਲਿਖਿਆ ਹੈ। ਪਰ ਗ੍ਰੰਥ ਵਿਚ ਇਹ ਨਾਮ *ਚੜ੍ਹਜੁਗੀ* ਲਿਖਿਆ ਹੈ – *ਚੜ੍ਹਜੁਗੀ ਪੜ ਚਾੜ੍ਹ ਹੋਵੈ।*[5] ਇਸ ਲਈ ਗ੍ਰੰਥ ਦਾ ਨਾਮ ਉਹ ਹੀ ਠੀਕ ਹੈ ਜੋ ਕਰਤਾ ਦੁਆਰਾ ਨਿਰਧਾਰਿਤ ਕੀਤਾ ਗਿਆ ਹੈ।

ਇਸ ਗ੍ਰੰਥ ਦਾ ਕਰਤਾ ਭਾਈ ਟੇਕ ਸਿੰਘ ਹੈ। ਇਸ ਗੱਲ ਦੀ ਪੁਸ਼ਟੀ ਗ੍ਰੰਥ ਵਿਚ ਆਏ ਹਵਾਲਿਆਂ ਤੋਂ ਹੁੰਦੀ ਹੈ। ਭਾਈ ਟੇਕ ਸਿੰਘ ਗ੍ਰੰਥ ਦਾ ਕਰਤਾ ਹੈ ਉਤਾਰਾਕਾਰ ਨਹੀਂ ਕਿਉਂਕਿ ਜੇ ਇਹ ਨਾਮ ਉਤਾਰਾਕਾਰ ਦਾ ਹੁੰਦਾ ਤਾਂ ਇਹ ਸਿਰਫ ਗ੍ਰੰਥ ਦੇ ਅੰਤ ਵਿਚ ਜਾਂ ਹਰੇਕ ਜੁਗ ਦੀ ਕਥਾ ਖਤਮ ਹੋਣ 'ਤੇ ਹੀ ਆਉਣਾ ਸੀ, ਪਰ ਇਹ ਨਾਮ ਤਾਂ ਗ੍ਰੰਥ ਵਿਚ ਸੈਂਕੜੇ ਵਾਰ ਆਇਆ ਹੈ, ਕਿਉਂਕਿ ਹਰ ਇੱਕ ਛੰਦ ਦੀ ਸਮਾਪਤੀ ਉੱਪਰ ਕਰਤਾ ਆਪਣਾ ਨਾਮ ਲਿਖਦਾ ਹੈ :

ਇਤ ਸ੍ਰੀ ਚੜ੍ਹਜੁਗੇ ਸੰਤ ਨਾਮ ਤ੍ਰਿਤੀਓ ਧਿਆਇ ਸਤਜੁਗੇ ਟੇਕ ਸਿੰਘੇ।੩।[6]

ਗ੍ਰੰਥ ਦੇ ਅੰਤ ਵਿਚ :

ਇਤ ਸ੍ਰੀ ਚੜ੍ਹਜੁਗੇ ਸੰਵਾਦੇ ਨਾਮ ਦੁਹੁ ਉਤੇ ਚਾਰ ਸੈ ਧਿਆਇ
ਸਮਾਪਤੰ ਸੁਭੰ ਕਲਜੁਗ ਟੇਕ ਸਿੰਘੇ।੪੦੨।[7]

ਡਾ. ਬਲਬੀਰ ਸਿੰਘ ਸਾਹਿਤ ਕੇਂਦਰ ਵਿਖੇ ਮੌਜੂਦ ਹੱਥ-ਲਿਖਿਤ ਗ੍ਰੰਥਾਂ ਦੀ ਸਭ ਤੋਂ ਪੁਰਾਣੀ ਸੂਚੀ ਵਿਚ ਵੀ ਗ੍ਰੰਥ ਕਰਤਾ ਦਾ ਨਾਮ ਟੇਕ ਸਿੰਘ ਹੀ ਲਿਖਿਆ ਹੋਇਆ ਹੈ।

ਪਰ ਭਾਈ ਟੇਕ ਸਿੰਘ ਕੌਣ ਹੈ? ਕਿਥੋਂ ਦਾ ਹੈ? ਕਿਸ ਸੰਪ੍ਰਦਾਇ ਦਾ ਹੈ? ਇਸ ਬਾਰੇ ਕੋਈ ਅੰਦਰੂਨੀ ਜਾਂ ਬਾਹਰੀ ਗਵਾਹੀ ਅਜੇ ਤੱਕ ਨਹੀਂ ਮਿਲ ਸਕੀ। ਇਹ ਵਿਸ਼ਾ ਅਜੇ ਖੋਜ ਅਧੀਨ ਹੈ।[8]

ਗ੍ਰੰਥ ਦੇ ਰਚਨਕਾਲ ਬਾਰੇ ਕੋਈ ਠੋਸ ਸਬੂਤ ਪ੍ਰਾਪਤ ਨਹੀਂ ਹੁੰਦਾ, ਕਿਉਂਕਿ ਗ੍ਰੰਥ ਦੇ ਮੁੱਢਲੇ ਕੁਝ ਪੱਤਰੇ ਫਟੇ ਹੋਏ ਹਨ। ਗ੍ਰੰਥ ਦੀ ਸ਼ੁਰੂਆਤ ਦਾ ਪੰਨਾ ਹੀ ਸਤਜੁਗ ਦੀ ਕਥਾ ਦਾ ਹੈ। ਗ੍ਰੰਥ ਦੇ ਵਿਚ ਜਾਂ

5. *ਉਹੀ* (ਕਲਿਜੁਗ), ਪਤਰਾ ਨੰ. 518 (ਅ).
6. *ਉਹੀ* (ਸਤਿਜੁਗ), ਪਤਰਾ ਨੰ. 2 (ਅ).
7. *ਉਹੀ* (ਕਲਿਜੁਗ), ਪਤਰਾ ਨੰ. 518 (ਅ).
8. ਭਾਈ ਮਹਾਰਾਜ ਸਿੰਘ ਦੇ ਸਾਥੀਆਂ ਵਿੱਚੋਂ ਇੱਕ ਭਾਈ ਟੇਕ ਸਿੰਘ ਪੁਜਾਰੀ ਦਾ ਜ਼ਿਕਰ ਮਿਲਦਾ ਹੈ, ਜੋ ਸ੍ਰੀ ਹਰਿਮੰਦਰ ਸਾਹਿਬ (ਅੰਮ੍ਰਿਤਸਰ) ਦਾ ਪੁਜਾਰੀ ਸੀ। ਇਸ ਗ੍ਰੰਥ ਦੇ ਕਰਤਾ ਦਾ ਜੀਵਨ-ਕਾਲ ਰਚਨਾ ਦੇ ਆਧਾਰ 'ਤੇ ਮਹਾਰਾਜਾ ਦਲੀਪ ਸਿੰਘ (1843–44 ਈ.) ਤੱਕ ਹੈ ਅਤੇ ਭਾਈ ਮਹਾਰਾਜ ਸਿੰਘ 28 ਦਸੰਬਰ 1849 ਈ. ਵਿਚ ਗ੍ਰਿਫਤਾਰ ਹੋਏ। ਉਨ੍ਹਾਂ ਨਾਲ ਸੰਬੰਧਿਤ ਇਹ ਟੇਕ ਸਿੰਘ, ਚੜ੍ਹਯੁਗੀ ਗ੍ਰੰਥ-ਕਰਤੇ ਦੇ ਬਿਲਕੁਲ ਨਿਕਟ ਬੈਠਦਾ ਹੈ, ਪਰ ਇਸ ਭਾਈ ਮਹਾਰਾਜ ਸਿੰਘ ਦੇ ਸਾਥੀ ਟੇਕ ਸਿੰਘ ਬਾਰੇ ਵੀ ਹੋਰ ਕੋਈ ਜ਼ਿਆਦਾ ਜਾਣਕਾਰੀ ਨਹੀਂ ਮਿਲਦੀ।

   Nahar Singh, *Documents Relating to Bhai Maharaj Singh*, Gurdwara Karamsar, Rara Sahib-1968, p. 237.

   The Encyclopaedia of Sikhism, Vol. IV, Punjabi University, Patiala, 1998, p. 334.

ਅਖੀਰ ਉੱਪਰ ਵੀ ਕੋਈ ਹਵਾਲਾ ਨਹੀਂ ਮਿਲਦਾ, ਜੋ ਇਹ ਜਾਣਕਾਰੀ ਦੇ ਸਕੇ। ਨਾ ਹੀ ਭਾਈ ਵੀਰ ਸਿੰਘ ਜੀ ਦੁਆਰਾ ਲਿਖਿਆ ਅਜਿਹਾ ਕੋਈ ਹਵਾਲਾ ਹੀ ਮਿਲਿਆ ਹੈ, ਜਿਸ ਵਿਚ ਉਨ੍ਹਾਂ ਨੇ ਕੋਈ ਸਮਾਂ ਦਿੱਤਾ ਹੋਵੇ। ਡਾ. ਗੰਡਾ ਸਿੰਘ ਨੇ ਵੀ ਟਾਈਪ ਕਰਵਾਏ ਖਰੜੇ ਅਤੇ ਕਿਤਾਬਾਂ ਵਿਚ ਗ੍ਰੰਥ ਦੇ ਕਾਲ ਬਾਰੇ ਕੋਈ ਸੂਚਨਾ ਨਹੀਂ ਦਿੱਤੀ। ਇਸ ਤੋਂ ਬਿਨਾਂ ਡਾ. ਬਲਬੀਰ ਸਿੰਘ ਸਾਹਿਤ ਕੇਂਦਰ, ਦੇਹਰਾਦੂਨ ਦੀ ਲਾਇਬ੍ਰੇਰੀ ਵਿਖੇ ਹੱਥ-ਲਿਖਿਤ ਗ੍ਰੰਥਾਂ ਦੀ ਬਣੀ ਸਭ ਤੋਂ ਪੁਰਾਣੀ ਸੂਚੀ ਵਿਚ ਵੀ ਰਚਨਕਾਲ ਦਾ ਕੋਈ ਜ਼ਿਕਰ ਨਹੀਂ। ਪਰ ਗ੍ਰੰਥ ਵਿਚਲੀ ਸਮੱਗਰੀ ਨੂੰ ਆਧਾਰ ਬਣਾ ਕੇ ਇਸ ਦੇ ਰਚਨਕਾਲ ਬਾਰੇ ਕਿਹਾ ਜਾ ਸਕਦਾ ਹੈ ਕਿ ਇਹ ਰਚਨਾ 19ਵੀਂ ਸਦੀ ਦੇ ਅੱਧ ਦੀ ਹੈ। ਗ੍ਰੰਥ ਕਰਤਾ ਸਿੱਖ ਰਾਜ ਦੀ ਅੰਤਿਮ ਗੱਲ ਲਿਖ ਕੇ ਗ੍ਰੰਥ ਦਾ ਭੋਗ ਇਸ ਤਰ੍ਹਾਂ ਪਾਉਂਦਾ ਹੈ :

ਦਲੀਪ ਸਿੰਘ ਹੀਰਾ ਸਿੰਘ ਨਾਲ॥ ਕਰਤ ਹਕੂਮਤਿ ਵਿਚ ਸੰਸਾਰ॥[9]

ਇਹ ਹਵਾਲਾ *The Encyclopaedia of Sikhism* ਵਿਚ ਲਿਖੇ ਇਸ ਹਵਾਲੇ ਨਾਲ ਬਿਲਕੁਲ ਮੇਲ ਖਾਂਦਾ ਹੈ - Duleep Singh, was proclaimed Maharaja of the Punjab on 17 September 1843, Hira Singh assumed the office of prime minister (17 Sep. 1843).[10] ਹੀਰਾ ਸਿੰਘ ਡੋਗਰਾ ਜੋ ਕਿ 1844 ਵਿਚ ਮਰ ਗਿਆ, ਇਸ ਦੀ ਸੂਚਨਾ ਗ੍ਰੰਥ ਵਿਚ ਨਹੀਂ ਮਿਲਦੀ, ਜਿਸ ਤੋਂ ਭਾਸਦਾ ਹੈ ਕਿ ਇਹ ਗ੍ਰੰਥ ਉਸਦੀ ਮੌਤ ਤੋਂ ਪਹਿਲਾਂ ਸੰਪੂਰਨ ਹੋ ਗਿਆ ਹੋਵੇਗਾ। ਦੂਜਾ, ਗ੍ਰੰਥ ਕਰਤਾ ਸਿੱਖ ਰਾਜ ਦੇ ਸਮੇਂ ਦਾ ਕਵੀ ਹੈ। ਉਹ ਲਿਖ ਰਿਹਾ ਹੈ ਕਿ ਜਦੋਂ ਦਲੀਪ ਸਿੰਘ ਗੱਦੀ ਉਪਰ ਬੈਠਿਆ, ਤਾਂ ਉਸਨੂੰ ਚੰਗਾ ਲੱਗਾ ਕਿਉਂਕਿ ਉਸਦਾ ਵਿਵਹਾਰ ਰਣਜੀਤ ਸਿੰਘ ਵਰਗਾ ਹੀ ਹੈ -

ਦੋਹਰਾ॥

ਰਣਜੀਤ ਸਿੰਘ ਕਾ ਪੁਤ੍ਰ ਹੁ ਦਲੀਪ ਸਿੰਘ ਤਿਹ ਨਾਮ॥
ਆਗੇ ਤਾ ਕਉ ਰਖੀਏ ਤਉ ਪਾਵਹੁ ਬਿਸ੍ਰਾਮ।੧।

ਚੌਪਈ॥

ਪਾਛੇ ਜਿਮ ਸਰਕਾਰ ਬਨਾਇਆ॥ ਤੈਸੇ ਵਰਤੋ ਮਮ ਮਨ ਭਾਇਆ॥[11]

ਇਸ ਗ੍ਰੰਥ ਨੂੰ ਲਿਖਣ ਲਈ ਕਰਤੇ ਨੇ ਕਾਵਿ-ਰੂਪ ਦਿੱਤਾ ਹੈ, ਜੋ ਆਦਿ ਤੋਂ ਅੰਤ ਤੱਕ ਨਿਭਦਾ ਹੈ। ਇਸ ਦੀ ਰਚਨਾ ਗੁਰਮੁਖੀ ਲਿਪੀ ਵਿਚ ਹੋਈ ਹੈ। ਇਸ ਦੀ ਬੋਲੀ ਬਹੁਤ ਕਠਿਨ ਨਹੀਂ, ਭਾਵੇਂ ਇਹ ਵਰਤਮਾਨ ਪੰਜਾਬੀ ਨਹੀਂ ਕਹੀ ਜਾ ਸਕਦੀ, ਇਹ ਬ੍ਰਜ ਭਾਸ਼ਾ ਦੇ ਨੇੜੇ ਹੈ। ਕਵੀ ਨੇ ਬ੍ਰਜ ਵਿਚ ਲਿਖੇ ਗ੍ਰੰਥਾਂ ਵਾਂਗ ਦੋਹਰੇ ਅਤੇ ਚੌਪਈ ਛੰਦ ਦੀ ਵਧੇਰੇ ਵਰਤੋਂ ਕੀਤੀ ਹੈ। ਦੋਹਰੇ ਦੀ ਵਰਤੋਂ ਚੌਪਈ ਤੋਂ ਪਹਿਲਾਂ ਕੀਤੀ ਗਈ ਹੈ। ਇੱਕ ਚੌਪਈ ਵਿਚ 20 ਬੰਦ ਹਨ ਅਤੇ ਇੱਕ ਬੰਦ ਵਿਚ ਚਾਰ ਤੁਕਾਂ ਹਨ। ਇਸ ਗ੍ਰੰਥ ਵਿਚ ਅੱਧਕ (ੱ) ਦੀ ਵਰਤੋਂ ਨਹੀਂ ਕੀਤੀ ਗਈ, ਬਿੰਦੀ (ਂ) ਦੀ ਵਰਤੋਂ ਵੀ ਨਾਮ ਮਾਤਰ ਹੀ ਹੋਈ ਹੈ।

ਸਿੱਖ ਧਰਮ ਬਾਰੇ ਲਿਖਣ ਤੋਂ ਪਹਿਲਾਂ ਚਾਰ ਜੁਗਾਂ ਵਿਚ ਹੋਏ ਅਵਤਾਰਾਂ ਦੀ ਕਥਾ ਵਰਣਨ ਕੀਤੀ ਗਈ ਹੈ। ਦੂਸਰੇ ਗ੍ਰੰਥਾਂ ਵਾਂਗ ਬਹੁਤ ਸਾਰੀਆਂ ਅਜਿਹੀਆਂ ਗੱਲਾਂ ਹਨ, ਜੋ ਹੋਰ ਕਈ ਪੁਰਾਤਨ ਸਿੱਖ ਗ੍ਰੰਥਕਾਰਾਂ ਵਾਂਗ ਸਿੰਘ ਸਭਾਈ ਗੁਰਮਤਿ ਦ੍ਰਿਸ਼ਟੀਕੋਣ ਤੇ ਪੂਰੀਆਂ ਨਹੀਂ ਉੱਤਰਦੀਆਂ। ਪਰ ਇਸ ਦੇ

9. ਟੇਕ ਸਿੰਘ, *ਚਤ੍ਰਜੁਗੀ* (ਹੱਥ-ਲਿਖਿਤ), ਡਾ. ਬਲਬੀਰ ਸਿੰਘ ਸਾਹਿਤ ਕੇਂਦਰ ਲਾਇਬ੍ਰੇਰੀ, ਦੇਹਰਾਦੂਨ, ਖਰੜਾ ਨੰ. 233 (ਕਲਿਜੁਗ), ਪਤਰਾ ਨੰ. 518 (ੳ).
10. *The Encyclopaedia of Sikhism,* Vol. II., p. 275.
11. ਟੇਕ ਸਿੰਘ, *ਚਤ੍ਰਜੁਗੀ* (ਹੱਥ-ਲਿਖਿਤ), ਡਾ. ਬਲਬੀਰ ਸਿੰਘ ਸਾਹਿਤ ਕੇਂਦਰ ਲਾਇਬ੍ਰੇਰੀ, ਦੇਹਰਾਦੂਨ, ਖਰੜਾ ਨੰ. 233 (ਕਲਿਜੁਗ), ਪਤਰਾ ਨੰ. 517 (ੳ).

ਬਾਵਜੂਦ ਵੀ ਇਸ ਵਿਚ ਸਿੱਖ ਧਰਮ ਬਾਰੇ ਵੱਡਮੁੱਲੀ ਜਾਣਕਾਰੀ ਹੈ, ਜਿਵੇਂ ਗੁਰੂ, ਨਾਮ, ਮੁਕਤੀ, ਜਾਤ-ਪਾਤ, ਸੰਗਤ-ਪੰਗਤ, ਸਿੱਖ ਮਰਯਾਦਾ, ਖਾਲਸਾ ਪੰਥ, ਗੁਰਮਤਾ ਆਦਿ। ਦੂਸਰੇ ਧਰਮਾਂ ਦੇ ਪ੍ਰਸੰਗ ਵਿਚ ਸਿੱਖ ਧਰਮ ਨੂੰ ਇੱਕ ਵੱਖਰਾ ਧਰਮ ਦਰਸਾਇਆ ਗਿਆ ਹੈ ਅਤੇ ਗੁਰੂ ਨਾਨਕ ਦੇ ਪੰਥ ਦੀ ਹੋਰ ਧਰਮਾਂ ਉੱਤੇ ਉੱਚਤਾ ਸਥਾਪਿਤ ਕੀਤੀ ਗਈ ਹੈ :

ਵਹੁ ਸਭ ਖਲਕਤ ਗਈ ਘਰੇ ਘਰਿ ਨਾਨਕ ਪਰਿਓ ਪੰਜਾਬ ਧਰਤ ਮੈ॥
ਖਾਦਮ ਹੋਵਤ ਖਲਕਤ ਸੁਨਿ ਸੁਨਿ ਖਲਕਤ ਜਹ ਜਹ ਬਹੁਤੋ ਚਰਨ ਪਰਤ ਮੈ॥
ਹਿੰਦੂ ਮੁਸਲਮਾਨ ਵਰਨ ਸਭ ਸੇਵਕ ਹੋਤ ਦੁਖ ਦਰਦ ਹਰਤ ਮੈ॥
ਜੋਗੀ ਜੰਗਮ ਅਰ ਸੰਨਿਆਸੀ ਬ੍ਰਹਮਚਾਰੀ ਗੁਨ ਗਨਤ ਵਰਤ ਮੈ॥੯॥
ਵੈਸਨੋ ਪੂਜੇ ਸੰਗ ਸਰੇਵਰੇ ਹੋਵਤ ਸਭੀ ਅਧੀਨ ਸੁਨਾਊ॥
ਬੈਰਾਗੀ ਸੰਗਿ ਰਲੇ ਉਦਾਸੀ ਨਿਆਰੋ ਪੰਥ ਹੋਤ ਧਰਮਾਊ॥
ਕੁਦਰਤ ਹੈ ਕਾਦਰ ਕੀ ਜਾ ਪਰ ਖਾਨ ਖਵੀਨ ਉਮਰਾ ਵਤਿ ਖਾਊ॥
ਜਿਮੀਦਾਰਿ ਮਹਾਜਮ ਸਾਰੇ ਆਇ ਨਿਵਤ ਚਰਨਨ ਤਲ ਤਾਊ॥੨੧੨੯੦॥
ਕੀਨੇ ਸਿਖ ਜਬ ਨਾਨਕ ਸਾਹ ਨੇ ਅਬ ਮਨਤ ਘਰਿ ਘਰਿ ਹੋਵਨ ਲਾਗੀ॥
ਖਲਕਤ ਉਲਟੀ ਜਾਨਤ ਜਬ ਹੀ ਤਬ ਨਾਨਕ ਚਿਤ ਨਿਰਮਲਤਾ ਜਾਗੀ॥...੧॥ [12]
ਧਰਮ ਨੇਮ ਰਾਖਨੇ ਕਾਰਨਿ ਕੀਓ ਖਾਲਸਾ ਪੰਥ ਨਿਆਰਾ॥ [13]
ਪੰਥ ਨਿਆਰਾ ਹੋਵਤ ਆਗੇ ਚੜੀਆ ਸੰਗੇ ਬਾਜ ਤੁਰਾਵਹੁ॥ [14]

ਇਸ ਗ੍ਰੰਥ ਨੂੰ ਭਾਵੇਂ ਕਿ ਭਾਈ ਵੀਰ ਸਿੰਘ ਅਤੇ ਡਾ. ਗੰਡਾ ਸਿੰਘ ਨੇ ਵੀ ਕੁਝ-ਕੁਝ ਵਰਤਿਆ ਹੈ ਪਰ ਇਸਦਾ ਹੋਰ ਦੁਰਲੱਭ ਸਿੱਖ ਗ੍ਰੰਥਾਂ ਵਾਂਗ ਅਜੇ ਅਧਿਐਨ ਨਹੀਂ ਹੋ ਸਕਿਆ। ਇਥੋਂ ਤੱਕ ਕਿ ਡਾ. ਗੰਡਾ ਸਿੰਘ ਤੋਂ ਬਿਨਾਂ ਹੋਰ ਇਤਿਹਾਸਕਾਰਾਂ ਦੀਆਂ ਰਚਨਾਵਾਂ ਵਿਚ ਇਸ ਗ੍ਰੰਥ ਦੀ ਵਰਤੋਂ ਦਾ ਅਭਾਵ ਹੈ। ਇਸ ਗ੍ਰੰਥ ਦਾ ਅਧਿਐਨ ਕਰਨ ਲਈ ਮੈਂ 'ਚਤੁਰਜੁਗੀ ਗ੍ਰੰਥ : ਇੱਕ ਧਰਮ-ਸ਼ਾਸਤਰੀ ਅਤੇ ਇਤਿਹਾਸਕ ਅਧਿਐਨ' ਵਿਸ਼ੇ ਅਧੀਨ ਪੀਐਚ.ਡੀ. ਲਈ ਰਜਿਸਟ੍ਰੇਸ਼ਨ ਕਰਵਾਈ ਹੈ। ਮੈਂ ਇਹ ਆਸ ਪ੍ਰਗਟਾਉਂਦਾ ਹਾਂ ਕਿ ਇਸ ਗ੍ਰੰਥ ਦੇ ਅਧਿਐਨ ਉਪਰੰਤ ਜਿਥੇ ਸਿੱਖ ਧਰਮ ਸੰਬੰਧੀ ਧਾਰਮਿਕ ਅਤੇ ਇਤਿਹਾਸਕ ਜਾਣਕਾਰੀ ਦਾ ਹੋਰ ਵਾਧਾ ਹੋਵੇਗਾ, ਉਥੇ ਧਰਮ-ਸ਼ਾਸ਼ਤਰੀਆਂ, ਦਾਰਸ਼ਨਿਕਾਂ, ਇਤਿਹਾਸਕਾਰਾਂ ਅਤੇ ਸਾਹਿਤਕਾਰਾਂ ਨੂੰ ਹੋਰ ਧਰਮਾਂ ਬਾਰੇ ਖੋਜ ਭਰਪੂਰ ਜਾਣਕਾਰੀ ਵੀ ਉਪਲੱਬਧ ਹੋ ਸਕੇਗੀ। ਇਸ ਗ੍ਰੰਥ ਵਿਚਲੇ ਸਿੱਖ ਕਾਲ ਦਾ ਮੈਂ ਦੋ ਵਾਰ ਪਾਠ ਕੀਤਾ ਹੈ, ਜਿਸ ਤੋਂ ਮੈਨੂੰ ਅਨੇਕਾਂ ਅਜਿਹੇ ਹਵਾਲੇ ਦੇਖਣ ਨੂੰ ਮਿਲੇ ਹਨ, ਜੋ ਬਿਲਕੁਲ ਨਿਵੇਕਲੇ ਹਨ। ਮਿਸਲ ਕਾਲ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਵਿਚਲੀਆਂ ਘਟਨਾਵਾਂ ਲੇਖਕ ਦੇ ਜੀਵਨ ਕਾਲ ਦੀਆਂ ਹਨ ਜੋ ਉਸਨੇ ਆਪ ਦੇਖੀਆਂ ਹਨ ਜਾਂ ਸੁਣੀਆਂ ਹਨ। ਇਹ ਇਤਿਹਾਸਕ ਪੱਖ ਤੋਂ ਬਹੁਤ ਹੀ ਲਾਹੇਵੰਦ ਸਿੱਧ ਹੋ ਸਕਦੀਆਂ ਹਨ। ਸੋ ਇਹ ਇਤਿਹਾਸ ਦਾ ਸਵਿਸਥਾਰ[15] ਰੂਪੀ ਗ੍ਰੰਥ ਹੈ।

---

12. *ਉਹੀ* (ਕਲਿਜੁਗ), ਪਤਰਾ ਨੰ. 301 (ਅ).
13. *ਉਹੀ* (ਕਲਿਜੁਗ), ਪਤਰਾ ਨੰ. 443 (ੳ).
14. *ਉਹੀ* (ਕਲਿਜੁਗ), ਪਤਰਾ ਨੰ. 374 (ੳ).
15. 'ਸਵਿਸਥਾਰ ਇਤਿਹਾਸ' ਉਹ ਹੈ ਕਿ ਜਿਸ ਵਿਚ ਤ੍ਰੀਕਾਂ, ਸੰਮਤ ਤੇ ਸਾਰੇ ਹਾਲਾਤ ਯਾ ਜਿੰਨੇ ਕੁ ਹੋ ਸਕਣ, ਜੀਵਨ ਹੋਣੀਆਂ ਤੇ ਵਾਕਿਆਤ ਦੇ ਕੁਛ ਵਿਸਥਾਰ ਵਿਚ ਮਿਲ ਜਾਣ....
ਕਿਰਪਾਲ ਸਿੰਘ (ਸੰਪਾ.), *ਭਾਈ ਵੀਰ ਸਿੰਘ ਦੀ ਇਤਿਹਾਸਕ ਰਚਨਾ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1974, ਪੰਨਾ 9.

ਸੰਤ ਭਾਈ ਫੇਰੂ ਸਿੰਘ ਜੀ ਦੀ ਜੀਵਨ ਯਾਤਰਾ

(ਸੰਖੇਪ)

ਗੁਰਚਰਨ ਸਿੰਘ *

ਸੰਤ ਭਾਈ ਫੇਰੂ ਸਿੰਘ ਜੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਹਿਲੇ ਪ੍ਰਚਾਰਕ ਸੰਤ ਹੋਏ ਹਨ, ਜਿਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਹੱਥੋਂ ਅੰਮ੍ਰਿਤਪਾਨ ਕੀਤਾ ਅਤੇ ਉਤਰਖੰਡ ਦੇ ਪਹਾੜੀ ਇਲਾਕਿਆਂ ਵਿੱਚ ਗੁਰਮਤਿ ਅਤੇ ਸਿੱਖੀ ਦਾ ਪ੍ਰਚਾਰ ਕੀਤਾ। ਇਨ੍ਹਾਂ ਨੇ ਸਿੱਖੀ ਦੇ ਪ੍ਰਚਾਰ ਤੋਂ ਇਲਾਵਾ ਹਿੰਦੂ ਧਰਮ ਦੀ ਰੱਖਿਆ ਵੀ ਕੀਤੀ। ਸੰਤ ਭਾਈ ਫੇਰੂ ਸਿੰਘ ਡੇਰਾ ਨੰਗਾਲੀ ਸਾਹਿਬ, ਪੁਣਛ, ਜੰਮੂ ਕਸ਼ਮੀਰ ਸਟੇਟ ਦੇ ਪਹਿਲੇ ਪ੍ਰਚਾਰਕ ਸਨ, ਜਿਨ੍ਹਾਂ ਨੇ ਜੰਮੂ ਕਸ਼ਮੀਰ ਦੇ ਪਹਾੜੀ ਇਲਾਕਿਆਂ ਵਿੱਚ ਅੰਮ੍ਰਿਤਪਾਨ ਕਰਵਾ ਕੇ 'ਸਿੰਘ' ਸਜਾਏ ਅਤੇ ਹਿੰਦੂ ਧਰਮ, ਹਿੰਦੂ ਸੰਸਕ੍ਰਿਤੀ ਔਰ ਦੇਸ਼ ਦੀ ਰੱਖਿਆ ਲਈ 'ਅੰਮ੍ਰਿਤ ਰਾਹੀਂ' ਬੀਰਤਾ ਪੈਦਾ ਕੀਤੀ।

* ਕਾਨੂੰਨ ਵਿਭਾਗ, ਜੰਮੂ ਯੂਨੀਵਰਸਿਟੀ, ਜੰਮੂ।

ਸਿੱਖ ਇਤਿਹਾਸਕਾਰੀ ਵਿੱਚ ਗਿਆਨੀ ਗਿਆਨ ਸਿੰਘ ਦਾ ਸਥਾਨ

ਮਲਕੀਤ ਸਿੰਘ ਮਾਨ *

ਗੁਰਮਤਿ ਸਾਹਿਤ ਦਾ ਸਿੱਖ ਇਤਿਹਾਸ ਨਾਲ ਨੇੜੇ ਦਾ ਵਾਸਤਾ ਹੈ। ਜਦੋਂ 1873 ਵਿੱਚ ਸਿੰਘ ਸਭਾ ਲਹਿਰ ਦਾ ਆਰੰਭ ਹੋਇਆ ਤਾਂ ਸਿੱਖਾਂ ਵਿੱਚ ਵਧੇਰੇ ਜਾਗਰਤੀ ਆਈ। ਇਸੇ ਸਮੇਂ ਲਹਿਰ ਦੇ ਪ੍ਰਭਾਵ ਸਦਕਾ ਅਨੇਕਾਂ ਸਿੱਖ ਨੌਜਵਾਨਾਂ ਦਾ ਧਿਆਨ ਆਪਣੇ ਵੱਡਮੁੱਲੇ ਵਿਰਸੇ ਵੱਲ ਮੁੜਿਆ। ਇਸ ਲਹਿਰ ਦੇ ਮੋਢੀਆਂ ਦਾ ਵੀ ਇਹੀ ਵਿਸ਼ਵਾਸ ਸੀ ਕਿ ਸਿੱਖ ਰਵਾਇਤਾਂ ਹੀ ਉਨ੍ਹਾਂ ਦੇ ਇਤਿਹਾਸ ਦਾ ਆਧਾਰ ਹਨ। ਸਭਨਾਂ ਦਾ ਮੁੱਖ ਮੰਤਵ ਸਿੱਖ ਧਰਮ ਤੇ ਸਿੱਖ ਇਤਿਹਾਸ ਬਾਰੇ ਪੁਸਤਕਾਂ ਪ੍ਰਕਾਸ਼ਿਤ ਕਰਨਾ ਸੀ।[1] ਅਨੇਕਾਂ ਝਮੇਲਿਆਂ, ਭਰਮ ਭੁਲੇਖਿਆਂ ਭਰਪੂਰ ਵਿਚਾਰ ਇਸ ਸਮੇਂ ਦੀ ਹੀ ਉਪਜ ਸਨ, ਜਿਨ੍ਹਾਂ ਵਿੱਚ ਗੁਰੂ ਨਾਨਕ ਦੇਵ ਜੀ ਦੇ ਜਨਮ ਸੰਬੰਧੀ, ਜਨਮ ਸਾਖੀਆਂ, ਦਸਮ ਗ੍ਰੰਥ ਸੰਬੰਧੀ ਆਦਿ ਸ਼ਾਮਿਲ ਹਨ। ਇਨ੍ਹਾਂ ਸਵਾਲਾਂ ਦੇ ਜਵਾਬ ਵਿੱਚ ਸੈਂਕੜੇ ਪੁਸਤਕਾਂ ਪ੍ਰਕਾਸ਼ਿਤ ਹੋਈਆਂ। ਸਮਾਜਿਕ-ਧਾਰਮਿਕ ਸੰਘਰਸ਼ ਦੇ ਚੱਲਦਿਆਂ ਸਿੱਖਾਂ ਅੰਦਰ ਜਾਗਰਤੀ ਪੈਦਾ ਹੋ ਗਈ ਸੀ। ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਨੇ ਸਿੱਖ ਕੌਮ ਨੂੰ ਸੰਤ ਸਮਾਜ ਤੋਂ ਬਦਲ ਕੇ ਸੰਤ ਸਿਪਾਹੀ ਬਣਨ ਲਈ ਮੁੱਢਲਾ ਢਾਂਚਾ ਪ੍ਰਦਾਨ ਕੀਤਾ। ਗੁਰੂ ਹਰਗੋਬਿੰਦ ਅਤੇ ਗੁਰੂ ਤੇਗ ਬਹਾਦਰ ਦੇ ਸਮਿਆਂ ਵਿੱਚ ਇਸ ਢਾਂਚੇ ਨੂੰ ਵਧੇਰੇ ਬਲ ਮਿਲਿਆ, ਜਿਸਦੇ ਸਦਕਾ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤੱਕ ਸਿੱਖ ਕੌਮ ਇੱਕ ਵਿਲੱਖਣ ਕੌਮ ਬਣ ਗਈ। ਬੰਦਾ ਬਹਾਦਰ, ਤੇ ਉਸ ਤੋਂ ਬਾਅਦ ਦੇ ਸਮੇਂ ਦਾ ਸਿੱਖ ਸੰਘਰਸ਼ ਵੀ ਇਸੇ ਬਦਲਾਅ ਦਾ ਹੀ ਨਤੀਜਾ ਸੀ। ਗੁਰਮੁਖੀ ਵਿੱਚ ਵਧੇਰੇ ਸਿੱਖ ਇਤਿਹਾਸ ਬਾਬਤ ਹੀ ਲਿਖਿਆ ਮਿਲਦਾ ਹੈ। ਇਹ ਸਮਕਾਲੀ ਵੀ ਹੈ ਤੇ ਅਰਧ-ਸਮਕਾਲੀ ਵੀ। ਇਹ ਵੀ ਮੰਨਿਆ ਜਾ ਸਕਦਾ ਹੈ ਕਿ ਇਹ ਸਾਹਿਤ ਸਿੱਖ ਰਵਾਇਤਾਂ ਦੀ ਪੇਸ਼ਕਾਰੀ ਹੈ ਤੇ ਨਾਲ-ਨਾਲ ਹੀ ਇਹ ਲਿਖਤਾਂ ਦੀ ਪੜਚੋਲ ਲਈ ਵੀ ਸਹਾਇਕ ਹੈ।[2] ਸਿੱਖ ਇਤਿਹਾਸਕਾਰੀ 19ਵੀਂ ਸਦੀ ਦੇ ਅਖੀਰਲੇ ਦਹਾਕੇ ਵਿੱਚ ਵਧੇਰੇ ਚਮਕੀ, ਜਦੋਂ ਇਤਿਹਾਸ ਵਾਰਤਕ ਵਿੱਚ ਲਿਖਿਆ ਜਾਣ ਲੱਗਾ ਤੇ ਗਿਆਨੀ ਗਿਆਨ ਸਿੰਘ ਵਾਰਤਕ ਵਿੱਚ ਸਿੱਖ ਇਤਿਹਾਸਕਾਰੀ ਦਾ ਪਹਿਲਾ ਇਤਿਹਾਸਕਾਰ ਬਣਿਆ।

ਗਿਆਨੀ ਗਿਆਨ ਸਿੰਘ ਦੀਆਂ ਲਿਖਤਾਂ ਦੀ ਇਤਿਹਾਸਕ ਪੜਚੋਲ ਵਧੇਰੇ ਮਹੱਤਵਪੂਰਨ ਤੇ ਸਾਰਥਕ ਹੈ। ਉਸਦੇ ਪੂਰਵਜਾਂ ਨੇ ਗੁਰਮੁਖੀ ਵਿੱਚ ਲਿਖਿਆ। ਰਵਾਇਤ ਦਾ ਪਾਲਣ ਕਰਦਿਆਂ ਉਹ ਪਹਿਲਾ ਲੇਖਕ ਬਣਿਆ, ਜਿਸਨੇ ਵਾਰਤਕ ਵਿੱਚ ਲਿਖਿਆ। ਉਸਦੀ ਪਹਿਲੀ ਵਾਰਤਕ ਲਿਖਤ *ਤਵਾਰੀਖ ਗੁਰੂ ਖਾਲਸਾ* ਸੀ।[3]

---

* ਰਿਸਰਚ ਸਕਾਲਰ, ਇਤਿਹਾਸ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

1. Teja Singh, 'The Singh Sabha Movement', *The Panjab Past and Present*, Punjabi University, Patiala, April 1973.
2. J.S. Grewal, *Historian's Punjab Miscellaneous Articles*, Amritsar, 1974.
3. ਗਿਆਨੀ ਗਿਆਨ ਸਿੰਘ, *ਤਵਾਰੀਖ ਗੁਰੂ ਖਾਲਸਾ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਚੌਥੀ ਵਾਰ, ਅਪ੍ਰੈਲ 2003.

ਸਿੱਖ ਇਤਿਹਾਸ ਉਪਰ ਗਿਆਨੀ ਗਿਆਨ ਸਿੰਘ ਤੋਂ ਪਹਿਲੀਆਂ ਲਿਖਤਾਂ ਵਿੱਚ *ਆਦਿ ਗ੍ਰੰਥ, ਵਾਰਾਂ ਭਾਈ ਗੁਰਦਾਸ, ਜਨਮਸਾਖੀਆਂ, ਬਚਿੱਤਰ ਨਾਟਕ, ਜ਼ਫਰਨਾਮਾ, ਗੁਰੂ ਸ਼ੋਭਾ, ਗੁਰਬਿਲਾਸ ਪਾਤਸ਼ਾਹੀ ਛੇਵੀਂ, ਬੰਸਾਵਲੀਨਾਮਾ* ਕ੍ਰਿਤ ਕੇਸਰ ਸਿੰਘ ਛਿੱਬਰ, ਸਰੂਪ ਦਾਸ ਭੱਲਾ ਰਚਿਤ *ਮਹਿਮਾ ਪ੍ਰਕਾਸ,* ਭਾਗ I-II, ਸੁੱਖਾ ਸਿੰਘ ਰਚਿਤ *ਗੁਰਬਿਲਾਸ ਪਾਤਸ਼ਾਹੀ 10ਵੀਂ,* ਭਾਈ ਸੰਤੋਖ ਸਿੰਘ ਰਚਿਤ *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* ਆਦਿ ਵਰਣਨ ਯੋਗ ਹਨ।

ਗੁਰੂ ਗ੍ਰੰਥ ਸਾਹਿਬ, ਜੋ ਕਿ 15ਵੀਂ ਸਦੀ ਦੇ ਅਖੀਰ ਤੋਂ ਲੈ ਕੇ 17ਵੀਂ ਸਦੀ ਦੇ ਆਰੰਭ ਤੱਕ ਦੇ ਸਿੱਖ ਇਤਿਹਾਸ ਦੀ ਸਮਾਜਿਕ, ਧਾਰਮਿਕ, ਆਰਥਿਕ ਤੇ ਰਾਜਨੀਤਿਕ ਦਸ਼ਾ ਦਾ ਚਿਤਰਣ ਹੈ, ਗੁਰੂ ਅਰਜਨ ਦੇਵ ਜੀ ਰਾਹੀਂ 1604 ਈ. ਵਿੱਚ ਸੰਪਾਦਤ ਕਰਵਾਇਆ ਗਿਆ। ਗੁਰੂ ਨਾਨਕ ਦੇਵ ਰਚਿਤ ਬਾਬਰਬਾਣੀ[4] 16ਵੀਂ ਸਦੀ ਦੀ ਰਾਜਨੀਤਿਕ ਹਾਲਤ ਦਾ ਹੂ-ਬ-ਹੂ ਚਿਤਰਣ ਹੈ। ਗੁਰੂ ਅਰਜਨ ਦੇਵ ਜੀ ਦਾ ਗੁਰਬਾਣੀ ਸੰਗ੍ਰਹਿ ਸਮਕਾਲੀ ਘਟਨਾਵਾਂ ਦਾ ਅਦਭੁੱਤ ਸੰਗ੍ਰਹਿ ਹੈ। ਇਸ ਕਰਕੇ ਇਸ ਗ੍ਰੰਥ ਨੂੰ ਸਿੱਖ ਇਤਿਹਾਸਕਾਰੀ ਦਾ ਮੁੱਢਲਾ ਮਾਡਲ ਕਿਹਾ ਜਾ ਸਕਦਾ ਹੈ।

ਭਾਈ ਗੁਰਦਾਸ ਦੀਆਂ ਵਾਰਾਂ, ਜਿਨ੍ਹਾਂ ਨੂੰ *ਗੁਰੂ ਗ੍ਰੰਥ ਸਾਹਿਬ* ਦੀ ਕੁੰਜੀ ਕਿਹਾ ਜਾਂਦਾ ਹੈ, ਇਹ ਗੁਰੂ ਨਾਨਕ ਜੀ ਦੀਆਂ ਯਾਤਰਾਵਾਂ ਦੀ ਵਡਮੁੱਲੀ ਜਾਣਕਾਰੀ ਪ੍ਰਦਾਨ ਕਰਦੀਆਂ ਹਨ। ਸਮਕਾਲੀ ਸਿੱਖਾਂ ਦੇ ਨਾਵਾਂ ਉੱਪਰ ਵੀ ਇਹ ਵਾਰਾਂ ਵਧੇਰੇ ਰੌਸ਼ਨੀ ਪਾਉਂਦੀਆਂ ਹਨ।[5]

ਗੁਰੂ ਗੋਬਿੰਦ ਸਿੰਘ ਨੇ *ਬਚਿੱਤਰ ਨਾਟਕ*[6] ਦੀ ਰਚਨਾ ਕਰਕੇ ਸਿੱਖ ਇਤਿਹਾਸਕਾਰੀ ਦੇ ਪ੍ਰਚੱਲਿਤ ਸਰੂਪ ਨੂੰ ਬਦਲਿਆ। ਭਾਵੇਂ ਇਹ ਸਰੋਤ ਅਧੂਰਾ ਹੈ ਪਰ ਇਹ ਇੱਕ ਮਹੱਤਵਪੂਰਨ ਸਰੋਤ ਮੰਨਿਆ ਜਾਂਦਾ ਹੈ। ਗਿਆਨੀ ਗਿਆਨ ਸਿੰਘ ਨੇ ਇਸੇ ਰਚਨਾ ਨੂੰ ਆਧਾਰ ਬਣਾ ਕੇ ਗੁਰੂ ਗੋਬਿੰਦ ਸਿੰਘ ਬਾਬਤ ਲਿਖਿਆ। *ਜ਼ਫਰਨਾਮਾ,* ਭਾਵ ਜਿੱਤ ਦੀ ਚਿੱਠੀ ਇੱਕ ਹੋਰ ਵਧੇਰੇ ਵਡਮੁੱਲਾ ਸਰੋਤ ਹੈ, ਜੋ ਸਿੱਧ ਕਰਦਾ ਹੈ ਕਿ ਜਦੋਂ ਸਾਰੇ ਵਸੀਲੇ ਖਤਮ ਹੋ ਜਾਣ ਤਾਂ ਹਥਿਆਰ ਚੁੱਕਣੇ ਪੈਂਦੇ ਹਨ। ਗਿਆਨ ਸਿੰਘ ਅਨੁਸਾਰ ਇਸੇ ਚਿੱਠੀ ਤੇ ਅਮਲ ਕਰਦਿਆਂ ਬਾਦਸ਼ਾਹ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਮਿਲਣ ਦਾ ਵਿਚਾਰ ਬਣਾਇਆ ਸੀ। ਕਵੀ ਸੈਨਾਪਤਿ ਦੀ ਰਚਨਾ *ਸ੍ਰੀ ਗੁਰ ਸ਼ੋਭਾ* ਵੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਦੇ ਕੁੱਝ ਮਹੱਤਵਪੂਰਨ ਪੱਖਾਂ ਬਾਬਤ ਜਾਣਕਾਰੀ ਪ੍ਰਦਾਨ ਕਰਦੀ ਹੈ। ਵਰਣਨਯੋਗ ਹੈ ਕਿ ਗਿਆਨੀ ਗਿਆਨ ਸਿੰਘ ਦੀਆਂ ਲਿਖਤਾਂ ਉਸ ਖੱਪੇ ਨੂੰ ਪੂਰਦੀਆਂ ਹਨ ਜਿਸ ਨੂੰ *ਸ੍ਰੀ ਗੁਰ ਸੋਭਾ* ਨੇ ਪੈਦਾ ਕੀਤਾ ਸੀ ਕਿਉਂਕਿ ਸੈਨਾਪਤਿ ਰਾਹੀਂ ਵਰਣਿਤ ਗੁਰੂ ਜੀ ਦੇ ਚਮਕੌਰ ਸਾਹਿਬ ਤੋਂ ਦਮਦਮਾ ਸਾਹਿਬ ਦੇ ਵਰਣਨ ਵਿੱਚ ਮੁਕਤਸਰ ਦੀ ਲੜਾਈ ਦਾ ਜ਼ਿਕਰ ਨਹੀਂ ਮਿਲਦਾ ਜਦੋਂ ਕਿ ਗਿਆਨ ਸਿੰਘ ਨੇ ਇਸ ਸੰਬੰਧੀ ਵਿਸਥਾਰ ਪੂਰਵਕ ਲਿਖਿਆ ਹੈ, ਜੋ ਕਿ ਇਤਿਹਾਸਕ ਪੱਖੋਂ ਵਧੇਰੇ ਉਪਯੋਗੀ ਸਾਬਤ ਹੁੰਦਾ ਹੈ।

ਗੁਰਬਿਲਾਸ ਪਾਤਸ਼ਾਹੀ ਛੇਵੀਂ ਕ੍ਰਿਤ ਕਵੀ ਸੋਹਨ ਤੇ *ਗੁਰ ਬਿਲਾਸ ਪਾਤਸ਼ਾਹੀ 10ਵੀਂ* ਕ੍ਰਿਤ ਕੋਇਰ ਸਿੰਘ ਵੀ ਗਿਆਨੀ ਗਿਆਨ ਸਿੰਘ ਤੋਂ ਪਹਿਲਾਂ ਦੀਆਂ ਲਿਖਤਾਂ ਹਨ। ਇਹ ਲਿਖਤਾਂ ਕ੍ਰਮਵਾਰ ਗੁਰੂ ਹਰਿਗੋਬਿੰਦ ਤੇ ਗੁਰੂ ਗੋਬਿੰਦ ਸਿੰਘ ਬਾਬਤ ਜਾਣਕਾਰੀ ਪ੍ਰਦਾਨ ਕਰਦੀਆਂ ਹਨ। ਪਰ ਇਹ ਦੋਵੇਂ ਲਿਖਤਾਂ ਇਤਿਹਾਸਕ ਪਰਖ ਵਿੱਚ ਪੂਰਨ ਨਹੀਂ ਹਨ।

---

4. *ਗੁਰੂ ਗ੍ਰੰਥ ਸਾਹਿਬ,* ਮਹਲਾ ੧, ਪੰਨਾ 417-418.
5. *ਵਾਰਾਂ ਭਾਈ ਗੁਰਦਾਸ ਜੀ,* ਵਾਰ 1, ਪੌੜੀ 23-48; ਵਾਰ 2 ਵੀਂ, ਪੌੜੀ 13-14, ਅੰਮ੍ਰਿਤਸਰ, 1981.
6. *ਬਚਿੱਤਰ ਨਾਟਕ,* ਇਹ *ਦਸਮ ਗ੍ਰੰਥ* ਦਾ ਭਾਗ ਹੈ, ਇਹ ਵੱਖ-ਵੱਖ ਲਿਖਤਾਂ ਵਿੱਚ ਦਰਜ ਹੈ। ਉਕਤ ਲਿਖਤ ਦਾ ਆਧਾਰ ਹੈ : *ਸ਼ਬਦਾਰਥ ਦਸਮ ਗ੍ਰੰਥ।* Vol. I (ਸੰਪਾ. ਭਾਈ ਰਣਧੀਰ ਸਿੰਘ),ਪੰਜਾਬੀ ਯੂਨੀਵਰਸਿਟੀ, ਪਟਿਆਲਾ, 1985, ਪੰਨੇ 53-92.

ਕੇਸਰ ਸਿੰਘ ਛਿੱਬਰ ਰਚਿਤ *ਬੰਸਾਵਲੀਨਾਮਾ* ਨੂੰ ਭਾਵੇਂ ਕਿ ਸਮਕਾਲੀ ਲਿਖਤ ਦੇ ਤੌਰ ਤੇ ਸਵੀਕਾਰਿਆ ਗਿਆ ਹੈ, ਪਰੰਤੂ ਇਹ ਲਿਖਤ ਵੀ ਬ੍ਰਾਹਮਣਵਾਦੀ ਪ੍ਰਭਾਵ ਤੋਂ ਮੁਕਤ ਨਹੀਂ ਅਤੇ ਤਿਥੀਆਂ ਦਾ ਮਿਲਾਨ ਵੀ ਨਹੀਂ ਹੁੰਦਾ। ਪਰ ਇਸ ਪੁਸਤਕ ਨੂੰ 18ਵੀਂ ਸਦੀ ਦੇ ਪਹਿਲੇ ਅੱਧ ਦੀਆਂ ਘਟਨਾਵਾਂ ਲਈ ਸਮਕਾਲੀ ਸਰੋਤ ਮੰਨਿਆ ਜਾਂਦਾ ਹੈ। *ਮਹਿਮਾ ਪ੍ਰਕਾਸ਼* ਕ੍ਰਿਤ ਭਾਈ ਸਰੂਪ ਦਾਸ ਭੱਲਾ ਇਸ ਲੜੀ ਤਹਿਤ ਇੱਕ ਹੋਰ ਮਹੱਤਵਪੂਰਨ ਪੁਸਤਕ ਹੈ।[7]

ਸਰੂਪ ਦਾਸ ਭੱਲਾ ਨੂੰ ਗੁਰੂਆਂ ਦੀ ਵੰਸ਼ ਵਿੱਚੋਂ ਮੰਨਿਆ ਜਾਂਦਾ ਹੈ। ਇਹ ਪੁਸਤਕ/ਕ੍ਰਿਤ ਭੱਲਾ ਨੇ ਖਿੰਡੀ-ਪੁੰਡੀ ਸਮੱਗਰੀ ਨੂੰ ਇਕੱਠਾ ਕਰਕੇ ਲਿਖੀ ਸੀ। ਬਾਅਦ ਦੇ ਸਿੱਖ ਲੇਖਕਾਂ ਨੇ ਆਪਣੀਆਂ ਲਿਖਤਾਂ ਵਿੱਚ ਸਿੱਖ ਗੁਰੂਆਂ ਸੰਬੰਧੀ ਤੇ ਬੰਦਾ ਸਿੰਘ ਬਹਾਦਰ ਸੰਬੰਧੀ ਲਿਖਦਿਆਂ ਇਸ ਪੁਸਤਕ ਦਾ ਆਸਰਾ ਲਿਆ ਹੈ। ਲੇਖਕ ਨੇ ਸਿੱਖ ਗੁਰੂਆਂ ਦੇ ਜਨਮ, ਮੌਤ ਨਾਲ ਸੰਬੰਧਿਤ ਵੇਰਵੇ ਠੀਕ ਦਿੱਤੇ ਹਨ। ਗਿਆਨੀ ਗਿਆਨ ਸਿੰਘ ਨੇ ਜਦੋਂ *ਤਵਾਰੀਖ ਗੁਰੂ ਖਾਲਸਾ* ਲਿਖੀ ਤਾਂ ਉਹ ਵੀ ਇਸ ਲਿਖਤ ਤੋਂ ਜਾਣੂ ਸੀ। ਇੱਕ ਹੋਰ ਲਿਖਤ ਸੁੱਖਾ ਸਿੰਘ ਰਚਿਤ *ਗੁਰਬਿਲਾਸ ਪਾਤਸ਼ਾਹੀ ਦਸਵੀਂ* ਵੀ ਗੁਰਮੁਖੀ ਵਿੱਚ ਮਿਲਦੀ ਹੈ, ਜਿਸਨੂੰ 1797 ਵਿੱਚ ਲਿਖਿਆ ਗਿਆ, ਇਸ ਨੂੰ ਗੁਰੂ ਗੋਬਿੰਦ ਸਿੰਘ ਦੀ ਜੀਵਨੀ ਕਿਹਾ ਜਾਂਦਾ ਹੈ। ਸੁੱਖਾ ਸਿੰਘ ਤਖਤ ਕੇਸਗੜ੍ਹ ਅਨੰਦਪੁਰ ਸਾਹਿਬ ਵਿਖੇ ਹੈਡ ਗ੍ਰੰਥੀ ਸੀ।[8] ਲੇਖਕ ਸਿੱਖ ਮਰਿਯਾਦਾ ਤੇ ਸਿੱਖ ਰਵਾਇਤਾਂ ਤੋਂ ਭਲੀ ਭਾਂਤ ਜਾਣੂ ਸੀ। ਗਿਆਨ ਸਿੰਘ ਨੇ *ਤਵਾਰੀਖ* ਦੇ ਪਹਿਲੇ ਭਾਗ ਲਈ ਇਸ ਪੁਸਤਕ ਨੂੰ ਆਧਾਰ ਬਣਾਇਆ।

ਭਾਈ ਸੰਤੋਖ ਸਿੰਘ ਨੇ *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* 1841 ਈ. ਵਿੱਚ ਰਚਿਆ।[9] ਪਹਿਲਾ ਭਾਗ ਗੁਰੂ ਨਾਨਕ ਜੀ ਦੇ ਜੀਵਨ ਸੰਬੰਧੀ ਜਾਣਕਾਰੀ ਮੁਹੱਈਆ ਕਰਦਾ ਹੈ ਤੇ ਬਾਕੀ ਭਾਗਾਂ ਵਿੱਚ ਸਿੱਖ ਗੁਰੂਆਂ ਸੰਬੰਧੀ ਵਰਣਨ ਮਿਲਦੇ ਹਨ। ਚੌਦ੍ਹਵੀਂ ਜਿਲਦ ਵਿੱਚ ਬੰਦਾ ਸਿੰਘ ਬਹਾਦਰ ਤੇ ਸਿੱਖ ਪ੍ਰੀਵਾਰਾਂ ਬਾਰੇ ਵਿਸਥਾਰ ਸਹਿਤ ਜਾਣਕਾਰੀ ਮਿਲਦੀ ਹੈ। ਭਾਵੇਂ ਇਹ ਔਖੀ ਬ੍ਰਜ ਭਾਸ਼ਾ ਵਿੱਚ ਲਿਖਿਆ ਗਿਆ ਹੈ ਪਰ ਗਿਆਨ ਸਿੰਘ ਨੇ ਇਸਨੂੰ ਵੀ ਆਪਣੀ ਲਿਖਤ ਵਿੱਚ ਵਰਤਿਆ ਹੈ। ਇਸ ਗ੍ਰੰਥ ਵਿੱਚ ਜ਼ਿਆਦਾਤਰ ਵਰਣਨ ਵਿਸਥਾਰ ਵਾਲੇ ਤੇ ਕਾਲਪਨਿਕ ਹਨ।[10]

ਰਤਨ ਸਿੰਘ ਭੰਗੂ ਰਚਿਤ *ਪ੍ਰਾਚੀਨ ਪੰਥ ਪ੍ਰਕਾਸ਼* ਜੋ 1469-1768 ਈ. ਤੱਕ ਦੇ ਵਰਣਨ ਤੇ ਆਧਾਰਿਤ ਹੈ, 1841 ਈ. ਵਿੱਚ ਲਿਖੀ ਗਈ। ਗਿਆਨੀ ਗਿਆਨ ਸਿੰਘ ਨੇ ਭੰਗੂ ਦੀ ਇਸ ਲਿਖਤ ਤੋਂ ਪ੍ਰੇਰਨਾ ਲਈ। ਲੇਖਕ ਅਨੁਸਾਰ ਭੰਗੂ ਨੇ ਕਈ ਅਹਿਮ ਮਾਮਲਿਆਂ ਵਿੱਚ ਸਿੱਖ ਕੌਮ ਬਾਬਤ ਠੀਕ ਨਹੀਂ ਲਿਖਿਆ। ਕਿਉਂਕਿ ਭੰਗੂ ਆਪ ਮਝੈਲ ਸੀ ਇਸ ਕਰਕੇ ਉਸਨੇ ਮਲਵੱਈਆਂ ਦੇ ਵਿਰੋਧ ਵਿੱਚ ਲਿਖਿਆ ਹੈ।

ਮਹਿਮਾ ਅਧਿਕ ਮਝੈਲਨ ਕੇਹੀ,
ਨਿੰਦਿਆ ਮਲਵੱਈਅਨ ਕੀ ਕੇਰੀ।

---

7. ਸਰੂਪ ਦਾਸ ਭੱਲਾ, *ਮਹਿਮਾ ਪ੍ਰਕਾਸ਼*, ਭਾਸ਼ਾ ਵਿਭਾਗ, ਪੰਜਾਬ,ਪਟਿਆਲਾ, 1971.
8. ਰਣਧੀਰ ਸਿੰਘ (ਸੰਪਾ.), *ਪ੍ਰੇਮ ਸੁਮਾਰਗ*, ਜਲੰਧਰ, 1965, ਪੰਨਾ 24; ਭਾਈ ਕਾਹਨ ਸਿੰਘ ਨਾਭਾ, *ਮਹਾਨ ਕੋਸ਼*, ਪੰਨਾ 315.
9. ਭਾਈ ਵੀਰ ਸਿੰਘ, *ਖਾਲਸਾ ਸਮਾਚਾਰ*, Vol. 14, ਅੰਮ੍ਰਿਤਸਰ, 1926-37; ਭਾਈ ਵੀਰ ਸਿੰਘ (ਸੰਪਾ.) *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ*, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1992.
10. ਡਾ. ਕਿਰਪਾਲ ਸਿੰਘ, 'ਹਿਸਟੋਰੀਕਲ ਰਿਸਰਚ ਇਨ ਪੰਜਾਬੀ' (ਆਰਟੀਕਲ), in De Souza & C.M. Kalkarni (eds.), *Historiography in Indian Languages*, Delhi, 1972, p. 238.

ਪੰਡਿਤ ਤਾਰਾ ਸਿੰਘ ਨਰੋਤਮ ਨੂੰ ਵੀ ਗਿਆਨੀ ਗਿਆਨ ਸਿੰਘ ਨੇ ਵਰਤਿਆ। ਪੰਡਿਤ ਜੀ ਗਿਆਨੀ ਗਿਆਨ ਸਿੰਘ ਦੇ ਗੁਰੂ ਸਨ, ਉਨ੍ਹਾਂ ਨੇ ਵੀ ਸਿੱਖ ਇਤਿਹਾਸ ਲਿਖਿਆ। ਗਿਆਨ ਸਿੰਘ ਰਚਿਤ *ਗੁਰੂਧਾਮ ਸੰਗ੍ਰਹਿ* ਉਨ੍ਹਾਂ ਦੇ ਕੀਤੇ ਕੰਮ ਦਾ ਹੀ ਸਾਰ ਹੈ। ਗਿਆਨ ਸਿੰਘ ਜੀ *ਪੰਥ ਪ੍ਰਕਾਸ਼* ਦੇ ਅਖੀਰ ਵਿੱਚ ਲਿਖਦੇ ਹਨ ਕਿ ਉਨ੍ਹਾਂ ਨੇ ਪੰਡਿਤ ਨਰੋਤਮ ਜੀ ਤੋਂ ਹੀ ਬ੍ਰਹਮ ਵਿੱਦਿਆ ਲਈ ਸੀ।[11]

ਪੰਡਤ ਤਾਰਾ ਸਿੰਘ ਨਰੋਤਮ
ਉਨਤੈ ਹਮ ਗਹਿਕੈ ਬ੍ਰਹਮ ਬਿਦਯਾ।
ਹਰਯੋ ਅਗਯਾਨ ਜਾਨ ਪਰ ਸਿੱਖਯਾ
ਕੀਨ ਰਟਨ ਫਿਰ ਦੇਸ ਦਿਸੰਤ੍ਰ।

ਕੁੱਝ ਅੰਗਰੇਜ਼ੀ ਦੀਆਂ ਲਿਖਤਾਂ ਵੀ ਮਿਲਦੀਆਂ ਹਨ, ਜਿਨ੍ਹਾਂ ਵਿੱਚ ਹੈਨਰੀ ਪ੍ਰਿੰਸਪ, ਮੈਕਗਰੇਗਰ; ਕਨਿੰਘਮ, ਗ੍ਰਿਫਨ ਤੇ ਲਾਤੀਫ ਦੇ ਨਾਮ ਵਰਣਨਯੋਗ ਹਨ। ਪ੍ਰਿੰਸਪ ਦੀ ਲਿਖਤ *Origin of Sikh Power in the Punjab—Political Life of Maharaja Ranjit Singh* ਜੋ 1834 ਵਿੱਚ ਲਿਖੀ ਗਈ। ਇਨ੍ਹਾਂ ਦਾ ਵਰਣਨ ਵੀ ਗਿਆਨੀ ਗਿਆਨ ਸਿੰਘ ਨੇ ਕੀਤਾ ਹੈ। ਇਸ ਪੁਸਤਕ ਵਿੱਚ 1739 ਤੋਂ 1833 ਤੱਕ ਦੇ ਵੇਰਵੇ ਹਨ। ਭਾਵੇਂ ਕਿ ਬਹੁਤੇ ਸਿੱਖ ਲੇਖਕਾਂ ਨੇ ਆਪਣੀਆਂ ਲਿਖਤਾਂ ਵਿੱਚ ਇਨ੍ਹਾਂ ਵੇਰਵਿਆਂ ਨੂੰ ਆਧਾਰ ਬਣਾਇਆ ਪਰ ਗਿਆਨੀ ਗਿਆਨ ਸਿੰਘ ਨੇ ਅੱਡਰੇ ਵਿਚਾਰ ਦਿੱਤੇ ਹਨ।

ਦੂਜੀ ਅੰਗਰੇਜ਼ੀ ਲਿਖਤ, ਜਿਸ ਦਾ ਵੇਰਵਾ ਗਿਆਨ ਸਿੰਘ ਨੇ ਆਪਣੀਆਂ ਲਿਖਤਾਂ ਵਿੱਚ ਦਿੱਤਾ ਹੈ, ਉਹ ਮੈਕਗਰੇਗਰ ਦੀ ਰਚਨਾ *The History of the Sikhs* ਹੈ, ਜੋ ਲੰਡਨ ਵਿਖੇ 1846 ਵਿੱਚ ਦੋ ਭਾਗਾਂ ਵਿੱਚ ਪ੍ਰਕਾਸ਼ਿਤ ਹੋਈ। ਇਸ ਪੁਸਤਕ ਵਿੱਚ ਗੁਰੂ ਨਾਨਕ ਦੇਵ ਤੋਂ ਲੈ ਕੇ ਪਹਿਲੇ ਐਂਗਲੋ-ਸਿੱਖ ਯੁੱਧ ਤੱਕ ਦੀਆਂ ਘਟਨਾਵਾਂ ਦਰਜ ਹਨ। ਮੈਕਗਰੇਗਰ ਨੂੰ ਸਿੱਖ ਗੁਰੂਆਂ ਤੇ ਬੰਦਾ ਸਿੰਘ ਬਹਾਦਰ ਸੰਬੰਧੀ ਵਰਣਨਾਂ ਵਿੱਚ ਵਧੇਰੇ ਕਮਜ਼ੋਰ ਮੰਨਿਆ ਜਾਂਦਾ ਹੈ।[12] ਕਨਿੰਘਮ ਨੇ ਵੀ ਇੱਕ ਪੁਸਤਕ *History of the Sikhs* 1849 ਵਿੱਚ ਲਿਖੀ। ਇਸ ਵਿੱਚ ਵੀ ਪਹਿਲੇ ਐਂਗਲੋ-ਸਿੱਖ ਯੁੱਧ ਤੱਕ ਦੇ ਵੇਰਵੇ ਹਨ। ਲੇਖਕ ਦੇ ਸਿੱਖ ਮਿਸਲਾਂ, ਰਣਜੀਤ ਸਿੰਘ, ਲਾਹੌਰ ਦਰਬਾਰ ਬਾਬਤ ਵੇਰਵੇ ਵਧੇਰੇ ਉਪਯੋਗੀ ਮੰਨੇ ਜਾ ਸਕਦੇ ਹਨ।

The Punjab Chiefs & the Rajas of the Punjab ਕ੍ਰਿਤ ਸਰ ਹੈਨਰੀ ਲੈਪਲ ਗ੍ਰਿਫਨ, *The History of Punjab* ਕ੍ਰਿਤ ਮੁਹੰਮਦ ਲਤੀਫ ਦੋ ਹੋਰ ਮਹੱਤਵਪੂਰਨ ਲਿਖਤਾਂ ਹਨ, ਜਿਨ੍ਹਾਂ ਦਾ ਹਵਾਲਾ ਗਿਆਨ ਸਿੰਘ ਨੇ ਦਿੱਤਾ ਹੈ। ਗਿਆਨੀ ਜੀ ਨੇ ਇਨ੍ਹਾਂ ਦੋਨਾਂ ਲਿਖਤਾਂ ਨੂੰ ਬ੍ਰਿਟਸ਼ ਲੇਖਕਾਂ ਦੇ ਵਿਚਾਰਾਂ ਤੇ ਆਧਾਰਿਤ ਹੋਣ ਕਾਰਨ ਸਵੀਕਾਰ ਨਹੀਂ ਕੀਤਾ ਹੈ।

ਕੁੱਝ ਪਰਸ਼ੀਅਨ ਲਿਖਤਾਂ ਦਾ ਹਵਾਲਾ ਦੇਣਾ ਵੀ ਜ਼ਰੂਰੀ ਹੋਵੇਗਾ, ਜਿਨ੍ਹਾਂ ਵਿੱਚ *ਦਾਬਿਸਤਾਨ-ਏ-ਮਜਾਹਿਬ* (ਜੁਲਫਿਕਾਰ ਅਰਦਸਤਾਨੀ), *ਸੀਅਰ-ਉਲ ਮੁਤੰਖਰੀਨ* (ਗੁਲਾਮ ਹੁਸੈਨ ਖਾਂ), *ਮੁਤੰਖਬ-ਉਲ-ਲੁਬਾਬ* (ਖਾਫੀ ਖ਼ਾਂ), ਸੁਜਾਨ ਰਾਏ ਭੰਡਾਰੀ ਦੀ ਰਚਨਾ *ਖੁਲਾਸਤ-ਉਤ-ਤਵਾਰੀਖ,* ਸੋਹਣ ਲਾਲ ਸੂਰੀ ਕ੍ਰਿਤ *ਉਮਦਤ-ਉਤ-ਤਵਾਰੀਖ,* ਬੂਟੇ ਸ਼ਾਹ ਰਚਿਤ *ਤਵਾਰੀਖ-ਏ-ਪੰਜਾਬ* ਸ਼ਾਮਿਲ ਹਨ, ਜਿਨ੍ਹਾਂ ਨੂੰ ਗਿਆਨੀ ਗਿਆਨ ਸਿੰਘ ਨੇ ਜਾਣਕਾਰੀ ਪ੍ਰਾਪਤ ਕਰਨ ਹਿੱਤ ਵਰਤਿਆ।

ਗਿਆਨੀ ਗਿਆਨ ਸਿੰਘ ਤੋਂ ਪਹਿਲਾਂ ਦੇ ਲੇਖਕਾਂ ਵਿੱਚੋਂ ਸਭਨਾਂ ਨੇ ਹੀ ਸਿਰਫ ਇੱਕ ਜਾਂ ਦੋ ਲਿਖਤਾਂ ਦੇ ਹਵਾਲੇ ਦਿੱਤੇ ਹਨ। ਗਿਆਨ ਸਿੰਘ ਪਹਿਲਾ ਲੇਖਕ ਹੈ ਜਿਸਨੇ ਗੁਰੂ ਨਾਨਕ ਦੇਵ ਜੀ ਦੇ ਜਨਮ

---

11. ਗਿਆਨੀ ਗਿਆਨ ਸਿੰਘ, *ਪੰਥ ਪ੍ਰਕਾਸ਼*, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਪੰਨਾ 373.
12. S.S. Bal, 'W.L. McGregor' (Article), in Fauja Singh (ed.), *Historians and Historiography of the Sikhs*, New Delhi, 1978, p. 78.

ਸਮੇਂ ਤੋਂ ਲੈ ਕੇ 19ਵੀਂ ਸਦੀ ਦੇ ਅਖੀਰਲੇ ਦਹਾਕੇ ਤੱਕ ਵਿਸਥਾਰ ਸਹਿਤ ਵੇਰਵੇ ਦਿੱਤੇ ਹਨ। ਲੇਖਕ ਦੀਆਂ ਲਿਖਤਾਂ ਦੀ ਇੱਕ ਖਾਸ ਵਿਸ਼ੇਸ਼ਤਾ ਇਹ ਹੈ ਕਿ ਉਸਨੇ ਸਮਕਾਲੀ ਸੋਮਿਆਂ ਨੂੰ ਆਧਾਰ ਬਣਾਇਆ ਹੈ। ਕਿਸੇ ਵੀ ਹੋਰ ਲੇਖਕ ਨੇ ਸਮਕਾਲੀ ਸੋਮਿਆਂ ਨੂੰ ਨਹੀਂ ਛੇੜਿਆ। ਇਸ ਸੰਬੰਧੀ ਰਤਨ ਸਿੰਘ ਭੰਗੂ ਦੀ ਉਦਾਹਰਨ ਦਿੱਤੀ ਜਾ ਸਕਦੀ ਹੈ। ਭੰਗੂ, ਭਾਵੇਂ ਮਹਾਰਾਜਾ ਰਣਜੀਤ ਸਿੰਘ ਦਾ ਸਮਕਾਲੀ ਸੀ, ਪਰ ਉਸਨੇ ਵੀ ਸਿੱਖ ਮਿਸਲਾਂ ਦੇ ਇਤਿਹਾਸ ਬਾਬਤ ਨਹੀਂ ਲਿਖਿਆ।[13]

ਕਿਉਂਕਿ ਗਿਆਨੀ ਗਿਆਨ ਸਿੰਘ ਨੇ ਸਿੱਖਾਂ ਦੀ ਚੜ੍ਹਦੀ ਅਤੇ ਢਹਿੰਦੀ ਕਲਾ ਦਾ ਹਾਲ ਅੱਖੀਂ ਦੇਖਿਆ ਸੀ, ਉਹ ਮਹਾਰਾਜਾ ਨਾਭਾ ਅਤੇ ਪਟਿਆਲਾ ਦਾ ਸਮਕਾਲੀ ਸੀ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਵਿੱਚ ਵੀ ਉਸ ਨੇ ਸੇਵਾ ਨਿਭਾਈ ਸੀ। ਇਸ ਕਰਕੇ ਉਸ ਦੀਆਂ ਲਿਖਤਾਂ ਦੀ ਭਰੋਸੇਯੋਗਤਾ ਨੂੰ ਮੰਨਿਆ ਜਾ ਸਕਦਾ ਹੈ। ਉਸ ਦੀਆਂ ਲਿਖਤਾਂ ਦੀ ਵਿਸ਼ੇਸ਼ਤਾ ਇਸ ਪੱਖੋਂ ਵੀ ਵਧੇਰੇ ਹੈ ਕਿ ਉਸ ਨੇ ਕਿਸੇ ਇੱਕ ਖਾਸ ਖਿੱਤੇ, ਮਜ੍ਹਬ ਬਾਬਤ ਨਹੀਂ ਲਿਖਿਆ ਸਗੋਂ ਸਿੱਖ ਭਾਵਨਾਵਾਂ ਦੀ ਕਦਰ ਕਰਦਿਆਂ ਸਹੀ ਤੱਥਾਂ ਨੂੰ ਬਿਆਨਣ ਦੀ ਕੋਸ਼ਿਸ਼ ਕੀਤੀ ਹੈ। ਗਿਆਨੀ ਗਿਆਨ ਸਿੰਘ ਦੀਆਂ ਲਿਖਤਾਂ ਦਾ ਮਹੱਤਵ ਇਸ ਗੱਲ ਵਿੱਚ ਵੀ ਹੈ ਕਿ ਬਾਅਦ ਦੇ ਤਕਰੀਬਨ ਸਭ ਲੇਖਕਾਂ ਨੇ ਉਸ ਦੀਆਂ ਲਿਖਤਾਂ ਦਾ ਉਪਯੋਗ ਕੀਤਾ।[14]

ਗਿਆਨੀ ਗਿਆਨ ਸਿੰਘ ਦੀ *ਸ਼ਮਸ਼ੇਰ ਖਾਲਸਾ* ਨੂੰ ਪੜ੍ਹਦਿਆਂ ਉਸਦੀ ਇਸ ਲਿਖਤ ਉਪਰ ਕਿੰਤੂ ਵੀ ਕੀਤਾ ਜਾ ਸਕਦਾ ਹੈ, ਕਿਉਂਕਿ ਇਸ ਲਿਖਤ ਵਿੱਚ ਲੇਖਕ ਕਾਲਪਨਿਕ ਉਡਾਰੀਆਂ ਮਾਰਨੋ ਨਹੀਂ ਬਚ ਸਕਿਆ। ਤੱਤ ਖਾਲਸਾ ਅਤੇ ਬੰਦਈ ਖਾਲਸਾ ਦੇ ਵਰਨਣ, ਬੰਦਾ ਸਿੰਘ ਬਹਾਦਰ ਦੇ ਜੀਵਨ ਤੇ ਘਟਨਾਵਾਂ ਸੰਬੰਧੀ ਵਰਨਣ ਇਸ ਦਾ ਪ੍ਰਤੱਖ ਪ੍ਰਮਾਣ ਹਨ। ਪਰ ਫਿਰ ਵੀ ਸਿੱਖ ਮਿਸਲਾਂ ਦਾ ਅਤੇ ਪਿਛਲੇ ਸਿੱਖ ਕਾਲ ਦਾ ਵਿਸਥਾਰ ਪੂਰਵਕ ਵਰਨਣ ਉਸ ਦੀਆਂ ਲਿਖਤਾਂ ਦੀ ਉਪਯੋਗਤਾ ਨੂੰ ਘਟਣ ਨਹੀਂ ਦਿੰਦਾ।

ਸਿੱਖ ਸੰਸਥਾਵਾਂ, ਸਿੱਖ ਅੰਦੋਲਨਾਂ ਸੰਬੰਧੀ ਉਸ ਦੇ ਵਰਨਣ ਕਮਾਲ ਦੇ ਹਨ। ਨਿਰਮਲ ਅਖਾੜਿਆਂ ਸੰਬੰਧੀ, ਕੂਕਾ ਅੰਦੋਲਨ ਸੰਬੰਧੀ, ਇਤਿਹਾਸਕ ਗੁਰਦੁਆਰਿਆਂ ਦੇ ਸਰਵੇ ਤੇ ਆਧਾਰਿਤ ਵਰਨਣ ਇਸ ਵਿੱਚ ਸ਼ਾਮਿਲ ਹਨ। ਗਿਆਨੀ ਗਿਆਨ ਸਿੰਘ ਨੇ ਸਿੱਖ ਇਤਿਹਾਸਕਾਰਾਂ ਵਿੱਚ ਕਿਸੇ ਸਥਾਨ ਦਾ ਨਿੱਜੀ ਸਰਵੇਖਣ ਕਰਕੇ ਲਿਖਣ ਦੀ ਚੇਟਕ ਵੀ ਲਾਈ।

---

13. ਡਾ. ਗੰਡਾ ਸਿੰਘ, *ਸਿੱਖ ਇਤਿਹਾਸ ਬਾਰੇ*, ਲਾਹੌਰ, 1942, ਪੰਨਾ 61.
14. ਡਾ. ਸੁਖਦਿਆਲ ਸਿੰਘ, *ਗਿਆਨੀ ਗਿਆਨ ਸਿੰਘ ਦੀਆਂ ਲਿਖਤਾਂ ਦੀ ਇਤਿਹਾਸਕਤਾ*, 1996, ਪੰਨਾ 142.

ਪੁਰਾਤਨ ਨਿਹੰਗ ਸਿੰਘਾਂ ਦੀ ਗੁਰੀਲਾ ਯੁੱਧ-ਨੀਤੀ

ਜਸਬੀਰ ਸਿੰਘ ਸਰਨਾ *

'ਗੁਰੀਲਾ' ਸ਼ਬਦ ਨੂੰ ਹੋਂਦ ਵਿੱਚ ਆਇਆਂ ਭਾਵੇਂ ਕਈ ਸਦੀਆਂ ਹੋ ਗਈਆਂ ਹਨ ਪਰ ਇਹ ਸ਼ਬਦ ਹਰ ਮੁਲਕ ਤੇ ਹਰ ਕੌਮ ਨਾਲ ਸਿੱਧੇ ਜਾਂ ਅਸਿੱਧੇ ਢੰਗ ਨਾਲ ਜੁੜਿਆ ਹੋਇਆ ਹੈ। ਨੈਪੋਲੀਅਨ ਨੇ ਵੀ ਗੁਰੀਲਾ ਸ਼ਬਦ ਵਰਤੋਂ ਵਿੱਚ ਆਉਣ ਤੋਂ ਪਹਿਲਾਂ ਇਹ ਗੱਲ ਸਮਝ ਲਈ ਸੀ ਕਿ ਸਪੇਨ ਦੀ ਲੜਾਈ ਵਿੱਚ ਤਿੰਨ ਹਿੱਸੇ ਵਿਚਾਰਧਾਰਾ ਦਾ ਜ਼ੋਰ ਸੀ ਅਤੇ ਬਾਕੀ ਦਾ ਚੌਥਾ ਹਿੱਸਾ ਫੌਜੀ ਤਵਾਜ਼ਨ ਦਾ ਸੀ।

'ਗੁਰੀਲਾ' ਸ਼ਬਦ ਦੀ ਪ੍ਰੀਭਾਸ਼ਾ ਬਿਆਨ ਕਰਦਿਆਂ *ਐਨ ਇੰਡੀਆ ਗੁਰੀਲਾ ਵਾਰ : ਦੀ ਸਿੱਖ ਪੀਪਲਜ਼ ਵਾਰ, ੧੬੯੯-੧੭੬੮* ਦਾ ਲੇਖਕ ਲਿਖਦਾ ਹੈ, "Guerilla Warfare is thus not mere hit and run, it is a subtle mixture of military activity and political mobilization and the one can not be separated from the other.... Guerilla warfare is, in fact not another form of war, it is a form of armed political struggle, that is people war."[1]

ਸਿੱਖ ਗੁਰੀਲਾ ਯੁੱਧਨੀਤੀ ਦਾ ਆਰੰਭਕ ਕਾਲ, ਗੁਰੂ ਨਾਨਕ ਸਾਹਿਬ ਦਾ ਜੀਵਨ ਕਾਲ ਹੀ ਹੈ। ਗੁਰੂ ਨਾਨਕ ਘਰ ਨੇ ਮੁੱਢਲੇ ਸਮੇਂ ਤੋਂ ਹੀ ਸਮਾਜ ਦੀਆਂ ਦੁਸ਼ਮਣ ਤਾਕਤਾਂ ਦੇ ਖਿਲਾਫ ਜਿਸ ਗੁਰੀਲਾ ਸ਼ਕਤੀ ਦੀ ਵਰਤੋਂ ਕੀਤੀ, ਉਹ ਮੀਰੀ-ਪੀਰੀ ਦੀਆਂ ਤਲਵਾਰਾਂ ਅਤੇ ਸ਼ਬਦ ਗਿਆਨ ਦੇ ਖੰਡੇ ਵਿਚਕਾਰ ਪੱਕੀ ਸਾਂਝ ਦੀ ਹੀ ਸ਼ਕਤੀ ਸੀ। ਨਿਹੰਗ ਸਿੰਘਾਂ ਦੀ ਗੁਰੀਲਾ ਯੁੱਧਨੀਤੀ, ਸੈਨਿਕ ਸੁਭਾਅ ਪੱਖੋਂ ਜਿਥੇ ਤਲਵਾਰ ਦੀ ਧਾਰ 'ਤੇ ਤੁਰਨ ਜਿਹਾ ਰੂਪ ਰੱਖਦੀ ਸੀ ਉਥੇ ਸੁਭਾਅ ਦੇ ਰੂਬਰੂ ਰੁਚੀ ਪੱਖੋਂ ਮਾਨਵੀ ਅਸੂਲਾਂ ਤੇ ਸਦਾਚਾਰਕ ਕਦਰਾਂ-ਕੀਮਤਾਂ ਦੀ ਧਾਰਨੀ ਵੀ ਹੈ। ਆਦਿ ਤੋਂ ਹੀ ਸਿੱਖ ਧਰਮ ਨੇ ਜਿਥੇ ਕਿਤੇ ਸਿੱਖੀ ਦੀ ਸ਼ਮ੍ਹਾ ਨੂੰ ਬਾਲਿਆ, ਉਥੇ ਲੋਕਾਈ ਜਾਗਰੂਕ ਤਾਂ ਹੋਈ ਪਰ ਸਵੈਮਾਣ ਤੇ ਸਵੈ-ਭਰੋਸੇ ਦਾ ਮਾਰਗ-ਦਰਸ਼ਨ ਵੀ ਬਣੀ।

ਸਿੱਖ ਧਰਮ ਵਿੱਚ ਸਿੱਖ ਗੁਰੀਲਿਆਂ ਦਾ ਮੁੱਢ ਗੁਰੂ ਹਰਿਗੋਬਿੰਦ ਸਾਹਿਬ ਨੇ ਉਦੋਂ ਹੀ ਬੰਨ੍ਹ ਦਿੱਤਾ ਸੀ ਜਦੋਂ ਗੁਰੂ ਸਾਹਿਬ ਨੇ ਸਿੱਖ ਗੱਭਰੂਆਂ ਨੂੰ ਹਰਾਵਲ ਦਸਤਿਆਂ ਦੀ ਸ਼ਕਲ ਦੇਣੀ ਸ਼ੁਰੂ ਕਰ ਦਿੱਤੀ ਸੀ ਅਤੇ ਤਾਕੀਦ ਕੀਤੀ ਕਿ ਚੰਗੇ ਤੋਂ ਚੰਗੇ ਸ਼ਸਤਰ ਤੇ ਘੋੜੇ ਇਕੱਠੇ ਕੀਤੇ ਜਾਣ। ਗੁਰੂ ਗੋਬਿੰਦ ਸਿੰਘ ਦੇ ਕਾਲ ਵਿੱਚ ਖਾਲਸੇ ਦੇ ਸੁਭਾਅ ਦੇ ਰੂਬਰੂ ਯੁੱਧ ਦੇ ਅਮਲ-ਕਰਮ ਨੂੰ "ਟੂ-ਇਨ-ਵਨ" ਕਰ ਦਿੱਤਾ ਸੀ। ਦਸਮੇਸ਼ ਪਿਤਾ ਜੀ ਨੇ ਖਾਲਸਾ ਸਾਜਣ ਸਮੇਂ ਇਹ ਮਹਿਸੂਸ ਕਰ ਲਿਆ ਸੀ ਕਿ ਸਮਾਜਿਕ ਰਾਜਸੀ ਪਿੜ ਅੰਦਰ ਹਥਿਆਰਬੰਦ ਰਹਿ ਕੇ ਹੀ ਜ਼ਾਲਮ ਤੇ ਲੋਕ-ਦੁਸ਼ਮਣ ਤਾਕਤਾਂ ਦਾ ਸਫਾਇਆ ਕੀਤਾ ਜਾ ਸਕਦਾ ਹੈ :

ਖਾਲਸਾ ਸੋ ਜੋ ਚੜਹਿ ਤੁਰੰਗ। ਖਾਲਸਾ ਸੋ ਜੋ ਕਰੇ ਨਿਤ ਜੰਗ।
ਖਾਲਸਾ ਸੋ ਜੋ ਸ਼ਸਤ੍ਰ ਕਉ ਧਾਰੈ। ਖਾਲਸਾ ਸੋ ਜੋ ਦੁਸ਼ਟ ਕਉ ਮਾਰੈ।

(ਸਰਬਲੋਹ ਗ੍ਰੰਥ)

---

* ਮੀਆਂ ਮੀਰ ਨਗਰ, ਹਮਦਾਨੀਆਂ ਕਲੋਨੀ-4, ਬੇਮੀਨਾ, ਸ੍ਰੀਨਗਰ-190018, ਕਸ਼ਮੀਰ।

1. Malik, Arjan Dass, *An Indian Guerilla War : The Sikh People's War (1699-1768)*, Wiley Eastern Limited, New Delhi, 1975, pp. 3-4.

ਗੁਰੂ ਅਰਜਨ ਸਾਹਿਬ ਅਤੇ ਗੁਰੂ ਤੇਗ ਬਹਾਦਰ ਸਾਹਿਬ ਦੀ ਬੇਮਿਸਾਲ ਸ਼ਹਾਦਤ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਨੂੰ ਇਹ ਆਦਰਸ਼ਕ ਨਿਸ਼ਾਨੇ ਦੇ ਕੇ ਹਥਿਆਰਾਂ ਦੀ ਮਹੱਤਤਾ ਨੂੰ ਹੋਰ ਵੀ ਉਜਾਗਰ ਕਰ ਦਿੱਤਾ, "ਜੋ ਸਿੱਖ ਹਥਿਆਰ ਬੰਨ੍ਹ ਕੈ ਦਰਸਨਿ ਆਵਗੁ, ਸੋ ਨਿਹਾਲ ਹੋਗੁ।" ਨਿਹੰਗ ਗੁਰੀਲਿਆਂ ਦਾ ਮੁੱਢ ਤੋਂ ਹੀ ਇਹ ਕਰਤੱਵ ਰਿਹਾ ਹੈ ਕਿ ਉਹ ਸਮਾਜ ਦੀਆਂ ਜ਼ਾਬਰ ਤੇ ਦੁਸ਼ਮਣ ਤਾਕਤਾਂ ਦੇ ਖਿਲਾਫ ਲੋਹਾ ਲੈਂਦੇ ਰਹਿਣ। ਖਾਲਸੇ ਦੇ ਪ੍ਰਗਟ ਹੋਣ ਦਾ ਇੱਕ ਪਹਿਲੂ ਇਹ ਵੀ ਸੀ, ਬਕੌਲ ਕਵੀ ਸੈਨਾਪਤਿ :

ਅਸੁਰ ਸਿੰਘਾਰਬੇ ਕੋ, ਦੁਰਜਨ ਕੇ ਮਾਰਬੇ ਕੋ,
ਸੰਕਟ ਨਿਵਾਰਬੇ ਕੋ, ਖਾਲਸਾ ਬਨਾਯੋ ਹੈ। *(ਸ੍ਰੀ ਗੁਰੂ ਸੋਭਾ)*

ਗੁਰੂ ਹਰਿਗੋਬਿੰਦ ਸਾਹਿਬ, ਗੁਰੂ ਹਰਿ ਰਾਇ ਸਾਹਿਬ, ਗੁਰੂ ਹਰਿਕ੍ਰਿਸ਼ਨ ਸਾਹਿਬ ਅਤੇ ਗੁਰੂ ਤੇਗ ਬਹਾਦਰ ਸਾਹਿਬ ਜਦੋਂ ਆਪਣੇ ਸਮਿਆਂ ਵਿੱਚ ਗੁਰੂ ਨਾਨਕ ਸਾਹਿਬ ਜੀ ਦੀ ਵਿਚਾਰਧਾਰਾ ਨੂੰ ਦੂਰ-ਦੁਰਾਡੇ ਇਲਾਕਿਆਂ ਵਿੱਚ ਪ੍ਰਚਾਰਨ ਲਈ ਜਾਂਦੇ ਤਾਂ ਆਪਣੇ ਨਾਲ ਭਾਰੀ ਗਿਣਤੀ ਵਿੱਚ ਘੋੜਸਵਾਰ ਵੀ ਰੱਖਦੇ ਸਨ। ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਨੇ ਆਨੰਦਪੁਰ ਸਾਹਿਬ ਦੇ ਆਲੇ-ਦੁਆਲੇ ਨੂੰ ਕਿਲ੍ਹੇਬੰਦ ਰੂਪ ਦੇਣ ਦਾ ਕਰਮ ਵੀ ਸ਼ੁਰੂ ਕਰ ਦਿੱਤਾ ਸੀ। ਨਿਹੰਗ ਸਿੰਘਾਂ ਦੇ ਲਗਾਤਾਰ ਸੰਗਰਾਮਾਂ ਤੇ ਸ਼ਹਾਦਤਾਂ ਦੇ ਸਿਲਸਿਲੇ ਨੇ ਸਿੱਖ ਧਰਮ ਦੇ ਆਦਰਸ਼ ਅਨੁਸਾਰ ਹਲੇਮੀ ਰਾਜ ਦੀ ਸਥਾਪਤੀ ਲਈ ਉਤਸ਼ਾਹਿਤ ਹੀ ਨਹੀਂ ਕੀਤਾ, ਸਗੋਂ ਅਠਾਰ੍ਹਵੀਂ ਤੇ ਉਨ੍ਹੀਵੀਂ ਸਦੀ ਦੌਰਾਨ 'ਖਾਲਸਾ ਜੀ ਦਾ ਬੋਲਬਾਲਾ' ਵੀ ਪੰਜਾਬ ਵਿੱਚ ਹੋਇਆ। ਅਜਿਹਾ ਸਿੰਘ ਇਨਕਲਾਬੀ ਸਪਿਰਿਟ, ਅਸੂਲਾਂ ਤੇ ਸੈਨਿਕੀ ਪੈਂਤੜਿਆਂ ਪੱਖੋਂ ਬਿਲਕੁਲ ਵਿਲੱਖਣ ਤੇ ਬਲਵਾਨ ਸੀ।

ਸਿੱਖ ਗੁਰੀਲਿਆਂ ਨੂੰ ਪੰਜ ਦੌਰਾਂ ਵਿੱਚ ਵੰਡਿਆ ਜਾ ਸਕਦਾ ਹੈ, ਜਿਵੇਂ ਸੰਸਥਾਪਨ ਦੌਰ, ਉਤਰਜੀਵਿਤਾ ਦੌਰ (ਯਾਦਗਾਰੀ), ਸੁਰੱਖਿਅਤ ਯੁੱਧ, ਗਤੀਸ਼ੀਲ ਯੁੱਧ ਅਤੇ ਸਿਧਾਂਤਕ ਯੁੱਧ। ਗੁਰੂ ਨਾਨਕ ਸਾਹਿਬ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਦਾ ਸਮਾਂ ਸਿੱਖ ਗੁਰੀਲਾ-ਨੀਤੀ ਦਾ ਪਹਿਲਾ ਤੇ ਜ਼ਰੂਰੀ ਦੌਰ ਭਾਵ ਸੰਸਥਾਪਨ ਦੌਰ ਹੀ ਕਿਹਾ ਜਾ ਸਕਦਾ ਹੈ।

1699 ਤੋਂ ਲੈ ਕੇ 1768 ਈਸਵੀ ਤੱਕ ਸਿੰਘਾਂ ਦਾ ਸੰਘਰਸ਼ ਮੁਗਲਾਂ ਤੇ ਅਫਗਾਨਾਂ ਨਾਲ ਸੀ। ਇਨ੍ਹਾਂ 68 ਵਰ੍ਹਿਆਂ ਵਿੱਚ ਸਿੱਖ ਗੁਰੀਲਿਆਂ ਦੇ ਕਿਰਦਾਰ ਬਾਰੇ ਆਖਿਆ ਜਾਂਦਾ ਹੈ, "ਇਸ ਸਮੇਂ ਸਿੱਖ ਗੁਰੀਲੇ ਨੇਤਾ, ਬੜੇ ਸਿਲਸਿਲੇਵਾਰ ਅਤੇ ਸੁਚੇਤ ਹੋ ਕੇ ਇੱਕੋ ਫੌਜੀ ਸਿਧਾਂਤ 'ਤੇ ਟਿਕੇ ਰਹੇ ਜੋ ਅਜੋਕੀ ਗੁਰੀਲਾ ਯੁੱਧਨੀਤੀ ਦੇ ਸਿਧਾਂਤ ਨਾਲ ਮੇਲ ਖਾਂਦੀ ਸੀ।"

ਨਿਹੰਗ ਸਿੰਘ ਗੁਰੀਲਿਆਂ ਉੱਤੇ ਇੱਕ ਸਮਾਂ ਅਜਿਹਾ ਵੀ ਆਇਆ, ਜਦੋਂ ਉਨ੍ਹਾਂ ਨੂੰ ਘਰ-ਘਾਟ ਛੱਡਣਾ ਪਿਆ। ਜੰਗਲਾਂ, ਪਹਾੜਾਂ ਅਤੇ ਰੇਗਿਸਤਾਨਾਂ ਨੂੰ ਹੀ ਆਪਣਾ ਆਲ੍ਹਣਾ ਸਮਝਣਾ ਪਿਆ। ਰੁੱਖੀ-ਸੁੱਖੀ ਰੋਟੀ ਨੂੰ ਚੜ੍ਹਦੀਕਲਾ ਵਾਲੇ ਨਾਂ ਦੇ ਕੇ ਅਕਾਲ ਪੁਰਖ ਦੀ ਰਜ਼ਾ ਵਿੱਚ ਵਿਚਰਨ ਲੱਗੇ। ਭੁੱਜੇ ਛੋਲਿਆਂ ਨੂੰ 'ਬਦਾਮ' ਕਹਿਣਾ, ਇੱਕ ਸਿੰਘ ਨੂੰ 'ਸਵਾ ਲੱਖ' ਅਤੇ ਭੁੱਖੇ ਸਿੰਘ ਨੂੰ 'ਮਸਤਾਨਾ' ਕਹਿਣਾ ਆਦਿ ਬੋਲੇ ਸਿੰਘਾਂ ਦੀ ਚੜ੍ਹਦੀਕਲਾ ਦੇ ਪ੍ਰਤੀਕ ਸਨ। ਇਨ੍ਹਾਂ ਸਮਿਆਂ ਵਿੱਚ ਹੀ ਸਿੰਘਾਂ ਨੇ ਕੁੱਤੇ ਨੂੰ 'ਬਾਹਮਣ' ਤੇ ਮੁਰਗੇ ਨੂੰ 'ਕਾਜ਼ੀ' ਜਿਹੇ ਨਾਂ ਦੇ ਦਿੱਤੇ ਸਨ। ਸਿੰਘਾਂ ਦਾ ਅਜਿਹੇ ਸੰਕਟਮਈ ਸਮਿਆਂ ਵਿੱਚ ਸਭ ਤੋਂ ਹੈਰਾਨਕੁੰਨ ਮੁਕਾਮ ਇਹ ਸੀ ਕਿ 'ਖਾਲਸਾ ਰਾਜ' ਸਥਾਪਤ ਕਰਨ ਦਾ ਵਿਚਾਰ ਉਨ੍ਹਾਂ ਦੇ ਮਨ ਵਿੱਚੋਂ ਨਹੀਂ ਸੀ ਵਿਸਰਿਆ। ਸਿੰਘ ਛੋਟੇ-ਛੋਟੇ ਹਰਾਵਲ ਦਸਤੇ ਬਣਾ ਕੇ, ਘਾਤ ਲਾ ਕੇ ਦੁਸ਼ਮਣ ਫੌਜੀ ਟੁਕੜੀਆਂ ਉੱਪਰ ਹਮਲੇ ਕਰਦੇ ਹੀ ਰਹਿੰਦੇ ਸਨ।

ਸਿੰਘਾਂ ਦਾ ਮੁੱਖ ਖਾਸਾ ਸੀ ਕਿ ਉਹ ਦੁਸ਼ਮਣ ਤਾਕਤਾਂ ਨਾਲ ਰਣ-ਤੱਤੇ ਵਿੱਚ ਜਾਂ ਤਾਂ ਜਿੱਤ ਪ੍ਰਾਪਤ ਕਰਨਗੇ ਤੇ ਜਾਂ ਦੁਸ਼ਮਣ ਨਾਲ ਮੁਕਾਬਲਾ ਕਰਦੇ ਸ਼ਹੀਦੀ ਪ੍ਰਾਪਤ ਕਰਨਗੇ। ਰਣ-ਤੱਤੇ ਵਿੱਚ ਹਥਿਆਰ

ਸੁੱਟਣੇ ਜਾਂ ਵੈਰੀ ਦੀ ਭਾਰੀ ਸ਼ਕਤੀ ਦਾ ਡਰ ਮੰਨਣਾ ਅਤੇ ਸੈਨਿਕ ਸ਼ਕਤੀ ਦੇ ਮੁਕਾਬਲੇ ਆਪਣੇ ਆਪ ਨੂੰ ਕਮਜ਼ੋਰ ਤੇ ਨਿਤਾਣਾ ਸਮਝਣਾ ਸਿੰਘਾਂ ਦੀਆਂ ਸਿਧਾਂਤਕ ਰਵਾਇਤਾਂ ਦੇ ਉੱਕਾ ਹੀ ਉਲਟ ਸੀ। ਗੁਰੂ ਨਾਨਕ ਘਰ ਦੀ ਵੀ ਬਖਸ਼ਿਸ਼ ਹੈ ਕਿ ਸਿੰਘ ਗੁਰੀਲੇ 'ਖਾਲਸਾ ਅਕਾਲ ਪੁਰਖ ਕੀ ਫੌਜ' ਹੋਣ ਦੇ ਨਾਤੇ ਅਣਹੋਣੀ ਨੂੰ ਹੋਣੀ ਵਿੱਚ ਬਦਲਣ ਦੇ ਸਮਰੱਥ ਹੋ ਨਿੱਬੜਦੇ ਹਨ। ਸਿੰਘਾਂ ਦਾ ਮੁੱਖ ਉਦੇਸ਼ ਇਹ ਵੀ ਰਿਹਾ ਹੈ ਕਿ ਉਹ ਮੈਦਾਨੇ-ਜੰਗ ਵਿੱਚ ਦੁਸ਼ਮਣਾਂ ਉੱਪਰ ਫਤਹਿ ਪ੍ਰਾਪਤ ਕਰਕੇ, ਫਤਹਿ ਦੀ ਪ੍ਰਾਪਤੀ ਅਕਾਲ ਪੁਰਖ ਦੀ ਮੰਨਦੇ ਰਹੇ ਹਨ।

ਬਾਬਾ ਬੰਦਾ ਸਿੰਘ ਬਹਾਦਰ ਤੋਂ ਬਾਅਦ ਸਿੰਘ ਗੁਰੀਲਿਆਂ ਉੱਪਰ ਅਜਿਹਾ ਕਾਲਾ ਯੁੱਗ ਵੀ ਆਇਆ ਕਿ ਉਨ੍ਹਾਂ ਨੂੰ ਜ਼ਿੰਦਗੀ ਤੇ ਮੌਤ ਦੇ ਵਿਚਕਾਰ ਖ਼ੂਨੀ ਤੂਫਾਨਾਂ ਦੇ ਝੱਖੜਾਂ ਨਾਲ ਟਕਰਾਉਣਾ ਪਿਆ। ਵੈਰੀਆਂ ਨੇ ਕਈ ਵਾਰ ਸਿੱਖ ਲਹਿਰ ਨੂੰ ਕੁਚਲਿਆ, ਤਬਾਹ ਕੀਤਾ ਅਤੇ ਸਿੱਖਾਂ ਨੂੰ ਉਜਾੜਿਆ-ਪੁਜਾੜਿਆ। ਲਾਹੌਰ, ਕਸੂਰ, ਪੱਟੀ, ਜਲੰਧਰ, ਜੰਮੂ-ਕਸ਼ਮੀਰ ਤੇ ਸਰਹਿੰਦ ਦਿਆਂ ਹਾਕਮਾਂ ਨੇ ਖਾਲਸੇ ਦਾ ਨਾਮੋ-ਨਿਸ਼ਾਨ ਮਿਟਾ ਦੇਣ ਲਈ ਇੱਕੋ ਸਮੇਂ ਕਈ ਸਾਂਝੀਆਂ ਮੁਹਿੰਮਾਂ ਚਲਾਈਆਂ। ਖਾਲਸਾ ਪੰਥ ਦੇ ਸੂਰਬੀਰ ਕਈ ਵਾਰ ਗਿਣਤੀ ਦੇ ਪੱਖੋਂ ਬਿਲਕੁਲ ਖਤਮ ਹੋ ਜਾਣ ਦੇ ਨੇੜੇ ਪੁੱਜ ਜਾਂਦੇ ਰਹੇ। ਫਰੁੱਖਸੀਅਰ ਬਾਦਸ਼ਾਹ ਦੇ ਦੌਰ ਵਿੱਚ ਤਾਂ ਇੱਕ ਵਾਰ ਐਸਾ ਸਮਾਂ ਵੀ ਆਇਆ ਜਦੋਂ ਛਾਪਾਮਾਰ ਸਿੰਘਾਂ ਦੀ ਗਿਣਤੀ ਕੇਵਲ ਦੋ ਹਜ਼ਾਰ ਦੇ ਲਗਭਗ ਰਹਿ ਗਈ ਸੀ ਪਰ ਦਸਮ ਪਿਤਾ ਦੀ ਕਿਰਪਾ ਸਦਕਾ ਮਨੁੱਖੀ ਹਿਰਦਿਆਂ ਅੰਦਰ ਜੋ ਅਣਖ ਤੇ ਸੰਗਰਾਮ ਦੀ ਜਵਾਲਾ ਬਲ ਉੱਠੀ ਸੀ, ਉਸ ਦੇ ਪ੍ਰਭਾਵ ਹੇਠ ਹੋਰ ਸੈਂਕੜੇ ਨੌਜਵਾਨ ਪਿੰਡਾਂ ਤੇ ਕਸਬਿਆਂ ਵਿੱਚੋਂ ਨਿਕਲ ਕੇ ਹਥਿਆਰਬੰਦ ਖਾਲਸਈ ਜਥਿਆਂ ਵਿੱਚ ਜਾ ਸ਼ਾਮਲ ਹੁੰਦੇ ਸਨ।[2]

ਸਿੱਖ ਧਰਮ ਵਿੱਚ ਸਿੰਘਾਂ ਦੀ ਗੁਰੀਲਾ ਯੁੱਧ ਨੀਤੀ ਦਾ ਪੈਂਤੜਾ ਸਿਧਾਂਤਕ-ਵਿਚਾਰਧਾਰਕ ਹੁੰਦਾ ਸੀ। ਇਸ ਯੁੱਧ ਦੇ ਪੈਂਤੜੇ ਦੀ ਨਿਯੰਤਰਤਾ ਅਸਲ ਵਿੱਚ ਲਗਨ, ਲੈਅ ਅਤੇ ਸ਼ਰਧਾ ਹੁੰਦੀ ਹੈ, ਉਹ ਕਿਸੇ ਸਿਧਾਂਤ/ਵਿਚਾਰਧਾਰਾ ਦੇ ਆਸ-ਪਾਸ ਘੁੰਮਦੀ ਹੈ ਕਿ ਸਿੰਘ ਖਤਰਨਾਕ ਮੁਸ਼ਕਿਲਾਂ ਵਿੱਚੋਂ ਗੁਜ਼ਰਦਿਆਂ ਵੀ ਨਾ ਢਹਿੰਦੀ-ਕਲਾ ਵਿੱਚ ਆਪਣੇ ਆਪ ਨੂੰ ਜਾਣ ਦਿੰਦੇ ਸਨ ਅਤੇ ਨਾ ਹੀ ਮਾਨਸਿਕ ਤੌਰ 'ਤੇ ਡਾਵਾਂਡੋਲ ਹੋਣ ਦਿੰਦੇ ਸਨ। ਸਿੰਘਾਂ ਦਾ ਵਿਸ਼ੇਸ਼ ਗੁਣ ਇਹ ਸੀ ਕਿ ਉਹ ਸਮੇਂ ਦੀ ਮੰਗ ਅਤੇ ਵਕਤ ਦੀ ਲੋੜ ਅਨੁਸਾਰ ਰਣ-ਤੱਤੇ ਵਿੱਚ ਦੁਸ਼ਮਣ ਨਾਲ ਦੋ-ਦੋ ਹੱਥ ਹੁੰਦੇ। ਮੁੱਢ ਤੋਂ ਹੀ ਸਿੰਘ ਗੁਰੀਲਿਆਂ ਦੀਆਂ ਸਿਧਾਂਤਕ ਜੜ੍ਹਾਂ ਮਜ਼ਬੂਤ ਸਨ ਅਤੇ ਉਨ੍ਹਾਂ ਨੂੰ ਆਪਣੇ ਲੋਕਾਂ ਦੀ ਹਮਾਇਤ ਹਾਸਲ ਸੀ। ਇਹ ਗੁਰੀਲਾ ਜੰਗ ਅਸਲ ਵਿੱਚ ਲੋਕਾਂ ਦੀ ਜੰਗ ਸੀ, ਜਿਸ ਵਿੱਚ ਜੁਝਾਰੂ ਦਸਤੇ ਲੋਕਾਂ ਦੀ ਹਮਾਇਤ ਲੈ ਕੇ ਛੋਟੇ-ਛੋਟੇ ਹਰਾਵਲ ਦਸਤੇ ਬਣਾ ਕੇ ਹਥਿਆਰਬੰਦ ਝੜੱਪਾਂ ਸ਼ੁਰੂ ਕਰਦੇ ਸਨ। "ਇਨ੍ਹਾਂ ਝੜੱਪਾਂ ਦਾ ਮਨੋਰਥ ਦੁਸ਼ਮਣ ਨੂੰ ਕਮਜ਼ੋਰ ਕਰਨਾ ਅਤੇ ਲੋਕਾਂ ਨੂੰ ਵੱਧ ਤੋਂ ਵੱਧ ਗਿਣਤੀ ਵਿੱਚ ਵਲੇਟਣਾ ਹੁੰਦਾ, ਤਾਂ ਜੋ ਦੁਸ਼ਮਣ ਨੂੰ ਅਖੀਰ ਵਿੱਚ ਹਰਾਇਆ ਜਾਵੇ ਅਤੇ ਜਨਤਾ ਲਈ ਸਿਆਸੀ ਮਨੋਰਥ ਹਾਸਲ ਕੀਤੇ ਜਾਣ। ...ਖਾਲਸਾ ਗੁਰੀਲੇ ਦੋ-ਦੋ, ਤਿੰਨ-ਤਿੰਨ ਦੇ ਜਥਿਆਂ ਵਿੱਚ ਖਿੰਡ -ਪੁੰਡ ਗਏ ਸਨ। ਕਈ ਸ਼ਿਵਾਲਿਕ ਦੀਆਂ ਪਹਾੜੀਆਂ ਵਿੱਚ, ਕਈ ਲੱਖੀ ਜੰਗਲ ਵਿੱਚ ਅਤੇ ਕਈ ਰਾਜਪੂਤਾਨੇ ਨਾਲ ਲੱਗਦੇ ਮਾਰੂਥਲਾਂ ਵਿੱਚ। ਉਨ੍ਹਾਂ ਦਾ ਨਾ ਕੋਈ ਸਾਂਝਾ ਕੇਂਦਰ ਰਿਹਾ ਅਤੇ ਨਾ ਕੋਈ ਸਾਂਝਾ ਆਗੂ। ਗੁਰੀਲਾ ਜਥਿਆਂ ਵਿੱਚ ਤਾਲਮੇਲ ਨਾ ਹੋਏ ਬਰਾਬਰ ਸੀ। ਸਾਂਝੇ ਮਿਸ਼ਨ ਦੀ ਪਕੜ ਅਤੇ ਧਰਮ ਦੀ ਡੂੰਘੀ ਲਗਨ ਹੀ ਉਨ੍ਹਾਂ ਨੂੰ ਇਕੱਠਿਆਂ ਕਰਦੀ ਅਤੇ ਸਾਂਝੀ ਕਾਰਵਾਈ ਲਈ ਅੱਗੇ ਤੋਰਦੀ ਸੀ।"[3]

2. ਪ੍ਰਿੰ. ਬੀ.ਐਸ.ਐਚ.ਐਸ. ਸੰਧੂ, *ਖਾਲਸਾ ਪੰਥ ਅਤੇ ਯੁੱਧ ਨੀਤੀ*, ਏ.ਆਈ.ਐਸ.ਐਸ.ਐਫ., ਅੰਮ੍ਰਿਤਸਰ, 1983, ਪੰਨੇ 8-9.
3. ਜਗਜੀਤ ਸਿੰਘ, *ਸਿੱਖ ਇਨਕਲਾਬ*, ਲੋਕ ਗੀਤ ਪ੍ਰਕਾਸ਼ਨ, ਸਰਹਿੰਦ, 1987, ਪੰਨਾ 212.

ਗੁਰੀਲਾ ਕੋਈ ਖਤਰਨਾਕ ਕਿਸਮ ਦਾ ਆਦਮੀ ਜਾਂ ਸਿਪਾਹੀ ਨਹੀਂ ਹੁੰਦਾ, ਜਿਵੇਂ ਕਿ ਆਮ ਲੋਕ ਸਮਝਦੇ ਹਨ। ਇਹ ਉਹ ਜੁਝਾਰੂ ਹੁੰਦਾ ਹੈ, ਜਿਸ ਵਿੱਚ ਆਪਣੇ ਸਿਧਾਂਤਾਂ ਅਰਥਾਤ ਵਿਚਾਰਧਾਰਾ ਦੀ ਪਕੜ ਮਜ਼ਬੂਤ ਹੁੰਦੀ ਹੈ, ਜਿਸ ਲਈ ਉਹ ਲੜ ਰਿਹਾ ਹੁੰਦਾ ਹੈ। ਪੁਰਾਣੇ ਸਿੰਘ ਗੁਰੀਲੇ ਘੋੜਿਆਂ 'ਤੇ ਚੜ੍ਹ ਕੇ ਝੜੱਪਾਂ ਵਿੱਚ ਰਣ-ਤੱਤੇ ਵਿੱਚ ਜੂਝਦੇ ਸਨ। "ਗੁਰੀਲਾ ਢੰਗ ਦੀ ਲੜਾਈ ਵਿੱਚ ਤਾਂ ਵੈਸੇ ਵੀ ਘੋੜਸਵਾਰ ਸੈਨਾ ਦੀ ਜ਼ਿਆਦਾ ਜ਼ਰੂਰਤ ਪੈਂਦੀ ਹੈ। ਇਸ ਲਈ ਹਰ ਮੈਂਬਰ ਕਿਸੇ ਨਾ ਕਿਸੇ ਤਰ੍ਹਾਂ ਕਿਤੋਂ ਨਾ ਕਿਤੋਂ ਘੋੜੇ ਦਾ ਪ੍ਰਬੰਧ ਜ਼ਰੂਰ ਕਰਦਾ ਸੀ। ...ਦਲ ਖਾਲਸੇ ਦੀ ਫੌਜੀ ਤਕਨੀਕ ਆਮ ਤੌਰ 'ਤੇ ਗੁਰੀਲਾ ਕਿਸਮ ਦੀ ਹੀ ਹੁੰਦੀ ਸੀ। ਇਸ ਢੰਗ ਬਾਰੇ ਸਿੰਘਾਂ ਵਿੱਚ ਇੱਕ ਸ਼ਬਦ ਬੜਾ ਹਰਮਨ-ਪਿਆਰਾ ਸੀ। ਉਹ ਸੀ 'ਢਾਈ-ਫੱਟ ਕਰਨਾ'। 'ਢਾਈ ਫੱਟ' ਦਾ ਮਤਲਬ ਸੀ ਕਿ ਦੋ ਚਾਲਾਂ ਪੂਰੀਆਂ ਅਤੇ ਇੱਕ ਚਾਲ ਅੱਧੀ ਅਖਤਿਆਰ ਕਰਨਾ। ਦੋ ਤੇ ਅੱਧਾ, ਪੰਜਾਬੀ ਬੋਲੀ ਵਿੱਚ ਢਾਈ ਬਣਦੇ ਹਨ। ਪਹਿਲੀ ਚਾਲ ਦੁਸ਼ਮਣ ਉੱਤੇ ਅਚਾਨਕ ਹਮਲਾ ਕਰਕੇ ਉਸ ਨੂੰ ਮਾਰਨਾ, ਦੂਸਰੀ ਚਾਲ ਸੀ ਦੁਸ਼ਮਣ ਨੂੰ ਮਾਰ ਕੇ ਵਾਪਸ ਭੱਜ ਜਾਣਾ ਅਤੇ ਹਮਲਾ ਕਰਕੇ ਜੇ ਦੁਸ਼ਮਣ ਵਿੱਚੋਂ ਭੱਜਿਆ ਨਾ ਜਾਵੇ ਤਾਂ ਲੜ ਕੇ ਸ਼ਹੀਦ ਹੋ ਜਾਣਾ। ਇਸ ਨੂੰ ਅੱਧਾ ਫੱਟ ਕਿਹਾ ਜਾਂਦਾ ਸੀ।"[4]

ਉਸ ਸਮੇਂ ਗੁਰੀਲਾ ਕਿਸਮ ਦੀ ਲੜਾਈ ਵਿੱਚ ਪੈਦਲ ਫੌਜ ਦੀ ਕੋਈ ਮਹੱਤਤਾ ਨਹੀਂ ਸੀ ਹੁੰਦੀ। 'ਸਰ ਲੈਪਲ ਗ੍ਰਿਫਨ' ਨੇ ਵੀ ਸਿੰਘ ਗੁਰੀਲਿਆਂ ਬਾਰੇ ਜ਼ਿਕਰ ਕੀਤਾ ਹੈ ਕਿ ਉਸ ਸਮੇਂ ਸਿੰਘ ਗੁਰੀਲੇ ਹਥਿਆਰ ਤੇ ਘੋੜੇ ਰੱਖਣੇ ਆਪਣਾ ਹੱਕ ਸਮਝਦੇ ਸਨ। 'ਜਾਰਜ ਥਾਮਸ' ਆਪਣੀ ਪੁਸਤਕ ਵਿੱਚ ਲਿਖਦਾ ਹੈ, "ਦਲ ਖਾਲਸਾ ਦੇ ਸਿੰਘ ਦੁਸ਼ਮਣ ਨਾਲ ਲਗਾਤਾਰ ਮੁਠਭੇੜਾਂ ਵਿੱਚ ਰੁੱਝੇ ਰਹਿੰਦੇ ਸਨ। ਉਹ ਉਦੋਂ ਤੱਕ ਹਮਲੇ ਕਰਦੇ ਅਤੇ ਦੌੜਦੇ ਰਹਿੰਦੇ ਜਦੋਂ ਤੱਕ ਉਹ ਅਤੇ ਉਨ੍ਹਾਂ ਦੇ ਘੋੜੇ ਥੱਕ ਨਹੀਂ ਜਾਂਦੇ ਸਨ! ...ਆਪਣੇ ਘੋੜੇ ਦੀ ਸਵਾਰੀ ਕਰ, ਉਹ ਵੈਰੀ ਵੱਲ ਅੱਗੇ ਵਧਦਾ, ਕਦੇ ਪਿੱਛੇ ਹਟਦਾ ਅਤੇ ਇੰਜ ਕਰੀ ਜਾਂਦਾ, ਜਦੋਂ ਤੱਕ ਉਹ ਆਪ ਅਤੇ ਉਸ ਦਾ ਘੋੜਾ ਥੱਕ ਨਾ ਜਾਂਦਾ। ਫਿਰ ਉਹ ਵੈਰੀ ਤੋਂ ਥੋੜ੍ਹੀ ਦੂਰ ਜਾ ਕੇ ਜਿੱਥੇ ਕਿਤੇ ਕੋਈ ਹਰਾ ਖੇਤ ਵਿਖਾਈ ਦਿੰਦਾ, ਉਹ ਆਪਣੇ ਲਈ ਥੋੜ੍ਹੇ ਜਿਹੇ ਛੋਲੇ ਭੁੰਨਦਾ ਅਤੇ ਇਸ ਕਿਰਸੀ ਭੋਜਨ ਨਾਲ ਸੰਤੁਸ਼ਟ ਹੋ ਕੇ, ਜੇਕਰ ਵੈਰੀ ਚਲਾ ਗਿਆ ਹੁੰਦਾ ਤਾਂ ਸਿੱਖ ਆਪਣੇ ਜਾਨਵਰਾਂ ਲਈ ਚਾਰੇ ਦਾ ਪ੍ਰਬੰਧ ਕਰਦੇ ਅਤੇ ਆਪਣੇ ਲਈ ਰੋਟੀ ਦਾ। ਜਦੋਂ ਤੱਕ ਵੈਰੀ ਦੇ ਇਲਾਕੇ ਵਿੱਚ ਹੁੰਦੇ ਤਾਂ ਤੰਬੂ ਦਾ ਆਰਾਮ ਉਨ੍ਹਾਂ ਨੂੰ ਘੱਟ ਹੀ ਨਸੀਬ ਹੁੰਦਾ। ਇੱਕ ਸਿੱਖ ਦਾ ਭੋਜਨ ਸ਼ਾਨਦਾਰ ਜਾਂ ਸਵਾਦਿਸ਼ਟ ਨਹੀਂ ਕਿਹਾ ਜਾ ਸਕਦਾ।"[5]

ਇੱਕ ਹੋਰ ਵਿਦੇਸ਼ੀ ਲੇਖਕ ਨੇ ਸਿੰਘਾਂ ਦੀ ਗੁਰੀਲਾ ਯੁੱਧਨੀਤੀ ਬਾਰੇ ਲਿਖਿਆ ਹੈ, "ਚਾਲੀ ਜਾਂ ਪੰਜਾਹ ਸਿੱਖ ਘੋੜਸਵਾਰਾਂ ਦਾ ਇੱਕੋ ਟੋਲਾ ਘੋੜਿਆਂ ਨੂੰ ਸਰਪੱਟ ਦੌੜਾਂਦਿਆਂ ਵੈਰੀ ਵੱਲ ਵਧਦਾ ਅਤੇ ਆਪਣੇ ਘੋੜਿਆਂ ਦੀ ਵਾਗ ਇਕਦਮ ਖਿੱਚ ਲੈਂਦੇ, ਘੋੜੇ ਇਸ ਕਿਸਮ ਦੇ ਕੰਮਾਂ ਲਈ ਚੰਗੀ ਤਰ੍ਹਾਂ ਸਿਖਾਏ ਹੁੰਦੇ ਸਨ ਅਤੇ ਹੱਥ ਦੀ ਥਾਪੜੀ ਨਾਲ ਹੀ ਸਰਪੱਟ ਦੌੜਦੇ ਜਾਂਦੇ ਇੱਕਦਮ ਖਲੋ ਜਾਂਦੇ। ਫਿਰ ਉਹ ਸਭ ਇਕੱਠੇ ਹੀ ਇਕਦਮ ਇਤਨੀ ਵਿੱਥ ਤੋਂ ਆਪਣੀਆਂ ਬੰਦੂਕਾਂ ਦਾਗ ਦਿੰਦੇ ਕਿ ਕਿਸੇ ਵੀ ਗੋਲੀ ਦਾ ਨਿਸ਼ਾਨਾ ਨਾ ਉੱਕਦਾ। ਇਸ ਉਪਰੰਤ ਉਹ ਅਚਾਨਕ ਹੀ ਸੌ ਗਜ਼ ਤੱਕ ਪਿੱਛੇ ਮੁੜ ਜਾਂਦੇ, ਆਪਣੀਆਂ ਬੰਦੂਕਾਂ ਭਰਦੇ ਅਤੇ ਫਿਰ ਉਹੀ ਕੰਮ ਕਰਦੇ। ਇੰਜ ਵੈਰੀ ਨੂੰ ਬੜੀ ਖਿਝ ਆਉਂਦੀ, ਪਰ ਉਹ ਕਰ ਕੁਝ ਨਾ ਸਕਦਾ। ਉਨ੍ਹਾਂ ਦੀ ਸਫਲਤਾ ਦਾ ਮੂਲ ਮੁੱਦਾ ਵੈਰੀ ਨੂੰ ਇੱਕ ਝਟਕਾ ਦੇਣਾ ਹੁੰਦਾ ਸੀ। ਝਟਕਾ ਵੀ ਐਸਾ ਵੱਜਦਾ ਕਿ ਵੈਰੀ ਕੁਝ ਸਮੇਂ ਲਈ ਸੁੰਨ ਅਤੇ ਉਤਸ਼ਾਹਹੀਣ ਹੋ ਜਾਂਦਾ ਅਤੇ ਜਦ ਤੱਕ ਉਸ ਨੂੰ ਹੋਸ਼ ਆਉਂਦੀ ਤਾਂ

4. ਰਤਨ ਸਿੰਘ ਭੰਗੂ, *ਪ੍ਰਾਚੀਨ ਪੰਥ ਪ੍ਰਕਾਸ਼*, ਸ਼੍ਰੋ.ਗੁ.ਪ੍ਰ. ਕਮੇਟੀ, ਅੰਮ੍ਰਿਤਸਰ, ਪੰਨਾ 303.
5. William Franklin, *Military Memoirs of Mr. George Thomas*, Calcutta, 1803, pp. 74-75.

ਸਿੱਖ ਮੁੜ ਆਪਣੀਆਂ ਬੰਦੂਕਾਂ ਲਈ ਉਨ੍ਹਾਂ 'ਤੇ ਤਿਆਰ ਹੁੰਦੇ, ਜਾਂ ਜੇਕਰ ਵੈਰੀ ਦੀ ਫੌਜ ਤਕੜੀ ਹੁੰਦੀ ਤਾਂ ਆਪ ਦੌੜ ਜਾਂਦੇ।"

ਸਿੰਘ ਗੁਰੀਲੇ, ਜੰਗ ਦੇ ਮੈਦਾਨ ਵਿੱਚ ਜਾਣ ਤੋਂ ਪਹਿਲਾਂ ਇਸ਼ਨਾਨ ਕਰਦੇ, ਨਿਤਨੇਮ ਕਰਕੇ, ਕੇਸ ਅਤੇ ਦਾੜ੍ਹੀ ਨੂੰ ਬੜੀ ਸੰਜੀਦਗੀ ਨਾਲ ਕੰਘਾ ਕਰਦੇ, ਦਸਤਾਰ ਅਤੇ ਹਥਿਆਰ ਸਜਾ ਕੇ ਤਿਆਰ-ਬਰ-ਤਿਆਰ ਰਹਿੰਦੇ।

ਸਿੰਘ ਗੁਰੀਲੇ, ਨੀਤੀ ਤੇ ਸੋਚ ਪੱਖੋਂ ਖੁਸ਼ਹਾਲੀ, ਸ਼ਾਂਤੀ ਤੇ ਸਰਬੱਤ ਦੇ ਭਲੇ ਦੇ ਝੰਡਾ-ਬਰਦਾਰ ਸਨ, ਜੰਗ ਅਤੇ ਅਸ਼ਾਂਤੀ ਦੇ ਹਰਗਿਜ਼ ਨਹੀਂ। ਜ਼ੁਲਮ-ਜਬਰ ਦੇ ਖਿਲਾਫ ਲੋਹਾ ਲੈਣਾ ਉਨ੍ਹਾਂ ਦਾ ਮੁੱਖ ਲੱਛਣ ਹੁੰਦਾ ਸੀ। ਹਰੇਕ ਸਿੰਘ 'ਅਤਿ ਹੀ ਰਣ ਮੈਂ ਤਬ ਜੂਝ ਮਰੋਂ" ਦਾ ਕਰਮ ਨਿਭਾਉਣਾ ਧਰਮ ਦੀ ਸਰਦਲ 'ਤੇ ਆਪਣਾ ਮੁੱਖ ਮੰਤਵ ਸਮਝਦਾ ਸੀ। ਸ਼ਾਇਦ ਇਸੇ ਲਈ 'ਸਰ ਲੈਪਲ ਗ੍ਰਿਫ਼ਨ' ਨੇ 1891 ਈਸਵੀ ਵਿੱਚ ਇਹ ਲਿਖਿਆ ਸੀ, "ਕੇਵਲ ਸਿੱਖ ਹੀ ਲੰਮੀਆਂ ਲੜਾਈਆਂ ਲਈ ਲਾਭਕਾਰੀ ਸਾਬਤ ਹੋ ਸਕਦੇ ਹਨ।" 'ਕਾਜ਼ੀ ਨੂਰ ਮੁਹੰਮਦ' ਵੀ ਲਿਖਦਾ ਹੈ, "ਜੇਕਰ ਉਨ੍ਹਾਂ (ਸਿੰਘਾਂ) ਦੀ ਫੌਜ ਦੌੜੀ ਜਾਂਦੀ ਜਾਪਦੀ ਹੋਵੇ ਤਾਂ ਇਸ ਨੂੰ ਅਸਲੀਅਤ ਨਾ ਸਮਝੋ, ਕਿਉਂਕਿ ਉਹ ਉਨ੍ਹਾਂ ਦਾ ਪਿੱਛਾ ਕਰੀ ਆਉਂਦੇ ਵੈਰੀ ਉੱਤੇ ਟੁੱਟ ਪੈਣਗੇ ਅਤੇ ਪਾਣੀ ਵਿੱਚ ਵੀ ਅੱਗ ਲਾ ਦੇਣਗੇ"[6]

6. ਕਾਜ਼ੀ ਨੂਰ ਮੁਹੰਮਦ, *ਜੰਗ ਨਾਮਾ (1764-65)*, ਪੰਨੇ 156-159.

ਬੀਰ ਬਾਂਕਰੋ ਬਲੀ ਛਬੀਲਾ : ਖਾਲਸਾ ਪੰਥ

ਦਿਲਵਰ ਸਿੰਘ *

ਸਿੱਖ ਕੌਮ ਬਹਾਦਰ ਕੌਮ ਹੈ। ਬਹਾਦਰੀ ਇਸ ਨੂੰ ਵਿਰਸੇ ਵਿਚ ਪ੍ਰਾਪਤ ਹੋਈ ਹੈ। ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਵਨ ਕਾਲ ਦੌਰਾਨ ਵੱਖ-ਵੱਖ ਥਾਵਾਂ ਤੇ ਯਾਤਰਾਵਾਂ ਕਰਦਿਆਂ 'ਸਤਿਨਾਮ' ਦੇ ਮੰਤ੍ਰ ਦਾ ਸਿੱਕਾ ਪ੍ਰਚੱਲਿਤ ਕਰਕੇ ਇਕ ਨਿਰਮਲ ਪੰਥ (ਸਿੱਖ ਪੰਥ) ਦੀ ਸਥਾਪਨਾ ਕੀਤੀ। ਭਾਈ ਗੁਰਦਾਸ ਜੀ ਦੇ ਉਚਾਰਣ ਕੀਤੇ ਇਸ ਕਥਨ ਦਾ ਜੇਕਰ ਗਹਿਣ ਅਧਿਐਨ ਕਰੀਏ ਤਾ ਪਤਾ ਚਲਦਾ ਹੈ ਕਿ ਗੁਰੂ ਨਾਨਕ ਦੇਵ ਜੀ ਅਧਿਆਤਮਿਕ ਮਾਰਗ ਤੋਂ ਭਟਕੀ ਲੋਕਾਈ ਨੂੰ ਉਸ ਸਦੀਵੀ ਹੋਂਦ ਵਾਲੇ ਅਕਾਲ ਪੁਰਖ ਦਾ ਗਿਆਨ ਕਰਾਉਣਾ ਚਾਹੁੰਦੇ ਸਨ ਅਤੇ ਗਿਆਨ ਦੇ ਨਿਰੰਤਰ ਪ੍ਰਚਾਰ-ਪਾਸਾਰ ਲਈ ਉਨ੍ਹਾਂ ਨੇ ਪ੍ਰਭੂ ਦੀ ਹੋਂਦ ਵਿਚ ਸਦੀਵੀ ਵਿਸ਼ਵਾਸ ਰਖਣ ਵਾਲੇ ਅਧਿਆਤਮਿਕ ਮਾਰਗ ਦੇ ਪਾਂਧੀਆਂ ਦਾ ਇਕ ਪੰਥ ਸਥਾਪਿਤ ਕਰ ਦਿੱਤਾ। ਇਸ ਕਥਨ ਤੋਂ ਮਹਿਸੂਸ ਹੁੰਦਾ ਹੈ ਕਿ ਭਾਈ ਗੁਰਦਾਸ ਜੀ ਦਾ ਇਸ ਪੰਥ ਨੂੰ 'ਨਿਰਮਲ ਪੰਥ' ਕਹਿਣ ਦਾ ਕੋਈ ਖਾਸ ਭਾਵ ਸੀ। ਜੇਕਰ 'ਨਿਰਮਲ' ਦੇ ਅਰਥ ਕੀਤੇ ਜਾਣ ਤਾਂ ਇਸ ਤੋਂ ਭਾਵ 'ਮੈਲ ਰਹਿਤ' ਹੁੰਦਾ ਹੈ। ਦੂਜਾ ਸ਼ਬਦ 'ਪੰਥ' ਹੈ, ਜਿਸਦਾ ਅਰਥ 'ਰਸਤਾ' ਵਿਸ਼ੇਸ਼ ਧਿਆਨ ਗੋਚਰਾ ਹੈ। ਹੁਣ ਇਹ ਵਿਚਾਰ ਉਪਜਦੀ ਹੈ ਕਿ ਇਹ ਪੰਥ ਮੈਲ ਰਹਿਤ ਕਿਉਂ ਹੈ ? ਕੀ ਦੂਜੇ ਪੰਥਾਂ ਵਿਚ ਕੋਈ ਮੈਲ ਹੈ? ਵਿਚਾਰਨ ਵਾਲੀ ਗੱਲ ਹੈ। ਇਕ ਗੱਲ ਤਾਂ ਸਪਸ਼ਟ ਹੈ ਕਿ ਸਿੱਖ ਪੰਥ ਨੂੰ ਨਿਰਮਲਤਾ ਅਤੇ ਬਹਾਦਰੀ ਵਿਰਸੇ ਵਿਚ ਪ੍ਰਾਪਤ ਹੋਈ ਹੈ। ਉਦਾਹਰਣ ਸਾਡੇ ਸਾਹਮਣੇ ਹੈ। 'ਤੀਜੇ ਦਿਨ ਗੁਰੂ ਨਾਨਕ ਵੇਈਂ ਨਦੀ ਚੋਂ ਬਾਹਰ ਆਏ। ਪਹਿਲਾ ਬਚਨ ਉਚਾਰਿਆ 'ਨ ਕੋ ਹਿੰਦੂ ਨ ਮੁਸਲਮਾਨ'।[1] ਇਸ ਵਾਕ ਵਿਚੋਂ ਨਿਡਰਤਾ ਤੇ ਨਿਰਮਲਤਾ ਪ੍ਰਤੱਖ ਹੁੰਦੀ ਹੈ। ਗੁਰੂ ਜੀ ਨੇ ਨਾ ਮੁਸਲਮਾਨ ਨੂੰ ਵਡਿਆਇਆ ਨਾ ਹਿੰਦੂਆਂ ਨੂੰ ਨੀਵਾਂ ਵਿਖਾਇਆ। ਜੋ ਸੱਚ ਸੀ ਉਹ ਸਾਹਮਣੇ ਲਿਆਂਦਾ। ਚਲੋ ਹਿੰਦੂਆਂ ਦੇ ਵਿਰੋਧ ਦੀ ਤਾਂ ਗਲ ਇਕ ਪਾਸੇ ਰਹੀ, ਮੁਸਲਮਾਨਾਂ ਦੇ ਰਾਜ ਵਿਚ ਮੁਸਲਮਾਨੀ ਨਗਰੀ ਵਿਚ ਇਹ ਬਚਨ ਕਰਨਾ ਖਤਰੇ ਤੋਂ ਖਾਲੀ ਨਹੀਂ ਸੀ । ਫਿਰ ਦੌਲਤ ਖਾਂ ਨੇ ਗੁਰੂ ਜੀ ਨੂੰ ਸੱਦਾ ਭੇਜਿਆ। ਗੁਰੂ ਜੀ ਨੇ ਦੌਲਤ ਖਾਂ ਦੇ ਸਾਹਮਣੇ ਪੇਸ਼ ਹੋਣ ਤੋਂ ਨਾਂਹ ਕਰ ਦਿਤੀ ਅਤੇ ਕਹਿ ਦਿੱਤਾ ਕਿ ਮੈਂ ਦੋਲਤ ਖਾਂ ਦੇ ਬੁਲਾਉਣ ਤੇ ਨਹੀਂ ਜਾਣਾ। ਮੈਂ ਤਾਂ ਤਦ ਜਾਵਾਂਗਾ ਜਦੋਂ ਮੇਰਾ ਖਾਨ ਬੁਲਾਵੇਗਾ।[2] ਉਸ ਵੇਲੇ ਦੇ ਨਵਾਬ ਦਾ ਹੁਕਮ ਮੋੜਨਾ ਵੀ ਕੋਈ ਖਤਰੇ ਤੋਂ ਖਾਲੀ ਨਹੀਂ ਸੀ। ਪਰ ਗੁਰੂ ਨਾਨਕ ਤਾਂ ਗੁਰ ਪਰਮੇਸ਼ਰ ਹੋ ਚੁਕੇ ਸਨ। ਗੁਰ ਪਰਮੇਸ਼ਰ ਤੇ ਪਾਰਬ੍ਰਹਮ ਪਰਮੇਸ਼ਰ ਦੋਵੇਂ ਇਕੋ ਜੋ ਹੈਸਨ। ਇਸ ਲਈ ਡਰ ਕੈਸਾ? ਨਿਡਰਤਾ ਹੀ ਨਿਡਰਤਾ। ਨਾ ਮਨ ਵਿਚ ਕਿਸੇ ਪ੍ਰਤੀ ਮੈਲ ਨਾ ਕੋਈ ਪਾਪ। ਫਿਰ ਡਰਿਆ ਕਿਉਂ ਜਾਵੇ ? ਪਾਰਬ੍ਰਹਮ ਪਰਮੇਸ਼ਰ ਨਿਰਭਉ ਅਤੇ ਨਿਰਵੈਰ। ਗੁਰ ਪਰਮੇਸ਼ਰ ਵੀ ਨਿਰਭਉ ਅਤੇ ਨਿਰਵੈਰ। ਸੁਭਾਵਿਕ ਹੀ ਸਿੱਖਾਂ ਵਿਚ ਵੀ ਇਹ ਗੁਣ ਮੌਜੂਦ ਹੋਣਗੇ। ਇਸ ਵਿਚ ਕੋਈ ਸ਼ੱਕ ਨਹੀਂ। ਇਤਿਹਾਸ ਇਕ ਨਹੀਂ ਅਨੇਕਾਂ ਗੁਆਹੀਆਂ ਸਾਡੇ ਸਨਮੁਖ ਪ੍ਰਸਤੁਤ ਕਰਦਾ ਹੈ। ਇਹ ਸੀ ਸਿੱਖ ਧਰਮ ਦਾ ਆਰੰਭ ਜੋ ਪਹਿਲੇ ਦਿਨ ਹੀ ਨਿਡਰਤਾ ਦੀ ਬੁਲੰਦ ਆਵਾਜ

---

* ਲੈਕਚਰਾਰ, ਗੁਰਮਤਿ ਕਾਲਜ, ਪਟਿਆਲਾ।

1. ਕ੍ਰਿਪਾਲ ਸਿੰਘ (ਡਾ.), *ਜਨਮ ਸਾਖੀ ਪ੍ਰੰਪਰਾ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1969, ਪੰਨਾ 21.
2. *ਉਹੀ,* ਪੰਨਾ 241.

ਨਾਲ ਹੋਇਆ। *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* ਦੀ ਆਰੰਭਤਾ '੧ੴ ਤੋਂ ਗੁਰਪ੍ਰਸਾਦਿ' ਤਕ ਉਚਾਰਣ ਕੀਤੇ ਗਏ ਮੰਗਲਾਚਰਨ ਨਾਲ ਹੁੰਦੀ ਹੈ। ਜਿਸ ਵਿਚ ਗੁਰੂ ਨਾਨਕ ਦੇਵ ਜੀ ਨੇ ਉਸ ਅਕਾਲ ਪੁਰਖ ਦੇ ਗੁਣਾਂ ਨੂੰ ਬਿਆਨ ਕੀਤਾ ਹੈ, ਕਿ ਉਹ 'ਇਕ' ਹੈ 'ਸਦੀਵੀ ਹੋਂਦ' ਵਾਲਾ ਹੈ, ਸਾਰੀ ਸ੍ਰਿਸ਼ਟੀ ਦਾ 'ਕਰਤਾ' ਹੈ ਅਤੇ ਸਾਰੀ ਸ੍ਰਿਸ਼ਟੀ ਵਿਚ 'ਰਮਿਆ' ਹੋਇਆ ਹੈ, 'ਡਰ ਤੋਂ ਰਹਿਤ' ਹੈ, ਵੈਰ ਤੋਂ ਰਹਿਤ ਹੈ, ਸਮੇਂ ਦੇ ਪ੍ਰਭਾਵ ਤੋਂ ਰਹਿਤ ਹਸਤੀ ਹੈ, 'ਜਨਮ ਮਰਨ ਤੋਂ ਰਹਿਤ ਹੈ, ਆਪਣੇ ਆਪ ਤੋਂ ਪ੍ਰਕਾਸ਼ਮਾਨ ਹੈ, ਅਤੇ 'ਗੁਰੂ ਕੀ ਕਿਰਪਾ' ਦੁਆਰਾ ਪ੍ਰਾਪਤ ਹੁੰਦਾ ਹੈ। ਪਾਰਬ੍ਰਹਮ ਪਰਮੇਸ਼ਰ ਨਿਰਭਉ ਅਤੇ ਨਿਰਵੈਰ ਹੈ। ਗੁਰੂ ਨਾਨਕ ਦੇਵ ਜੀ ਵਲੋਂ ਚਲਾਏ ਨਿਰਮਲ ਪੰਥ ਦਾ ਆਧਾਰ ਹੀ ਨਾਮ ਹੈ। ਨਾਮ ਦਾ ਭਾਵ ਹੀ ਇਹ ਹੈ ਕਿ ਉਸ ਅਕਾਲ ਪੁਰਖ ਦੇ ਗੁਣਾਂ ਦਾ ਗਾਇਣ ਕੀਤਾ ਜਾਵੇ। ਗੁਰੂ ਸਾਹਿਬਾਨ ਨੇ ਆਪ ਵੀ ਉਸ ਅਕਾਲ ਪੁਰਖ ਦੇ ਗੁਣਾਂ ਦਾ ਗਾਇਣ ਕੀਤਾ ਅਤੇ ਆਪਣੇ ਸਿੱਖਾਂ ਨੂੰ ਵੀ ਉਸ ਦੇ ਗੁਣਾਂ ਨੂੰ ਧਿਆਉਣ ਦਾ ਉਪਦੇਸ਼ ਦਿੱਤਾ। ਗੁਰਬਾਣੀ ਅਨੁਸਾਰ ਜੋ ਮਨੁੱਖ ਜਿਸ ਇਸ਼ਟ ਦੀ ਉਪਾਸਨਾ ਕਰਦਾ ਹੈ ਉਸੇ ਦੇ ਗੁਣ ਹੀ ਉਸ ਵਿਚ ਪ੍ਰਵੇਸ਼ ਕਰ ਜਾਂਦੇ ਹਨ। ਸਿੱਖ ਦਾ ਇਸ਼ਟ ਉਹ ਅਕਾਲ ਪੁਰਖ ਹੈ, ਇਸ ਲਈ ਸਿੱਖ ਵਿਚ ਵੀ ਅਕਾਲ ਪੁਰਖੀ ਗੁਣਾਂ ਦਾ ਸਮਾਵੇਸ਼ ਹੁੰਦਾ ਹੈ। ਗੁਰਮਤਿ ਅਨੁਸਾਰ ਅਕਾਲ ਪੁਰਖ ਦੇ ਗੁਣਾਂ ਦਾ ਧਾਰਨੀ ਬਣਨ ਲਈ 'ਗੁਰੂ' ਦੀ ਵਿਚੋਲਗੀ ਦੀ ਜਰੂਰਤ ਹੁੰਦੀ ਹੈ। ਗੁਰੂ ਨਾਨਕ ਦੇਵ ਜੀ ਨੂੰ ਤਾਂ ਆਪ ਪਾਰਬ੍ਰਹਮ ਪਰਮੇਸ਼ਰ ਨੇ ਧੁਰ ਦਰਗਾਹ ਤੋਂ ਗੁਰ ਪਰਮੇਸ਼ਰ ਹੋਣ ਦਾ ਮਾਣ ਬਖਸ਼ਿਆ ਸੀ। ਗੁਰੂ ਸਾਹਿਬ ਜੀ ਦੇ ਅਨੇਕਾਂ ਸਿੱਖ ਸਨ ਜੋ ਨਿਤਾਪ੍ਰਤੀ ਗੁਰੂ ਜੀ ਦੀ ਸੰਗਤ ਕਰਦੇ ਅਤੇ ਨਾਮ ਬਾਣੀ ਦਾ ਅਭਿਆਸ ਕਰਦੇ ਸਨ। ਭਾਈ ਲਹਿਣਾ ਗੁਰੂ ਜੀ ਦੇ ਉਹ ਸਿੱਖ ਸਨ ਜਿਨ੍ਹਾਂ ਨੇ ਗੁਰੂ ਦੇ ਹਜ਼ੂਰ ਆਪਣਾ ਆਪਾ ਪੂਰਨ ਤੌਰ ਤੇ ਸਮਰਪਿਤ ਕਰਕੇ ਐਸੀ ਵਡਿਆਈ ਪ੍ਰਾਪਤ ਕੀਤੀ ਕਿ ਗੁਰੂ ਅੰਗਦ ਦੇਵ ਹੀ ਹੋ ਨਿੱਬੜੇ, ਭਾਵ ਗੁਰੂ ਨਾਨਕ ਦੇਵ ਜੀ ਨੇ ਉਨ੍ਹਾਂ ਨੂੰ ਆਪਣੇ ਅੰਗ ਨਾਲ ਲਾ ਲਿਆ। ਹੁਣ ਜਿਥੇ ਉਹ ਜੋਤਿ (ਅਕਾਲ ਪੁਰਖੀ) ਗੁਰੂ ਅੰਗਦ ਦੇਵ ਜੀ ਵਿਚ ਵਿਰਾਜਮਾਨ ਹੋਈ ਉਥੇ ਸੁਭਾਵਿਕ ਹੀ ਗੁਰੂ ਦੀ ਸਮੁਚੀ ਸ਼ਖਸੀਅਤ ਦੇ ਗੁਣ ਵੀ ਉਨ੍ਹਾਂ ਵਿੰਚ ਪ੍ਰਕਾਸ਼ਮਾਨ ਹੋ ਗਏ। ਇਹ ਗੁਣ ਅਕਾਲ ਪੁਰਖ ਦੇ ਹੀ ਸਨ, ਕਿਉਂਕਿ ਗੁਰੂ ਨਾਨਕ ਦੇਵ ਜੀ ਦਾ ਗੁਰੂ ਵੀ ਅਕਾਲ ਪੁਰਖ ਆਪ ਹੀ ਸੀ। ਉਸੇ ਤੋਂ ਇਹ ਗੁਣਾਂ ਦਾ ਸਮਾਵੇਸ਼ ਗੁਰੂ ਨਾਨਕ ਦੇਵ ਜੀ ਵਿਚ ਹੋਇਆ ਅਤੇ ਗੁਰੂ ਨਾਨਕ ਦੇਵ ਜੀ ਤੋਂ ਅਗੇ ਨਿਰੰਤਰ ਉਨ੍ਹਾਂ ਦੇ ਪਰਵਰਤੀ ਗੁਰੂ ਸਾਹਿਬਾਨ ਵਿਚ ਹੁੰਦਾ ਰਿਹਾ ਅਤੇ ਅੱਜ ਇਹ ਸਾਰੇ ਗੁਣ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਤੱਖ ਰੂਪ ਵਿਚ ਮੌਜੂਦ ਹਨ। ਇਥੇ ਅਸੀਂ ਵਧੇਰੇ ਕਰਕੇ ਆਪਣਾ ਧਿਆਨ ਸਿੱਖ ਕੌਮ ਦੀ ਬਹਾਦਰੀ ਤੇ ਕੇਂਦਰਿਤ ਕਰਨਾ ਹੈ, ਜਿਸ ਕਰਕੇ ਅਸੀਂ ਗੁਰਬਾਣੀ ਅਤੇ ਗੁਰ ਇਤਿਹਾਸ ਦੇ ਅਧਿਐਨ ਰਾਹੀਂ ਸਿੱਖ ਕੌਮ ਦੀ ਬਹਾਦਰੀ ਦਾ ਪਿਛੋਕੜ ਗੁਰੂ ਕਾਲ ਅਤੇ ਸਿੱਖ ਰਾਜ ਦੇ ਸੰਦਰਭ ਵਿਚ ਸੰਖੇਪ ਵਿਚ ਵਿਚਾਰਨ ਦਾ ਯਤਨ ਕਰਾਂਗੇ।

ਗੁਰੂ ਕਾਲ ਵਿਚ ਜੇ ਝਾਤੀ ਮਾਰੀਏ ਤਾਂ ਜਿਵੇਂ ਗੁਰੂ ਨਾਨਕ ਦੇਵ ਜੀ ਨੇ ਨਿਰਮਲ ਪੰਥ ਦੇ ਐਲਾਨ ਤੋਂ ਬਾਅਦ ਸੈਦਪੁਰ ਵਿਖੇ ਹਿੰਦੁਸਤਾਨ ਤੇ ਹਮਲਾ ਕਰਨ ਆਏ ਬਾਬਰ ਨੂੰ ਲਲਕਾਰਦਿਆਂ, ਸੱਚ ਦੀ ਆਵਾਜ਼ ਬੁਲੰਦ ਕਰਦਿਆਂ ਕਹਿ ਦਿਤਾ ਕਿ ਤੂੰ ਬਾਬਰ ਨਹੀਂ ਜਾਬਰ ਹੈਂ, ਉਸੇ ਤਰ੍ਹਾਂ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਬਾਦਸ਼ਾਹ ਹਮਾਯੂੰ ਨੂੰ ਨਿਡਰ ਹੋ ਕੇ ਇਹ ਸ਼ਬਦ ਕਹੇ ਕਿ ਜਿਸ ਤਲਵਾਰ ਦੇ ਮੁੱਠੇ ਤੇ ਤੂੰ ਅੱਜ ਹੱਥ ਰੱਖ ਰਿਹਾ ਹੈਂ ਇਹ ਤਲਵਾਰ ਸ਼ੇਰਸ਼ਾਹ ਸੂਰੀ ਨਾਲ ਜੰਗ ਕਰਨ ਵੇਲੇ ਕਿੱਥੇ ਸੀ ? ਗੁਰੂ ਜੀ ਦੇ ਇਨ੍ਹਾਂ ਬਚਨਾਂ ਨੇ ਹਮਾਯੂੰ ਨੂੰ ਸ਼ਰਮਸ਼ਾਰ ਕਰ ਦਿੱਤਾ । ਇਸ ਘਟਨਾ ਤੋਂ ਪਰਤੀਤ ਹੁੰਦਾ ਹੈ ਕਿ ਗੁਰੂ ਅੰਗਦ ਦੇਵ ਜੀ ਨੂੰ ਨਿਡਰਤਾ ਵਿਰਸੇ ਵਿਚ ਪ੍ਰਾਪਤ ਹੋਈ ਸੀ ਕਿਉਂਕਿ ਗੁਰੂ ਅੰਗਦ ਦੇਵ ਜੀ ਨੇ, ਗੁਰੂ ਨਾਨਕ ਦੇਵ ਜੀ ਵਲੋਂ ਬਾਬਰ ਨੂੰ ਕਹੇ ਸ਼ਬਦ ਸੁਣ ਕੇ ਚਿੱਤ ਵਿਚ ਵਸਾਏ। ਗੁਰੂ ਅਮਰਦਾਸ ਜੀ ਵਲੋਂ ਸਾਰੀ ਸੰਗਤ ਨੂੰ ਕੀਤਾ ਹੋਇਆ ਆਦੇਸ਼ ਉਸੇ ਤਰ੍ਹਾਂ ਸਾਰਥਕ ਰਿਹਾ ਕਿ ਜਦੋਂ ਬਾਦਸ਼ਾਹ ਅਕਬਰ ਗੁਰੂ ਜੀ ਦੇ ਦਰਸ਼ਨ ਕਰਨ ਆਇਆ ਤਾਂ ਉਸਨੂੰ ਵੀ ਪੰਗਤਿ ਵਿਚ ਹੀ ਪ੍ਰਸ਼ਾਦਾ ਛਕਾਇਆ ਗਿਆ ਅਤੇ ਫਿਰ ਗੁਰੂ ਜੀ ਦੇ

ਦਰਸ਼ਨ ਕਰਵਾਏ ਗਏ। ਨਿਡਰਤਾ ਇਥੇ ਵੀ ਕਾਇਮ ਰਹੀ। ਸਿੱਖ ਸੰਗਤਾਂ ਨੂੰ ਵੀ ਉਤਸ਼ਾਹ ਮਿਲਿਆ। ਇਹ ਸਿੱਖੀ ਦਾ ਮਹਿਲ ਉਸਰ ਰਿਹਾ ਸੀ ਤਾਂ ਕਿ ਨੀਂਹ ਦੀ ਮਜ਼ਬੂਤੀ ਬਣੇ ਅਤੇ ਮਹਿਲ ਉੱਚਾ ਲਿਜਾਇਆ ਜਾ ਸਕੇ, ਕਿਉਂਕਿ ਜੇ ਨੀਂਹ ਕਮਜ਼ੋਰ ਹੋਵੇ ਤਾਂ ਵਧੇਰੇ ਉੱਚਾ ਮਕਾਨ ਬਨਾਉਣ ਤੋਂ ਡਰ ਹੀ ਆਉਂਦਾ ਹੈ। ਸ੍ਰੀ ਗੁਰੂ ਰਾਮਦਾਸ ਜੀ ਤੋਂ ਉਪਰੰਤ ਗੁਰੂ ਅਰਜਨ ਦੇਵ ਜੀ ਗੁਰਗੱਦੀ ਤੇ ਬਿਰਾਜਮਾਨ ਹੋਏ। ਜਹਾਂਗੀਰ ਹਿੰਦੂਸਤਾਨ ਦਾ ਬਾਦਸ਼ਾਹ ਬਣਿਆ। ਜਹਾਂਗੀਰ ਨਾਲ ਗੁਰੂ ਘਰ ਦੇ ਸਬੰਧ ਸੁਖਾਂਵੇਂ ਨਾ ਰਹੇ। ਨਾ ਗੁਰੂ ਸਾਹਿਬ ਹਕੂਮਤ ਤੋਂ ਡਰੇ ਤੇ ਨਾ ਹੀ ਗੁਰੂ ਕੀਆਂ ਸੰਗਤਾਂ। ਨਾ ਈਨ ਮੰਨੀ ਨਾ ਮੌਤ ਦੀ ਪਰਵਾਹ। ਪਹਿਲਾਂ ਮਰਣ ਕਬੂਲ ਕਰ ਲਿਆ। ਤਸੀਹੇ ਝੱਲੇ। ਸ਼ਹੀਦ ਹੋ ਗਏ। ਨਿਡਰਤਾ ਹੋਰ ਬਲਵਾਨ ਹੋ ਗਈ। ਸੰਗਤਾਂ ਵਿਚ ਰੋਹ ਨੇ ਜ਼ੋਰ ਫੜਿਆ। ਮਾਨਸਿਕਤਾ ਨੇ ਪਾਸਾ ਵੱਟਿਆ। ਗੁਰੂ ਹਰਿਗੋਬਿੰਦ ਜੀ ਗੁਰਗੱਦੀ ਤੇ ਬਿਰਾਜੇ। ਉਨ੍ਹਾਂ ਨੇ 'ਮੀਰੀ ਪੀਰੀ' ਦੋਊ ਦਿਖਾਈ[3] ਭਾਵ ਧਰਮ ਵੀ ਚਲਾਇਆ ਅਤੇ ਰਾਜਨੀਤੀ ਵੀ ਅਪਣਾਈ। ਗਿਆਨੀ ਗਿਆਨ ਸਿੰਘ ਜੀ ਅਨੁਸਾਰ ਜਦੋਂ ਉਨ੍ਹਾਂ ਨੇ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦਾ ਪ੍ਰਸੰਗ ਸੁਣਿਆ ਤਾਂ ਉਨ੍ਹਾਂ ਦੇ ਡੌਲੇ ਫਰਕੇ ਅਤੇ ਅੱਖਾਂ ਵਿਚ ਲਾਲੀ ਆ ਗਈ। ਮਨ ਵਿਚ ਵਿਚਾਰ ਪੈਦਾ ਹੋਇਆ ਕਿ ਐਸੀ ਨੀਂਹ ਰਖੀ ਜਾਵੇ ਜਿਸ ਨਾਲ ਦੁਸ਼ਟਾਂ ਦਾ ਨਾਸ਼ ਹੋ ਸਕੇ ਅਤੇ ਜ਼ੁਲਮ ਨੂੰ ਦਬਾਇਆ ਜਾ ਸਕੇ :

ਨਿੱਜ ਪਿਤ ਕੇ ਤਨ ਤਜਨ ਕਾ ਜਬ ਉਨ ਸੁਣਿਓ ਹਵਾਲ।
ਭੁਜਾ ਅਧਰ ਫਰਕੇ ਤਬੈ ਨੈਨਾ ਭੁਜ ਕਰ ਲਾਲ। [4]

ਗੁਰੂ ਜੀ ਦੇ ਵੀ ਸਬੰਧ ਮੁਗਲ ਦਰਬਾਰ ਨਾਲ ਸੁਖਾਵੇਂ ਨਾ ਰਹੇ। ਗੁਰੂ ਜੀ ਨੇ ਅਕਾਲ ਤਖਤ ਦੀ ਸਥਾਪਨਾ ਕੀਤੀ। ਜੰਗੀ ਹੁਨਰ ਅਤੇ ਸਾਜੋ-ਸਮਾਨ ਇਕੱਠਾ ਕੀਤਾ। ਬੀਰ-ਰਸੀ ਵਾਰਾਂ ਦੇ ਗਾਇਣ ਦੀ ਪ੍ਰਥਾ ਆਰੰਭ ਹੋਈ। ਸਿੱਖਾਂ ਵਿਚ ਜੋਸ਼ ਦੌੜਿਆ। ਚਾਰ ਜੰਗਾਂ ਲੜੀਆਂ ਗਈਆਂ। ਗੁਰੂ ਜੀ ਨੇ ਕੈਦ ਕੱਟੀ। ਰਿਹਾਅ ਹੋਏ। ਸਿੱਖਾਂ ਦਾ ਮਨੋਬਲ ਵਧਿਆ। ਨਿਡਰਤਾ ਦਾ ਰੰਗ ਦਿਨੋ ਦਿਨ ਚੜ੍ਹਦਾ ਗਿਆ। ਸ਼ਾਹਜਹਾਂ ਨਾਲ ਸਬੰਧਾਂ ਵਿਚ ਤਬਦੀਲੀ ਆਈ। ਸਬੰਧ ਸੁਖਾਵੇਂ ਬਣੇ। ਗੁਰੂ ਹਰਿ ਰਾਇ ਸਾਹਿਬ ਅਤੇ ਗੁਰੂ ਹਰਿਕ੍ਰਿਸ਼ਨ ਜੀ ਦੇ ਸਮੇਂ ਤੋਂ ਉਪਰੰਤ ਨਿਰਭਉ ਅਤੇ ਨਿਰਵੈਰਤਾ ਦੀ ਇਕ ਅਦੁੱਤੀ ਮਿਸਾਲ ਗੁਰੂ ਤੇਗ ਬਹਾਦਰ ਜੀ ਨੇ ਕਾਇਮ ਕੀਤੀ। 'ਪਰਸ੍ਵਾਰਥ ਹਿਤ ਜਿਨ ਸਿਰ ਦਯੋ'[5] ਭਾਵ ਕਲਜੁਗ ਵਿਚ ਐਸਾ ਵੱਡਾ ਸਾਕਾ ਵਰਤਾਇਆ ਕਿ ਹਿੰਦੂਆਂ ਦੇ ਧਰਮ ਕਰਮ ਦੀ ਰਾਖੀ ਕਰ ਲਈ। ਤਿਲਕ ਤੇ ਜੰਞੂ ਨੂੰ ਨਸ਼ਟ ਹੋਣ ਤੋਂ ਬਚਾ ਲਿਆ। ਆਪਣਾ ਜੀਵਨ ਹੀ ਅਰਪਿਤ ਕਰ ਦਿਤਾ। ਸ਼ਹਾਦਤ ਦਾ ਜਾਮ ਪੀਤਾ। ਔਰੰਗਜੇਬ ਹੈਰਾਨ ਰਹਿ ਗਿਆ। ਗੁਰੂ ਜੀ ਦਾ ਸਿਰੜ ਨਾਲ ਨਿਭ ਗਿਆ ਤੇ ਸੀਸ ਔਰੰਗਜੇਬ ਨੇ ਕਲਮ ਕਰ ਲਿਆ। ਅਨਸੁਖਾਵੇਂ ਤੋਂ ਸੁਖਾਵੇਂ ਹੋਏ ਸਬੰਧਾਂ ਵਿਚ ਵੱਡਾ ਪਾੜ ਪੈ ਗਿਆ। 'ਭੈ ਕਾਹੂ ਕੋ ਦੇਤਿ ਨਹਿ ਨਹਿ ਭੈ ਮਾਨਤ ਆਨਿ'[6] ਦੇ ਮਹਾਂਵਾਕ ਦੇ ਆਧਾਰ ਤੇ ਸ਼ਹਾਦਤ ਦੇ ਕੇ ਗੁਰੂ ਜੀ ਨੇ ਇਕ ਵਾਰ ਫਿਰ ਸੰਸਾਰ ਭਰ ਵਿਚ ਗੁਰੂ ਨਾਨਕ ਦੇਵ ਜੀ ਦੇ ਚਲਾਏ 'ਨਿਰਮਲ ਪੰਥ' ਦੀ ਨਿਰਮਲਤਾ ਅਤੇ ਨਿਡਰਤਾ ਦਾ ਠੋਸ ਪ੍ਰਮਾਣ ਪ੍ਰਸਤੁਤ ਕਰ ਦਿੱਤਾ। ਦੂਜਿਆਂ ਦੇ ਧਰਮ ਦੀ ਰਾਖੀ ਲਈ ਆਪਣਾ ਆਪਾ ਕੁਰਬਾਨ ਕਰ ਦਿੱਤਾ। ਨਿਡਰਤਾ ਸ਼ਿਖਰਾਂ ਤ ਪਹੁੰਚ ਗਈ। ਸਿੱਖੀ ਸ਼ਖਸੀਅਤ ਵਿਚ ਨਵਾਂ ਨਿਖਾਰ ਆਇਆ। ਗੁਰੂ ਗੋਬਿੰਦ ਸਿੰਘ ਜੀ ਗੁਰਤਾਗੱਦੀ ਤੇ ਸ਼ੁਸ਼ੋਭਿਤ ਹੋਏ। ਜਿਸ ਤਰ੍ਹਾਂ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋਂ ਬਾਅਦ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸਿਖੀ ਸਿਧਾਂਤਾਂ ਨੂੰ ਨਵਾਂ ਮੋੜ ਦਿੱਤਾ ਸੀ ਉਸੇ ਤਰ੍ਹਾਂ ਗੁਰੂ ਤੇਗ ਬਹਾਦਰ ਜੀ

3. ਰਤਨ ਸਿੰਘ ਭੰਗੂ ਸ਼ਹੀਦ, *ਸ੍ਰੀ ਗੁਰ ਪੰਥ ਪ੍ਰਕਾਸ਼,* ਸ਼੍ਰੋ: ਗੁ: ਪ੍ਰ: ਕਮੇਟੀ, ਸ੍ਰੀ ਅੰਮ੍ਰਿਤਸਰ, 1984, ਪੰਨਾ 60.
4. ਗਿਆਨ ਸਿੰਘ ਗਿਆਨੀ, *ਸ੍ਰੀ ਗੁਰੂ ਪੰਥ ਪ੍ਰਕਾਸ਼,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1970, ਪੰਨਾ 118.
5. *ਸ੍ਰੀ ਗੁਰ ਪੰਥ ਪ੍ਰਕਾਸ਼,* ਪੰਨਾ 61.
6. *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ,* ਸ਼੍ਰੋ: ਗੁ: ਪ੍ਰ: ਕਮੇਟੀ, ਸ੍ਰੀ ਅੰਮ੍ਰਿਤਸਰ, 2004, ਪੰਨਾ 1427.

ਦੀ ਸ਼ਹੀਦੀ ਤੋਂ ਉਪਰੰਤ ਗੁਰੂ ਗੋਬਿੰਦ ਸਿੰਘ ਜੀ ਨੇ ਕੀਤਾ। ਬੀਰ ਰਸੀ ਬਾਣੀ ਦੀ ਰਚਨਾ *(ਸ੍ਰੀ ਦਸਮ ਗ੍ਰੰਥ)*, ਕਿਲ੍ਹਿਆਂ ਦੀ ਉਸਾਰੀ, ਅਤੇ ਖਾਲਸਾ ਪੰਥ ਦੀ ਸਾਜਨਾ ਵਰਗੇ ਨਿਰਾਲੇ ਕੌਤਕ ਗੁਰੂ ਜੀ ਨੇ ਕੀਤੇ। ਖਾਲਸਾ ਪੰਥ ਦੀ ਸਾਜਨਾ ਪ੍ਰਥਾਇ ਗਿਆਨੀ ਗਿਆਨ ਸਿੰਘ ਜੀ ਦਾ ਕਥਨ ਹੈ :

ਦੁਖ ਦਰਦ ਦੂਰ ਕਰੇ ਜਨਕੇ ਕਰ ਖੱਗ ਗਹਯੋ ਖਲ ਗੰਜਨ ਕੋ ।
ਝਟ ਪੰਥ ਪ੍ਰਚਾਰ ਕਰਯੋ ਜਗਮੈਂ ਕਲਿਕੇ ਮਲ ਦੋਖ ਬਿਭੰਜਨਕੋਂ। 18 [7]

ਸ੍ਰੀ ਗੁਰ ਪੰਥ ਪ੍ਰਕਾਸ਼ ਦੇ ਕਰਤਾ ਭਾਈ ਰਤਨ ਸਿੰਘ ਭੰਗੂ ਸ਼ਹੀਦ ਦਾ ਕਥਨ ਬੜਾ ਭਾਵਪੂਰਨ ਹੈ ਜਿਸ ਵਿਚ ਪੰਥ ਨੂੰ ਦਸਵੇਂ ਪਾਤਸ਼ਾਹ ਵਲੋਂ ਪਾਤਸ਼ਾਹੀ ਦੇ ਕੇ ਵੱਡਾ ਕਰਨ ਦਾ ਵਰਨਣ ਕੀਤਾ ਗਿਆ ਹੈ :

*ਪੁਨ ਗੋਬਿੰਦ ਸਿੰਘ ਭਏ ਕਲ ਧਾਰੀ। ਦੇ ਪਤਿਸ਼ਾਹੀ ਕੀਯੋ ਪੰਥ ਭਾਰੀ।*8[8]

ਗੁਰੂ ਸਾਹਿਬ ਵਲੋਂ ਸਾਜਿਆ ਗਿਆ ਇਹ ਖਾਲਸਾ ਨਿਰਵੈਰ ਸੀ । ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਇਸਨੂੰ ਜੋ ਨਿਡਰਤਾ ਦਾ ਸਬਕ ਪੜ੍ਹਾਇਆ ਜਾ ਰਿਹਾ ਸੀ ਉਸ ਦਾ ਇਮਿਤਹਾਨ ਪਾਸ ਕਰਕੇ ਹੀ ਇਹ ਖਾਲਸਾ ਬਣਿਆ ਜੋ :

*ਜੈਸੇ ਗੁਰ ਕਾ ਪੰਥ ਰੰਗੀਲਾ। ਬੀਰ ਬਾਂਕਰੋ ਬਲੀ ਛਬੀਲਾ।*33[9]
ਹੁਤੇ ਸਿੰਘ ਤਬ ਭੋਲੇ ਭਾਲੇ। ਬੀਰ ਬਾਂਕਰੇ ਬਲੀ ਬਿਸਾਲੇ।
ਰਖਤੇ ਰੀਤਿ ਨੀਤਿ ਦਰਵੇਸੀ। ਰਾਜਨੀਤਿ ਕੀ ਚਾਲ ਨ ਚਲਤੇ। [10]

ਐਸਾ ਖਾਲਸਾ ਪੰਥ ਰਚਿਆ ਗਿਆ ਜੋ :

ਪੁਨ ਹਿੰਦੂ ਤੁਰਕਨ ਤੇ ਨਿਆਰਾ। ਰਚੋ ਖਾਲਸਾ ਪੰਥ ਕਰਾਰਾ।
ਮਹਾਂ ਤੇ ਜਸੀ ਦੰਗੇਬਾਜ। ਲਰਨ ਮਰਨ ਤੇ ਕਰੈ ਨ ਲਾਜ।
ਲੋਗ ਚੁਰਾਸੀ ਕੇ ਹੈ ਜੋਈ। ਸਿੰਘ ਬਾਜ ਹੁਵੈ ਚਿੜੀਆਂ ਸੋਈ। [11]

ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਨਾਨਕ ਦੇਵ ਜੀ ਦੇ ਉਨ੍ਹਾਂ ਪਾਵਨ ਬਚਨਾਂ ਨੂੰ ਦ੍ਰਿੜ੍ਹ ਕਰਦਿਆਂ 'ਨਾਨਕ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸੁ' ਅਜਿਹੇ ਹੀ 'ਤਯੋ ਹੀ ਲਘੁ ਜਾਤਿਨ ਕੈ ਤਾਈ। ਰਾਜ ਬਿਭੋ ਯੁਤ ਦੇਹੁ ਬਡਾਈ।' ਨੀਵੀਆਂ ਜਾਤਾਂ ਵਾਲਿਆਂ ਨੂੰ ਖਾਲਸਾ ਸਾਜਿਆ :

ਜਿਨ ਕੀ ਜਾਤਿ ਔਰ ਕੁਲ ਮਾਹੀ।
ਸਰਦਾਰੀ ਨਹਿ ਭਈ ਕਦਾਹੀਂ।
ਕੀਟਨ ਤੇ ਇਨ ਕੋ ਮ੍ਰਿਗਿੰਦੂ।
ਕਰੋ ਹਰਨ ਹਿਤ ਤੁਰਕ ਗਜਿੰਦੂ।
ਇਨ ਹੀ ਕੋ ਸਰਦਾਰ ਬਨਾਵੋਂ।
ਤਬੈ ਗੋਬਿੰਦ ਸਿੰਘ ਨਾਮ ਸਦਾਵੋਂ। [12]

ਨਾਲ ਹੀ ਗੁਰੂ ਜੀ ਨੇ ਇਹ ਬਚਨ ਵੀ ਕੀਤੇ :

---

7. *ਸ੍ਰੀ ਗੁਰ ਪੰਥ ਪ੍ਰਕਾਸ਼*, ਪੰਨਾ 3.
8. *ਉਹੀ*, ਪੰਨਾ 61.
9. *ਸ੍ਰੀ ਗੁਰੂ ਪੰਥ ਪ੍ਰਕਾਸ਼*, ਪੰਨਾ 5.
10. *ਉਹੀ*, ਪੰਨਾ 12.
11. *ਉਹੀ*, ਪੰਨਾ 223.
12. *ਉਹੀ*, ਪੰਨਾ 224.

ਅਬ ਤੁਮ ਸੋਢ ਬੰਸ ਦੂਜ ਛੱੜ੍ਹੀ । ਅਚੁਤ ਗੋਤ ਭਏ ਸਬ ਅੱੜ੍ਹੀ।
ਗੁਰ ਘਰ ਜਨਮ ਤੁਮਾਰੇ ਹੋਏ। ਪਿਛਲੇ ਜਾਤਿ ਵਰਣ ਸਭ ਖੋਏ।
ਜਨਮ ਕੇਸ ਗੜ ਵਾਸਿ ਅਨੰਦ ਪੁਰ । ਹੋਏ ਪੂਤ ਜਾਤਿ ਤੁਵ ਸਤਗੁਰ।
ਚਾਰ ਵਰਣ ਕੇ ਏਕੋ ਭਾਈ । ਧਰਮ ਖਾਲਸਾ ਪਦਵੀ ਪਾਈ।
ਹਿੰਦੂ ਤੁਰਕ ਤੈ ਯਾਹਿ ਨਿਆਰਾ। ਸਿਖ ਮਜਬ ਅਬ ਤੁਮਨੇ ਧਾਰਾ।
ਸਿੰਘ ਨਾਮ ਪਰਮੇਸ਼੍ਵਰ ਕੋ ਹੈ। ਬਡੇ ਦਬਦਬੇ ਵਾਰੋ ਸੋਹੈ। [13]

ਗੁਰੂ ਗੋਬਿੰਦ ਸਿੰਘ ਜੀ ਨੇ ਸੰਗਤਾਂ ਨੂੰ ਸ਼ਸ਼ਤਰ ਦੀ ਮਹੱਤਤਾ ਅਤੇ ਸ਼ਸ਼ਤਰ ਦੇ ਧਾਰਨੀ ਹੋਣ ਦਾ ਫਲ ਦੱਸ ਕੇ ਐਸਾ ਪ੍ਰਭਾਵਿਤ ਕੀਤਾ ਕਿ ਸਾਰੀ ਸੰਗਤ ਹੀ ਸ਼ਸ਼ਤਰਾਂ ਦੀ ਧਾਰਨੀ ਹੋਣ ਲਈ ਉਤਾਵਲੀ ਹੋ ਗਈ:

ਅਬ ਸ਼ਸਤ੍ਰ ਧਾਰਨ ਕਾ ਵੇਲਾ। ਹੈ ਤੁਮ ਧਾਰਹੁ ਧਰਮ ਨਵੇਲਾ।
ਧਰਮ ਹੇਤ ਜਿਨ ਤੇਗ ਉਠਾਈ। ਭੁਗਤਿ ਮੁਕਤਿ ਸਬ ਸੀਘ੍ਰ ਪਾਈ।
ਕਲਿ ਮੈ ਜਪ ਤਪ ਜੋਗ ਸੰਨਯਾਸ। ਹੋਤ ਨਹੀਂ ਸਿਧ ਸਾਚ ਬਿਲਾਸ।
ਮੁਕਤਿ ਮਿਲਨਕੇ ਸਾਧਨ ਦੋਈ। ਭਗਤਿ ਪ੍ਰਭੂ ਕੈ ਤੇਗ ਗਹੋਈ।
ਖੰਡਯੋ ਤਿੱਖੀ ਵਾਲਹੁ ਨਿਕੀ। ਸ੍ਰੀ ਗੁਰ ਵਰਨੀ ਭਗਤੀ ਸਿਖੀ।
ਜੇ ਤੁਮ ਚਾਹੋ ਭਗਤਿ ਕਮਾਵਨਿ। ਖੰਡੇਧਾਰ ਵਾਰ ਪਰ ਧਾਵਨ। [14]

ਅਤੇ

ਧਰਮ ਜੁਧ ਹਿਤ ਤੇਗ ਗਹਿ ਸ਼ੱਤਰ ਸਮੁਖ ਜੋ ਜਾਹਿ।
ਜੀਤੇ ਭੋਗ ਤ ਰਾਜ ਸੁਖ ਜੁਝੇ ਮੁਕਤਿ ਲਹਾਹਿ।
ਇਹੁ ਸੁਨ ਸਬ ਸਿਖਨ ਸਹੀ ਮਾਂਨੇ ਗੁਰਕੇ ਬੈਂਨ।
ਮਾਰਗ ਮੁਕਤੀ ਲੈਣ ਕਾ ਗਹਯੋ ਬੀਰ ਰਸ ਐਂਨ। [15]

ਸਿੱਖਾਂ ਦਾ ਇਕ ਦਮ ਤੇਗ ਚੁੱਕਣ ਲਈ ਤਿਆਰ ਹੋ ਜਾਣ ਪਿਛੇ ਜੋ ਮਾਨਸਿਕਤਾ ਕਾਰਜ਼ਸੀਲ ਸੀ ਉਹ ਗੁਰਬਾਣੀ ਦੇ ਰੰਗ ਵਿਚ ਰੰਗੀ ਹੋਈ ਸੀ। ਭਗਤ ਕਬੀਰ ਜੀ ਦਾ ਇਹ ਫੁਰਮਾਣ ਜੋ *ਸ੍ਰੀ ਗੁਰੂ ਗ੍ਰੰਥ ਸਾਹਿਬ* ਵਿਚ ਦਰਜ ਹੈ, ਜਿਸ ਨੂੰ ਪੜ੍ਹ ਕੇ ਸਿੱਖਾਂ ਦੀ ਮਾਨਸਿਕਤਾ ਇਸ ਤਰ੍ਹਾਂ ਹੋ ਚੁੱਕੀ ਸੀ ਜਿਵੇਂ ਲੋਹਾ ਗਰਮ ਹੋ ਜਾਂਦਾ ਹੈ ਅਤੇ ਦਸ਼ਮੇਸ਼ ਪਿਤਾ ਨੇ ਉਸ ਤੇ ਸ਼ਬਦ ਦੀ ਹੀ ਚੋਟ ਮਾਰ ਕੇ ਉਸਨੂੰ ਨਵੇਂ ਰੰਗ ਵਿਚ ਢਾਲ ਦਿੱਤਾ। ਪਾਵਨ ਵਾਕ ਹੈ :

ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤਿ॥ [16]

ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਵਿਚ ਵੀ ਇਸੇ ਤਰ੍ਹਾਂ ਹੀ ਫੁਰਮਾਇਆ ਹੈ :

ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨ ਕੀਜੈ॥20॥ [17]

---

13. *ਉਹੀ*, ਪੰਨਾ 233.
14. *ਉਹੀ*, ਪੰਨਾ 225.
15. *ਉਹੀ*, ਪੰਨਾ 226.
16. *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 1105.
17. *ਉਹੀ*, ਪੰਨਾ 1412.

ਨਾ ਤਾਂ ਭਗਤ ਕਬੀਰ ਜੀ ਨੇ ਅਤੇ ਨਾ ਹੀ ਭਗਤ ਨਾਮਦੇਵ ਜੀ ਨੇ ਹਕੂਮਤ ਦਾ ਡਰ ਕਬੂਲਿਆ ਅਤੇ ਆਪਣੇ ਅਧਿਆਤਮਿਕ ਮਾਰਗ ਤੇ ਅਡਿੱਗ ਰਹੇ। ਭਗਤ ਕਬੀਰ ਜੀ ਦਾ ਇਹ ਪਾਵਨ ਸ਼ਬਦ ਉਨ੍ਹਾਂ ਦੇ ਜੀਵਨ ਵਿਚ ਵਾਪਰੀ ਘਟਨਾ ਦੀ ਹਾਮੀ ਭਰਦਾ ਹੈ :

ਭੁਜਾ ਬਾਂਧਿ ਭਿਲਾ ਕਰਿ ਡਾਰਿਓ॥ [18]

ਭਗਤ ਨਾਮਦੇਵ ਜੀ ਦਾ ਉਚਾਰਣ ਕੀਤਾ ਇਹ ਸ਼ਬਦ ਉਨ੍ਹਾਂ ਦੇ ਜੀਵਨ ਦੀ ਘਟਨਾ ਦਾ ਪ੍ਰਤੱਖ ਪ੍ਰਮਾਣ ਹੈ:

ਸੁਲਤਾਨੁ ਪੂਛੈ ਸੁਨੁ ਬੇਨਾਮਾ॥ ਦੇਖਉ ਰਾਮ ਤੁਮ੍ਹਾਰੇ ਕਾਮਾ॥ [19]

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮਨੁੱਖ ਦੇ 'ਸਚਿਆਰ' ਬਨਣ ਦਾ ਜੋ ਆਦਰਸ਼ ਆਪਣੀ ਬਾਣੀ ਵਿਚ ਬਿਆਨ ਕੀਤਾ ਉਸ ਵਿਚ ਸੰਤ ਤੇ ਸਿਪਾਹੀ ਸ਼ਖ਼ਸੀਅਤ ਦੀ ਉਸਾਰੀ ਵੱਲ ਸੰਕੇਤ ਸੀ । ਸੋ *ਸ੍ਰੀ ਗੁਰੂ ਗ੍ਰੰਥ ਸਾਹਿਬ* ਵਿਚਲੀ ਬਾਣੀ ਅਧਿਆਤਮਿਕ ਰਸ ਦੀ ਪ੍ਰਧਾਨਤਾ ਕਰਕੇ ਜਿਥੇ 'ਸੰਤ' ਦੀ ਸ਼ਖ਼ਸੀਅਤ ਉਸਾਰਨ ਦੇ ਸਮਰਥ ਹੈ ਉਥੇ 'ਸਿਪਾਹੀ' ਦੀ ਅਦੱਤੀ ਘਾੜਤ ਵਲ ਵੀ ਸੰਕੇਤ ਕੀਤੇ ਗਏ ਹਨ । ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤਕ ਜੋ ਜੋਤਿ ਦੀ ਨਿਰਤਰਤਾ ਬਣੀ ਰਹੀ, ਕਾਇਆ ਹੀ ਬਦਲੀ, ਸਿਧਾਂਤ ਉਹੋ ਹੀ ਰਹੇ। ਪੂਰਨ ਸ਼ਖ਼ਸੀਅਤ ਦੇ ਵਿਕਾਸ ਵਿਚ ਯੋਗਦਾਨ ਪੈਂਦਾ ਰਿਹਾ । ਉਸੇ ਦੇ ਆਧਾਰ ਤੇ ਹੀ ਗੁਰੂ ਗੋਬਿੰਦ ਸਿੰਘ ਜੀ ਨੇ ਐਸੇ ਬੀਰ-ਰਸੀ *ਸ੍ਰੀ ਦਸਮ ਗ੍ਰੰਥ* ਦੀ ਰਚਨਾ ਕੀਤੀ ਜਿਸਨੇ 'ਸੰਤ ਤੇ ਸਿਪਾਹੀ' ਦੀ ਆਦਰਸ਼ ਘਾੜਤ ਵਿਚ ਹੋਰ ਯੋਗਦਾਨ ਪਾਇਆ । ਗਿਆਨੀ ਗਿਆਨ ਸਿੰਘ ਅਨੁਸਾਰ :

ਤੈਸੇ ਦੇਵੀ ਕੇ ਜੰਗ ਵਰਨੇ। ਸਿਖਨ ਮਾਂਹਿ ਬੀਰ ਰਸ ਭਰਨੇ।
ਹੇਤ ਜੁੱਧ ਬਹੁਤ ਭਾਂਤ ਉਚਾਰੇ। ਜਿਨ ਕੌ ਪੜ ਸੁਣ ਸਿੰਘ ਅਪਾਰੇ। [20]

ਇਕ ਪਾਸੇ ਤਾਂ ਸਤਿਗੁਰੂ ਜੀ ਦੁਆਰਾ ਉਚਾਰਣ ਕੀਤੀ ਬੀਰ ਰਸੀ ਬਾਣੀ ਅਤੇ ਦੂਜੇ ਪਾਸੇ ਢਾਡੀਆਂ ਦਾ ਉਸ ਬੀਰ ਰਸ ਨੂੰ ਅਜਬ ਢੰਗ ਨਾਲ ਸਿੰਘਾਂ ਨੂੰ ਸਰਵਣ ਕਰਾਉਣ ਦਾ ਤਰੀਕਾ, ਦੋਵੇਂ ਹੀ ਸੋਨੇ ਤੇ ਸੁਹਾਗੇ ਦਾ ਕੰਮ ਕਰਦੇ ਸਨ । ਢਾਡੀਆਂ ਦੀ ਵਾਰ ਗਾਇਣ ਦੀ ਇਹ ਪ੍ਰਥਾ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਦਰਬਾਰ ਤੋਂ ਹੀ ਚਲੀ ਆ ਰਹੀ ਸੀ ਅਤੇ ਇਸੇ ਬੀਰ ਰਸ ਦੀ ਪ੍ਰਾਪਤੀ ਕਰਕੇ ਹੀ ਸਿੱਖਾਂ ਨੇ ਜ਼ੁਲਮ ਖਿਲਾਫ ਚਾਰ ਜੰਗਾਂ ਪਹਿਲਾਂ ਲੜ ਲਈਆਂ ਸਨ ਅਤੇ ਹੁਣ ਫਿਰ ਤਿਆਰ ਸਨ । ਗਿਆਨੀ ਗਿਆਨ ਸਿੰਘ ਜੀ ਆਪਣੇ ਸ਼ਬਦਾਂ ਰਾਹੀਂ ਬੀਰ ਰਸ ਦੇ ਪ੍ਰਭਾਵ ਦਾ ਅਨੋਖਾ ਚਿਤਰਨ ਪੇਸ਼ ਕਰਦੇ ਕਹਿੰਦੇ ਹਨ :

ਐਸੇ ਢੰਗ ਪ੍ਰਸੰਗ ਸੁਨੈਹੈਂ। ਜੋ ਸੁਨ ਕਾਇਰ ਭੀ ਲਰ ਪੈਹੈਂ॥
ਹਰਿ ਗੋਬਿੰਦ ਗੁਰ ਕੀਨੇ ਜੰਗ। ਧਰਮ ਰਾਖਨੇ ਹਿਤ ਜਿਸ ਢੰਗ।
ਕੌਨ ਪੁਰਖ ਜੋ ਸੁਨਕੈ ਵਾਰ। ਸੂਰ ਬੀਰ ਨਹਿ ਹੋਇ ਉਦਾਰ।
ਐਸੇ ਚਢੈ ਬੀਰ ਰਸ ਤੈਹੈਂ। ਹਥ ਤੇਗ ਮੁਛ ਪਰ ਖੁਦ ਐਹੈਂ। [21]

ਅਤੇ ਸਿੱਖ ਐਸੇ ਉਤਾਵਲੇ ਹੋ ਜਾਂਦੇ ਹਨ ਤੇ ਸਤਿਗੁਰੂ ਜੀ ਨੂੰ ਬੇਨਤੀ ਕਰਦੇ ਹਨ ਕਿ :

ਬਿਲਮ ਕਰੋ ਨਹਿ ਸਤਗੁਰੋ ਆਗਯਾ ਹਮ ਕੋ ਦੈਹੁ।
ਦੇਸ ਗਿਰੇਸਨ ਜੀਤ ਕੈ ਦਿਲੀ ਤਖਤ ਲਹੈਹੁ॥6॥ [22]

---

18. *ਉਹੀ,* ਪੰਨਾ 870.
19. *ਉਹੀ,* ਪੰਨਾ 1165.
20. *ਸ੍ਰੀ ਗੁਰੂ ਪੰਥ ਪ੍ਰਕਾਸ਼,* ਪੰਨਾ 20.
21. *ਉਹੀ,* ਪੰਨਾ 241-42.
22. *ਉਹੀ,* ਪੰਨਾ 241.

ਸੋ ਸੰਤ-ਸਿਪਾਹੀ ਦਾ ਸੁਮੇਲ ਅਤੇ ਸਚਿਆਰ ਸ਼ਖ਼ਸੀਅਤ ਖਾਲਸਾ ਨਿਰਭਉ ਅਤੇ ਨਿਰਵੈਰ ਹੋ ਕੇ ਜ਼ੁਲਮ ਦੇ ਖਿਲਾਫ ਸਤਿਗੁਰਾਂ ਦੀ ਅਗਵਾਈ ਵਿਚ ਜੰਗਾਂ ਲੜਦਾ, ਜਿੱਤਾਂ ਪ੍ਰਾਪਤ ਕਰਦਾ ਰਿਹਾ । ਜਿੱਤ ਸੁਭਾਵਿਕ ਸੀ । ਸਦੀਆਂ ਤੋਂ ਸ਼ੂਦਰ (ਲਘੂ ਜਾਤਿ) ਕਹਿ ਕੇ ਦਬਾਈ ਗਈ ਮਾਨਸਿਕਤਾ ਦਾ ਬੋਝ ਜਦੋਂ ਉਤਰਿਆ ਤਾਂ ਨਵਾਂ ਮਨੋਬਲ ਜਾਗਿਆ। ਖਾਲਸਾ ਸਾਜਿਆ ਤਾਂ ਗੁਰੂ ਘਰ ਵਿਚ ਨਵਾਂ ਜਨਮ ਹੋਇਆ। ਪਿਛਲੇ ਜਾਤਿ, ਵਰਣ ਸਭ ਮਿਟ ਗਏ। ਇਕੋ ਜਾਤਿ ਬਣ ਗਈ। ਉਹ ਜਾਤਿ ਜੋ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤਕ ਸੀ। ਗੁਰੂ ਦੀ ਜਾਤਿ ਅਕਾਲ ਪੁਰਖ ਵਾਲੀ ਸੀ ਅਤੇ ਅਕਾਲ ਪੁਰਖ ਤਾਂ 'ਅਜਾਤਿ' ਹੈ। ਸੋ ਸਾਰੇ 'ਅਜਾਤਿ' ਹੋ ਗਏ। ਗਿਲਾਨੀ ਮਿਟ ਗਈ । ਖਾਲਸੇ ਦੀ ਪਦਵੀ ਮਿਲੀ। ਧਰਮ ਵੀ ਖਾਲਸਾ ਹੀ ਹੋ ਗਿਆ। ਸਿੰਘ ਤੇ ਪਰਮੇਸ਼ਰ ਇਕੋ ਹੋ ਨਿਬੜੇ। ਹੁਣ ਜ਼ੁਲਮ ਦੇ ਖਿਲਾਫ ਲਹਿਰ ਉਠੀ। ਕੋਈ ਨਿੱਜੀ ਸਵਾਰਥ ਨਹੀਂ ਸੀ । ਬੱਸ ਪਰਉਪਕਾਰ ਲਈ ਹੀ ਜੀਵਨ ਅਰਪਨ ਸੀ । ਇਹ ਸੋਚ ਜਾਂ ਅਮਲ ਗੁਰੂ ਸਾਹਿਬਾਨ ਤਕ ਹੀ ਨਹੀਂ ਰਿਹਾ ਬਲਕਿ ਅੱਜ ਤੱਕ ਵੀ ਪੂਰਨ ਤੌਰ ਤੇ ਕਾਇਮ ਹੈ। ਕਿਉਂਕਿ ਗੁਰੂ ਗੋਬਿੰਦ ਸਿੰਘ ਜੀ ਨੇ ਜੋਤੀ ਜੋਤਿ ਸਮਾਉਣ ਵੇਲੇ ਦੇਹਧਾਰੀ ਗੁਰੂ ਪਰੰਪਰਾ ਨੂੰ ਸਮਾਪਤ ਕਰਦਿਆਂ ਗੁਰਤਾਗੱਦੀ ਸਦਾ ਲਈ ਜੁਗੋ-ਜੁਗ ਅਟੱਲ *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* ਅਤੇ ਖਾਲਸਾ ਪੰਥ ਨੂੰ ਸੌਂਪ ਦਿੱਤੀ । ਜਿਸ ਸਦਕਾ ਆਤਮਾ ਗ੍ਰੰਥ ਵਿਚ ਅਤੇ ਸਰੀਰ ਪੰਥ ਵਿਚ ਬਿਰਾਜਮਾਨ ਹੋ ਗਿਆ । ਜ਼ੁਲਮ ਦੇ ਖਿਲਾਫ ਸੰਘਰਸ਼ ਜਾਰੀ ਰਿਹਾ। ਨਿਡਰਤਾ ਕਾਇਮ ਰਹੀ। ਨਿਰਵੈਰਤਾ ਨੇ ਆਪਣਾ ਰੂਪ ਨਹੀਂ ਵਟਾਇਆ । ਸਮਾਂ ਨਿਰੰਤਰ ਚਲਦਾ ਰਿਹਾ ਅਤੇ ਨਵਾਂ ਇਤਿਹਾਸ ਸਿਰਜਿਆ ਜਾਂਦਾ ਰਿਹਾ। ਸਿੰਘ ਘਬਰਾਏ ਨਹੀਂ, ਡੱਟੇ ਰਹੇ। ਇਤਿਹਾਸ ਗੁਆਹ ਹੈ।

ਸਿੰਘਾਂ ਦੀ ਸੂਰਬੀਰਤਾ ਦੇ ਪ੍ਰਸੰਗ ਨੂੰ ਪੜ੍ਹ-ਸੁਣ ਕੇ ਕਈਆਂ ਦੇ ਮਨਾਂ ਵਿਚ ਸਿੰਘਾਂ ਪ੍ਰਤੀ ਕਈ ਤਰ੍ਹਾਂ ਦੇ ਪ੍ਰਸ਼ਨ ਵੀ ਉਪਜਦੇ ਰਹੇ ਜਿਨ੍ਹਾਂ ਦਾ ਉਸ ਵੇਲੇ ਦੇ ਸਿੱਖ ਲਿਖਾਰੀਆਂ ਨੇ ਵਾਜ਼ਿਬ ਢੰਗ ਨਾਲ ਉੱਤਰ ਵੀ ਦਿੱਤਾ ਅਤੇ ਸੰਤੁਸ਼ਟ ਵੀ ਕਰਵਾਇਆ । ਵੱਡਾ ਪ੍ਰਸ਼ਨ ਇਹੀ ਹੁੰਦਾ ਕਿ ਥੋੜ੍ਹੀ ਜਿਹੀ ਗਿਣਤੀ ਵਾਲੇ ਸਿੱਖਾਂ ਨੇ ਵੀ ਆਪਣਾ ਖਾਲਸਾ ਰਾਜ ਕਾਇਮ ਕੀਤਾ, ਇਹ ਰਾਜ ਇਨ੍ਹਾਂ ਨੂੰ ਕਿਸ ਪਾਤਸ਼ਾਹ ਨੇ ਦਾਨ ਕੀਤਾ? ਪ੍ਰਸ਼ਨ ਇਸ ਤਰ੍ਹਾਂ ਹੈ :

ਸਿੰਘਨ ਪਾਯੋ ਰਾਜ ਕਿਮ, ਔ ਦੀਨੋ ਕਿਨ ਪਤਿਸ਼ਾਹੁ ?॥33॥ [23]

ਭਾਈ ਰਤਨ ਸਿੰਘ ਭੰਗੂ 'ਸ਼ਹੀਦ' ਦੇ ਕਥਨ ਅਨੁਸਾਰ ਓਪਰੋਕਤ ਸਵਾਲ ਦਾ ਉੱਤਰ ਹੈ:

ਸਿੰਘਨ ਪਤਿਸ਼ਾਹੀ ਸਾਹਿ ਸੱਚੈ ਦਈ। [24]

ਸੋ ਬਹਾਦਰ ਕੌਮਾਂ ਹੀ ਰਾਜ ਕਰਦੀਆਂ ਹਨ । ਸਿੱਖਾਂ ਨੇ ਰਾਜ ਕੀਤਾ ਹੈ। ਸਿੱਖ ਕੌਮ ਬਹਾਦੁਰ ਕੌਮ ਹੈ। ਬਹਾਦਰੀ ਦੀ ਸਭ ਤੋਂ ਵੱਡੀ ਇਹ ਨਿਸ਼ਾਨੀ ਹੁੰਦੀ ਹੈ ਕਿ ਨਾ ਡਰਨਾ, ਤੇ ਨਾ ਕਿਸੇ ਨੂੰ ਡਰਾਉਣਾ। ਸੋ ਇਹ ਗੁਣ ਖਾਲਸੇ ਦਾ ਵਿਸ਼ੇਸ਼ ਗੁਣ ਹੈ। ਖਾਲਸਾ ਨਿਰਭਉ ਤੇ ਨਿਰਵੈਰ ਅਕਾਲ ਪੁਰਖ ਦਾ ਉਪਾਸ਼ਕ ਹੈ। ਇਹ ਵੈਰ-ਵਿਰੋਧ ਤੋਂ ਨਿਰਲੇਪ ਸਚਿਆਰ ਸ਼ਖਸੀਅਤ ਹੈ, ਜੋ ਕਿਸੇ ਤੋਂ ਕੁਝ ਖੋਹ ਕੇ ਪ੍ਰਾਪਤ ਨਹੀਂ ਕਰਦਾ ਬਲਕਿ ਆਪਣਾ ਹੱਕ ਲੈਣ ਲਈ ਹੱਕ ਤੇ ਸੱਚ ਦੀ ਲੜਾਈ ਲੜਦਾ ਹੈ। ਇਹ ਕਿਸੇ ਅੱਗੇ ਹੱਥ ਨਹੀਂ ਅੱਡਦਾ । ਇਹ ਅਕਾਲ ਪੁਰਖ ਦਾ ਹੈ। ਅਕਾਲ ਪੁਰਖ ਹੀ ਇਸਨੂੰ ਪਾਤਸ਼ਾਹੀਆਂ ਬਖਸ਼ ਕੇ ਨਿਵਾਜਦਾ ਹੈ। ਇਹ ਨਿੱਜੀ ਸੁਆਰਥ ਤੋਂ ਉੱਪਰ ਉੱਠ ਕੇ, ਪਰਸੁਆਰਥੀ ਹੋ ਕੇ ਵਿਚਰਦਾ ਹੈ। ਨਾ ਪਾਪ ਕਰਦਾ ਹੈ ਅਤੇ ਨਾ ਹੀ ਡਰਦਾ ਹੈ। ਨਿਡਰ ਹੈ ਅਤੇ ਇਸ ਦੀ ਨਿਡਰਤਾ ਦਾ ਆਧਾਰ 'ਨਾਮ' ਹੈ। ਇਹ ਸੂਰਮਾ ਹੈ, ਬਹਾਦਰ ਹੈ।

---

23. *ਸ੍ਰੀ ਗੁਰ ਪੰਥ ਪ੍ਰਕਾਸ਼,* ਪੰਨਾ 41.
24. *ਉਹੀ।*

ਪੰਜਾਬ ਦੀ ਜੁਝਾਰੂ ਪਰੰਪਰਾ ਨੂੰ ਸਿੱਖੀ ਦੀ ਦੇਣ

ਗੁਰਸ਼ਰਨ ਜੀਤ ਸਿੰਘ *

ਪੰਜਾਬ ਨੂੰ ਗੁਰੂਆਂ, ਪੀਰਾਂ ਤੇ ਸੂਰਮਿਆਂ ਦੀ ਧਰਤੀ ਕਿਹਾ ਜਾਂਦਾ ਹੈ। ਇਸ ਗੱਲ ਨੂੰ ਮੰਨਣਾ ਹੀ ਪੈਂਦਾ ਹੈ ਕਿ ਹਰ ਕੌਮ ਵਿੱਚ ਕੁਝ ਨਾਮਵਰ ਯੋਧਿਆਂ ਦੀਆਂ ਗਾਥਾਵਾਂ ਪ੍ਰਚੱਲਿਤ ਹੁੰਦੀਆਂ ਹਨ। ਇਥੋਂ ਤੀਕ ਕਿ ਹਰ ਸਮਾਜ ਦੇ ਲੋਕ-ਨਾਇਕਾਂ ਜਾਂ ਨਾਇਕਾਵਾਂ ਵਿੱਚ ਬਹਾਦਰ ਲੋਕ ਸ਼ਾਮਿਲ ਹਨ। ਕਈ ਬਹਾਦਰ ਨਾਇਕ ਤਾਂ ਪੂਜੇ ਵੀ ਜਾਂਦੇ ਹਨ। ਇਸ ਤੋਂ ਇੱਕ ਗੱਲ ਸਪਸ਼ਟ ਹੈ ਕਿ ਬਹਾਦਰੀ, ਨਿਡਰਤਾ ਅਤੇ ਕੁਰਬਾਨੀ ਵਰਗੀਆਂ ਕਦਰਾਂ-ਕੀਮਤਾਂ ਦਾ ਹਰ ਸਮਾਜ ਵਿੱਚ ਆਦਰ ਕੀਤਾ ਜਾਂਦਾ ਹੈ। ਪੰਜਾਬ ਵਿੱਚ ਗੁਰੂ-ਕਾਲ ਤੋਂ ਪੂਰਵ ਦੀ ਜੁਝਾਰੂ ਪਰੰਪਰਾ ਦਾ ਸੰਖੇਪ ਇਤਿਹਾਸ ਕੀ ਰਿਹਾ ਹੈ ਅਤੇ ਗੁਰਮਤਿ ਵਿਚਾਰਧਾਰਾ ਨੇ ਪੰਜਾਬ ਦੀ ਜੁਝਾਰੂ ਪਰੰਪਰਾ ਨੂੰ ਕਿਵੇਂ ਪ੍ਰਭਾਵਿਤ ਕੀਤਾ ਹੈ, ਬਾਰੇ ਇੱਥੇ ਅਸੀਂ ਚਰਚਾ ਕਰਾਂਗੇ।

ਦੁਨੀਆਂ ਭਰ ਦੇ ਸਾਹਿਤ ਨੂੰ ਵਾਚੀਏ ਤਾਂ ਪਤਾ ਚੱਲਦਾ ਹੈ ਕਿ ਦੇਵਤਿਆਂ ਦੀ ਪੂਜਾ ਤੋਂ ਪਹਿਲਾ ਪੜਾਅ, ਨਾਇਕ-ਪੂਜਾ ਸੀ। ਨਾਇਕ ਉਹ ਵਿਅਕਤੀ ਬਣਦੇ ਸਨ, ਜਿਨ੍ਹਾਂ ਵਿੱਚ ਗੈਰ-ਮਾਮੂਲੀ (ਸਰੀਰਕ, ਮਾਨਸਿਕ, ਬੌਧਿਕ, ਆਤਮਿਕ) ਸ਼ਕਤੀ ਹੁੰਦੀ ਸੀ। ਮਨੁੱਖ ਹਮੇਸ਼ਾ ਜਾਦੂਈ, ਤਲਿਸਮੀ ਅਤੇ ਸੁਪਨਮਈ ਅਵਸਥਾ ਪ੍ਰਤੀ ਖਿੱਚ ਰੱਖਦਾ ਹੈ। ਇਨ੍ਹਾਂ ਗੁਣਾਂ ਵਾਲਾ ਸਾਹਿਤ ਹੀ ਲੋਕਪ੍ਰਿਆ ਬਣਦਾ ਰਿਹਾ ਹੈ। ਇਸੇ ਲਈ ਧਾਰਮਿਕ ਸਾਹਿਤ ਵਿੱਚ ਵੀ ਜਾਦੂਈ, ਮਿੱਥਕ ਤੇ ਤਲਿਸਮੀ ਅੰਸ਼ ਦੇਖੇ ਜਾ ਸਕਦੇ ਹਨ। ਇਹ ਅੰਸ਼ ਪਾਠਕ ਦੇ ਦਿਲ ਵਿੱਚ ਹੈਰਾਨਗੀ, ਆਨੰਦ ਤੇ ਉਤਸੁਕਤਾ ਪੈਦਾ ਕਰਦੇ ਹਨ। ਸੋ, ਨਾਇਕਾਂ ਦੀ ਮਹਿਮਾ ਕਰਦਿਆਂ, ਇਨ੍ਹਾਂ ਅੰਸ਼ਾਂ ਦਾ ਵੱਧ ਤੋਂ ਵੱਧ ਪ੍ਰਯੋਗ ਕੀਤਾ ਜਾਂਦਾ ਰਿਹਾ ਹੈ। ਪ੍ਰਾਚੀਨ ਕਾਲ ਦੇ ਰਾਜਿਆਂ ਦੀ ਮਹਿਮਾ ਕਰਦਿਆਂ, ਉਨ੍ਹਾਂ ਨਾਲ ਇਸੇ ਕਰਕੇ ਅਤਿਕਥਨੀਆਂ ਜੋੜਦਿਆਂ, ਉਨ੍ਹਾਂ ਨੂੰ 'ਦੇਵਤੇ' ਜਾਂ 'ਅਵਤਾਰ' ਦੀ ਸੰਗਿਆ ਵੀ ਦਿੱਤੀ ਜਾਂਦੀ ਰਹੀ ਹੈ। ਜੇ ਅਸੀਂ ਗੁਰੂ-ਕਾਲ ਤੋਂ ਪੂਰਵ ਪੰਜਾਬੀ ਨਾਇਕਾਂ ਦੀ ਸੂਚੀ ਬਣਾਉਣ ਦਾ ਯਤਨ ਕਰੀਏ ਤਾਂ ਉਹ ਬਹੁਤ ਹੀ ਥੋੜ੍ਹੇ ਨਾਵਾਂ ਵਾਲੀ ਸੂਚੀ ਹੈ। ਇਨ੍ਹਾਂ ਨਾਇਕਾਂ ਵਿੱਚ ਸਭ ਤੋਂ ਪਹਿਲਾ ਨਾਂ ਪੋਰਸ ਦਾ ਹੈ। ਪੋਰਸ ਨੇ 326 ਈ.ਪੂ. ਵਿੱਚ ਦੁਨੀਆਂ ਦੇ ਮਹਾਨ ਜੇਤੂ ਸਿਕੰਦਰ ਨੂੰ ਜ਼ਬਰਦਸਤ ਟੱਕਰ ਦਿੱਤੀ। ਇਸ ਤੋਂ ਬਾਅਦ ਪੰਜਾਬ ਕਈ ਸਦੀਆਂ ਤੀਕ ਯਵਨਾਂ, ਸ਼ੱਕਾਂ ਤੇ ਕੁਸ਼ਾਣਾਂ ਆਦਿ ਦਾ ਗੁਲਾਮ ਰਿਹਾ। ਪੰਜਾਬ ਵਿੱਚ ਕਦੇ ਵੀ ਵਿਦੇਸ਼ੀ ਰਾਜ ਤੋਂ ਸੁਤੰਤਰਤਾ ਲਈ ਕੋਈ ਵਿਆਪਕ ਅੰਦੋਲਨ ਨਹੀਂ ਹੋਇਆ। ਵਿਸ਼ੇਸ਼ ਕਰਕੇ ਸੱਤਵੀਂ ਸਦੀ ਈਸਾ ਤੋਂ ਬਾਅਦ ਪੰਜਾਬ ਵਿੱਚ ਕੋਈ ਲੋਕ-ਲਹਿਰ ਪੈਦਾ ਨਹੀਂ ਹੋਈ। ਜੇ ਕਿਹਾ ਜਾਵੇ ਕਿ ਪੋਰਸ ਤੋਂ ਬਾਅਦ ਪੰਜਾਬ ਦੀ ਕੋਈ ਪਹਿਚਾਣ ਹੀ ਨਹੀਂ ਸੀ ਤਾਂ ਇਹ ਅਤਿਕਥਨੀ ਨਹੀਂ ਹੋਵੇਗੀ। ਇਸ ਦਾ ਕਾਰਨ ਇਹ ਸੀ ਕਿ ਪੰਜਾਬ ਵਿੱਚ ਜੁਝਾਰੂਪਣ ਨਾਂ ਦੀ ਕੋਈ ਚੀਜ਼ ਨਹੀਂ ਸੀ। ਪੰਜਾਬ ਬੁੱਧ ਮੱਤ ਦੇ ਵੱਜਰਯਾਨ, ਨਾਥਾਂ ਤੇ ਯੋਗੀਆਂ ਦੀ ਸੌੜੀ ਤੇ ਨਿਰਾਸ਼ਾਵਾਦੀ ਵਿਚਾਰਧਾਰਾ ਦੇ ਚੁੰਗਲ ਵਿੱਚ ਫਸਿਆ ਰਿਹਾ ਹੈ। ਇਹੀ ਕਾਰਨ ਹੈ ਕਿ ਪੰਜਾਬ ਦੇ ਅਗਲੇ ਨਾਇਕਾਂ ਵਿੱਚ ਕਿਸੇ ਜੁਝਾਰੂ ਦਾ ਨਹੀਂ ਸਗੋਂ ਪੂਰਨ ਨਾਥ ਦਾ ਨਾਂ ਜੁੜਦਾ ਹੈ। ਪੂਰਨ ਦੇ ਨਾਲ

---

* ਮੁਖੀ, ਧਰਮ ਅਧਿਐਨ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।

ਮਿਲਦੀ-ਜੁਲਦੀ ਕਥਾ ਟੁੰਡੇ ਨਾਲ ਜੋੜੀ ਗਈ, ਜੋ ਕਿਸੇ ਅਸਰਾਜ ਨਾਂ ਦੇ ਰਾਜੇ ਦਾ ਪੁੱਤਰ ਸੀ। ਇਨ੍ਹਾਂ ਨੂੰ ਜਤੀ-ਸਤੀ ਤਾਂ ਮੰਨਿਆ ਜਾ ਸਕਦਾ ਹੈ, ਪਰ ਜੁਝਾਰੂ ਅੰਸ਼ਾਂ ਦੀ ਇਨ੍ਹਾਂ ਵਿੱਚੋਂ ਭਾਲ ਕਰਨੀ ਮੁਸ਼ਕਿਲ ਹੈ।

ਜੇ ਅਸੀਂ ਪੰਜਾਬ ਦੇ ਲੋਕ-ਸਾਹਿਤ ਨੂੰ ਵੀ ਫੋਲੀਏ ਤਾਂ ਸਾਨੂੰ ਜੁਝਾਰੂ ਨਾਇਕਾਂ ਦੇ ਨਾਂ ਵਧੇਰੇ ਨਹੀਂ ਮਿਲਦੇ। ਇਨ੍ਹਾਂ ਵਿੱਚ ਦੋ ਅਜਿਹੇ ਹਨ ਜਿਹੜੇ ਡਾਕੂ ਸਨ। ਇਨ੍ਹਾਂ ਦੇ ਨਾਂ ਜੱਗਾ ਤੇ ਦੁੱਲਾ ਭੱਟੀ ਸਨ। ਇਹ ਅਮੀਰਾਂ ਨੂੰ ਲੁੱਟਮਾਰ ਕੇ, ਉਨ੍ਹਾਂ ਦਾ ਧਨ ਗਰੀਬਾਂ ਵਿੱਚ ਵੰਡ ਦਿੰਦੇ ਸਨ। ਇਨ੍ਹਾਂ ਦੋਹਾਂ ਤੋਂ ਇਲਾਵਾ ਪੰਜਾਬ ਵਿੱਚ ਮਲਕ ਮੁਰੀਦ ਤੇ ਚੰਦ੍ਰਹੜਾ ਦੀ ਗਾਥਾ ਵੀ ਗਾਈ ਜਾਂਦੀ ਰਹੀ ਹੈ। ਇਹ ਦੋਵੇਂ ਬਾਦਸ਼ਾਹ ਅਕਬਰ ਦੇ ਸਿਪਾਹੀ ਸਨ ਤੇ ਗਲਤ ਫਹਿਮੀ ਕਾਰਨ ਲੜਾਈ ਵਿੱਚ ਦੋਵੇਂ ਮਾਰੇ ਗਏ। ਦੋਹਾਂ ਦਾ ਕੋਈ ਉੱਚਾ ਆਦਰਸ਼ ਨਹੀਂ ਸੀ। ਇਸੇ ਤਰ੍ਹਾਂ ਸਿਕੰਦਰ ਤੇ ਅਬਰਾਹਮ ਦੀ ਵਾਰ ਵੀ ਪੰਜਾਬ ਵਿੱਚ ਗਾਈ ਜਾਂਦੀ ਰਹੀ ਹੈ। ਇਨ੍ਹਾਂ ਦੋਹਾਂ ਵਿੱਚ ਇੱਕ ਔਰਤ ਦੀ ਇੱਜ਼ਤ ਬਚਾਉਣ ਦੇ ਮੁੱਦੇ 'ਤੇ ਹੋਇਆ ਝਗੜਾ, ਲੋਕ-ਗਾਥਾ ਦਾ ਵਿਸ਼ਾ ਬਣਿਆ ਹੈ।

ਪੰਜਾਬ ਵਿੱਚ ਜੁਝਾਰੂਪਣ ਦਾ ਸੰਪੂਰਨ ਸਰੂਪ ਗੁਰੂ-ਕਾਲ ਵਿੱਚ ਹੀ ਸਾਹਮਣੇ ਆਇਆ। ਜਿਸ ਸਮੇਂ ਗੁਰੂ ਨਾਨਕ ਸਾਹਿਬ ਪੰਜਾਬ ਵਿੱਚ ਪ੍ਰਗਟੇ, ਉਸ ਸਮੇਂ ਤੀਕ ਪੰਜਾਬੀ ਲੰਬੇ ਸਮੇਂ ਤੋਂ ਗੁਲਾਮੀ ਵਿੱਚ ਜਕੜੇ ਹੋਏ ਸਨ। ਡਾ. ਮੁਹੰਮਦ ਇਕਬਾਲ ਨੇ ਲਿਖਿਆ ਹੈ :[1]

ਇੱਕ ਵਲਵਲਾ-ਏ-ਤਾਜ਼ਾ ਦੀਯਾ ਮੈਨੇ ਦਿਲੋਂ ਕੋ
ਲਾਹੌਰ ਸੇ ਤਾ-ਖ਼ਾਕੇ-ਬੁਖਾਰਾ-ਓ-ਸਮਰਕੰਦ।
ਲੇਕਿਨ ਮੁਝੇ ਪੈਦਾ ਕੀਯਾ ਉਸ ਦੇਸ਼ ਮੇ ਤੂਨੇ
ਜਿਸ ਦੇਸ਼ ਕੇ ਬੰਦੇ ਹੈਂ ਗੁਲਾਮੀ ਪੇ ਰਜ਼ਾਮੰਦ।

ਪਰੰਤੂ ਇਹੀ ਸ਼ਾਇਰ ਲਿਖਦਾ ਹੈ :

ਫਿਰ ਉਠੀ ਤੌਹੀਦ ਕੀ ਪੰਜਾਬ ਸੇ
ਹਿੰਦ ਕੋ ਏਕ ਮਰਦ-ਏ-ਕਾਮਿਲ ਨੇ
ਜਗਾਯਾ ਖ਼ਵਾਬ ਸੇ।

ਗੁਰੂ ਨਾਨਕ ਸਾਹਿਬ ਨੇ ਪੂਰੇ ਹਿੰਦੁਸਤਾਨ ਨੂੰ ਡੂੰਘੀ ਨੀਂਦ ਵਿੱਚੋਂ ਜਗਾਇਆ। ਗੁਰੂ ਨਾਨਕ ਸਾਹਿਬ ਦੇ ਨਿਕਟ ਸਮਕਾਲੀ ਭਾਈ ਗੁਰਦਾਸ ਨੇ ਉਨ੍ਹਾਂ ਲਈ 'ਸਿੰਘ' ਸ਼ਬਦ ਦਾ ਪ੍ਰਯੋਗ ਕੀਤਾ ਹੈ। ਇਸ ਸ਼ੇਰ ਦੀ ਗਰਜ ਨਾਲ ਡਰ ਰੂਪੀ ਹਿਰਨਾਂ ਦੀਆਂ ਡਾਰਾਂ ਖਿੰਡ ਗਈਆਂ। ਗੁਰਬਾਣੀ ਦਾ ਫੁਰਮਾਨ ਹੈ ਕਿ ਸਤਿਗੁਰੂ ਸਿੱਖ ਦੇ ਮਨ ਵਿੱਚੋਂ ਹਰ ਤਰ੍ਹਾਂ ਦੇ ਡਰ ਨੂੰ ਦੂਰ ਕਰ ਦਿੰਦਾ ਹੈ। ਗੁਰਬਾਣੀ ਦਾ ਹੋਰ ਬਚਨ ਹੈ:

ਜਿਨ ਨਿਰਭਉ ਜਿਨ ਹਰਿ ਨਿਰਭਉ ਧਿਆਇਆ ਜੀ।
ਤਿਨ ਕਾ ਭਉ ਸਭ ਗਵਾਸੀ॥[2]

ਇਸ ਲਈ ਪਰਮਾਤਮਾ ਨੂੰ 'ਨਿਰਭਉ' ਕਿਹਾ ਗਿਆ ਹੈ। 'ਨਿਰਭਉ' ਵਾਹਿਗੁਰੂ ਦੀ ਬੰਦਗੀ ਕੀਤਿਆਂ ਮਨੁੱਖ ਦੇ ਸਭ ਡਰ ਖ਼ਤਮ ਹੋ ਜਾਂਦੇ ਹਨ। ਗੁਰੂ ਜੀ ਜਿਸ ਨਵੇਂ ਸਚਿਆਰ ਮਨੁੱਖ ਦੀ ਸਿਰਜਨਾ ਕਰਨਾ ਚਾਹੁੰਦੇ ਸਨ, ਉਹ ਉਸਨੂੰ ਪੂਰੀ ਤਰ੍ਹਾਂ ਨਿਰਭਉ ਬਣਾਉਣਾ ਚਾਹੁੰਦੇ ਸਨ। 'ਨਿਰਭਉ' ਜੁਝਾਰੂਪਣ ਦੀ ਪਹਿਲੀ ਸ਼ਰਤ ਹੈ।

---

1. ਮੁਹੰਮਦ ਇਕਬਾਲ।
2. *ਸ੍ਰੀ ਗੁਰੂ ਗ੍ਰੰਥ ਸਾਹਿਬ।*

ਡਰ ਜਾਂ ਭੈਅ ਮਨੁੱਖੀ ਸ਼ਖ਼ਸੀਅਤ ਦੇ ਵਿਕਾਸ ਦੇ ਮਾਰਗ ਦੀ ਸਭ ਤੋਂ ਵੱਡੀ ਰੁਕਾਵਟ ਹੈ। ਡਰ ਕਾਰਨ ਹੀ ਦੁਚਿੱਤੀ ਤੇ ਭਰਮ ਪੈਦਾ ਹੁੰਦੇ ਹਨ। ਡਰ ਕਾਰਨ ਜਿਹੜੇ ਮਾਨਸਿਕ ਵਿਕਾਰ ਪੈਦਾ ਹੁੰਦੇ ਹਨ ਉਨ੍ਹਾਂ ਵਿੱਚ ਚਿੰਤਾ, ਤਣਾਅ, ਅਣਸੁਰੱਖਿਅਤਾ ਆਦਿ ਸ਼ਾਮਿਲ ਹੁੰਦੇ ਹਨ। ਇਸ ਲਈ ਸਿੱਖ ਗੁਰੂ ਸਾਹਿਬਾਨ ਨੇ ਮਨੁੱਖ ਨੂੰ ਹਰ ਪ੍ਰਕਾਰ ਦੇ ਡਰ ਤੋਂ ਮੁਕਤ ਕਰਨ ਦਾ ਯਤਨ ਕੀਤਾ ਹੈ। ਗੁਰੂ ਨਾਨਕ ਸਾਹਿਬ ਨੇ ਸਿੱਖ ਲਈ ਪਹਿਲੀ ਸ਼ਰਤ ਹੀ ਇਹ ਰੱਖੀ :

ਜਉ ਤਉ ਪ੍ਰੇਮ ਖੇਲਣ ਕਾ ਚਾਉ ॥
ਸਿਰ ਧਰ ਤਲੀ ਗਲੀ ਮੇਰੀ ਆਉ ॥
ਇਤ ਮਾਰਗ ਪੈਰ ਧਰੀਜੈ ॥
ਸਿਰ ਦੀਜੈ ਕਾਣ ਨਾ ਕੀਜੈ ॥ [3]

ਗੁਰੂ ਸਾਹਿਬ ਨੇ ਬਾਣੀ ਦੁਆਰਾ ਅਨੇਕਾਂ ਵੇਰ ਮਨੁੱਖ ਨੂੰ ਸਭ ਤੋਂ ਵੱਡੇ ਡਰ 'ਮੌਤ' ਬਾਰੇ ਸਮਝਾਇਆ ਹੈ ਕਿ ਮੌਤ ਜੀਵਨ ਦੀ ਹੀ ਇੱਕ ਸਹਿਜ ਪ੍ਰਕਿਰਿਆ ਹੈ। ਗੁਰਬਾਣੀ ਨੇ 'ਜੀਵਤ ਮਰਨ' ਦੀ ਜੀਵਨ ਜਾਚ ਨੂੰ ਆਦਰਸ਼ ਦੱਸਿਆ ਹੈ। ਜਿਸ ਨੇ ਜੀਵਤ ਮਰਨ ਦੀ ਜੁਗਤੀ ਨੂੰ ਅਪਣਾਅ ਲਿਆ, ਉਸਨੂੰ ਹੀ ਸਦੀਵੀ (ਡਰ ਰਹਿਤ) ਜੀਵਨ ਮਿਲਦਾ ਹੈ। ਗੁਰੂ ਨਾਨਕ ਸਾਹਿਬ ਜੀਵਦਿਆਂ ਮਰਨ ਦੀ ਜੁਗਤ ਸਮਝਾਉਂਦੇ ਹਨ :

ਕਿਨ ਬਿਧਿ ਸਾਗਰੁ ਤਰੀਐ ॥ ਜੀਵਤਿਆ ਨਹ ਮਰੀਐ ॥
ਦੁਖੁ ਦਰਵਾਜਾ ਰੋਹੁ ਰਖਵਾਲਾ ਆਸਾ ਦਿਸਾ ਦੁਇ ਪਟ ਜੜੇ ॥
ਮਾਇਆ ਜਲੁ ਖਾਈ ਪਾਣੀ ਘਰੁ ਬਾਧਿਆ ਸਤ ਕੈ ਆਸਣਿ ਪੁਰਖੁ ਰਹੈ ॥
ਕਿੰਤੇ ਨਾਮ ਅੰਤ ਨ ਜਾਣਿਆ ਤੁਮ ਸਰਿ ਨਾਹੀ ਅਵਰੁ ਹਰੇ ॥
ਉਚਾ ਨਹੀਂ ਕਹਿਣਾ ਮਨ ਮਹਿ ਰਹਣਾ ਆਪੇ ਜਾਣੈ ਆਪਿ ਕਰੈ ॥
ਜਬ ਆਸਾ ਅੰਦੇਸਾ ਤਬ ਹੀ ਕਿਉ ਕਰਿ ਏਕੁ ਕਹੈ ॥
ਆਸਾ ਭੀਤਰਿ ਰਹੈ ਨਿਰਾਸ ਤਉ ਨਾਨਕ ਏਕੁ ਮਿਲੈ ॥
ਇਨ ਬਿਧਿ ਸਾਗੁਰ ਤਰੀਐ ॥ ਜੀਵਤਿਆ ਇਉ ਮਰੀਐ ॥ [4]

ਨਿਹਚਲ ਜੀਵਨ, ਅਡੋਲ ਜੀਵਨ ਜਾਂ ਸੰਤੁਲਿਤ ਜੀਵਨ ਇਸੇ ਅਵਸਥਾ ਨੂੰ ਕਿਹਾ ਜਾਂਦਾ ਹੈ, ਜਿਥੇ ਦੁੱਖ-ਸੁੱਖ, ਆਸ਼ਾ-ਨਿਰਾਸ਼ਾ, ਉਚ-ਨੀਚ, ਸੋਨਾ-ਮਿੱਟੀ ਇੱਕ ਸਮਾਨ ਦਿਸਣ ਲੱਗ ਪੈਂਦੇ ਹਨ।

ਗੁਰਬਾਣੀ ਜਿਸ ਸੱਚੇ ਜੀਵਨ ਨੂੰ ਅਪਣਾਉਣ ਦੀ ਗੱਲ ਕਰਦੀ ਹੈ, ਉਸ ਵਿੱਚ ਜੀਵਨ-ਵਿਰੋਧੀ ਨਾਕਾਰਾਤਮਕ ਸ਼ਕਤੀਆਂ ਵਿਰੁੱਧ ਨਿਰੰਤਰ ਸੰਘਰਸ਼ ਚੱਲਦਾ ਰਹਿੰਦਾ ਹੈ। ਮਨੁੱਖ ਦੀ ਕੁਦਰਤੀ ਇੱਛਾ ਹੈ ਕਿ ਉਹ ਅਨੰਦਮਈ ਜੀਵਨ ਜੀਵੇ। ਅਨੰਦਮਈ ਜੀਵਨ ਜਿਉਣਾ ਮਨੁੱਖ ਦਾ ਅਧਿਕਾਰ ਹੈ। ਪਰੰਤੂ ਵਿਕਾਰ (ਕਾਮ, ਕ੍ਰੋਧ, ਲੋਭ, ਮੋਹ ਅਹੰਕਾਰ, ਨਿੰਦਾ, ਈਰਖਾ, ਚੋਰੀ, ਠੱਗੀ ਆਦਿ) ਅਨੰਦ ਦੀ ਥਾਂ ਦੁੱਖ ਦਿੰਦੇ ਹਨ। ਇਹ ਅੰਦਰੂਨੀ ਵਿਕਾਰ ਜਿਹੜੇ ਕਿ ਸੂਖ਼ਮ ਅਤੇ ਨਿਰਾਕਾਰ ਹੁੰਦੇ ਹਨ, ਸਥੂਲ ਤੇ ਬੁਰਾਈ ਦੇ ਰੂਪ ਵਿੱਚ ਬਾਹਰ ਪ੍ਰਭਾਵ ਪਾਉਣ ਲੱਗਦੇ ਹਨ। ਮਾਨਸਿਕ ਵਿਕਾਰ ਸਮਾਜ ਵਿੱਚ ਅਨੈਤਿਕਤਾ, ਅਸ਼ਾਂਤੀ, ਨਾਬਰਾਬਰੀ, ਨਫ਼ਰਤ, ਸ਼ੋਸ਼ਣ, ਅਨਿਆਂ, ਜ਼ੁਲਮ, ਸੁਆਰਥ ਅਤੇ ਅਨੁਸ਼ਾਸਨਹੀਣਤਾ ਨੂੰ ਜਨਮ ਦਿੰਦੇ ਹਨ। ਗੁਰਬਾਣੀ ਦੋ ਪੱਧਰਾਂ 'ਤੇ ਇਸ ਸਮੱਸਿਆ ਨੂੰ ਹੱਲ ਕਰਦੀ ਹੈ। ਉਦਾਹਰਣ ਦੇ ਤੌਰ 'ਤੇ ਜੇ ਮਨੁੱਖੀ ਸਰੀਰ ਦਾ ਕੋਈ ਅੰਗ ਖ਼ਰਾਬ ਹੋ ਜਾਵੇ ਤਾਂ ਡਾਕਟਰ ਦੋ ਤਰ੍ਹਾਂ ਦਾ ਇਲਾਜ ਕਰਦਾ ਹੈ।

---

3. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 1412.
4. *ਉਹੀ*, ਪੰਨਾ 877.

ਇੱਕ ਤਾਂ ਦਵਾਈ ਦਿੱਤੀ ਜਾਂਦੀ ਹੈ, ਜਿਸ ਨਾਲ ਰੋਗ ਦੀ ਜੜ੍ਹ ਉਪਰ ਹਮਲਾ ਕੀਤਾ ਜਾਂਦਾ ਹੈ। ਦੂਜਾ ਇਲਾਜ ਇਹ ਹੁੰਦਾ ਹੈ ਕਿ ਅੰਗ ਦੀ ਬਾਹਰੀ ਚਕਿਤਸਾ ਵਜੋਂ ਮਰਹਮ ਲਗਾਈ ਜਾਂਦੀ ਹੈ ਜਾਂ ਓਪਰੇਸ਼ਨ ਕੀਤਾ ਜਾਂਦਾ ਹੈ। ਇਸੇ ਪ੍ਰਕਾਰ ਵਿਕਾਰ (ਅੰਦਰੂਨੀ/ਬਾਹਰੀ) ਦਾ ਇਲਾਜ ਵੀ ਦੋ ਤਰ੍ਹਾਂ ਦੱਸਿਆ ਗਿਆ ਹੈ। 'ਨਾਮ' ਅੰਦਰੂਨੀ ਵਿਕਾਰਾਂ ਦਾ ਇਲਾਜ ਕਰਦਾ ਹੈ। ਸਮਾਜ ਵਿਚਲੇ ਬਾਹਰੀ ਵਿਕਾਰ ਜਾਂ ਬੁਰਾਈ ਨੂੰ ਖ਼ਤਮ ਕਰਨ ਲਈ ਜੂਝਣਾ ਵੀ ਇਸੇ ਇਲਾਜ ਦਾ ਹਿੱਸਾ ਹੈ। ਸੋ, ਬੁਰਾਈ ਵਿਰੁੱਧ ਸੰਘਰਸ਼ ਦੋਹਾਂ ਪੱਧਰਾਂ 'ਤੇ ਕੀਤੇ ਜਾਣ ਦਾ ਆਦੇਸ਼ ਸਿੱਖੀ ਦਿੰਦੀ ਹੈ। ਗੁਰਬਾਣੀ ਨਾਮ ਤੇ ਗਿਆਨ ਦੀ ਖੜਗ ਨਾਲ ਅੰਦਰੂਨੀ ਵਿਕਾਰਾਂ ਤੇ ਸਮਾਜ ਦੀ ਬੁਰਾਈ ਦਾ ਖ਼ਾਤਮਾ ਕਰਨ ਲਈ ਜੂਝਣ ਵਾਲੇ, ਦੋਹਾਂ ਨੂੰ 'ਸੂਰਾ' ਦਸਦੀ ਹੈ।

ਇਥੇ ਇਹ ਗੱਲ ਸਮਝਣੀ ਜ਼ਰੂਰੀ ਹੈ ਕਿ ਗੁਰਬਾਣੀ ਜਿਸ ਜੁਝਾਰੂਪਣ ਦੀ ਗੱਲ ਕਰਦੀ ਹੈ ਉਹ 'ਸੰਤ-ਸਿਪਾਹੀ' ਤੇ 'ਭਗਤੀ-ਸ਼ਕਤੀ' ਦੇ ਸੁਮੇਲ ਵਾਲਾ ਹੈ। ਸਿੱਖੀ ਵਿੱਚ ਸੰਤ/ਭਗਤ ਦਾ ਜੁਝਾਰੂਪਣ ਹੀ ਪ੍ਰਵਾਨ ਕੀਤਾ ਗਿਆ ਹੈ। ਸਿੱਖੀ ਸੰਤ-ਤਵ ਤੋਂ ਸੱਖਣੇ ਜੁਝਾਰੂਪਣ ਨੂੰ ਸਵੀਕਾਰ ਨਹੀਂ ਕਰਦੀ। ਇਹ ਗੱਲ ਸਪਸ਼ਟ ਕਰਨ ਲਈ ਲੜਾਕੂ ਜਾਂ ਕੁਪੱਤੇ ਮਨੁੱਖ ਅਤੇ ਜੁਝਾਰੂ ਮਨੁੱਖ ਵਿੱਚ ਅੰਤਰ ਕਰਨਾ ਵੀ ਜ਼ਰੂਰੀ ਹੈ। ਕੁਪੱਤੇ ਤੇ ਹੋਸ਼ੇ ਲੜਾਕੂ ਆਪਣੀ ਹਉਮੈ ਅਤੇ ਨਿੱਜੀ ਸੁਆਰਥ ਕਾਰਨ ਮਰਨ/ਮਰਾਉਣ ਤੋਂ ਪਿੱਛੇ ਨਹੀਂ ਹਟਦੇ। ਪਰੰਤੂ ਇਨ੍ਹਾਂ ਨੂੰ ਸੂਰਮਿਆਂ ਦੀ ਸ਼੍ਰੇਣੀ ਵਿੱਚ ਨਹੀਂ ਰਖਿਆ ਜਾ ਸਕਦਾ। ਚੋਰ, ਡਾਕੂ, ਬਲਾਤਕਾਰੀ ਤੇ ਹੋਰ ਕਾਤਲ ਦਲੇਰ ਹੁੰਦੇ ਹਨ। ਪਰ ਹਰ ਦਲੇਰ ਵਿਅਕਤੀ ਨੂੰ 'ਸੂਰਮਾ' ਨਹੀਂ ਕਿਹਾ ਜਾ ਸਕਦਾ। 'ਸੂਰਮਾ' ਉਹ ਵਿਅਕਤੀ ਹੈ, ਜੋ ਸੁਚੇਤ ਰੂਪ ਵਿੱਚ 'ਸਰਬੱਤ ਦੇ ਭਲੇ' ਲਈ ਜ਼ੁਲਮ, ਅਨਿਆਂ ਤੇ ਅਧਰਮ ਵਿਰੁੱਧ ਧਰਮਯੁੱਧ ਦੀ ਭਾਵਨਾ ਨਾਲ ਪਾਪੀ ਮਨੁੱਖ ਨਾਲ ਦੋ-ਦੋ ਹੱਥ ਵੀ ਕਰਦਾ ਹੈ ਤੇ ਲੋੜ ਪੈਣ 'ਤੇ ਆਪਣੀ ਸ਼ਹੀਦੀ ਵੀ ਦਿੰਦਾ ਹੈ। ਇਉਂ ਸੂਰਮਾ ਵੱਡਾ ਪਰਉਪਕਾਰੀ ਜੀਵ ਹੁੰਦਾ ਹੈ। ਉਸਦਾ ਸਰਲ ਹਿਰਦਾ ਸਮੁੱਚੀ ਮਾਨਵਤਾ ਦੀ ਪੀੜਾ ਨਾਲ ਭਰਿਆ ਹੁੰਦਾ ਹੈ। ਉਹ ਹਰ ਤਰ੍ਹਾਂ ਦੀ ਕੁਰਬਾਨੀ ਸੁੱਚੀ ਭਾਵਨਾ ਨਾਲ ਦਿੰਦਾ ਹੈ ਅਤੇ ਉਸ ਵਿੱਚ ਤਿਨਕਾ ਮਾਤਰ ਵੀ ਸੁਆਰਥ ਜਾਂ ਹਉਮੈ ਨਹੀਂ ਹੁੰਦੀ।

ਸਿੱਖ ਧਰਮ ਦਾ ਜੁਝਾਰੂ ਪੱਖ

ਮਨਵਿੰਦਰ ਸਿੰਘ *

ਸਿੱਖ ਧਰਮ ਦਾ ਇੱਕ ਖਾਸ ਪਹਿਲੂ ਇਹ ਹੈ ਕਿ ਇਸ ਵਿਚ ਸੰਕਲਪ ਅਤੇ ਪਰੰਪਰਾ ਦੋਵੇਂ ਇਕਸਾਰ ਹੋ ਕੇ ਚਲਦੇ ਹਨ। ਇਹੀ ਕਾਰਨ ਹੈ ਕਿ ਸਿੱਖ ਧਰਮ ਦਾ ਹਰੇਕ ਸਿਧਾਂਤ ਪਰੰਪਰਾ ਰਾਹੀਂ ਅਮਲ ਵਿਚ ਆ ਕੇ ਸਦੀਵੀ ਮਹੱਤਤਾ ਗ੍ਰਹਿਣ ਕਰ ਗਿਆ ਹੈ। ਇਸਦੇ ਨਾਲ ਹੀ ਸਿੱਖ ਧਰਮ ਦੀ ਵਿਲੱਖਣਤਾ ਇਹ ਹੈ ਕਿ ਕੋਈ ਵੀ ਸਿੱਖ ਸੰਕਲਪ ਅਜਿਹਾ ਨਹੀਂ ਹੈ, ਜਿਹੜਾ ਮੂਲ ਰੂਪ ਵਿਚ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਨਾ ਮਿਲਦਾ ਹੋਵੇ।

ਗੁਰੂ ਨਾਨਕ ਸਾਹਿਬ ਨੇ ਇਹ ਵਿਚਾਰ ਪਹਿਲਾਂ ਹੀ ਦੇ ਦਿੱਤਾ ਸੀ ਕਿ ਮੇਰੇ ਦੱਸੇ ਰਸਤੇ ਉੱਤੇ ਚੱਲਣ ਲਈ ਸਿਰ ਤਲੀ ਉੱਤੇ ਰੱਖ ਕੇ ਹੀ ਆਉਣਾ ਹੋਵੇਗਾ ਅਤੇ ਬੁਰਾਈ ਦੇ ਖਾਤਮੇ ਵਾਸਤੇ ਸਿੱਖ ਦਾ ਉਦੇਸ਼ ਕੇਵਲ ਜੂਝਣਾ ਹੀ ਹੈ। ਗੁਰੂ ਸਾਹਿਬ ਅਨੁਸਾਰ :

ਜਉ ਤਉ ਪ੍ਰੇਮ ਖੇਲਣ ਕਾ ਚਾਉ॥
ਸਿਰੁ ਧਰਿ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰੁ ਧਰੀਜੈ॥
ਸਿਰੁ ਦੀਜੈ ਕਾਣਿ ਨ ਕੀਜੈ॥[1]

ਗੁਰੂ ਨਾਨਕ ਸਾਹਿਬ ਨੇ ਇਹ ਸਪੱਸ਼ਟ ਐਲਾਨ ਕੀਤਾ ਕਿ ਸਿਰ ਦੇ ਕੇ ਹੀ ਤਨੋ ਮਨੋ ਸੱਚਾ ਬਣ ਸਕੀਦਾ ਹੈ :

ਨਾਨਕ ਸਿਰੁ ਦੇ ਛੁਟੀਐ ਮਨਿ ਤਨਿ ਸਾਚਾ ਸੋਇ॥[2]

ਇਸ ਤਰ੍ਹਾਂ ਨਿਆਂ ਦੀ ਰਖਿਆ ਅਤੇ ਯੁੱਧ ਕਰਨ ਅਤੇ ਜਾਨ ਦੇਣ ਦੀ ਭਾਵਨਾ ਨੂੰ ਸ਼ੁਰੂ ਤੋਂ ਹੀ ਮਹੱਤਵਪੂਰਨ ਸਥਾਨ ਦਿੱਤਾ ਜਾਂਦਾ ਰਿਹਾ ਹੈ। ਗੁਰੂ ਨਾਨਕ ਸਾਹਿਬ ਨੇ ਜੂਝਣ ਦੀ ਭਾਵਨਾ ਨੂੰ ਹੋਰ ਬਲ ਦਿੰਦਿਆਂ ਕਿਹਾ ਕਿ ਆਪਣੇ ਹੱਕ ਲਈ ਮਰਨ ਵਾਲੇ ਸੂਰਵੀਰ ਦਾ ਮਰਨਾ ਅਕਾਲ ਪੁਰਖ ਦੀ ਹਜ਼ੂਰੀ ਵਿਚ ਪਰਵਾਨ ਹੁੰਦਾ ਹੈ :

ਮਰਣੁ ਮੁਣਸਾ ਸੂਰਿਆ ਹਕੁ ਹੈ। ਜੋ ਹੋਇ ਮਰਨਿ ਪਰਵਾਣੋ॥
ਸੂਰੇ ਸੇਈ ਆਗੈ ਆਖੀਅਹਿ ਦਰਗਹ ਪਾਵਹਿ ਸਾਚੀ ਮਾਣੋ॥[3]

ਸਮਕਾਲੀਨ ਹਾਕਮਾਂ ਹੱਥੋਂ ਬੇਇਜ਼ਤ ਹੋ ਕੇ ਜੀਵਨ ਜਿਉਂ ਰਹੇ ਲੋਕਾਂ ਨੂੰ ਉਨ੍ਹਾਂ ਨੇ ਇਨ੍ਹਾਂ ਸ਼ਬਦਾਂ ਵਿਚ ਝੰਜੋੜਿਆ :

ਜੇ ਜੀਵੈ ਪਤਿ ਲਥੀ ਜਾਇ ॥
ਸਭੁ ਹਰਾਮੁ ਜੇਤਾ ਕਿਛੁ ਖਾਇ॥[4]

---

* ਲੈਕਚਰਾਰ, ਗੁਰੂ ਨਾਨਕ ਅਧਿਐਨ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।

1. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 1412.
2. *ਉਹੀ*, ਪੰਨਾ 992.
3. *ਉਹੀ*, ਪੰਨਾ 579.
4. *ਉਹੀ।*

ਗੁਰੂ ਗ੍ਰੰਥ ਸਾਹਿਬ ਵਿਚ ਦਰਜ ਭਗਤ ਕਬੀਰ ਜੀ ਦੀਆਂ ਇਹ ਸਤਰਾਂ ਵੀ ਜੁਝਾਰੂਪਨ ਦਾ ਖੁੱਲ੍ਹੇਆਮ ਐਲਾਨ ਕਰਦੀਆਂ ਹਨ :

ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ॥[5]

ਗੁਰੂ ਸਾਹਿਬ ਨੇ ਮਨੁੱਖ ਨੂੰ ਅੰਦਰੂਨੀ ਮਾਰੂ ਬਿਰਤੀਆਂ ਨਾਲ ਵੀ ਜੂਝਣ ਲਈ ਤਿਆਰ ਕੀਤਾ ਹੈ। ਗੁਰੂ ਅਮਰਦਾਸ ਜੀ ਅਨੁਸਾਰ :

ਨਾਨਕ ਸੋ ਸੂਰਾ ਵਰਿਆਮੁ ਜਿਨਿ ਵਿਚਹੁ ਦੁਸਟੁ ਅਹੰਕਰਣੁ ਮਾਰਿਆ॥[6]

ਗੁਰੂ ਅਰਜਨ ਦੇਵ ਜੀ ਨੇ ਗੁਰੂ ਨਾਨਕ ਸਾਹਿਬ ਦੇ ਇਸੇ ਸੰਦੇਸ਼ ਨੂੰ ਸਾਹਮਣੇ ਰੱਖ ਕੇ ਧਰਮ ਅਤੇ ਨਿਆਂ ਦੀ ਰੱਖਿਆ ਲਈ ਆਪਣਾ ਆਪ ਨਿਛਾਵਰ ਕੀਤਾ ਅਤੇ ਸਿੱਖੀ ਅਤੇ ਸ਼ਹਾਦਤ ਦੇ ਅਟੁੱਟ ਸੰਬੰਧ ਦੀ ਮੋਹਰ ਲਗਾ ਦਿੱਤੀ। ਗੁਰੂ ਸਾਹਿਬ ਨੇ ਆਪਣੀ ਬਾਣੀ ਵਿਚ ਧਰਮ ਦੇ ਰਾਹ ਉੱਤੇ ਚੱਲਣ ਲਈ ਜੀਵਨ ਨਾਲੋਂ ਮੌਤ ਨੂੰ ਕਬੂਲਣ ਲਈ ਪ੍ਰੇਰਿਤ ਕੀਤਾ :

ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥
ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥[7]

ਛੇਵੇਂ ਗੁਰੂ ਹਰਗੋਬਿੰਦ ਸਾਹਿਬ ਦਾ ਦੋ ਤਲਵਾਰਾਂ ਧਾਰਨ ਕਰਨਾ ਇਸੇ ਵਿਚਾਰ ਦਾ ਖੁੱਲ੍ਹਾ ਐਲਾਨ ਸੀ। ਮੀਰੀ ਅਤੇ ਪੀਰੀ ਦੀਆਂ ਦੋ ਤਲਵਾਰਾਂ ਵਿੱਚੋਂ ਇੱਕ ਅੰਦਰਲੇ ਯੁੱਧ ਲਈ ਅਤੇ ਦੂਜੀ ਬਾਹਰਲੀ ਦੁਨੀਆਂ ਦੇ ਯੁੱਧ ਲਈ ਸੀ।

ਨੌਵੇਂ ਗੁਰੂ ਤੇਗ ਬਹਾਦਰ ਜੀ ਨੇ ਵੀ ਗੁਰੂ ਨਾਨਕ ਸਾਹਿਬ ਦੇ ਇਸੇ ਆਸ਼ੇ ਨੂੰ ਸਾਹਮਣੇ ਰਖ ਕੇ ਕਿਹਾ :

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥[8]

ਉਨ੍ਹਾਂ ਨੇ ਤਿਲਕ ਜੰਞੂ ਦੀ ਰੱਖਿਆ ਕਰਕੇ ਸਿੱਧ ਕਰ ਦਿੱਤਾ ਕਿ ਗੁਰੂ ਦੇ ਸਿੱਖ ਕੇਵਲ ਆਪਣੇ ਧਰਮ ਲਈ ਹੀ ਨਹੀਂ ਬਲਕਿ ਦੂਜੇ ਦੇ ਧਰਮ ਦੀ ਰੱਖਿਆ ਅਤੇ ਜ਼ੁਲਮਾਂ ਨੂੰ ਰੋਕਣ ਲਈ ਵੀ ਕੁਰਬਾਨੀ ਦੇ ਸਕਦੇ ਹਨ।

ਗੁਰੂ ਗੋਬਿੰਦ ਸਿੰਘ ਜੀ ਦਾ ਸੰਤ-ਸਿਪਾਹੀ ਰੂਪ ਇਸੇ ਸਿਧਾਂਤ ਵਿੱਚੋਂ ਪ੍ਰਗਟ ਹੁੰਦਾ ਹੈ। ਉਨ੍ਹਾਂ ਨੂੰ ਮਨੁੱਖਤਾ ਦੀ ਅਣਖ ਦੀ ਬਹਾਲੀ ਤੇ ਹੱਕ ਅਤੇ ਸੱਚ ਦੀ ਰੱਖਿਆ ਲਈ ਬਹੁਤ ਸਾਰੀਆਂ ਲੜਾਈਆਂ ਲੜਣੀਆਂ ਪਈਆਂ। ਗੁਰੂ ਜੀ ਦਾ ਸਾਰਾ ਜੀਵਨ ਹੀ ਮੁਗਲ ਰਾਜ ਦੇ ਜ਼ਾਲਮ ਹਾਕਮਾਂ ਅਤੇ ਪਹਾੜੀ ਰਾਜਿਆਂ ਨਾਲ ਯੁੱਧ ਕਰਦਿਆਂ ਬੀਤਿਆ। ਗੁਰੂ ਗੋਬਿੰਦ ਸਿੰਘ ਜੀ ਨੇ ਮਨੁੱਖ ਨੂੰ ਗੁਲਾਮੀ ਭਰਿਆ ਜੀਵਨ ਜਿਉਣ ਦੀ ਥਾਂ ਸਵੈਮਾਨ ਅਤੇ ਅਣਖ-ਭਰਪੂਰ ਜੀਵਨ ਜਿਉਣ ਦੀ ਪ੍ਰੇਰਨਾ ਦਿੱਤੀ ਅਤੇ ਕਿਹਾ ਕਿ ਜਦ ਸਾਰੇ ਯਤਨ ਨਾਕਾਮ ਹੋ ਜਾਣ ਤਾਂ ਤਲਵਾਰ ਦਾ ਸਹਾਰਾ ਲੈਣਾ ਜਾਇਜ਼ ਹੈ :

ਚੂੰ ਕਾਰ ਅਜ਼ ਹਮਾ ਹੀਲਤੇ ਦਰ ਗੁਜਸ਼ਤ॥
ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ॥22॥[9] *(ਜ਼ਫ਼ਰਨਾਮਾ)*

---

5. *ਉਹੀ*, ਪੰਨਾ 1105.
6. *ਉਹੀ*, ਪੰਨਾ 86.
7. *ਉਹੀ*, ਪੰਨਾ 1102.
8. *ਉਹੀ*, ਪੰਨਾ 1427.
9. *ਜ਼ਫ਼ਰਨਾਮਾ*, ਪੰਨਾ 22.

ਗੁਰੂ ਗੋਬਿੰਦ ਸਿੰਘ ਜੀ ਦਾ ਜੁਝਾਰੂਪਨ ਉਸ ਵਕਤ ਸਿਖਰ ਉੱਤੇ ਨਜ਼ਰ ਆਉਂਦਾ ਹੈ, ਜਦੋਂ ਗੁਰੂ ਜੀ ਅਕਾਲ ਪੁਰਖ ਤੋਂ ਇਹ ਵਰਦਾਨ ਮੰਗਦੇ ਹਨ ਕਿ ਹੇ ਪਰਮਾਤਮਾ! ਮੈਨੂੰ ਸਮਰੱਥਾ ਬਖਸ਼ੋ ਕਿ ਮੈਂ ਆਪਣਾ ਅੰਤਮ ਸੁਆਸ ਸ਼ੁਭ ਕਰਮਾਂ ਲਈ ਨਿਛਾਵਰ ਕਰ ਦਿਆਂ।

ਦੇਹ ਸ਼ਿਵਾ ਬਰ ਮੋਹਿ ਇਹੈ॥
ਸ਼ੁਭ ਕਰਮਨ ਤੇ ਕਬਹੂੰ ਨ ਟਰੋਂ॥
ਨ ਡਰੋਂ ਅਰਿ ਸੋ ਜਬ ਜਾਇ ਲਰੋਂ॥
ਨਿਸਚੈ ਕਰ ਅਪਨੀ ਜੀਤ ਕਰੋਂ॥
ਅਰੁ ਸਿੱਖ ਹੋ ਅਪਨੇ ਹੀ ਮਨ ਕੋ॥
ਇਹ ਲਾਲਚ ਹਉ ਗੁਨ ਤਉ ਉਚਰੋਂ॥
ਜਬ ਆਵ ਕੀ ਅਉਧ ਨਿਦਾਨ ਬਨੈਂ॥
ਅਤਿ ਹੀ ਰਨ ਮੈਂ ਤਬ ਜੂਝ ਮਰੋਂ॥ 233॥[10]

ਸ਼ੁਭ ਕਰਮ ਅਤੇ ਜਿੱਤ ਦੇ ਨਿਸਚੈ ਵਾਸਤੇ ਜੂਝ ਮਰਨ ਦਾ ਚਾਅ ਜੀਵਨ ਦੀ ਸਿਖਰ ਹੈ। ਇਹ ਵੀ ਸਹੀ ਹੈ ਕਿ ਸੱਚ ਦੀ ਪਛਾਣ ਤਦ ਹੀ ਹੋ ਸਕਦੀ ਹੈ ਜੇਕਰ ਜੂਝ ਮਰਨ ਦਾ ਚਾਅ ਦਿਲ ਵਿਚ ਹੋਵੇ:

ਹੇ ਰਵਿ ਹੇ ਸਸਿ ਹੇ ਕਰੁਨਾ ਨਿਧਿ ਮੇਰੀ ਅਬੈ ਬਿਨਤੀ ਸੁਨਿ ਲੀਜੈ ॥
ਅਉਰ ਨ ਮਾਂਗਤ ਹਉਂ ਤੁਮ ਤੇ ਕਛੁ ਚਾਹਤ ਹਉ ਚਿਤ ਮੈ ਸੋਈ ਕੀਜੈ ॥
ਸਸਤ੍ਰਨ ਸੋ ਅਤਿ ਹੀ ਰਨ ਭੀਤਰ ਜੂਝਿ ਮਰਉਂ ਕਹਿ ਸਾਚ ਪਤੀਜੈ॥[11]

ਲੇਕਿਨ ਇਸ ਜੂਝ ਮਰਨ ਦੇ ਜਜ਼ਬੇ ਅਤੇ ਜੰਗਾਂ ਯੁੱਧਾਂ ਸਮੇਂ ਗੁਰੂ ਗੋਬਿੰਦ ਸਿੰਘ ਜੀ ਦੀ ਫੌਜ ਨੇ ਸਿੱਖ ਕਦਰਾਂ-ਕੀਮਤਾਂ ਨੂੰ ਹਮੇਸ਼ਾਂ ਪਹਿਲ ਦੇ ਆਧਾਰ ਉੱਤੇ ਰਖਿਆ ਸੀ, ਜਿਵੇਂ ਸ਼ਰਨ ਪਏ ਨੂੰ ਮੁਆਫ ਕਰਨਾ :

ਅਬ ਜੋ ਤੁਮਨੇ ਇਹ ਬਿਧਿ ਆਨੀ॥
ਹਮਹੂੰ ਛਿਮਾ ਕਰਤ ਇਹ ਬਾਨੀ॥[12]

ਸ਼ਸਤਰਹੀਨ ਉਪਰ ਵਾਰ ਨਾ ਕਰਨਾ

ਭਾਗੇ ਅਗਰ ਮਗਰ ਨਹੀਂ ਕੀਜੈ॥
ਅਬ ਬਚ ਮੋਰ ਕਾਨ ਸੁਨਿ ਲੀਜੈ॥
ਨੀਤ ਬਿਖੈ ਭਾਖਤ ਬਚ ਬਡੇ॥ ਅਰਿ ਭਾਗੇ ਕੈ ਮਗਰ ਨ ਚਢੇ॥
ਸ਼ਸਤ੍ਰਹੀਨ ਹੁਇ ਗਹੈ ਜੁ ਸਰਨਾ॥ ਤਾ ਕੋ ਬਧ ਆਛੋ ਨਹੀ ਕਰਨਾ॥[13]

ਧਮਕੀ ਦੇਣ ਵਾਲੇ ਨੂੰ ਕਰਾਰੇ ਹੱਥੀਂ ਲੈਣਾ :

ਤੁਮ ਪੈਡ ਤੌਨੇ ਲਏ ਸੈਨ ਜਾਵੋ॥ ਮੁੜੇ ਰਾਜਪੂਤੰ ਇਤੈ ਜੁ ਪਠਾਵੋ॥
ਪਠੇ ਵੈ ਸੁ ਈਹਾਂ ਚਲਿਯੋ ਔਪ ਧਾਈ॥ ਘਨੋ ਦੁਖ ਪੈ ਕੇ ਪੁਜੇ ਤੌਨ ਜਾਈ॥[14]

---

10. *ਚੰਡੀ ਚਰਿਤ੍ਰ*, ਪੰਨਾ 233.
11. *ਕ੍ਰਿਸ਼ਨ ਅਵਤਾਰ*, ਪੰਨਾ 1900.
12. ਸੁੱਖਾ ਸਿੰਘ, *ਗੁਰਬਿਲਾਸ ਪਾਤਸ਼ਾਹੀ ਦਸਵੀਂ*, ਦੇਖੋ, ਮਨਵਿੰਦਰ ਸਿੰਘ ਦੁਆਰਾ ਪੀ.ਐਚ.ਡੀ. ਡਿਗਰੀ ਲਈ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਿਖੇ ਸਾਲ 1994 ਵਿਚ ਪ੍ਰਸਤੁਤ ਕੀਤਾ ਗਿਆ ਖੋਜ-ਪ੍ਰਬੰਧ, ਅਧਿਆਇ 7/24.
13. *ਉਹੀ*, ਅਧਿਆਇ 15/230-231.
14. *ਉਹੀ*, ਅਧਿਆਇ 6/146-147.

ਲੜਾਈ ਕਰਨ ਲਈ ਕਿਸੇ ਨੂੰ ਮਜ਼ਬੂਰ ਨਾ ਕਰਨਾ ਅਤੇ ਜੋ ਭੱਜ ਜਾਏ ਉਸਨੂੰ ਜਾਣ ਦੇਣਾ ਅਤੇ ਜੋ ਮਿਲੇ ਉਸਨੂੰ ਮੇਲ ਲੈਣਾ :

ਜੋ ਸਨਮੁਖ ਸੋ ਮੇਲ ਲਹੁ ਭਜੇ ਸੁ ਦੇਵਹੁ ਜਾਨ॥[15]

ਜੰਗ ਵਿਚ ਜ਼ਖ਼ਮੀ ਹੋਏ ਸ਼ਤਰੂ ਨੂੰ ਮਿੱਤਰ ਸਮਝਣਾ :

ਸੁ ਬੈਰ ਮੀਤ ਜਾਸ ਕੋ॥ ਅਨਿੰਦ ਨਿੰਦ ਤਾਸ ਕੋ॥
ਇਸੈ ਸਮਾਨ ਜਾਨੀਯੈ॥ ਤਿਸੈ ਜੁ ਪੂਜ ਠਾਨੀਯੈ॥[16]

ਜ਼ੁਲਮ ਤੇ ਬੇ ਇਨਸਾਫ਼ੀ ਵਿਰੁੱਧ ਸੰਘਰਸ਼ ਵਿਚ ਮਦਦ ਕਰਨੀ :

ਕਿਰਪਾ ਆਪ ਕੀਜੈ ਦਯਾ ਸਿੰਧ ਭਾਰੀ॥ ਤਿਸੈ ਮੋਰ ਹਵੈ ਕੈ ਲਰੋਗੇ ਅਗਾਰੀ॥
ਕੰਟੋਚੰ ਪਠਾਨੰ ਦਿਵੋਗੇ ਭਜਾਈ॥ ਮੁਝੈ ਹੈ ਭਰੋਸਾ ਨਹੀਂ ਝੂਠ ਗਾਈ॥[17]
ਸਿੰਘ ਕਹਾ ਤਬ ਸਾਹ ਕੋ ਪੀਛੈ ਬੀਰ ਨਿਹਾਰ॥
ਤੁਵ ਮੱਦਤ ਹਿਤ ਆਇਯੋ ਜਗਤ ਪੂਜ ਕਰਤਾਰ॥[18]

ਜੰਗ ਵਿਚ ਹੋਏ ਨੁਕਸਾਨ ਦਾ ਹਰਖ ਨਾ ਕਰਨਾ :

ਇਸੀ ਭਾਂਤਿ ਸਤਿਗੁਰ ਕਹ ਜਾਨਹੁ॥ ਹਰਖ ਸੋਗ ਹੈ ਏਕ ਸਮਾਨਹੁ॥
ਆਈ ਕੋ ਨਿਜ ਹਰਖ ਨ ਕਰੈ॥ ਗਏ ਪਦਾਰਥ ਚਿਤ ਨ ਧਰੇ॥[19]

ਇਨਸਾਫ਼ ਕਰਨ ਵੇਲੇ ਆਪਣੇ ਤੇ ਪਰਾਏ ਨੂੰ ਬਰਾਬਰ ਸਮਝਣਾ :

ਕ੍ਰਿਪਾ ਸਿੰਧ ਪੁਨ ਅਧਿਕ ਕੋਪ ਜੀਅ ਛਾਇਯੋ॥
ਤਿਹ ਡੇਰਾ ਪਰ ਹੱਲਾ ਦਯੋ ਕਰਾਇਕੈ॥[20]

ਵਧੀਕੀ ਕਰਨ ਵਾਲੇ ਤੋਂ ਬਗੈਰ ਹੋਰ ਕਿਸੇ ਨੂੰ ਕੁਝ ਨਾ ਕਹਿਣਾ :

ਜਹ ਤਹ ਪ੍ਰਗਟ ਖਾਲਸਾ ਧਾਵੈ॥ ਬਢਤੀ ਕਰੈ ਲੂਟ ਤਿਹ ਲਿਆਵੈ॥
ਬਿਨ ਬਢਤੀ ਕੋਊ ਕਿਸ ਨ ਦੁਖਾਵੈ॥ ਸੋਨਾ ਕੋਊ ਉਛਾਰਤ ਜਾਵੈ॥[21]

ਬੁਰਾਈ ਨੂੰ ਅਸਵੀਕਾਰ ਕਰਨਾ :

ਗੁਰੂ ਜੀ ਦੁਆਰਾ ਕੀਤੇ ਯੁੱਧ ਬੁਰਿਆਈ ਨੂੰ ਸਵੀਕਾਰ ਨਾ ਕਰਨ ਦਾ ਹੀ ਸਿੱਟਾ ਸਨ। ਗੁਰੂ ਗੋਬਿੰਦ ਸਿੰਘ ਜੀ ਦੁਆਰਾ ਬੁਰਾਈ ਨੂੰ ਅਸਵੀਕਾਰ ਕਰਨ ਦਾ ਸੰਕੇਤ ਦਾਦੂ ਦੇ ਡੇਰੇ ਉੱਤੇ ਹੋਈ ਗੱਲਬਾਤ ਤੋਂ ਵੀ ਪਤਾ ਲੱਗਦਾ ਹੈ। ਜਦੋਂ ਦਾਦੂ ਦਾ ਇਹ ਵਿਚਾਰ ਰੱਖਿਆ ਜਾਂਦਾ ਹੈ ਕਿ :

ਦਾਦੂ ਸਮਾ ਬਿਚਾਰ ਕੇ ਕਲ ਕਾ ਲੀਜੈ ਭਾਇ॥
ਜੇ ਕੋ ਮਾਰੈ ਛੀਮ ਈਟ ਲੀਜੈ ਸੀਸ ਚੁਕਾਇ॥[22]

ਤਾਂ ਗੁਰੂ ਸਾਹਿਬ ਉੱਤਰ ਦਿੰਦੇ ਹਨ ਕਿ :

---

15. *ਉਹੀ*, ਅਧਿਆਇ 15/164.
16. *ਉਹੀ*, ਅਧਿਆਇ 20/59-60.
17. *ਉਹੀ*, ਅਧਿਆਇ 7/40.
18. *ਉਹੀ*, ਅਧਿਆਇ 25/86.
19. *ਉਹੀ*, ਅਧਿਆਇ 22/80.
20. *ਉਹੀ*, ਅਧਿਆਇ 11/104.
21. *ਉਹੀ*, ਅਧਿਆਇ 20/4, 5.
22. *ਉਹੀ*, ਅਧਿਆਇ 24/29.

ਦਾਦੂ ਸਮਾਂ ਬਿਚਾਰ ਕੈ ਕਲ ਕਾ ਲੀਜੈ ਭਾਇ॥
ਜੇ ਕੋ ਮਾਰੈ ਢੀਮ ਈਟ ਪੱਥਰ ਦੀ ਚਮਕਾਇ॥[23]

ਜੰਗਾਂ ਯੁੱਧਾਂ ਦਾ ਨਿਸ਼ਾਨਾ ਆਦਰਸ਼ਕ ਸਮਾਜ ਦੀ ਕਾਇਮੀ ਕਰਨਾ :

ਦਸਮ ਗੁਰੂ ਜੀ ਨੇ ਬੁਰਿਆਈ ਨੂੰ ਦੂਰ ਕਰਕੇ ਇੱਕ ਆਦਰਸ਼ਕ ਸਮਾਜ ਕਾਇਮ ਕੀਤਾ, ਜਿਸ ਵਿਚ ਧਰਮ ਦਾ ਰਾਜ ਸੀ, ਕੋਈ ਚੋਰ, ਠੱਗ ਤੇ ਭੁੱਖਾ-ਨੰਗਾ ਨਹੀਂ ਸੀ। ਅਜਿਹੇ ਸਮਾਜ ਵਿਚ ਨਿਮਰ ਭਾਵ ਵਾਲੇ ਵਿਅਕਤੀ ਨੂੰ ਬਲਵਾਨ ਕੋਲੋਂ ਕੋਈ ਖਤਰਾ ਨਹੀਂ ਸੀ :

ਧਰਮ ਧੁਜਾ ਐਸੀ ਫਿਰਵਾਈ॥ ਧਰਮਾਪੁਰੀ ਨਿਰਖ ਬਿਸਮਾਈ॥
ਚੋਰ ਯਾਰ ਠਗ ਦ੍ਰਿਸ਼ਟ ਨ ਪਰੈ॥ ਸਾਧੂ ਆਨੰਦਜੁਤ ਫਿਰੈ॥
ਰੈਨ ਦਿਨਾ ਸਿਮਰਨ ਗੁਰ ਹੋਈ॥ ਭੂਖਾ ਨਾਂਗ ਨ ਦਿਖੀਅਤ ਕੋਈ॥
ਚੋਰ ਕਰੈ ਧਨ ਕੀ ਰਖਵਾਰੀ॥ ਕੇਹਰ ਅਜ ਇਕ ਪੈਡ ਸਿਧਾਰੀ॥
ਏਸੋ ਭਜਨ ਪੁਰੀ ਮਹਿ ਹੋਈ॥ ਸਦਾ ਅਨਾਹਦ ਕੀਰਤ ਗੋਈ॥[24]

ਸ਼ੁਭ ਕਰਮ ਅਤੇ ਜਿੱਤ ਦਾ ਨਿਸ਼ਚਾ ਲੈ ਕੇ, ਭੈ ਮੁਕਤ ਹੋ ਕੇ ਜੂਝ ਮਰਨ ਦੀ ਭਾਵਨਾ ਦੇ ਕਾਰਨ ਹੀ ਗੁਰੂ ਗੋਬਿੰਦ ਸਿੰਘ ਜੀ ਦੇ ਸੰਘਰਸ਼ ਵਿਚ ਮੁਸਲਿਮ ਭਾਈਚਾਰੇ ਦੁਆਰਾ ਵੀ ਹੱਕ ਤੇ ਸੱਚ ਦਾ ਸਾਥ ਦਿੰਦਿਆਂ ਇਸ ਦੈਵੀ ਸੰਘਰਸ਼ ਵਿਚ ਯੋਗਦਾਨ ਪਾਇਆ ਗਿਆ। ਜਿਵੇਂ ਕਿ ਭੀਖਣ ਸ਼ਾਹ ਜਾਂ ਭੀਖ ਸ਼ਾਹ ਦਾ ਨਾਮ ਆਉਂਦਾ ਹੈ, ਜਿਸਨੇ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਸਮੇਂ ਨਮਾਜ ਪੱਛਮ ਦੀ ਥਾਂ ਪੂਰਬ ਵੱਲ ਉਤਾਰੀ ਸੀ :

ਪੁਰਿ ਕੁਹੜਮ ਬਿਥੈ ਹੁਤੋ ਸ਼ਾਹਭੀਖ ਜਿਸ ਨਾਮ॥
....
ਜਿਸ ਦਿਨ ਸ੍ਰੀ ਗੁਰ ਜਗ ਬਿਦਤਾਬੈ॥
....
ਤਤਛਿਨ ਉਠਯੋ ਅਪਰ ਸਭ ਤਯਾਗੈ॥
ਪੂਰਬ ਦਿਸਿ ਮੁਖ ਕਰਿ ਅਨੁਰਾਗੇ॥[25]

ਇਸੇ ਤਰ੍ਹਾਂ ਪੀਰ ਅਰਫ਼ਦੀਨ ਦਾ ਨਾਮ ਆਉਂਦਾ ਹੈ, ਪੀਰ ਅਰਫ਼ਦੀਨ ਦੁਆਰਾ ਮੁਲਤਾਨ ਦੀ ਯਾਤਰਾ ਕਰਨ ਉਪਰੰਤ ਵਾਪਸ ਆਉਂਦਿਆਂ ਹੋਇਆਂ ਗੁਰੂ ਗੋਬਿੰਦ ਸਿੰਘ ਜੀ ਨੂੰ ਸਜਦਾ ਕਰਨਾ ਗੁਰੂ ਗੋਬਿੰਦ ਸਿੰਘ ਨੂੰ ਸੱਚ ਦਾ ਰਾਖਾ ਕਹਿਣਾਂ ਹੈ।

ਜਾਰਤ ਕਰ ਮੁਲਤਾਨ ਦੀ ਅੰਰਫਦੀਨ ਇਕ ਪੀਰ॥
ਤਹੀ ਆਨ ਪ੍ਰਾਪਤ ਭਏ ਲੈ ਸੰਗਿ ਅਧਿਕ ਵਹੀਰ॥
ਉਤਰ ਤਬੈ ਝੰਪਾਨ ਤੇ ਕਦਮ ਗਹੇ ਨਿਜ ਆਇ॥
ਕੈ ਸਜਦਾ ਮਹਾਰਾਜ ਕੇ ਚਰਨ ਰਹਾ ਲਪਟਾਇ॥[26]

ਇਸੇ ਤਰ੍ਹਾਂ ਸਢੋਰਾ ਨਿਵਾਸੀ ਪੀਰ ਬੁੱਧੂ ਸ਼ਾਹ, ਜਿਸਦਾ ਕਿ ਪੂਰਾ ਨਾਮ ਸੈਯਦ ਸ਼ਾਹ ਬਹੱਉਰਦੀਨ ਸੀ, ਨੇ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਲੜੀ ਜਾਣ ਵਾਲੀ ਭੰਗਾਣੀ ਦੀ ਜੰਗ ਨੂੰ ਬਦੀ ਵਿਰੁੱਧ

23. *ਉਹੀ*, ਅਧਿਆਇ 24/33.
24. *ਉਹੀ*, ਅਧਿਆਇ 19/5, 6, 7.
25. ਸੰਤੋਖ ਸਿੰਘ, *ਸ੍ਰੀ ਗੁਰੂ ਪ੍ਰਤਾਪ ਸੂਰਜ ਗ੍ਰੰਥ*, ਜਿਲਦ 10ਵੀਂ, ਸੰਪਾ: ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1993, ਪੰਨਾ 4275.
26. *ਗੁਰਬਿਲਾਸ ਪਾਤਸ਼ਾਹੀ ਦਸਵੀਂ*, ਅਧਿਆਇ 4/41, 42.

ਜੰਗ ਸਮਝਦੇ ਹੋਏ ਆਪਣੇ ਸਤ ਸੌ ਮੁਰੀਦਾਂ ਅਤੇ ਚਾਰ ਬੇਟਿਆਂ ਸਮੇਤ ਭੰਗਾਣੀ ਦੇ ਯੁੱਧ ਵਿਚ ਲੜੇ ਅਤੇ ਜੰਗ ਵਿਚ ਫਤਿਹ ਪਾਈ।[27]

ਇਸੇ ਤਰ੍ਹਾਂ ਮਲੇਰਕੋਟਲੇ ਦੇ ਨਵਾਬ ਸ਼ੇਰ ਮੁਹੰਮਦ ਦਾ ਨਾਮ ਆਉਂਦਾ ਹੈ, ਜਿਸਨੇ ਮੁਗਲ ਹਕੂਮਤ ਦਾ ਵਿਰੋਧ ਕਰਦਿਆਂ ਨਬਾਲਗ ਸ਼ੀਰਖੋਰ ਬੱਚਿਆਂ (ਛੋਟੇ ਸਾਹਿਜ਼ਾਦਿਆਂ) ਦੇ ਕਤਲ ਨੂੰ ਸ਼ਰ੍ਹਾ ਦੇ ਉਲਟ ਦੱਸਿਆ ਤੇ ਮੁਗਲ ਸਾਮਰਾਜ ਦੀਆਂ ਨੀਤੀਆਂ ਦੀ ਨਿਖੇਧੀ ਕੀਤੀ।

ਯੌਂ ਗਤ ਦੇਖ ਪਠਾਨ ਮਲੇਰਪਤੀ ਤਿਨਕੋ ਧਿਧਕਾਰ ਕਰਾਯੋ॥
ਗਾਰ ਦਈ ਤਿਹ ਖੜ੍ਹਹ ਕੋ ਜੜ ਨੀਚ ਕਹਾ ਇਹ ਕਾਮ ਕਰਾਯੋ॥
ਕੌਨ ਬਡੋ ਰਣਜੀਤ ਤੁਮੈ ਸਿਸ ਛੀਰ ਸੁ ਖੋਰਹ ਮਾਰ ਗਵਾਯੋ॥
ਨਾਸ ਭਯੋ ਅਬ ਹੈ ਤੁਮਰੋ ਬਦਸ਼ਾਹ ਮਨੋ ਅਖ ਅੰਧ ਲਖਾਯੋ॥[28]

ਇਸੇ ਤਰ੍ਹਾਂ ਨਬੀਖਾਨ ਅਤੇ ਗਨੀਖਾਨ ਪਠਾਣਾਂ ਦਾ ਨਾਮ ਲਿਆ ਜਾ ਸਕਦਾ ਹੈ ਜਿਹੜੇ ਕਿ ਸ਼ਰਧਾ ਸਹਿਤ ਗੁਰੂ ਸਾਹਿਬ ਕੋਲ ਆਏ ਅਤੇ ਗੁਰੂ ਜੀ ਨੂੰ ਉੱਚ ਦਾ ਪੀਰ ਬਣਾ ਕੇ ਆਗਰੇ ਵੱਲ ਚੱਲ ਪਏ।

ਗਨੀ ਖਾਂ ਨਬੀ ਬੀਰ ਦੋਨੋ ਪਠਾਨੰ॥
ਸੁਨੀ ਸੋਇ ਤਾਨੈ ਪੂਜੈ ਸੋਇ ਆਨੰ॥
ਬਣ ਪੀਰ ਉਚੰ॥ ਮਹਾ ਦਿਬ ਸੁੰਚ॥
ਜਿਕੋ ਸਿਖੁ ਸੰਗਾ॥ ਕਰਿਯੋ ਐਸ ਢੰਗਾ॥[29]

ਦੋ ਵੱਡੇ ਸਾਹਿਬਜ਼ਾਦਿਆਂ ਬਾਬਾ ਅਜੀਤ ਸਿੰਘ ਤੇ ਬਾਬਾ ਜੁਝਾਰ ਸਿੰਘ ਵੱਲੋਂ ਮੁੱਠੀ ਭਰ ਸਿਦਕੀ ਸਿੰਘਾਂ ਨਾਲ ਚਮਕੌਰ ਦੀ ਗੜ੍ਹੀ ਵਿਚ ਭਾਰੀ ਮੁਗਲੀਆ ਫੌਜ ਨਾਲ ਜ਼ਬਰਦਸਤ ਟਾਕਰਾ ਕਰਕੇ ਸ਼ਹੀਦੀ ਪ੍ਰਾਪਤ ਕਰਨ ਦਾ ਇੱਕ ਨਵਾਂ ਰਾਹ ਖੁੱਲ੍ਹਦਾ ਹੈ। ਸਾਹਿਬਜ਼ਾਦਿਆਂ ਦੀ ਸ਼ਹੀਦੀ ਨੇ ਗੁਰੂ ਸਾਹਿਬ ਦੇ ਬਚਨਾਂ ਨੂੰ ਸਤਿ ਕਰ ਦਿਖਲਾਇਆ ਕਿ ਗੁਰੂ ਦੇ ਸਿੱਖ ਹਾਲਤ ਤੋਂ ਭੱਜਣਾ ਨਹੀਂ ਬਲਕਿ ਜੂਝਣਾ ਹੀ ਜਾਣਦੇ ਹਨ:

ਇਤੁ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨ ਕੀਜੈ॥[30]

ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫਤਿਹ ਸਿੰਘ ਦੀ ਉਮਰ ਉਸ ਸਮੇਂ ਕੇਵਲ 7 ਸਾਲ ਤੋਂ 5 ਸਾਲ ਦੀ ਸੀ, ਜਦ ਉਨ੍ਹਾਂ ਨੂੰ ਦੀਵਾਂਰ ਵਿਚ ਚਿਣ ਕੇ ਸ਼ਹੀਦ ਕੀਤਾ ਗਿਆ। ਸਾਹਿਬਜ਼ਾਦਿਆਂ ਦੀ ਸ਼ਹੀਦੀ ਨਾਲ ਇਹ ਤੱਥ ਸਾਹਮਣੇ ਆ ਜਾਂਦਾ ਹੈ ਕਿ ਧਰਮ ਦਾ ਮਾਰਗ ਕਿੰਨਾਂ ਬਿਖਮ ਹੈ।

ਇਸੇ ਤਰ੍ਹਾਂ ਮਾਝੇ ਦੇ ਕੁੱਝ ਮਝੈਲ ਸਿੰਘਾਂ ਨੇ ਖਿਦਰਾਣੇ ਦੀ ਢਾਬ (ਮੁਕਤਸਰ) ਵਿਚ ਮੁਗਲੀਆ ਫੌਜਾਂ ਨਾਲ ਯੁੱਧ ਕਰਦਿਆਂ ਸ਼ਹੀਦੀ ਪਾਈ। ਸਿੱਖ ਇਤਿਹਾਸ ਵਿਚ ਇਨ੍ਹਾਂ ਨੂੰ 40 ਮੁਕਤਿਆਂ ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ।

ਬੰਦਾ ਸਿੰਘ ਬਹਾਦਰ ਨੇ ਜੰਗਾਂ ਵਿਚ ਜੂਝਦਿਆਂ ਮੁਗਲ ਰਾਜ ਦੀ ਸਫਾ ਵਲੇਟ ਦਿੱਤੀ ਅਤੇ ਉਸਦੀ ਸ਼ਹਾਦਤ ਸਮੇਂ ਉਸਦੇ 4 ਸਾਲ ਦੇ ਮਾਸੂਮ ਬੱਚੇ ਦਾ ਤੜਫਦਾ ਦਿਲ ਉਸਦੇ ਮੂੰਹ ਵਿਚ ਪਾਇਆ ਗਿਆ।

ਸੰਮਤ 1794 ਵਿਚ ਸੂਬਾ ਲਾਹੌਰ ਦੇ ਹੁਕਮ ਅਨੁਸਾਰ ਦੀਪ ਮਾਲਾ ਦਾ ਟੈਕਸ ਨਾ ਅਦਾ ਕਰ ਸਕਣ ਦੇ ਦੋਸ਼ ਵਿਚ ਭਾਈ ਮਨੀ ਸਿੰਘ ਦੇ ਬੰਦ-ਬੰਦ ਕੱਟ ਕੇ ਸ਼ਹੀਦ ਕੀਤਾ ਗਿਆ ਅਤੇ ਇੱਕ ਹੋਰ

27. ਤੇਜਾ ਸਿੰਘ ਅਤੇ ਗੰਡਾ ਸਿੰਘ, *ਸਿੱਖ ਇਤਿਹਾਸ* (ਪੰਜਾਬੀ ਅਨੁਵਾਦ ਡਾ. ਭਗਤ ਸਿੰਘ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1985, ਪੰਨਾ 76.
28. *ਗੁਰਬਿਲਾਸ ਪਾਤਸ਼ਾਹੀ ਦਸਵੀਂ*, ਅਧਿਆਇ 21/273.
29. *ਉਹੀ*, ਅਧਿਆਇ 22/28, 30.
30. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 1412.

ਸਿੱਖ ਭਾਈ ਦੀਵਾਨ ਸਿੰਘ ਨੂੰ ਚਰਖੜੀ ਉਪਰ ਚਾੜ੍ਹ ਕੇ ਸ਼ਹੀਦ ਕੀਤਾ ਗਿਆ।

ਜਦ ਭਾਈ ਤਾਰੂ ਸਿੰਘ ਨੂੰ ਇਸਲਾਮ ਕਬੂਲ ਕਰਨ ਜਾਂ ਕੇਸ ਕਤਲ ਕਰਵਾਉਣ ਦਾ ਹੁਕਮ ਦਿੱਤਾ ਗਿਆ ਤਾਂ ਉਨ੍ਹਾਂ ਨੇ ਕਿਹਾ ਕਿ ਕੇਸ ਖੋਪੜੀ ਦੇ ਨਾਲ ਹੀ ਕਤਲ ਕੀਤੇ ਜਾ ਸਕਣਗੇ।

ਇਸੇ ਤਰ੍ਹਾਂ ਜ਼ਕਰੀਆ ਖਾਨ, ਮੀਰ ਮੰਨੂ, ਤੈਮੂਰ ਅਤੇ ਅਹਿਮਦਸ਼ਾਹ ਅਬਦਾਲੀ ਦੇ ਵੇਲੇ ਹਜ਼ਾਰਾਂ ਸਿੰਘਾਂ ਨੇ ਸ਼ਹੀਦੀਆਂ ਪ੍ਰਾਪਤ ਕਰਕੇ ਸਿੱਖ ਧਰਮ ਵਿਚਲੀ ਸ਼ਹਾਦਤ ਦੀ ਪਰੰਪਰਾ ਨੂੰ ਕਾਇਮ ਰੱਖਿਆ। ਆਪਣੇ ਧਾਰਮਿਕ ਸਥਾਨਾਂ ਦੀ ਰਾਖੀ ਲਈ ਜਾਨਾਂ ਵਾਰਨ ਵਾਲਿਆਂ ਵਿਚ ਸੈਂਕੜੇ ਸਿੱਖਾਂ ਦਾ ਨਾਮ ਆਉਂਦਾ ਹੈ। ਸ੍ਰੀ ਦਰਬਾਰ ਸਾਹਿਬ ਦੀ ਪਵਿੱਤਰਤਾ ਨੂੰ ਕਾਇਮ ਰੱਖਣ ਵਾਲਿਆਂ ਵਿਚ ਬਾਬਾ ਦੀਪ ਸਿੰਘ ਜੀ ਦਾ ਨਾਮ ਬਹੁਤ ਹੀ ਸਤਿਕਾਰ ਨਾਲ ਲਿਆ ਜਾਂਦਾ ਹੈ।

ਭਾਰਤ ਦੀ ਆਜ਼ਾਦੀ ਦੀ ਲੰਮੀ ਲੜਾਈ ਵਿਚ ਸ਼ਹਾਦਤ ਪ੍ਰਾਪਤ ਕਰਨ ਵਾਲਿਆਂ ਵਿਚ ੪0% ਸਿੱਖ ਹੀ ਸਨ। ਕੂਕਾ ਲਹਿਰ ਨਾਲ ਸੰਬੰਧਿਤ ਮਲੇਰਕੋਟਲੇ ਦਾ ਸ਼ਹੀਦੀ ਸਾਕਾ ਪ੍ਰਸਿੱਧ ਹੈ। ਗੁਰਦੁਆਰਾ ਸੁਧਾਰ ਲਹਿਰ ਵੇਲੇ ਨਨਕਾਣਾ ਸਾਹਿਬ ਅਤੇ ਹੋਰ ਗੁਰਧਾਮਾਂ ਨੂੰ ਆਜ਼ਾਦ ਕਰਵਾਉਣ ਵਾਲੇ ਅਨੇਕਾਂ ਸਿੰਘਾਂ ਨੇ ਸ਼ਹਾਦਤਾਂ ਪ੍ਰਾਪਤ ਕੀਤੀਆਂ। ਇੰਜ ਬਦੀ ਦੇ ਖਾਤਮੇ ਤੇ ਨੇਕੀ ਲਈ ਜੰਗਾਂ ਯੁੱਧਾਂ ਵਿਚ ਜੂਝਣਾ ਅਤੇ ਸ਼ਹਾਦਤਾਂ ਪ੍ਰਾਪਤ ਕਰਨੀਆਂ ਸਿੱਖ ਸੱਭਿਆਚਾਰ ਦੇ ਅੰਗ ਬਣ ਗਏ ਹਨ।

ਸਿੱਟੇ ਦੇ ਤੌਰ ਤੇ ਕਿਹਾ ਜਾ ਸਕਦਾ ਹੈ ਕਿ ਸਿੱਖ ਧਰਮ ਕਿਸੇ ਅਜਿਹੇ ਸਿਧਾਂਤ ਵਿਚ ਵਿਸ਼ਵਾਸ ਨਹੀਂ ਰੱਖਦਾ ਜਿਹੜਾ ਅਮਲ ਵਿਚ ਜੀਵਿਆ ਹੀ ਨਾ ਜਾ ਸਕਦਾ ਹੋਵੇ। ਸ਼ੁਭ ਕਰਮਾਂ ਲਈ ਜਿੱਤ ਦੇ ਨਿਸ਼ਚੈ ਨਾਲ ਜੂਝ ਮਰਨ ਦਾ ਸੰਕਲਪ ਗੁਰੂ ਸਾਹਿਬਾਨ ਨੇ ਆਪਣੀ ਬਾਣੀ ਵਿਚ ਦਰਸਾਇਆ, ਲੋੜ ਪੈਣ ਤੇ ਉਸ ਨੂੰ ਉਨ੍ਹਾਂ ਨੇ ਪਰੰਪਰਾ ਵਿਚ ਵੀ ਬਦਲਿਆ ਅਤੇ ਉਸੇ ਪਰੰਪਰਾ ਨੂੰ ਗੁਰੂ ਦੇ ਸਿਦਕਵਾਨ ਸਿੱਖਾਂ ਨੇ ਨਿਰੰਤਰ ਜਾਰੀ ਰੱਖ ਕੇ ਏਨਾ ਅਮੀਰ ਬਣਾ ਦਿੱਤਾ ਹੈ ਕਿ ਅੱਜ ਇਹ ਸਿੱਖ ਧਰਮ ਦਾ ਗੌਰਵਮਈ ਵਿਰਸਾ ਬਣ ਗਿਆ ਹੈ।

ਭਾਈ ਵੀਰ ਸਿੰਘ ਦੇ ਨਾਵਲਾਂ ਵਿੱਚ 18ਵੀਂ ਸਦੀ ਦਾ ਸਿੱਖ ਸੰਘਰਸ਼

ਪਰਵਿੰਦਰ ਕੌਰ *

ਮਹਾਰਾਜਾ ਰਣਜੀਤ ਸਿੰਘ ਦੇ ਰਾਜਕਾਲ ਦੌਰਾਨ ਹੀ ਸਿੱਖ ਕਦਰਾਂ-ਕੀਮਤਾਂ ਵਿੱਚ ਬ੍ਰਾਹਮਣਿਕ ਕਰਮਕਾਂਡਾਂ ਦਾ ਪ੍ਰਭਾਵ ਆਰੰਭ ਹੋ ਗਿਆ ਸੀ। ਅੰਗਰੇਜ਼ਾਂ ਦੇ ਕਬਜ਼ੇ ਤੋਂ ਬਾਅਦ ਈਸਾਈ ਮਿਸ਼ਨਰੀਆਂ ਦੇ ਪ੍ਰਭਾਵ ਤਹਿਤ ਅਤੇ ਆਰੀਆ ਸਮਾਜ ਦੀਆਂ ਗਤੀਵਿਧੀਆਂ ਨੇ ਸਿੱਖ ਰਹਿਤ ਮਰਿਆਦਾ ਅਤੇ ਪਛਾਣ ਨੂੰ ਡੂੰਘੀ ਢਾਹ ਲਾਈ, ਨਤੀਜੇ ਵਜੋਂ ਸੰਵੇਦਨਸ਼ੀਲ ਸਿੱਖ ਆਗੂਆਂ ਨੇ 'ਸਿੰਘ ਸਭਾ'[1] ਲਹਿਰ ਦੀ ਸਥਾਪਨਾ ਕੀਤੀ, ਜਿਸ ਦਾ ਉਦੇਸ਼ ਸਿੱਖਾਂ ਨੂੰ ਉਹਨਾਂ ਦੇ ਗੌਰਵਮਈ ਵਿਰਸੇ ਬਾਰੇ ਮੁੜ ਜਾਣਕਾਰੀ ਪ੍ਰਦਾਨ ਕਰਨਾ, ਸਿੱਖ ਪੰਥ ਵਿੱਚ ਆ ਵੜੇ 'ਜਾਤੀ ਅਭਿਮਾਨ', ਝੂਠੇ ਭਰਮ ਅਤੇ ਵਹਿਮ, ਅਗਿਆਨਤਾ ਨੂੰ ਦੂਰ ਕਰਨਾ, ਧਾਰਮਿਕ ਤੇ ਇਤਿਹਾਸਕ ਪੁਸਤਕਾਂ ਦਾ ਸੰਪਾਦਨ ਕਰਨਾ ਅਤੇ ਅਜਿਹੀਆਂ ਪੁਸਤਕਾਂ ਪ੍ਰਕਾਸ਼ਿਤ ਕਰਵਾਉਣਾ ਸੀ। ਭਾਵ ਕਿ ਸਿੰਘ ਸਭਾ ਲਹਿਰ ਸਿੱਖਾਂ ਨੂੰ ਸੰਗਠਿਤ ਕਰਨ ਅਤੇ ਖੁਰ ਰਹੀ ਸਿੱਖੀ ਨੂੰ ਬਚਾਉਣ ਲਈ, ਸਿੱਖ ਧਰਮ ਦੀ ਅਲੱਗ ਧਾਰਮਿਕ ਤੇ ਸਮਾਜਿਕ ਪਛਾਣ ਬਣਾਉਣ ਦੀ ਕੋਸ਼ਿਸ਼ ਕਰ ਰਹੀ ਸੀ।

ਭਾਈ ਵੀਰ ਸਿੰਘ ਵੀ ਇਸੇ ਸਿੰਘ ਸਭਾ ਲਹਿਰ ਦੀ ਵਿਚਾਰਧਾਰਾ ਤੋਂ ਪ੍ਰਭਾਵਿਤ ਸਨ ਅਤੇ ਉਹਨਾਂ ਨੇ ਆਪਣੀਆਂ ਰਚਨਾਵਾਂ ਰਾਹੀਂ ਸਿੱਖ ਕੌਮ ਨੂੰ ਦਰਪੇਸ਼ ਚੁਣੌਤੀਆਂ ਨੂੰ ਮੱਦੇ-ਨਜ਼ਰ ਰੱਖ ਕੇ, ਸੰਵੇਦਨਸ਼ੀਲ ਵਿਧੀ ਰਾਹੀਂ ਆਪਣੇ ਨਾਵਲਾਂ ਦੀ ਰਚਨਾ ਕੀਤੀ, ਤਾਂ ਜੋ ਸਾਧਾਰਨ ਸਿੱਖ ਇਹਨਾਂ ਨੂੰ ਪੜ੍ਹਨ ਉਪਰੰਤ ਮੁੜ ਆਪਣੇ ਧਰਮ ਵਿੱਚ ਪੱਕੇ ਹੋਣ, ਪਰਮੇਸ਼ਵਰ ਦੀ ਭਗਤੀ ਅਤੇ ਦੁਨੀਆਂ ਦੇ ਵਿਹਾਰ ਨੂੰ ਸਿੱਖ ਰਹੁ-ਰੀਤਾਂ ਅਨੁਸਾਰ ਚਲਾਉਣ, ਕੁਰੀਤੀਆਂ ਦਾ ਤਿਆਗ ਕਰਨ, ਕੁਰਬਾਨੀ ਦਾ ਜਜ਼ਬਾ ਅਤੇ ਸਮੁੱਚੇ ਤੌਰ ਤੇ ਸਿੱਖ ਧਰਮ ਦਾ ਫੈਲਾਅ ਹੋਵੇ। ਇਸ ਲਈ ਸਿੱਖਾਂ ਵਿੱਚ ਆ ਰਹੀ ਗਿਰਾਵਟ, ਸਿੱਖ ਧਰਮ ਤੋਂ ਬੇਮੁੱਖੀ ਨੂੰ ਰੋਕਣ ਲਈ ਭਾਈ ਵੀਰ ਸਿੰਘ ਨੇ ਸਿੱਖ ਇਤਿਹਾਸ, ਖਾਲਸੇ ਦਾ ਅਸਲੀ ਪੰਥਕ ਜੀਵਨ, ਕਾਰਨਾਮੇ ਤੇ ਕੁਰਬਾਨੀਆਂ, ਕੌਮ ਦੇ ਅੱਗੇ ਰੱਖੀਆਂ ਤਾਂ ਜੋ ਉਹਨਾਂ ਨੂੰ ਪੜ੍ਹ ਕੇ ਇੱਕ ਪਾਸੇ ਸਿੱਖ ਗੌਰਵ ਮਹਿਸੂਸ ਕਰਨ ਦੂਜੇ ਪਾਸੇ ਘੱਟ ਰਹੀ ਸਿੱਖ ਕੌਮ ਨੂੰ ਬਚਾਇਆ ਜਾ ਸਕੇ।[2]

ਇਸ ਸੰਦਰਭ ਵਿੱਚ ਭਾਈ ਵੀਰ ਸਿੰਘ ਦਾ ਪਹਿਲਾ ਨਾਵਲ 'ਸੁੰਦਰੀ' (1898) ਰਚਿਆ ਗਿਆ। ਇਸੇ ਲੜੀ ਤਹਿਤ ਬਿਜੈ ਸਿੰਘ (1899 ਈ.) ਅਤੇ ਸਤਵੰਤ ਕੌਰ (1900 ਈ.) ਰਚੇ ਗਏ।[3] ਇਹਨਾਂ ਨਾਵਲਾਂ ਦਾ ਵਿਸ਼ਾ ਵਸਤੂ 18ਵੀਂ ਸਦੀ ਦੇ ਸਿੱਖ ਸੰਘਰਸ਼ ਦੁਆਲੇ ਕੇਂਦਰਿਤ ਹੈ, ਕਿਉਂਕਿ ਇਹ ਅਜਿਹਾ ਸਮਾਂ ਸੀ, ਜਿਥੇ ਇੱਕ ਪਾਸੇ ਜ਼ਬਰ ਅਤੇ ਤਸ਼ੱਦਦ ਦਾ ਦੌਰ ਚੱਲ ਰਿਹਾ ਸੀ ਦੂਜੇ ਪਾਸੇ ਸਿੱਖਾਂ

---

* ਮਕਾਨ ਨੰ. 2556, ਸੈਕਟਰ 65, ਐਸ.ਏ.ਐਸ. ਨਗਰ, ਮੋਹਾਲੀ।

1. ਏ.ਸੀ. ਅਰੋੜਾ, ਸੰਪਾਦਕ, *ਪੰਜਾਬ ਦੀਆਂ ਲੋਕ ਲਹਿਰਾਂ (1849-1947)*, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ 45.
2. ਭਾਈ ਵੀਰ ਸਿੰਘ, *ਸੁੰਦਰੀ*, ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, ਨਵੀਂ ਐਡੀਸ਼ਨ, 2000, ਪੰਨਾ 98.
3. ਕ੍ਰਿਪਾਲ ਸਿੰਘ, ਸੰਪਾਦਕ, *ਭਾਈ ਵੀਰ ਸਿੰਘ ਦੀ ਇਤਿਹਾਸਕ ਰਚਨਾ ਪ੍ਰਵੇਸ਼ਿਕਾ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ 30.

ਵਿੱਚ ਇਸ ਜ਼ੁਲਮ ਦਾ ਟਾਕਰਾ ਕਰਨ ਦੀ, ਆਪਣੀ ਪਛਾਣ ਦੀ ਮਜ਼ਬੂਤੀ ਲਈ ਬਹਾਦਰੀ ਭਰੇ ਕਾਰਨਾਮਿਆਂ ਦੀ ਭਰਮਾਰ ਸੀ। ਇਸੇ ਲਈ ਹੀ ਭਾਈ ਵੀਰ ਸਿੰਘ ਨੇ 19ਵੀਂ ਸਦੀ ਵਿੱਚ ਸਿੱਖਾਂ ਵਿੱਚ ਆ ਰਹੀ ਧਾਰਮਿਕ, ਸਮਾਜਿਕ, ਸਭਿਆਚਾਰਕ ਗਿਰਾਵਟ (ਅੱਧੋਗਤੀ) ਨੂੰ ਮੱਦੇ-ਨਜ਼ਰ ਰੱਖ ਕੇ 18ਵੀਂ ਸਦੀ ਦੇ ਸਿੱਖ ਸੰਘਰਸ਼ ਨੂੰ ਸਿੱਖ ਪਛਾਣ ਦੀ ਪੁਨਰ ਸੁਰਜੀਤੀ ਲਈ ਚਿੰਨ੍ਹ ਵਜੋਂ ਵਰਤਿਆ ਹੈ।

ਭਾਈ ਵੀਰ ਸਿੰਘ ਨੇ ਆਪਣੇ ਨਾਵਲ *ਸੁੰਦਰੀ* ਵਿੱਚ 'ਸੁੰਦਰੀ' ਨਾਂ ਦੀ ਔਰਤ ਪਾਤਰ ਰਾਹੀਂ ਮੁਗਲ ਹਕੂਮਤ ਦੁਆਰਾ (1726-48 ਈ:) ਸਿੰਘਾਂ ਖਿਲਾਫ ਕੀਤੇ ਗਏ ਜ਼ੁਲਮਾਂ ਨੂੰ ਕੇਂਦਰ ਬਿੰਦੂ ਬਣਾਇਆ ਹੈ। ਇਸ ਪੁਸਤਕ ਦੀ ਨਾਇਕਾ ਸੁੰਦਰੀ (ਜਿਸ ਦਾ ਪਹਿਲਾ ਨਾਂ ਸੁਰੱਸਤੀ ਸੀ) ਨੂੰ ਘਰ ਵਿਚੋਂ ਹੀ ਮੁਗਲ ਹਾਕਮ ਉਧਾਲ ਕੇ ਲੈ ਜਾਂਦਾ ਹੈ, ਪੱਤ ਬਚਾਉਣ ਲਈ ਉਹ ਚਿਖ਼ਾ ਵਿੱਚ ਸੜਨ ਲੱਗਦੀ ਹੈ ਤਾਂ ਉਸਦਾ ਭਰਾ ਜਿਸਨੇ ਸਿੱਖ ਬਣ ਕੇ ਆਪਣਾ ਨਾਂ ਬਲਵੰਤ ਸਿੰਘ ਰੱਖ ਲਿਆ ਸੀ, ਉਸਨੂੰ ਬਚਾ ਕੇ ਆਪਣੇ ਨਾਲ ਜੰਗਲਾਂ ਵਿੱਚ ਸਿੰਘਾਂ ਦੇ ਜੱਥੇ ਵਿੱਚ ਲੈ ਜਾਂਦਾ ਹੈ, ਜਿਥੇ ਸੁਰੱਸਤੀ ਅੰਮ੍ਰਿਤ ਛੱਕ ਕੇ 'ਸੁੰਦਰ ਕੌਰ' ਬਣ ਜਾਂਦੀ ਹੈ ਅਤੇ ਆਪਣੇ ਆਪ ਮੁਗਲਾਂ ਖਿਲਾਫ ਸਿੱਖ ਸੰਘਰਸ਼ ਵਿੱਚ ਕੁੱਦ ਪੈਂਦੀ ਹੈ।

ਸਿੱਖਾਂ ਲਈ ਇਹ ਸਮਾਂ ਬਹੁਤ ਚੁਣੌਤੀਆਂ ਭਰਿਆ ਹੋਣ ਕਾਰਨ ਮੁਗਲਾਂ ਦੀ ਫੌਜ ਨਾਲ ਝੜੱਪਾਂ ਲੱਗਦੀਆਂ ਰਹਿੰਦੀਆਂ ਸਨ।[4] ਸੁੰਦਰੀ ਉੱਤੇ ਕਈ ਮੁਸੀਬਤਾਂ ਆਉਂਦੀਆਂ ਹਨ, ਪਰੰਤੂ ਸਿੱਖੀ ਸਿਦਕ ਅਤੇ ਜੱਥਿਆਂ ਦੀ ਮੱਦਦ ਨਾਲ ਉਹ ਸਭ ਔਕੜਾਂ ਪਾਰ ਕਰ ਜਾਂਦੀ ਹੈ। ਇਸ ਤੋਂ ਬਿਨਾਂ ਲੇਖਕ ਨੇ ਹਿੰਦੂਆਂ ਦੀ ਲਾਚਾਰੀ, ਮੁਸਲਮਾਨਾਂ ਦੇ ਜ਼ੁਲਮ ਤੇ ਸਿੰਘਾਂ ਦੀਆਂ ਬੇਮਿਸਾਲ ਕੁਰਬਾਨੀਆਂ ਤੇ ਸੰਘਰਸ਼ ਨੂੰ ਕੇਂਦਰਿਤ ਕੀਤਾ ਹੈ। ਜਿਸਦੇ ਤਹਿਤ 'ਜਕਰੀਆ ਖਾਨ'[5] 'ਯਹੀਆ ਖਾਨ'[6] 'ਛੋਟਾ ਘੱਲੂਘਾਰਾ'[7] ਆਦਿ ਇਤਿਹਾਸਕ ਘਟਨਾਵਾਂ ਨੂੰ ਪਿੱਠ ਭੂਮੀ ਵਿੱਚ ਲੈਂਦਾ ਹੋਇਆ, ਇੱਕ ਪਾਸੇ ਹਿੰਦੂ, ਸਿੱਖਾਂ ਦੀ ਆਬਾਦੀ ਉਪਰ ਜ਼ੁਲਮਾਂ ਦੀ ਦਾਸਤਾਂ ਜਿਸਦਾ ਸ਼ਿਖਰ ਛੋਟੇ ਘੱਲੂਘਾਰੇ ਰਾਹੀਂ ਹੁੰਦਾ ਹੈ, ਉਥੇ ਨਾਵਲ ਦੀ ਨਾਇਕਾ ਅਤੇ ਸਿੱਖ ਜੱਥਿਆਂ ਦੁਆਰਾ ਮੁਗਲਾਂ ਨਾਲ ਚੁਣੌਤੀਆਂ ਦਾ ਵਰਨਣ ਕਰਦਾ ਹੈ। ਜ਼ਕਰੀਆ ਖਾਨ ਦੀ ਮੌਤ ਪਿਛੋਂ ਲਾਹੌਰ ਦੀ ਸੂਬੇਦਾਰੀ 'ਮੀਰ ਮੰਨੂੰ'[8] ਦੇ ਹੱਥ ਆ ਗਈ ਅਤੇ ਉਹ ਸਿੱਖਾਂ ਦਾ ਕੱਟੜ ਵੈਰੀ ਸੀ, ਜਿਸਨੇ ਸਿੱਖਾਂ ਦੇ ਸਿਰਾਂ ਦੇ ਮੁੱਲ ਰੱਖੇ। ਅਖੀਰ ਅਹਿਮਦ ਸ਼ਾਹ ਅਬਦਾਲੀ ਦੇ ਤੀਜੇ ਹਮਲੇ ਅਤੇ ਦੀਵਾਨ 'ਕੌੜਾ ਮੱਲ'[9] ਦੀ ਮੌਤ ਨਾਲ ਨਾਵਲ ਸਮਾਪਤ ਹੁੰਦਾ ਹੈ।

ਸਿੱਖੀ ਸਪਿਰਟ ਨੂੰ ਜੱਥੇ ਦੇ ਆਗੂ ਸਰਦਾਰ ਸ਼ਾਮ ਸਿੰਘ ਦੁਆਰਾ ਬਿਆਨ ਕਰਵਾਇਆ ਗਿਆ ਹੈ। ਜਿਸਦੇ ਅਨੁਸਾਰ :

---

4. ਸਰ ਜੇ.ਐਨ. ਸਰਕਾਰ, *ਫਾਲ ਆਫ ਦਾ ਮੁਗਲ ਇੰਪਾਇਰ,* ਵਾਲੀਅਮ-3, ਓਰੀਐਂਟ ਲੌਂਗਮੈਨ ਲਿਮਟਿਡ, ਨਿਊ ਦਿੱਲੀ-3, ਰੀਪਰਿੰਟ, 1971, ਪੰਨਾ 260.
5. ਸਰ ਜੇ.ਐਨ. ਸਰਕਾਰ, *ਫਾਲ ਆਫ ਦਾ ਮੁਗਲ ਇੰਪਾਇਰ,* ਵਾਲੀਅਮ-3, ਜਕਰੀਆ ਖਾਂਨ (1726-45 ਈ:), ਲਾਹੌਰ ਦਾ ਸੂਬੇਦਾਰ - ਓਰੀਐਂਟ ਲੌਂਗਮੈਨ ਲਿਮਟਿਡ, ਨਿਊ ਦਿੱਲੀ-3, ਰੀਪਰਿੰਟ 1971, ਪੰਨਾ 261.
6. ਸਰ ਜੇ.ਐਨ. ਸਰਕਾਰ, *ਫਾਲ ਆਫ ਦਾ ਮੁਗਲ ਇੰਪਾਇਰ,* ਵਾਲੀਅਮ-3, ਯਹੀਆ ਖਾਨ (1745-48), ਲਾਹੌਰ ਦਾ ਸੂਬੇਦਾਰ - ਓਰੀਐਂਟ ਲੌਂਗਮੈਨ ਲਿਮਟਿਡ, ਨਿਊ ਦਿੱਲੀ-3, ਰੀਪਰਿੰਟ 1971, ਪੰਨਾ 263.
7. ਸਰ ਜੇ.ਐਨ. ਸਰਕਾਰ, *ਫਾਲ ਆਫ ਦਾ ਮੁਗਲ ਇੰਪਾਇਰ,* ਵਾਲੀਅਮ-3, ਛੋਟਾ ਘੱਲੂਘਾਰਾ (1746 ਈ:), ਓਰੀਐਂਟ ਲੌਂਗਮੈਨ ਲਿਮਟਿਡ, ਨਿਊ ਦਿੱਲੀ-3, ਰੀਪਰਿੰਟ 1971, ਪੰਨਾ 267.
8. ਮੀਰ ਮੰਨੂ (1748 - 2 ਨਵੰਬਰ 1753 ਈ:) ਲਾਹੌਰ ਦਾ ਸੂਬੇਦਾਰ, ਪੰਨਾ 274.
9. ਸਰ ਜੇ.ਐਨ. ਸਰਕਾਰ, *ਫਾਲ ਆਫ ਦਾ ਮੁਗਲ ਇੰਪਾਇਰ,* ਵਾਲੀਅਮ-3. ਕੌੜਾ ਮੱਲ ਮੀਰ ਮੰਨੂ ਦਾ ਦੀਵਾਨ ਸੀ। ਇਸਦੀ ਮੌਤ ਅਹਿਮਦ ਸ਼ਾਹ ਅਬਦਾਲੀ ਦੇ ਤੀਜੇ ਹਮਲੇ (1751-52 ਈ:) ਦੇ ਦੌਰਾਨ ਹੋ ਗਈ ਸੀ। ਓਰੀਐਂਟ ਲੌਂਗਮੈਨ ਲਿਮਟਿਡ, ਨਿਊ ਦਿੱਲੀ-3, ਰੀਪਰਿੰਟ 1971, ਪੰਨਾ 275.

"ਅਸਾਂ ਤਾਂ ਅਨਿਆਏ ਦਾ ਨਾਸ਼ ਕਰਨਾ ਹੈ, ਪੂਰਾ ਤੋਲਨਾ ਹੈ। ਇਸ ਵੇਲੇ ਜੋ ਹਾਕਮ ਜੁਲਮ ਕਰ ਰਹੇ ਹਨ ਅਸਾਂ ਤਾਂ ਉਹਨਾਂ ਨੂੰ ਸੋਧਣਾ ਹੈ। ਸਾਡਾ ਤੁਰਕਾਂ ਨਾਲ, ਪਠਾਣਾਂ ਨਾਲ ਉਹਨਾਂ ਦੇ ਮੁਸਲਮਾਨ ਹੋਣ ਪਿੱਛੇ ਕੋਈ ਵੈਰ ਨਹੀਂ। ਸਾਡਾ ਮੁਗਲਾਂ ਦੇ ਰਾਜ ਨੂੰ ਨਾਸ਼ ਕਰਨ ਦਾ ਮਤਲਬ ਇਹ ਹੈ ਕਿ ਉਹ ਪਾਤਸ਼ਾਹ ਹੋ ਕੇ ਪਰਜਾ ਨੂੰ ਦੁੱਖ ਦਿੰਦੇ ਹਨ, ਨਿਆਉਂ ਨਹੀਂ ਕਰਦੇ, ਵੱਢੀਆਂ ਲੈ ਕੇ ਲੋਕਾਂ ਦਾ ਨਾਸ਼ ਕਰਦੇ ਹਨ। ਬੇਗੁਨਾਹਾਂ ਅਤੇ ਨਿਰਦੋਸ਼ਾਂ ਨੂੰ ਮਰਵਾ ਸੁੱਟਦੇ ਹਨ, ਮਾਮਲਾ ਲੈਂਦੇ ਹਨ, ਪਰਜਾ ਦੀ ਰਾਖੀ ਨਹੀਂ ਕਰਦੇ।"[10]

ਉਪਰੋਕਤ ਸ਼ਬਦ ਸਿੱਖਾਂ ਅਤੇ ਮੁਗਲ ਸ਼ਹਿਨਸ਼ਾਹੀਅਤ ਦੇ ਕਿਰਦਾਰ ਦਾ ਸਹੀ ਇਤਿਹਾਸਕ ਸੱਚ ਪੇਸ਼ ਕਰਦੇ ਹਨ।

ਭਾਈ ਵੀਰ ਸਿੰਘ ਨੇ ਆਪਣੇ ਦੂਜੇ ਨਾਵਲ *ਬਿਜੈ ਸਿੰਘ* ਰਾਹੀਂ ਇੱਕ ਆਦਰਸ਼ਕ ਸਿੱਖ ਦੇ ਗੁਣਾਂ ਨੂੰ ਉਭਾਰਿਆ ਹੈ। ਇਸ ਨਾਵਲ ਵਿੱਚ ਮੀਰ ਮੰਨੂੰ (1752-53 ਈ:) ਦੁਆਰਾ ਸਿੱਖਾਂ ਤੇ ਅੱਤਿਆਚਾਰ ਦਾ ਵਿਸਥਾਰ ਹੈ। ਨਾਵਲ ਦਾ ਨਾਇਕ ਹਿੰਦੂ ਪਰਿਵਾਰ ਦਾ ਨੌਜਵਾਨ ਮੁਗਲਾਂ ਦੇ ਜੁਲਮ ਤੋਂ ਆਪਣੇ ਪਰਿਵਾਰ ਨੂੰ ਬਚਾਉਣ ਖਾਤਿਰ ਸਿੱਖ ਬਣ ਕੇ ਆਪਣੀ ਔਰਤ ਤੇ ਪੁੱਤਰ ਸਮੇਤ ਸਿੰਘਾਂ ਦੇ ਜੱਥੇ ਨਾਲ ਮਿਲ ਜਾਂਦਾ ਹੈ। ਮੀਰ ਮੰਨੂੰ, ਬਿਜੈ ਸਿੰਘ (ਪਹਿਲਾ ਨਾਂ ਰਾਮ ਲਾਲ) ਦੀ ਪਤਨੀ ਸ਼ੀਲ ਕੌਰ ਤੇ ਮੋਹਿਤ ਹੋ ਜਾਂਦਾ ਹੈ ਅਤੇ ਉਸਨੂੰ ਧਰਮ ਪਰਿਵਰਤਨ ਕਰਨ ਤੇ ਜ਼ੋਰ ਦਿੰਦਾ ਹੈ। ਮੀਰ ਮੰਨੂੰ ਦੀ ਬੇਗਮ ਸ਼ੀਲ ਕੌਰ ਨੂੰ ਬਚਾਉਂਦੀ ਹੈ। ਮੀਰ ਮੰਨੂੰ ਇੱਕ ਦਿਨ ਸਿੱਖਾਂ ਦੇ ਖਿਲਾਫ ਮੁਹਿੰਮ ਵਿੱਚ ਘੋੜੇ ਦੀ ਪਿੱਠ ਤੋਂ ਡਿੱਗ ਕੇ ਮਰ ਜਾਂਦਾ ਹੈ। ਦੂਜੇ ਪਾਸੇ ਮੀਰ ਮੰਨੂੰ ਦੀ ਵਿਧਵਾ 'ਮੁਰਾਦ ਬੇਗਮ'[11] ਬਿਜੈ ਸਿੰਘ ਨੂੰ ਭਰਮਾਉਂਦੀ ਹੈ, ਪਰ ਉਹ ਆਪਣੇ ਧਰਮ ਤੇ ਦ੍ਰਿੜ੍ਹ ਰਹਿੰਦਾ ਹੈ। ਉਹ ਮੁਗਲਾਂ ਦੀ ਗਸ਼ਤੀ ਫੌਜ ਨਾਲ ਮੁਕਾਬਲਾ ਕਰਦਾ ਹੈ। ਭੇਸ ਬਦਲ ਕੇ ਮੁਗਲਾਂ ਦੇ ਭੇਦ ਲੈ ਕੇ ਸਿੱਖ ਜੱਥਿਆਂ ਤੱਕ ਪਹੁੰਚਾਉਂਦਾ ਹੈ। ਮੀਰ ਮੰਨੂੰ ਦੀ ਵਿਧਵਾ ਦੀਆਂ ਨਿੱਜੀ ਕਮਜ਼ੋਰੀਆਂ ਕਾਰਨ ਪੰਜਾਬ ਫਸਾਂਦੀਆਂ ਦਾ ਅੱਡਾ ਬਣਦਾ ਜਾਂਦਾ ਹੈ।

"ਪੰਜਾਬ ਦਾ ਇੰਤਜਾਮ... ਦਿਨੋ-ਦਿਨ ਵਿਗੜਦਾ ਗਿਆ ਪੁਰਾਣੇ ਅਮੀਰ ਰੋਜ਼ ਦਿੱਲੀ ਖ਼ਬਰਾਂ ਭੇਜਦੇ ਸਨ.. ਗਾਜ਼ੀਉਦੀਨ ਦਿੱਲੀ ਦੇ ਪਾਤਸ਼ਾਹ ਦਾ ਵਜ਼ੀਰ... ਸਮੇਂ ਨੂੰ ਤਾੜ ਕੇ ਚੋਖੀ ਫੌਜ ਲੈ ਕੇ ਲਾਹੌਰ ਨੂੰ ਤੁਰ ਪਿਆ। ਇਧਰ ਬੇਗਮ ਵੀ ਕਾਬਲ ਨਾਲ ਜੋੜ ਤੋੜ ਕਰਕੇ... ਅਬਦਾਲੀ ਪਠਾਣਾਂ ਦੀ ਅਣਗਿਣਤ ਫੌਜ ਲੈ ਕੇ ਲੁੱਟ ਚੁੱਕੀ, ਕੰਗਾਲ ਹੋ ਚੁੱਕੀ ਪੰਜਾਬ ਪਰ ਫੇਰ ਚੜ੍ਹ ਆਇਆ।"[12]

ਅਹਿਮਦ ਸ਼ਾਹ ਅਬਦਾਲੀ ਦਿੱਲੀ ਤੋਂ ਹੁੰਦਾ ਹੋਇਆ ਵਾਪਿਸ ਲਾਹੌਰ ਪਹੁੰਚਿਆ। ਇਥੋਂ ਦਾ ਹਾਕਮ ਆਪਣੇ ਪੁੱਤਰ ਤੈਮੂਰ ਖਾਨ ਨੂੰ ਥਾਪਿਆ, ਨਾਸੁਰੱਦੀਨ ਜਿਸਨੂੰ ਅਹਿਮਦ ਸ਼ਾਹ ਅਬਦਾਲੀ ਨੇ ਜਲੰਧਰ ਦਾ ਹਾਕਮ ਲਗਾਇਆ ਸੀ, ਉਸ ਨੇ ਸਿੱਖਾਂ ਪਰ ਜੁਲਮ ਕਰਨੇ ਸ਼ੁਰੂ ਕਰ ਦਿੱਤੇ, ਕ੍ਰੋਧਿਤ ਸਿੰਘ ਜੰਗ ਲਈ ਡਟ ਗਏ, ਇਸ ਦੌਰਾਨ ਬਿਜੈ ਸਿੰਘ ਦੁਸ਼ਮਣ ਦਾ ਟਾਕਰਾ ਕਰਦਾ ਹੋਇਆ ਜ਼ਖਮੀ ਹੋ ਕੇ ਸ਼ਹੀਦ ਹੋ ਜਾਂਦਾ ਹੈ। ਨਾਵਲ ਅਹਿਮਦ ਸ਼ਾਹ ਅਬਦਾਲੀ ਦੇ ਚੌਥੇ ਹਮਲੇ ਸੰਨ 1756 ਈਸਵੀ ਨਾਲ ਸਮਾਪਤ ਹੁੰਦਾ ਹੈ। ਇਸ ਸਮੇਂ ਦੌਰਾਨ ਸਿੱਖਾਂ ਨੇ ਜੰਗਲਾਂ ਵਿੱਚ ਰਹਿ ਕੇ ਗੁਰੀਲਾ ਯੁੱਧ ਰਾਹੀਂ ਜਬਰ ਦਾ ਮੁਕਾਬਲਾ ਕੀਤਾ। ਇਉਂ ਬਿਜੈ ਸਿੰਘ ਦੇ ਆਦਰਸ਼ਕ ਗੁਣ ਰਾਹੀਂ ਸਿੱਖ ਧਰਮ ਲਈ ਕੁਰਬਾਨੀ ਦਾ

10. ਭਾਈ ਵੀਰ ਸਿੰਘ, *ਸੁੰਦਰੀ*, ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, ਨਵੀਂ ਐਡੀਸ਼ਨ, 2000, ਪੰਨਾ 33.
11. ਭਾਈ ਵੀਰ ਸਿੰਘ, *ਬਿਜੈ ਸਿੰਘ*, ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, ਨਵਾਂ ਐਡੀਸ਼ਨ 1991, ਪੰਨਾ 102.
12. ਭਾਈ ਵੀਰ ਸਿੰਘ, *ਬਿਜੈ ਸਿੰਘ*, ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, ਨਵਾਂ ਐਡੀਸ਼ਨ 1991, ਪੰਨਾ 170.

ਜ਼ਜਬਾ, ਸਿਦਕ, ਨਿੱਜੀ ਚਰਿੱਤਰ, ਪਰਿਵਾਰ ਦੀ ਪ੍ਰਮੁੱਖਤਾ ਅਤੇ ਸਿੱਖ ਧਰਮ ਵਿੱਚ ਪਰਪੱਕਤਾ ਨੂੰ ਉਭਾਰਿਆ ਗਿਆ।[13]

ਤੀਸਰੇ ਨਾਵਲ *ਸਤਵੰਤ ਕੌਰ* ਰਾਹੀਂ ਭਾਈ ਵੀਰ ਸਿੰਘ ਨੇ ਸਿੱਖ ਆਸ਼ਿਆਂ, ਉਦੇਸ਼ਾਂ ਰਾਹੀਂ ਸਿੱਖ ਫਲਸਫ਼ੇ ਦੀ ਵਿਆਖਿਆ ਕੀਤੀ ਹੈ। ਇਸ ਨਾਵਲ ਦਾ ਕਾਰਜ ਖੇਤਰ 'ਤੈਮੂਰ ਖਾਨ'[14] ਤੋਂ ਆਰੰਭ ਹੋ ਕੇ ਅਹਿਮਦਸ਼ਾਹ ਅਬਦਾਲੀ ਦੇ ਪੰਜਵੇਂ ਹਮਲੇ (1759 ਈ.) ਤੱਕ ਦੀਆਂ ਰਾਜਸੀ ਘਟਨਾਵਾਂ, ਵਿਸ਼ੇਸ਼ ਤੌਰ ਤੇ ਮੁਗਲਾਂ ਦਾ ਸਿੱਖਾਂ ਖਿਲਾਫ ਜ਼ੁਲਮਾਂ ਦਾ ਦੌਰ ਤੇ ਸਿੱਖਾਂ ਵੱਲੋਂ ਅਪਨਾਏ ਗਏ ਬਚਾਉ ਸਾਧਨਾਂ ਤੇ ਕੇਂਦਰਿਤ ਹੈ। ਲੇਖਕ ਇੱਕ ਔਰਤ ਪਾਤਰ ਦੁਆਰਾ ਮੁਗਲਾਂ ਦੇ ਜ਼ੁਲਮ ਦੀ ਗਾਥਾ ਬਿਆਨਦਾ ਹੈ ਕਿ ਕਿਸ ਤਰ੍ਹਾਂ ਨਾਇਕਾ ਸਤਵੰਤ ਕੌਰ ਨੂੰ ਹਮਲਾਵਰ ਗੁਲਾਮਾਂ ਦੇ ਨਾਲ ਕਾਬੁਲ ਲੈ ਜਾਂਦੇ ਹਨ ਤੇ ਉਥੇ ਮੰਡੀ ਵਿੱਚ ਵੇਚ ਦਿੱਤੀ ਜਾਂਦੀ ਹੈ। ਇੱਕ ਅਹਿਲਕਾਰ ਦੇ ਘਰ ਨੌਕਰਾਣੀ ਵਜੋਂ ਕੰਮ ਤੇ ਲਗਾ ਦਿੱਤੀ ਜਾਂਦੀ ਹੈ। ਸਤਵੰਤ ਕੌਰ ਨੂੰ ਮੁਗਲ ਹਾਕਮ ਧਰਮ ਪਰਿਵਰਤਨ ਕਰਨ ਲਈ ਡਰਾਉਂਦਾ ਹੈ, ਅਜਿਹਾ ਨਾ ਕਰਨ ਤੇ ਉਸਨੂੰ ਕੈਦ ਵਿੱਚ ਸੁੱਟ ਦਿੱਤਾ ਜਾਂਦਾ ਹੈ, ਪਰੰਤੂ ਸਿਦਕ ਤੇ ਭਰੋਸੇ ਸਦਕਾ ਉਹ ਮੁਗਲਾਂ ਦੀ ਕੈਦ ਵਿੱਚੋਂ ਬਚ ਨਿਕਲਦੀ ਹੈ। ਸਿੱਖ ਜਥੇ ਵਿੱਚ ਮਿਲ ਕੇ ਸਿੱਖ-ਸੰਘਰਸ਼ ਵਿੱਚ ਆਪਣਾ ਯੋਗਦਾਨ ਪਾਉਂਦੀ ਹੈ, ਅਨੇਕਾਂ ਕਸ਼ਟਾਂ ਦੇ ਬਾਵਜੂਦ ਉਹ ਸੰਘਰਸ਼ ਦੌਰਾਨ ਜਖ਼ਮੀ ਸਿੰਘਾਂ ਦੀ ਸੇਵਾ ਕਰਦੀ ਹੈ ਅਤੇ ਅਜਿਹੀ ਸ਼ਖਸ਼ੀਅਤ ਰੂਪ ਧਾਰਦੀ ਹੈ, ਜਿਸਦੇ ਪ੍ਰਭਾਵ ਤਹਿਤ ਇੱਕ ਮੁਸਲਮਾਨ ਪ੍ਰੀਵਾਰ ਵੀ ਸਿੱਖੀ ਵੱਲ ਖਿਚਿਆ ਜਾਂਦਾ ਹੈ। ਇਉਂ ਲੇਖਕ ਸਿੱਖ ਸੰਘਰਸ਼ ਵਿੱਚ ਔਰਤਾਂ ਦੇ ਯੋਗਦਾਨ ਅਤੇ ਕਿਰਦਾਰ ਨੂੰ ਚਿੰਨ੍ਹ ਵਜੋਂ ਪੇਸ਼ ਕਰਦਾ ਹੈ। ਨਾਵਲ ਵਿੱਚ ਅਹਿਮਦ ਸ਼ਾਹ ਅਬਦਾਲੀ ਦੇ ਹਮਲੇ ਦੌਰਾਨ ਪੰਜਾਬ ਦੀਆਂ ਇਸਤ੍ਰੀਆਂ ਉੱਤੇ ਹੋਏ ਅੱਤਿਆਚਾਰ ਅਤੇ ਤੈਮੂਰ ਖਾਨ ਤੇ 'ਜਹਾਨ ਖਾਨ'[15] ਦੁਆਰਾ ਸਿੱਖਾਂ ਤੇ ਜ਼ਬਰ ਦਾ ਵਰਨਣ ਕੀਤਾ ਗਿਆ ਹੈ।

ਜਲੰਧਰ ਦਾ ਫ਼ੌਜ਼ਦਾਰ ਅਦੀਨਾ ਬੇਗ ਮਰਹੱਟਿਆਂ ਤੇ ਸਿੱਖਾਂ ਦੀ ਮਦਦ ਨਾਲ ਪੰਜਾਬ ਵਿੱਚੋਂ ਅਫ਼ਗਾਨ ਸਰਕਾਰ ਦਾ ਸਫਾਇਆ ਕਰਦਾ ਹੈ। ਬਾਅਦ ਵਿੱਚ ਸਿੱਖਾਂ ਦਾ ਵੈਰੀ ਬਣ ਜਾਂਦਾ ਹੈ। ਨਾਵਲ ਦਾ ਅੰਤ ਅਹਿਮਦ ਸ਼ਾਹ ਅਬਦਾਲੀ ਦੇ ਪੰਜਵੇਂ ਹਮਲੇ ਨਾਲ ਹੁੰਦਾ ਹੈ, ਜਿਸ ਦੌਰਾਨ ਸਿੱਖ ਗੁਰੀਲਾ ਯੁੱਧ ਰਾਹੀਂ ਅਹਿਮਦ ਸ਼ਾਹ ਅਬਦਾਲੀ ਦੇ ਮਾਲ ਅਸਬਾਬ ਨੂੰ ਲੁੱਟਦੇ ਹਨ। ਗੁੱਸੇ ਵਿੱਚ ਅਹਿਮਦ ਸ਼ਾਹ ਅਬਦਾਲੀ ਆਪਣੇ ਫੌਜ਼ਦਾਰ ਅਬਦੁੱਲਾ ਖਾਂ ਨੂੰ ਫੌਜ਼ ਤੇ ਤੋਪਾਂ ਦੇ ਕੇ ਸੰਗ੍ਰਾਮੀ ਸਿੱਖਾਂ ਦੀ ਵਧੀ ਸ਼ਕਤੀ ਨੂੰ ਰੋਕਣ ਲਈ ਨਿਯੁਕਤ ਕਰਦਾ ਹੈ। ਇਸ ਤਰ੍ਹਾਂ ਨਾਵਲ ਸਿੱਖ ਸੰਘਰਸ਼ਾਂ ਦੀ ਗਾਥਾ ਬਿਆਨਦਾ ਸਮਾਪਤ ਹੁੰਦਾ ਹੈ।

ਸਮੁੱਚੇ ਤੌਰ ਤੇ ਅੰਗਰੇਜ਼ੀ ਰਾਜ ਦੌਰਾਨ ਪੰਜਾਬ ਵਿੱਚ ਦਰਪੇਸ਼ ਚੁਣੌਤੀਆਂ, ਜਿਸਦੇ ਤਹਿਤ ਸਿੱਖਾਂ ਦੇ ਆਪਣੇ ਵਿਸ਼ਵਾਸ, ਪਛਾਣ ਅਤੇ ਰਾਜਸੀ ਤਾਕਤ ਦੀ ਅਣਹੋਂਦ ਕਾਰਨ ਪੈਦਾ ਹੋਈਆਂ ਪਰਸਥਿਤੀਆਂ ਨੇ ਸਿੰਘ ਸਭਾ ਲਹਿਰ ਦੇ ਉਭਾਰ ਦਾ ਆਧਾਰ ਮੁਹੱਈਆ ਕੀਤਾ। ਬੇਸ਼ਕ ਬ੍ਰਾਹਮਣੀ ਕਰਮਕਾਂਡ ਅਤੇ ਹਿੰਦੂ ਰਹੁਰੀਤਾਂ ਦਾ ਪ੍ਰਭਾਵ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਭਾਗ ਦੌਰਾਨ ਹੀ ਆਰੰਭ ਹੋ ਗਿਆ ਸੀ, ਪਰੰਤੂ ਇਸ ਤੋਂ ਪੈਦਾ ਹੋ ਰਹੀ ਬੇਚੈਨੀ ਵਿੱਚ ਵਾਧਾ ਈਸਾਈ ਮਿਸ਼ਨਰੀ ਅਤੇ ਆਰੀਆ ਸਮਾਜ ਦੇ ਪ੍ਰਚਾਰ ਨੇ ਵੀ ਕੀਤਾ। ਇਸ ਗਿਰਾਵਟ ਦੀ ਚੁਣੌਤੀ ਨੂੰ ਰੋਕਣ ਲਈ ਸੰਵੇਦਨਸ਼ੀਲ ਸਿੱਖਾਂ ਨੇ ਸਿੰਘ ਸਭਾ ਲਹਿਰ

---

13. ਭਾਈ ਵੀਰ ਸਿੰਘ, *ਸੁੰਦਰੀ*, ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, ਨਵੀਂ ਐਡੀਸ਼ਨ, 2000, ਪੰਨਾ 172.
14. ਤੈਮੂਰ ਖਾਨ (1757-58 ਈ:) ਇਹ ਅਹਿਮਦਸ਼ਾਹ ਅਬਦਾਲੀ ਵੱਲੋਂ ਲਾਹੌਰ ਦਾ ਸੂਬੇਦਾਰ ਨਿਯੁਕਤ ਕੀਤਾ ਗਿਆ ਸੀ।
15. ਭਾਈ ਵੀਰ ਸਿੰਘ, *ਸਤਵੰਤ ਕੌਰ*, ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, ਨਿਊ ਐਡੀਸ਼ਨ, 2008, ਪੰਨਾ 133.

ਚਲਾਈ, ਜਿਸਦੇ ਪ੍ਰਭਾਵ ਤਹਿਤ ਨਾ ਕੇਵਲ ਸਿੱਖਾਂ ਵਿੱਚ ਆਪਣੇ ਵਿਰਸੇ ਵਿੱਚ ਮੁੜ ਜੁੜਨ ਅਤੇ ਚੇਤੰਨ ਹੋਣ ਦੀ ਪ੍ਰਵਿਰਤੀ ਪੈਦਾ ਹੋਈ ਬਲਕਿ ਅਜਿਹਾ ਸਾਹਿਤ ਵੀ ਪੈਦਾ ਕੀਤਾ ਜਿਸ ਰਾਹੀਂ ਸਿੱਖ ਇਤਿਹਾਸ ਦੀ ਮਹਾਨਤਾ ਦਾ ਪ੍ਰਚਾਰ ਕਰਕੇ ਸਿੱਖਾਂ ਨੂੰ ਨਾ ਕੇਵਲ ਗੌਰਵਮਈ ਵਿਰਸੇ ਦਾ ਮਾਣ ਕਰਵਾਇਆ, ਬਲਕਿ ਸਮਕਾਲੀ ਪੰਜਾਬ ਵਿੱਚ ਸਿੱਖਾਂ ਨੂੰ ਗੌਰਵਮਈ ਜੀਵਨ ਬਤੀਤ ਕਰਨ ਲਈ ਤਿਆਰ ਕੀਤਾ। ਭਾਈ ਵੀਰ ਸਿੰਘ ਨੇ ਆਪਣੇ ਉਪਰੋਕਤ ਤਿੰਨਾਂ ਨਾਵਲਾਂ ਦਾ ਮੁੱਖ ਕਥਾ ਵਸਤੂ 18ਵੀਂ ਸਦੀ ਦੌਰਾਨ ਸਿੱਖਾਂ ਦੀਆਂ ਆਪਣੀ ਪਛਾਣ ਅਤੇ ਹੋਂਦ ਦੀ ਕਾਇਮੀ ਲਈ ਕੀਤੀਆਂ ਕੁਰਬਾਨੀਆਂ ਨੂੰ ਆਧਾਰ ਬਣਾਇਆ ਹੈ। ਇਸਦੇ ਤਹਿਤ ਸਿੱਖਾਂ ਦਾ ਚਰਿੱਤਰ ਉਨ੍ਹਾਂ ਦੀ ਬਹਾਦਰੀ ਤੇ ਕੁਰਬਾਨੀ ਨੂੰ ਮੁਗਲ ਜ਼ਬਰ ਦਾ ਮੁਕਾਬਲਾ ਕਰਨ ਲਈ ਚਿੰਨ੍ਹ ਵਜੋਂ ਪੇਸ਼ ਕੀਤਾ ਗਿਆ ਹੈ। ਇਸਦੇ ਨਾਲ ਹੀ ਅਸਿੱਧੇ ਤੌਰ ਤੇ ਸਿੱਖਾਂ ਲਈ ਰਾਜਸੀ ਤਾਕਤ ਦੀ ਪ੍ਰਾਪਤੀ ਲਈ ਇਸ਼ਾਰਾ ਕੀਤਾ ਗਿਆ ਹੈ। ਅਸਲ ਵਿੱਚ ਅੰਗਰੇਜ਼ੀ ਰਾਜ ਸਮੇਂ ਪੈਦਾ ਹੋਈਆਂ ਪਰਸਥਿਤੀਆਂ, ਜਿਨ੍ਹਾਂ ਨੇ ਸਿੱਖਾਂ ਦੀ ਹੋਂਦ ਤੇ ਪਛਾਣ ਲਈ ਚੁਣੌਤੀਆਂ ਤੇ ਵੰਗਾਰ ਖੜ੍ਹੀ ਕਰਕੇ ਸਿੱਖਾਂ ਵਿੱਚ ਘਟੀਆਪਣ ਦਾ ਅਹਿਸਾਸ ਅਤੇ ਭਵਿੱਖੀ ਰਾਜਸੀ ਹੋਂਦ ਲਈ ਖਤਰੇ ਦੀ ਸੰਭਾਵਨਾ ਨੂੰ ਮੱਦੇ-ਨਜ਼ਰ ਰੱਖ ਕੇ ਮੁੜ ਤੋਂ ਜੋਸ਼ ਭਰਨ ਲਈ ਇਤਿਹਾਸਕ ਨਾਵਲਾਂ ਦੀ ਰਚਨਾ ਨੂੰ ਮਾਧਿਅਮ ਅਤੇ ਸਾਧਨ ਦੇ ਤੌਰ ਤੇ ਵਰਤਿਆ ਗਿਆ ਹੈ।

ਸਿੱਖ ਪਛਾਣ ਅਤੇ ਅਜੋਕੇ ਵਿਆਖਿਆ ਸ਼ਾਸ਼ਤਰ

ਜਸਵਿੰਦਰ ਸਿੰਘ *

ਸਿੱਖ ਪਛਾਣ ਅਜੋਕੇ ਸਮੇਂ ਵਿਚ ਗੁੰਝਲਦਾਰ ਸਥਿਤੀ ਦੇ ਰੂਪ ਵਿਚ ਵਿਚਰ ਰਹੀ ਹੈ। ਜਿਸ ਦਾ ਮੂਲ ਕਾਰਣ ਸਿੱਖ ਪਛਾਣ ਨੂੰ ਇਕਾਂਗੀ ਪਰਿਪੇਖ ਵਿਚ ਸਮਝਣ ਦੀ ਕੋਸ਼ਿਸ਼ ਕੀਤੀ ਗਈ ਹੈ। ਸਿੱਖਾਂ ਦੀ ਪਛਾਣ ਪ੍ਰਤੀ ਨਾਂਹ-ਪੱਖੀ (negative) ਅਤੇ ਰੱਦਮਈ ਸੁਭਾਅ (rejection mode) ਦੇ ਵਤੀਰੇ ਕਾਰਨ ਸਿੱਖ ਪਛਾਣ ਆਪਣੇ ਪੂਰਨ ਜਲੌ ਨੂੰ ਲਿਖਤਾਂ ਰਾਹੀਂ ਪੇਸ਼ ਨਹੀਂ ਕਰ ਸਕੀ ਜਾਂ ਇੰਝ ਕਹਿ ਲਵੋ ਕਿ ਸਿੱਖ ਪਛਾਣ ਪ੍ਰਤੀ ਅਜੇ ਤੱਕ ਅਕਾਦਮਿਕ ਅਤੇ ਖੋਜ ਪੱਧਰ 'ਤੇ ਬਹੁਤ ਘੱਟ ਕਾਰਜ ਹੋਇਆ ਹੈ। ਜੋ ਕਿ ਗੁਰੂ ਗ੍ਰੰਥ ਅਤੇ ਗੁਰੂ ਪੰਥ ਦੀ ਇਕਸੁਰਤਾ ਦੀ ਤਰਜਮਾਨੀ ਕਰਦਾ ਹੋਵੇ। ਜਿਸ ਕਰਕੇ ਵਿਸ਼ਵ ਪੱਧਰ ਦੀਆਂ ਲਿਖਤਾਂ ਵਿਚ ਸਿੱਖ ਪਛਾਣ ਦੀ ਸਮੱਸਿਆ ਜਿਉਂ ਦੀ ਤਿਉਂ ਬਣੀ ਹੋਈ ਹੈ। ਇਸ ਲਈ ਸਿੱਖ ਵਿਦਵਾਨਾਂ ਤੇ ਚਿੰਤਕਾਂ ਨੂੰ ਇਸਦੇ ਸਰਬਾਂਗੀ ਪਾਸਾਰਾਂ ਦੇ ਫੈਲਾਅ ਨੂੰ ਸਮਝ ਕੇ ਬਿਆਨ ਕਰਨਾ ਜ਼ਰੂਰੀ ਹੈ ਤਾਂ ਕਿ ਸਿੱਖ ਪਛਾਣ ਦੀ ਵਿਆਖਿਆ ਦੇ ਉਹ ਕੇਂਦਰੀ ਬਿੰਦੂ (central points) ਧੁਰਿਤ ਕਰਕੇ ਦੱਸੇ ਜਾਣ, ਜਿੱਥੋਂ ਸਿੱਖ ਪਛਾਣ ਦੇ ਵੱਖ-ਵੱਖ ਰੂਪ ਗਤੀਮਾਨ ਹੁੰਦੇ ਹਨ। ਇਸ ਪਰਚੇ ਵਿਚ ਅਸੀਂ ਸਿੱਖ ਪਛਾਣ ਦੀ ਪੂਰਬਵਾਦੀ ਵਿਆਖਿਆ ਦੇ ਇਸ਼ਾਰੇ ਮਾਤਰ ਪਰਿਪੇਖ ਤੱਕ ਹੀ ਸੀਮਤ ਰਹਾਂਗੇ।

ਪਛਾਣ ਅਤੇ ਮੌਜੂਦਾ ਚਿੰਤਨ

ਪਛਾਣ ਦੇ ਵਿਸ਼ਵਵਿਆਪੀ ਪਰਿਪੇਖ ਵਿਚ ਮੁੱਖ ਰੂਪ ਵਿਚ ਫਰੇਂਜ਼ ਫੈਨਨ (Frantz Fanon), ਸਟੂਅਰਟ ਹਾਲ (Stuart Hall), ਹੋਮੀ ਕੇ. ਭਾਭਾ (Homi K. Bhabha) ਅਤੇ ਐੱਡਵਰਡ ਸੱਯਦ (Edward W. Said) ਨੇ ਵਿਸ਼ੇਸ਼ ਭੂਮਿਕਾ ਨਿਭਾਈ ਹੈ, ਜਿਸ ਨਾਲ ਪਛਾਣ ਦੇ ਮੁੱਦੇ ਨੂੰ ਬਹੁ-ਜ਼ਾਵੀਏ ਦੇ ਕੋਣਾਂ ਤੋਂ ਵੇਖਣ ਦੀ ਸੰਸਾਰ ਨੂੰ ਸਮਝ ਆਈ ਹੈ। ਇਹਨਾਂ ਵਿਚਾਰਕਾਂ ਨੇ ਜਿੱਥੇ ਉੱਤਰਆਧੁਨਿਕਵਾਦ ਦੀ ਸਥਾਪਤੀ ਵਿਚ ਵਿਸ਼ੇਸ਼ ਭੂਮਿਕਾ ਨਿਭਾਈ ਹੈ, ਉੱਥੇ ਆਪਣੀਆਂ ਲਿਖਤਾਂ ਨਾਲ ਸੰਸਾਰ-ਚਿੰਤਨ ਵਿਚ ਨਵੀਆਂ ਪੈੜਾਂ ਸਥਾਪਤ ਕਰਨ ਦਾ ਯਤਨ ਕੀਤਾ ਹੈ। ਫੈਨਨ ਨੇ ਆਪਣੀ ਪ੍ਰਸਿੱਧ ਹੋ ਚੁੱਕੀ ਲਿਖਤ *The Wretched of the Earth* ਰਾਹੀਂ ਪਛਾਣ ਦੇ ਮੁੱਦੇ ਨੂੰ ਕੌਮੀ, ਸਭਿਆਚਾਰ ਅਤੇ ਬਸਤੀਵਾਦ ਦੇ ਪਰਿਪੇਖ ਵਿਚ ਬੜੇ ਗੰਭੀਰ ਨੁਕਤਿਆਂ ਤੋਂ ਸਮਝਿਆ ਹੈ ਅਤੇ ਬਿਆਨ ਕੀਤਾ ਹੈ। ਉੱਘੇ ਸਿੱਖ ਚਿੰਤਕ ਅਤੇ ਅੰਤਰਰਾਸ਼ਟਰੀ ਸਕਾਲਰ ਗੁਰਭਗਤ ਸਿੰਘ ਫੈਨਨ ਦੇ ਪਛਾਣ ਪ੍ਰਤੀ ਨਜ਼ਰੀਏ ਬਾਰੇ ਕਹਿੰਦੇ ਹਨ ਕਿ 'ਬਸਤੀਵਾਦੀ ਨਿਵੇਸ਼ੀ ਦੀਆਂ ਜ਼ਾਲਿਮ ਅਤੇ ਦਬਾਊ ਵਿਧੀਆਂ ਮੂਲ ਨਿਵਾਸੀ ਦੇ ਮਨ, ਸਰੀਰ ਅਤੇ ਅੰਦਰਲੇ ਪੱਠਿਆਂ ਵਿਚ ਤਣਾਉ ਭਰਦੀਆਂ ਰਹਿੰਦੀਆਂ ਹਨ। ਉਹ ਜੋ ਸੋਚਦਾ ਹੈ ਅਤੇ ਜੋ ਅਮਲ ਵਿਚ ਲਿਆਉਂਦਾ ਹੈ, ਉਸ ਵਿਚ ਉਸ ਦਾ ਅੱਤਿਆਚਾਰੀ ਵਿਵਹਾਰ ਹਮੇਸ਼ਾਂ ਜ਼ਾਹਿਰ ਹੈ। ਇਵੇਂ ਹੀ ਨਿਵੇਸ਼ੀ ਦੀ ਪਛਾਣ ਅਤੇ ਅਮਲ ਵੀ ਸ਼ੁੱਧ ਨਹੀਂ ਰਹਿੰਦੇ। ਉਨ੍ਹਾਂ ਵਿਚ ਵੀ ਬਗਾਨੇ ਜਾਂ ਮੂਲਵਾਨੀ ਪ੍ਰਤੀ ਵਰਤਾਉ ਅਤੇ ਉਸ ਦੇ ਔਜ਼ਾਰ ਹਮੇਸ਼ਾਂ ਕਿਸੇ ਨਾ ਕਿਸੇ ਰੂਪ ਵਿਚ ਮੌਜੂਦ ਰਹਿੰਦੇ ਹਨ। ਜਿਸ ਮਿਸ਼ਰਿਤ ਪਛਾਣ ਦਾ ਜਨਮ ਇਸ ਪ੍ਰਕਿਰਿਆ ਵਿੱਚੋਂ ਹੁੰਦਾ ਹੈ। ਕੌਮਾਂ, ਸੱਭਿਆਚਾਰਕਾਂ ਅਤੇ ਵਿਅਕਤੀਗਤ ਪਛਾਣਾਂ ਨੂੰ ਖੜੋਤ ਅਤੇ ਕੱਟੜ ਏਕਤਾ ਤੋਂ ਅੱਗੇ ਲੈ ਜਾ ਕੇ ਦੋਗਲਾਪਣ ਜਾਂ ਬਹੁਪਾਸਾਰ ਤੱਕ ਪਹੁੰਚਾਉਣ ਵਿਚ ਫੈਨਨ

* ਰਿਸਰਚ ਸਕਾਲਰ, ਗੁਰੂ ਗੋਬਿੰਦ ਸਿੰਘ ਭਵਨ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਨੇ ਬਹੁਤ ਸਹਾਇਤਾ ਕੀਤੀ ਹੈ।'[1] ਇਸ ਤਰ੍ਹਾਂ ਆਪਣੇ ਵਿਚਾਰਾਂ ਨਾਲ ਪਛਾਣ ਦੇ ਸੰਦਰਭ ਵਿਚ ਫੈਨਨ ਦੀ ਕ੍ਰਿਤ ਨਵਾਂ ਕੋਣ ਖੜ੍ਹਾ ਕਰਦੀ ਹੈ। ਜਿਸਦੇ ਅਗਲੇ ਰਾਹ ਸਟੂਅਰਟ ਹਾਲ ਅਤੇ ਹੋਮੀ ਭਾਭਾ ਦੀਆਂ ਲਿਖਤਾਂ ਵਿੱਚੋਂ ਮਿਲਦੇ ਹਨ। ਸਟੂਅਰਟ ਹਾਲ ਨੇ ਆਪਣੇ ਨਿਬੰਧ "ਕਲਚਰਲ ਆਈਡੈਂਟਿਟੀ ਐਂਡ ਡਾਇਸਪੋਰਾ" ਵਿਚ ਮੌਜੂਦਾ ਪਛਾਣ ਨੂੰ ਅਨਿਸ਼ਚਿਤ, ਅਸਥਿਰ ਅਤੇ ਸਮੱਸਿਆਗਤ ਦੇ ਵਜੋਂ ਪ੍ਰਵਾਨਿਆ ਹੈ। ਜਿਵੇਂ ਕਿ 'Identity is not as transparent or unproblematic as we think. Perhaps instead of thinking of identity as an already accomplished fact, which the new cultural practices then represent, we should think, instead of identity as a 'production', which is never complete, always in process, and always constituted within, not outside, representation.'[2] ਹੋਮੀ ਭਾਭਾ ਨੇ ਪਛਾਣ ਨੂੰ ਜਲਾਵਤਨੀ ਤੇ ਬੇਗਾਨਗੀ ਦੇ ਸੰਦਰਭ ਵਿਚ ਵਾਚਿਆ ਹੈ। ਉਸ ਅਨੁਸਾਰ ਪਛਾਣ ਦੋ-ਪਛਾਣੀ, ਬਹੁ-ਪਰਤੀ ਅਤੇ ਮਿਸ਼ਰਤ ਹੈ। ਉਸਨੇ ਆਪਣੀਆਂ ਲਿਖਤਾਂ *The Location of Culture* ਅਤੇ *Nation and Narration* ਰਾਹੀਂ ਪਛਾਣ ਦੀ ਇਸ ਦਿਸ਼ਾ ਨੂੰ ਪ੍ਰਭਾਵਿਤ ਕੀਤਾ ਹੈ। ਉਸ ਅਨੁਸਾਰ, ਸਭਿਆਚਾਰਕ ਅਤੇ ਰਾਜਨੀਤਕ ਪਛਾਣ ਨੂੰ ਪਰ (other) ਦੇ ਸੰਦਰਭ ਵਿਚ ਹੀ ਸਮਝਿਆ ਜਾ ਸਕਦਾ ਹੈ। ਖੁਰ ਰਹੀਆਂ ਘੱਟ ਗਿਣਤੀਆਂ ਦਾ ਸਮਾਂ ਹੁਣ ਗੁਜ਼ਰ ਗਿਆ ਹੈ ਅਤੇ ਸਭਿਆਚਾਰਕ ਕੌਮ ਨੂੰ ਆਪਣੀ ਭਾਸ਼ਾ ਲਈ ਉਤਰਬਸਤੀਵਾਦ ਵਿਚ ਨਵੇਂ ਸਿਰੇ ਤੋਂ ਸੋਚਣ ਦੀ ਜ਼ਰੂਰਤ ਹੈ।[3] *Orientalism* ਨਾਂ ਦੀ ਲਿਖਤ ਨਾਲ ਐਡਵਰਡ ਸੱਯਦ ਨੇ ਸੰਸਾਰ ਭਰ ਦੇ ਵਿਦਵਾਨਾਂ ਵਿਚ ਆਪਣੀ ਵਿਸ਼ੇਸ਼ ਥਾਂ ਬਣਾਈ ਹੈ। ਉਤਰਆਧੁਨਿਕ ਪਰਿਪੇਖ ਤੋਂ ਉਸਦੀ ਪਛਾਣ ਪ੍ਰਤੀ ਪਹੁੰਚ ਨੂੰ ਵਿਸ਼ੇਸ਼ ਮੰਨਿਆ ਜਾ ਸਕਦਾ ਹੈ। ਸੱਯਦ ਦਾ ਮੰਨਣਾ ਹੈ ਕਿ ਇੱਕ ਥਾਂ ਤੋਂ ਦੂਸਰੀ, ਇੱਕ ਸਭਿਆਚਾਰ ਤੋਂ ਦੂਸਰੇ ਸਭਿਆਚਾਰ ਅਤੇ ਇੱਕ ਦੇਸ਼ ਤੋਂ ਦੂਸਰੇ ਦੇਸ਼ ਵੱਲ ਤੁਰਨਾ ਪਛਾਣ ਨੂੰ ਅਤਿਅੰਤ ਪ੍ਰਭਾਵਿਤ ਕਰਦਾ ਹੈ। ਉਹ ਇਕਮੁਖਤਾ ਦਾ ਵਿਰੋਧੀ ਹੈ ਅਤੇ ਮਿਸ਼ਰਤ ਪਛਾਣ ਦੀ ਤਰਜ਼ਮਾਨੀ ਕਰਦਾ ਹੈ। ਜਿਸ ਕਰਕੇ ਉਸਦੇ ਉਠਾਏ ਪ੍ਰਸ਼ਨ ਕਾਫੀ ਗੰਭੀਰ ਸਮੱਸਿਆ ਦੀ ਨਜ਼ਰਸਾਨੀ ਕਰਦੇ ਹਨ। ਜਿਵੇਂ ਕਿ 'When did we become "a people"? When did we stop being one? Or are we in the process of becoming one? What do these big questions have to do with our intimate relationships with each other and with others?'[4] ਇਸ ਤਰ੍ਹਾਂ ਦੇ ਗੰਭੀਰ ਪ੍ਰਸ਼ਨਾਂ ਕਾਰਨ ਅਜੋਕੇ ਚਿੰਤਨ ਨੇ ਪਛਾਣ ਨੂੰ ਉਪਰੋਕਤ ਸੰਦਰਭ ਵਿਚ ਸਵੀਕਾਰ ਕੀਤਾ ਹੈ। ਜਿਸ ਨਾਲ ਚਿੰਤਨ ਨੇ ਰੂੜ੍ਹੀਵਾਦ, ਇਕਮੁਖੀ, ਕੱਟੜਮਈ ਅਤੇ ਨਿਸ਼ਚਿਤ ਜ਼ਾਵੀਏ ਵਾਲੀ ਪਛਾਣ ਤੋਂ ਅਗਾਂਹ ਸਮਝਣਾ ਸ਼ੁਰੂ ਕੀਤਾ ਹੈ। ਪਛਾਣ ਦੇ ਇਸ ਚਿੰਤਨ ਦੇ ਫੈਲਾਅ ਵਿਚ ਜੋਨਾਥਨ ਰੁਦਰਫੋਰਡ, ਜੈਫਰੀ ਵੀਕਸ, ਕੋਬੀਨਾ ਮਰਸਰ ਅਤੇ ਫਰਾਂਸਸ ਐਨਜੀਲਾ ਦੇ ਦ੍ਰਿਸ਼ਟੀਕੋਣ ਵੀ ਕਾਫ਼ੀ ਮਹੱਤਵਪੂਰਨ ਹਨ।

ਪੂਰਬਵਾਦ

ਪੂਰਬਵਾਦ (orientalism) ਪੱਛਮੀਂ ਦੇਸ਼ਾਂ ਵੱਲੋਂ ਅਫਰੀਕਾ, ਏਸ਼ੀਆ ਅਤੇ ਅਰਬ ਦੇ ਦੇਸ਼ਾਂ ਅਤੇ ਉਹਨਾਂ ਦੇ ਸਭਿਆਚਾਰ ਦੀ ਵਿਆਖਿਆ ਕਰਨ ਦਾ ਸੰਕਲਪ ਹੈ, ਜਿਸਦਾ ਐਡਵਰਡ ਸੱਯਦ ਨੇ

1. ਗੁਰਭਗਤ ਸਿੰਘ, *ਉਤਰਆਧੁਨਿਕਵਾਦ,* ਮਦਾਨ ਪਬਲੀਕੇਸ਼ਨ, ਪਟਿਆਲਾ, 2000, ਪੰਨਾ 29-34.
2. Hall, Stuart, 'Cultural Identity and Diaspora', *Identity : Community, Culture Difference,* (ed.) Jonathan Rutherford, Lawrence & Wishart, London, 1990, p. 222.
3. Bhabha, Homi K., 'The Third Space', *Identity : Community, Culture Difference,* (ed.) Jonathan Rutherford, Lawrence & Wishart, London, 1990, p. 219.
4. Said, Edward, *After the Last Sky,* Faber, London, 1986, p. 34.

ਆਪਣੀ ਪੁਸਤਕ *Orientalism* ਵਿਚ ਬੜੇ ਗੰਭੀਰ ਰੂਪ ਵਿਚ ਅਧਿਐਨ ਕੀਤਾ ਹੈ। ਸੱਯਦ ਅਨੁਸਾਰ 'In short, orientalism (is) as a Western style for dominating, restructuring, and having authority over the Orient.'[5] ਜਿਸਦਾ ਆਧਾਰ ਅਤੇ ਮਨਸ਼ਾ ਪੱਛਮੀਂ ਦੇਸ਼ਾਂ ਦੀ ਹਰ ਇੱਕ ਖਿੱਤੇ ਵਿਚ ਪ੍ਰਭੂਸੱਤਾ ਨੂੰ ਸਥਾਪਿਤ ਕਰਨਾ ਹੈ। ਪ੍ਰਸਿੱਧ ਸਿੱਖ ਵਿਦਵਾਨ ਅਤੇ ਗੰਭੀਰ ਚਿੰਤਕ ਪ੍ਰੋ. ਗੁਰਭਗਤ ਸਿੰਘ ਅਨੁਸਾਰ ਪੂਰਬਵਾਦ ਦੀ ਵਿਆਖਿਆ ਜਾਂ ਪਰਵਚਨ ਪਿੱਛੇ ਪੱਛਮ ਅਤੇ ਪੂਰਬ ਦਰਮਿਆਨ ਮੌਜੂਦ ਸ਼ਕਤੀ ਰਿਸ਼ਤੇ ਹਨ, ਜਿਨ੍ਹਾਂ ਵਿਚ ਪੱਛਮ ਇੱਕ ਉੱਤਮ ਅਤੇ ਸੱਭਯ ਸਭਿਆਚਾਰ ਅਤੇ ਪੂਰਬ ਇੱਕ ਨਿਮਨ, ਅਨਿਯਮਿਤ ਸੱਭਿਆਚਾਰਾਂ ਦਾ ਇਕੱਠ ਹੈ। ਜਿਸਦੇ ਧਰਮ ਇਸਲਾਮ, ਹਿੰਦੂਵਾਦ ਆਦਿ ਈਸਾਈਅਤ ਤੋਂ ਨੀਵੇਂ ਹਨ। ਇਸ ਤਰ੍ਹਾਂ ਪੂਰਬ ਨੂੰ ਪੱਛਮ ਵੱਲੋਂ ਇੱਕ ਸਦੀਵੀ, ਅਬਦਲ ਜਾਂ ਬਰਫ ਵਾਂਗ ਜੰਮਿਆ ਹੋਇਆ ਤੱਤ ਬਣਾ ਦਿੱਤਾ ਗਿਆ ਹੈ, ਜਿਸ ਦਾ ਨਾ ਕੋਈ ਵਿਕਾਸ ਹੈ ਨਾ ਹੀ ਮਾਣਯੋਗ ਇਤਿਹਾਸ।[6]

ਪੱਛਮ ਨੇ ਪੂਰਬ ਉੱਤੇ ਭਾਰੂ ਤੇ ਹਾਵੀ (dominant) ਕਰਨ ਦੀ ਭਾਵਨਾ ਹੇਤੂ ਜੋ ਸੰਕਲਪ ਅਤੇ ਪਰਿਪੇਖ ਉਸਾਰੇ, ਉਨ੍ਹਾਂ ਦਾ ਸਮੁੱਚਾ ਯਤਨ ਈਸਾਈਅਤ ਦੀ ਉੱਚਤਾ ਨੂੰ ਕਾਇਮ ਕਰਨਾ ਤੇ ਸਾਫ਼ ਅਤੇ ਪਵਿੱਤਰ ਲਹੂ (pure and sacred blood) ਦੀ ਸੰਕਲਪੀ ਭਾਵਨਾ ਨੂੰ ਸਥਾਪਿਤ ਕਰਨਾ ਸੀ। ਇਸੇ ਪਰਿਪੇਖ ਵਿਚ ਇਸ ਗੱਲ ਨੂੰ ਸਮਝਣਾ ਜ਼ਰੂਰੀ ਹੋਵੇਗਾ ਕਿ ਜਿਸ ਤਰ੍ਹਾਂ ਅੰਗਰੇਜ਼ ਹਕੂਮਤ ਨੇ ਦੁਨੀਆਂ ਦੇ ਇੱਕ ਵੱਡੇ ਖਿੱਤੇ ਤੇ ਰਾਜ-ਸੱਤਾ ਦੀ ਸਥਾਪਤੀ ਕਰਨ ਦੇ ਬਾਅਦ ਗੁਲਾਮ ਦੇਸ਼ਾਂ ਦੀ ਧਰਤੀ ਤੇ ਰੰਗਵਾਦ (colourism) ਅਤੇ ਨਸਲਵਾਦ (racism) ਦੇ ਗਹਿਰੇ ਅਤੇ ਘਾਤਕ ਬੀਜ ਬੀਜੇ। ਜਿਸ ਦੇ ਸਪੱਸ਼ਟ ਪ੍ਰਭਾਵ ਅੱਜ ਵੀ ਵੇਖਣ ਨੂੰ ਮਿਲਦੇ ਹਨ। ਉਦਾਹਰਣ ਵਜੋਂ ਜੇਕਰ ਅੱਜ ਵੀ ਪੰਜਾਬ ਵੱਲ ਝਾਤੀ ਮਾਰੀ ਜਾਵੇ ਤਾਂ ਅੰਗਰੇਜ਼ ਸਿੰਘ, ਗੋਰਾ ਸਿੰਘ, ਲਾਟ ਸਾਹਿਬ, ਵੱਡਾ ਅੰਗਰੇਜ਼, ਅੰਗਰੇਜ਼ੀ ਬਾਬੂ ਅਤੇ ਮੇਮ[7] ਆਦਿ ਸ਼ਬਦ ਆਪਣਾ ਪ੍ਰਭਾਵ ਜਮਾਈ ਹੋਏ ਹਨ। ਇਸ ਪਿੱਛੇ ਇੱਕ ਕਾਰਨ ਲੋਕਾਂ ਦੀ ਗੁਲਾਮ ਮਾਨਸਿਕਤਾ ਦਾ ਵੀ ਹੋਣਾ ਹੈ। ਗੋਰੇ ਜਾਂ ਚਿੱਟੇ ਰੰਗ ਦੀ ਉੱਚਤਾ ਨੂੰ ਅੰਗਰੇਜ਼ਾਂ ਨੇ ਇੰਨੇ ਪ੍ਰਭਾਵਸ਼ਾਲੀ ਤੇ ਬੁਰੇ ਤਰੀਕੇ ਨਾਲ ਗੁਲਾਮ ਦੇਸ਼ਾਂ ਵਿਚ ਸਥਾਪਿਤ ਕੀਤਾ ਹੈ, ਜਿਸ ਨਾਲ ਉਨ੍ਹਾਂ ਦੇ ਸਭਿਆਚਾਰਾਂ ਵਿਚ ਹੁਸਨ ਦੀ ਸਿਫਤ ਅਤੇ ਲਿਖਤਾਂ ਵਿਚ ਸੁਹੱਪਣ ਦੇ ਅਰਥ ਸਿਰਫ ਗੋਰੀ ਚਮੜੀ ਵੱਲ ਧੱਕੇ ਗਏ ਹਨ। ਜਿਸ ਨੂੰ ਉਤਰਆਧੁਨਿਕ ਚਿੰਤਕਾਂ ਨੇ Black is beautiful, Black beauties ਅਤੇ Feminine ਦੇ ਸੰਕਲਪਾਂ ਤੇ ਪਰਿਪੇਖਾਂ ਨਾਲ ਉਖਾੜਣ ਦੀ ਕੋਸ਼ਿਸ਼ ਕੀਤੀ ਹੈ। 'ਪੂਰਬਵਾਦ ਦੇ ਅਨੁਸ਼ਾਸ਼ਨਾਂ ਅਧੀਨ ਹੋਈ ਵਿਆਖਿਆ ਵਿਚ ਤਿੰਨ ਸੰਕਲਪਾਂ ਦਾ ਵਧੇਰੇ ਯੋਗਦਾਨ ਹੈ ਜਿਸ ਨੂੰ ਵਿਆਖਿਆ ਜਾਂ ਅਨੁਵਾਦ ਸ਼ਾਸ਼ਤਰ, ਭਾਸ਼ਾ ਸ਼ਾਸ਼ਤਰ ਅਤੇ ਤਾਰਕਿਕ ਮਾਨਵ ਸ਼ਾਸ਼ਤਰ ਕਿਹਾ ਜਾਂਦਾ ਹੈ। ਇਨ੍ਹਾਂ ਅਨੁਸ਼ਾਸ਼ਨਾਂ ਦੇ ਬਲਬੂਤੇ ਤੇ ਪੱਛਮੀ ਵਿਦਵਾਨਾਂ ਨੇ ਪੱਛਮੀਂ ਸੱਭਿਆਚਾਰ ਨੂੰ ਪਹਿਲਤਾ, ਪ੍ਰਮਾਣਿਕਤਾ ਅਤੇ ਉੱਚਤਾ ਦੇ ਨਜ਼ਰੀਏ ਤੋਂ ਸਥਾਪਿਤ ਕੀਤਾ।'[8]

---

5. ________, *Orientalism*, Penguin, India, 2001, p. 3.
6. ਗੁਰਭਗਤ ਸਿੰਘ, *ਵਿਸ਼ਵ ਚਿੰਤਨ ਅਤੇ ਪੰਜਾਬੀ ਸਾਹਿੱਤ*, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2003, ਪੰਨਾ 44.
7. ਮੇਮ ਸ਼ਬਦ ਅੰਗਰੇਜ਼ੀ ਔਰਤਾਂ ਨੂੰ ਮੈਡਮ ਦੇ ਰੂਪ ਵਿਚ ਸੰਬੋਧਿਤ ਸੀ ਪਰ ਅਜੋਕੇ ਸਮੇਂ ਵਿਚ ਇਸ ਦੇ ਅਰਥ ਚਿੱਟੀ ਚਮੜੀ ਦੇ ਸਮਾਨਅਰਥੀ ਹੋ ਕੇ ਵਿਚਰ ਰਹੇ ਹਨ। ਦੂਜੇ ਸ਼ਬਦਾਂ ਵਿੱਚ ਪੰਜਾਬੀ ਮਾਨਸਿਕਤਾ ਨੇ ਚਿੱਟੀ ਚਮੜੀ ਵਾਲੀ ਔਰਤ ਦੇ ਧੁਰ ਅੰਦਰ ਤੱਕ ਪ੍ਰਭਾਵ ਨੂੰ ਕਬੂਲਿਆ ਹੈ। ਅੱਜ ਵੀ ਵਿਦੇਸ਼ ਜਾਣ ਵਾਲਿਆਂ ਦੀ ਜ਼ਿਆਦਾਤਰ ਸੋਚ ਦਾ ਘੇਰਾ ਡਾਲਰ ਤੇ ਮੇਮਾਂ ਹੀ ਹਨ।
8. ਗੁਰਭਗਤ ਸਿੰਘ, *ਵਿਸ਼ਵ ਚਿੰਤਨ ਅਤੇ ਪੰਜਾਬੀ ਸਾਹਿੱਤ*, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2003, ਪੰਨੇ 48-49.

ਸਿੱਖ ਪਛਾਣ ਅਤੇ ਇਸਦੀ ਵਿਆਖਿਆ

'ਵੀਹਵੀਂ ਸਦੀ ਦੇ ਆਖਰੀ ਦੌਰ ਵਿਚ ਵਿਸ਼ਵੀਕਰਨ ਦੀ ਪ੍ਰਕਿਰਿਆ ਵਿਚ ਇਕਦਮ ਤੇਜ਼ੀ ਆਈ ਹੈ। ਵਿਸ਼ਵੀਕਰਨ ਦੀ ਪ੍ਰਕਿਰਿਆ ਭਾਵੇਂ ਆਰਥਕ ਲੋੜਾਂ ਵਿੱਚੋਂ ਪੈਦਾ ਹੋਈ ਹੈ, ਪ੍ਰੰਤੂ ਇਸਨੇ ਦੁਨੀਆਂ ਭਰ ਦੀਆਂ ਕੌਮਾਂ ਨੂੰ ਵਿਸ਼ਵ ਚਿੰਤਨ ਸਨਮੁੱਖ ਕਰ ਦਿੱਤਾ ਹੈ। ਜਿਸ ਦੇ ਨਤੀਜੇ ਵਜੋਂ ਸਿੱਖੀ ਦੀ ਵਿਸ਼ਵੀਕਰਨ ਦੇ ਪ੍ਰਸੰਗ ਵਿਚ ਵਿਆਖਿਆ ਹੋਣ ਲੱਗ ਪਈ ਹੈ। ਵਿਸ਼ਵੀਕਰਨ ਦੇ ਇਸ ਦੌਰ ਵਿਚ ਸਿੱਖ ਪਛਾਣ ਦਾ ਮਸਲਾ, ਸਿੱਖ ਇਤਿਹਾਸ ਦੀ ਪੁਨਰ ਵਿਆਖਿਆ ਦੀ ਮੰਗ ਕਰਦਾ ਹੈ।'[9] ਸਿੱਖ ਪਛਾਣ ਅਤੇ ਇਸਦੀ ਪੂਰਬਵਾਦੀ ਵਿਆਖਿਆ ਦੇ ਦਾਇਰੇ ਵਿਚ ਉਹਨਾਂ ਲੇਖਕਾਂ ਨੂੰ ਮੰਨਿਆ ਜਾ ਸਕਦਾ ਹੈ, ਜਿਨ੍ਹਾਂ ਨੇ ਇਹ ਵਿਆਖਿਆ ਨੂੰ ਪੂਰਵ ਨਿਰਧਾਰਿਤ ਕਰਕੇ ਸਿੱਖ ਪਛਾਣ ਪ੍ਰਤੀ ਖੋਜ ਕਾਰਜ ਕੀਤੇ। ਅਸੀਂ ਉਹਨਾਂ ਦੇ ਵਿਚਾਰਾਂ ਬਾਰੇ ਇਸ ਪਰਚੇ ਵਿਚ ਇਸ਼ਾਰੇ ਮਾਤਰ ਹੀ ਸੰਬੋਧਿਤ ਹੋਵਾਂਗੇ। ਸਿੱਖ ਪਛਾਣ ਜਾਂ ਸਿੱਖ ਹਸਤੀ ਦੀ ਵਿਆਖਿਆ ਵੇਲੇ *ਇਨਸਾਈਕਲੋਪੀਡੀਆ ਆਫ ਬਿਰਟੈਨਿਕਾ* ਤੋਂ ਲੈ ਕੇ ਇਕਾਂਗੀ ਲੇਖਕ ਤੱਕ ਸੋਚੀ-ਸਮਝੀ ਵਿਆਖਿਆ ਤੇ ਕੇਂਦਰਤ ਹਨ। ਇਸ ਤੋਂ ਅਗਲਾ ਨੁਕਤਾ ਇਹ ਹੈ ਕਿ ਸਿੱਖ ਪਛਾਣ ਦੀ ਵਿਆਖਿਆ ਵੇਲੇ ਭਾਰਤੀ ਰਾਸ਼ਟਰਵਾਦ ਦੇ ਅਨੁਸਰਣੀ ਲੇਖਕਾਂ ਨੇ ਵੀ ਲਗਭਗ ਇਸੇ ਤਰ੍ਹਾਂ ਦੀ ਹੀ ਵਿਆਖਿਆ ਨੂੰ ਅੰਗੀਕਾਰ ਕੀਤਾ ਹੈ। ਇਸੇ ਵਿਆਖਿਆ ਦਾ ਖਤਰਨਾਕ ਰੁਝਾਨ ਤੇ ਦਿੱਕਤ ਸਿੱਖ ਪਛਾਣ ਅਤੇ ਸਮੁੱਚੇ ਸਿੱਖ ਪੰਥ ਦੀ ਬਾਈਬਲਕਰਣ (Biblical) ਵਿਆਖਿਆ ਹੈ। ਇਸ ਵਿਆਖਿਆ ਵਿਚ *ਗੁਰੂ ਗ੍ਰੰਥ ਸਾਹਿਬ* ਨੂੰ Holly Book ਕਹਿਣਾ, ਅਕਾਲ ਪੁਰਖ ਜਾਂ ਵਾਹਿਗੁਰੂ ਦੀ ਥਾਂ ਇਸਾਈਅਤ ਦਾ God, ਸੰਗਤ ਦੀ ਥਾਂ Congregation, ਲੰਗਰ ਦੀ ਥਾਂ Free or Common Kitchen, ਪੰਥ ਦੀ ਥਾਂ Religion ਆਦਿ ਅਨੇਕਾਂ ਸ਼ਬਦਾਂ ਦੇ ਦਖਲ, ਸੰਕਲਪ ਅਤੇ ਪਰਿਪੇਖ ਦਾਖਲ ਹੋ ਗਏ ਹਨ, ਜੋ ਕਿ ਕਿਸੇ ਖਾਸ ਦਿਸ਼ਾ ਵੱਲ ਸੰਕੇਤ ਕਰਦੇ ਹਨ। ਪ੍ਰੋ. ਗੁਰਭਗਤ ਸਿੰਘ ਅਨੁਸਾਰ ਪੂਰਬਵਾਦ ਨੇ ਜੋ ਵਿਆਖਿਆ ਦਾ ਅਨੁਸ਼ਾਸ਼ਨ ਸਥਾਪਿਤ ਕੀਤਾ, ਉਸੇ ਅਧੀਨ ਡਾ. ਅਰਨੈਸਟ ਟ੍ਰੰਪ ਨੇ 1877 ਵਿਚ ਅਤੇ ਮੈਕੋਲਿਫ ਨੇ 1909 ਵਿਚ ਜੋ *ਸ੍ਰੀ ਗੁਰੂ ਗ੍ਰੰਥ ਸਾਹਿਬ* ਦੇ ਅੰਗਰੇਜ਼ੀ ਅਨੁਵਾਦ ਕੀਤੇ ਉਹ ਪੂਰਬਵਾਦੀ ਪੈਰਾਡਾਈਮ ਦਾ ਅਨੁਸਰਣ ਕਰਦੇ ਹਨ।[10] ਇਸ ਲਈ ਪੱਛਮ ਦੁਆਰਾ ਸਿੱਖ ਪੰਥ ਦੀ ਹੋਈ ਵਿਆਖਿਆ ਦੇ ਸਿਰੇ ਪੂਰਬਵਾਦੀ ਵਿਆਖਿਆ ਦੀ ਹਮਾਇਤ ਕਰਦੇ ਹਨ। ਮੈਕਲੋਡ (W.H. McLeod) ਸਿੱਖ ਪਛਾਣ ਅਤੇ ਸਿੱਖਾਂ ਉਪਰ ਆਪਣੀਆਂ ਵਿਵਾਦਮਈ ਲਿਖਤਾਂ ਨਾਲ ਪ੍ਰਸਿੱਧ ਹੈ। ਬਿਨਾਂ ਸ਼ੱਕ ਉਸਦਾ ਪੂਰਾ ਜ਼ੋਰ ਸਿੱਖਾਂ ਨੂੰ ਹਿੰਦੂ ਧਰਮ ਦਾ ਹਿੱਸਾ ਪੇਸ਼ ਕਰਨ ਤੇ ਲੱਗਿਆ ਹੈ। ਆਪਣੀਆਂ ਲਿਖਤਾਂ ਵਿਚ ਉਹ ਸਿੱਖ ਪੰਥ ਦੇ ਰੂਹਾਨੀ ਅਤੇ ਅਧਿਆਤਮਕ ਨਿਸ਼ਚੇ ਤੇ ਹਮਲਾ ਕਰਨ ਦੀ ਕੋਸ਼ਿਸ਼ ਕਰਦਾ ਹੈ।[11] ਜਿਵੇਂ ਕਿ ਉਹ ਆਪਣੀਆਂ ਲਿਖਤਾਂ ਵਿਚ ਗੁਰੂ ਨਾਨਕ ਸਾਹਿਬ ਪ੍ਰਤੀ 'ਨਾਨਕ' ਸ਼ਬਦ ਹੀ ਵਰਤਦਾ ਹੈ। ਮੈਕਲੋਡ ਗੁਰੂ ਨਾਨਕ ਸਾਹਿਬ ਨੂੰ ਕਬੀਰ ਜੀ ਦਾ ਉਪਾਸ਼ਕ ਮੰਨਦਾ ਹੋਇਆ ਕਹਿੰਦਾ ਹੈ ਕਿ (ਗੁਰੂ) ਨਾਨਕ (ਸਾਹਿਬ)

---

9. ਸਿੱਧੂ, ਗੁਰਮੀਤ ਸਿੰਘ, "ਸਿੱਖ ਪਛਾਣ, ਭਾਰਤੀ ਰਾਸ਼ਟਰਵਾਦ ਅਤੇ ਵਿਸ਼ਵੀਕਰਨ", *ਸਿੱਖ ਸ਼ਹਾਦਤ*, ਅਪ੍ਰੈਲ 2008, ਪੰਨਾ 30.
10. ਗੁਰਭਗਤ ਸਿੰਘ, *ਵਿਸ਼ਵ ਚਿੰਤਨ ਅਤੇ ਪੰਜਾਬੀ ਸਾਹਿੱਤ*, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2003, ਪੰਨੇ 48-49.
11. ਪ੍ਰੋ. ਦਰਸ਼ਨ ਸਿੰਘ ਨੇ ਗੁਰੂ ਗੋਬਿੰਦ ਸਿੰਘ ਭਵਨ ਵਿਚ ਜੇ.ਐੱਸ. ਗਰੇਵਾਲ ਦੇ 2008 ਵਿਚ ਕੀਤੇ ਇੱਕ ਭਾਸ਼ਣ ਤੇ ਮੈਕਲੋਡ ਬਾਰੇ ਟਿੱਪਣੀ ਕਰਦੇ ਹੋਏ ਕਿਹਾ ਸੀ ਕਿ ਉਸਦਾ ਸਿੱਖ ਪੰਥ ਦੀ ਖੋਜ ਬਾਰੇ ਇਸ ਤਰ੍ਹਾਂ ਦਾ ਰਵਈਆ ਹੈ ਕਿ ਜਿਵੇਂ ਕਿਸੇ ਕੱਚ ਦੇ ਬਰਤਨਾਂ ਦੇ ਬਾਹਰੀ ਕਵਰ ਤੇ Handle with Care ਲਿਖਿਆ ਹੁੰਦਾ ਹੈ ਤਾਂਕਿ ਉਸਨੂੰ ਧਿਆਨ ਨਾਲ ਚੁੱਕਿਆ ਜਾਵੇ, ਪਰ ਮੈਕਲੋਡ ਸਿੱਖ ਪੰਥ ਦੀਆਂ ਅਜਿਹੀਆਂ ਚੀਜ਼ਾਂ ਨੂੰ ਹਥੌੜੇ ਨਾਲ ਭੰਨ੍ਹ ਕੇ ਵੇਖਦਾ ਹੈ।

ਨੇ ਕਬੀਰ (ਜੀ) ਦੇ ਵਿਚਾਰਾਂ ਨੂੰ ਹੀ ਨਵੀਂ ਦਿਸ਼ਾ ਦਿੱਤੀ। ਉਸ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਸਮੇਂ ਸਿੱਖਾਂ ਦੀ ਕੋਈ ਵਿਲੱਖਣ ਪਛਾਣ ਨਹੀਂ ਸੀ। ਜਿਵੇਂ ਕਿ 'the sense of separateness is diminished by implied comparisons with Vaishnaves, by the suggestion that Guru Nanak might adopt various *'panthic'* identities, and by the occasional claim that he regarded himself as a Hindu. As refracted through the *Janamsakhis*, the Nanak-Panth was in the process of self-definition but had 'not yet achieved a clear awareness of separate identity.'[12] ਇਸੇ ਤਰ੍ਹਾਂ ਦੀ ਵਿਆਖਿਆ ਵਿਚ ਅਗਲਾ ਨਾਮ ਹਰਜੋਤ ਉਬਰਾਏ ਦਾ ਹੈ। ਜਿਸਨੇ ਆਪਣੀ ਲਿਖਤ *the Construction of Religious Boundaries : Culture, Identity and Diversity in the Sikh Tradition* ਰਾਹੀਂ ਸਿੱਖ ਪਛਾਣ ਦੇ ਮੁੱਦੇ ਨੂੰ ਹਵਾ ਦਿੱਤੀ ਹੈ ਅਤੇ ਉਪਰੋਕਤ ਵਿਆਖਿਆ ਦਾ ਹੀ ਅਨੁਸਰਣੀ ਹੈ। ਇਤਿਹਾਸਕਾਰ ਜੇ.ਐੱਸ. ਗਰੇਵਾਲ ਅਨੁਸਾਰ, 'ਉਬਰਾਏ ਲਈ ਗੁਰੂ ਨਾਨਕ ਦਾ ਜਨਮਸਾਖੀਆਂ ਵਿਚਲਾ ਪ੍ਰਤੀਬਿੰਬ ਨਿਸ਼ਚਿਤ ਨਹੀਂ ਹੈ। ਉਸ ਲਈ ਗੁਰੂ ਨਾਨਕ ਹਮੇਸ਼ਾ ਘੁੰਮਦੇ ਅਤੇ ਬਦਲਦੇ ਰਹਿਣ ਵਾਲੇ ਹਨ। ਜੋ ਕਦੇ ਸੰਨਿਆਸੀ ਅਤੇ ਕਦੇ ਗ੍ਰਹਿਸਤੀ ਹਨ। ਉਸਦੇ ਚੇਲਿਆਂ ਦੀਆਂ ਜਾਤਾਂ ਅਤੇ ਧਰਮ ਨਹੀਂ ਮਿਲਦੇ। ਇਸ ਤਰ੍ਹਾਂ ਪੂਰਬਲੇ ਗੁਰੂ-ਕਾਲ ਵਿਚ ਕੋਈ ਨਿਸ਼ਚਿਤ ਸਿੱਖ ਪਛਾਣ ਨਹੀਂ ਹੈ, ਉਸੇ ਤਰ੍ਹਾਂ ਜਿਵੇਂ ਕਿ ਜਨਮਸਾਖੀਆਂ ਵਿਚ ਗੁਰੂ ਨਾਨਕ ਦੀ।'[13] ਜੇਕਰ ਇਤਿਹਾਸਕ ਤੱਥਾਂ ਤੇ ਗਹੁ ਨਾਲ ਨਿਗ੍ਹਾ ਵਾਚੀ ਜਾਵੇ ਤਾਂ ਸਨਾਤਨੀ ਹਿੰਦੂਆਂ ਦੇ ਹਾਜ਼ਮੇ ਵਿਚ ਗੁਰੂ ਸ਼ਖਸ਼ੀਅਤ ਪਚ ਨਹੀਂ ਸਕੀ ਅਤੇ ਉਨ੍ਹਾਂ ਨੇ ਉਦੋਂ ਤੋਂ ਲੈ ਕੇ ਉਹੀ ਪੈਂਤੜੇ ਅਪਨਾਉਣੇ ਸ਼ੁਰੂ ਕਰ ਦਿੱਤੇ, ਜਿਨ੍ਹਾਂ ਨਾਲ ਉਹਨਾਂ ਨੇ ਭਾਰਤ ਵਿਚ ਰਹਿਣ ਵਾਲੇ ਜੈਨੀਆਂ ਅਤੇ ਬੋਧੀਆਂ ਦੀ ਸਿਮਰਤੀ ਵਿੱਚੋਂ ਹੀ ਕੱਢ ਦਿੱਤਾ ਕਿ ਉਹਨਾਂ ਦੀ ਵੀ ਕੋਈ ਵੱਖਰੀ ਹੋਂਦ ਹੈ। ਉਹ ਅੱਜ ਵੀ ਹਿੰਦੂ ਧਰਮ ਦਾ ਤੱਤ ਗਰਦਾਨੇ ਜਾਂਦੇ ਹਨ। ਜਿਸਦਾ ਪੁਖਤਾ ਸਬੂਤ ਹਾਲ ਹੀ ਵਿਚ ਬਨਾਰਸ ਯੂਨੀਵਰਸਿਟੀ ਦੇ ਪ੍ਰੋਫੈਸਰ ਐੱਸ.ਪੀ. ਦੂਬੇ ਵੱਲੋਂ ਧਾਰਮਿਕ ਸਹਿਣਸ਼ੀਲਤਾ ਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਚ ਨਵੰਬਰ 2008 ਵਿਚ ਦਿੱਤਾ ਗਿਆ ਭਾਸ਼ਣ ਹੈ। ਜਿਸ ਵਿਚ ਉਹ ਬੋਧੀਆਂ, ਜੈਨੀਆਂ ਅਤੇ ਸਿੱਖਾਂ ਨੂੰ ਵਿਸ਼ਾਲ ਹਿੰਦੂ ਧਰਮ ਦੇ ਬੇਹਤਰੀਨ ਅੰਗ ਦੱਸਦਾ ਹੈ। ਇਸ ਤਰ੍ਹਾਂ ਦੀ ਵਿਆਖਿਆ ਕੋਈ ਨਵੀਂ ਨਹੀਂ ਬਲਕਿ ਇਹ ਸਭ ਬਹੁਤ ਪਹਿਲਾਂ ਹੀ ਸ਼ੁਰੂ ਹੋ ਚੁੱਕਾ ਸੀ। 'ਸੁਰਿੰਦਰ ਨਾਥ ਬੈਨਰਜੀ ਨੇ 1877-78 ਵਿਚ ਆਪਣੇ ਭਾਸ਼ਣਾਂ ਅੰਦਰ ਗੁਰੂ ਗੋਬਿੰਦ ਸਿੰਘ ਦੀ ਸ਼ਿਵਾਜੀ ਮਰਹੱਟੇ ਨਾਲ ਤੁਲਨਾ ਕਰਦੇ ਹੋਏ, ਉਨ੍ਹਾਂ ਨੂੰ 'ਹਿੰਦੂ ਕੌਮ ਦੇ ਨਾਇਕ' ਵਜੋਂ ਵਡਿਆਉਣਾ ਸ਼ੁਰੂ ਕਰ ਦਿੱਤਾ ਸੀ। ਇਸੇ ਹੀ ਤਰ੍ਹਾਂ, ਸਵਾਮੀ ਵਿਵੇਕਾਨੰਦ ਨੇ ਵੀ ਗੁਰੂ ਗੋਬਿੰਦ ਸਿੰਘ ਨੂੰ 'ਹਿੰਦੂ ਜਾਤੀ' ਦੇ ਸਭ ਨਾਲੋਂ 'ਤੇਜੱਸਵੀ ਨਾਇਕਾਂ ਵਿੱਚੋਂ ਇੱਕ' ਕਹਿ ਕੇ, ਗੁਰੂ ਸਾਹਿਬ ਨੂੰ ਹਿੰਦੂ 'ਵੀਰ ਪੁਰਸ਼ਾਂ' ਦੀ ਕਤਾਰ ਵਿਚ ਸ਼ਾਮਲ ਕਰਨ ਦੀ ਕਵਾਇਤ ਸ਼ੁਰੂ ਕਰ ਦਿੱਤੀ ਸੀ।'[14] ਇਸ ਤਰ੍ਹਾਂ ਹੀ ਸਿੱਖ ਅਧਿਆਤਮਕਤਾ, ਦਰਸ਼ਨ, ਇਤਿਹਾਸ, ਰਵਾਇਤਾਂ, ਸਭਿਆਚਾਰ, ਸਰੂਪ ਅਤੇ ਪਛਾਣ ਆਦਿ ਦੀ ਪੇਸ਼ਕਾਰੀ ਨੂੰ ਨਿਸ਼ਚਿਤ ਜ਼ਾਵੀਏ ਵਿਚ ਬੰਨ੍ਹ ਕੇ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਜੋ ਕਿ ਮਹੀਨ ਅਤੇ ਬਾਰੀਕਬਾਨੀ ਤਰੀਕੇ ਨਾਲ ਪੂਰਬਵਾਦੀ ਅਨੁਸ਼ਾਸ਼ਨਾਂ ਅਨੁਸਾਰ ਹੁੰਦੀ ਵਿਆਖਿਆ ਦੀ ਠੀਕ ਸ਼ਬਦਾਂ ਵਿਚ ਅਨੁਸਰਣੀ ਹੈ। ਸਿੱਖ ਪੰਥ ਵਿਚ ਆਪਣੀਆਂ ਦੋ ਪੁਸਤਕਾਂ *ਵੀਹਵੀਂ ਸਦੀ ਦੀ ਸਿੱਖ*

---

12. McLeod, W.H., *Who is a Sikh? The Problem of Sikh Identity*, Oxford, 1989, pp. 14-18.
13. Grewal, J.S., *Historical Perspective on Sikh Identity*, Punjabi University, Patiala, 1997, p. 7.
14. ਅਜਮੇਰ ਸਿੰਘ, *ਸਿੱਖ ਰਾਜਨੀਤੀ ਦਾ ਦੁਖਾਂਤ : ਕਿਸ ਬਿਧ ਰੁਲੀ ਪਾਤਸ਼ਾਹੀ*, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2007, ਪੰਨਾ 69.

ਰਾਜਨੀਤੀ : ਇੱਕ ਗੁਲਾਮੀ ਤੋਂ ਦੂਜੀ ਗੁਲਾਮੀ ਤੱਕ ਅਤੇ *ਸਿੱਖ ਰਾਜਨੀਤੀ ਦਾ ਦੁਖਾਂਤ : ਕਿਸ ਬਿਧ ਰੁਲੀ ਪਾਤਸ਼ਾਹੀ* ਨਾਲ ਵੱਖਰੀ ਪੈੜ ਸਥਾਪਤ ਕਰ ਚੁੱਕੇ ਲੇਖਕ ਨੇ ਹਿੰਦੂ ਰਾਸ਼ਟਰਵਾਦ ਅਨੁਸਾਰੀ ਲੇਖਕਾਂ ਦੀਆਂ ਸਿੱਖ ਪੰਥ ਪ੍ਰਤੀ ਪਹੁੰਚਾਂ (approaches) ਨੂੰ ਬੜੀ ਬਾਰੀਕ ਅਤੇ ਤਿੱਖੀ ਨਜ਼ਰਸਾਨੀ ਨਾਲ ਪੇਸ਼ ਕੀਤਾ ਹੈ। 'ਵੀਹਵੀਂ ਸਦੀ ਅੰਦਰ, ਸਿੱਖ ਧਰਮ ਤੇ ਲਹਿਰ ਬਾਰੇ ਬੁੱਧੀਮਾਨ ਵਰਗ ਦੀ ਸਮਝ ਅਤੇ ਨਜ਼ਰੀਏ ਨੂੰ ਤਿੰਨ ਪ੍ਰਮੁੱਖ ਹਿੰਦੂ ਇਤਿਹਾਸਕਾਰਾਂ ਦੀਆਂ ਰਚਨਾਵਾਂ ਨੇ ਸਭ ਨਾਲੋਂ ਵਧੇਰੇ ਪ੍ਰਭਾਵਿਤ ਕੀਤਾ ਹੈ। ਇਨ੍ਹਾਂ ਵਿੱਚੋਂ ਇੰਦੂ ਭੂਸ਼ਣ ਬੈਨਰਜੀ ਦੀ ਰਚਨਾ *Evolution of the Khalsa* ਅਤੇ ਗੋਕਲ ਚੰਦ ਨਾਰੰਗ *(Transformation of Sikhism)* ਅਤੇ ਹਰੀ ਰਾਮ ਗੁਪਤਾ *(History of the Sikhs)* ਦੀਆਂ ਰਚਨਾਵਾਂ ਨੇ ਨਿਰਣੇਕਾਰੀ ਭੂਮਿਕਾ ਨਿਭਾਈ ਹੈ। ਵਿਸਥਾਰ ਦੇ ਵਖਰੇਵਿਆਂ ਦੇ ਬਾਵਜੂਦ, ਇਨ੍ਹਾਂ ਤਿੰਨਾਂ ਹੀ ਹਿੰਦੂ ਇਤਿਹਾਸਕਾਰਾਂ ਦਾ ਸਿਧਾਂਤਕ ਦ੍ਰਿਸ਼ਟੀਕੋਣ ਸਾਂਝਾ ਸੀ। ਉਹ ਮੁਸਲਮਾਨਾਂ ਨੂੰ ਵਿਦੇਸ਼ੀ ਤੱਤ ਗਰਦਾਨਣ ਅਤੇ ਸਿੱਖਾਂ ਨੂੰ ਹਿੰਦੂਆਂ ਦੀ 'ਖੜਕ ਭੁਜਾ' ਸਮਝਣ ਵਾਲੇ ਹਿੰਦੂ ਰਾਸ਼ਟਰਵਾਦੀ ਦ੍ਰਿਸ਼ਟੀਕੋਣ ਨਾਲ ਮੂਲ ਸਹਿਮਤੀ ਰੱਖਦੇ ਸਨ। ਇੰਦੂ ਭੂਸ਼ਣ ਦਾ ਗੁਰੂ ਨਾਨਕ ਸਾਹਿਬ ਨੂੰ ਜਨੇਊਧਾਰੀ ਕਹਿਣਾ, ਗੋਕਲ ਚੰਦ ਦਾ ਇਹ ਕਹਿਣਾ ਕਿ ਗੁਰੂ ਨਾਨਕ ਦੇਵ ਦਾ ਮੰਤਵ ਕੋਈ ਨਵਾਂ ਧਰਮ ਚਲਾਉਣਾ ਨਹੀਂ ਸੀ, (ਬਲਕਿ) ਹਿੰਦੂਆਂ ਦੇ ਸਮਾਜਿਕ ਅਤੇ ਧਾਰਮਿਕ ਜੀਵਨ ਵਿਚ ਖਮੀਰ ਪੈਦਾ ਕਰਨਾ ਸੀ ਅਤੇ ਹਰੀ ਰਾਮ ਗੁਪਤਾ ਦੇ ਸ਼ਬਦਾਂ ਵਿੱਚ, ਗੁਰੂ ਗੋਬਿੰਦ ਸਿੰਘ ਨੇ ਪੰਜਾਬ ਅੰਦਰ ਉਸ ਤਰ੍ਹਾਂ ਹੀ ਕੌਮੀ ਜਾਗਰਤੀ ਲਿਆਉਣ ਦਾ ਫੈਸਲਾ ਕੀਤਾ, ਜਿਸ ਤਰ੍ਹਾਂ ਕਿ ਸ਼ਿਵਾ ਜੀ ਨੇ ਮਹਾਰਾਸ਼ਟਰ ਵਿਚ ਕੀਤਾ ਸੀ',[15] ਆਦਿ ਵਾਕ ਇਕ ਖਾਸ ਅਤੇ ਪੂਰਵ ਨਿਸ਼ਚਿਤ ਖਿਆਲ ਦੀ ਤਰਜ਼ਮਾਨੀ ਕਰਦੇ ਹਨ। ਜਿਸ ਕਰਕੇ ਅਕਾਦਮਿਕ ਖੇਤਰ ਵਿਚ ਸਿੱਖ ਪਛਾਣ ਨੂੰ ਉਸਦੇ ਮੂਲ ਨਾਲੋਂ ਤੋੜ ਕੇ ਆਪਣੇ ਬਣਾਏ ਹੋਏ ਸਾਂਚਿਆਂ ਰਾਹੀਂ ਢਾਲਣ ਦੀ ਕੋਸ਼ਿਸ਼ ਕੀਤੀ ਗਈ ਹੈ। 'ਸਿੱਖ ਧਰਮ ਨੂੰ ਭਾਰਤੀ ਰਾਸ਼ਟਰਵਾਦ, ਪੰਜਾਬੀਅਤ ਜਾਂ ਵਿਸ਼ਵੀਕਰਨ ਦੇ ਸਾਂਚਿਆਂ ਵਿਚ ਫਿੱਟ ਕਰਕੇ ਪੇਸ਼ ਕਰਨਾ ਉਚਿੱਤ ਨਹੀਂ ਹੈ ਕਿਉਂਕਿ ਗੁਰੂ ਸਾਹਿਬਾਨ ਦਾ ਜੀਵਨ ਪ੍ਰਤੀ ਸਿੱਖੀ ਦਾ ਨਜ਼ਰੀਆ ਬ੍ਰਹਿਮੰਡੀ ਹੈ। ਸਿੱਖ ਪਛਾਣ ਦੀ ਭਾਰਤੀ ਰਾਸ਼ਟਰਵਾਦ ਜਾਂ ਵਿਸ਼ਵੀਕਰਨ ਦੇ ਪ੍ਰਸੰਗ ਵਿਚ ਕੀਤੀ ਜਾਂਦੀ ਵਿਆਖਿਆ ਮੁੱਖ ਤੌਰ 'ਤੇ ਰਾਜਨੀਤਿਕ ਹਿੱਤਾਂ ਤੋਂ ਪ੍ਰੇਰਕ ਹੈ। ਸਿੱਖੀ ਦੀ ਧਾਰਮਕ ਅਤੇ ਇਤਿਹਾਸਿਕ ਵਿਆਖਿਆ ਨੂੰ ਇਸਦੇ ਆਪਣੇ ਪਰਿਪੇਖ ਵਿਚ ਸਮਝਣ ਦੀ ਜ਼ਰੂਰਤ ਹੈ।'[16] ਸਿੱਖਾਂ ਲਈ ਉਹਨਾਂ ਦੇ ਜੀਵਨ ਦਾ ਮੂਲ ਸੋਮਾ *ਗੁਰੂ ਗ੍ਰੰਥ ਸਾਹਿਬ* ਹੀ ਹੈ। ਉਪਰੋਕਤ ਇਤਿਹਾਸਕਾਰਾਂ ਦੀ ਦਿੱਕਤ ਇਹ ਨਹੀਂ ਕਿ ਉਹ ਸਿੱਖ ਜੀਵਨ ਦੇ ਮੂਲ ਨੂੰ ਸਮਝ ਨਹੀਂ ਸਕੇ ਬਲਕਿ ਸ਼ਾਇਦ ਕਿਤੇ-ਕਿਤੇ ਉਹ ਇਸ ਸੋਮੇ ਦੀ ਸਮਝ ਸਿੱਖਾਂ ਨਾਲੋਂ ਜ਼ਿਆਦਾ ਰੱਖਦੇ ਹਨ ਅਤੇ ਉਹਨਾਂ ਦੀ ਤਬੀਅਤ ਇਸ ਸੋਮੇ ਰਾਹੀਂ ਬ੍ਰਹਿਮੰਡ ਤੇ ਵਾਪਰਨ ਵਾਲੀਆਂ ਤਬਦੀਲੀਆਂ ਨੂੰ ਬਰਦਾਸ਼ਤ ਕਰਨ ਤੋਂ ਮੁਨਕਰ ਹੈ। ਜਿਸ ਰਾਹੀਂ ਵਿਸ਼ਵ ਸਮਾਜ ਨੇ ਅਗਲੀਆਂ ਪੁਲਾਂਘਾਂ ਪੁੱਟਣੀਆਂ ਹਨ। ਇਤਿਹਾਸਕਾਰਾਂ ਨੇ ਸੀਮਤ ਇਤਿਹਾਸਕ ਤੱਥਾਂ ਦੇ ਆਧਾਰ ਤੇ ਗੁਰੂ ਸਾਹਿਬਾਨ ਦੇ ਜੀਵਨ ਅਤੇ *ਗੁਰੂ ਗ੍ਰੰਥ ਸਾਹਿਬ* ਦੀ ਰੂਹਾਨੀਅਤ ਅਤੇ ਸਿੱਖਾਂ ਦੀਆਂ ਪਛਾਣਾਂ ਦੇ ਕਿਆਸ ਲਗਾਏ ਹਨ ਬਲਕਿ ਇਸ ਨੁਕਤੇ ਨੂੰ *ਗੁਰੂ ਗ੍ਰੰਥ ਸਾਹਿਬ* ਦੇ ਆਧਾਰ ਤੇ ਸਿੱਖ ਇਤਿਹਾਸ, ਮਿਥਿਹਾਸ ਅਤੇ ਸਿਮਰਤੀ ਦੀ ਹਿੱਕ ਤੇ ਫੈਲੀਆਂ ਦਿਸ਼ਾਵਾਂ ਨੂੰ ਸਮਝਣਾ ਚਾਹੀਦਾ ਹੈ। ਤੱਥ ਬਦਲ ਜਾਂਦੇ ਹਨ ਅਤੇ ਬਦਲੇ ਜਾਂਦੇ ਹਨ ਪਰ ਸਿਮਰਤੀ ਵਿਚ ਪੈਦਾ ਹੋਏ ਬੋਹੜਾਂ ਦੀਆਂ ਕਰੂੰਬਲਾਂ ਫੁੱਟਦੀਆਂ ਰਹਿੰਦੀਆਂ ਹਨ।

---

15. *ਉਹੀ*, ਪੰਨੇ 121-125.
16. ਸਿੱਧੂ, ਗੁਰਮੀਤ ਸਿੰਘ, "ਸਿੱਖ ਪਛਾਣ, ਭਾਰਤੀ ਰਾਸ਼ਟਰਵਾਦ ਅਤੇ ਵਿਸ਼ਵੀਕਰਨ", *ਸਿੱਖ ਸ਼ਹਾਦਤ*, ਅਪ੍ਰੈਲ 2008, ਪੰਨਾ 33.

(ਹੁਣ) ਅਸੀਂ ਹਿੰਦੂ ਨਹੀਂ

ਸੁਰਜੀਤ ਹਾਂਸ *

ਹਮ ਹਿੰਦੂ ਨਹੀਂ ਦੇ ਐਲਾਨ-ਨਾਮੇ ਨੂੰ ਛਪਿਆਂ ਸੌ ਸਾਲ ਤੋਂ ਵੱਧ ਹੋ ਗਏ ਹਨ। ਸਿਆਸੀ ਤੌਰ ਤੇ ਸਿੱਖ ਹਿੰਦੂ ਨਹੀਂ ਰਹੇ ਪਰ ਵੇਖਣ ਵਾਲੀ ਗੱਲ ਹੈ ਕਿ ਅਸੀਂ ਕਿਵੇਂ ਹਿੰਦੂ ਨਹੀਂ।

ਲੇਖ ਦਾ ਮੰਤਵ ਇਹ ਕਹਿਣ ਦਾ ਹੈ ਕਿ ਅਸੀਂ ਮਨੋਵਿਗਿਆਨਕ ਤੌਰ 'ਤੇ ਬਹੁਤ ਹੱਦ ਤੱਕ ਹਿੰਦੂ ਹਾਂ। ਹਿੰਦੂ ਧਰਮ ਨਾਲ ਸੰਵਾਦ ਦੀ ਮੁਸ਼ਕਿਲ ਹੈ ਕਿ ਇਹ ਧਰਮ ਤੋਂ ਵਧੇਰੇ ਭਾਰਤੀ ਮਾਨਸਵਿਗਿਆਨ (Anthropology) ਹੋ ਗਿਆ ਹੈ। ਇਹਦੀਆਂ ਦੋ ਮਸਾਲਾਂ ਬਹੁਤ ਹਨ। ਅਸੀਂ ਸਰੀਰ ਦੀ ਸਫ਼ਾਈ ਤੋਂ ਵੱਧ 'ਜਨਮ ਜਨਮ ਦੀ ਮੈਲ' ਲਾਹੁਣ ਲਈ ਨ੍ਹਾਉਂਦੇ ਹਾਂ, ਭਾਵੇਂ ਸੁਚੇਤ ਮਨ ਵਿੱਚ ਇੱਧਰ ਖ਼ਿਆਲ ਨਹੀਂ ਜਾਂਦਾ।

ਦੂਸਰਾ ਉਦਾਹਰਨ ਮਾਪਿਆਂ ਨੂੰ ਮੁੰਡੇ ਦੀ ਲੋੜ ਹੈ। ਉਹ ਬੱਚਾ ਮੁੰਡਾ ਹੈ ਜਿਸਦਾ ਮੁੰਡਣ ਹੋ ਸਕੇ। ਮੁੰਡੀ ਕਣਕ ਤਾਂ ਹੁੰਦੀ ਹੈ ਪਰ ਮੁੰਡੀ ਲੜਕੀ ਨਹੀਂ ਹੁੰਦੀ ਕਿਉਂਕਿ ਨਾਰੀ ਦਾ ਸਿਰ ਮੁੰਨਿਆ ਜਾਣਾ ਉਹਦੀ ਸਿਰੇ ਦੀ ਬੇਇੱਜ਼ਤੀ ਹੈ। ਭਰੂਣ ਹੱਤਿਆ ਦੀਆਂ ਘਟਨਾਵਾਂ ਤੋਂ ਪਤਾ ਲੱਗਦਾ ਹੈ ਕਿ ਸਿੱਖਾਂ ਨੂੰ ਵੀ ਹਿੰਦੂਆਂ ਜਿੰਨੀ ਮੁੰਡੇ ਦੀ ਲੋੜ ਹੈ, ਜਿਸ ਦੀ ਭਾਲ ਵਿੱਚ ਕਈ ਕਿੰਨੀਆਂ ਸਾਰੀਆਂ ਕੁੜੀਆਂ ਕਰ ਲੈਂਦੇ ਹਨ।

ਕੇਵਲ ਲੜਕਾ ਹੀ ਸ਼੍ਰਾਧ ਕਰਾਉਣ ਦਾ ਅਧਿਕਾਰੀ ਹੈ। ਸ਼੍ਰਾਧ ਬਿਨਾਂ ਗਤੀ ਨਹੀਂ ਹੋ ਸਕਦੀ। ਮੇਰੇ ਬਚਪਨ ਵਿੱਚ ਸਿੱਖ ਵੀ ਸ਼੍ਰਾਧ ਕਰਾਉਂਦੇ ਸੀ। ਫੇਰ ਇਹ 'ਸਿੱਖ ਬਿਠਾਉਣ' ਲੱਗ ਪਏ। ਆਧੁਨਿਕ ਸਿੱਖ ਭਾਵੇਂ 'ਸਿੱਖ ਨਾ ਵੀ ਬਿਠਾਉਣ' ਪਰ ਸ਼੍ਰਾਧਾਂ ਵਾਲੀ ਮਾਨਸਵਿਗਿਆਨਕ ਬਿਰਤੀ ਖ਼ਤਮ ਨਹੀਂ ਹੋਈ। ਮੁਹਾਵਰੇ ਦੀ ਬੋਲੀ ਵਿੱਚ ਰੱਬ ਨੂੰ ਵੀ ਮੁੰਡੇ ਦੀ ਲੋੜ ਹੈ 'ਸਫਲ ਜਨਮੁ ਹਰਿ ਜਨ ਕਾ ਉਪਜਿਆ ਜਿਨਿ ਕੀਨੋ ਸਉਤ ਬਿਧਾਤਾ' ਮ: 5, ਦੇਵਗੰਧਾਰੀ (532).

ਸਿੱਖਾਂ ਨੂੰ ਮਨੋਵਿਗਿਆਨਕ ਤੌਰ 'ਤੇ ਸਿੱਖ ਹੋਣ ਲਈ ਭਾਰਤੀ ਮਾਨਸਵਿਗਿਆਨ ਤੋਂ ਪਰੇਰੇ ਹੋਣ ਦੀ ਲੋੜ ਹੈ। ਕੋਈ ਮਾਨਸ ਵਿਗਿਆਨ ਚੰਗਾ ਜਾਂ ਮਾੜਾ ਨਹੀਂ ਹੁੰਦਾ, ਕਿਉਂਕਿ ਚੰਗਿਆਈ ਮੜੱਪਨ ਤਾਂ ਮਾਨਸਵਿਗਿਆਨ (Anthropology) ਦੇ ਅੰਸ਼ ਹਨ ਅਤੇ ਬਾਹਰੀ ਆਲੋਚਨਾ ਦੇ ਪ੍ਰਤੀਮਾਨ ਨਹੀਂ। ਮਾਨਸਵਿਗਿਆਨ ਚਲਦੇ ਯੁੱਗ ਅਨੁਸਾਰ ਜਾਂ ਇਹਤੋਂ ਬੇ-ਨਿਆਜ਼ ਹੁੰਦਾ ਹੈ। ਮਾਨਸਵਿਗਿਆਨ ਦਾ ਨਿਰਨਾ ਅਨੁਬੱਧਤਾ (ਸਾਰਥਕਤਾ) (relevance) ਦੇ ਆਧਾਰ 'ਤੇ ਹੁੰਦਾ ਹੈ।

ਵਧੇਰੇ ਸਿੱਖ ਹੋਣ ਲਈ ਕਈ ਰੁਚੀਆਂ, ਵੱਖਰੇ ਪ੍ਰਤਿਮਨ (attitude), ਸੰਕਲਪਾਂ ਦੀ ਲੋੜ ਹੈ। ਮੈਂ ਕੇਵਲ ਕਰਮਾਂ ਵਿੱਚ ਵਿਸ਼ਵਾਸ ਅਤੇ ਅੰਤਰ-ਮੁਖਤਾ ਬਾਰੇ ਕੁਝ ਕਹਿਣਾ ਹੈ। ਆਮ ਤੌਰ 'ਤੇ ਸਮਝਿਆ ਜਾਂਦਾ ਹੈ ਕਿ ਲੈਣੇ ਦਾ ਦੇਣਾ, ਕੀਤੀ ਭੁਗਤਣੀ ਨਯਾਯ (logic) ਦੀ ਮੰਗ ਹੈ।

ਕਰਮਾਂ ਬਾਰੇ ਸਾਧਾਰਨ ਵਿਅਕਤੀ ਨੂੰ ਸਾਵਧਾਨੀ ਦੀ ਲੋੜ ਹੈ। ਕਰਮ (1) ਬੋਧੀ 'ਕਰਨੀ ਭਰਨੀ' ਤੋਂ ਬਿਨਾਂ ਹਿੰਦੂ ਧਰਮ ਅਨੁਸਾਰ ਸੰਸਕਾਰ ਵੀ ਕਰਮ (2) ਹੈ। ਯੱਗ (ritual) ਵਾਲਾ ਕਰਮ (2) ਸੰਸਕਾਰ (ਕਰਮ) ਹੈ। ਮ.ਕ. 235 ਅਨੁਸਾਰ ਇਹਦਾ ਮਤਲਬ 'ਸ਼ੁੱਧ ਕਰਨਾ' ਹੈ।

---

* 144, ਫੇਜ-XI, ਸੈਕਟਰ-65, ਐਸ.ਏ.ਐਸ. ਨਗਰ ਮੋਹਾਲੀ।

ਸਿੱਖ ਧਰਮ ਨੰਬਰ 2 ਕਰਮਾਂ ਦਾ ਵਿਰੋਧੀ ਹੈ। ਰਾਮਕਲੀ, ਅਸ਼ਟਪਦੀ 1, ਵਿੱਚ ਬਾਬਾ ਨਾਨਕ ਨਾਮ ਨੂੰ ਸੰਸਕਾਰ ਤੋਂ ਉੱਚਾ ਕਹਿੰਦਾ ਹੈ।

ਨਾਨਕ ਨਾਮੁ ਮਿਲੈ ਵਡਿਆਈ
ਏਦੂ ਉਪਰਿ ਕਰਮੁ ਨਹੀਂ ॥ (*ਅ.ਗ.* 903)

ਇਸੇ ਅਸ਼ਟਪਦੀ ਵਿੱਚ ਬਾਬੇ ਨੇ ਸੰਸਕਾਰੀ ਕਰਮਾਂ ਦਾ ਉਲੇਖ ਕੀਤਾ ਹੈ :

ਪਤਿ ਵਿਣੁ ਪੂਜਾ, ਸਤ ਵਿਣੁ ਸੰਜਮੁ
ਜਤੁ ਵਿਣੁ ਕਾਹੇ ਜਨੇਉ
ਨਾਵਹੁ ਧੋਵਹੁ, ਤਿਲਕੁ ਚੜਾਵਹੁ
ਸੁਚ ਵਿਣੁ ਸੋਚ ਨ ਹੋਈ ॥ (903)

ਮਹਾਨਕੋਸ਼ ਸੰਸਕਾਰ ਦੀ ਅੱਗੇ ਵਿਆਖਿਆ ਕਰਦਾ ਹੈ - ਧਰਮਰੀਤਿ ਨਾਲ ਕੀਤਾ ਹੋਇਆ ਉਹ ਕਰਮ ਜਿਸਦਾ ਅਸਰ ਚਿੱਤ ਤੇ ਬਣਿਆ ਰਹੇ ਜੈਸੇ ਜਨਮ, ਅੰਮ੍ਰਿਤ, ਵਿਆਹ ਆਦਿ ਸੰਸਕਾਰ — ਵੈਦਿਕ ਕਾਢ ਹੈ, ਜਿਸ ਵਿੱਚ ਬੋਧੀ ਕਰਮ (1) ਦਾ ਮਗਰੋਂ ਜਾ ਕੇ ਵਾਧਾ ਹੋਇਆ।

ਤੀਜੇ ਪਾਤਿਸ਼ਾਹ ਗੁਰੂ ਅਮਰਦਾਸ ਗਉੜੀ 14 ਵਿੱਚ ਫ਼ਰਮਾਉਂਦੇ ਹਨ :

ਕਰਮਕਾਂਡ ਬਹੁ ਕਰਹਿ ਅਚਾਰ
ਬਿਨੁ ਨਾਵੈ ਧ੍ਰਿਗੁ ਧ੍ਰਿਗੁ ਅੰਕਾਰ ॥ (162)

ਸ਼ਬਦਾਰਥ ਅਨੁਸਾਰ ਕਰਮਕਾਂਡ ...ਉਹ ਕਰਮ ਜੋ ਮਰਨੇ ਪਰਨੇ ਅਤੇ ਹੋਰ ਮੌਕਿਆਂ ਤੇ ਕਰਨ ਯੋਗ... ਹਨ

ਜਨ ਸਾਧਾਰਨ ਭਾਵੇਂ ਸਮਝੇ ਜਾਂ ਨਾ ਸਮਝੇ ਉਹਦਾ ਜੀਵਨ ਸੰਸਕਾਰਾਂ (ਕਰਮ 2) ਵਿੱਚ ਹੀ ਰੁੱਝਿਆ ਰਹਿੰਦਾ ਹੈ। ਬੋਧੀ ਕਰਮ (1) ਦੀ ਦੁਬਿਧਾ ਜਾਂ ਅੰਤਹਕਰਨ ਦੀ ਚੋਭ ਹੋਵੇ ਨਾ ਹੋਵੇ, ਅਣਡਿੱਠ ਅਤੇ ਵਿਅਕਤਿਕ ਹੋਣ ਕਰਕੇ ਵਸਾਰੀ ਜਾ ਸਕਦੀ ਹੈ ਪਰ ਸੰਸਕਾਰ (ਕਰਮ 2) ਸਮਾਜਕ ਹੋਣ ਕਰਕੇ ਅਵੱਸ਼ਕ ਅਤੇ ਸ-ਜਨ (public) ਹਨ।

ਪੰਜਵੇਂ ਪਾਤਿਸ਼ਾਹ ਗੁਰੂ ਅਰਜਨ ਸਾਹਿਬ ਤਾਂ ਸੂਹੀ 53 ਵਿੱਚ ਬੋਧੀ ਕਰਮ (1) ਬਾਰੇ ਵੀ ਸੰਦਿਹਮਾਨ ਹਨ :

ਜਬ ਕਛੁ ਨ ਸੀਓ ਤਬ ਕਿਆ ਕਰਤਾ
ਕਵਨ ਕਰਮ ਕਰਿ ਆਇਆ ॥ (748)

ਸ਼ਬਦਾਰਥ ਅਨੁਸਾਰ 'ਜਦੋਂ ਸੰਸਾਰ ਬਣਿਆ ਨਹੀਂ ਸੀ, ਉਸ ਵੇਲੇ ਜੀਵ ਕੀ ਕਰਦਾ ਸੀ ਅਤੇ ਹੁਣ ਕਿਹੜੇ ਕਰਮਾਂ ਕਰਕੇ ਇਸ ਰੂਪ ਵਿੱਚ ਆਇਆ ਹੈ' ਅਤੇ ਗੁਰੂ ਸਾਹਿਬ ਇਹਦਾ ਜਵਾਬ ਦਿੰਦੇ ਹਨ ਕਿ :

ਆਪਨਾ ਖੇਲੁ ਆਪਿ ਕਰਿ ਦੇਖੈ
ਠਾਕੁਰਿ ਰਚਨ ਰਚਾਇਆ ॥ (748)

ਸ਼ਾਇਦ ਕਿਸੇ ਵਿਦਵਾਨ ਨੇ ਕਰਮ (1) ਅਤੇ (2) ਦੀ ਭਿੰਨਤਾ ਬਾਰੇ ਕੁਝ ਕਿਹਾ ਹੋਵੇ ਪਰ ਅਜਿਹਾ ਕੋਈ ਵਰਨਣ ਮੇਰੇ ਨਜ਼ਰੀਂ ਨਹੀਂ ਚੜ੍ਹਿਆ। ਇਹਨਾਂ ਦਾ ਆਪਸੀ ਸੰਬੰਧ ਕਿਹੋ ਜਿਹਾ ਹੈ ? ਇਹਨਾਂ ਵਿੱਚ ਪ੍ਰਥਮਤਾ (primacy) ਕਿਸ ਦੀ ਹੈ ? ਕੀ ਇਹਨਾਂ ਦਾ ਜੋੜ ਹੋ ਸਕਦਾ ਹੈ ?

ਮਹਾਨਕੋਸ਼ ਅਨੁਸਾਰ ਸੰਸਕਾਰ ਉਹ ਕਰਮ ਹੈ, ਜਿਸਦਾ ਅਸਰ ਚਿੱਤ ਤੇ ਬਣਿਆ ਰਹੇ। 'ਦਾਹ ਸੰਸਕਾਰ' ਦਾ ਮਿਰਤਕ ਦੀ ਆਤਮਾ ਤੇ ਕੀ ਅਸਰ ਹੁੰਦਾ ਹੈ ? ਇਹਦਾ ਜਵਾਬ ਬ੍ਰਹਮਵਿਦਿਅਕ (theological) - ਪਰਿਕਾਲਪਨਿਕ (speculative) ਹੋ ਸਕਦਾ ਹੈ ਜਿਹੜਾ ਪਾਰਥਿਵ ਵਿਅਕਤੀ ਦੇ ਸਮਝ ਆਉਣ ਦਾ ਨਹੀਂ।

ਕਰਮ (2) ਦਾ ਅਸਰ ਕਈ ਵਾਰ ਸੁਚੇਤ ਵਰਨਣ ਕਰਵਾ ਦਿੰਦਾ ਹੈ। ਮੇਰਾ ਬਾਬਾ ਕਹਿੰਦਾ ਸੀ ਕਿ ਉਹਨੂੰ ਮੁਕਤੀ ਮਿਲ ਜਾਣੀ ਹੈ, ਕਿਉਂਕਿ ਓਹਨੇ ਬਹੁਤ ਸਾਰੇ ਤੀਰਥ ਵੇਖੇ ਹੋਏ ਹਨ।

ਮੂਲ ਮੰਤ੍ਰ ਦਾ ਕਰਤਾ ਪੁਰਖੁ ਆਪਣੇ ਵਿੱਚ ਇਸਲਾਮੀ 'ਹੁਕਮ' ਅਤੇ 'ਨਦਰ' ਸਮੋ ਲੈਂਦਾ ਹੈ, ਜਿਹੜੇ ਕਰਮ-ਲੜੀ ਨੂੰ ਕੱਟ ਦਿੰਦੇ ਹਨ। ਸਿੱਖ ਚਰਿਤ੍ਰ ਦਾ ਪ੍ਰਮਾਣ-ਯੰਤ੍ਰ (paradigm) ਗੁਰੂ ਨਾਨਕ-ਲਹਿਣੇ ਦਾ ਹੈ।

ਆਪੇ ਗੁਰੁ ਚੇਲਾ ਹੈ ਆਪੇ
ਆਪੇ ਹਰਿ ਪ੍ਰਭੁ ਚੋਜ ਵਡਾਨੀ ॥ (ਮ. 4, ਧਨਾਸਰੀ 11, ਪੰਨਾ 669)

ਬਾਬੇ ਨਾਨਕ ਦਾ ਗੁਰੂ ਪ੍ਰਭੂ ਸੀ। *ਮਿਹਰਬਾਨ ਜਨਮਸਾਖੀ* ਵਿੱਚ ਇਸ ਗੱਲ ਦਾ ਵਿਸ਼ਥਾਰ ਸਹਿਤ ਵਰਨਣ ਹੈ। ਫੇਰ ਲਹਿਣੇ ਦਾ ਗੁਰੂ ਬਾਬਾ ਸੀ ਜਿਸਨੇ ਮੁੜਕੇ ਗੁਰੂ ਅੰਗਦ ਨੂੰ ਆਪਣਾ ਗੁਰੂ ਬਣਾ ਲਿਆ। ਇਹ ਸਿੱਖ ਬ੍ਰਹਮਵਿਦਿਆ (theology) ਹੈ ਜਿਹੜੀ ਸਿੱਖ ਚਰਿਤ੍ਰ ਦਾ ਆਧਾਰ ਅਤੇ ਜਨ ਦੀ ਸੰਭਾਵਨਾ ਦੀ ਹੱਦਬੰਦੀ ਹੈ। ਇਸ ਦੀ ਵਿਆਖਿਆ ਕਰਮ (1) ਸਿਧਾਂਤ ਅਨੁਸਾਰ ਨਹੀਂ ਹੋ ਸਕਦੀ। ਇਸੇ ਗੱਲ ਦੀ ਗਲਪ *ਬੀ-40 ਜਨਮਸਾਖੀ* ਵਿੱਚ 'ਸਾਧ ਮਿਲੇ ਦਾ ਫਲ' ਦੀ ਸਾਖੀ ਹੈ।

ਗੁਰੂ ਰਾਮਦਾਸ ਇਸੇ ਨਿਯਮ ਦੀ ਪੁਸ਼ਟੀ ਕਰਦੇ ਹਨ।

ਆਪੇ ਸਤਿਗੁਰੂ ਆਪਿ ਹੈ ਚੇਲਾ
ਉਪਦੇਸ਼ ਕਰੈ ਪ੍ਰਭੁ ਆਪੇ॥ (ਮ. 4, ਸੋਰਠਿ 3, ਪੰਨਾ 605)

ਫੇਰ ਗੁਰੂ ਅੰਗਦ ਸਾਹਿਬ ਦਾ ਚੇਲਾ 'ਕਲਿ ਮਾਹਿ ਰੂਪ ਕਰਤਾ ਪੁਰਖੁ' ਹੋ ਜਾਂਦਾ ਹੈ।
(ਸਵਈਏ ਮਹਲੇ ਤੀਜੇ ਕੇ 19, ਪੰਨਾ 1365)

ਇੱਡਾ ਵੱਡਾ ਸਵੈ-ਉਦਭਵ (selfrise) ਕਰਮ ਸਿੱਧਾਂਤ ਰਾਹੀਂ ਦਰਸਾਉਣਾ ਮੁਸ਼ਕਿਲ ਹੈ। ਇਹ ਵਾਹਿਗੁਰੂ ਦਾ 'ਹੁਕਮ' ਹੈ।

ਐਸੀ ਸੋਭਾ ਜਨੈ ਕੀ
ਜੇਵਡ ਹਰਿ ਪਰਤਾਪੈ ॥ (ਮ. 5, ਮਾਰੂ ਵਾਰ 8, ਪੰਨਾ 1097)

ਹੁਕਮ ਦਾ ਮਹੱਤਵ ਸਿੱਖ ਬ੍ਰਹਮਵਿਦਿਆ ਅਤੇ ਇਤਿਹਾਸ ਵਿੱਚ ਅਲੌਕਿਕ ਹੈ। ਗੁਰੂ-ਗੱਦੀ 'ਤੇ ਬ੍ਰਾਜਮਾਨ ਗੁਰੂ ਸਾਹਿਬਾਨ ਗੁਰੂ-ਪੁਤ੍ਰਾਂ ਦਾ ਸਤਿਕਾਰ ਕਰੀ ਜਾਂਦੇ ਹਨ ਅਤੇ ਉਹਨਾਂ ਦੀ ਦੁਸ਼ਮਣੀ ਦੀ ਹੁਕਮ ਦੇ ਪਦ-ਅਰਥ (category) ਦੇ ਅਧੀਨ ਵਿਆਖਿਆ ਕਰਦੇ ਹਨ, ਜਿਵੇਂ ਗੁਰੂ ਅਮਰ ਦਾਸ ਦਾਤੂ ਨੂੰ ਦਾਸੂ ਦਾ ਇੰਝੇ ਵਰਣਨ ਕਰਦੇ ਹਨ, ਕਿਉਂਕਿ ਸਾਧਾਰਨ ਜਨ ਦੇ ਨੁਕਤਾ ਨਿਗਾਹ ਤੋਂ ਉਪਰੋਕਤ ਵੈਰ ਵਿਰੋਧ ਅਪ੍ਰਿਯ ਘਟਨਾ ਤੋਂ ਵੱਧ ਅਣਹੋਣੀ ਸਮਾਨ ਹੈ।

ਇਸੇ ਤਰ੍ਹਾਂ ਜਨ ਦੀ ਅਸੀਮ ਵਡਿਆਈ ਕਰਮਾਂ ਨਾਲੋਂ ਬਹੁਤੀ ਵਾਹਿਗੁਰੂ ਦੀ ਨਦਰ ਕਾਰਨ ਹੁੰਦੀ ਹੈ। ਅਜਿਹਾ ਭਾਣਾ ਉਹਦਾ ਹੁਕਮ ਹੈ।

ਕਿਆ ਹੰਸੁ ਕਿਆ ਬਗੁਲਾ
ਜਾ ਕਉ ਨਦਰਿ ਕਰੇਇ ॥

(ਮਹਲਾ 4, ਵਾਰ ਸਿਰੀ, ਮ. 1, 2/20, ਪੰਨਾ 91)

ਆਧੁਨਿਕ ਯੁਗ ਲਈ ਸਭ ਤੋਂ ਮਹੱਤਵਪੂਰਨ ਗੱਲ ਇਹ ਕਿ ਮਾਯਾ ਅਧੀਨ ਮਾਨਵੀ ਪ੍ਰਤੱਖਣ ਵੀ ਦੁਖਦਾਈ ਹੋ ਜਾਂਦਾ ਹੈ। ਇਹ ਪ੍ਰਭਾਵ-ਵਾਦ ਦੀ ਆਲੋਚਨਾ ਹੈ। ਜੇ ਪ੍ਰਤੱਖਣ ਵਿੱਚ ਕੋਈ ਵਿਆਪਕ ਕਸਰ ਹੈ ਤਾਂ ਚੇਤਨਾ ਬਾਰੇ ਵੀ ਬਹੁਤ ਗੱਲਾਂ ਆਲੋਚਨੀਯ ਲੱਭ ਪੈਣਗੀਆਂ। ਇਹਦੀ ਵਿਆਖਿਆ 'ਕਰਮ' ਸਿੱਧਾਂਤ ਨਹੀਂ ਕਰ ਸਕਦਾ, ਕਿਉਂਕਿ ਕਰਮ ਤਾਂ ਆਪਾ 'ਮਾਯਾ ਅਧੀਨ' ਸਕਾਰਮਿਕ (active) ਹੈ ਪਰ ਦੁੱਖ ਦਾ ਕਾਰਨ ਮਾਯਾ ਦੀ ਸੀਮਾ ਤੋਂ ਪਾਰ ਲੰਘਣ ਦੀ ਅਸੰਭਵਤਾ ਕਰਕੇ ਹੈ।

ਅੰਤਰਿ ਸਹਸਾ ਬਾਹਰਿ ਮਾਇਆ
ਨੈਣੀ ਲਾਗਸਿ ਬਾਣੀ ॥ (ਮ. 1, ਰਾਮਕਲੀ 2, ਪੰਨਾ 877)

ਮ. ਕ. 852 ਅਨੁਸਾਰ 'ਬਾਣੀ' 'ਕਸ਼ੋਭ ਚਟਪਟੀ' ਹੈ। ਮਾਯਾ ਦਾ ਚਟਪਟੀ ਲੱਗਣਾ ਸੁਭਾਵਿਕ ਗੱਲ ਹੈ ਜਿਸਦਾ ਸਹਸੇ ਨਾਲ ਕੋਈ ਤੁਅੱਲਕ ਨਹੀਂ। ਸਹਸੇ ਕਾਰਨ ਪ੍ਰਤੱਖਣ ਧੱਕਾ/ਸਦਮਾ ਬਣ ਜਾਂਦਾ ਹੈ। ਮੋਨੀਅਰ-ਵਿਲੀਅਮ *(Sanskrit-English Dictionary,* ਪੰਨਾ 337) ਅਨੁਸਾਰ ਕਸ਼ੋਭ shake, push ਹੈ। ਸਹਸੇ ਕਾਰਨ ਇੰਦ੍ਰੀ-ਨਿਰਭਰ ਅਨੁਭਵ ਦੁਖਦਾਈ ਹੋ ਗਿਆ ਹੈ (ਇਥੇ ਮੇਰੀ ਬੇਨਤੀ ਹੈ ਕਿ ਮ.ਕ. ਵਿੱਚ ਕਸ਼ੋਭ, ਖੋਭ, ਛੋਭ ਦੇ ਚਕ੍ਰ-ਵਤ ਹਵਾਲੇ ਹਨ ਪਰ ਅਰਥ ਕਿਸੇ ਥਾਂਉ ਨਹੀਂ। ਇਸ ਕਰਕੇ ਮੋਨੀਅਰ-ਵਿਲੀਅਮ ਦਾ ਸਹਾਰਾ ਲੈਣਾ ਪਿਆ)।

ਜਿਵੇਂ ਧੋਣ ਨਾਲ ਮਿੱਟੀ ਦੀ ਮੈਲ ਨਹੀਂ ਜਾ ਸਕਦੀ ਇੰਝ ਹੀ ਮਨੁੱਖੀ ਸਥਿਤੀ ਅਜਿਹੀ ਹੈ ਕਿ ਜੋ ਮਰਜ਼ੀ ਕਰ ਲਉ ਇਹਦੇ ਵਿੱਚ ਪਿਆ ਖ਼ਲਾਰਾ ਨਿੱਕਲ ਨਹੀਂ ਸਕਦਾ।

ਮਾਟੀ ਦਾ ਕਿਆ ਧੋਪੈ ਸੁਆਮੀ
ਮਾਣਸ ਕੀ ਗਤਿ ਏਹੀ ॥ (ਮ. 5, ਰਾਮਕਲੀ 1, ਪੰਨਾ 882)

ਬੰਦੇ ਦੇ ਪਾਰਉਤਾਰੇ ਲਈ ਨਦਰ ਦੀ ਲੋੜ ਨਯਾਯ-ਸ਼ੀਲ ਹੈ ਜਿਸ ਦਾ ਬਦਲਾਉ (alternative) ਨਾ ਕਰਮ, ਨਾ ਕਰਮਕਾਂਡ ਹੋ ਸਕਦਾ ਹੈ।

ਇਸੇ ਦ੍ਰਿਸ਼ਟੀ ਤੋਂ ਗੁਰੂ ਅਰਜਨ ਸਾਹਿਬ ਕਹਿੰਦੇ ਹਨ ਕਿ ਨੇਕੀ ਅਤੇ ਬਦੀ ਵੀ ਬੰਦੇ ਦੇ ਨਿਜ ਦੇ ਇਖ਼ਤਿਆਰ ਨਹੀਂ।

ਪਾਪ ਪੁੰਨ ਹਮਰੈ ਵਸਿ ਨਾਹਿ॥ (ਮ. 5, ਰਾਮਕਲੀ 51, ਪੰਨਾ 899)

ਭਾਵੇਂ ਜਨ ਸਾਧਾਰਨ ਬੋਧੀ ਅਤੇ ਵੈਦਿਕ ਕਰਮਾਂ ਵਿੱਚ ਭਿੰਨਤਾ ਨਹੀਂ ਵੇਖਦਾ ਪਰ ਉਹਦਾ ਕਰਮਾਂ ਵਿੱਚ ਪੱਕਾ ਵਿਸ਼ਵਾਸ ਬਣਿਆ ਹੋਇਆ ਹੈ। ਸਾਡੇ ਬੰਦੇ ਕਿਸੇ ਦੀ ਖੁਸ਼ਹਾਲੀ ਨੂੰ ਭਾਵੇਂ ਕਰਮਾਂ ਦਾ ਫਲ ਨਾ ਕਹਿਣ, ਪਰ ਮੰਦਹਾਲੀ, ਦੁਰਘਟਨਾ, ਰੋਗ, ਭੀੜੀ, ਸੰਕਟ ਨੂੰ ਜ਼ਰੂਰ ਕਰਮਾਂ ਦਾ ਫ਼ਲ ਮੰਨਦੇ ਹਨ। ਸਾਡੇ ਦੇਸ਼ ਵਿੱਚ ਪੁਰਸ਼ਾਰਥ (philanthropy) ਦੀ ਇਤਿਹਾਸਕ ਘਾਟ ਰਹੀ ਹੈ ਕਿਉਂਕਿ ਅਸੀਂ ਦੁਖਿਆਰਿਆਂ ਤੋਂ ਆਪਣੀਆਂ ਕਰਨੀਆਂ ਭੋਗਣ ਦਾ ਅਵਸਰ ਖੋਹਣਾ ਨਹੀਂ ਚਾਹੁੰਦੇ ਸੀ। ਈਸਾਈ ਪੁਰਸ਼ਾਰਥ ਏਸ ਬ੍ਰਹਮਵਿਦਿਆ 'ਤੇ ਖੜ੍ਹਾ ਹੈ ਕਿ ਰੱਬ ਆਪ ਗੁਨਾਹਗਾਰ ਨੂੰ ਲਭਦਾ ਫਿਰਦਾ ਹੈ ਜਿਸਦਾ ਅਨੁਰੂਪ ਹੈ ਕਿ ਮਹਿਮੀ, ਧਨਾਢ ਬੰਦੇ ਹੀਣਿਆਂ ਦੀ ਸੇਵਾ ਲਈ ਉੱਤਰ ਆਉਂਦੇ ਹਨ।

ਜੇ ਕਰਮ ਸਿੱਧਾਂਤ ਦਾ ਸਿੱਧਾ ਅਸਰ ਸਾਡੇ ਪੁਰਸ਼ਾਰਥੀ ਉੱਦਮ 'ਤੇ ਸੀ ਤਾਂ ਇਹਦਾ ਪਰੋਖ ਪਰਿਣਾਮ ਹੋਰ ਵੀ ਮਹੱਤਵਪੂਰਨ ਹੈ। ਮਨੋਵਿਗਿਆਨ ਦਾ 'ਭਾਵ ਦੀ ਦੁਵੱਲਤਾ' (ambivalence of response) ਦਾ ਪ੍ਰਪੱਕ ਅਸੂਲ ਹੈ। ਸਨੇਹ ਤੋਂ ਦਵੈਸ਼ ਦਾ ਪਲਟਾ ਨਾਟਕੀ ਹੋਣ ਕਰਕੇ ਸਾਡੇ ਨਜ਼ਰੀ ਚੜ੍ਹ ਜਾਂਦਾ ਹੈ। ਪਰ ਸਨੇਹ ਵਿੱਚ ਦਵੈਸ਼ ਨੂੰ ਬਹੁਤ ਥੋੜ੍ਹੇ ਵਿਅਕਤੀ ਗ੍ਰਹਿਣ ਕਰਦੇ ਹਨ। ਇਹੀ ਗੱਲ ਦਵੈਸ਼ ਸਨੇਹ ਦੇ ਪਰਿਵਰਤਨ ਦੀ ਹੈ। ਭਾਵੇਂ ਮੁਲਕ ਕਰਮ ਸਿਧਾਂਤ ਦਾ ਅਨੁਯਾਈ ਹੈ ਪਰ ਤਕਰੀਬਨ ਸਾਰੀ ਦੀ ਸਾਰੀ ਵਸੋਂ ਮਹਿਸੂਸ ਕਰਦੀ ਹੈ ਕਿ ਉਹਦੀ (ਮਨਚਿੰਦ) ਹਾਲਤ ਵਾਸਤਵਿਕ ਸਥਿਤੀ ਨਾਲੋਂ ਬਿਹਤਰ ਹੋਣੀ ਚਾਹੀਦੀ ਸੀ। ਗਿਣਤੀ ਦੇ ਬੰਦੇ ਹੀ ਸਵੈਕਰੁਣਾ ਜਾਂ (self-pity) ਤੋਂ ਮੁਕਤ ਹੋਣਗੇ। ਸਵੈਕਰੁਣਾ ਤਾਂ ਰਾਸ਼ਟਰੀ ਖਾਸਾ ਹੋ ਗਿਆ ਹੈ। ਨਹੀਂ ਤਾਂ ਆਸਾ ਸਿੰਘ ਮਸਤਾਨਾ ਦਾ ਗੀਤ।

ਜਦੋਂ ਮੇਰੀ ਅਰਥੀ ਉਠਾ ਕੇ ਚੱਲਣਗੇ
ਮੇਰੇ ਯਾਰ ਸਭ ਹੁੰਮ ਹੁਮਾ ਕੇ ਚੱਲਣਗੇ।

ਇੰਨਾ ਅਵਾਮੀ ਨਹੀਂ ਹੋ ਸਕਦਾ ਸੀ ਜਿਸ ਵਿੱਚ ਸਵੈ-ਕਰੁਣਾ ਮਰਨ ਉਪਰੰਤ ਵੀ ਮੁਕਦੀ ਨਹੀਂ। ਸਾਡੇ ਫ਼ਿਲਮੀ ਜਗਤ ਦੀ ਮਾਯਿਕ ਸਫਲਤਾ ਸਵੈਕਰੁਣਾ ਨੂੰ ਬਣਾ ਸੰਵਾਰ ਕੇ ਵੇਚਣ ਦੀ ਹੈ। ਸਿੱਖਾਂ ਵਿੱਚ

ਸਵੈਕਰੁਣਾ ਦਾ ਅਜਿਹਾ ਮਾਨਸਿਕ ਪ੍ਰਦਰਸ਼ਨ Operation Blue Star ਤੋਂ ਮਗਰੋਂ ਹੋਇਆ ਉਹਦੀ ਨਦਾਮਤ ਉਠਾਉਣੀ ਪੈਂਦੀ ਹੈ। ਅਕਸਰ ਸਿੱਖ ਕਹਿੰਦੇ ਸੁਣੀਂਦੇ ਸੀ ਕਿ ਸਾਡੀ ਸਾਈਕੀ (Psyche hurt) ਦੁਖਿਤ ਹੋਈ ਹੈ। ਜੇ ਕਹੋ ਕਿ ਅਜਿਹਾ ਕਹਿਣ ਨਾਲ ਸਾਈਕੀ ਨੂੰ ਦੁਖੀ ਕਰਨ ਵਾਲੇ ਖੁਸ਼ ਹੁੰਦੇ ਹਨ ਤਾਂ ਕੋਈ ਅਸਰ ਨਹੀਂ ਹੁੰਦਾ ਸੀ ਜਿਕਣ ਦੁਖਿਤ ਆਤਮਾ ਨੂੰ ਆਪਣਾ ਦੁੱਖ ਹੀ ਇਹਦੇ ਕਾਰਣਾਂ ਨੂੰ ਸਮਝਣ ਜਾਂ ਦੁੱਖ ਨੂੰ ਦੂਰ ਕਰਨ ਨਾਲੋਂ ਜ਼ਿਆਦਾ ਪਿਆਰਾ ਸੀ।

ਬਾਬਾ ਨਾਨਕ ਵੀ ਸ਼ਾਇਦ ਆਪਣੇ ਸਮਕਾਲੀ ਵਿਹਾਰ ਤੋਂ ਤੰਗ ਆ ਗਿਆ ਸੀ।

ਜੋ ਤਿਸੁ ਭਾਵੈ ਸੋ ਥੀਐ
ਰੰਨੁ ਕੀ ਰੁੰਨੈ ਹੋਇ॥ (ਮ. 1 ਸੋਰਠਿ 1)

ਸਿੱਖ ਨੂੰ ਸਵੈਕਰੁਣਾ ਮਨ੍ਹਾਂ ਹੈ। ਸੋ ਭਾਵਕ ਤੌਰ 'ਤੇ ਜਿਸ ਹੱਦ ਤੱਕ ਸਿੱਖ ਸਵੈਕਰੁਣਾ ਤੋਂ ਦੂਰ ਰਹਿੰਦੇ ਹਨ ਉਹ ਉਸੇ ਹੱਦ ਤੱਕ ਹਿੰਦੂ ਨਹੀਂ।

ਪੱਛਮੀ ਮਾਨਸ ਸਵੈਕਰੁਣਾ ਤੋਂ ਪਰਹੇਜ਼ ਕਰਦਾ ਹੈ। ਆਮ ਅੰਗਰੇਜ਼ ਅਕਸਰ ਕਹਿੰਦਾ ਹੈ It is an unfair world (ਦੁਨੀਆਂ ਵਿੱਚ ਪੱਖ-ਪਾਤੀ ਹੈ)। ਇਸ ਕਰਕੇ ਉਹਨੂੰ ਅਸਫਲਤਾ ਇੰਨੀ ਦੁਖਦਾਈ ਨਹੀਂ ਲੱਗਦੀ, ਜਿੰਨੀ ਸਾਨੂੰ ਲੱਗਦੀ ਹੈ। ਇਹਦੇ ਬ੍ਰਹਮਵਿਦਿਅਕ ਕਾਰਨ ਹਨ। ਇਸਾਈ ਰੱਬ ਈਰਖਾਲੂ ਹੈ, ਪਤਾ ਨਹੀਂ, ਉਹ ਤੁਹਾਡੀ ਕਿਹੜੀ ਗੱਲ 'ਤੇ ਨਾਰਾਜ਼ ਹੋ ਜਾਏ। ਕੈਲਵਿਨ (Calvin) ਫ਼ਿਰਕੇ ਦਾ ਮਤ ਹੈ ਕਿ ਇਹ ਤਾਂ ਸਰਵਸ਼ਕਤੀਮਾਨ ਦੀ ਮਰਜ਼ੀ ਹੈ ਕਿ ਪਾਪੀ ਨੂੰ ਸੁਰਗ ਵਿੱਚ ਅਤੇ ਭਲੇ ਨੂੰ ਨਰਕ ਵਿੱਚ ਭੇਜ ਦੇਵੇ। ਇਸ ਲਈ ਕੈਲਵਿਨ-ਵਾਦੀ ਲਈ ਆਪਣੀ ਭਲਾਈ ਦੇ ਗੁਣ ਗਾਉਣੇ ਬੇਲੋੜੇ ਹਨ। ਮੱਗਲਟੋਨੀਆਨ (Muggelatonian) ਅਜਿਹਾ ਫ਼ਿਰਕਾ ਹੈ, ਜਿਹੜਾ ਆਪਣੀ ਅਰਦਾਸ ਵਿੱਚ ਰੱਬ ਤੋਂ ਮੰਗਦਾ ਕੁਝ ਨਹੀਂ, ਬੰਦਗੀ ਵਿੱਚ ਕੇਵਲ ਉਹਦੀ ਉਪਮਾ ਕਰਦਾ ਹੈ।[1]

ਅੰਗਰੇਜ਼ੀ ਸਾਹਿਤਕ ਆਲੋਚਨਾ ਵਿੱਚ ਜੇ ਕਿਸੇ ਕਵਿਤਾ 'ਤੇ ਮਹਾਦੋਸ਼ ਲਾਉਣਾ ਹੋਵੇ ਤਾਂ ਇਹ ਕਿਹਾ ਜਾਂਦਾ ਹੈ ਕਿ ਰਚਨਹਾਰਾ ਅਨੁਭਵ ਦਾ ਨਹੀਂ, ਸਗੋਂ ਸਵੈ-ਕਰੁਣਾ ਦਾ ਵਰਣਨ ਕਰ ਰਿਹਾ ਹੈ। ਮੈਨੂੰ ਆਪ ਆਪਣੇ ਉਸਤਾਦ ਕੋਲੋਂ ਕਈ ਵਾਰ ਅਜਿਹੀ ਹੇਠੀ ਝੱਲਣੀ ਪਈ ਹੈ।

ਮੈਨੂੰ ਸ਼ੈਕਸ਼ਪੀਅਰ ਦੇ ਨਾਟਕ *ਬਾਦਸ਼ਾਹ ਰਿਚਾਂਡ ਦੂਜਾ* ਨਾਲ ਅਲਝਦਿਆਂ ਹੈਰਾਨੀ ਭਰੀ ਜਾਣਕਾਰੀ ਮਿਲੀ ਕਿ ਸ਼ੈਕਸ਼ਪੀਅਰ ਭੈੜੀ ਕਵਿਤਾ ਅਤੇ ਸਵੈ-ਕਰੁਣਾ ਨੂੰ ਹਲਕੇ ਕਿਰਦਾਰ ਦੀ ਨਿਸ਼ਾਨੀ ਸਮਝਦਾ ਹੈ।[2]

ਲੇਖ ਦੇ ਪਹਿਲੇ ਹਿੱਸੇ ਵਿੱਚ ਕਰਮ-ਸਿੱਧਾਂਤ ਦੀ ਵਿਡੰਬਣਾ ਦਾ ਜ਼ਿਕਰ ਹੋਇਆ, ਜਿਸਦਾ ਦਾਰਸ਼ਨਿਕ ਪਰਿਣਾਮ ਸਵੀਕ੍ਰਿਤੀ ਨਿੱਕਲਣਾ ਚਾਹੀਦਾ ਸੀ, ਪਰ ਇਹਦਾ ਮਨੋਵਿਗਿਆਨਕ ਨਤੀਜਾ ਸਮਾਜ ਵਿੱਚ ਸਵੈ-ਕਰੁਣਾ ਦੀ ਭਰਮਾਰ ਸੀ।

ਯਵਨ ਮਿਥਿਆਸ ਅਨੁਸਾਰ ਜਗਤ ਓਸ ਤਰੀਕੇ ਦਾ ਨਹੀਂ ਬਣ ਸਕਿਆ ਜਿਸ ਤਰ੍ਹਾਂ ਦਾ ਦੇਵਤੇ ਬਣਾਉਣਾ ਚਾਹੁੰਦੇ ਸੀ। ਇੰਝ ਦਰਸ਼ਨ ਜਾਂ ਧਰਮ ਦਾ ਵਿਅੰਗ ਹੈ ਕਿ ਅਨੁਸਿੱਧ (veteran) ਅਤੇ ਜਨ-ਸਮੂਹ ਦੇ ਪ੍ਰਤਿਕਰਮਾਂ ਵਿੱਚ ਫ਼ਰਕ ਹੈ।

ਆਤਮਾ, ਪਰਮਾਤਮਾ, ਮੁਕਤੀ ਦਾ ਨਯਾਯਸ਼ੀਲ ਸੰਗਠਨ ਹੈ। ਮਨੋਵਿਗਿਆਨਕ ਤੌਰ 'ਤੇ moksha... the sine qua non of autonomy through total introjection of the 'Other', the not-self.[3]

---

1. E.P. Thompson, *Witness Against The Beast*, Oxford University Press, 1993, pp. 78, 169.
2. *King Richard the Second*, III, *2.4-26 et al.*
3. Sudhir Kakar, *The Inner World*, OUP, 1982, 87, pp. 128-29.

ਮੁਕਤੀ ਬ੍ਰਹਮਵਿਦਿਆ ਦਾ ਆਦਰਸ਼ ਹੈ। ਇਹਦਾ ਭਾਵਕ-ਝਾੜ (fall-out) ਸਵੈ-ਮੋਹ (narcissism) ਅਤੇ ਅੰਤਰ ਮੁਖਤਾ (introversion) ਹੈ, ਜਿਹੜੀ ਨਿਜ-ਆਤਮਵਾਦ (solipsism) ਦੀ ਹੱਦ ਤੱਕ ਹੋ ਸਕਦੀ ਹੈ, ਜਿਸ ਅਨੁਸਾਰ ਅਹਿਮ ਤੋਂ ਬਿਨਾਂ ਕਿਸੇ ਹੋਰ ਦੇ ਯਥਾਰਥ ਦਾ ਭਰੋਸਾ ਨਹੀਂ ਹੋ ਸਕਦਾ। ਗੁਰੂ ਅਰਜਨ ਸਾਹਿਬ ਆਪ ਬ੍ਰਹਮ ਵਿਦਿਆ ਅਤੇ ਸਮਾਜ (ਵਿੱਚੇ ਮਾਨਵੀ ਸਹਾਨੁਭੂਤੀ) ਦੇ ਦਵੰਦ ਦਾ ਵਰਣਨ ਕਰਦੇ ਹਨ।

ਨਹ ਚਿੰਤਾ ਮਾਤ ਪਿਤ ਭ੍ਰਾਤਹ
ਨਹ ਚਿੰਤਾ ਕਛੁ ਲੋਕਕਹ॥
ਨਹ ਚਿੰਤਾ ਬਨਿਤਾ ਸੁਤ ਮੀਤਹ
ਪ੍ਰਵਿਰਤਿ ਮਾਇਆ ਸਨਬੰਧਨਹ॥
ਦਇਆਲ ਏਕ ਭਗਵਾਨ ਪੁਰਖਤ
ਨਾਨਕ ਸਰਬ ਜੀਅ ਪ੍ਰਤਿਪਾਲਕਹ॥

(ਮ. 5, ਸਲੋਕ ਸਹਸਕ੍ਰਿਤੀ 15, ਪੰਨਾ 1355)

(ਮਾਤ – ਮਾਤਾ; ਪਿਤ – ਪਿਤਾ; ਭ੍ਰਾਤਹ – ਭਾਈਆਂ ਦੀ; ਲੋਕਕਹ – ਲੋਕ ਦੀ; ਬਨਿਤਾ – ਘਰ ਵਾਲੀ; ਸੁਤ – ਪੁੱਤ; ਮੀਤਹ – ਮਿਤ੍ਰਾਂ ਦੀ; ਪ੍ਰਵਿਰਤਿ – ਮਾਂਇਆ; ਸਨਬੰਧਨਹ – ਚਲ ਰਹੇ ਮਾਇਆ ਦੇ ਸੰਬੰਧਾਂ ਦੀ)।

ਚਿੰਤਾ ਨਹੀਂ, ਕੇਵਲ ਭਗਵਾਨ ਦਾ ਫ਼ਿਕਰ ਹੈ :

ਨਿਜ-ਆਤਮਵਾਦ ਜਾਂ ਅੰਨ੍ਹੀ ਅੰਤਰਮੁਖਤਾ ਦੀਆਂ ਮਸਾਲਾਂ ਦਾ ਕੋਈ ਘਾਟਾ ਨਹੀਂ।

ਆਜ਼ਾਦੀ ਮਗਰੋਂ ਉੱਤਰ ਪ੍ਰਦੇਸ਼ ਵਿੱਚ ਸੰਪਰਦਾਇਕ ਦੰਗਾ ਹੋ ਰਿਹਾ ਸੀ ਪਰ ਡਿਪਟੀ ਕਮਿਸ਼ਨਰ ਆਪਣੇ ਗੀਤਾ ਦੇ ਪਾਠ ਵਿੱਚ ਵਿਘਨ ਪਾਉਣ ਲਈ ਤਿਆਰ ਨਹੀਂ ਸੀ।

ਜੋਗੀਆਂ ਦਾ ਅਜਿਹਾ ਫ਼ਿਰਕਾ ਹੈ, ਜਿਸ ਵਿੱਚ ਜੋਗੀ ਮੁਰਦੇ ’ਤੇ ਬੈਠਾ ਕਾਲ ਬਾਰੇ ਅੰਤਰਧਿਆਨ ਰਹਿੰਦਾ ਹੈ। ਇੱਥੋਂ ਤੱਕ ਕਿ ਲਾਸ਼ ਦੇ ਕੀੜੇ ਪੈ ਜਾਂਦੇ ਹਨ। ਸ਼ਵ ਦੇ ਕੀੜੇ ਫੇਰ ਜੋਗੀ ਦੀ ਪਿੱਠ ਨੂੰ ਖਾਣ ਲੱਗਦੇ ਹਨ, ਜਿਹੜਾ ਉਹਦੀ ਪ੍ਰਾਪਤੀ ਦਾ ਪੜਾਉ ਹੁੰਦਾ ਹੈ। ਜੋਗੀ ਨੂੰ ਆਪਣਾ ਕਾਲ ਤਾਂ ਨਜ਼ਰ ਆਈ ਜਾਂਦਾ ਹੈ ਪਰ ਮ੍ਰਿਤਕ ਦੇ ਪਾਰਥਿਵ ਸਰੀਰ ਦੀ ਬੇ-ਹੁਰਮਤੀ ਦਾ ਖ਼ਿਆਲ ਨਹੀਂ ਆਉਂਦਾ।

ਚੰਡੀਗੜ੍ਹ ਦੇ ਅਖ਼ਬਾਰ *The Indian Express*, 26 ਜਨਵਰੀ, 2001 ਦੀ ਸੁਰਖ਼ੀ ਸੀ ਕਿ ਕੁੰਭ ਮੇਲੇ ’ਤੇ ਆਏ ਮੁਕਤੀ ਦੇ ਉਪਾਸ਼ਕ ਆਪਣੇ ਬਿਰਧ ਮਾਪਿਆਂ ਨੂੰ ਗੰਗਾ ’ਤੇ ਤਿਆਗ ਕੇ ਆਪਣੇ ਘਰਾਂ ਨੂੰ ਦੌੜ ਗਏ ਅਤੇ ਸ਼ਲੋਕ ਸਹਸਕ੍ਰਿਤੀ ਦੀ ਗੱਲ ਸੱਚੀ ਕਰ ਦਿੱਤੀ।

ਕੋਈ ਧਵਨ ਨਾਂਉਂ ਦਾ ਵਿਅਕਤੀ ਪਹਿਲਾਂ ਜੱਜ ਹੁੰਦਾ ਸੀ। ਫੇਰ ਪੱਛਮੀ ਬੰਗਾਲ ਦਾ ਗਵਰਨਰ ਹੋ ਗਿਆ। ਉੱਥੋਂ ਲੰਡਨ ਵਿੱਚ ਭਾਰਤੀ ਹਾਈ ਕਮਿਸ਼ਨਰ ਨਿਯੁਕਤ ਹੋਇਆ। ਲੰਡਨ ਵਿੱਚ ਮਹਾਤਮਾ ਗਾਂਧੀ ਦਾ ਬੁੱਤ ਲਾਉਣਾ ਸੀ, ਜਿਸ ਦੀ ਪ੍ਰਧਾਨ ਮੰਤਰੀ ਹੈਰਲਡ ਵਿਲਸਨ ਨੇ ਨਕਾਬ ਕਸ਼ਾਈ ਕਰਨੀ ਸੀ। ਨਕਾਬ ਕਸ਼ਾਈ ਕਰਕੇ ਵਿਲਸਨ ਤਕਰੀਰ ਕਰ ਰਿਹਾ ਸੀ। ਸਾਡਾ ਹਾਈ ਕਮਿਸ਼ਨਰ ਦੇਰ ਨਾਲ ਪਹੁੰਚ ਗਿਆ। ਜਾ ਕੇ ਤਕਰੀਰ ਕਰਦੇ ਵਿਲਸਨ ਨਾਲ ਹੱਥ ਮਲਾਇਆ। ਵਿਲਸਨ ਮਗਰੋਂ ਇਹਨੇ ਵੀ ਬੋਲਣਾ ਸੀ। ਆਪਣੇ ਭਾਸ਼ਨ ਵਿੱਚ ਕਹਿੰਦਾ – ਸਾਡਾ ਗਾਂਧੀ ਤੁਹਾਡੇ ਈਸਾ ਨਾਲੋਂ ਵੱਡਾ ਸੀ।

ਹਾਈ ਕਮਿਸ਼ਨਰ ਦੀਆਂ ਤਿੰਨ ਮੂਰਖਤਾਈਆਂ ਸੀ, ਦੇਰ ਦਾ ਅ-ਸ਼ਿਸ਼ਟਾਚਾਰ, ਭਾਸ਼ਨ ਵਿੱਚ ਹੱਥ ਮਿਲਾਉਣ ਦਾ ਵਿਘਨ, ਗਾਂਧੀ-ਈਸਾ ਤੁਲਨਾ ਦੀ ਹਮਾਕਤ। ਇਹਦੀ ਵਿਆਖਿਆ ? ਆਪਣੀ ਅੰਤਰਮੁਖਤਾ ਦੇ ਅੰਧ ਵਿੱਚ ਉਹਨੂੰ ਆਪਣੇ ਸਤਯ ਤਾਂ ਨਜ਼ਰ ਆ ਜਾਂਦੇ ਸੀ ਪਰ other introjected (ਅਨਯ ਦੇ ਅੰਤਰਯਾਨ) ਵਿੱਚ ਬਾਕੀ ਕੋਈ ਗੱਲ ਰਹਿ ਨਹੀਂ ਗਈ ਸੀ ?

ਰ.ਸ. ਅਣਖੀ ਦੇ ਨਾਵਲ *ਕੋਠੇ ਖੜਕ ਸਿੰਘ* ਵਿੱਚ ਕਾਤਲ ਦੀ ਮਾਈ ਉਹਦੇ ਨਾਲ ਜੇਲ ਵਿੱਚ ਮੁਲਾਕਾਤ ਕਰਨ ਗਈ ਕਹਿੰਦੀ ਹੈ – "ਕੋਈ ਨਹੀਂ ਪੁੱਤ ਕਮਕਲੀ (ਕਮ ਅਕਲੀ) ਹੋ ਗਈ।" ਸ਼ਾਇਦ, ਨੋਹਾਂ ਸਾੜਣ (wife burning) ਦਾ ਦ੍ਰਿਸ਼ਟਮਾਨ/ਪਾਪ/ਅਪ੍ਰਾਧ ਨਹੀਂ ਕੇਵਲ 'ਕਮਕਲੀ' ਹੈ।

ਰਾਸ਼ਟਰੀ ਅੰਤਰਮੁਖਤਾ ਦਾ ਅਸਰ ਸਾਡੇ ਸਫ਼ਾਰਤੀ ਤੁਅਲਕਾਤ 'ਤੇ ਵੀ ਹੈ। ਭਾਰਤ ਦੇ ਆਪਣੇ ਗੁਆਂਢੀ ਦੇਸ਼ਾਂ ਨਾਲ ਪਿੱਛਲੇ ਸੱਠ ਸਾਲਾਂ ਤੋਂ ਕਿਸੇ ਨਾਲ ਵੀ ਚੰਗੇ ਸੰਬੰਧ ਨਹੀਂ।

ਕੁਲਵੰਤ ਸਿੰਘ ਵਿਰਕ ਨੂੰ ਗੱਡੀ 'ਚੋਂ ਉੱਤਰ ਕੇ ਸਟੇਸ਼ਨ 'ਤੇ ਫਿਰਨ ਦਾ ਝੱਸ ਸੀ। ਇੱਕ ਵਾਰੀ ਗੱਡੀ ਚੱਲ ਪਈ ਤੇ ਵਿਰਕ ਨੂੰ ਜਿਹੜੇ ਡੱਬੇ ਦੇ ਡੰਡੇ 'ਤੇ ਹੱਥ ਪਿਆ ਉਸੇ ਵਿੱਚ ਚੜ੍ਹਨਾ ਪਿਆ। ਡੱਬਾ ਉਤਲੇ ਦਰਜੇ ਦਾ ਨਿਕਲਿਆ। ਚੈਕਰ ਆਇਆ, ਉਹਨੇ ਸਫ਼ਰ ਦੇ ਆਰੰਭ ਤੋਂ ਉਤਲੇ ਦਰਜੇ ਦੇ ਕਿਰਾਏ, ਜਮ੍ਹਾਂ ਜ਼ੁਰਮਾਨ੍ਹੇ ਦੀ ਰਸੀਦ ਕੱਟ ਦਿੱਤੀ। ਵਿਰਕ ਨੇ ਪੈਸੇ ਭਰ ਦਿੱਤੇ। ਇੰਝ ਕੋਈ ਗੁਜਰਾਤੀ ਫਸਿਆ ਹੋਇਆ ਸੀ। ਇਹਨੇ ਚੈਕਰ ਦੀ ਮਿੰਨਤ ਸਪੈਦ ਕੀਤੀ ਤੇ ਚੈੱਕਰ ਨੇ ਇਹਨੂੰ ਛੱਡ ਦਿੱਤਾ। ਚੈਕਰ ਚਲਾ ਗਿਆ। ਗੁਜਰਾਤੀ ਵਿਰਕ ਨੂੰ ਕਹਿੰਦਾ "ਲਾਈਕੀ (ਲਿਆਕਤ) ਵੀ ਕੋਈ ਚੀਜ਼ ਹੋਤੀ ਹੈ" ਮੇਰਾ ਖ਼ਿਆਲ ਹੈ ਇਹ ਬੰਦਾ ਆਪਣੇ ਆਪ ਨੂੰ ਵਿਰਕ ਨਾਲੋਂ ਬਾਲਾ (superior) ਸਮਝਦਾ ਸੀ।

ਸਾਡੇ ਕਿੰਕਰ ਪ੍ਰਵਾਸੀ ਭਾਈ ਘਰ ਆ ਕੇ ਆਪਣੇ ਆਪ ਨੂੰ ਅੰਗਰੇਜ਼ ਤੋਂ ਉੱਚਾ ਸਮਝਦੇ ਹਨ। ਦੇਸ਼ ਵਿੱਚ ਐਸ.ਸੀ. ਅਫ਼ਸਰ ਦੀਆਂ ਮਿੰਨਤਾਂ ਕਰਨ ਵਾਲੇ ਬਿਲ-ਜ਼ਰੂਰ ਕਹਿੰਦੇ ਹਨ, "ਉਹ ਕੀ ਐ? ਐਸ.ਸੀ. ਹੀ ਰਿਹਾ!" ਸਾਡੇ ਬੰਦਿਆਂ ਵਿੱਚ ਅਭਿਮਾਨ ਤਾਂ ਹੁੰਦਾ ਹੈ ਪਰ ਸਵੈਮਾਨ ਦੀ ਘਾਟ ਹੈ, ਅਤੇ ਅਧਿਮਾਨ (honour) ਦਾ ਇੱਕਾ-ਦੁੱਕਾ ਅਨੁਭਵ ਹੈ ਪਰ ਇਹਦਾ ਭਾਸ਼ਾਈ ਵਰਣਨ ਨਹੀਂ। ਕੀ ਕਾਰਨ ਹੈ ਕਿ ਮੁਸਲਿਮ ਜਾਂ ਅੰਗਰੇਜ਼ੀ ਰਾਜ ਹੁੰਦਿਆਂ ਵੀ ਹਿੰਦੂ ਆਪਣੇ ਆਪ ਨੂੰ ਮੁਸਲਮਾਨ/ਅੰਗਰੇਜ਼ ਤੋਂ ਉੱਚਾ ਸਮਝਦਾ ਰਿਹਾ? ਮੁਕਤੀ ਦੀ ਬ੍ਰਹਮਵਿਦਿਆ। ਇਹਨਾਂ ਦੀ ਆਤਮਾ ਤਾਂ ਪਰਮਾਤਮਾ ਦਾ ਅੰਸ਼ ਸੀ, ਉਹਨਾਂ ਦਾ ਕੀ ਹੈ?

ਪ੍ਰਵਿਰਤਿਕ ਅੰਤਰਮੁਖਤਾ ਦਾ ਸ਼ਿਸ਼ੂ-ਭਾਵੀ (infantile) ਸ਼ਕਤੀਮਾਨਤਾ ਨਾਲ ਸੰਬੰਧ ਹੈ। ਸੰਤਾਲੀ ਵਿੱਚ ਆਜ਼ਾਦੀ ਆਉਣ ਵਾਲੀ ਸੀ; ਕਲਕੱਤੇ ਫ਼ਸਾਦ ਹੋ ਰਹੇ ਸਨ। ਅਠੱਤਰ ਸਾਲਾ ਗਾਂਧੀ ਬੰਗਾਲ ਦੇ ਪਿੰਡਾਂ ਵਿੱਚ ਘੁੰਮ ਘੁੰਮ ਕੇ ਸੰਪਰਦਾਈ ਹਿੰਸਾ ਦਾ ਉਪਚਾਰ ਕਰ ਰਿਹਾ ਸੀ। ਦੁਖਿਤ ਗਾਂਧੀ ਦੀ "ਕਿਆ ਕਰੂੰ ਕਿਆ ਕਰੂੰ" ਪੁਕਾਰ ਸੁਣਦੀ ਸੀ। ਗਾਂਧੀ ਨੇ ਇਹਨਾਂ ਦਿਨਾਂ ਵਿੱਚ ਪੰਜ ਲੇਖ ਬ੍ਰਹਮਚਰਯਾ ਬਾਰੇ ਲਿਖੇ। ਉਹਦੇ ਨਿੱਜੀ ਸਕੱਤਰ ਸਮੇਤ, ਪ੍ਰਸੰਸਕਾਂ ਨੂੰ ਸਮਝ ਨਾ ਆਵੇ ਕਿ ਸਿਆਸੀ ਸੰਕਟ ਵਿੱਚ ਇਹਨਾਂ ਲੇਖਾਂ ਦੀ ਕੀ ਤੁਕ ਹੈ। ਆਪਣੇ ਬ੍ਰਹਮਚਰਯ ਦੇ ਇਮਤਿਹਾਨ ਲਈ ਗਾਂਧੀ ਸੰਗੀ ਔਰਤਾਂ ਨੂੰ ਆਪਣੇ ਨਾਲ ਸੁਲਾ ਲੈਂਦਾ ਸੀ, ਜਿਸ ਵਿੱਚ ਉਹਦੀ ਉਨੀਂ ਸਾਲਾ ਪੋਤੀ ਵੀ ਸੀ। ਗਾਂਧੀ ਅਜਿਹੇ ਤਜਰਬੇ ਨੂੰ ਯੱਗ ਕਹਿੰਦਾ ਸੀ "Whose only purpose was a restoration of personal psychic potency that would help him to regain control over political events."[4]

ਸਿੱਖ ਧਰਮ ਦੀ ਉਤਪਤੀ ਸਮਕਾਲ ਵਿੱਚ ਭਾਰਤੀ ਸਮਾਜ ਦੀ ਸਿਰਜਣਾਤਮਕ ਕਾਢ ਸੀ। ਵਿਅਕਤਿਕ ਸਿਰਜਣਾ ਸੌਖੀ ਹੁੰਦੀ ਹੈ ਪਰ ਸਮਾਜ ਦੀ ਪੈਦਾ ਕੀਤੀ ਸੰਸਥਾਈ (institutional) ਕਾਢ ਅਦੁੱਤੀ ਨਾਲੋਂ ਅਦੁੱਤੀ ਹੁੰਦੀ ਹੈ। ਮੈਂ ਇਹਦਾ feudalism ਦਾ ਉਦਾਹਰਨ ਦਿੰਦਾ ਹਾਂ।

Feudalism ਦਾ ਮਹਾਨ ਇਤਿਹਾਸਕਾਰ ਮਾਰਕ ਬਲਾਖ਼ ਲਿਖਦਾ ਹੈ ਕਿ ਨਵੀਂ ਸੰਸਥਾ ਦੇ ਵਰਣਨ ਲਈ ਪੁਰਾਣੀ ਸ਼ਬਦਾਵਲੀ ਬੇਲੋੜੀ ਬੇਸਮਝੀ ਪੈਦਾ ਕਰਦੀ ਰਹਿੰਦੀ ਹੈ। ਦਸਵੀਂ ਸਦੀ ਦੇ ਪੱਛਮੀ ਯੂਰਪ ਵਿੱਚ ਪੈਸੇ/ਸਿੱਕੇ ਦੀ ਅਜਿਹੀ ਕਮੀ ਸੀ ਕਿ ਭੌਂਰਾਠ lord ਆਪਣੇ ਜੁਝਾਰੂ ਭੌਂਤ੍ਰਿਤਾਂ (vassals)

4. Sudhir Kakar, *Intimate Relations*, Viking, New Delhi, 1989, pp. 107-08.

ਨੂੰ ਭੋਂ ਦਾ ਹੀ (feu=fief=ਫ਼ੀਸ) ਮਿਹਨਤਾਨਾ ਦੇ ਸਕਦਾ ਸੀ। ਬੰਦਗੀ (ਭੋਂਭ੍ਰਿੱਤੀ) ਦੀ ਰਸਮ (homage) ਹੁੰਦੀ ਸੀ, ਜਿਸ ਦਾ ਅਸਰ ਚਰਚ ਵਿੱਚ ਬੰਦਨਾ ਅਤੇ ਇਸ਼ਕੀਆ ਸ਼ਾਇਰੀ 'ਤੇ ਵੀ ਪਿਆ। ਗਿਆਰ੍ਹਵੀਂ ਸਦੀ ਤੋਂ ਭੋਂਭ੍ਰਿਤ ਸ਼ਾਸਨ ਮਜ਼ਬੂਤ ਹੁੰਦਾ ਗਿਆ। ਇਹ ਸਮਾਜੀ ਸ-ਰਚਨਾ ਦਾ ਸ਼ਾਸ਼ਨ ਬਣ ਗਿਆ। ਇੰਝ ਭੋਂਰਾਠ ਦੇ ਭੂਮੀਹਾਰ ਭੋਂਭ੍ਰਿਤ ਹੁੰਦੇ ਸੀ ਅਤੇ ਇਹੀ ਸਿਲਸਿਲਾ ਆਖ਼ਰੀ ਕਾਸ਼ਤਕਾਰ ਜ਼ਿੰਮੀਂਦਾਰ ਤੱਕ ਪਹੁੰਚ ਜਾਂਦਾ ਸੀ।

ਸਵਾਏ ਜਪਾਨ ਤੋਂ ਅਜਿਹਾ ਭੋਂਭ੍ਰਿਤ ਪ੍ਰਬੰਧ ਦੁਨੀਆਂ ਵਿੱਚ ਹੋਰ ਕਿਸੇ ਥਾਂਉਂ ਨਹੀਂ ਉਪਜਿਆ। ਪੱਛਮੀ ਯੂਰਪ ਦਾ ਭੋਂਭ੍ਰਿਤ-ਸ਼ਾਸਨ ਪੁਨਰ-ਜਾਗ੍ਰਿਤੀ ਤੋਂ ਪਹਿਲਾਂ ਹੀ ਖ਼ਤਮ ਹੋ ਗਿਆ। ਪਰ ਜਾਪਾਨੀ ਭੋਂਭ੍ਰਿਤ ਸਮਾਜ 20ਵੀਂ ਸਦੀ ਦੇ ਆਰੰਭ ਤੱਕ ਕਾਇਮ ਰਿਹਾ। ਯੂਰਪੀ ਭੋਂਭ੍ਰਿਤ-ਸ਼ਾਸਨ ਵਿੱਚ ਭੋਂਭ੍ਰਿਤ (vassals) ਆਪਣੀ ਭੋਂਇ ਨੂੰ ਪ੍ਰਬੰਧ ਵਿੱਚੋਂ ਬਾਹਰਲੇ ਵਿਅਕਤੀ ਨੂੰ ਵੇਚ ਸਕਦਾ ਸੀ। ਇੰਝ ਨਿਰਭਰਤਾ-ਵਫ਼ਾ ਦੀ ਲੜੀ 'ਤੇ ਕਾਟਾ ਫਿਰ ਜਾਂਦਾ ਹੈ। ਜਪਾਨ ਵਿੱਚ ਵਾਸਲ (vassals) ਆਪੋ ਵਿੱਚੀ ਹੀ ਜ਼ਮੀਨ ਦੀ ਖਰੀਦ-ਓ ਫਰੋਖ਼ਤ ਕਰ ਸਕਦੇ ਸੀ ਜਿਸ ਨਾਲ ਸਵਾਮੀ-ਸੇਵਕ ਦਾ ਕ੍ਰਮ ਜੀਂਦਾ ਰਿਹਾ। ਜਪਾਨੀ ਏਸ ਅਸੂਲ 'ਤੇ ਦ੍ਰਿੜ੍ਹ ਰਹੇ ਕਿ ਚਾਕਰ ਦੇ ਦੋ ਸਾਵਾਮੀ ਨਹੀਂ ਹੋ ਸਕਦੇ। ਯੂਰਪ ਵਿੱਚ ਦੋਹਰੇ ਸਵਾਮੀਆਂ ਵਾਲੇ ਵਾਸਲ ਸਨ। ਵੇਖਣ ਨੂੰ ਭੂਮੀਹਾਰਾਂ ਦੀ ਪ੍ਰਥਮ ਸ਼੍ਰੇਣੀ ਸੀ ਪਰ ਸ਼ਾਸਨ ਦਾ ਆਧਾਰ ਮਨੁੱਖ-ਮਨੁੱਖ ਸੰਬੰਧ ਨਾ ਰਿਹਾ ਸਗੋਂ ਪੂੰਜੀ-ਮਨੁੱਖ 'ਤੇ ਖਲੋਣਾ ਸ਼ੁਰੂ ਹੋ ਗਿਆ। ਹੈਰਾਨੀ ਦੀ ਗੱਲ ਹੈ ਕਿ ਥੱਲੜੇ ਭੋਂਭ੍ਰਿਤ ਆਪਣੇ ਮੁਜ਼ਾਰਿਆਂ 'ਤੇ ਜਾਪਾਨੀ ਨਿਯਮ ਚਲਾਉਂਦੇ ਸੀ ਪਰ ਸਮਾਜ ਇਹੀ ਗੱਲ ਆਪਣੇ ਉਪਰਲੇ ਹਿੱਸੇ 'ਤੇ ਲਾਗੂ ਨਾ ਕਰ ਸਕਿਆ।[5] ਮੇਰਾ ਅਨੁਮਾਨ ਹੈ ਕਿ ਪਾਠਕ ਏਸ ਪੜਾਉ 'ਤੇ ਮੈਨੂੰ ਨਵੀਂ ਸ਼ਬਦਾਵਲੀ ਦੀ ਮੁਆਫ਼ੀ ਦੇ ਦੇਵੇਗਾ ਕਿਉਂਕਿ ਜਾਗੀਰਦਾਰੀ, ਇਜਾਰੇ ਨਾਲ ਯੂਰਪੀ ਸਥਿਤੀ ਦਾ ਵਰਣਨ ਸੰਭਵ ਨਹੀਂ ਸੀ।

ਸਿੱਖੀ ਹਿੰਦੂ ਮੱਤ ਵਿੱਚ ਆਲੋਚਨਾਤਮਕ ਗਤੀ ਸੀ ਜਿਸਨੂੰ ਭਾਰਤੀ ਮਾਨਸਵਿਗਿਆਨ ਦੀ ਸਿਰਜਣਾਤਮਕ ਕਾਢ ਵੀ ਕਿਹਾ ਜਾ ਸਕਦਾ ਹੈ। ਸਿੱਖ ਅਜਿਹਾ ਸਮੂਹ ਸੀ, ਜਿਸਦੇ ਮੈਂਬਰ ਮੁਸਲਮਾਨੀ ਕਰਮ ਕਰਦੇ ਵੀ ਹਿੰਦੂ ਦੇ ਹਿੰਦੂ ਰਹਿੰਦੇ ਸੀ। ਹਿੰਦੂ ਧਰਮ ਆਪਣੇ ਵਿੱਚੋਂ ਵਿਅਕਤੀ ਨੂੰ ਛੇਕ ਤਾਂ ਸਕਦਾ ਹੈ ਪਰ ਕਿਸੇ ਗ਼ੈਰ-ਹਿੰਦੂ ਨੂੰ ਆਪਣੇ ਵਿੱਚ ਸ਼ਾਮਲ ਨਹੀਂ ਕਰ ਸਕਦਾ। ਜੀਂਦ ਦਾ ਰਾਜਾ ਗਜਪਤਿ ਸਿੰਘ, ਮਹਾਰਾਜਾ ਰਣਜੀਤ ਸਿੰਘ ਦਾ ਮਾਮਾ, ਪਹਿਲੀ ਉਮਰ ਵਿੱਚ ਜ਼ਬਰਦਸਤੀ ਮੁਸਲਮਾਨ ਬਣਾ ਲਿਆ ਗਿਆ ਸੀ, ਗਊ ਦਾ ਮਾਸ ਖਲਾਕੇ। ਸਿੱਖਾਂ ਨੇ ਉਹਨੂੰ ਸੂਰ ਖਲਾ ਕੇ ਮੁੜ ਸਿੱਖ ਬਣਾ ਲਿਆ। ਨਾਲੇ ਹਿੰਦੂਆਂ ਵੱਲੋਂ ਕਿਸੇ ਉਜ਼ਰ ਦਾ ਉਲੇਖ ਨਹੀਂ ਮਿਲਦਾ।

ਇੰਝ ਸਿੱਖ ਧਰਮ ਆਪਣੇ ਪ੍ਰਫੁੱਲਨ ਵਿੱਚ ਹਿੰਦੂ ਮੱਤ ਜਾਂ ਭਾਰਤੀ ਮਾਨਸਵਿਗਿਆਨ ਦੀ ਸਦੀਵੀ ਆਲੋਚਨਾਤਮਕ ਗਤੀ ਹੋ ਸਕਦਾ ਹੈ। ਦੂਸਰੇ ਪਾਸੇ ਸਿੱਖ ਧਰਮ ਨੂੰ ਆਪਣੇ ਗਹਿਰ ਗੰਭੀਰ ਸਵੈ-ਅਧਿਐਨ ਲਈ ਹਿੰਦੂ ਧਰਮ ਦੀ ਲੋੜ ਹੈ। ਮਸਾਲ ਵਜੋਂ ਅਸੀਂ ਦਰਬਾਰ ਸਾਹਿਬ ਦੀ ਪਰਿਕਰਮਾ ਤਾਂ ਕਰਦੇ ਹਾਂ ਪਰ ਪਰਿਕਰਮਾ ਦੇ ਚਿਹਨਕ ਅਰਥਾਂ ਤੋਂ ਅਗਿਆਤ ਹਾਂ। ਮਨੂੰ ਸਮ੍ਰਿਤੀ ਵਿੱਚ ਗ੍ਰਿਹਸਤ ਦੀ ਵਿਸਤ੍ਰਿਤ ਜਾਣਕਾਰੀ ਹੈ।

ਅਖ਼ੀਰ ਵਿੱਚ ਮੈਂ ਸ਼ੁਭ ਅੰਤ 'ਤੇ ਖ਼ਤਮ ਕਰਨਾ ਚਾਹੁੰਦਾ ਹਾਂ। ਕੋਈ ਹਿੰਦੂ ਭਾਵਕ ਤੌਰ 'ਤੇ ਸਿੱਖ ਹੋ ਸਕਦਾ ਹੈ ਜਿਵੇਂ ਉਪਰੋਕਤ ਵਿੱਚ ਬਹੁਤ ਸਾਰੇ ਸਿੱਖਾਂ ਦਾ ਭਾਵਕ ਰੂਪ ਵਿੱਚ ਹਿੰਦੂ ਹੋਣ ਦਾ ਜ਼ਿਕਰ ਹੋਇਆ ਹੈ। ਮਨੂੰ (1) ਆਰਯ ਦੇ ਅਨਾਰਯ ਵਿਹਾਰ ਅਤੇ (2) ਅਨਾਰਯ ਦੇ ਆਰਯ ਅਸਤਿਤਵ ਦਾ ਜ਼ਿਕਰ ਤਾਂ ਕਰਦਾ ਹੈ ਪਰ ਦੂਸਰੇ ਦੀ ਕੋਈ ਵਿਆਖਿਆ ਨਹੀਂ ਕਰਦਾ।

---

5. Marc Bloch, *Feudal Society*, Routledge & Kegan Paul, 1978, p. 213.

ਐਨ ਦੇਸ਼ ਵੰਡ ਮਗਰੋਂ ਮੇਰੇ ਉਸਤਾਦ ਦੇ ਬਜ਼ੁਰਗ ਅ.ਨ.ਕੌਲ. ਅੰਮ੍ਰਿਤਸਰ ਦੇ ਐਸ.ਐਸ.ਪੀ. ਸੀ। ਉਹਨਾਂ ਦੇ ਮਾਸਟਰ ਤਾਰਾ ਸਿੰਘ ਨਾਲ ਬੜੇ ਅੱਛੇ ਤੁਅੱਲਕਾਤ ਸੀ। ਇੱਕ ਦਿਨ ਸ਼ਾਮ ਨੂੰ ਮਾਸਟਰ ਜੀ ਨੇ ਪਬਲਿਕ ਮੀਟਿੰਗ ਨੂੰ ਸੰਬੋਧਨ ਕਰਨਾ ਸੀ। ਕੌਲ ਸਾਹਿਬ ਵੀ ਸਿਵਲੀਅਨ (civilian) ਕੱਪੜਿਆਂ ਵਿੱਚ ਉੱਥੇ ਚਲੇ ਗਏ। ਤਕਰੀਰ ਕਰਦਿਆਂ ਮਾਸਟਰ ਜੀ ਜੋਸ਼ ਵਿੱਚ ਆ ਗਏ, ਕਹਿੰਦੇ, 'ਹਿੰਦੂ ਸਭ ਚੋਰ ਹੈਂ।' ਡਾਇਸ (dias) ਤੋਂ ਉਤਰਦੇ ਮਾਸਟਰ ਜੀ ਨੂੰ ਕੌਲ ਸਾਹਿਬ ਕਹਿੰਦੇ, "ਮਾਸਟਰ ਜੀ, ਮੈਂ ਵੀ ਚੋਰ ਹਾਂ?"

"ਤੈਨੂੰ ਕੌਣ, ਤੈਨੂੰ ਕੌਣ ਚੋਰ ਕਹਿੰਦਾ। ਤੂੰ ਤਾਂ honorary (ਇਜ਼ਾਜੀ) ਸਿੱਖ ਐਂ" ਮਾਸਟਰ ਜੀ ਕਹਿੰਦੇ।

ਸਪਸ਼ਟਤਾ ਹਿੱਤ ਪਾਠਕਾਂ ਨੂੰ ਬੇਨਤੀ ਹੈ ਕਿ ਬ੍ਰਹਮਵਿਦਿਆ ਜਾਂ ਗਿਆਨ ਦਾ ਆਧਾਰ ਪੜਤਾਲ-ਯੋਗ ਨਹੀਂ। ਇਸ ਕਰਕੇ ਇਹਨਾਂ ਤੇ ਬਹਿਸ ਨਹੀਂ ਹੋ ਸਕਦੀ। ਅਜੋਕੇ ਵਿਗਿਆਨ ਦਾ ਆਧਾਰ ਪ੍ਰਕਿਰਤੀ ਦੀ ਸਮਾਨਤਾ ਹੈ, ਜਿਸ ਨੂੰ ਘੋਖਿਆ ਨਹੀਂ ਜਾ ਸਕਦਾ ਕਿਉਂ ਜੋ ਸਾਰੀ ਪ੍ਰਕਿਰਤੀ ਦਾ ਪ੍ਰਤੱਖ ਅਨੁਭਵ ਅਸੰਭਵ ਹੈ। ਇੰਝ ਮੁਕਤੀ ਦਾ ਵਿਹਾਰਿਕ ਲੇਖਾ-ਜੋਖਾ ਨਹੀਂ ਹੋ ਸਕਦਾ।

ਦੂਸਰੇ ਪਾਸੇ ਮਨੋਵਿਗਿਆਨ ਦੀ ਪੜਤਾਲ ਹੋ ਸਕਦੀ ਹੈ, ਜਿਹੜੀ ਗ਼ਲਤ/ਠੀਕ ਦੇ ਅਧੀਨ ਹੈ। ਮੁਕਤੀ ਗ਼ਲਤ/ਠੀਕ ਦੀ ਦ੍ਰਿਸ਼ਟੀ ਤੋਂ ਨਹੀਂ ਵਾਚੀ ਜਾ ਸਕਦੀ। ਇਹ ਕਿਸੇ ਧਰਮ ਦੀ ਸਮਝ ਲਈ ਅਨੁਬੰਧ ਜਾਂ ਬੇ-ਅਨੁਬੰਧ (relevant/irrelevant) ਹੁੰਦੀ ਹੈ। ਇਸੇ ਕਾਰਨ ਮੁਕਤੀ-ਕਰਮ ਦਾ ਅੰਤਰ-ਮੁਖਤਾ-ਸਵੈਕਰੁਣਾ ਦੇ ਮਨੋਵਿਗਿਆਨ ਨਾਲ ਨਯਾਯਸ਼ੀਲ ਸੰਬੰਧ ਨਹੀਂ, ਜਿਹੜਾ ਲਾਜ਼ਮੀ ਹੋਣ ਦੀ ਥਾਂਉਂ ਇਤਫ਼ਾਕੀਆ ਹੈ। ਮੈਂ ਆਪਣੇ ਦੇਸ਼ ਵਿੱਚ ਪ੍ਰਚਲਤ ਮਨੋਵਿਗਿਆਨ ਦਾ ਵੇਰਵਾ ਦਿੱਤਾ ਹੈ, ਜਿਸਦੇ ਯਥਾਰਥ ਨੂੰ ਵਾਚਿਆ ਜਾ ਸਕਦਾ ਹੈ। ਇਹ ਗੱਲ ਕਲਪਨਾਯੋਗ ਹੈ ਕਿ ਕਿਸੇ ਵਿਅਕਤੀ ਜਾਂ ਦੇਸ਼ ਵਿੱਚ ਉਪਰੋਕਤ ਸੰਬੰਧ ਕਾਰਜਸ਼ੀਲ ਨਾ ਹੋਵੇ।

ਗੁਰੂ ਅਰਜਨ ਸਾਹਿਬ ਦਾ ਸ਼ਲੋਕ ਸਹਸਕ੍ਰਿਤੀ 15 ਮਾਤਾ, ਪਿਤਾ, ਸੰਬੰਧੀਆਂ, ਲੋਕਾਂ ਦੇ ਆਤਮਕ ਆਧਾਰ ਬਾਰੇ ਹੈ, ਜਿਹੜਾ ਉਹਨਾਂ ਦੇ ਅੰਨ ਪਾਣੀ ਦੇ ਵਿਹਾਰ ਬਾਰੇ ਨਹੀਂ। ਜੇ ਕੋਈ ਅਜਿਹੀ ਭੁੱਲ ਕਰਦਾ ਹੈ ਤਾਂ ਇਹ ਉਹਦਾ ਮਨੋਵਿਗਿਆਨ ਹੈ।

ਈਸਾਈ, ਮੁਸਲਮਾਨੀ ਵਿਚਾਰਵਾਨਾਂ ਦਾ ਵਿਸ਼ਵਾਸ ਹੈ ਕਿ ਅਜੋਕੇ ਯੁੱਗ ਵਿੱਚ ਧਰਮ ਦਾ ਪ੍ਰਫੁੱਲਨ ਵਿਅਕਤਿਕ ਨਹੀਂ, ਸਗੋਂ ਜਨ-ਉਪਕਾਰ ਨਾਲ ਹੋਣਾ ਹੈ।[6] ਜੇ ਈਸਾਈ, ਇਸਲਾਮੀ ਚਿੰਤਕ ਬ੍ਰਹਮਵਿਦਿਆ ਅਤੇ ਲੋਕਿਕਤਾ ਦੇ ਸੰਜੋਗ ਦੀ ਕਲਪਨਾ ਕਰਦੇ ਹਨ ਤਾਂ ਸਿੱਖੀ ਵਿੱਚ ਇਹ ਸੰਜੋਗ ਦੀ ਗੱਲ ਨਹੀਂ, ਕੇਵਲ ਬ੍ਰਹਮਵਿਦਿਆ ਹੈ। ਸਾਡੇ 'ਮਾਤ, ਪਿਤਾ, ਸੰਬੰਧੀ ਲੋਕ' ਪੰਥ ਦਾ ਅੰਸ਼ ਹਨ, ਪੰਥ ਗੁਰੂ ਹੈ। ਸੋ ਸਿੱਖ ਭਾਈ ਭੈਣਾਂ ਦਾ ਉਪਕਾਰ ਗੁਰੂ ਦੀ ਸੇਵਾ ਹੈ। ਗੁਰੂ ਪੰਥ ਦਾ ਵਿਕਲਪ (concept) ਕੇਵਲ ਬ੍ਰਹਮਵਿਦਿਆ ਨਹੀਂ, ਇਹ ਸਾਡਾ ਸਮਾਜ ਵਿਗਿਆਨ ਵੀ ਹੈ। ਜਨ-ਉਪਕਾਰ ਤਾਂ ਪੰਥ-ਉਪਕਾਰ ਦੇ ਵਿਕਲਪ (concept) ਦਾ ਵਾਧਾ ਹੈ। ਜਿਸ ਹੱਦ ਤੱਕ ਸਿੱਖ ਜਨਉਪਕਾਰੀ ਹੁੰਦੇ ਹਨ, ਉਹ ਉਸੇ ਹੱਦ ਤੱਕ ਹਿੰਦੂ ਨਹੀਂ ਹੋਣਗੇ, ਕਿਉਂਕਿ ਕਰਮ ਸਿੱਧਾਂਤ ਨੂੰ ਜਨਉਪਕਾਰ ਦੀ ਲੋੜ ਨਹੀਂ। ਸਿੱਖ ਹਿੰਦੂਆਂ ਨੂੰ ਨਿਮਰਤਾ, ਸਨੇਹ, ਮਾਣ ਸਹਿਤ ਕਹਿ ਸਕਦੇ ਹਨ ਕਿ ਉਹ ਅ.ਨ. ਕੌਲ ਜੇਹੇ ਹਿੰਦੂ ਜਾਂ ਏਜ਼ਾਜ਼ੀ ਸਿੱਖ ਹੋ ਜਾਣ।

---

6. W. Montgomery Watt, *The Guardian,* Weekly, Nov. 13-19, 2003, p. 18; *Islamic Philosophy and Theology,* Edinburgh University Press, 1967, p. 175.

ਗ਼ਦਰ ਲਹਿਰ ਦੇ ਇਤਿਹਾਸ ਵਿੱਚ ਦਦੇਹਰ ਸਾਹਿਬ

ਅਜਮੇਰ ਸਿੰਘ ਤਰਨਤਾਰਨ *

ਦੇਸ਼ ਨੂੰ ਬਰਤਾਨਵੀ ਹਕੂਮਤ ਦੇ ਖ਼ੂਨੀ ਪੰਜੇ ਵਿੱਚੋਂ ਮੁਕਤ ਕਰਵਾਉਣ ਲਈ ਵਿੱਢੇ ਗਏ ਸੰਘਰਸ਼ ਵਿੱਚ ਗ਼ਦਰ ਲਹਿਰ ਦਾ ਮਹੱਤਵਪੂਰਨ ਯੋਗਦਾਨ ਹੈ। ਇਹ ਉਹ ਲਹਿਰ ਹੈ, ਜਿਸ ਦਾ ਜਨਮ ਦੂਰ-ਦੁਰਾਡੇ ਦੇਸ਼ਾਂ ਵਿੱਚ ਰੋਜ਼ਗਾਰ ਦੀ ਭਾਲ ਲਈ ਗਏ ਲੋਕਾਂ ਦੀਆਂ ਮੁਸ਼ਕਲਾਂ, ਆਜ਼ਾਦ ਮੁਲਕ ਦੇ ਵਸਨੀਕਾਂ ਦੇ ਤਾਅਨੇ-ਮਿਹਣੇ ਤੇ ਗ਼ੁਲਾਮੀ ਦੇ ਅਹਿਸਾਸ ਵਿੱਚੋਂ ਹੋਇਆ।

ਬਹੁਤ ਸਾਰੇ, ਪੰਜਾਬ ਵਿੱਚੋਂ ਗਏ ਸਿੱਖਾਂ ਨੇ ਇਸ ਲਹਿਰ ਵਿੱਚ ਵੱਡਮੁੱਲਾ ਯੋਗਦਾਨ ਪਾਇਆ। ਹੁਣ ਦੇ ਜ਼ਿਲ੍ਹਾ ਤਰਨਤਾਰਨ ਦੇ ਪ੍ਰਸਿੱਧ ਪਿੰਡ ਸੁਰ ਸਿੰਘ, ਮਰਹਾਣਾ, ਠੱਠਗੜ੍ਹ, ਲਾਲਪੁਰਾ, ਵੇਈਂਪੂੰਈਂ, ਗਿੱਲਵਾਲੀ ਉਹ ਪਿੰਡ ਹਨ, ਜਿਨ੍ਹਾਂ ਨੇ ਇੱਕ ਤੋਂ ਵੱਧ ਮਹਾਨ ਸੂਰਬੀਰਾਂ ਨੂੰ ਜਨਮ ਦਿੱਤਾ, ਜਿਹੜੇ ਗ਼ਦਰ ਪਾਰਟੀ ਦੇ ਇਤਿਹਾਸ ਵਿੱਚ ਸਦਾ ਹੀ ਧਰੂ ਤਾਰੇ ਦੀ ਤਰ੍ਹਾਂ ਚਮਕਦੇ ਰਹਿਣਗੇ। ਅੱਜ ਜਿਸ ਗ਼ਦਰੀ ਯੋਧਿਆਂ ਦੀ ਧਰਤੀ ਦੀ ਚਰਚਾ ਕੀਤੀ ਜਾ ਰਹੀ ਹੈ, ਉਹ ਹੈ ਮਾਝੇ ਦਾ ਪ੍ਰਸਿੱਧ ਪਿੰਡ ਦਦੇਹਰ ਸਾਹਿਬ। ਇਹ ਪਿੰਡ ਤਰਨਤਾਰਨ ਤੋਂ 'ਹਰੀ ਕੇ ਪੱਤਣ' ਨੂੰ ਜਾਂਦੀ ਸੜਕ ਉੱਤੇ ਸਰਹਾਲੀ ਕਲਾਂ ਪਿੰਡ ਤੋਂ ਤਿੰਨ ਕਿਲੋਮੀਟਰ ਸੱਜੇ ਹੱਥ ਰਹਿ ਜਾਂਦਾ ਹੈ। ਇਥੋਂ ਪੰਜ-ਛੇ ਕਿਲੋਮੀਟਰ ਵਿੱਥ ਉੱਤੇ ਲਹਿੰਦੇ ਪਾਸੇ ਨੂੰ ਪ੍ਰਸਿੱਧ ਕਸਬਾ ਪੱਟੀ ਹੈ। ਦਦੇਹਰ ਤੇ ਸਰਹਾਲੀ ਬਾਰੇ ਇਥੋਂ ਦੇ ਵਸਨੀਕਾਂ ਵਿੱਚ ਆਮ ਪ੍ਰਚਲਿਤ ਰਵਾਇਤ ਹੈ ਕਿ ਇਹ ਦੋਵੇਂ ਪਿੰਡ ਅੱਜ ਤੋਂ ਲਗਭਗ 1200 ਸਾਲ ਪਹਿਲਾਂ ਮਾਲਵੇ ਦੇ ਕਿਸੇ ਪਿੰਡੋਂ ਉੱਠ ਕੇ ਹਰੀਕੇ ਪੱਤਣ ਰਸਤੇ ਸਤਲੁਜ ਦਰਿਆ ਲੰਘ ਕੇ ਆਏ ਚਾਚੇ-ਭਤੀਜੇ ਸੰਧੂ ਜੱਟਾਂ ਨੇ ਬੰਨ੍ਹੇ। ਚਾਚੇ ਦਾ ਨਾਮ ਦਦੇਹਰ ਅਤੇ ਭਤੀਜੇ ਦਾ ਨਾਮ ਜਾਗੋ ਸੀ।[1] ਮੰਨਿਆ ਜਾਂਦਾ ਹੈ ਕਿ ਮਾਲਵੇ ਦੇ ਇਲਾਕੇ ਵਿੱਚ ਪਈ ਸਖ਼ਤ ਔੜ ਕਰਕੇ ਦੋਵੇਂ ਚਾਚਾ-ਭਤੀਜਾ ਆਪਣੇ ਪਸ਼ੂਆਂ ਲਈ ਚਰਾਂਦ ਭਾਲਦੇ ਹੋਏ ਇਸ ਇਲਾਕੇ ਵਿੱਚ ਆ ਪੁੱਜੇ। ਦਦੇਹਰ ਵਾਲੀ ਥਾਂ 'ਤੇ ਪਹਿਲਾਂ ਟਿਕਣ ਕਰਕੇ, ਇਸ ਪਿੰਡ ਦਾ ਨਾਮ ਦਦੇਹਰ ਸਾਹਿਬ ਪ੍ਰਚੱਲਿਤ ਹੋਇਆ। ਭਤੀਜਾ ਜਾਗੋ, ਸਰਹਾਲੀ ਕਲਾਂ ਵਾਲੀ ਧਰਤੀ 'ਤੇ ਆ ਵੱਸਿਆ। ਇੰਜ ਪਿੰਡ ਦਦੇਹਰ ਤੇ ਸਰਹਾਲੀ, ਦੋਹਾਂ ਪਿੰਡਾਂ ਦਾ ਮੁੱਢ ਬੱਝਾ।

1699 ਈ. ਦੀ ਵਿਸਾਖੀ ਨੂੰ ਜਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖ ਸੰਗਤਾਂ ਨੂੰ ਸ੍ਰੀ ਅਨੰਦਪੁਰ ਸਾਹਿਬ ਪਹੁੰਚਣ ਦਾ ਸੱਦਾ ਦਿੱਤਾ ਤਾਂ ਮਾਝੇ ਦੇ ਪਿੰਡ ਦਦੇਹਰ ਸਾਹਿਬ ਵਿਚੋਂ ਬਾਬਾ ਮੋਹਰ ਸਿੰਘ ਤੇ ਬਾਬਾ ਰਣਧੀਰ ਸਿੰਘ ਜੱਥਾ ਬਣਾ ਕੇ ਅਨੰਦਪੁਰ ਸਾਹਿਬ ਦੇ ਸਮਾਗਮ ਵਿੱਚ ਪੁੱਜੇ। ਇਹ ਮਹਾਨ ਦੇਸ਼ ਭਗਤ ਬਾਬਾ ਵਿਸਾਖਾ ਸਿੰਘ ਦੇ ਪੜਦਾਦਾ ਅਤੇ ਨੱਕੜਦਾਦਾ ਸਨ।[2] ਇਸ ਖ਼ਾਨਦਾਨ ਨੇ ਦੇਸ਼-ਸੇਵਾ ਅਤੇ ਕੁਰਬਾਨੀ ਦੇ ਕਾਰਜਾਂ ਵਿੱਚ ਵੱਧ-ਚੜ੍ਹ ਕੇ ਹਿੱਸਾ ਪਾਇਆ। ਬਾਬਾ ਮੋਹਰ ਸਿਘ ਦੇ ਪੰਜ ਪੁੱਤਰ ਹੋਏ। ਇਨ੍ਹਾਂ ਵਿੱਚੋਂ ਵੱਡੇ ਬਾਬਾ ਸੋਭਾ ਸਿੰਘ ਆਹਲੂਵਾਲੀਆ ਤੇਗ ਦੇ ਧਨੀ ਪ੍ਰਸਿੱਧ ਹੋਏ ਹਨ। ਉਨ੍ਹਾਂ ਨਵਾਬ

* ਨਜਦੀਕ ਐਸ.ਡੀ. ਸੀਨੀਅਰ ਸੈਕੰਡਰੀ ਸਕੂਲ, ਤਰਨਤਾਰਨ।

1. ਬਿਕਰਮ ਸਿੰਘ ਘੁੰਮਣ, *ਸੰਤ ਬਾਬਾ ਵਿਸਾਖਾ ਸਿੰਘ*, ਵਾਰਿਸ ਸ਼ਾਹ ਫਾਊਂਡੇਸ਼ਨ, 42-ਗੁਰੂ ਤੇਗ ਬਹਾਦਰ ਨਗਰ, ਡਾਕਖ਼ਾਨਾ ਖ਼ਾਲਸਾ ਕਾਲਜ, ਅੰਮ੍ਰਿਤਸਰ-143002, ਪ੍ਰਿੰਟਵੈੱਲ, 146, ਫੋਕਲ ਪੁਆਇੰਟ, ਅੰਮ੍ਰਿਤਸਰ, ਪ੍ਰਕਾਸ਼ਨ ਵਰ੍ਹਾ – 2001, ਪੰਨਾ 5.
2. *ਉਹੀ*, ਪੰਨਾ 6.

ਜੱਸਾ ਸਿੰਘ ਆਹਲੂਵਾਲੀਆ ਨਾਲ ਰਹਿ ਕੇ ਪੰਥ ਦੀ ਸੇਵਾ ਕੀਤੀ। ਦੂਜੇ, ਬਾਬਾ ਜੋਗਾ ਸਿੰਘ ਨੇ ਅਕਾਲੀ ਫੂਲਾ ਸਿੰਘ ਦੀ ਅਗਵਾਈ ਵਿੱਚ ਮਹਾਰਾਜਾ ਰਣਜੀਤ ਸਿੰਘ ਦੇ ਕਈ ਮੋਰਚੇ ਫ਼ਤਹਿ ਕੀਤੇ ਅਤੇ ਨੌਸ਼ਹਿਰੇ ਦੀ ਜੰਗ ਵਿੱਚ ਸ਼ਹੀਦ ਹੋਏ। ਤੀਜੇ, ਬਾਬਾ ਤੇਗਾ ਸਿੰਘ ਭਜਨੀਕ ਤੇ ਸੂਰਮੇ ਸਨ। ਸ. ਹਰੀ ਸਿੰਘ ਨਲੂਏ ਨਾਲ ਰਲ ਕੇ ਆਕੀ ਪਠਾਣਾਂ ਨਾਲ ਟੱਕਰ ਲੈਂਦੇ ਰਹੇ। 1837 ਈ. ਵਿੱਚ ਸ. ਨਲੂਏ ਨਾਲ ਜਮਰੌਦ ਵਿੱਚ ਸ਼ਹੀਦ ਹੋਏ। ਚੌਥੇ, ਬਾਬਾ ਬੋਘਾ ਸਿੰਘ ਸਿੱਖ ਰਾਜ ਸਮੇਂ ਦੇ ਪ੍ਰਸਿੱਧ ਜਰਨੈਲ ਵੈਨਤੂਰੇ ਦੀ ਰੇਜਮੈਂਟ ਦੇ ਸੂਰਮੇ ਸਿਪਾਹੀ ਸਨ। ਪੰਜਵੇਂ ਸਨ ਬਾਬਾ ਮੇਘ ਸਿੰਘ, ਇਨ੍ਹਾਂ ਪਰਿਵਾਰ ਦੀ ਸਾਰੀ ਜ਼ਿੰਮੇਵਾਰੀ ਆਪਣੇ ਸਿਰ ਲਈ ਰੱਖੀ। ਬਾਬਾ ਮੇਘ ਸਿੰਘ ਦੇ ਪੰਜ ਪੁੱਤਰਾਂ ਵਿੱਚੋਂ ਸਭ ਤੋਂ ਛੋਟੇ ਬਾਬਾ ਦਿਆਲ ਸਿੰਘ ਹੋਏ ਹਨ ਅਤੇ ਉਨ੍ਹਾਂ ਦੇ ਤਿੰਨ ਪੁੱਤਰ ਵਿਸਾਖਾ ਸਿੰਘ, ਮੱਘਰ ਸਿੰਘ ਤੇ ਜਗਤ ਸਿੰਘ ਹੋਏ ਹਨ।[3]

ਪਿੰਡ ਦਦੇਹਰ ਦੇ ਗ਼ਦਰੀ ਦੇਸ਼ ਭਗਤ ਬਾਬਾ ਹਜ਼ਾਰਾ ਸਿੰਘ, ਬਿਸ਼ਨ ਸਿੰਘ ਪੁੱਤਰ ਜਵਾਲਾ ਸਿੰਘ, ਬਿਸ਼ਨ ਸਿੰਘ ਪੁੱਤਰ ਕੇਸਰ ਸਿੰਘ, ਬੰਤਾ ਸਿੰਘ, ਬਲਵੰਤ ਸਿੰਘ, ਵਿਸਾਖਾ ਸਿੰਘ ਪੁੱਤਰ ਈਸ਼ਰ ਸਿੰਘ, ਵਿਸਾਖਾ ਸਿੰਘ ਪੁੱਤਰ ਦਿਆਲ ਸਿੰਘ ਦੀ ਕੁਰਬਾਨੀ ਭਰੀ ਜੀਵਨ-ਗਾਥਾ ਦਾ ਵੇਰਵਾ ਇੰਜ ਹੈ :

1. ਹਜ਼ਾਰਾ ਸਿੰਘ ਪੁੱਤਰ ਬੇਲਾ ਸਿੰਘ (ਦਦੇਹਰ ਸਾਹਿਬ)

ਹਜ਼ਾਰਾ ਸਿੰਘ ਪਿੰਡ ਦਦੇਹਰ ਦਾ ਇੱਕ ਗ਼ਦਰੀ ਇਨਕਲਾਬੀ ਹੈ, ਜਿਸਨੇ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਅਨੇਕਾਂ ਤਸੀਹਿਆਂ ਅਤੇ ਮੁਸ਼ਕਲਾਂ ਦਾ ਸਾਹਮਣਾ ਕੀਤਾ। ਸ਼ੰਘਾਈ ਰਹਿੰਦਿਆਂ ਚੌਂਕੀਦਾਰ ਦੇ ਤੌਰ 'ਤੇ ਕੰਮ ਕੀਤਾ, ਜੋ ਉਨ੍ਹਾਂ ਦਿਨਾਂ ਵਿੱਚ ਰੋਜ਼ਗਾਰ ਲਈ ਵਿਦੇਸ਼ ਗਏ ਪੰਜਾਬੀ ਆਮ ਤੌਰ 'ਤੇ ਕਰਿਆ ਕਰਦੇ ਸਨ।[4] ਹਜ਼ਾਰਾ ਸਿੰਘ ਮੰਨਦਾ ਹੈ ਕਿ ਉਹ 7 ਜਨਵਰੀ, 1915 ਨੂੰ ਐਸ.ਐਸ. 'ਕਟਾਨਾਮਾਰੂ' ਰਾਹੀਂ ਮਨੀਲਾ ਤੋਂ ਭਾਰਤ ਪਰਤਿਆ। ਬਿਸ਼ਨ ਸਿੰਘ ਪੁੱਤਰ ਜਵਾਲਾ ਸਿੰਘ ਅਤੇ ਵਿਸਾਖਾ ਸਿੰਘ ਵੀ ਏਸੇ ਜਹਾਜ਼ ਵਿੱਚ ਭਾਰਤ ਪਰਤੇ। ਪਿੰਡ ਪਹੁੰਚਣ 'ਤੇ ਉਸ ਨੂੰ ਜੂਹ ਬੰਦ ਕਰ ਦਿੱਤਾ ਗਿਆ। ਉਹ ਆਪਣੇ-ਆਪ ਨੂੰ ਨਿਧਾਨ ਸਿੰਘ ਦਾ ਆਦਮੀ ਹੋਣ ਤੋਂ ਅਤੇ ਸਿਪਾਹੀ ਕਿਰਪਾਲ ਸਿੰਘ ਬਾਰੇ ਜਾਣਕਾਰੀ ਤੋਂ ਇਨਕਾਰ ਕਰਦਾ ਹੈ।[5]

ਵਾਅਦਾ ਮੁਆਫ਼ ਗਵਾਹ ਜਵਾਲਾ ਸਿੰਘ ਜੇਲ੍ਹ ਪ੍ਰੇਡ ਸਮੇਂ ਉਸਦੀ ਸ਼ਨਾਖ਼ਤ ਕਰਨ ਵਿੱਚ ਨਾ-ਕਾਮਯਾਬ ਰਿਹਾ, ਪਰੰਤੂ ਅਦਾਲਤ ਵਿੱਚ ਉਸਨੂੰ ਸ਼ੰਘਾਈ ਚੌਂਕੀਦਾਰ ਦੇ ਰੂਪ ਵਿੱਚ ਸ਼ਨਾਖ਼ਤ ਕਰਦਾ ਹੈ। ਦੋ ਹੋਰ ਗਵਾਹ ਸਨ, ਜਿਨ੍ਹਾਂ ਵਿੱਚੋਂ ਇੱਕ ਪੁਲਿਸ ਦਾ ਸਿਪਾਹੀ ਤੇ ਦੂਸਰਾ ਸੂਹੀਆ ਸੀ। ਇਨ੍ਹਾਂ ਦੋਹਾਂ ਗਵਾਹਾਂ ਵਿੱਚੋਂ ਪਹਿਲੇ ਗਵਾਹ ਨੇ 18 ਅਪ੍ਰੈਲ ਨੂੰ ਜੇਲ੍ਹ ਪ੍ਰੇਡ ਸਮੇਂ ਅਦਾਲਤ ਵਿੱਚ ਉਸਦੀ ਸ਼ਨਾਖ਼ਤ ਕੀਤੀ। ਦੂਸਰੇ ਗਵਾਹ ਨੇ ਕਿਹਾ ਕਿ ਉਸਨੇ ਹਜ਼ਾਰਾ ਸਿੰਘ ਨੂੰ ਸਿੰਘਾਪੁਰ ਵੇਖਿਆ ਸੀ। ਗਵਾਹ ਅਤੇ ਹਜ਼ਾਰਾ ਸਿੰਘ ਖ਼ੁਦ ਦੇ ਮੁਤਾਬਕ 11 ਜਨਵਰੀ 1915 ਨੂੰ ਉਹ ਨਾਨਕ ਸਿੰਘ ਦੇ ਚੌਬਾਰੇ (ਅੰਮ੍ਰਿਤਸਰ) ਭਾਰਤ ਵਾਪਸੀ 'ਤੇ ਪੁੱਜਿਆ। ਹਜ਼ਾਰਾ ਸਿੰਘ ਅਨੁਸਾਰ ਬਿਸ਼ਨ ਸਿੰਘ ਤੇ ਵਿਸਾਖਾ ਸਿੰਘ ਨਾਲ ਉਸ ਨਾਨਕ ਸਿੰਘ ਦੇ ਚੌਬਾਰੇ ਵਿੱਚ ਰਾਤ ਕੱਟੀ ਪਰੰਤੂ ਨਿਧਾਨ ਸਿੰਘ, ਕਰਤਾਰ ਸਿੰਘ ਜਾਂ ਮੂਲਾ ਸਿੰਘ ਵਿੱਚੋਂ ਕਿਸੇ ਦੇ ਉਥੇ ਹੋਣ ਤੋਂ ਇਨਕਾਰ ਕਰਦਾ ਹੈ। ਉਥੇ ਕਿਸੇ ਵੀ ਤਰ੍ਹਾਂ ਦਾ ਫੰਡ ਇਕੱਤਰ ਨਹੀਂ ਕੀਤਾ ਗਿਆ, ਪਿਸਤੌਲ ਜਾਂ ਕਾਰਤੂਸਾਂ ਦੀ ਨੁਮਾਇਸ਼ ਤੋਂ ਵੀ ਇਨਕਾਰੀ ਹੈ। ਮੰਨਦਾ ਹੈ ਕਿ ਜਦ ਮੈਂ ਚੌਬਾਰੇ ਵਿੱਚ ਗਿਆ ਤਾਂ ਮੇਰੇ ਕੋਲ ਰੁ. 1000/- ਸਨ।[6]

---

3. *ਉਹੀ*, ਪੰਨਾ 7.
4. Nahar Singh Bhai & Kirpal Singh Bhai, *Struggle for Free Hindustan*, Gadar Directory, Gobind Sadan Institute for Advanced Studies in Comparative Religion Gadaipur, Mehrauli, New Delhi-110030, 1996, p. 36.
5. *Department of Home Political A*, October 1915, File No. 91, p. 249.
6. *ਉਹੀ*, ਪੰਨਾ 249.

ਡਿਫ਼ੈਂਸ ਧਿਰ ਵੱਲ ਦੋਸ਼ੀ ਦਾ ਭਰਾ ਉਸਨੂੰ ਵਾਪਸ ਘਰ ਪਰਤਨ ਲਈ ਲਿਖੇ ਪੱਤਰ ਬਾਰੇ ਦੱਸਦਾ ਹੈ ਕਿਉਂਕਿ ਭਰਾ ਨੇ ਗਵਾਲੀਅਰ ਜ਼ਮੀਨ ਖ਼ਰੀਦੀ ਹੈ। ਇਸਦੀ ਸੰਭਾਲ ਲਈ ਉਸਦੀ ਮਦਦ ਲੋੜੀਂਦੀ ਹੈ। ਲਾਹੌਰ ਸਾਜ਼ਿਸ਼ ਕੇਸ ਤਹਿਤ ਭਾਰਤੀ ਦੰਡਾਵਲੀ ਦੀ ਧਾਰਾ 121, 122, 121 ਏ ਅਧੀਨ ਜਲਾਵਤਨੀ ਅਤੇ ਜਾਇਦਾਦ ਜ਼ਬਤੀ ਦੀ ਸਜ਼ਾ ਸੁਣਾਈ ਗਈ।[7]

4 ਜਨਵਰੀ, 2009 ਨੂੰ ਪਿੰਡ ਦਦੇਹਰ ਸਾਹਿਬ, ਖ਼ੁਦ ਅਤੇ ਆਪਣੇ ਸਾਥੀ ਲਖਵਿੰਦਰ ਸਿੰਘ ਨਾਲ ਗੁਰਦੁਆਰਾ ਤੱਪ ਅਸਥਾਨ ਬਾਬਾ ਵਿਸਾਖਾ ਸਿੰਘ ਪਹੁੰਚ ਕੇ ਵੇਖਿਆ ਕਿ ਗੁਰਦੁਆਰੇ ਦੇ ਕੈਂਪਸ ਵਿੱਚ ਇੱਕ ਛੋਟਾ ਜਿਹਾ ਅਜਾਇਬ ਘਰ ਬਣਿਆ ਹੈ, ਜਿਸ ਵਿੱਚ ਇਲਾਕੇ ਦੇ ਮਹਾਨ ਦੇਸ਼-ਭਗਤਾਂ ਦੀਆਂ ਤਸਵੀਰਾਂ ਸੁਸ਼ੋਭਿਤ ਹਨ। ਗੁਰਦੁਆਰਾ ਸਾਹਿਬ ਵਿਖੇ ਸਾਡੀ ਮੁਲਾਕਾਤ ਮਾਸਟਰ ਇਕਬਾਲ ਸਿੰਘ (ਉਮਰ 80 ਸਾਲ) ਪਿੰਡ ਦੇ ਵਸਨੀਕ ਅਤੇ ਲਾਹੌਰ ਸਾਜਿਸ਼ ਕੇਸ-1 ਵਿੱਚ ਸ਼ਾਮਲ ਬਿਸ਼ਨ ਸਿੰਘ ਪੁੱਤਰ ਕੇਸਰ ਸਿੰਘ ਨਾਲ ਹੋਈ ਤਾਂ ਉਨ੍ਹਾਂ ਸਾਨੂੰ ਲਹਿਰ ਬਾਰੇ ਜਾਣਕਾਰੀ ਦਿੰਦਿਆਂ ਹੇਠ ਲਿਖੀ ਬੰਸਾਵਲੀ ਦੱਸੀ:

ਬੇਲਾ ਸਿੰਘ
|
ਹਜ਼ਾਰਾ ਸਿੰਘ
|
ਹਿੰਮਤ ਸਿੰਘ
|
ਹਰਦਿਆਲ ਸਿੰਘ — ਸੁਖਦੇਵ ਸਿੰਘ[8]

2. ਬਿਸ਼ਨ ਸਿੰਘ ਪੁੱਤਰ ਜਵਾਲਾ ਸਿੰਘ

ਗ਼ਦਰ ਲਹਿਰ ਵਿੱਚ ਦਦੇਹਰ ਦਾ ਇਹ ਜੰਮਪਲ ਰੋਜ਼ਗਾਰ ਦੀ ਭਾਲ ਲਈ ਵਿਦੇਸ਼ ਗਿਆ। 7 ਜਨਵਰੀ, 1915 ਨੂੰ ਐੱਸ.ਐੱਸ. 'ਕਟਾਨਾਮਾਰੂ' ਰਾਹੀਂ ਮਨੀਲਾ ਤੋਂ ਹਜ਼ਾਰਾ ਸਿੰਘ, ਵਿਸਾਖਾ ਸਿੰਘ, ਬਾਜ਼ ਸਿੰਘ ਅਤੇ ਕੇਹਰ ਸਿੰਘ ਦੇ ਨਾਲ ਹੀ ਭਾਰਤ ਪਰਤਿਆ।[9] 1915 ਦੇ ਸ਼ੁਰੂਆਤੀ ਦਿਨਾਂ ਵਿੱਚ ਪੰਜਾਬ ਦੀਆਂ ਇਨਕਲਾਬੀ ਸਰਗਰਮੀਆਂ ਵਿੱਚ ਹਿੱਸਾ ਲੈਂਦੇ ਰਹੇ।[10]

18 ਅਪ੍ਰੈਲ, 1915 ਨੂੰ ਜੇਲ੍ਹ ਪਰੇਡ ਸਮੇਂ ਇਨ੍ਹਾਂ ਦੀ ਸ਼ਨਾਖ਼ਤ ਕਿਰਪਾਲ ਸਿੰਘ ਸਿਪਾਹੀ ਅਤੇ ਨਿੱਕਾ ਦਲਾਲ ਵੱਲੋਂ ਕੀਤੀ ਗਈ। ਗਵਾਹ ਅਤੇ ਖ਼ੁਦ ਬਿਸ਼ਨ ਸਿੰਘ ਦੇ ਮੁਤਾਬਕ ਉਹ ਹਜ਼ਾਰਾ ਸਿੰਘ, ਵਿਸਾਖਾ ਸਿੰਘ ਅਤੇ ਆਪਣੇ 15 ਹੋਰ ਸਾਥੀਆਂ ਨਾਲ ਸਿੱਧਾ ਨਾਨਕ ਸਿੰਘ ਦੇ ਚੌਬਾਰੇ (ਅੰਮ੍ਰਿਤਸਰ) ਗਏ। ਉਥੇ ਕਿਸੇ ਵੀ ਤਰ੍ਹਾਂ ਦਾ ਫੰਡ ਇਕੱਤਰ ਕਰਨ ਤੋਂ ਇਨਕਾਰ ਕਰਦਾ ਹੈ।[11]

---

7. Malwinderjit Singh and Harinder Singh, *War Against King Emperor Gadar of 1914-15*, Bhai Sahib Randhir Singh Trust, 23-G, Srabha Nagar, Ludhiana (Punjab) India, Jai Offset Printer #, Ram Dealer, Phase-II, Chandigarh, November, 2001, p. 416.
8. ਜਾਣਕਾਰੀ ਦੇਣ ਵਾਲਾ : ਮਾਸਟਰ ਇਕਬਾਲ ਸਿੰਘ ਪੁੱਤਰ ਬਿਸ਼ਨ ਸਿੰਘ (ਲਾਹੌਰ ਸਾਜਿਸ਼ ਕੇਸ-I), ਪਿੰਡ ਦਦੇਹਰ ਸਾਹਿਬ, ਤਰਨਤਾਰਨ, ਮਿਤੀ 4 ਜਨਵਰੀ, 2009.
9. *Department of Home Political A*, October 1915, File No.91, p. 225.
10. Nahar Singh Bhai & Kirpal Singh Bhai, *Ibid*, p. 31.
11. *Department of Home Political A*, October 1915, File No.91, p. 225.

ਲਾਹੌਰ ਸਾਜਿਸ਼ ਕੇਸ ਅਧੀਨ ਚਲਾਏ ਗਏ ਮੁਕੱਦਮੇ ਵਿੱਚ ਭਾਰਤੀ ਦੰਡਾਵਲੀ ਦੀ ਧਾਰਾ 121, 122, 121-ਏ ਅਨੁਸਾਰ 13 ਸਤੰਬਰ 1915 ਨੂੰ ਉਮਰ ਭਰ ਲਈ ਜਲਾਵਤਨ ਅਤੇ ਜਾਇਦਾਦ ਜ਼ਬਤੀ ਦੀ ਸਜ਼ਾ ਸੁਣਾਈ ਗਈ।[12]

ਮਾਸਟਰ ਇਕਬਾਲ ਸਿੰਘ ਦਦੇਹਰ ਅਨੁਸਾਰ ਬੰਸਾਵਲੀ :

ਜਵਾਲਾ ਸਿੰਘ

ਬਿਸ਼ਨ ਸਿੰਘ

ਹਰਦਿਆਲ ਸਿੰਘ — ਸੁਖਦੇਵ ਸਿੰਘ

ਜੁਝਾਰ ਸਿੰਘ (ਗਵਾਲੀਅਰ ਰਹਿੰਦਾ ਹੈ) — ਲੜਕੀ

3. ਬਿਸ਼ਨ ਸਿੰਘ ਪੁੱਤਰ ਕੇਸਰ ਸਿੰਘ

ਬਿਸ਼ਨ ਸਿੰਘ ਪੁੱਤਰ ਕੇਸਰ ਸਿੰਘ ਪਿੰਡ ਦਦੇਹਰ ਦਾ ਜੱਟ ਸੀ, ਜੋ ਰੋਜ਼ਗਾਰ ਦੀ ਭਾਲ ਵਿੱਚ ਵਿਦੇਸ਼ ਗਿਆ। ਸ਼ੰਘਾਈ ਪੁਲਿਸ ਵਿੱਚ ਨੌਕਰੀ ਕਰਨ ਵਿੱਚ ਸਫ਼ਲ ਹੋਇਆ।[13] ਹੋਰਨਾਂ ਦੀ ਤਰ੍ਹਾਂ 'ਕਾਮਾਗਾਟਾਮਾਰੂ' ਜਹਾਜ਼ ਰਾਹੀਂ ਵਾਪਸ ਕਲਕੱਤੇ ਪੁੱਜਣ 'ਤੇ ਸਤੰਬਰ 1914 ਵਿੱਚ ਨਜ਼ਰਬੰਦ ਕਰ ਲਿਆ ਗਿਆ ਅਤੇ ਰਿਹਾਈ ਪਿੱਛੋਂ 27 ਜਨਵਰੀ, 1915 ਨੂੰ ਪਿੰਡ ਦਦੇਹਰ ਪੁੱਜਣ 'ਤੇ ਜੂਹ ਬੰਦ ਕੀਤਾ ਗਿਆ।[14] ਲਾਹੌਰ ਸਾਜਿਸ਼ ਕੇਸ ਵਿੱਚ ਭਾਰਤੀ ਦੰਡਾਵਲੀ ਦੀ ਧਾਰਾ 121, 122, 121-ਏ ਤਹਿਤ ਜਲਾਵਤਨੀ ਅਤੇ ਜਾਇਦਾਦ ਜ਼ਬਤੀ ਦੀ ਸਜ਼ਾ ਸੁਣਾਈ ਗਈ।[15]

ਮਾਸਟਰ ਇਕਬਾਲ ਸਿੰਘ ਜੀ ਦੇ ਦੱਸਣ ਮੁਤਾਬਕ ਪਰਿਵਾਰਕ ਬੰਸਾਵਲੀ ਇਸ ਤਰ੍ਹਾਂ ਹੈ :

ਕੇਸਰ ਸਿੰਘ

ਬਿਸ਼ਨ ਸਿੰਘ (L.C.C.I.) — ਬਲਵੰਤ ਸਿੰਘ

ਮਾਸਟਰ ਇਕਬਾਲ ਸਿੰਘ (ਜਾਣਕਾਰੀ ਦੇਣ ਵਾਲਾ) — ਸੁਲੱਖਣ ਸਿੰਘ

ਕੁਲਦੀਪ ਸਿੰਘ — ਮਲਕੀਤ ਸਿੰਘ — ਨਿਰਵੈਲ ਸਿੰਘ — ਬਲਵਿੰਦਰ ਸਿੰਘ

---

12. Malwinderjit Singh and Harinder Singh, *War Against King Emperor*, p. 413.
13. Nahar Singh Bhai & Kirpal Singh Bhai, *Ibid.*, p. 31.
    Department of Home Political A, October 1915, File No.91, Accused No.10.
14. *Department of Home Political A*, October 1915, File No.91, Accused No.10.
15. Malwinderjit Singh and Harinder Singh, *War Against King Emperor*, p. 413.

ਮਾਸਟਰ ਇਕਬਾਲ ਸਿੰਘ ਦੱਸਦੇ ਹਨ ਕਿ ਜਿਸ ਵਕਤ ਕਾਮਾਗਾਟਾਮਾਰੂ ਜਹਾਜ਼ 'ਤੇ ਗੋਲੀ ਚਲਾਈ ਗਈ ਤਾਂ ਇੱਕ ਗੋਲੀ ਬਿਸ਼ਨ ਸਿੰਘ ਦੀ ਪੱਗ ਨਾਲ ਖਹਿ ਕੇ ਲੰਘੀ।

4. ਬੰਤਾ ਸਿੰਘ

ਗੁੱਜਰ ਸਿੰਘ ਭਕਨਾ ਕਲਾਂ ਦੇ ਉਤਸ਼ਾਹਿਤ ਕਰਨ 'ਤੇ ਇਨਕਲਾਬੀ ਗਤੀਵਿਧੀਆਂ ਵਿੱਚ ਹਿੱਸਾ ਲੈਣ ਲਈ 1914 ਵਿੱਚ ਸ਼ੰਘਾਈ ਤੋਂ ਵਾਪਿਸ ਆਇਆ। ਨਵੰਬਰ ਮਹੀਨੇ ਹੋਈ ਝਾੜ ਸਾਹਿਬ ਮੀਟਿੰਗ ਵਿੱਚ ਹਿੱਸਾ ਲਿਆ।[16]

5. ਬਲਵੰਤ ਸਿੰਘ ਉਰਫ਼ ਬੰਤਾ ਸਿੰਘ ਉਰਫ਼ ਹਰਬੰਸ ਸਿੰਘ ਪੁੱਤਰ ਕੇਸਰ ਸਿੰਘ

ਬਲਵੰਤ ਸਿੰਘ ਉਨ੍ਹਾਂ ਸੂਰਬੀਰਾਂ ਵਿੱਚੋਂ ਇੱਕ ਸੀ, ਜਿਨ੍ਹਾਂ ਨੇ ਝਾੜ ਸਾਹਿਬ ਅਤੇ ਕੈਰੋਂ ਹੋਈਆਂ ਗ਼ਦਰੀ ਦੇਸ਼-ਭਗਤਾਂ ਦੀਆਂ ਮੀਟਿੰਗਾਂ ਵਿੱਚ ਹਿੱਸਾ ਲਿਆ। ਥਾਣਾ ਸਰਹਾਲੀ ਤੇ ਕੀਤੇ ਨਾ-ਕਾਮਯਾਬ ਹਮਲੇ ਵਿੱਚ ਸ਼ਾਮਲ ਹੋਇਆ। ਗੁੱਜਰ ਸਿੰਘ ਭਕਨਾ ਦਾ ਨਜ਼ਦੀਕੀ ਸਾਥੀ ਸੀ।[17]


ਗ੍ਰਿਫ਼ਤਾਰੀ ਉਪਰੰਤ, ਸਪਲੀਮੈਂਟਰੀ ਲਾਹੌਰ ਸਾਜ਼ਿਸ਼ ਕੇਸ ਹੇਠ ਇਸ 'ਤੇ ਮੁਕੱਦਮਾ ਚੱਲਿਆ ਪਰੰਤੂ ਬਾਅਦ ਵਿਚ ਬਲਵੰਤ ਸਿੰਘ ਤੋਂ ਕੇਸ ਵਾਪਸ ਲੈ ਲਿਆ ਗਿਆ।[18]

6. ਵਿਸਾਖਾ ਸਿੰਘ ਪੁੱਤਰ ਈਸ਼ਰ ਸਿੰਘ

ਅਕਤੂਬਰ 1914 ਵਿੱਚ 'ਨਾਮਸੰਗ' 'ਤੇ ਵਾਪਸ ਭਾਰਤ ਪਰਤਣ ਵਾਲੇ ਬਾਬਾ ਸੋਹਣ ਸਿੰਘ ਭਕਨਾ ਅਤੇ ਗੁੱਜਰ ਸਿੰਘ ਭਕਨਾ ਦੇ ਸਾਥੀਆਂ ਵਿੱਚੋਂ ਇੱਕ ਬਾਬਾ ਵਿਸਾਖਾ ਸਿੰਘ ਵੀ ਸੀ।[19]

30 ਮਾਰਚ, 1916 ਨੂੰ ਸਪਲੀਮੈਂਟਰੀ ਲਾਹੌਰ ਸਾਜਿਸ਼ ਕੇਸ ਦੇ ਫ਼ੈਸਲੇ ਅਨੁਸਾਰ ਭਾਰਤੀ ਦੰਡਾਵਲੀ ਦੀ ਧਾਰਾ 121 ਤਹਿਤ ਉਮਰ ਭਰ ਲਈ ਜਲਾਵਤਨੀ ਅਤੇ ਜਾਇਦਾਦ ਜ਼ਬਤੀ ਦੀ ਸਜ਼ਾ ਸੁਣਾਈ ਗਈ, ਜੋ ਮੁੜ ਵਿਚਾਰਨ 'ਤੇ 7 ਸਾਲ ਜਲਾਵਤਨੀ ਦੀ ਸਜ਼ਾ ਕੀਤੀ ਗਈ।[20]

ਮਾਸਟਰ ਇਕਬਾਲ ਸਿੰਘ ਦਦੇਹਰ ਵਾਸੀ ਵੱਲੋਂ ਬੰਸਾਵਲੀ ਬਾਰੇ ਦਿੱਤੀ ਜਾਣਕਾਰੀ ਇੰਝ ਹੈ :



16. Nahar Singh Bhai & Kirpal Singh Bhai, *Ibid.*, p. 29.
17. *Ibid.*, p. 28.
18. Malwinderjit Singh and Harinder Singh, *War Against King Emperor*, p. 427.
19. Nahar Singh Bhai & Kirpal Singh Bhai, *Ibid.*, p. 54.
20. Malwinderjit Singh and Harinder Singh, *War Against King Emperor*, p. 444.

7. ਵਿਸਾਖਾ ਸਿੰਘ ਪੁੱਤਰ ਦਿਆਲ ਸਿੰਘ

ਵਿਸਾਖਾ ਸਿੰਘ ਦਾ ਜਨਮ 1877 ਈਸਵੀ ਨੂੰ ਸ. ਦਿਆਲ ਸਿੰਘ ਸੰਧੂ ਤੇ ਮਾਤਾ ਇੰਦ ਕੌਰ ਦੇ ਘਰ ਹੋਇਆ। ਵਿਸਾਖਾ ਸਿੰਘ ਦੇ ਪਿਤਾ ਜ਼ਿਮੀਦਾਰਾ ਕਰਦੇ ਸਨ। ਵਿਸਾਖਾ ਸਿੰਘ ਜਦ 18-19 ਸਾਲ ਦਾ ਹੋਇਆ ਤਾਂ ਪੇਂਡੂ ਨੌਜਵਾਨਾਂ ਦੀ ਤਰ੍ਹਾਂ ਫ਼ੌਜ ਵਿੱਚ ਭਰਤੀ ਹੋਣ ਦੇ ਸ਼ੌਕ ਨਾਲ ਜਿਹਲਮ ਜਾ ਕੇ 11 ਨੰਬਰ ਰਸਾਲੇ ਵਿੱਚ ਭਰਤੀ ਹੋ ਗਿਆ। ਘੋੜੇ ਦੀ ਕੀਮਤ ਵਜੋਂ 250/- ਰੁਪਏ ਅਮਾਨਤ ਵੀ ਜਮ੍ਹਾਂ ਕਰਵਾ ਦਿੱਤੀ। ਫ਼ੌਜੀ ਟ੍ਰੇਨਿੰਗ ਲੈ ਕੇ ਰਸਾਲੇ ਸਮੇਤ ਮੀਆਂ ਮੀਰ (ਲਾਹੌਰ) ਛਾਉਣੀ ਵਿੱਚ ਆ ਗਿਆ। ਆਪਣੇ ਕੰਮ-ਕਾਜ ਵਿੱਚ ਪੂਰੀ ਲਗਨ ਤੇ ਮਿਹਨਤ ਕਰਿਆ ਕਰਦੇ ਸਨ। ਇੱਕ ਵਾਰ ਬੰਦੂਕ ਦੇ ਨਿਸ਼ਾਨੇ ਦਾ ਮੁਕਾਬਲਾ ਹੋਇਆ, ਜਿਸ ਵਿੱਚ ਅੰਗਰੇਜ਼ ਅਫ਼ਸਰ ਵੀ ਸ਼ਾਮਲ ਹੋਏ। ਸਾਰੇ ਵਾਰੋ-ਵਾਰੀ ਆਉਂਦੇ ਤੇ ਨਿਸ਼ਾਨਾ ਲਾਉਂਦੇ। ਆਖ਼ਰੀ ਵਾਰੀ ਵਿੱਚ ਮੁਕਾਬਲਾ ਵਿਸਾਖਾ ਸਿੰਘ 'ਤੇ ਇੱਕ ਅੰਗਰੇਜ਼ ਅਫ਼ਸਰ ਵਿਚਕਾਰ ਸੀ। ਫ਼ੌਜੀ ਬੜੇ ਉਤਸ਼ਾਹਿਤ ਸਨ। ਵਿਸਾਖਾ ਸਿੰਘ ਦੀ ਵਾਰੀ ਆਈ ਤਾਂ ਉਸਨੇ ਠੀਕ ਨਿਸ਼ਾਨੇ 'ਤੇ ਫਾਇਰ ਕੀਤਾ। ਹੁਣ ਵਾਰੀ ਅੰਗਰੇਜ਼ ਅਫ਼ਸਰ ਦੀ ਸੀ, ਉਸਦਾ ਨਿਸ਼ਾਨਾ ਉੱਕ ਗਿਆ। ਇੱਕ ਕੋਲ ਖੜ੍ਹੇ ਸਵਾਰ ਦੇ ਮੂੰਹੋਂ ਸੁਭਾਵਿਕ ਹੀ ਨਿਕਲਿਆ। ਸਾਹਿਬ ਬਹਾਦਰ ਮਿੱਸ। ਲਾਗੇ ਖੜ੍ਹੇ ਵਿਸਾਖਾ ਸਿੰਘ ਨੇ ਕਿਹਾ ਕਿ ਸਾਹਿਬ ਅਜੇ ਵੀ ਬਹਾਦਰ ਹਨ? ਤਾਂ ਸਵਾਰ ਸ਼ਰਮਸ਼ਾਰ ਹੋਇਆ।[21]


ਅੰਗਰੇਜ਼ਾਂ ਵੱਲੋਂ ਹੁੰਦੀ ਬੇਇਨਸਾਫ਼ੀ ਨੇ ਉਸਨੂੰ ਝੰਜੋੜ ਕੇ ਰੱਖ ਦਿੱਤਾ, ਜਿਸ ਨੇ ਉਸ ਅੰਦਰ ਨਵੀਂ ਰੂਹ ਪੈਦਾ ਕੀਤੀ। ਉਸ ਵਕਤ ਕਿਸਾਨਾਂ ਦਾ ਇੱਕ ਇਕੱਠ 27 ਜਨਵਰੀ, 1907 ਨੂੰ ਸਾਂਗਲੇ ਕੀਤਾ ਤੇ ਫਿਰ 3 ਫਰਵਰੀ ਨੂੰ ਲਾਇਲਪੁਰ ਹੋਇਆ। 23 ਮਾਰਚ ਨੂੰ ਲਾਹੌਰ ਤੇ 27 ਮਾਰਚ ਨੂੰ ਅੰਮ੍ਰਿਤਸਰ ਵਿੱਚ ਭਾਰੀ ਜਲੂਸ ਨਿਕਲੇ। 21 ਅਪ੍ਰੈਲ, 1907 ਦੀ ਸ਼ਾਮ, ਗੰਜ ਮੰਡੀ ਰਾਵਲਪਿੰਡੀ ਵਿੱਚ ਜਲਸਾ ਹੋਇਆ, ਜਿਸਨੂੰ ਵਿਸਾਖਾ ਸਿੰਘ ਨੇ ਸੁਣਿਆ।[22] 25 ਅਪ੍ਰੈਲ ਨੂੰ ਉੱਘੇ ਦੇਸ਼-ਭਗਤ ਸ. ਅਜੀਤ ਸਿੰਘ ਨੇ ਮੁਲਤਾਨ ਵਿੱਚ ਭਾਸ਼ਣ ਦੇਣਾ ਸੀ। ਦਸ ਹਜ਼ਾਰ ਤੋਂ ਵੱਧ ਲੋਕਾਂ ਦੇ ਇਕੱਠ ਨੇ ਉਸਦਾ ਭਾਸ਼ਣ ਸੁਣਿਆ। ਵਿਸਾਖਾ ਸਿੰਘ ਵੀ ਸ਼ਾਮਲ ਸੀ। ਅੰਗਰੇਜ਼ ਅਧਿਕਾਰੀਆਂ ਨੂੰ ਜਦੋਂ ਇਸ ਗੱਲ ਦਾ ਪਤਾ ਲੱਗਾ ਤਾਂ ਉਨ੍ਹਾਂ ਪਹਿਲਾਂ ਉਸਨੂੰ ਪ੍ਰੇਰਿਆ ਤੇ ਫਿਰ ਤਾੜਨਾ ਕੀਤੀ। ਵਿਸਾਖਾ ਸਿੰਘ ਦਾ ਜਵਾਬ ਸੀ ਕਿ ਮੈਂ ਹੁਣ ਨੌਕਰੀ ਨਹੀਂ ਕਰਨਾ ਚਾਹੁੰਦਾ। ਨੌਕਰੀ ਛੱਡ ਕੇ ਪਿੰਡ ਆ ਗਿਆ।[23] ਕੁਝ ਸਮੇਂ ਬਾਅਦ ਉਸਨੇ ਰੋਜ਼ਗਾਰ ਦੀ ਭਾਲ ਲਈ ਵਿਦੇਸ਼ ਜਾਣ ਦਾ ਮਨ ਬਣਾ ਲਿਆ। ਸ਼ੰਘਾਈ ਜਾ ਕੇ ਪੁਲਿਸ ਵਿੱਚ ਭਰਤੀ ਹੋ ਗਿਆ ਤੇ ਫਿਰ ਉਥੋਂ ਕੈਨੇਡਾ ਚਲਾ ਗਿਆ।[24] 7 ਜਨਵਰੀ, 1915 ਨੂੰ ਐੱਸ.ਐੱਸ. 'ਕਾਟਾਨਾਮਾਰੂ' 'ਤੇ ਵਾਪਿਸ ਪੁੱਜਣ 'ਤੇ ਪੰਜਾਬ ਵਿਚਲੀਆਂ ਇਨਕਲਾਬੀ ਸਰਗਰਮੀਆਂ ਵਿੱਚ ਹਿੱਸਾ ਪਾਇਆ। ਇਨ੍ਹਾਂ ਸਰਗਰਮੀਆਂ ਦੇ ਦੋਸ਼ਾਂ ਅਧੀਨ ਲਾਹੌਰ ਸਾਜਿਸ਼ ਕੇਸ ਤਹਿਤ ਮੁਕੱਦਮਾ ਚਲਾਇਆ ਗਿਆ, ਜਿਸਦੇ ਫ਼ੈਸਲੇ ਅਨੁਸਾਰ ਉਮਰ ਭਰ ਲਈ ਜਲਾਵਤਨ ਅਤੇ ਜਾਇਦਾਦ ਜ਼ਬਤ ਦੀ ਸਜ਼ਾ ਸੁਣਾਈ ਗਈ। ਜਨਵਰੀ 1920 ਵਿੱਚ ਟਾਇਲ ਐਮਨੈਸਟੀ ਅਧੀਨ ਰਿਹਾਅ ਕਰ ਦਿੱਤਾ ਗਿਆ। ਗ਼ਦਰ, ਬੱਬਰ ਅਕਾਲੀ ਤੇ ਹੋਰ ਲਹਿਰਾਂ ਵਿੱਚ ਸ਼ਾਮਿਲ ਸਿੱਖ ਪਰਿਵਾਰਾਂ ਦੀ ਸਹਾਇਤਾ ਲਈ 'ਦੇਸ਼-ਭਗਤ ਕੈਦੀ ਪਰਿਵਾਰ ਸਹਾਇਕ ਕਮੇਟੀ' ਬਣਾਈ ਗਈ, ਜਿਸਦੇ ਉਨ੍ਹਾਂ ਨੂੰ ਪ੍ਰਧਾਨ ਚੁਣਿਆ ਗਿਆ। 1926 ਵਿੱਚ ਪੰਜਾਬ ਤੇ ਅਗਲੇ ਸਾਲ ਕਸ਼ਮੀਰ ਦਾ ਦੌਰਾ ਕੀਤਾ ਤੇ ਦੇਸ਼ ਭਗਤਾਂ ਨੂੰ ਰਿਹਾਅ ਕਰਵਾਉਣ ਲਈ ਯਤਨ ਕੀਤੇ। 1928 ਵਿੱਚ ਸਿੱਖ ਲੀਗ ਦੇ

---

21. ਜੱਸ, ਜਸਵੰਤ ਸਿੰਘ, *ਬਾਬਾ ਵਿਸਾਖਾ ਸਿੰਘ ਜੀਵਨੀ,* ਨਿਊ ਬੁੱਕ ਕੰਪਨੀ, ਮਾਈ ਹੀਰਾਂ ਗੇਟ, ਜਲੰਧਰ, ਸ੍ਰੀ ਰਮੇਸ਼ ਚੰਦਰ, ਹਿੰਦੀ ਪ੍ਰੈੱਸ, ਪੱਕਾ ਬਾਗ, ਜਲੰਧਰ, ਪਹਿਲੀ ਵਾਰ 1979, ਪੰਨਾ 8-9.
22. *ਉਹੀ*, ਪੰਨਾ 19.
23. *ਉਹੀ*, ਪੰਨਾ 24.
24. Nahar Singh Bhai & Kirpal Singh Bhai, *Ibid.*, p. 54.

ਜੂਨੀਅਰ ਵਾਈਸ ਪ੍ਰੈਜ਼ੀਡੈਂਟ ਚੁਣੇ ਗਏ। ਜੂਨ 1929 ਨੂੰ ਫੰਡ ਇਕੱਤਰ ਕਰਨ ਲਈ ਕਲਕੱਤੇ ਅਤੇ ਸ਼ਿਲਾਂਗ ਦਾ ਦੌਰਾ ਕੀਤਾ। 'ਰਾਜਸੀ ਕੈਦੀ ਰਿਹਾਅ ਸਭਾ' ਅੰਮ੍ਰਿਤਸਰ ਵਿੱਚ ਸ਼ੁਰੂ ਕੀਤੀ। ਫਰਵਰੀ 1932 ਵਿੱਚ ਉਨ੍ਹਾਂ ਨੇ 1914-15 ਵਾਲੇ ਸਾਜਿਸ਼ ਕੇਸ ਦੇ ਕੈਦੀਆਂ ਨਾਲ ਮੁਲਤਾਨ ਜੇਲ੍ਹ ਵਿੱਚ ਮੁਲਾਕਾਤ ਕੀਤੀ ਤੇ ਉਨ੍ਹਾਂ ਨੂੰ ਰਿਹਾਅ ਕਰਵਾਉਣ ਲਈ ਵਾਇਦਾ ਕੀਤਾ। ਉਹ ਕਿਰਤੀ ਲਹਿਰ ਦੇ ਕੱਟੜ ਸਮਰਥਕ ਸਨ।[25]

ਮਾਸਟਰ ਇਕਬਾਲ ਸਿੰਘ ਅਨੁਸਾਰ ਬੰਸਾਵਲੀ :



ਇਸ ਤਰ੍ਹਾਂ ਦੇਸ਼ ਨੂੰ ਜ਼ਾਲਮ ਅੰਗਰੇਜ਼ ਹਕੂਮਤ ਤੋਂ ਮੁਕਤ ਕਰਵਾਉਣ ਦਾ ਜੋ ਬੀੜਾ ਹਿੰਦੀ ਸੂਰਬੀਰਾਂ ਨੇ ਵਿਦੇਸ਼ ਦੀ ਧਰਤੀ 'ਤੇ ਜਾ ਕੇ ਸ਼ੁਰੂ ਕੀਤਾ, ਉਸ ਨੂੰ ਨੇਪਰੇ ਚਾੜ੍ਹਨ ਲਈ ਮਾਝੇ ਦੇ ਇਸ ਪਿੰਡ ਦੇ ਜੁਝਾਰੂਆਂ ਨੇ ਵੀ ਆਪਣਾ ਵੱਡਮੁੱਲਾ ਯੋਗਦਾਨ ਪਾਇਆ।

25. The Director, Intelligence Bureau, Department of Home, Govt. of India, *The Ghadr Directory*, Punjabi University, Patiala, 1997, pp. 295-96.

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਸਿੱਖ ਇਤਿਹਾਸ ਵਿੱਚ ਯੋਗਦਾਨ

ਗੁਰਜਿੰਦਰ ਸਿੰਘ *

ਵਿਸ਼ਵ ਦੇ ਹਰ ਧਰਮ ਦੇ ਅਨੁਯਾਈਆਂ ਨੇ ਆਪਣੇ ਧਰਮ ਅਸਥਾਨਾਂ ਨੂੰ ਵੱਖਰੇ ਵੱਖਰੇ ਨਾਮ ਦਿੱਤੇ ਹਨ। ਸਿੱਖ ਧਰਮ ਦੇ ਧਾਰਮਿਕ ਅਸਥਾਨ ਨੂੰ 'ਗੁਰਦੁਆਰਾ' ਕਿਹਾ ਜਾਂਦਾ ਹੈ। ਇਹ ਗੁਰਦੁਆਰੇ-ਗੁਰਧਾਮ ਸਿੱਖਾਂ ਨੂੰ ਆਪਣੀ ਜਿੰਦ-ਜਾਨ ਤੋਂ ਵੀ ਵੱਧ ਪਿਆਰੇ ਹਨ। ਸਿੱਖ ਗੁਰੂ ਸਾਹਿਬਾਨ ਨੇ ਜ਼ਮੀਨ ਦੇ ਜਿਸ ਵੀ ਜ਼ੱਰੇ ਨੂੰ ਆਪਣੀ ਪਾਵਨ ਚਰਨ ਛੋਹ ਬਖਸ਼ਿਸ਼ ਕੀਤੀ, ਉਹ ਸਿੱਖਾਂ ਲਈ ਪੂਜਣਯੋਗ ਹੋ ਗਿਆ ਅਤੇ ਗੁਰਸਿੱਖ ਸੰਗਤਾਂ ਨੇ ਉਹਨਾਂ ਥਾਵਾਂ ਤੇ ਸੁੰਦਰ ਗੁਰਦੁਆਰੇ ਉਸਾਰ ਦਿੱਤੇ। ਇਹਨਾਂ ਦੀ ਵਿਲੱਖਣਤਾ ਇਹ ਹੈ ਕਿ ਬਾਕੀ ਧਰਮਾਂ ਦੇ ਤੀਰਥ ਅਸਥਾਨਾਂ ਵਾਂਗ ਇਹ ਕਿਸੇ ਇਕ ਫ਼ਿਰਕੇ ਜਾਂ ਜਾਤੀ ਲਈ ਨਾ ਹੋ ਕੇ ਸਮੁੱਚੀ ਮਾਨਵਤਾ ਲਈ ਆਤਮਿਕ ਤ੍ਰਿਪਤੀ ਦੇ ਸਰੋਤ ਹੋਣ ਤੋਂ ਇਲਾਵਾ ਜਿੱਥੇ ਇਹ ਲੋੜਵੰਦਾਂ ਲਈ ਮਦਰੱਸਾ, ਰੋਗੀਆਂ ਲਈ ਸਫ਼ਾਖ਼ਾਨਾ, ਯਾਤਰੂਆਂ ਲਈ ਰੈਣ-ਬਸੇਰਾ ਹੈ, ਉਥੇ ਇਹਨਾਂ ਗੁਰਦੁਆਰਿਆਂ ਵਿਚ ਪਹੁੰਚਣ ਵਾਲੇ ਹਰ ਸ਼ਰਧਾਲੂ ਲਈ ਲੰਗਰ ਹਰ ਵੇਲੇ ਚਲਦੇ ਹਨ।

ਸਿੱਖ ਕੌਮ ਦੀ ਸ਼ਾਨ ਸਮਝੇ ਜਾਂਦੇ ਇਹਨਾਂ ਗੁਰਦੁਆਰਿਆਂ ਦੇ ਪ੍ਰਬੰਧ ਵਿਚ ਕਿਸੇ ਕਿਸਮ ਦੀ ਕੋਤਾਹੀ ਜਾਂ ਬਾਹਰੀ ਦਾਖ਼ਲਾ ਸਿੱਖ ਕੌਮ ਨੇ ਕਦੇ ਬਰਦਾਸ਼ਤ ਨਹੀਂ ਕੀਤਾ। ਗੁਰੂ ਸਾਹਿਬਾਨ ਦੇ ਸਮੇਂ ਗੁਰਦੁਆਰਾ ਪ੍ਰਬੰਧਾਂ ਲਈ 'ਮੰਜੀ ਪ੍ਰਥਾ' ਅਤੇ 'ਮਸੰਦ ਪ੍ਰਥਾ' ਪ੍ਰਚਲਿਤ ਰਹੀ ਪਰ ਗੁਰੂ ਗੋਬਿੰਦ ਸਿੰਘ ਜੀ ਨੇ ਭ੍ਰਿਸ਼ਟ ਤੇ ਕੁਕਰਮੀ ਮਸੰਦਾਂ ਨੂੰ ਆਪਣੇ ਹੱਥੀਂ ਸੋਧ ਕੇ 'ਖਾਲਸਾ ਪੰਥ' ਨੂੰ ਸੇਧ ਦਿੱਤੀ ਕਿ ਗੁਰਦੁਆਰਾ ਪ੍ਰਬੰਧ ਵਿਚ ਵਿਗਾੜ ਲਈ ਕਿਸੇ ਨਾਲ ਕੋਈ ਲਿਹਾਜ਼ ਨਹੀਂ।

ਗੁਰੂ ਸਾਹਿਬਾਨ ਦੇ ਸਮੇਂ ਤੋਂ ਬਾਅਦ ਗੁਰਦੁਆਰਾ ਪ੍ਰਬੰਧ ਨੂੰ ਸੁਚੱਜੇ ਢੰਗ ਨਾਲ ਚਲਾਉਣ ਲਈ ਸਿੱਖ ਰਾਜਿਆਂ ਨੇ ਸਮੇਂ ਸਮੇਂ ਸਿਰ ਉਪਰਾਲੇ ਕੀਤੇ। ਮਹਾਰਾਜਾ ਰਣਜੀਤ ਸਿੰਘ ਦੇ ਚਲਾਣੇ ਉਪਰੰਤ "ਖਾਲਸਾ ਸਰਕਾਰ ਦਾ ਸੂਰਜ ਡੁੱਬ ਜਾਣ ਕਾਰਨ ਇਕ ਵਾਰ ਤਾਂ ਸਿੱਖ ਸੰਸਾਰ ਵਿਚ ਹਨ੍ਹੇਰਾ ਛਾ ਗਿਆ। ਕੱਲ੍ਹ, ਰਾਜ ਭਾਗ ਦੀ ਮਾਲਕ ਕੌਮ, ਜਿਸਦਾ ਝੰਡਾ ਸਤਲੁਜ ਤੋਂ ਲੈ ਕੇ ਦੱਰਾ ਖ਼ੈਬਰ ਤੱਕ ਅਤੇ ਸਿੰਧ ਤੋਂ ਲੈ ਕੇ ਤਿੱਬਤ ਤੱਕ ਝੂਲਦਾ ਸੀ, ਬਿਲਕੁਲ ਭਿਖਾਰੀਆਂ ਵਾਂਗ ਨਿਹੱਥੀ ਅਤੇ ਨਿਤਾਣੀ ਬਣਾ ਦਿੱਤੀ ਗਈ। ਸਿੱਖ ਮਾਰੇ ਮਾਰੇ ਫਿਰ ਰਹੇ ਸਨ। ਉਹ ਹੈਰਾਨ ਤੇ ਦੁਖੀ ਸਨ ਕਿ ਕਿਵੇਂ ਸੱਤ ਅੱਠ ਦਹਾਕਿਆਂ ਵਿਚ ਲੰਮੀ ਘਾਲ ਬਾਅਦ ਬਣਾਈ ਸਲਤਨਤ ਡੋਗਰਾ-ਗਰਦੀ ਅਤੇ ਫਿਰੰਗੀ-ਗਰਦੀ ਦਾ ਸ਼ਿਕਾਰ ਹੋ ਕੇ ਸੱਤ ਅੱਠ ਸਾਲਾਂ ਵਿਚ ਮਾਰ ਮਿਟਾ ਦਿੱਤੀ ਗਈ।"[1] ਮਹਾਰਾਜਾ ਰਣਜੀਤ ਸਿੰਘ ਪਿਛੋਂ ਹੁਣ ਸਰਕਾਰ ਡੋਗਰੇ ਹੀ ਚਲਾ ਰਹੇ ਸਨ। ਗੁਰਦੁਆਰਿਆਂ ਵਿਚ ਡੋਗਰਾ ਦਖਲਅੰਦਾਜ਼ੀ ਨੇ ਸਾਰਾ ਗੁਰਦੁਆਰਾ ਪ੍ਰਬੰਧ ਹੀ ਵਿਗਾੜ ਦਿੱਤਾ ਅਤੇ ਗੁਰਦੁਆਰਿਆਂ ਵਿਚੋਂ ਗੁਰਮਤਿ ਦਾ ਪ੍ਰਚਾਰ ਅਲੋਪ ਹੁੰਦਾ ਗਿਆ। ਸਿੱਖ ਸਮਾਜ ਫਿਰ ਬ੍ਰਾਹਮਣਵਾਦ ਦਾ ਸ਼ਿਕਾਰ ਹੋਣ ਲੱਗਾ।

---

* ਰਿਸਰਚ ਸਕਾਲਰ, ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

1. ਪਿਆਰਾ ਸਿੰਘ ਪਦਮ, *ਸੰਖੇਪ ਸਿੱਖ ਇਤਿਹਾਸ (1469-1962),* ਪੰਨਾ 278.

ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਸ਼ਾਸ਼ਨ ਕਾਲ ਵਿਚ ਗੁਰਦੁਆਰਿਆਂ ਦੇ ਨਾਂ ਜ਼ਮੀਨਾਂ ਜਾਇਦਾਦਾਂ ਲਾਈਆਂ, ਸੁੰਦਰ ਤੇ ਅਲੀਸ਼ਾਨ ਇਮਾਰਤਾਂ ਬਣਵਾਈਆਂ। ਇਹਨਾਂ ਜਾਇਦਾਦਾਂ ਨੂੰ ਹੁਣ ਗੁਰਦੁਆਰਿਆਂ ਵਿਚ ਸੇਵਾ ਹਿੱਤ ਬਿਠਾਏ 'ਉਦਾਸੀ' ਆਪਣੀਆਂ ਘਰੋਗੀ ਜਾਇਦਾਦਾਂ ਸਮਝਣ ਲੱਗੇ। ਉਹ ਧਰਮ ਅਰਥ ਆਏ ਚੜ੍ਹਾਵੇ ਦੀ ਗ਼ਲਤ ਵਰਤੋਂ ਕਰਨ ਲੱਗੇ। ਅੰਗਰੇਜ਼ਾਂ ਨੇ ਉਹਨਾਂ ਨੂੰ ਪੂਰੀ-ਪੂਰੀ ਸ਼ਹਿ ਅਤੇ ਸਰਪ੍ਰਸਤੀ ਦਿੱਤੀ। ਉਹਨਾਂ ਨੇ ਗੁਰੂ ਘਰਾਂ ਵਿਚ ਮਨਮਾਨੀਆਂ ਅਤੇ ਅੱਯਾਸ਼ੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਕੌਮੀ ਸੁਧਾਰ ਤੇ ਧਰਮ ਪ੍ਰਚਾਰ ਦਾ ਉਹਨਾਂ ਨੂੰ ਕੋਈ ਫ਼ਿਕਰ ਨਹੀਂ ਸੀ ਅਤੇ ਆਮ ਸ਼ਰਧਾਲੂ ਸਿੱਖੀ ਤੋਂ ਦੂਰ ਜਾ ਰਿਹਾ ਸੀ। ਮਹੰਤਾਂ ਦੇ ਪ੍ਰਬੰਧ ਹੇਠ ਜੋ ਕੁਝ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਵਿਖੇ ਵਾਪਰਿਆ, ਉਸਦੀ ਕੁਸੈਲੀ ਯਾਦ ਅਜੇ ਵੀ ਸਿੱਖਾਂ ਦੇ ਮਨਾਂ ਵਿਚ ਬਾਕੀ ਹੈ।

ਸਮੇਂ ਦੇ ਗੇੜ ਨਾਲ ਜਦੋਂ ਹਿੰਦੁਸਤਾਨ ਦੇ ਅਨੇਕ ਮੱਤਾਂ ਦੇ ਲੋਕਾਂ ਨੇ ਆਪਣੇ ਸਮਾਜ ਤੇ ਧਰਮ ਦੇ ਸੁਧਾਰ ਲਈ ਜਥੇ ਬਣਾਏ ਤਾਂ ਸਿੱਖ ਚਿੰਤਕਾਂ ਨੂੰ ਵੀ ਹੋਸ਼ ਆਈ। ਉਹਨਾਂ ਨੇ ਵੀ "ਸਿੱਖਾਂ ਤੇ ਸਿੱਖੀ ਦੀ ਸੰਭਾਲ ਲਈ ਨਿਰੋਲ ਸੁਸਾਇਟੀ ਬਣਾਉਣ ਦਾ ਉਪਰਾਲਾ ਕੀਤਾ। 1873 ਵਿਚ ਪਹਿਲੀ 'ਸ੍ਰੀ ਗੁਰੂ ਸਿੰਘ ਸਭਾ' ਕਾਇਮ ਕੀਤੀ ਗਈ, ਜਿਸ ਦੇ ਪ੍ਰਧਾਨ ਸ੍ਰ. ਠਾਕੁਰ ਸਿੰਘ ਸੰਧਾਵਾਲੀਆ ਤੇ ਗਿਆਨੀ ਸਰਦੂਲ ਸਿੰਘ ਸਕੱਤਰ ਨੀਯਤ ਹੋਏ। ਸਭਾ ਦੇ ਕੰਮ ਸਮੇਂ ਅਨੁਸਾਰ ਗੁਰਮਰਿਆਦਾ ਪ੍ਰਚਾਰਨਾ ਤੇ ਗੁਰਮਤਿ ਸਾਹਿਤ ਪੈਦਾ ਕਰਨਾ ਸੀ।"[2] ਇਸ ਤਰ੍ਹਾਂ ਸਿੱਖ ਚਿੰਤਕਾਂ ਨੇ ਸਿੰਘ ਸਭਾ ਲਹਿਰ ਦਾ ਮੁੱਢ ਬੰਨ੍ਹਿਆ। ਜਿਸ ਨਾਲ ਸਿੱਖਾਂ ਦਾ ਹੌਸਲਾ ਵਧਿਆ। ਇਸ ਤਰ੍ਹਾਂ ਹੋਂਦ ਵਿਚ ਆਈ ਇਸ ਸਿੰਘ ਸਭਾ ਨੇ ਸਕੂਲ ਖੋਲ੍ਹਣ, ਧਰਮ ਪ੍ਰਚਾਰ ਕਰਨ ਅਤੇ ਗੁਰਮਤਿ ਸਭਿਆਚਾਰ ਨੂੰ ਸੰਭਾਲਣ ਵੱਲ ਤਾਂ ਵਧੇਰੇ ਧਿਆਨ ਦਿੱਤਾ ਪਰ ਗੁਰਦੁਆਰਿਆਂ ਦੀ ਹਾਲਤ ਦਾ ਖ਼ਿਆਲ ਨਾ ਕੀਤਾ।

ਇਸੇ ਸਮੇਂ "5 ਮਾਰਚ, 1892 ਦੇ ਦਿਨ ਖ਼ਾਲਸਾ ਕਾਲਜ, ਅੰਮ੍ਰਿਤਸਰ ਦੀ ਨੀਂਹ ਰੱਖੀ ਗਈ। ਇਸ ਨੇ ਸਿੱਖਾਂ ਨੂੰ ਇਲਮ ਭਰਪੂਰ ਕੀਤਾ। ਇਸ ਕਾਲਜ ਦੇ ਪ੍ਰੋਫੈਸਰਾਂ ਤੇ ਵਿਦਿਆਰਥੀਆਂ ਨੇ ਅੱਗੇ ਜਾ ਕੇ ਸਿੱਖ ਕੌਮ ਦੀ ਲੀਡਰਸ਼ਿਪ ਵਿਚ ਅਹਿਮ ਰੋਲ ਅਦਾ ਕੀਤਾ।"[3] ਸੁਧਾਰਵਾਦੀ ਸਿੱਖਾਂ ਨੇ ਵੀਹਵੀਂ ਸਦੀ ਦੇ ਮੁਢਲੇ ਦਹਾਕਿਆਂ ਤੱਕ ਸਿੱਖ ਗੁਰਦੁਆਰਿਆਂ ਉਤੇ ਪੰਥਕ ਕਬਜ਼ੇ ਦੀ ਵਕਾਲਤ ਕਰਨੀ ਸ਼ੁਰੂ ਕਰ ਦਿੱਤੀ। 1914 ਵਿਚ ਭਾਈ ਮਹਿਤਾਬ ਸਿੰਘ ਬੀਰ, ਜੋ ਪਿਛੋਕੜ ਵਜੋਂ ਮੁਸਲਮਾਨ ਸੀ ਤੇ ਬਾਅਦ ਵਿਚ ਅੰਮ੍ਰਿਤ ਛਕ ਕੇ ਸਿੰਘ ਸਜੇ ਸਨ, ਨੇ 'ਖਾਲਸਾ ਬਰਾਦਰੀ ਜਥਾ' ਬਣਾ ਕੇ ਪੰਥ ਦੀ ਸੇਵਾ ਸ਼ੁਰੂ ਕੀਤੀ।

1857 ਤੋਂ 1907 ਤੱਕ 50 ਵਰ੍ਹੇ ਸਿੱਖ ਅੰਗਰੇਜ਼ਾਂ ਦੀ ਵਫਾਦਾਰੀ ਵਿਚ ਫਸੇ ਰਹੇ ਪਰ ਇਸ ਪਿਛੋਂ ਦਾ ਸਮਾਂ ਨੀਤੀ ਪਰਿਵਰਤਨ ਦਾ ਸਮਾਂ ਹੈ। ਜਦੋਂ ਅੰਗਰੇਜ਼ ਪੱਖੀ ਨੀਤੀ ਢਹਿੰਦੀ ਤੇ ਲੋਕ ਪੱਖੀ ਨੀਤੀ ਜ਼ੋਰ ਫੜਦੀ ਹੈ। 1908 ਵਿਚ ਖਾਲਸਾ ਕਾਲਜ ਦਾ ਪ੍ਰਬੰਧ ਸਰਕਾਰ ਨੇ ਆਪਣੇ ਕਬਜ਼ੇ ਵਿਚ ਲੈ ਲਿਆ। 1913 ਵਿਚ ਸਿੱਖਾਂ ਦੀਆਂ ਕਿਰਪਾਨਾਂ 'ਤੇ ਪਾਬੰਦੀਆਂ ਲੱਗਣੀਆਂ ਸ਼ੁਰੂ ਹੋਈਆਂ। 1914 ਵਿਚ ਅੰਗਰੇਜ਼ਾਂ ਨੇ ਵਾਇਸਰਾਏ ਦੀ ਕੋਠੀ ਵੱਲ ਸਿੱਧੀ ਸੜਕ ਬਣਾਉਣ ਵਾਸਤੇ ਗੁਰਦੁਆਰਾ ਰਕਾਬ ਗੰਜ, ਦਿੱਲੀ ਦੀ ਦੀਵਾਰ ਢਾਹ ਦਿੱਤੀ। ਸਿੱਖਾਂ ਦੇ ਮਨਾਂ ਵਿਚ ਇਸ ਦੇ ਖਿਲਾਫ ਰੋਸ ਜਾਗਿਆ। 1918 ਵਿਚ ਵੱਡੀ ਸੰਸਾਰ ਜੰਗ ਤੋਂ ਬਾਅਦ ਸਰਕਾਰ ਨੇ ਰੋਲਟ ਐਕਟ (ਕਾਲਾ ਕਾਨੂੰਨ) ਬਣਾ ਦਿੱਤਾ। 13 ਅਪ੍ਰੈਲ 1919 ਨੂੰ ਜਲ੍ਹਿਆਂ ਵਾਲੇ ਬਾਗ਼ ਵਿਚ ਇਸ ਦਾ ਵਿਰੋਧ ਕਰ ਰਹੇ ਲੋਕਾਂ 'ਤੇ ਸਰਕਾਰ ਦੇ ਹੁਕਮ ਨਾਲ ਜਨਰਲ ਡਾਇਰ ਨੇ ਅੰਨ੍ਹੇਵਾਹ ਗੋਲੀ ਚਲਵਾਈ ਅਤੇ ਇਹ ਓਨੀ ਦੇਰ ਚਲਦੀ ਰਹੀ ਜਿੰਨੀ ਦੇਰ ਗੋਲੀ-ਸਿੱਕਾ ਮੁੱਕ ਨਾ ਗਿਆ। ਇਸ ਗੋਲੀ ਕਾਂਡ ਨੇ ਪੰਜਾਬੀਆਂ ਨੂੰ ਹਲੂਣ ਦਿੱਤਾ ਅਤੇ ਦਰਬਾਰ ਸਾਹਿਬ ਦੇ ਉਸ ਸਮੇਂ ਦੇ ਸਰਬਰਾਹ ਵਲੋਂ ਜਲ੍ਹਿਆਂ ਵਾਲੇ ਬਾਗ ਵਿਚ ਸੈਂਕੜੇ ਪੰਜਾਬੀਆਂ ਦੇ ਹਤਿਆਰੇ ਜਨਰਲ ਡਾਇਰ ਨੂੰ ਦਿੱਤੇ ਗਏ ਸਿਰੋਪੇ ਨੇ

2. *ਉਹੀ*, ਪੰਨਾ 299.
3. ਡਾ. ਹਰਜਿੰਦਰ ਸਿੰਘ ਦਿਲਗੀਰ, *ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਿਵੇਂ ਬਣੀ*, ਪੰਨਾ 11.

ਸਿੱਖ ਸੰਗਤਾਂ ਦੇ ਸਬਰ ਦਾ ਪਿਆਲਾ ਨੱਕੋ-ਨੱਕ ਭਰ ਦਿੱਤਾ। ਹੁਣ ਗੁਰਸਿੱਖ ਸੰਗਤਾਂ ਮਹੰਤਾਂ ਪਾਸੋਂ ਗੁਰਧਾਮ ਆਜ਼ਾਦ ਕਰਵਾਉਣ ਲਈ ਤਰਲੋਮੱਛੀ ਹੋ ਉਠੀਆਂ।

ਇਸ ਘਟਨਾ ਤੋਂ ਬਾਅਦ ਸਿੱਖਾਂ ਵਿਚ ਕੁਝ ਜੋਸ਼ ਆਉਣ ਲੱਗਾ ਅਤੇ ਉਹ ਖੁੱਲ੍ਹਾ ਦਾਹੜਾ, ਹੱਥ ਵਿਚ ਕਿਰਪਾਨ ਫੜ ਕੇ ਪਿੰਡਾਂ ਤੋਂ ਸ਼ਹਿਰਾਂ ਵੱਲ ਨਿਕਲਣ ਲੱਗੇ। ਮਈ 1920 ਵਿਚ ਕਈ ਪੰਥ ਹਿਤੈਸ਼ੀਆਂ ਨੇ ਲਾਹੌਰ ਤੋਂ ਰੋਜ਼ਾਨਾ *ਅਕਾਲੀ* ਅਖ਼ਬਾਰ ਕੱਢਣਾ ਸ਼ੁਰੂ ਕੀਤਾ। *ਅਕਾਲੀ* ਅਖ਼ਬਾਰ ਨੇ ਸਭ ਤੋਂ ਵੱਡਾ ਫਾਇਦਾ ਇਹ ਕੀਤਾ ਕਿ ਦੂਰ ਦੁਰਾਡੇ ਬੈਠੇ ਸਾਰੇ ਸਿੱਖ ਆਗੂ ਤੇ ਵਰਕਰ ਇਕ ਦੂਜੇ ਨਾਲ ਜੁੜ ਗਏ। ਇਹ ਅਖ਼ਬਾਰ ਦਿਨਾਂ ਵਿਚ ਹੀ ਹਰਦਿਲ-ਅਜ਼ੀਜ਼ ਹੋ ਗਿਆ। ਇਸ ਅਖ਼ਬਾਰ ਨੇ ਜਿਥੇ ਜਨ-ਚੇਤਨਾ ਪੈਦਾ ਕਰਨ ਵਿਚ ਮਹੱਤਵਪੂਰਨ ਯੋਗਦਾਨ ਪਾਇਆ ਉਥੇ ਸਿੱਖੀ ਵਿਚ ਆਏ ਨਿਘਾਰ ਨੂੰ ਉਜਾਗਰ ਕਰਨ ਵਿਚ ਅਹਿਮ ਭੂਮਿਕਾ ਨਿਭਾਈ। ਇਸ ਅਖ਼ਬਾਰ ਦੀਆਂ ਲਿਖਤਾਂ ਨੇ ਸਿੱਖ ਵੀਰਾਂ ਨੂੰ ਹਲੂਣਾ ਦਿੱਤਾ। ਸਾਰੇ ਪਾਸੇ ਅਕਾਲੀ-ਅਕਾਲੀ ਹੋਣ ਲੱਗੀ। ਵੇਖਦਿਆਂ ਵੇਖਦਿਆਂ ਸਭ ਪਾਸੇ ਨੀਲੀਆਂ ਪੱਗਾਂ, ਹੱਥ ਵਿਚ ਕਿਰਪਾਨ ਤੇ ਖੁੱਲ੍ਹੇ ਦਾਹੜੇ ਵਾਲੇ ਅਕਾਲੀ ਥਾਂ-ਥਾਂ ਨਜ਼ਰ ਆਉਣ ਲੱਗੇ ਤੇ ਇਸ ਮਾਹੌਲ ਤੋਂ ਇਕ ਅਣ-ਐਲਾਨੀ ਜਥੇਬੰਦੀ, ਇਕ ਲਹਿਰ ਨੇ ਜਨਮ ਲੈ ਲਿਆ।

ਬਦਲਦੇ ਹਾਲਾਤਾਂ ਨਾਲ ਗੁਰਦੁਆਰਿਆਂ ਨੂੰ ਮਹੰਤਾਂ ਦੇ ਕਬਜ਼ਿਆਂ ਵਿਚੋਂ ਛੁਡਾਉਣ ਲਈ ਸਿੱਖਾਂ ਵਿਚ ਉਤਸ਼ਾਹ ਪੈਦਾ ਹੋਇਆ ਅਤੇ ਸਿੱਖਾਂ ਨੇ ਇਸ ਦਾ ਸਬੂਤ ਸਭ ਤੋਂ ਪਹਿਲਾਂ ਗੁਰਦੁਆਰਾ ਚੁਮਾਲਾ ਸਾਹਿਬ, ਲਾਹੌਰ ਨੂੰ ਫਤਿਹ ਕਰਕੇ ਦਿੱਤਾ। ਇਥੋਂ ਹੀ 'ਗੁਰਦੁਆਰਾ ਸੁਧਾਰ ਲਹਿਰ' ਦਾ ਮੁੱਢ ਬੱਝਦਾ ਹੈ। ਇਸ ਤੋਂ ਬਾਅਦ ਸਿੱਖਾਂ ਨੇ ਬਾਬੇ ਕੀ ਬੇਰ ਤੇ ਫਿਰ ਅਕਾਲ ਤਖਤ ਸਾਹਿਬ ਤੇ ਦਰਬਾਰ ਸਾਹਿਬ ਨੂੰ ਮਹੰਤਾਂ ਤੋਂ ਮੁਕਤ ਕਰਵਾਇਆ।

ਇਸੇ ਸਮੇਂ ਗੁਰਦੁਆਰਾ ਪ੍ਰਬੰਧ ਦੇ ਮਾੜੇ ਹਾਲਾਤਾਂ ਦੌਰਾਨ ਅਜਿਹੀ ਇਤਿਹਾਸਕ ਘਟਨਾ ਵਾਪਰੀ ਜਿਸ ਨੇ ਗੁਰਦੁਆਰਿਆਂ ਦੇ ਸਮੁੱਚੇ ਪ੍ਰਬੰਧ ਵਿਚ ਅਹਿਮ ਯੋਗਦਾਨ ਪਾਇਆ। ਇਸ ਘਟਨਾ ਦਾ ਮੁੱਢ ਦਰਬਾਰ ਸਾਹਿਬ ਦੇ ਪ੍ਰਬੰਧ ਨੂੰ ਬਦਲਣ ਤੋਂ ਬੱਝਦਾ ਹੈ।

ਘਟਨਾ ਕੁਝ ਇਸ ਤਰ੍ਹਾਂ ਵਾਪਰੀ ਕਿ ਕੁਝ ਸਮੇਂ ਤੋਂ ਅੰਮ੍ਰਿਤਸਰ ਵਿਚ 'ਖਾਲਸਾ ਬਰਾਦਰੀ' ਨਾਂ ਦੀ ਜਥੇਬੰਦੀ ਕੰਮ ਕਰ ਰਹੀ ਸੀ। ਇਸ ਜਥੇਬੰਦੀ ਨੂੰ 'ਚੀਫ਼ ਖਾਲਸਾ ਦੀਵਾਨ' ਦਾ ਸਮਰਥਨ ਪ੍ਰਾਪਤ ਸੀ। ਇਸ ਵਿਚ ਰਮਦਾਸੀਏ, ਮਜ਼ਬੀ, ਰਹਿਤੀਏ, ਰੰਘਰੇਟੇ ਤੇ ਹੋਰ ਸਿੰਘ ਸ਼ਾਮਲ ਸਨ। ਇਸ ਦੇ ਮੋਢੀ ਭਾਈ ਮਹਿਤਾਬ ਸਿੰਘ ਬੀਰ ਸਨ। ਇਸ ਜਥੇਬੰਦੀ ਵਲੋਂ 10-12 ਅਕਤੂਬਰ, 1920 ਨੂੰ 'ਚੀਫ ਖਾਲਸਾ ਦੀਵਾਨ' ਦੀ ਸਲਾਹ ਨਾਲ ਜਲ੍ਹਿਆਂ ਵਾਲੇ ਬਾਗ ਵਿਚ ਇਕ ਦੀਵਾਨ ਕੀਤਾ ਗਿਆ ਜਿਸ ਵਿਚ ਸਿੰਘ ਸਭਾਵਾਂ, ਚੀਫ ਖਾਲਸਾ ਦੀਵਾਨ ਅਤੇ ਖਾਲਸਾ ਕਾਲਜ, ਅੰਮ੍ਰਿਤਸਰ ਨਾਲ ਸਬੰਧਤ ਪ੍ਰੋਫੈਸਰਾਂ ਅਤੇ ਵਿਦਿਆਰਥੀਆਂ ਨੇ ਹਿੱਸਾ ਲਿਆ। ਇਹਨਾਂ ਰਲ ਕੇ ਮਤਾ ਪਾਸ ਕੀਤਾ ਕਿ 12 ਅਕਤੂਬਰ 1920 ਨੂੰ ਦਰਬਾਰ ਸਾਹਿਬ ਤੇ ਅਕਾਲ ਤਖਤ ਸਾਹਿਬ ਤੇ ਪ੍ਰਸ਼ਾਦ ਭੇਟ ਕਰਨ ਜਾਣਾ ਹੈ ਕਿਉਂਕਿ ਸਿੱਖ ਧਰਮ ਵਿਚ ਕਿਸੇ ਕਿਸਮ ਦੀ ਉਚ-ਨੀਚ, ਜਾਤ ਪਾਤ ਦੇ ਭੇਦ-ਭਾਵ ਲਈ ਕੋਈ ਸਥਾਨ ਨਹੀਂ ਹੈ ਪਰੰਤੂ ਦਰਬਾਰ ਸਾਹਿਬ ਤੇ ਅਕਾਲ ਤਖਤ ਸਾਹਿਬ ਦੇ ਪੁਜਾਰੀਆਂ ਨੇ ਪਛੜੀਆਂ ਸ਼੍ਰੇਣੀਆਂ ਵਿਚੋਂ ਸਜੇ ਸਿੰਘਾਂ ਵਲੋਂ ਸ਼ਰਧਾ ਨਾਲ ਭੇਟ ਕੀਤਾ ਪ੍ਰਸ਼ਾਦ ਗੁਰ-ਦਰਬਾਰ ਵਿਚ ਪ੍ਰਵਾਨ ਕਰਨ ਅਤੇ ਸੰਗਤਾਂ ਵਿਚ ਵਰਤਾਉਣ ਤੋਂ ਇਨਕਾਰ ਕੀਤਾ ਹੋਇਆ ਸੀ। ਇਸ ਪ੍ਰਥਾ ਨੂੰ ਤੋੜਨ ਲਈ ਪਕਾਏ ਗਏ ਮਤੇ ਅਨੁਸਾਰ 12 ਅਕਤੂਬਰ 1920 ਨੂੰ ਅਖੌਤੀ ਅਛੂਤ ਜਾਤੀਆਂ ਵਿਚੋਂ ਸਜੇ ਸਿੰਘਾਂ ਨੇ ਕੜਾਹ-ਪ੍ਰਸ਼ਾਦ ਦੀ ਦੇਗ ਲੈ ਕੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਭੇਟ ਕਰਨ ਲਈ ਖਾਲਸਾਈ ਚੜ੍ਹਤ ਨਾਲ ਭਾਈ ਮਹਿਤਾਬ ਸਿੰਘ ਬੀਰ ਦੀ ਜਥੇਦਾਰੀ ਹੇਠ ਚਾਲੇ ਪਾਏ। ਜਦੋਂ ਜਲਾਲ-ਭਰਪੂਰ ਸੰਗਤ ਸ੍ਰੀ ਦਰਬਾਰ ਸਾਹਿਬ ਪਹੁੰਚੀ ਤਾਂ ਪੁਜਾਰੀਆਂ ਨੂੰ ਹੱਥਾਂ-ਪੈਰਾਂ ਦੀ ਪੈ ਗਈ। ਸੰਗਤ ਦਰਬਾਰ ਸਾਹਿਬ ਅੰਦਰ ਸ਼ੁਸ਼ੋਭਿਤ ਹੋ ਗਈ। ਬਾਵਾ ਹਰਿਕਿਸ਼ਨ ਸਿੰਘ ਪ੍ਰੋਫੈਸਰ ਖਾਲਸਾ

ਕਾਲਜ ਵਾਲਿਆਂ ਨੇ ਗਥੀ ਨੂੰ ਅਰਦਾਸਾ ਸੋਧ ਕੇ ਕੜਾਹ-ਪ੍ਰਸ਼ਾਦ ਵਰਤਾਉਣ ਲਈ ਕਿਹਾ ਤਾਂ ਉਹਨਾਂ ਇਨਕਾਰ ਕਰ ਦਿੱਤਾ। ਇਸ ਸਮੇਂ ਜ਼ਬਾਨੀ-ਕਲਾਮੀ ਹੋਈ ਤਕਰਾਰ ਪਿਛੋਂ ਸਹਿਮੇ ਹੋਏ ਪੁਜਾਰੀਆਂ ਨੇ ਸੰਗਤ ਦੇ ਇਸ ਸੁਝਾਅ ਨੂੰ ਸਵੀਕਾਰ ਕਰ ਲਿਆ ਕਿ *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* ਦਾ ਹੁਕਮਨਾਮਾ ਲੈ ਲਿਆ ਜਾਵੇ ਅਤੇ ਹੁਕਮਨਾਮੇ ਦੀ ਰੌਸ਼ਨੀ ਵਿਚ ਕੜਾਹ-ਪ੍ਰਸ਼ਾਦ ਪ੍ਰਵਾਨ ਜਾਂ ਅਪ੍ਰਵਾਨ ਕੀਤਾ ਜਾਵੇ। ਸ੍ਰੀ ਗੁਰੂ ਅਮਰਦਾਸ ਜੀ ਅਨੁਸਾਰ :

ਨਿਗੁਣਿਆ ਨੋ ਆਪੇ ਬਖਸਿ ਲਏ ਭਾਈ ਸਤਿਗੁਰ ਕੀ ਸੇਵਾ ਲਾਇ॥
ਸਤਿਗੁਰ ਕੀ ਸੇਵਾ ਊਤਮ ਹੈ ਭਾਈ ਰਾਮ ਨਾਮਿ ਚਿਤੁ ਲਾਇ॥[4]

ਸਾਰਾ ਵਾਤਾਵਰਣ 'ਧੰਨ ਗੁਰੂ ਅਮਰਦਾਸ' ਤੇ 'ਧੰਨ ਗੁਰੂ ਰਾਮਦਾਸ' ਦੀਆਂ ਧੁਨਾਂ ਨਾਲ ਗੂੰਜ ਉਠਿਆ ਅਤੇ ਕੜਾਹ-ਪ੍ਰਸ਼ਾਦ ਵਰਤਣਾ ਸ਼ੁਰੂ ਹੋ ਗਿਆ। ਜਦੋਂ ਇਸ ਗੱਲ ਦਾ ਪਤਾ ਅਕਾਲ ਤਖਤ ਸਾਹਿਬ ਦੇ ਪੁਜਾਰੀਆਂ ਨੂੰ ਲੱਗਾ ਤਾਂ ਉਹ ਉਥੋਂ ਦੌੜ ਗਏ। ਫਿਰ ਸਾਰੀ ਸੰਗਤ ਅਕਾਲ ਤਖਤ ਸਾਹਿਬ 'ਤੇ ਪਹੁੰਚੀ ਅਤੇ ਉਹਨਾਂ ਨੇ ਦਰਬਾਰ ਸਾਹਿਬ ਤੇ ਅਕਾਲ ਤਖਤ ਸਾਹਿਬ ਦੀ ਸੇਵਾ ਸੰਭਾਲ ਲਈ। ਇਸ ਲਈ ਇਕ ਸੇਵਕ ਜਥਾ ਕਾਇਮ ਕੀਤਾ ਗਿਆ ਅਤੇ ਇਸ ਸੇਵਕ ਜਥੇ ਦੇ ਜਥੇਦਾਰ ਭਾਈ ਤੇਜਾ ਸਿੰਘ ਭੁੱਚਰ ਥਾਪੇ ਗਏ। ਇਸ ਦਿਨ ਤੋਂ ਹੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਦਾ ਇਕ ਨਵਾਂ ਅਹੁਦਾ ਹੋਂਦ ਵਿਚ ਆਇਆ।

ਹੁਣ ਅਕਾਲ ਤਖਤ ਸਾਹਿਬ ਦਾ ਸਮੁੱਚਾ ਪ੍ਰਬੰਧ ਸਿੱਖਾਂ ਕੋਲ ਆ ਜਾਣ ਕਾਰਨ ਸਿੱਖ ਸੰਗਤਾਂ ਜੋਸ਼ ਵਿਚ ਸਨ। ਇਸ ਸਫਲਤਾ ਨੇ ਉਸ ਅਕਾਲੀ ਲਹਿਰ ਨੂੰ ਉਭਾਰਿਆ ਜਿਸ ਨੇ ਗੁਰਦੁਆਰਿਆਂ ਨੂੰ ਮਹੰਤਾਂ ਦੇ ਕਬਜ਼ੇ 'ਚੋਂ ਛੁਡਾਉਣ ਲਈ ਅੰਦੋਲਨ ਚਲਾਇਆ ਸੀ। ਇਸ ਸਮੇਂ ਦੇ ਅਖਬਾਰਾਂ ਦੇ ਨਾਲ-ਨਾਲ ਚਾਰੇ ਪਾਸੇ ਸਿੱਖ ਚਿੰਤਕਾਂ ਵਲੋਂ ਸੋਚੀ ਜਾ ਰਹੀ ਇਹ ਗੱਲ ਆਮ ਚਰਚਾ ਵਿਚ ਰਹੀ ਕਿ ਛੋਟੀਆਂ-ਛੋਟੀਆਂ ਜਥੇਬੰਦੀਆਂ ਦੀ ਬਜਾਇ ਇਕ ਕੇਂਦਰੀ ਜਥੇਬੰਦੀ ਹੋਣੀ ਚਾਹੀਦੀ ਹੈ ਅਤੇ ਸਾਰੇ ਗੁਰੂ ਘਰਾਂ ਦਾ ਪ੍ਰਬੰਧ ਉਸ ਦੇ ਅਧੀਨ ਹੋਣਾ ਚਾਹੀਦਾ ਹੈ। ਕਾਫੀ ਸੋਚ-ਵਿਚਾਰ ਤੋਂ ਬਾਅਦ ਫੈਸਲਾ ਲਿਆ ਗਿਆ ਕਿ 15 ਨਵੰਬਰ, 1920 ਨੂੰ ਅਕਾਲ ਤਖਤ ਸਾਹਿਬ 'ਤੇ ਸਿੱਖ ਸੰਗਤ ਦਾ ਇਕ ਸਰਬੱਤ ਖਾਲਸਾ ਇਕੱਠ ਬੁਲਾਇਆ ਜਾਵੇ ਅਤੇ ਉਸ ਵਿਚ ਗੁਰਦੁਆਰਿਆਂ ਦੇ ਪ੍ਰਬੰਧ ਵਾਸਤੇ ਇਕ 'ਪੰਥਕ ਕਮੇਟੀ' ਚੁਣੀ ਜਾਵੇ। ਇਸ ਤੋਂ ਬਾਅਦ ਅਕਾਲ ਤਖਤ ਸਾਹਿਬ ਤੋਂ ਸਰਬੱਤ ਖਾਲਸਾ ਲਈ ਇਕ ਹੁਕਮਨਾਮਾ ਜਾਰੀ ਕੀਤਾ ਗਿਆ।

15 ਨਵੰਬਰ 1920 ਨੂੰ ਅਕਾਲ ਤਖਤ ਸਾਹਿਬ ਤੇ ਸਮੂਹ ਸੰਗਤ ਦਾ ਬਹੁਤ ਭਾਰੀ ਇਕੱਠ ਹੋਇਆ। ਜਿਸ ਵਿਚ ਬਹੁਤ ਸਾਰੇ ਵਿਚਾਰ-ਵਟਾਂਦਰੇ ਤੋਂ ਬਾਅਦ ਗੁਰਮਰਿਆਦਾ ਅਨੁਸਾਰ 175 ਅੰਮ੍ਰਿਤਧਾਰੀ ਅਤੇ ਰੇਹਿਤਵਾਨ ਸਿੰਘਾਂ ਦੀ ਪ੍ਰਬੰਧਕ ਕਮੇਟੀ ਚੁਣੀ ਗਈ ਅਤੇ ਇਸ ਕਮੇਟੀ ਨੂੰ 'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ' ਦੀ ਸੰਗਿਆ ਦਿੱਤੀ ਗਈ। ਇਸ ਚੁਣੀ ਗਈ ਕਮੇਟੀ ਦੇ ਪਹਿਲੇ ਪ੍ਰਧਾਨ ਬਣਨ ਦਾ ਮਾਣ ਸ੍ਰ. ਸੁੰਦਰ ਸਿੰਘ ਮਜੀਠੀਏ ਨੂੰ ਪ੍ਰਾਪਤ ਹੋਇਆ। ਭਵਿੱਖ ਦੇ ਹਾਲਾਤਾਂ ਨੂੰ ਭਾਂਪਦਿਆਂ ਅਗਾਂਹਵਧੂ ਵਿਚਾਰਾਂ ਵਾਲੇ ਸਿੱਖਾਂ ਨੇ 14 ਦਸੰਬਰ 1920 ਨੂੰ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਦੂਜੀ ਇਕੱਤਰਤਾ ਬੁਲਾਈ ਤੇ 'ਸ਼੍ਰੋਮਣੀ ਅਕਾਲੀ ਦਲ' ਦਾ ਮੁੱਢ ਬੰਨ੍ਹਿਆ। ਇਸ ਦੇ ਪਹਿਲੇ ਪ੍ਰਧਾਨ ਬਣਨ ਦੀ ਵਡਿਆਈ ਸ੍ਰ. ਸੁਰਮੁਖ ਸਿੰਘ ਝਬਾਲ ਦੇ ਹਿੱਸੇ ਆਈ। ਇਸ ਤਰ੍ਹਾਂ 1920 ਦੇ ਅੰਤ 'ਤੇ ਗੁਰੂ ਪੰਥ ਦੀਆਂ ਦੋਹਾਂ ਜਥੇਬੰਦੀਆਂ ਨੇ ਗੁਰਦੁਆਰਿਆਂ ਦੀ ਸੰਭਾਲ ਤੇ ਰਾਜਸੀ ਅਤੇ ਸਮਾਜੀ ਪਿੜਾਂ ਦੇ ਹਾਲਾਤਾਂ ਨਾਲ ਜੂਝਣ ਲਈ ਕਮਰਕੱਸੇ ਕੱਸ਼ ਲਏ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੋਂਦ ਵਿਚ ਆਉਣ ਤੋਂ ਬਾਅਦ ਇਸ ਦੀ ਅਗਵਾਈ ਵਿਚ ਸਿੱਖ ਸੰਗਤਾਂ ਨੇ ਭ੍ਰਿਸ਼ਟ ਤੇ ਦੁਰਾਚਾਰੀ ਮਹੰਤਾਂ ਖ਼ਿਲਾਫ਼ ਜਹਾਦ ਛੇੜ ਦਿੱਤਾ। 1923 ਵਿਚ ਸ਼੍ਰੋਮਣੀ

4. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 638.

ਗੁਰਦੁਆਰਾ ਪ੍ਰਬੰਧਕ ਕਮੇਟੀ, ਸ਼੍ਰੋਮਣੀ ਅਕਾਲੀ ਦਲ ਅਤੇ ਇਹਨਾਂ ਨਾਲ ਸਬੰਧਤ ਹੋਰ ਕਮੇਟੀਆਂ ਨੂੰ ਅੰਗਰੇਜ਼ ਸਰਕਾਰ ਨੇ ਗੈਰ-ਕਾਨੂੰਨੀ ਘੋਸ਼ਿਤ ਕਰ ਦਿੱਤਾ ਪਰੰਤੂ ਇਸ ਨਾਲ ਸਿੱਖ ਹਿਤੈਸ਼ੀਆਂ ਦੇ ਹੌਂਸਲੇ ਨਾ ਡਿੱਗੇ ਤੇ ਉਹਨਾਂ ਖਾਲਸਾ ਪੰਥ ਦੀ ਸੇਵਾ ਜਾਰੀ ਰੱਖੀ। ਆਖ਼ਿਰ ਅੰਗਰੇਜ਼ ਸਰਕਾਰ ਨੇ 1925 ਵਿਚ 'ਗੁਰਦੁਆਰਾ ਐਕਟ' ਬਣਾ ਕੇ ਇਸ ਕਮੇਟੀ ਨੂੰ ਕਾਨੂੰਨੀ ਮਾਨਤਾ ਦੇ ਦਿੱਤੀ। ਪਰੰਤੂ ਹੁਣ ਤੱਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ 'ਨਨਕਾਣਾ ਸਾਹਿਬ', 'ਗੁਰੂ ਕੇ ਬਾਗ' ਅਤੇ 'ਜੈਤੋ ਦੇ ਮੋਰਚਿਆਂ' ਵਿਚ ਪੰਥ ਦੀ ਸੁਚੱਜੀ ਅਗਵਾਈ ਸਦਕਾ ਸਿੱਖ ਕੌਮ ਵਿਚ ਆਪਣਾ ਸਤਿਕਾਰਯੋਗ ਸਥਾਨ ਬਣਾ ਲਿਆ ਸੀ। ਗੁਰਦੁਆਰਾ ਐਕਟ ਬਣਨ ਨਾਲ ਪੰਜਾਬ, ਹਰਿਆਣਾ ਅਤੇ ਚੰਡੀਗੜ੍ਹ ਦੇ ਮੌਜੂਦਾ ਸਾਰੇ ਇਤਿਹਾਸਕ ਗੁਰਦੁਆਰੇ ਕਾਨੂੰਨੀ ਤੌਰ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਹੇਠ ਆ ਗਏ।

ਹੋਂਦ ਵਿਚ ਆਉਣ ਤੋਂ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਿੱਖ ਧਰਮ ਦੇ ਪ੍ਰਚਾਰ ਅਤੇ ਪਾਸਾਰ ਲਈ ਬਹੁਤ ਕਾਰਜ ਕੀਤੇ ਅਤੇ ਹੁਣ ਵੀ ਕਰ ਰਹੀ ਹੈ। ਜਿਨ੍ਹਾਂ ਵਿਚੋਂ ਕੁਝ ਪ੍ਰਮੁੱਖ ਇਸ ਤਰ੍ਹਾਂ ਹਨ:

1. ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੁਖ ਕੰਮ ਗੁਰਦੁਆਰਿਆਂ ਦੀ ਸੇਵਾ ਸੰਭਾਲ ਕਰਨਾ;
2. ਸਿੱਖ ਧਰਮ ਦਾ ਪ੍ਰਚਾਰ ਕਰਨਾ;
3. ਸਿੱਖ ਰਹਿਤ ਮਰਯਾਦਾ ਨੂੰ ਹਰ ਗੁਰਦੁਆਰੇ ਵਿਚ ਲਾਗੂ ਕਰਵਾਉਣਾ;
4. ਸਿੱਖ ਲਿਟਰੇਚਰ ਛਾਪਣਾ ਤੇ ਮੁਫਤ ਵੰਡਣਾ;
5. ਸਿੱਖਾਂ ਨੂੰ ਅੰਮ੍ਰਿਤ ਛਕਾ ਕੇ ਸਿੰਘ ਸਜਾਉਣਾ;
6. ਸਿੱਖਾਂ 'ਚ ਭਾਈਚਾਰਕ ਸਾਂਝ ਪੈਦਾ ਕਰਨਾ;
7. ਸਿੱਖ ਸਮਾਜ ਦੀਆਂ ਬੁਰਾਈਆਂ ਦੂਰ ਕਰਨਾ।

ਉਪਰੋਕਤ ਕਾਰਜਾਂ ਤੋਂ ਇਲਾਵਾ ਹੋਰ ਵੀ ਕਾਰਜ ਹਨ ਜਿਨ੍ਹਾਂ ਸਦਕਾ ਸ਼੍ਰੋਮਣੀ ਕਮੇਟੀ ਸਿੱਖ ਧਰਮ ਨੂੰ ਪ੍ਰਫੁਲਤ ਕਰਨ ਵਿਚ ਆਪਣਾ ਯੋਗਦਾਨ ਪਾਉਂਦੀ ਹੈ ਜਿਵੇਂ:

ਧਰਮ ਪ੍ਰਚਾਰ ਕਮੇਟੀ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸਿੱਖ ਧਰਮ ਦੇ ਫੈਲਾਅ ਲਈ ਧਰਮ ਪ੍ਰਚਾਰ ਕਮੇਟੀ ਦਾ ਗਠਨ ਕੀਤਾ ਹੋਇਆ ਹੈ ਜੋ ਧਾਰਮਿਕ ਸਾਹਿਤ ਛਾਪ ਕੇ ਲੋਕਾਂ ਵਿਚ ਵੰਡਦੀ ਹੈ ਅਤੇ ਕਈ ਮਿਸ਼ਨਰੀ ਕਾਲਜ ਵੀ ਚਲਾਉਂਦੀ ਹੈ।

ਸਿੱਖ ਇਤਿਹਾਸ ਰੀਸਰਚ ਬੋਰਡ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ 'ਸਿੱਖ ਇਤਿਹਾਸ ਰੀਸਰਚ ਬੋਰਡ' ਵੀ ਕਾਇਮ ਕੀਤਾ ਹੋਇਆ ਜੋ ਸਿੱਖ ਧਰਮ ਦੇ ਸੰਦਰਭ ਵਿਚ ਰੀਸਰਚ ਕਰਵਾਉਂਦਾ ਹੈ ਅਤੇ ਨਵੇਂ ਤੱਥਾਂ ਨੂੰ ਸਾਹਮਣੇ ਲਿਆ ਕੇ ਲੋਕਾਂ ਤੱਕ ਪੁੱਜਦਾ ਕਰਦਾ ਹੈ।

ਸਿੱਖ ਰੈਫਰੈਂਸ ਲਾਇਬਰੇਰੀ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਇਕ ਸਿੱਖ ਰੈਫਰੈਂਸ ਲਾਇਬਰੇਰੀ ਬਣਾਈ ਗਈ ਹੈ ਜਿਸ ਵਿਚ ਸਿੱਖ ਇਤਿਹਾਸ ਨਾਲ ਸੰਬੰਧਤ ਬਹੁਤ ਸਾਰਾ ਸੰਗ੍ਰਹਿ ਹੈ ਜਿਸ ਤੋਂ ਬਹੁਤ ਸਾਰੇ ਜਗਿਆਸੂ ਲਾਭ ਉਠਾਉਂਦੇ ਹਨ।

ਪ੍ਰਕਾਸ਼ਨਾਵਾਂ ਤੇ ਪ੍ਰੈਸ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਕ ਬਹੁਤ ਵੱਡੀ ਪਬਲਿਸ਼ਰ ਵੀ ਹੈ। ਇਹ ਆਪਣੀ ਪ੍ਰਿੰਟਿੰਗ ਪ੍ਰੈਸ ਵਿੱਚ *ਸ੍ਰੀ ਗੁਰੂ ਗ੍ਰੰਥ ਸਾਹਿਬ* ਦੇ ਸਰੂਪ ਅਤੇ ਹੋਰ ਗੁਰਬਾਣੀ ਸਾਹਿਤ ਛਾਪਦੀ ਹੈ ਜੋ ਸੰਗਤਾਂ ਨੂੰ ਲਾਗਤ-ਮਾਤਰ ਭੇਟਾ 'ਤੇ ਮੁਹੱਈਆ ਕਰਵਾਉਂਦੀ ਹੈ।

ਗੁਰਮਤਿ ਲਿਟਰੇਚਰ ਹਾਊਸ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਗੁਰਮਤਿ ਸਾਹਿਤ ਨੂੰ ਸੰਗਤਾਂ ਤੱਕ ਪੁੱਜਦਾ ਕਰਨ ਲਈ ਲਗਭਗ ਹਰ ਗੁਰਦੁਆਰੇ ਵਿਚ ਗੁਰਮਤਿ ਲਿਟਰੇਚਰ ਹਾਊਸ ਖੋਲ੍ਹੇ ਹੋਏ ਹਨ ਜਿਥੋਂ ਗੁਰਮਤਿ ਸਾਹਿਤ ਪ੍ਰਾਪਤ ਕੀਤਾ ਜਾ ਸਕਦਾ ਹੈ।

ਹਸਪਤਾਲ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਇਸ ਸਮੇਂ ਕਈ ਹਸਪਤਾਲ ਚਲਾਏ ਜਾ ਰਹੇ ਹਨ, ਜਿਥੇ ਬਹੁਤ ਸਾਰੀਆਂ ਬਿਮਾਰੀਆਂ ਦਾ ਇਲਾਜ ਕਰਕੇ ਲੋਕ-ਸੇਵਾ ਕੀਤੀ ਜਾਂਦੀ ਹੈ।

ਵਿੱਦਿਅਕ ਸੰਸਥਾਵਾਂ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਹੇਠ ਬਹੁਤ ਸਾਰੀਆਂ ਵਿਦਿਅਕ ਸੰਸਥਾਵਾਂ ਚਲ ਰਹੀਆਂ ਹਨ, ਜਿਨ੍ਹਾਂ ਵਿਚ ਵਿਦਿਆਰਥੀਆਂ ਨੂੰ ਵੱਖ-ਵੱਖ ਖੇਤਰਾਂ ਦੀ ਵਿਦਿਆ ਦਿੱਤੀ ਜਾਂਦੀ ਹੈ ਅਤੇ ਹੋਣਹਾਰ ਤੇ ਲੋੜਵੰਦ ਵਿਦਿਆਰਥੀਆਂ ਨੂੰ ਵਜ਼ੀਫੇ ਵੀ ਦਿੱਤੇ ਜਾਂਦੇ ਹਨ।

ਸਿੱਖਾਂ ਦੀ ਇਸ ਸਿਰਮੌਰ ਸੰਸਥਾ ਦੀ ਚੋਣ ਹਰ ਸਾਲ ਹੁੰਦੀ ਹੈ ਤੇ ਹਰ ਸਾਲ ਪ੍ਰਧਾਨ ਦੀ ਚੋਣ ਵੀ ਹੁੰਦੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੁਣ ਤੱਕ ਰਹਿ ਚੁੱਕੇ ਪ੍ਰਧਾਨ ਸਾਹਿਬਾਨ ਦਾ ਵੇਰਵਾ ਇਸ ਪ੍ਰਕਾਰ ਹੈ:

(ਸਿੱਖ ਗੁਰਦੁਆਰਾ ਐਕਟ ਲਾਗੂ ਹੋਣ ਤੋਂ ਪਹਿਲਾਂ)

1.	ਸ. ਸੁੰਦਰ ਸਿੰਘ ਮਜੀਠੀਆ	12.10.1920 ਤੋਂ 14.08.1921
2.	ਬਾਬਾ ਖੜਕ ਸਿੰਘ	14.08.1921 ਤੋਂ 19.02.1922
3.	ਸ. ਸੁੰਦਰ ਸਿੰਘ ਰਾਮਗੜ੍ਹੀਆ	19.02.1922 ਤੋਂ 16.07.1922
4.	ਸਰਦਾਰ ਬਹਾਦਰ ਸ. ਮਹਿਤਾਬ ਸਿੰਘ	16.07.1922 ਤੋਂ 27.04.1925
5.	ਸ. ਮੰਗਲ ਸਿੰਘ	27.04.1925 ਤੋਂ 02.10.1926

(ਐਕਟ ਲਾਗੂ ਹੋਣ ਤੋਂ ਬਾਅਦ)

6.	ਬਾਬਾ ਖੜਕ ਸਿੰਘ	02.10.1926 ਤੋਂ 12.10.1930
7.	ਮਾਸਟਰ ਤਾਰਾ ਸਿੰਘ	12.10.1930 ਤੋਂ 17.06.1933
8.	ਸ. ਗੋਪਾਲ ਸਿੰਘ 'ਕੌਮੀ'	17.06.1933 ਤੋਂ 18.06.1933
9.	ਸ. ਪ੍ਰਤਾਪ ਸਿੰਘ 'ਸ਼ੰਕਰ'	18.06.1933 ਤੋਂ 13.06.1936
10.	ਮਾਸਟਰ ਤਾਰਾ ਸਿੰਘ	13.06.1936 ਤੋਂ 19.11.1944
11.	ਜਥੇਦਾਰ ਮੋਹਨ ਸਿੰਘ 'ਨਾਗੋਕੇ'	19.11.1944 ਤੋਂ 28.06.1948
12.	ਜਥੇਦਾਰ ਊਧਮ ਸਿੰਘ 'ਨਾਗੋਕੇ'	28.06.1948 ਤੋਂ 18.03.1950
13.	ਜਥੇਦਾਰ ਚੰਨਣ ਸਿੰਘ 'ਉਰਾੜਾ'	18.03.1950 ਤੋਂ 26.11.1950
14.	ਜਥੇਦਾਰ ਊਧਮ ਸਿੰਘ 'ਨਾਗੋਕੇ'	26.11.1950 ਤੋਂ 29.06.1952
15.	ਮਾਸਟਰ ਤਾਰਾ ਸਿੰਘ	29.06.1952 ਤੋਂ 05.10.1952
16.	ਸ. ਪ੍ਰੀਤਮ ਸਿੰਘ 'ਖੁੜੰਜ'	05.10.1952 ਤੋਂ 18.01.1954
17.	ਸ. ਈਸ਼ਰ ਸਿੰਘ 'ਮਝੈਲ'	18.01.1954 ਤੋਂ 07.02.1955
18.	ਮਾਸਟਰ ਤਾਰਾ ਸਿੰਘ	07.02.1955 ਤੋਂ 21.05.1955
19.	ਬਾਵਾ ਹਰਕਿਸ਼ਨ ਸਿੰਘ	21.05.1955 ਤੋਂ 07.07.1955
20.	ਸ. ਗਿਆਨ ਸਿੰਘ 'ਰਾੜੇਵਾਲਾ'	07.07.1955 ਤੋਂ 16.10.1955
21.	ਮਾਸਟਰ ਤਾਰਾ ਸਿੰਘ	16.10.1955 ਤੋਂ 16.11.1958
22.	ਸ. ਪ੍ਰੇਮ ਸਿੰਘ 'ਲਾਲਪੁਰਾ'	16.11.1958 ਤੋਂ 07.03.1960
23.	ਮਾਸਟਰ ਤਾਰਾ ਸਿੰਘ	07.03.1960 ਤੋਂ 30.04.1960
24.	ਸ. ਅਜੀਤ ਸਿੰਘ 'ਬਾਲਾ'	30.04.1960 ਤੋਂ 10.03.1961
25.	ਮਾਸਟਰ ਤਾਰਾ ਸਿੰਘ	10.03.1961 ਤੋਂ 11.03.1962
26.	ਸ. ਕਿਰਪਾਲ ਸਿੰਘ 'ਚੱਕ ਸ਼ੇਰੇਵਾਲਾ'	11.03.1962 ਤੋਂ 02.10.1962

27.	ਸੰਤ ਚੰਨਣ ਸਿੰਘ	02.10.1962 ਤੋਂ 30.11.1972
28.	ਜਥੇਦਾਰ ਗੁਰਚਰਨ ਸਿੰਘ ਟੌਹੜਾ	06.01.1973 ਤੋਂ 23.03.1986
29.	ਸ. ਕਾਬਲ ਸਿੰਘ	23.03.1986 ਤੋਂ 30.11.1986
30.	ਜਥੇਦਾਰ ਗੁਰਚਰਨ ਸਿੰਘ ਟੌਹੜਾ	30.11.1986 ਤੋਂ 28.11.1990
31.	ਸ. ਬਲਦੇਵ ਸਿੰਘ ਸਿਬੀਆ	28.11.1990 ਤੋਂ 13.11.1991
32.	ਜਥੇਦਾਰ ਗੁਰਚਰਨ ਸਿੰਘ ਟੌਹੜਾ	13.11.1991 ਤੋਂ 13.10.1996
33.	ਜਥੇਦਾਰ ਗੁਰਚਰਨ ਸਿੰਘ ਟੌਹੜਾ	20.12.1996 ਤੋਂ 16.03.1999
34.	ਬੀਬੀ ਜਗੀਰ ਕੌਰ	16.03.1999 ਤੋਂ 30.11.2000
35.	ਜਥੇਦਾਰ ਜਗਦੇਵ ਸਿੰਘ 'ਤਲਵੰਡੀ'	30.11.2000 ਤੋਂ 27.11.2001
36.	ਪ੍ਰੋ. ਕਿਰਪਾਲ ਸਿੰਘ 'ਬਡੂੰਗਰ'	27.11.2001 ਤੋਂ 20.07.2003
37.	ਜਥੇਦਾਰ ਗੁਰਚਰਨ ਸਿੰਘ ਟੌਹੜਾ	20.07.2003 ਤੋਂ 31.3.2004
38.	ਸ. ਅਲਵਿੰਦਰਪਾਲ ਸਿੰਘ 'ਪੱਖੋਕੇ' (ਕਾਰਜਕਾਰੀ)	01.04.2004 ਤੋਂ 23.09.2004
39.	ਬੀਬੀ ਜਗੀਰ ਕੌਰ	23.09.2004 ਤੋਂ 23.11.2005
40.	ਸ. ਅਵਤਾਰ ਸਿੰਘ ਮੱਕੜ	23.11.2005 ਤੋਂ ਹੁਣ ਤੱਕ

ਜੇਕਰ ਅਸੀਂ ਮੌਜੂਦਾ ਸਮੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਕਸ ਵੱਲ ਝਾਤ ਮਾਰੀਏ ਤਾਂ ਸਾਫ਼ ਝਲਕਦਾ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਿੰਨੀ ਸਫਲਤਾ ਨਾਲ ਆਪਣੇ ਮਨੋਰਥਾਂ ਵੱਲ ਵਧ ਰਹੀ ਹੈ। ਅਜੋਕੀ ਸ਼੍ਰੋਮਣੀ ਕਮੇਟੀ ਵਲੋਂ ਕੀਤੀ ਜਾ ਰਹੀ ਸਮੁੱਚੀ ਸੇਵਾ ਨੂੰ ਮੋਟੇ ਤੌਰ 'ਤੇ ਹੇਠ ਲਿਖੇ ਅਨੁਸਾਰ ਵੰਡਿਆ ਜਾ ਸਕਦਾ ਹੈ:

(ੳ) ਧਾਰਮਿਕ ਸੇਵਾਵਾਂ

(ਅ) ਸਮਾਜਿਕ ਖੇਤਰ ਦੀਆਂ ਸੇਵਾਵਾਂ

(ੲ) ਦੇਸ਼ ਕੌਮ ਦੀਆਂ ਸੇਵਾਵਾਂ

(ਸ) ਵਿਦਿਅਕ ਸੇਵਾਵਾਂ।

ਸ਼੍ਰੋਮਣੀ ਕਮੇਟੀ ਦੇ ਉਕਤ ਕੁਝ ਕਾਰਜਾਂ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਸ਼੍ਰੋਮਣੀ ਕਮੇਟੀ ਦਾ ਘੇਰਾ ਕਿੰਨਾ ਵਿਸ਼ਾਲ ਹੈ ਅਤੇ ਇਸ ਵੱਲੋਂ ਚਲਾਏ ਜਾ ਰਹੇ ਸਮੁੱਚੇ ਪ੍ਰਬੰਧ ਨੂੰ ਚਲਾਉਣ ਲਈ ਹਜਾਰਾਂ ਲੋਕ ਇਸ ਵਿਚ ਸੇਵਾ ਕਰਕੇ ਪ੍ਰਮਾਤਮਾ ਦੀ ਬਖਸ਼ਿਸ਼ ਪ੍ਰਾਪਤ ਕਰਦੇ ਹਨ।

ਸ਼੍ਰੋਮਣੀ ਕਮੇਟੀ "ਏਕੁ ਪਿਤਾ ਏਕਸ ਕੇ ਹਮ ਬਾਰਿਕ" ਦੇ ਆਦਰਸ਼ ਨੂੰ ਕਾਇਮ ਕਰਨ ਲਈ ਹਮੇਸ਼ਾਂ ਤਤਪਰ ਰਹੀ ਹੈ ਅਤੇ ਸਮੁੱਚੀ ਲੋਕਾਈ ਦੇ ਦੁੱਖ-ਸੁੱਖ ਵਿਚ ਸ਼ਰੀਕ ਰਹੀ ਹੈ। ਹਜ਼ਾਰਾਂ ਸ਼ਹੀਦੀਆਂ ਦੇ ਕੇ, ਲੱਖਾਂ ਰੁਪਏ ਜੁਰਮਾਨੇ ਭਰ ਕੇ, ਸਾਲਾਂ ਬੱਧੀ ਜੇਲ੍ਹਾਂ ਕੱਟ ਕੇ ਅਤੇ ਅੰਗਰੇਜ਼ ਸਰਕਾਰ ਦੀ ਮਾਰ ਖਾ-ਖਾ ਕੇ ਹੋਂਦ ਵਿਚ ਆਈ ਇਹ ਸੰਸਥਾ ਸਿੱਖ ਪੰਥ ਵਿਚ ਆਪਣਾ ਅਹਿਮ ਸਥਾਨ ਰੱਖਦੀ ਹੈ ਅਤੇ ਹਰ ਸਮੇਂ ਸਿੱਖ ਕੌਮ ਦੀ ਸੇਵਾ ਵਿਚ ਕਾਰਜਸ਼ੀਲ ਰਹਿੰਦੀ ਹੈ।

ਸਰਦੂਲ ਸਿੰਘ ਕਵੀਸ਼ਰ ਦਾ ਜੀਵਨ ਅਤੇ ਸੁਤੰਤਰਤਾ ਸੰਗਰਾਮ ਵਿੱਚ ਯੋਗਦਾਨ

ਹਰਜੀਤ ਸਿੰਘ *

ਸਰਦੂਲ ਸਿੰਘ ਕਵੀਸ਼ਰ ਉਨ੍ਹਾਂ ਗਿਣੀਆਂ ਚੁਣੀਆਂ ਮਹਾਨ ਹਸਤੀਆਂ ਵਿਚੋਂ ਸਨ ਜਿਨ੍ਹਾਂ ਨੇ ਆਪਣਾ ਸਾਰਾ ਜੀਵਨ ਦੇਸ਼ ਦੀ ਆਜ਼ਾਦੀ ਦੀ ਲੜਾਈ ਵਿਚ ਲਗਾ ਦਿੱਤਾ ਅਤੇ ਆਪਣੇ ਜੀਵਨ ਦਾ ਬਹੁਤਾ ਸਮਾਂ ਜੇਲ੍ਹਾਂ ਵਿਚ ਅੰਗਰੇਜ਼ੀ ਹਕੂਮਤ ਦੇ ਕਹਿਰ ਨੂੰ ਆਪਣੇ ਸਰੀਰ 'ਤੇ ਝੱਲਿਆ। ਉਨ੍ਹਾਂ ਦੁਆਰਾ ਝੱਲੇ ਤਸ਼ੱਦਦ ਸਦਕਾ ਹੀ ਅਸੀਂ ਆਜ਼ਾਦੀ ਦੀ ਮਹਿਕ ਮਾਣ ਰਹੇ ਹਾਂ। ਆਪ ਦੇ ਹੇਠ ਲਿਖੇ ਸ਼ਬਦ ਆਪ ਦੀ ਆਜ਼ਾਦੀ ਪ੍ਰਤੀ ਵਿਚਾਰਧਾਰਾ ਨੂੰ ਸਪੱਸ਼ਟ ਕਰਦੇ ਹਨ:

"Freedom comes to those who dare and act."

ਸਰਦਾਰ ਸਰਦੂਲ ਸਿੰਘ ਕਵੀਸ਼ਰ ਜੀ ਦਾ ਜਨਮ 1886 ਈ. ਵਿਚ ਇਕ ਉੱਘੇ ਸਿੱਖ ਘਰਾਣੇ ਵਿਚ ਅੰਮ੍ਰਿਤਸਰ ਵਿਖੇ ਹੋਇਆ।[1] ਜਦਕਿ ਤੇਜਵੰਤ ਸਿੰਘ ਮਾਨ ਸਰਦਾਰ ਸਰਦੂਲ ਸਿੰਘ ਕਵੀਸ਼ਰ ਜੀ ਦਾ ਜਨਮ 1889 ਈ. ਵਿੱਚ ਮੰਨਦਾ ਹੈ।[2] ਇਸ ਨੂੰ ਅਸੀਂ ਭਰੋਸੇਯੋਗ ਨਹੀਂ ਮੰਨ ਸਕਦੇ ਕਿਉਂਕਿ ਇਸ ਤੋਂ ਇਲਾਵਾ ਸਭ ਜੀਵਨਕਾਰਾਂ ਨੇ ਸਰਦੂਲ ਸਿੰਘ ਕਵੀਸ਼ਰ ਜੀ ਦਾ ਜਨਮ 1886 ਈ. ਵਿੱਚ ਹੀ ਮੰਨਿਆ ਹੈ। ਪਰ ਉਨ੍ਹਾਂ ਦੀ ਜਨਮ ਦੀ ਮਿਤੀ ਅਤੇ ਮਹੀਨੇ ਬਾਰੇ ਕਿਸੇ ਸ੍ਰੋਤ ਤੋਂ ਜਾਣਕਾਰੀ ਨਹੀਂ ਮਿਲਦੀ।

ਆਪਦੇ ਪਿਤਾ ਸਰਦਾਰ ਕਿਰਪਾਲ ਸਿੰਘ ਸਨ, ਜੋ ਕਿ ਗੁਰਮਤਿ ਦੇ ਧਾਰਨੀ ਸਨ। ਇਸ ਲਈ ਗੁਰਮਤਿ ਦੀ ਮੁੱਢਲੀ ਵਿਦਿਆ ਆਪ ਨੂੰ ਘਰ ਵਿਚੋਂ ਹੀ ਪ੍ਰਾਪਤ ਹੋਈ। ਆਪਨੇ ਆਪਣੀ ਮੁੱਢਲੀ ਸਿੱਖਿਆ ਅੰਮ੍ਰਿਤਸਰ ਵਿਖੇ ਹੀ ਪ੍ਰਾਪਤ ਕੀਤੀ। 1909 ਈ. ਵਿਚ ਆਪਨੇ ਪੰਜਾਬ ਯੂਨੀਵਰਸਿਟੀ ਲਾਹੌਰ ਤੋਂ ਬੀ.ਏ. ਦੀ ਡਿਗਰੀ ਪ੍ਰਾਪਤ ਕੀਤੀ।[3] ਇਸ ਦੌਰਾਨ ਆਪ ਯੂਨੀਵਰਸਿਟੀ ਦੀ ਕ੍ਰਿਕਟ ਅਤੇ ਫੁਟਬਾਲ ਟੀਮ ਦੇ ਖਿਡਾਰੀ ਵੀ ਰਹੇ।[4] ਆਪ ਨੇ ਇਨ੍ਹਾਂ ਦੋਹਾਂ ਖੇਡਾਂ ਵਿਚ ਮੁਹਾਰਤ ਹਾਸਲ ਕੀਤੀ ਹੋਈ ਸੀ ਅਤੇ

---

* ਜੇ.ਆਰ.ਐਫ. (ਯੂ.ਜੀ.ਸੀ.), ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

1. Mohinder Singh, 'Sardul Singh Caveeshar (1886-1963)', *The Encyclopaedia of Sikhism* (Vol. IV) (Editor-in-Chief: Harbans Singh), Punjabi University, Patiala, 1998, pp. 66-67; Fauja Singh, *Eminent Freedom Fighters of Punjab*, Punjabi University, Patiala, 1972, p.203; ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵਕੋਸ਼*, ਭਾਗ-ਪਹਿਲਾ, ਗੁਰ ਰਤਨ ਪਬਲਿਸ਼ਰ, ਪਟਿਆਲਾ, 2005, ਪੰਨਾ 201.
2. ਤੇਜਵੰਤ ਸਿੰਘ ਮਾਨ, *ਸੰਪੂਰਨ ਇਤਿਹਾਸ ਪੰਚ ਖਾਲਸਾ ਦੀਵਾਨ ਭਸੌੜ*, ਮੰਗਲ ਪ੍ਰਕਾਸ਼ਨ, ਅੰਮ੍ਰਿਤਸਰ, 1996, ਪੰਨਾ 135.
3. Parm Bakhshish Singh (ed.), *Who's Who Freedom Fighters of Punjab*, Vol. II, Punjabi University, Patiala, 1991, p. IIL (Introduction).
4. Fauja Singh, *Eminent Freedom Fighters of Punjab*, Punjabi University, Patiala, 1972, p. 204.

ਕਈ ਵਾਰੀ ਅੰਤਰ-ਯੂਨੀਵਰਸਿਟੀ ਮੁਕਾਬਲਿਆਂ ਵਿਚ ਭਾਗ ਲਿਆ ਅਤੇ ਯੂਨੀਵਰਸਿਟੀ ਨੂੰ ਸਫਲਤਾ ਦਿਵਾਈ।

ਆਪ ਨੇ ਐਮ.ਏ. (ਰਾਜਨੀਤੀ ਸ਼ਾਸਤਰ) ਵਿਚ ਦਾਖਲਾ ਲਿਆ, ਪਰ ਅਕਾਲੀ ਮੋਰਚਿਆਂ ਅਤੇ ਆਜ਼ਾਦੀ ਦੀਆਂ ਲਹਿਰਾਂ ਵਿਚ ਭਾਗ ਲੈਣ ਕਾਰਨ ਐਮ.ਏ. ਦੀ ਪੜ੍ਹਾਈ ਬਿਨਾਂ ਡਿਗਰੀ ਲਏ, ਅੱਧ ਵਿਚਕਾਰ ਛੱਡ ਦਿੱਤੀ।[5] ਤੇਜਵੰਤ ਸਿੰਘ ਮਾਨ ਨੇ ਆਪਣੀ ਰਚਨਾ *ਸੰਪੂਰਨ ਇਤਿਹਾਸ ਪੰਚ ਖਾਲਸਾ ਦੀਵਾਨ ਭਸੌੜ* ਵਿਚ ਲਿਖਿਆ ਹੈ ਕਿ ਸਰਦਾਰ ਸਰਦੂਲ ਸਿੰਘ ਕਵੀਸ਼ਰ ਜੀ ਨੇ ਮਹਿੰਦਰਾ ਕਾਲਜ, ਪਟਿਆਲਾ ਤੋਂ ਬੀ.ਏ. ਕੀਤੀ।[6] ਜਿਹੜਾ ਵਿਚਾਰ ਬਿਲਕੁਲ ਪ੍ਰਮਾਣਿਤ ਨਹੀਂ ਲੱਗਦਾ ਕਿਉਂਕਿ ਬਾਕੀ ਸਭ ਵਿਦਵਾਨਾਂ ਨੇ ਇਹ ਮੰਨਿਆ ਹੈ ਕਿ ਆਪ ਨੇ ਬੀ.ਏ. ਪੰਜਾਬ ਯੂਨੀਵਰਸਿਟੀ ਲਾਹੌਰ ਤੋਂ ਕੀਤੀ।

ਆਪ ਨੇ 1913 ਈ. ਵਿਚ ਦਿੱਲੀ ਤੋਂ *ਸਿੱਖ ਰਿਵੀਊ* ਨਾਂ ਦਾ ਅੰਗਰੇਜ਼ੀ ਮਾਸਿਕ ਪੱਤਰ ਕੱਢ ਕੇ ਪੱਤਰਕਾਰੀ ਦੇ ਖੇਤਰ ਵਿਚ ਕਦਮ ਰੱਖਿਆ। ਆਪ ਇਕ ਧੜੱਲੇਦਾਰ ਪੱਤਰਕਾਰ ਸਨ। ਇਸ ਕਰਕੇ ਆਪ ਨੂੰ ਕਈ ਵਾਰ ਜੇਲ੍ਹ ਜਾਣਾ ਪਿਆ। ਇਸ ਪੱਤਰ ਵਿਚ ਆਪ ਨੇ ਚੀਫ ਖਾਲਸਾ ਦੀਵਾਨ ਦੀ ਅੰਗਰੇਜ਼ ਭਗਤੀ ਵਿਰੁੱਧ ਵੀ ਲਿਖਿਆ। 1913 ਈ. ਵਿਚ ਅੰਗਰੇਜ਼ ਸਰਕਾਰ ਨੇ ਗੁਰਦੁਆਰਾ ਰਕਾਬ ਗੰਜ ਦੀ ਕੰਧ ਢਾਹ ਦਿੱਤੀ। ਆਪ ਨੇ ਆਪਣੀ ਇਸ ਪੱਤ੍ਰਿਕਾ ਵਿਚ ਸਰਕਾਰ ਦਾ ਵਿਰੋਧ ਕੀਤਾ ਅਤੇ ਸਰਕਾਰ ਵਿਰੁੱਧ ਜੰਗ ਛੇੜ ਦਿੱਤੀ। ਇਸ ਕਾਰਨ ਸਰਕਾਰ ਨੇ ਆਪਦੀ ਪਤ੍ਰਿਕਾ ਤੇ ਪਾਬੰਦੀ ਲਾ ਦਿੱਤੀ ਅਤੇ ਆਪ ਨੂੰ ਦਿੱਲੀ 'ਚੋਂ ਬਾਹਰ ਕੱਢ ਦਿੱਤਾ ਗਿਆ।[7] ਇਸ ਉਪਰੰਤ ਆਪ ਲਾਹੌਰ ਆ ਗਏ ਅਤੇ ਇਥੇ ਆ ਕੇ ਆਪ ਨੇ *ਨਿਊ ਹੈਰਾਲਡ* ਨਾਂ ਦਾ ਸਪਤਾਹਿਕ ਪੱਤਰ ਦੁਬਾਰਾ 1921 ਈ. ਵਿਚ ਸ਼ੁਰੂ ਕੀਤਾ। ਇਸੇ ਹੀ ਸਾਲ ਆਪ ਨੇ ਇਸ ਅੰਗਰੇਜ਼ੀ ਪੱਤਰ ਨੂੰ ਪੰਜਾਬੀ ਵਿਚ *ਸੰਗਤ* ਨਾਂ ਹੇਠਾਂ ਪੰਜਾਬੀ ਪੜ੍ਹੇ-ਲਿਖੇ ਲੋਕਾਂ ਲਈ ਪ੍ਰਕਾਸ਼ਿਤ ਕੀਤਾ, ਜੋ 1927 ਈ. ਤੱਕ ਚਲਦਾ ਰਿਹਾ ਅਤੇ ਸਿੱਖ ਪੰਥ ਦੀ ਸੇਵਾ ਕਰਦਾ ਰਿਹਾ।

10 ਦਸੰਬਰ, 1917 ਈ. ਨੂੰ ਮਿਸਟਰ ਐਸ. ਏ. ਰੌਲਟ ਦੀ ਪ੍ਰਧਾਨਗੀ ਹੇਠ ਪੰਜ ਮੈਂਬਰੀ ਕਮੇਟੀ ਬਣੀ, ਇਸ ਦਾ ਨਾਂ ਸਡੀਸ਼ਨ ਕਮੇਟੀ ਰੱਖਿਆ ਗਿਆ। ਇਹ ਐਕਟ ਸਿੱਖਾਂ ਦੀਆਂ ਧਾਰਮਿਕ ਲਹਿਰਾਂ ਅਤੇ ਨਾਲ ਹੀ ਦੇਸ਼ ਆਜ਼ਾਦੀ ਦੀਆਂ ਲਹਿਰਾਂ ਨੂੰ ਰੋਕਣ ਲਈ ਬਣਾਇਆ ਗਿਆ। ਇਸ ਕਮੇਟੀ ਨੇ ਜੋ ਰਿਪੋਰਟ 15 ਅਪ੍ਰੈਲ 1918 ਈ. ਨੂੰ ਪੇਸ਼ ਕੀਤੀ, ਉਸ ਵਿਚ ਸਿੱਖਾਂ ਸਬੰਧੀ ਇਹ ਪੈਰ੍ਹਾ ਲਿਖਿਆ ਗਿਆ ਸੀ:

"ਦਲੇਰੀ, ਉੱਚੀ ਸਪਿਰਿਟ ਅਤੇ ਜੱਦੋ-ਜਹਿਦ ਕਰਨ ਵਾਲੇ ਸਿੱਖਾਂ ਦੇ ਖਿਆਲ ਅਤੇ ਕੰਮ ਵਿਚ ਥੋੜ੍ਹਾ ਹੀ ਫਰਕ ਹੈ। ਜੇ ਇਹ ਭੜਕਾਊ ਅਪੀਲਾਂ ਦੇ ਅਸਰ ਹੇਠ ਆ ਜਾਣ ਤਾਂ ਉਹ ਜਿਤਨੀ ਤੇਜ ਹੋ ਸਕਦਾ ਹੈ ਉਤਨੀ ਤੇਜ਼ੀ ਨਾਲ ਕਾਰਵਾਈ ਕਰਨ ਲਈ ਡਟ ਜਾਂਦੇ ਹਨ ਅਤੇ ਐਸੇ ਢੰਗ ਨਾਲ ਕੰਮ ਕਰਦੇ ਹਨ ਜਿਹੜਾ ਕਿ ਨਿਯਮਕ ਰਾਜ ਪ੍ਰਬੰਧ ਅਤੇ ਅਮਨ ਦੇ ਸ਼ੀਰਾਜੇ ਨੂੰ ਖਿੰਡਾਉਣ ਲਈ ਖਤਰਨਾਕ ਹੁੰਦਾ ਹੈ।"[8]

ਆਪ ਨੇ ਇਸ ਰੌਲਟ ਐਕਟ ਦਾ ਵਿਰੋਧ ਕੀਤਾ ਕਿਉਂਕਿ ਇਹ ਐਕਟ ਸਿੱਖਾਂ ਦੀਆਂ ਧਾਰਮਿਕ ਲਹਿਰਾਂ ਵਿਚ ਵੀ ਰੁਕਾਵਟ ਪਾਉਂਦਾ ਸੀ। ਇਹ ਐਕਟ ਸਿੱਖਾਂ ਦੀਆਂ ਧਾਰਮਿਕ ਗਤੀਵਿਧੀਆਂ ਤੇ

---

5. ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵਕੋਸ਼*, ਭਾਗ ਪਹਿਲਾ, ਗੁਰ ਰਤਨ ਪਬਲਿਸ਼ਰ, ਪਟਿਆਲਾ, 2005, ਪੰਨਾ 201.
6. ਤੇਜਵੰਤ ਸਿੰਘ ਮਾਨ, *ਸੰਪੂਰਨ ਇਤਿਹਾਸ ਪੰਚ ਖਾਲਸਾ ਦੀਵਾਨ ਭਸੌੜ*, ਮੰਗਲ ਪ੍ਰਕਾਸ਼ਨ, ਅੰਮ੍ਰਿਤਸਰ, 1996, ਪੰਨਾ 135.
7. ਬਿਕਰਮ ਸਿੰਘ ਘੁੰਮਣ, *ਪੰਜਾਬ ਦੇ ਸੁਤੰਤਰਤਾ ਸੰਗਰਾਮੀਏ*, ਵਾਰਿਸਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, 1999, ਪੰਨਾ 64.
8. ਤੇਜਵੰਤ ਸਿੰਘ ਮਾਨ, *ਸੰਪੂਰਨ ਇਤਿਹਾਸ ਪੰਚ ਖਾਲਸਾ ਦੀਵਾਨ ਭਸੌੜ*, ਮੰਗਲ ਪ੍ਰਕਾਸ਼ਨ, ਅੰਮ੍ਰਿਤਸਰ, 1996, ਪੰਨਾ 93.

ਪਾਬੰਦੀ ਲਾਉਂਦਾ ਸੀ। ਆਪ ਨੇ ਇਸ ਐਕਟ ਦੇ ਖਿਲਾਫ ਅੰਦੋਲਨ ਸ਼ੁਰੂ ਕਰ ਦਿੱਤਾ, ਜਿਸ ਕਾਰਨ ਆਪ ਨੂੰ ਗ੍ਰਿਫਤਾਰ ਕਰ ਲਿਆ ਗਿਆ।[9]

ਸਰਦੂਲ ਸਿੰਘ ਕਵੀਸ਼ਰ ਜੀ ਸੈਂਟਰਲ ਸਿੱਖ ਲੀਗ ਦੀ ਸਥਾਪਨਾ ਕਰਨ ਵਾਲਿਆਂ ਵਿਚ ਸਭ ਤੋਂ ਮੋਹਰੀ ਸਨ। ਸਰਦਾਰ ਖੜਕ ਸਿੰਘ ਅਤੇ ਹੋਰ ਸਿੱਖ ਨੇਤਾਵਾਂ ਨਾਲ ਮਿਲ ਕੇ ਸਿੱਖ ਲੀਗ ਦੀ ਸਥਾਪਨਾ ਕੀਤੀ। ਅਕਤੂਰ 1920 ਈ. ਵਿਚ ਸਰਦਾਰ ਖੜਕ ਸਿੰਘ ਨੂੰ ਇਸ ਦਾ ਪਹਿਲਾ ਪ੍ਰਧਾਨ ਅਤੇ ਸਰਦਾਰ ਸਰਦੂਲ ਸਿੰਘ ਕਵੀਸ਼ਰ ਨੂੰ ਇਸ ਦਾ ਪਹਿਲਾ ਸਕੱਤਰ ਚੁਣਿਆ ਗਿਆ।[10] ਇਸ ਤੋਂ ਬਾਅਦ 1921 ਈ. ਵਿਚ ਆਪ ਸੈਂਟਰਲ ਸਿੱਖ ਲੀਗ ਦੇ ਦੂਜੇ ਪ੍ਰਧਾਨ ਬਣੇ ਅਤੇ ਸਿੱਖ ਪੰਥ ਦੀ ਸੇਵਾ ਕੀਤੀ।[11] ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਆਪਦਾ ਬਹੁਤ ਸਤਿਕਾਰ ਕੀਤਾ ਜਾਂਦਾ ਸੀ। 1920-21 ਈ. ਵਿਚ ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਪ੍ਰਚਾਰ ਕਮੇਟੀ ਦੇ ਸਕੱਤਰ ਦੀ ਸੇਵਾ ਵੀ ਨਿਭਾਉਂਦੇ ਰਹੇ।[12] 8 ਅਕਤੂਬਰ, 1920 ਨੂੰ ਸਿੱਖ ਲੀਗ ਦੀ ਇਕੱਤਰਤਾ ਕੀਤੀ ਗਈ। ਇਸ ਇਕੱਠ ਵਿਚ ਸਰਦਾਰ ਸਰਦੂਲ ਸਿੰਘ ਕਵੀਸ਼ਰ ਵੀ ਸ਼ਾਮਲ ਸਨ। ਇਸ ਇਕੱਠ ਵਿਚ ਪਹੁੰਚੇ ਨੇਤਾਵਾਂ ਨੂੰ ਨਾ-ਮਿਲਵਰਤਨ ਲਹਿਰ ਵਿਚ ਭਾਗ ਲੈਣ ਲਈ ਆਪਣੇ ਨਾਂ ਦੇਣ ਵਾਸਤੇ ਕਿਹਾ ਗਿਆ। ਆਪ ਨੇ ਦੇਸ਼ ਦੀ ਆਜ਼ਾਦੀ ਦੀ ਇਸ ਲਹਿਰ ਵਿਚ ਭਾਗ ਲੈਣ ਲਈ ਸਭ ਤੋਂ ਪਹਿਲਾਂ ਆਪਣਾ ਨਾਂ ਦਿੱਤਾ।[13] 1921 ਤੋਂ 1922 ਈ. ਵਿਚ ਆਪਨੇ ਅਕਾਲੀ ਮੋਰਿਚਆਂ ਅਤੇ ਨਾ-ਮਿਲਵਰਤਨ ਲਹਿਰ ਵਿਚ ਵੱਧ ਚੜ੍ਹ ਕੇ ਹਿੱਸਾ ਲਿਆ। 27 ਮਈ, 1921 ਨੂੰ ਆਪ ਨੂੰ ਗ੍ਰਿਫਤਾਰ ਕਰ ਲਿਆ ਗਿਆ ਕਿਉਂਕਿ ਪੰਜਾਬ ਵਿਚ ਆਪ ਇਸ ਲਹਿਰ ਅਤੇ ਅਕਾਲੀ ਮੋਰਚਿਆਂ ਦੇ ਮੁੱਖ ਆਗੂ ਸਨ। ਆਪ ਦੀ ਗ੍ਰਿਫਤਾਰੀ ਦੇ ਵਿਰੋਧ ਵਿਚ ਪੰਜਾਬ ਪੁਲਿਸ ਦੇ ਇੰਸਪੈਕਟਰ ਇੰਦਰ ਸਿੰਘ ਨੇ ਆਪਣੀ ਨੌਕਰੀ ਤੋਂ ਅਸਤੀਫਾ ਦੇ ਦਿੱਤਾ ਅਤੇ ਨਾ-ਮਿਲਵਰਤਨ ਅਤੇ ਆਪ ਦੀ ਤਰਫ਼ਦਾਰੀ ਕੀਤੀ।[14] ਆਪ ਦੀ ਗ੍ਰਿਫ਼ਤਾਰੀ ਪਿੱਛੇ ਪੰਜਾਬ ਸਰਕਾਰ ਦਾ ਮਨਸੂਬਾ ਸਿੱਖ ਲੀਗ ਅਤੇ ਕਾਂਗਰਸ ਨੂੰ ਤੋੜਨਾ ਸੀ ਕਿਉਂਕਿ ਆਪ ਦੋਹਾਂ ਸੰਗਠਨਾਂ ਦੇ ਸਕੱਤਰ ਸਨ ਅਤੇ ਸੂਝਵਾਨ ਰਾਜਨੇਤਾ ਸਨ। ਆਪ ਉੱਪਰ ਲੋਕਾਂ ਨੂੰ ਗੁੰਮਰਾਹ ਕਰਨ ਅਤੇ ਸਰਕਾਰ ਵਿਰੁੱਧ ਸਾਜ਼ਿਸ਼ ਕਰਨ ਦੇ ਦੋਸ਼ ਲਾਏ ਗਏ ਅਤੇ ਆਪ ਨੂੰ ਪੰਜ ਸਾਲ ਦੀ ਸਜ਼ਾ ਹੋਈ, ਪਰ ਇਕ ਸਾਲ ਦੀ ਕੈਦ ਕੱਟਣ ਉਪਰੰਤ ਆਪ ਨੂੰ ਰਿਹਾ ਕਰ ਦਿੱਤਾ।[15] ਇਸ ਦੌਰਾਨ ਆਪ ਨੇ ਜੇਲ੍ਹ ਵਿਚੋਂ ਹੀ ਸਿੱਖਾਂ ਦੇ ਨਾਂ ਇਕ ਸੰਦੇਸ਼ ਜਾਰੀ ਕੀਤਾ : "ਸਿੱਖਾਂ ਨੂੰ ਚਾਹੀਦਾ ਹੈ ਕਿ ਉਹ ਨਾ-ਮਿਲਵਰਤਨ ਲਹਿਰ ਵਿਚ ਭਾਗ ਲੈਣ, ਮੈਨੂੰ ਗ੍ਰਿਫਤਾਰ ਹੋਣ ਤੇ ਬਹੁਤ ਖੁਸ਼ੀ ਹੈ ਕਿਉਂਕਿ ਮੈਂ ਮੰਨਦਾ ਹਾਂ ਕਿ ਆਜ਼ਾਦੀ ਜੇਲ੍ਹ ਦੇ ਦਰਵਾਜ਼ਿਆਂ ਵਿਚੋਂ ਹੀ ਪ੍ਰਾਪਤ ਹੁੰਦੀ ਹੈ।"[16]

ਸਰਦਾਰ ਸਰਦੂਲ ਸਿੰਘ ਕਵੀਸ਼ਰ ਜੀ ਨੇ 1926 ਈ. ਵਿਚ ਸਾਰੀਆਂ ਸਿੱਖ ਸੰਸਥਾਵਾਂ ਤੋਂ ਅਸਤੀਫਾ ਦੇ ਦਿੱਤਾ ਪਰ ਆਪ ਸਿੱਖਾਂ ਦੁਆਰਾ ਕੀਤੀਆਂ ਜਾ ਰਹੀਆਂ ਧਾਰਮਿਕ ਕਾਰਵਾਈਆਂ ਵਿਚ

---

9. K.L. Tuteja, *Sikh Politics 1920-40*, Kurukshetra University Press, Kurukshetra, 1984, p. 17.
10. Sukhmani Bal, *Politics of The Central Sikh League*, ACME Publication, Delhi, 1990, p.32.
11. ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵਕੋਸ਼*, ਭਾਗ ਪਹਿਲਾ, ਗੁਰ ਰਤਨ ਪਬਲਿਸ਼ਰ, ਪਟਿਆਲਾ, 2005, ਪੰਨਾ 201.
12. *ਉਹੀ.*
13. Sukhmani Bal, *Politics of The Central Sikh League*, ACME Publication, Delhi, 1990, p. 51.
14. *ਉਹੀ,* ਪੰਨਾ 191.
15. Parm Bakhshish Singh (ed.), *Who's Who Feedom Fighters of Punjab*, Vol. II, Punjabi University, Patiala, p.II.
16. Sukhmani Bal, *Politics of The Central Sikh League*, ACME Publication, Delhi, 1990, p. 70.

ਸ਼ਾਮਿਲ ਹੁੰਦੇ ਸਨ। ਸਿੱਖ ਸੰਸਥਾਵਾਂ ਤੋਂ ਅਸਤੀਫਾ ਦੇਣ ਉਪਰੰਤ ਆਪ ਦੇਸ਼ ਦੀ ਆਜ਼ਾਦੀ ਲਈ ਚੱਲ ਰਹੀਆਂ ਲਹਿਰਾਂ ਵਿਚ ਜੁਟ ਗਏ ਅਤੇ ਦੇਸ਼ ਦੀ ਸੇਵਾ ਕੀਤੀ। ਸਰਦਾਰ ਕਵੀਸ਼ਰ ਜੀ ਦੀਆਂ ਸੇਵਾਵਾਂ ਨੂੰ ਵੇਖਦੇ ਹੋਏ 1927 ਈ. ਵਿਚ ਆਪ ਨੂੰ ਕਾਂਗਰਸ ਵਰਕਿੰਗ ਕਮੇਟੀ ਦਾ ਮੈਂਬਰ ਚੁਣਿਆ ਗਿਆ। ਆਪ ਨੇ ਬਹੁਤਾ ਸਮਾਂ ਇਸੇ ਪਦ ਤੇ ਰਹਿ ਕੇ ਦੇਸ਼ ਦੀ ਸੇਵਾ ਕੀਤੀ। 1932 ਈ. ਵਿਚ ਕਵੀਸ਼ਰ ਜੀ ਕਾਂਗਰਸ ਕਮੇਟੀ ਦੇ ਪਹਿਲੇ ਸਿੱਖ ਪ੍ਰਧਾਨ ਬਣੇ ਅਤੇ ਸਿਰਫ ਇਕ ਸਾਲ ਆਪ ਕਾਂਗਰਸ ਕਮੇਟੀ ਦੇ ਪ੍ਰਧਾਨ ਰਹੇ ਅਤੇ ਦੇਸ਼ ਦੀ ਸੇਵਾ ਕੀਤੀ।

8 ਨਵੰਬਰ, 1927 ਈ. ਨੂੰ ਵਾਇਸਰਾਇ ਨੇ ਸਾਈਮਨ ਕਮਿਸ਼ਨ ਦੀ ਨਿਯੁਕਤੀ ਕੀਤੀ। ਦੇਸ਼ ਭਰ ਵਿਚ ਇਸ ਕਮਿਸ਼ਨ ਦਾ ਵਿਰੋਧ ਕੀਤਾ ਗਿਆ। ਪੰਜਾਬ ਵਿਚ ਸਰਦਾਰ ਸਰਦੂਲ ਸਿੰਘ ਕਵੀਸ਼ਰ ਜੀ ਨੇ ਇਸ ਦਾ ਵਿਰੋਧ ਕੀਤਾ ਅਤੇ ਸਿੱਖਾਂ ਨੂੰ ਇਸ ਕਮਿਸ਼ਨ ਦਾ ਵਿਰੋਧ ਕਰਨ ਲਈ ਬੇਨਤੀ ਕੀਤੀ।[17] 30 ਅਕਤੂਬਰ, 1928 ਈ. ਨੂੰ ਸਾਈਮਨ ਕਮਿਸ਼ਨ ਲਾਹੌਰ ਪਹੁੰਚਿਆ। ਇਸ ਦੇ ਲਾਹੌਰ ਪਹੁੰਚਣ ਤੇ ਆਪ ਨੇ ਆਪਣੇ ਸਾਥੀਆਂ, ਲਾਲਾ ਲਾਜਪਤ ਰਾਏ, ਪੰਡਤ ਮਦਨ ਮੋਹਨ ਮਾਲਵੀਆ, ਮੰਗਲ ਸਿੰਘ ਆਦਿ ਨਾਲ ਮਿਲ ਕੇ ਇਸ ਕਮਿਸ਼ਨ ਦਾ ਵਿਰੋਧ ਕੀਤਾ। ਪੁਲਿਸ ਨੇ ਇਨ੍ਹਾਂ ਵਿਰੋਧਕਾਰੀਆਂ ਤੇ ਲਾਠੀਆਂ ਚਲਾਈਆਂ, ਜਿਸ ਕਾਰਨ ਲਾਲਾ ਜੀ ਬਹੁਤ ਜ਼ਖਮੀ ਹੋ ਗਏ ਅਤੇ 17 ਅਕਤੂਬਰ 1928 ਈ. ਨੂੰ ਲਾਲਾ ਲਾਜਪਤ ਰਾਏ ਦੀ ਮੌਤ ਹੋ ਗਈ।[18] ਉਨ੍ਹਾਂ ਦੀ ਮੌਤ ਦਾ ਆਪ ਨੂੰ ਬਹੁਤ ਸਦਮਾ ਲੱਗਾ ਕਿਉਂਕਿ ਉਹ ਆਪਦੇ ਮਿੱਤਰ, ਸੂਝਵਾਨ ਨੇਤਾ ਅਤੇ ਇਕ ਸੁਤੰਤਰਤਾ ਸੰਗਰਾਮੀ ਸਨ।

ਮਹਾਤਮਾ ਗਾਂਧੀ ਨੇ 6 ਅਪ੍ਰੈਲ 1930 ਈ. ਵਿਚ ਸਿਵਲ ਨਾ-ਫੁਰਮਾਨੀ ਲਹਿਰ ਸ਼ੁਰੂ ਕੀਤੀ। 5 ਮਈ 1930 ਈ. ਨੂੰ ਗਾਂਧੀ ਜੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਇਸ ਕਾਰਨ ਇਹ ਲਹਿਰ ਦੇਸ਼ ਵਿਆਪੀ ਬਣ ਗਈ। ਇਸ ਸਬੰਧ ਵਿਚ ਅਲਾਹਾਬਾਦ ਵਿਖੇ ਕਾਂਗਰਸ ਦੀ ਵਰਕਿੰਗ ਕਮੇਟੀ ਦੀ ਬੈਠਕ 12 ਤੋਂ 15 ਮਈ ਤੱਕ ਚਲੀ, ਜਿਸ ਵਿਚ ਆਪ ਨੇ ਵੀ ਸ਼ਿਰਕਤ ਕੀਤੀ। ਇਸ ਬੈਠਕ ਵਿਚ ਮਤਾ ਪਾਸ ਕੀਤਾ ਗਿਆ ਕਿ ਭਾਰਤ ਦਾਂ ਹਰ ਵਿਦਿਆਰਥੀ, ਵਕੀਲ, ਸਰਕਾਰੀ ਨੌਕਰ, ਕਿਸਾਨ, ਵਪਾਰੀ, ਸਨਅਤਕਾਰ ਆਜ਼ਾਦੀ ਦੀ ਇਸ ਲੜਾਈ ਵਿਚ ਭਾਗ ਲਵੇ ਅਤੇ ਦੇਸ਼ ਦੀ ਆਜ਼ਾਦੀ ਦੇ ਸੁਪਨੇ ਨੂੰ ਸਾਕਾਰ ਕਰਨ ਵਿਚ ਸਾਡੀ ਮੱਦਦ ਕਰੇ।[19]

ਆਜ਼ਾਦੀ ਦੀ ਇਸ ਜੰਗ ਵਿਚ ਆਪ ਇਕੱਲੇ ਨਹੀਂ ਲੜੇ ਸਗੋਂ ਆਪਦੀ ਪਤਨੀ ਸਰਦਾਰਨੀ ਬਲਵੰਤ ਕੌਰ ਜੀ ਨੇ ਵੀ ਆਪਦੇ ਮੋਢੇ ਨਾਲ ਮੋਢਾ ਜੋੜ ਕੇ ਆਜ਼ਾਦੀ ਦੀ ਇਹ ਜੰਗ ਲੜੀ। ਜਦ ਆਪ ਲਾਹੌਰ ਵਿਚ ਇਸ ਲਹਿਰ ਦੀ ਅਗਵਾਈ ਕਰ ਰਹੇ ਸਨ ਤਾਂ ਆਪ ਨੇ ਵਿਦੇਸ਼ੀ ਵਸਤਾਂ ਦਾ ਵਿਰੋਧ ਕੀਤਾ ਅਤੇ ਇਕ ਬਿੱਲ ਪੇਸ਼ ਕੀਤਾ ਜੋ ਵਿਦੇਸ਼ੀ ਕੱਪੜਾ ਨਾ ਆਯਾਤ ਕਰਨ ਸਬੰਧੀ ਸੀ। ਲਾਹੌਰ ਦੇ ਬਹੁਤ ਸਾਰੇ ਵਪਾਰੀਆਂ ਨੇ ਤਾਂ ਇਸ ਬਿੱਲ ਤੇ ਦਸਤਖਤ ਕਰ ਦਿੱਤੇ ਪਰ ਕੁਝ ਦੁਕਾਨਦਾਰਾਂ ਨੇ ਇਸ ਬਿੱਲ ਉਪਰ ਦਸਤਖਤ ਕਰਨ ਤੋਂ ਇਨਕਾਰ ਕਰ ਦਿੱਤਾ। ਇਨ੍ਹਾਂ ਦੁਕਾਨਾਂ ਅੱਗੇ ਧਰਨਾ ਦਿੱਤਾ ਗਿਆ। ਧਰਨਾ ਦੇਣ ਵਾਲੇ ਜੱਥੇ ਦੀ ਨੇਤਾ ਆਪ ਦੀ ਪਤਨੀ ਸਰਦਾਰਨੀ ਬਲਵੰਤ ਕੌਰ ਸੀ।[20] ਇਸ ਲਹਿਰ ਵਿਚ ਭਾਗ ਲੈਣ ਕਾਰਨ ਸਰਦਾਰ ਸਰਦੂਲ ਸਿੰਘ ਕਵੀਸ਼ਰ ਜੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਕਾਂਗਰਸ ਦੀ ਵਰਕਿੰਗ ਕਮੇਟੀ ਤੇ ਪਾਬੰਦੀ ਲਾ ਦਿੱਤੀ ਗਈ। 15 ਜਨਵਰੀ, 1931 ਈ. ਨੂੰ ਕਾਂਗਰਸ ਦੀ ਵਰਕਿੰਗ

17. D.R. Grover, *Civil Disobedience Movement in the Punjab 1930-34,* B.R. Publishing Corporation, Delhi, 1987, p. 4.
18. *ਉਹੀ,* ਪੰਨਾ 6.
19. *ਉਹੀ,* ਪੰਨਾ 50.
20. *ਉਹੀ,* ਪੰਨਾ 68.

ਕਮੇਟੀ ਤੇ ਲੱਗੀ ਪਾਬੰਦੀ ਹਟਾ ਦਿੱਤੀ ਗਈ ਅਤੇ ਆਪ ਨੂੰ ਰਿਹਾ ਕਰ ਦਿੱਤਾ ਗਿਆ।[21]

ਮਈ 1931 ਈ. ਵਿਚ ਕਾਂਗਰਸ ਪਾਰਟੀ ਦੇ ਮੁੱਖ ਨੇਤਾ ਡਾ. ਕਿਚਲੂ ਅਤੇ ਗਾਜ਼ੀ ਅਬਦੁਲ ਰਹਮਾਨ ਦਾ ਕਿਸੇ ਵਿਚਾਰ ਉਪਰ ਮਤਭੇਦ ਹੋ ਗਿਆ। ਆਪ ਨੇ ਇਨ੍ਹਾਂ ਨੇਤਾਵਾਂ ਨੂੰ ਆਪਸੀ ਮਤਭੇਦ ਖਤਮ ਕਰਨ ਵਾਸਤੇ ਅਪੀਲ ਕੀਤੀ, ਆਪਸੀ ਏਕਤਾ ਸਥਾਪਿਤ ਕਰਨ ਸਬੰਧੀ ਇਕ ਸੰਦੇਸ਼ ਜਾਰੀ ਕੀਤਾ ਅਤੇ ਆਜ਼ਾਦੀ ਦੀ ਲੜਾਈ ਵਿਚ ਇਕਸੁਰ ਹੋ ਕੇ ਕੰਮ ਕਰਨ ਲਈ ਪ੍ਰੇਰਿਤ ਕੀਤਾ।[22] 2 ਅਕਤੂਬਰ, 1931 ਈ. ਨੂੰ ਗਾਂਧੀ ਜੀ ਦੇ ਜਨਮ ਦਿਨ ਦੇ ਉਪਲਕਸ਼ ਵਿਚ ਗਾਂਧੀ ਹਫ਼ਤਾ ਮਨਾਉਣ ਦੌਰਾਨ ਸਰਦਾਰ ਸਰਦੂਲ ਸਿੰਘ ਕਵੀਸ਼ਰ ਜੀ ਅਤੇ ਡਾ. ਗੋਪੀ ਚੰਦ ਭਾਰਗਵ ਨੇ ਲਾਹੌਰ ਵਿਚ ਫੇਰੀ ਲਾ ਕੇ ਖੱਦਰ ਦਾ ਕੱਪੜਾ ਵੇਚਿਆ।[23]

ਸਿਵਲ ਨਾ-ਫੁਰਮਾਨੀ ਲਹਿਰ ਭਾਰਤ ਵਿਚ ਕਾਫੀ ਲੰਮੇ ਸਮੇਂ ਤੱਕ ਚਲਦੀ ਰਹੀ। ਸਰਦਾਰ ਕਵੀਸ਼ਰ ਜੀ ਇਸ ਲਹਿਰ ਵਿਚ ਕਿਸੇ ਨਾ ਕਿਸੇ ਰੂਪ ਵਿਚ ਕਾਰਵਾਈ ਕਰਕੇ ਸ਼ਿਰਕਤ ਕਰਦੇ ਰਹਿੰਦੇ ਸਨ, ਇਸੇ ਕਰਕੇ ਪੁਲਿਸ ਨੂੰ ਲੰਮੇ ਸਮੇਂ ਤੋਂ ਆਪਦੀ ਭਾਲ ਸੀ। ਪੁਲਿਸ ਨੇ ਆਪ ਨੂੰ ਗ੍ਰਿਫ਼ਤਾਰ ਕਰਨ ਲਈ 20 ਜਨਵਰੀ, 1932 ਈ. ਨੂੰ ਉਨ੍ਹਾਂ ਦੇ ਘਰ ਅਤੇ ਨਾਲ ਹੀ ਪੀਪਲਜ਼ ਇੰਸ਼ੋਰੈਂਸ ਕੰਪਨੀ ਦੇ ਦਫਤਰ ਵਿਚ ਛਾਪਾ ਮਾਰਿਆ, ਜਿਸ ਦੇ ਆਪ ਪ੍ਰਬੰਧਕ ਨਿਰਦੇਸ਼ਕ ਸਨ।[24] ਦੂਜੀ ਵਾਰ ਪੁਲਿਸ ਨੇ 23 ਮਾਰਚ, 1932 ਈ. ਨੂੰ ਆਪਦੇ ਘਰ ਛਾਪਾ ਮਾਰਿਆ ਅਤੇ ਆਪ ਦੀ ਪਤਨੀ ਸਰਦਾਰਨੀ ਬਲਵੰਤ ਕੌਰ ਪਾਸੋਂ 15 ਰੁਪਏ ਜੁਰਮਾਨੇ ਦੇ ਪ੍ਰਾਪਤ ਕੀਤੇ। ਪੁਲਿਸ ਨੇ ਘਰ ਦੀ ਤਲਾਸ਼ੀ ਲਈ, ਇਸ ਤਲਾਸ਼ੀ ਦੌਰਾਨ ਆਪ ਦੇ ਘਰੋਂ ਪੁਲਿਸ ਨੇ ਇਕ ਊਨੀ ਕਸ਼ਮੀਰੀ ਸ਼ਾਲ, ਇਕ ਦਾਤੀ, ਇਕ ਰਜਾਈ, ਇਕ ਸਰ੍ਹਾਣਾ, ਇਕ ਦਰੀ, ਇਕ ਖੱਦਰ ਦਾ ਟੁਕੜਾ ਆਦਿ ਵਸਤਾਂ ਲੈ ਲਈਆਂ।[25]

12 ਜੁਲਾਈ 1933 ਈ. ਨੂੰ ਕਾਂਗਰਸ ਦੀ ਕਾਨਫਰੰਸ ਲਾਹੌਰ ਵਿਖੇ ਹੋਈ। ਇਸ ਕਾਨਫਰੰਸ ਵਿਚ ਸਰਦਾਰ ਸਰਦੂਲ ਸਿੰਘ ਕਵੀਸ਼ਰ ਜੀ ਨੇ ਇਸ ਲਹਿਰ ਨੂੰ ਕੁਝ ਸਮੇਂ ਲਈ ਮੁਅੱਤਲ ਕਰਨ ਦਾ ਵਿਚਾਰ ਪੇਸ਼ ਕੀਤਾ, ਕਿਉਂਕਿ ਆਪ ਪੰਜਾਬ ਦੀ ਸਥਿਤੀ ਤੋਂ ਚੰਗੀ ਤਰ੍ਹਾਂ ਵਾਕਿਫ ਸਨ ਕਿ ਪੰਜਾਬ ਦਾ ਆਵਾਮ ਇਸ ਲਹਿਰ ਨੂੰ ਚਾਲੂ ਰੱਖਣ ਦੀ ਸਥਿਤੀ ਵਿਚ ਨਹੀਂ ਅਤੇ ਉਨ੍ਹਾਂ ਦੀ ਮਾਲੀ ਹਾਲਤ ਵੀ ਇਸ ਲਹਿਰ ਕਾਰਨ ਕਮਜ਼ੋਰ ਹੋ ਚੁੱਕੀ ਹੈ। ਇਸ ਲਈ ਆਪ ਨੇ ਇਹ ਸੁਝਾਅ ਦਿੱਤਾ ਕਿ ਲਹਿਰ ਨੂੰ ਕੁਝ ਸਮੇਂ ਲਈ ਸਥਗਿਤ ਕਰਨਾ ਚਾਹੀਦਾ ਹੈ ਤਾਂ ਕਿ ਲੋਕ ਆਪਣੀ ਮਾਲੀ ਹਾਲਤ ਸੁਧਾਰ ਸਕਣ।[26] ਪਰ ਆਪਨੇ ਨਾਲ ਹੀ ਇਹ ਵੀ ਕਿਹਾ ਕਿ ਜੋ ਲੋਕ ਲਹਿਰ ਨੂੰ ਚਾਲੂ ਰੱਖਣ ਦੇ ਸਮਰਥਕ ਹਨ ਜਾਂ ਇਸ ਲਹਿਰ ਨੂੰ ਚਾਲੂ ਰੱਖਣ ਵਾਸਤੇ ਸਮਰਥ ਹਨ, ਉਹ ਲੋਕ ਲਹਿਰ ਨੂੰ ਜਾਰੀ ਰੱਖਣ। ਆਪਨੇ ਵੀ ਨਿੱਜੀ ਤੌਰ ਤੇ ਲਹਿਰ ਨੂੰ ਚਾਲੂ ਰੱਖਿਆ।

21 ਅਗਸਤ, 1933 ਈ. ਨੂੰ ਜਦ ਆਪ ਆਲ ਇੰਡੀਆ ਕਾਂਗਰਸ ਕਮੇਟੀ ਦੇ ਪ੍ਰਧਾਨ ਸਨ ਤਾਂ ਆਪ ਡਿਪਟੀ ਕਮਿਸ਼ਨਰ ਨੂੰ ਸੂਚਿਤ ਕਰਕੇ ਸਿਵਲ ਨਾ-ਫੁਰਮਾਨੀ ਲਹਿਰ ਦੇ ਤਹਿਤ ਲਾਹੌਰ ਵਿਚ ਵਿਦੇਸ਼ੀ ਕੱਪੜਾ ਵੇਚਣ ਵਾਲੀਆਂ ਦੁਕਾਨਾਂ ਬੰਦ ਕਰਵਾਉਣ ਲਈ ਗਏ। ਆਪ ਨੂੰ ਉਸ ਵਕਤ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ 6 ਮਹੀਨੇ ਦੀ ਸਜ਼ਾ ਦੇ ਨਾਲ 500 ਰੁਪਏ ਜੁਰਮਾਨਾ ਵੀ ਕੀਤਾ ਗਿਆ।[27] ਸਿਵਲ

21. *ਉਹੀ,* ਪੰਨਾ 148.
22. *ਉਹੀ,* ਪੰਨਾ 184.
23. *ਉਹੀ,* ਪੰਨਾ 192.
24. *ਉਹੀ,* ਪੰਨਾ 241.
25. *ਉਹੀ,* ਪੰਨਾ 241.
26. *ਉਹੀ,* ਪੰਨਾ 192.
27. *ਉਹੀ,* ਪੰਨਾ 214.

ਨਾ-ਫੁਰਮਾਨੀ ਲਹਿਰ ਵਿਚ ਭਾਗ ਲੈਣ ਕਾਰਨ ਆਪ ਨੂੰ ਚਾਰ ਵਾਰ ਜੇਲ੍ਹ ਦੀ ਹਵਾ ਖਾਣੀ ਪਈ।[28]

ਜਦ 1937 ਈ. ਵਿਚ ਕਾਂਗਰਸ ਨੇ ਚੋਣਾਂ ਵਿਚ ਹਿੱਸਾ ਲਿਆ ਅਤੇ ਪ੍ਰਾਂਤਿਕ ਸਰਕਾਰਾਂ ਬਣਾਉਣਾ ਸਵੀਕਾਰ ਕੀਤਾ ਤਾਂ ਸਰਦੂਲ ਸਿੰਘ ਕਵੀਸ਼ਰ ਜੀ ਨੇ ਕਾਂਗਰਸ ਪਾਰਟੀ ਤੋਂ ਅਸਤੀਫਾ ਦੇ ਦਿੱਤਾ। ਇਸ ਸਮੇਂ ਦੌਰਾਨ ਹੀ ਨੇਤਾ ਜੀ ਸੁਭਾਸ਼ ਚੰਦਰ ਬੋਸ ਨੇ 'ਫਾਰਵਰਡ ਬਲਾਕ' ਨਾਂ ਦੀ ਪਾਰਟੀ ਦੀ ਸਥਾਪਨਾ ਕੀਤੀ। ਆਪ ਕਾਂਗਰਸ ਪਾਰਟੀ ਤੋਂ ਅਸਤੀਫਾ ਦੇਣ ਉਪਰੰਤ 'ਫਾਰਵਰਡ ਬਲਾਕ' ਵਿਚ ਸ਼ਾਮਲ ਹੋ ਗਏ। 1941 ਈ. ਵਿਚ ਸੁਭਾਸ਼ ਚੰਦਰ ਬੋਸ ਦੇ ਰੂਪੋਸ਼ ਹੋਣ ਉਪਰੰਤ ਆਪ ਨੇ ਇਸ ਪਾਰਟੀ ਦੇ ਪ੍ਰਧਾਨ ਵਜੋਂ ਕਾਰਜ ਸੰਭਾਲ ਲਿਆ।[29] ਦੇਸ਼ ਦੀ ਆਜ਼ਾਦੀ ਤੋਂ ਬਾਅਦ 1948 ਈ. ਵਿਚ ਸਰਦਾਰ ਸਰਦੂਲ ਸਿੰਘ ਕਵੀਸ਼ਰ ਜੀ ਨੇ 'ਫਾਰਵਰਡ ਬਲਾਕ' ਦੀ ਪ੍ਰਧਾਨਗੀ ਤੋਂ ਅਸਤੀਫਾ ਦੇ ਦਿੱਤਾ।[30]

ਆਪ ਨੂੰ 9 ਮਾਰਚ, 1942 ਈ. ਨੂੰ ਸਰਦਾਰ ਬਹਾਦਰ ਸੰਪੂਰਨ ਸਿੰਘ ਅਤੇ ਰਾਏ ਬਹਾਦਰ ਬਦਰੀ ਨਾਥ ਦੁਆਰਾ ਗ੍ਰਿਫ਼ਤਾਰੀ ਵਾਰੰਟ ਜਾਰੀ ਕਰਕੇ ਗ੍ਰਿਫ਼ਤਾਰ ਕੀਤਾ ਗਿਆ।[31] ਸਰਦਾਰ ਸਰਦੂਲ ਸਿੰਘ ਕਵੀਸ਼ਰ ਜੀ ਨੂੰ ਗ੍ਰਿਫ਼ਤਾਰ ਕਰਕੇ ਲਾਹੌਰ ਦੇ ਕਿਲੇ ਵਿਚ ਸੱਤ ਮਹੀਨਿਆਂ ਤੱਕ ਰਖਿਆ ਗਿਆ। ਜੇਲ੍ਹ ਵਿਚ ਰੋਜ਼ਾਨਾ ਆਪ ਤੋਂ 'ਫਾਰਵਰਡ ਬਲਾਕ' ਦੀ ਨੀਤੀ, ਇਸ ਦੇ ਪ੍ਰੋਗਰਾਮਾਂ ਅਤੇ ਇਸ ਦੇ ਦੂਜੇ ਕ੍ਰਾਂਤੀਕਾਰੀ ਸੰਗਠਨਾਂ ਨਾਲ ਕੀ ਸਬੰਧ ਹਨ, ਬਾਰੇ ਪੁੱਛਦੇ ਸਨ। ਸਰਦਾਰ ਸਰਦੂਲ ਸਿੰਘ ਕਵੀਸ਼ਰ ਜੀ ਨੂੰ ਜ਼ਿਆਦਾ ਪਰੇਸ਼ਾਨ ਇਹ ਪੁੱਛਣ ਲਈ ਕੀਤਾ ਜਾਂਦਾ ਸੀ ਕਿ ਸੁਭਾਸ਼ ਚੰਦਰ ਬੋਸ ਕਿਵੇਂ ਅਤੇ ਕਿਸ ਦੀ ਮੱਦਦ ਨਾਲ ਭਾਰਤ ਵਿਚੋਂ ਬਚ ਕੇ ਨਿਕਲਣ ਵਿਚ ਸਫਲ ਹੋ ਗਿਆ। ਆਪ ਨੇ ਜੋ ਜਵਾਬ ਇਸ ਪ੍ਰਸ਼ਨ ਸਬੰਧੀ ਪੁਲਿਸ ਅਧਿਕਾਰੀਆਂ ਨੂੰ ਦਿੱਤਾ ਉਸ ਨਾਲ ਉਹ ਸੰਤੁਸ਼ਟ ਨਹੀਂ ਹੋਏ। ਇਸ ਕਾਰਨ ਮਿਸਟਰ ਵੇਸ, ਡੀ.ਆਈ.ਜੀ. ਅਤੇ ਮਿਸਟਰ ਜੈਨ ਕਿਨਸ ਇੰਟੈਲੀਜੈਂਸ ਵਿਭਾਗ, ਭਾਰਤ ਸਰਕਾਰ ਦੇ ਹੁਕਮ ਨਾਲ ਸਰਦਾਰ ਬਹਾਦੁਰ ਸੰਪੂਰਨ ਸਿੰਘ, ਰਾਏ ਬਹਾਦੁਰ ਬਦਰੀ ਨਾਥ, ਬਹਾਦੁਰ ਸੈਯਦ ਅਹਮਦ, ਦੀਵਾਨ ਹਰਬੰਸ ਲਾਲ, ਹਾਜ਼ੀ ਸ਼ੇਰ ਮੁਹੰਮਦ ਅਤੇ ਕਈ ਹੋਰ ਸੀ.ਆਈ.ਡੀ. ਸਟਾਫ ਦੇ ਕਰਮਚਾਰੀ ਆਪ ਨੂੰ ਲਗਾਤਾਰ ਆਪਣੇ ਤਸ਼ੱਦਦ ਦਾ ਸ਼ਿਕਾਰ ਬਣਾਉਂਦੇ ਰਹੇ।[32]

ਲਾਹੌਰ ਦੇ ਕਿਲੇ ਵਿਚ ਕੈਦ ਦੌਰਾਨ ਪਹਿਲੇ ਹਫਤੇ ਆਪ ਨੂੰ ਆਪਣੇ ਕਮਰੇ ਵਿਚੋਂ ਬਾਹਰ ਨਿਕਲਣ ਦੀ ਆਗਿਆ ਬਿਲਕੁਲ ਨਹੀਂ ਸੀ। ਪਰ ਕੁਝ ਸਮੇਂ ਬਾਅਦ ਪੁਲਿਸ ਅਧਿਕਾਰੀਆਂ ਨੇ ਆਪ ਨੂੰ ਜੇਲ੍ਹ ਦੇ ਕਮਰੇ ਦੇ ਸਾਹਮਣੇ ਅੱਧਾ ਘੰਟਾ ਸਵੇਰ ਵੇਲੇ ਟਹਿਲਣ ਦੀ ਇਜ਼ਾਜਤ ਦੇ ਦਿੱਤੀ। ਚਾਰ ਮਹੀਨੇ ਬਾਅਦ ਪੁਲਿਸ ਅਧਿਕਾਰੀਆਂ ਨੇ ਆਪ ਨੂੰ ਟਹਿਲਣ ਲਈ ਇਕ ਘੰਟਾ ਸਵੇਰੇ ਅਤੇ ਇਕ ਘੰਟਾ ਸ਼ਾਮ ਵੇਲੇ ਦੇਣਾ ਸ਼ੁਰੂ ਕਰ ਦਿੱਤਾ।[33] ਜੇਲ੍ਹ ਵਿਚ ਆਪ ਨੂੰ ਜੋ ਖਾਣਾ ਦਿੱਤਾ ਜਾਂਦਾ ਸੀ ਉਹ ਬਹੁਤ ਘਟੀਆ ਅਤੇ ਨਾ-ਖਾਣ ਯੋਗ ਹੁੰਦਾ ਸੀ। ਇਸ ਲਈ ਆਪ ਨੇ ਇਹ ਖਾਣਾ ਖਾਣ ਤੋਂ ਇਨਕਾਰ ਕਰ ਦਿੱਤਾ ਅਤੇ ਆਪਣੇ ਖਰਚੇ ਤੇ ਹੀ ਚੰਗੀ ਰੋਟੀ ਖਾਣ ਦੀ ਆਗਿਆ ਮੰਗੀ, ਪਰ ਇਕ ਮਹੀਨਾ ਆਪ ਦੀ ਇਹ ਮੰਗ ਪੂਰੀ ਨਹੀਂ ਕੀਤੀ

---

28. Fauja Singh, *Eminent Freedom Fighters of Punajb,* Punjabi University, Patiala, 1972, p. 205.
29. ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵਕੋਸ਼,* ਭਾਗ ਪਹਿਲਾ, ਗੁਰਰਤਨ ਪਬਲਿਸ਼ਰ, ਪਟਿਆਲਾ, 2005, ਪੰਨਾ 201.
30. Mohinder Singh, 'Sardul Singh Caveeshar (1886-1963)', *The Encyclopaedia of Sikhism,* Vol. IV, (ed. Harbans Singh), Punjabi University, Patiala, 1998, p. 67.
31. Sardul Singh Caveeshar, *The Lahore Fort Torture Camp,* Hero Publication, Lahore, 1947, p. 9.
32. *ਉਹੀ.*
33. *ਉਹੀ,* ਪੰਨਾ 10.

ਗਈ, ਪਰ ਬਾਅਦ ਵਿਚ ਕੈਦੀ ਸੁਰੱਖਿਆ ਅਧਿਨਿਯਮ ਦੇ ਤਹਿਤ ਆਪ ਨੂੰ ਆਪਣੇ ਖਰਚੇ ਤੇ ਜੇਲ੍ਹ ਵਿਚ ਭੋਜਨ ਖਾਣ ਦੀ ਇਜ਼ਾਜਤ ਮਿਲ ਗਈ।[34]

ਲਾਹੌਰ ਕਿਲੇ ਵਿਚ ਇਨ੍ਹਾਂ ਸੱਤ ਮਹੀਨਿਆਂ ਵਿਚ ਸਰਦਾਰ ਸਰਦੂਲ ਸਿੰਘ ਕਵੀਸ਼ਰ ਜੀ ਨੂੰ ਇਹ ਵੀ ਨਹੀਂ ਦੱਸਿਆ ਗਿਆ ਕਿ ਉਹਨਾਂ ਉਪਰ ਕਿਹੜਾ ਦੋਸ਼ ਲੱਗਾ ਹੈ ਅਤੇ ਉਨ੍ਹਾਂ ਕਿਹੜਾ ਗੁਨਾਹ ਕੀਤਾ ਹੈ। ਪਰੰਤੂ ਕੁਝ ਪੁਲਿਸ ਅਧਿਕਾਰੀਆਂ ਨੇ ਆਪ ਨੂੰ ਇਸ ਗੱਲ ਤੋਂ ਜਾਣੂ ਕਰਵਾਇਆ ਕਿ ਆਪ ਨੂੰ ਸਿਰਫ ਕੁਝ ਜਾਣਕਾਰੀ ਪ੍ਰਾਪਤ ਕਰਨ ਲਈ ਗ੍ਰਿਫਤਾਰ ਕੀਤਾ ਗਿਆ ਹੈ।[35] ਭਾਰਤੀ ਪੁਲਿਸ ਦੇ ਅਧਿਕਾਰੀ ਪੁੱਛ ਪੜਤਾਲ ਸਮੇਂ ਆਪ ਨਾਲ ਬਹੁਤ ਬੁਰਾ ਸਲੂਕ ਕਰਦੇ ਸਨ। ਇਹ ਪੁੱਛ ਪੜਤਾਲ ਪੰਜ ਮਹੀਨੇ ਤੱਕ ਜਾਰੀ ਰਹੀ। ਆਪ ਨੇ ਉਨ੍ਹਾਂ ਦੇ ਪੁੱਛਣ ਤੇ ਕੁਝ ਵੀ ਨਹੀਂ ਦੱਸਿਆ ਤਾਂ ਉਨ੍ਹਾਂ ਨੇ ਸਰਦਾਰ ਸਰਦੂਲ ਸਿੰਘ ਕਵੀਸ਼ਰ ਜੀ ਨੂੰ ਧਮਕੀ ਦਿੱਤੀ ਕਿ ਕਿਲੇ ਵਿਚ ਕੈਦੀਆਂ ਉੱਤੇ ਜੋ ਅਤਿਆਚਾਰ ਕੀਤਾ ਜਾਂਦਾ ਸੀ ਉਹੀ ਹੁਣ ਤੁਹਾਡੇ ਤੇ ਕੀਤਾ ਜਾਵੇਗਾ। ਉਨ੍ਹਾਂ ਨੇ ਆਪ ਉੱਪਰ ਇਹ ਅਤਿਆਚਾਰ ਕੀਤਾ ਵੀ।[36] ਅਗਸਤ 1942 ਈ. ਵਿਚ ਮਿਸਟਰ ਵੇਸ ਡੀ.ਆਈ.ਜੀ. ਪੁਲਿਸ ਆਪ ਨੂੰ ਜੇਲ੍ਹ ਵਿਚ ਮਿਲਣ ਆਇਆ ਤੇ ਧਮਕੀ ਦਿੱਤੀ ਕਿ ਸਾਨੂੰ ਸਾਰੀ ਜਾਣਕਾਰੀ ਦਿਓ ਨਹੀਂ ਤਾਂ ਆਪ ਉਪਰ ਥਰਡ ਡਿਗਰੀ ਤਸ਼ੱਦਦ ਦਾ ਇਸਤੇਮਾਲ ਕੀਤਾ ਜਾਵੇਗਾ। ਸਰਦਾਰ ਸਰਦੂਲ ਸਿੰਘ ਕਵੀਸ਼ਰ ਜੀ ਨੂੰ ਇਸ ਲਈ ਤਿੰਨ ਦਿਨ ਦਾ ਸਮਾਂ ਦਿੱਤਾ ਗਿਆ। ਤਿੰਨ ਦਿਨਾਂ ਬਾਅਦ ਉਨ੍ਹਾਂ ਨੇ ਆਪ ਉਪਰ ਤਸ਼ੱਦਦ ਕਰਨਾ ਸ਼ੁਰੂ ਕਰ ਦਿੱਤਾ।[37] ਆਪ ਨੂੰ ਇਕ ਅਜਿਹੇ ਕਮਰੇ ਵਿਚ ਬੰਦ ਕਰ ਦਿੱਤਾ ਜਿਸ ਵਿਚ ਹਵਾ ਪੂਰੀ ਤਰ੍ਹਾਂ ਆ-ਜਾ ਨਹੀਂ ਸੀ ਸਕਦੀ, ਕਮਰੇ ਦਾ ਦਰਵਾਜ਼ਾ ਵੀ ਹਮੇਸ਼ਾਂ ਹੀ ਬੰਦ ਰਹਿੰਦਾ ਸੀ। ਇਸ ਘੁਟਣ ਭਰੇ ਬੰਦ ਕਮਰੇ ਵਿਚ ਕੁਝ ਦਿਨ ਰਹਿਣ ਨਾਲ ਆਪ ਬਿਮਾਰ ਹੋ ਗਏ। ਆਪ ਦੀ ਹਾਲਤ ਕਾਫੀ ਨਾਜ਼ੁਕ ਹੋ ਗਈ। ਜਦ ਇਸ ਦੀ ਜਾਣਕਾਰੀ ਆਪ ਦੇ ਪਰਿਵਾਰ ਵਾਲਿਆਂ ਨੂੰ ਮਿਲੀ ਤਾਂ ਉਨ੍ਹਾਂ ਨੇ ਐਮ.ਐਲ.ਏ. ਮੌਲਾਨਾ ਜ਼ਾਫਰ ਅਲੀ ਅਤੇ ਸਰਦਾਰ ਸੰਤ ਸਿੰਘ ਐਮ.ਐਲ.ਏ. ਦੀ ਮੱਦਦ ਨਾਲ ਇਹ ਮਾਮਲਾ ਸੈਂਟਰਲ ਅਸੈਂਬਲੀ ਵਿਚ ਉਠਾਇਆ। ਆਪ ਦੁਆਰਾ ਸੈਂਟਰਲ ਅਸੈਂਬਲੀ ਵਿਚ ਮਾਮਲਾ ਉਠਾਉਣ ਕਾਰਨ ਪ੍ਰੈਸ ਵਾਲੇ ਆਪ ਨੂੰ ਕਿਲੇ ਵਿਚ ਮਿਲਣ ਵਾਸਤੇ ਆਏ। ਆਪ ਨੇ ਪ੍ਰੈਸ ਵਾਲਿਆਂ ਨੂੰ ਦੱਸਿਆ ਕਿ ਆਪ ਨਾਲ ਕਿਹੋ ਜਿਹਾ ਸਲੂਕ ਹੁੰਦਾ ਰਿਹਾ ਸੀ। ਆਪ ਦੇ ਇਸ ਬਿਆਨ ਤੋਂ ਬਾਅਦ ਆਪ ਨੂੰ ਲਾਹੌਰ ਦੇ ਕਿਲੇ ਵਿਚੋਂ ਸੀ.ਆਈ.ਡੀ. ਦੀ ਹਿਰਾਸਤ ਵਿਚੋਂ ਕੱਢ ਕੇ ਕੈਂਪਬੇਲਪੁਰ ਜੇਲ੍ਹ ਭੇਜ ਦਿੱਤਾ ਗਿਆ।

---

34. *ਉਹੀ.*
35. *ਉਹੀ,* ਪੰਨਾ 11.
36. " I was first kept in a room which had only iron bars but no wall on the west side. Consequently there was no protection in it from the sun in the afternoon. I had to pass most part of the day burning in the months of May and June without any protection from the sun. I was kept unprotected in the sun in the hottest months of the year in the Punjab, when temperature sometime rose to about 118 degrees even in the shade." Sardul Singh Caveeshar, *The Lahore Fort Torture Camp,* Hero Publishing, Lahore, 1947, p. 11.
37. " I had been shifted to another cell for full fifteen days. I was shut up day and night, in the extreme summer heat in this new cell which was closed on all sides except on one, on which side a small door and a ventilater, 9 inches square hole. It was the wet rainy season want for free air, uncleaned commode turned the cell into a veritable hall." Sardul Singh Caveeshar, *The Lahore Fort Torture Camp,* Hero Publishing, Lahore, 1947, p. 13.

11 ਅਕਤੂਬਰ, 1942 ਈ. ਨੂੰ ਆਪ ਨੂੰ ਕੈਂਪਬੇਲਪੁਰ ਜੇਲ੍ਹ ਵਿਚ ਬਦਲ ਦਿੱਤਾ ਗਿਆ।[38] ਇਸ ਜੇਲ੍ਹ ਵਿਚ ਆਪ ਛੇ ਮਹੀਨੇ ਦੇ ਲਗਭਗ ਰਹੇ। ਜਦ ਆਪ ਕੈਂਪਬੇਲਪੁਰ ਜੇਲ੍ਹ ਵਿਚ ਲਿਆਂਦੇ ਗਏ ਤਾਂ ਉਸ ਵਕਤ ਆਪ ਦਾ ਵਜ਼ਨ 182 ਪੌਂਡ ਸੀ ਜੋ ਬਾਅਦ ਵਿਚ ਘਟ ਕੇ 172 ਪੌਂਡ ਰਹਿ ਗਿਆ। ਆਪ ਦਾ ਇਹ ਵਜ਼ਨ ਬਹੁਤਾ ਬਿਮਾਰ ਰਹਿਣ ਕਰ ਕੇ ਘਟਿਆ। ਦੂਜਾ ਜੇਲ੍ਹ ਦਾ ਘੁਟਵਾਂ ਮੌਸਮ ਆਪ ਨੂੰ ਰਾਸ ਨਾ ਆਉਣ ਕਾਰਨ ਵੀ ਆਪ ਦਾ ਵਜ਼ਨ ਘਟ ਗਿਆ। 20 ਮਾਰਚ 1943 ਈ. ਨੂੰ ਜ਼ਿਲ੍ਹਾ ਮੈਜਿਸਟ੍ਰੇਟ ਕੈਂਪਬੇਲਪੁਰ ਜੇਲ੍ਹ ਵਿਚ ਆਪ ਨੂੰ ਮਿਲਣ ਵਾਸਤੇ ਆਇਆ।[39] ਸਰਦਾਰ ਸਰਦੂਲ ਸਿੰਘ ਕਵੀਸ਼ਰ ਜੀ ਨੇ ਉਨ੍ਹਾਂ ਨੂੰ ਇਸ ਗੱਲ ਤੋਂ ਜਾਣੂ ਕਰਵਾਇਆ ਕਿ ਲਾਹੌਰ ਕਿਲ੍ਹੇ ਵਿਚ ਆਪ ਨਾਲ ਬਹੁਤ ਭੈੜਾ ਸਲੂਕ ਕੀਤਾ ਜਾਂਦਾ ਸੀ। ਆਪ ਨੇ ਆਪਣੀ ਇਹ ਸ਼ਿਕਾਇਤ ਲਿਖਤੀ ਰੂਪ ਵਿਚ ਵੀ ਜੱਜ ਨੂੰ ਦਿੱਤੀ ਅਤੇ ਕਿਹਾ ਕਿ ਇਨ੍ਹਾਂ ਅਧਿਕਾਰੀਆਂ ਖਿਲਾਫ ਯੋਗ ਕਾਰਵਾਈ ਹੋਣੀ ਚਾਹੀਦੀ ਹੈ। ਜੱਜ ਨੇ ਕਵੀਸ਼ਰ ਜੀ ਨੂੰ ਭਰੋਸਾ ਦਿਵਾਇਆ ਕਿ ਆਪ ਦੀ ਇਸ ਅਰਜ਼ੀ ਤੇ ਜ਼ਰੂਰ ਕਾਰਵਾਈ ਕੀਤੀ ਜਾਵੇਗੀ।

ਕੈਂਪਬੇਲਪੁਰ ਜੇਲ੍ਹ ਤੋਂ ਬਾਅਦ ਕੁਝ ਸਮੇਂ ਲਈ ਸਰਦਾਰ ਸਰਦੂਲ ਸਿੰਘ ਕਵੀਸ਼ਰ ਜੀ ਨੂੰ ਧਰਮਸ਼ਾਲਾ ਜੇਲ੍ਹ ਵਿਚ ਰੱਖਿਆ ਗਿਆ। ਪੁਲਿਸ ਦੁਆਰਾ ਇਥੇ ਵੀ ਆਪ ਨਾਲ ਬੁਰਾ ਹੀ ਵਰਤਾਵ ਹੁੰਦਾ ਰਿਹਾ। ਮਿਸਟਰ ਵੇਸ ਦੇ ਹੁਕਮ ਨਾਲ ਆਪ ਦਾ ਕੋਈ ਵੀ ਬਿਜਨਸ ਸਬੰਧੀ ਪੱਤਰ ਆਪ ਤੱਕ ਪਹੁੰਚਣ ਨਹੀਂ ਦਿੱਤਾ ਗਿਆ। ਆਪ ਨੂੰ ਆਪਣੇ ਵਕੀਲ ਨਾਲ ਅਤੇ ਆਪਣੇ ਪਰਿਵਾਰ ਵਾਲਿਆਂ ਨਾਲ ਮਿਲਣ ਦੀ ਇਜ਼ਾਜਤ ਨਹੀਂ ਸੀ। ਹਾਲਾਂਕਿ ਹਾਈਕੋਰਟ ਵਲੋਂ ਇਸ ਦੀ ਇਜ਼ਾਜਤ ਮਿਲੀ ਹੋਈ ਸੀ।

24 ਜੂਨ 1944 ਈ. ਨੂੰ ਹਾਈਕੋਰਟ ਦੇ ਹੁਕਮ ਅਨੁਸਾਰ ਆਪ ਨੂੰ ਪੇਸ਼ੀ ਵਾਸਤੇ ਧਰਮਸ਼ਾਲਾ ਤੋਂ ਲਾਹੌਰ ਲਿਜਾਇਆ ਗਿਆ, ਰਸਤੇ ਵਿਚ ਉਨ੍ਹਾਂ ਨਾਲ ਬਹੁਤ ਬੁਰਾ ਸਲੂਕ ਕੀਤਾ ਗਿਆ। ਧਰਮਸ਼ਾਲਾ ਜੇਲ੍ਹ ਤੋਂ ਹਾਈਕੋਰਟ ਪੇਸ਼ ਹੋਣ ਤੋਂ ਪਹਿਲਾਂ ਆਪ ਦਾ ਮੈਡੀਕਲ ਚੈਕਅਪ ਹੋਣਾ ਸੀ। ਸਿਹਤ ਅਧਿਕਾਰੀ ਨੇ ਸਰਦਾਰ ਸਰਦੂਲ ਸਿੰਘ ਕਵੀਸ਼ਰ ਜੀ ਦੀ ਸਿਹਤ ਵੇਖ ਕੇ ਪੁਲਿਸ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਆਪ ਨੂੰ ਧੁੱਪ ਤੋਂ ਬਚਾਇਆ ਜਾਵੇ। ਇਸ ਹਦਾਇਤ ਦੇ ਬਾਵਜੂਦ ਵੀ ਆਪ ਨੂੰ ਧੁੱਪ ਤੋਂ ਬਚਾਉਣ ਦਾ ਕੋਈ ਉਪਰਾਲਾ ਨਹੀਂ ਕੀਤਾ ਗਿਆ।[40] ਸਫਰ ਦੌਰਾਨ ਆਪ ਨੂੰ 12 ਘੰਟੇ ਭੁੱਖਾ ਰਖਿਆ ਗਿਆ।[41] ਧਰਮਸ਼ਾਲਾ ਜੇਲ੍ਹ ਵਿਚ ਆਪ ਗਠੀਆ-ਵਾ ਦੇ ਸ਼ਿਕਾਰ ਹੋ ਗਏ। ਆਪ ਦੀ ਸਿਹਤ ਨੂੰ ਧਿਆਨ ਵਿਚ

---

38. Sardul Singh Caveeshar, *The Lahore Fort Torture Camp,* Hero Publishing, Lahore, 1947, p. 14.
39. Sardul Singh Caveeshar, *The Lahore Fort Torture Camp,* Hero Publishing, Lahore, 1947, p. 15.
40. "The medical officer taking into consideration my state of health had given special direction to the police to protect me from heat. But on the way to Lahore and back the police escort provided me with no fan, doors of the railway compartment in which I had to travel were closed and I was locked up when going to Lahore and coming back to Dharmshala in a dirty lock up at Pathankot without any fan." Sardul Singh Caveeshar, *The Lahore Fort Torture Camp,* Hero Publishing, Lahore, 1947, p. 17.
41. " I was given no food for twelve hours even though I had made request again and again to the police to make arrangements for it and they had enough my money with them for the purpose." Sardul Singh Caveeshar, *The Lahore Fort Torture Camp,* Hero Publishing, Lahore, 1947, p.17.

ਰੱਖਦਿਆਂ ਦੋ ਜੱਜਾਂ ਅਤੇ ਸਿਹਤ ਅਧਿਕਾਰੀ ਨੇ ਪੁਲਿਸ ਨੂੰ ਲਿਖਿਆ ਕਿ ਆਪ ਨੂੰ ਕਿਸੇ ਦੂਜੀ ਜੇਲ੍ਹ ਵਿਚ ਬਦਲ ਦਿੱਤਾ ਜਾਵੇ। ਪਰੰਤੂ ਪੁਲਿਸ ਨੇ ਆਪ ਨੂੰ ਕਿਸੇ ਦੂਜੀ ਜੇਲ੍ਹ ਵਿਚ ਨਹੀਂ ਬਦਲਿਆ ਜੋ ਆਪ ਦੀ ਸਿਹਤ ਲਈ ਠੀਕ ਹੋਵੇ। ਆਪ ਨੂੰ ਇਕ ਅਜਿਹੀ ਥਾਂ ਤੇ ਰੱਖਿਆ ਗਿਆ ਜੋ ਆਪ ਦੀ ਸਿਹਤ ਲਈ ਠੀਕ ਨਹੀਂ ਸੀ। ਇਸ ਤੋਂ ਬਾਅਦ ਮਿਸਟਰ ਵੇਸ ਨੇ ਸਰਦਾਰ ਸਰਦੂਲ ਸਿੰਘ ਕਵੀਸ਼ਰ ਜੀ ਨੂੰ ਇਕ ਫੌਜਦਾਰੀ ਮੁਕੱਦਮੇ ਵਿਚ ਫਸਾਉਣ ਦੀ ਕੋਸ਼ਿਸ਼ ਕੀਤੀ, ਇਹ ਕੇਸ ਝੂਠਾ ਸਾਬਿਤ ਹੋਇਆ। ਇਸ ਦੌਰਾਨ ਹਾਈਕੋਰਟ ਨੇ ਆਪ ਨੂੰ ਪਹਿਲਾਂ ਵਾਲੇ ਕੇਸ ਤੋਂ ਵੀ ਰਿਹਾ ਕਰ ਦਿੱਤਾ।[42]

ਸਰਦਾਰ ਸਰਦੂਲ ਸਿੰਘ ਕਵੀਸ਼ਰ ਜੀ ਦੀਆਂ ਸਿੱਖ ਵਿਆਖਿਆ ਅਤੇ ਵਿਆਖਿਆਕਾਰੀ ਸਬੰਧੀ 28 ਦੇ ਲਗਭਗ ਰਚਨਾਵਾਂ ਹਨ। ਇਨ੍ਹਾਂ ਵਿਚੋਂ ਕੁਝ ਤਾਂ ਲੇਖ ਹਨ ਜੋ ਸਮੇਂ ਸਮੇਂ ਵੱਖ-ਵੱਖ ਪਤ੍ਰਿਕਾਵਾਂ ਵਿਚ ਵਖਰੇ ਵਖਰੇ ਸਮੇਂ ਛਪੇ। ਇਸ ਤੋਂ ਇਲਾਵਾ ਆਪ ਦੀਆਂ 10 ਰਚਨਾਵਾਂ ਹੋਰ ਵੀ ਹਨ ਜੋ ਦੇਸ਼ ਦੀ ਆਜ਼ਾਦੀ ਦੀਆਂ ਲਹਿਰਾਂ ਅਤੇ ਰਾਜਨੀਤੀ ਨਾਲ ਸਬੰਧਤ ਹਨ।

1948 ਈ. ਵਿਚ 'ਫਾਰਵਰਡ ਬਲਾਕ' ਦੀ ਪ੍ਰਧਾਨਗੀ ਤੋਂ ਬਾਅਦ ਸਰਦਾਰ ਸਰਦੂਲ ਸਿੰਘ ਕਵੀਸ਼ਰ ਜੀ ਦੇ ਜੀਵਨ ਸਬੰਧੀ ਬਹੁਤੀ ਜਾਣਕਾਰੀ ਨਹੀਂ ਮਿਲਦੀ। 1948 ਈ. ਤੋਂ ਬਾਅਦ ਆਪ ਨੇ ਆਪਣਾ ਨਿਵਾਸ ਸਥਾਨ ਦਿੱਲੀ ਨੂੰ ਸਥਾਈ ਰੂਪ ਵਿਚ ਬਣਾ ਲਿਆ। 26 ਮਾਰਚ 1963 ਨੂੰ ਦਿੱਲੀ ਵਿਖੇ ਆਪ ਨੇ ਜੀਵਨ ਦਾ ਆਖਰੀ ਸਾਹ ਲਿਆ ਅਤੇ ਪ੍ਰਭੂ ਚਰਨਾਂ ਵਿਚ ਜਾ ਬਿਰਾਜੇ।

ਲਾਲਾ ਲਾਜਪਤ ਰਾਏ ਨੇ *ਅਕਾਲੀ* ਅਖ਼ਬਾਰ ਲਈ ਲਿਖੇ ਆਪਣੇ ਲੇਖ ਵਿਚ ਸਰਦਾਰ ਸਰਦੂਲ ਸਿੰਘ ਕਵੀਸ਼ਰ ਜੀ ਦੀ ਸਖਸ਼ੀਅਤ ਬਾਰੇ ਲਿਖਿਆ ਹੈ, "ਪਰੰਤੂ ਵੇਲਾ ਆਵੇਗਾ ਜਦੋਂ ਆਉਣ ਵਾਲੀਆਂ ਨਸਲਾਂ ਸਰਦਾਰ ਸਰਦੂਲ ਸਿੰਘ ਕਵੀਸ਼ਰ ਜੀ ਦੀ ਤਸਵੀਰ ਨੂੰ ਆਪਣੇ ਦਿਲ ਦੇ ਸ਼ੀਸ਼ੇ ਵਿਚ ਜਗ੍ਹਾ ਦੇਣਗੀਆਂ ਅਰ ਇਸ ਦਾ ਨਾਮ ਇੱਜਤ ਨਾਲ ਲੈਂਦਿਆਂ ਹੋਇਆਂ ਆਪਣੀ ਸ਼ਰਧਾ ਦੇ ਫੁੱਲ ਉਸਦੀ ਆਤਮਾ ਉਤੇ ਨਿਛਾਵਰ ਕਰਨਗੀਆਂ।"[43]

ਸੰਖੇਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਸਰਦਾਰ ਸਰਦੂਲ ਸਿੰਘ ਕਵੀਸ਼ਰ ਜੀ ਨੇ ਆਪਣੇ ਜੀਵਨ ਕਾਲ ਦੌਰਾਨ ਚਲ ਰਹੀਆਂ ਧਾਰਮਿਕ ਅਤੇ ਸੁਤੰਤਰਤਾ ਸੰਗਰਾਮ ਦੀਆਂ ਲਹਿਰਾਂ ਵਿਚ ਨਿਧੜਕ ਹੋ ਕੇ ਹਿੱਸਾ ਲਿਆ ਅਤੇ ਕਈ ਵਾਰ ਆਪ ਨੂੰ ਸਜ਼ਾਵਾਂ ਵੀ ਹੋਈਆਂ। ਆਪ ਵਿਚ ਦੇਸ਼ ਭਗਤੀ ਦੀ ਭਾਵਨਾ ਕੁੱਟ-ਕੁੱਟ ਕੇ ਭਰੀ ਹੋਈ ਸੀ। ਆਪ ਸੱਚ ਬੋਲਣ ਅਤੇ ਸੱਚ ਤੇ ਕਾਇਮ ਰਹਿਣ ਵਾਲੇ ਦ੍ਰਿੜ੍ਹ ਇਰਾਦੇ ਵਾਲੇ ਸਿੱਖ ਸਨ।

---

42. *ਉਹੀ,* ਪੰਨਾ 18.
43. *ਅਕਾਲੀ,* ਲਾਹੌਰ, 12 ਅਗਸਤ, 1921.

ਸੰਤ ਸੰਪੂਰਨ ਸਿੰਘ : ਜੀਵਨ ਤੇ ਰਚਨਾ

ਪਰਮਜੀਤ ਸਿੰਘ ਮਾਨਸਾ *

ਸੰਤ ਸੰਪੂਰਨ ਸਿੰਘ ਦਾ ਜਨਮ ਬਿਕਰਮੀ ਸੰਮਤ 1923 (1876 ਈਸਵੀ) ਨੂੰ ਮਾਤਾ ਉੱਤਮ ਕੌਰ ਦੇ ਉਦਰ ਤੋਂ ਪਿਤਾ ਸ੍ਰ. ਜੈਮਲ ਸਿੰਘ ਦੇ ਘਰ ਤਰਨ ਤਾਰਨ ਵਿਖੇ ਹੋਇਆ। ਸ੍ਰ. ਜੈਮਲ ਸਿੰਘ ਤਰਨਤਾਰਨ ਵਿਖੇ ਹਕੀਮੀ ਦਾ ਕੰਮ ਕਰਦੇ ਸਨ।[1]

ਸੰਪੂਰਨ ਸਿੰਘ ਜੀ ਦੇ ਬਾਲ ਜੀਵਨ ਬਾਰੇ ਇੱਕ ਅਸਚਰਜਮਈ ਗੱਲ ਦੀ ਜਾਣਕਾਰੀ ਪ੍ਰਾਪਤ ਹੁੰਦੀ ਹੈ, ਉਹ ਇਹ ਹੈ ਕਿ ਪੰਜ ਸਾਲਾਂ ਤੱਕ ਸੰਤ ਸੰਪੂਰਨ ਸਿੰਘ ਜ਼ੁਬਾਨ ਤੋਂ ਕੁਝ ਵੀ ਨਾ ਬੋਲੇ। ਮਾਤਾ ਪਿਤਾ ਨੇ ਡਾਕਟਰਾਂ ਨੂੰ ਅਤੇ ਹਕੀਮਾਂ ਨੂੰ ਦਿਖਾਇਆ ਪਰੰਤੂ ਅਨੇਕਾਂ ਇਲਾਜ ਕਰਨ ਤੋਂ ਬਾਅਦ ਵੀ ਬਾਲ ਸੰਪੂਰਨ ਸਿੰਘ ਚੁੱਪ ਹੀ ਰਹੇ। ਕਿਹਾ ਜਾਂਦਾ ਹੈ ਕਿ ਅਖ਼ੀਰ ਤੇ ਪੰਜ ਸਾਲਾਂ ਬਾਅਦ ਆਪਣੇ ਚਾਚਾ ਜੀ ਦੇ ਵਿਆਹ ਦੇ ਮੌਕੇ ਤੇ ਅਚਾਨਕ ਬਾਲ ਸੰਪੂਰਨ ਸਿੰਘ ਨੇ ਆਪਣੀ ਮਾਂ ਨੂੰ ਆਵਾਜ਼ ਮਾਰੀ। ਇਸ ਤੋਂ ਬਾਅਦ ਉਹ ਬਿਲਕੁਲ ਠੀਕ ਬੋਲਣ ਲੱਗ ਪਏ।[2]

ਪੰਜ ਵਰ੍ਹਿਆਂ ਦੀ ਉਮਰ ਵਿੱਚ ਹੀ ਸੰਪੂਰਨ ਸਿੰਘ ਜੀ ਨੂੰ ਭਾਈ ਜੀਵਨ ਸਿੰਘ ਪਾਸ ਪੰਜਾਬੀ ਪੜ੍ਹਨ ਲਈ ਭੇਜਿਆ ਗਿਆ। ਜਿਸ ਕੋਰਸ ਨੂੰ ਬੱਚੇ ਤਿੰਨ ਜਾਂ ਚਾਰ ਸਾਲਾਂ ਵਿੱਚ ਪੂਰਾ ਕਰਦੇ ਸਨ, ਉਸ ਨੂੰ ਸੰਪੂਰਨ ਸਿੰਘ ਨੇ ਇੱਕ ਸਾਲ ਵਿੱਚ ਹੀ ਪੂਰਾ ਕਰ ਲਿਆ।[3] ਵਪਾਰਕ ਸਿੱਖਿਆ ਲਈ ਆਪ ਨੂੰ ਪਾਂਧੇ ਪਾਸ ਲੰਡੇ ਅਤੇ ਵਪਾਰਕ ਭਾਸ਼ਾ ਸਿੱਖਣ ਲਈ ਭੇਜਿਆ ਗਿਆ। ਇਸ ਤੋਂ ਉਪਰੰਤ ਆਪ ਜੀ ਨੇ ਡੀ.ਬੀ. ਸਕੂਲ ਤਰਨ ਤਾਰਨ ਤੋਂ ਪੰਜ ਜਮਾਤਾਂ ਪਾਸ ਕੀਤੀਆ। ਫਿਰ ਆਪ ਨੂੰ ਸਕੂਲੋਂ ਹਟਾ ਲਿਆ ਗਿਆ ਕਿਉਂਕਿ ਆਪ ਦੇ ਪਿਤਾ ਦਾ ਵਿਚਾਰ ਸੀ ਕਿ ਇਸ ਤੋਂ ਉਪਰਲੀ ਵਿੱਦਿਆ ਵਿੱਚ ਪੱਛਮੀ ਸਭਿਅਤਾ ਅਤੇ ਪੱਛਮੀ ਸਭਿਆਚਾਰ ਦਾ ਪ੍ਰਭਾਵ ਹੈ। ਇਸ ਲਈ ਸੰਪੂਰਨ ਸਿੰਘ ਨੂੰ ਪੱਛਮੀ ਪ੍ਰਭਾਵ ਤੋਂ ਦੂਰ ਰੱਖਣ ਲਈ ਅੱਗੇ ਪੜ੍ਹਾਈ ਕਰਨ ਤੋਂ ਹਟਾ ਲਿਆ ਗਿਆ। ਪਰੰਤੂ ਸੰਪੂਰਨ ਸਿੰਘ ਦਾ ਰੁਝਾਨ ਵਿੱਦਿਆ ਵੱਲ ਸੀ।[4] ਸੰਪੂਰਨ ਸਿੰਘ ਦੇ ਮਾਮੇ ਸ੍ਰ. ਮਿਹਰ ਸਿੰਘ ਤਰਨ ਤਾਰਨ ਵਿੱਚ ਸਰਕਾਰੀ ਨੌਕਰੀ ਤੇ ਨਿਯੁਕਤ ਸਨ। ਜਦੋਂ ਉਸ ਨੂੰ ਸੰਪੂਰਨ ਸਿੰਘ ਦੀ ਨਿਰਾਸ਼ਤਾ ਦਾ ਪਤਾ ਲੱਗਿਆ ਤਾਂ ਉਸ ਨੇ ਸੰਪੂਰਨ ਸਿੰਘ ਦੇ ਪਿਤਾ ਨੂੰ ਅਗਲੇਰੀ ਪੜ੍ਹਾਈ ਲਈ ਰਜ਼ਾਮੰਦ ਕਰ ਲਿਆ। ਉਸ ਨੇ ਸੰਪੂਰਨ ਸਿੰਘ ਨੂੰ ਅਗਲੀ ਜਮਾਤ ਵਿੱਚ ਦਾਖਲ ਕਰਵਾ ਕੇ ਆਪਣੇ ਹੀ ਘਰੇ ਰੱਖ ਲਿਆ। ਸੰਪੂਰਨ ਸਿੰਘ ਅਤੇ ਮਿਹਰ ਸਿੰਘ ਦਾ ਆਪਸ ਵਿੱਚ ਬਹੁਤ ਗੂੜ੍ਹਾ ਪਿਆਰ ਹੋ ਗਿਆ। ਬਾਅਦ ਵਿੱਚ ਸ੍ਰ. ਮਿਹਰ ਸਿੰਘ ਸੰਪੂਰਨ ਸਿੰਘ ਲਈ ਇੱਕ ਪਿਤਾ ਦੀ ਭੂਮਿਕਾ ਨਿਭਾਉਣ ਲੱਗ ਪਏ ਸਨ।[5]

---

* 563 ਸੀ, ਟਾਈਪ-II, ਰੇਲ ਕੋਚ ਫੈਕਟਰੀ, ਕਪੂਰਥਲਾ।

1. *ਜੀਵਨ ਗਾਥਾ : ਸੰਤ ਸੰਪੂਰਨ ਸਿੰਘ*, ਬੀਬੀ ਜਸਵੰਤ ਕੌਰ, ਮੈਨੇਜਰ, ਇਸਤਰੀ ਸਤਿਸੰਗ, ਅੰਮ੍ਰਿਤਸਰ, 1954, ਪੰਨਾ 6.
2. *ਉਹੀ*, ਪੰਨਾ 6.
3. *ਉਹੀ*, ਪੰਨਾ 7.
4. *ਉਹੀ*, ਪੰਨਾ 8.
5. *ਉਹੀ*, ਪੰਨਾ 8.

ਤਰਨ ਤਾਰਨ ਵਿੱਚ ਇੱਕ ਸੰਤ ਭਗਵਾਨ ਸਿੰਘ ਜੀ ਸਨ, ਜਿਨ੍ਹਾਂ ਦਾ ਉਪ ਨਾਮ ਸਵਾਮੀ ਸਦਾ ਨੰਦ ਸੀ, ਉਹ ਸਤਿ ਸੰਗ ਕਰਿਆ ਕਰਦੇ ਸਨ। ਸ੍ਰ. ਮਿਹਰ ਸਿੰਘ ਨਾਲ ਸੰਪੂਰਨ ਸਿੰਘ ਵੀ ਇਸ ਸਤਿਸੰਗ ਵਿੱਚ ਸ਼ਾਮਿਲ ਹੋਣ ਲੱਗ ਪਏ। ਇਸ ਤਰ੍ਹਾਂ ਬਚਪਨ ਵਿੱਚ ਹੀ ਧਾਰਮਿਕ ਰੁੱਚੀਆਂ ਵਾਲਾ ਵਾਤਾਵਰਣ ਪ੍ਰਾਪਤ ਹੋਣ ਲੱਗ ਪਿਆ, ਜਿਸ ਨਾਲ ਸੰਪੂਰਨ ਸਿੰਘ ਦੀ ਸ਼ਖਸ਼ੀਅਤ ਅਤੇ ਵਿਚਾਰਾਂ ਤੇ ਡੂੰਘਾ ਪ੍ਰਭਾਵ ਪਿਆ।[6]

ਸੰਪੂਰਨ ਸਿੰਘ ਦੇ ਪਿਤਾ ਨੇ ਹਿਕਮਤ ਦੀ ਵਿੱਦਿਆ ਦਿਵਾਉਣ ਲਈ ਸੰਪੂਰਨ ਸਿੰਘ ਨੂੰ ਸਕੂਲ ਤੋਂ ਹਟਾ ਲਿਆ। ਹੁਣ ਤੱਕ ਸੰਪੂਰਨ ਸਿੰਘ ਅੱਠ ਜਮਾਤਾਂ ਪਾਸ ਕਰ ਚੁੱਕਾ ਸੀ। ਹਕੀਮ ਪੰਡਤ ਜੈ ਦਿਆਲ ਪਾਸ ਹਿਕਮਤ ਦੀ ਵਿੱਦਿਆ ਪ੍ਰਾਪਤ ਕਰਨ ਲਈ ਤਰਨ ਤਾਰਨ ਦੇ ਨੇੜੇ ਹੀ ਇੱਕ ਪਿੰਡ ਪਿੱਦੀ ਵਿੱਚ ਭੇਜਿਆ ਗਿਆ। ਪੂਰੀ ਲਗਨ ਤੇ ਤਨਦੇਹੀ ਨਾਲ ਸੰਪੂਰਨ ਸਿੰਘ ਨੇ ਹਿਕਮਤ ਦੀ ਵਿੱਦਿਆ ਗ੍ਰਹਿਣ ਕੀਤੀ। ਹਰ ਰੋਜ਼ ਪੈਦਲ ਜਾਣ ਅਤੇ ਸਖ਼ਤ ਮਿਹਨਤ ਦੇ ਕਾਰਨ ਸੰਪੂਰਨ ਸਿੰਘ ਦੀ ਸਿਹਤ ਖਰਾਬ ਹੋ ਗਈ। ਇੱਕ ਦਿਨ ਸੰਪੂਰਨ ਸਿੰਘ ਦੀ ਸਿਹਤ ਜ਼ਿਆਦਾ ਹੀ ਖਰਾਬ ਹੋ ਗਈ, ਜਿਸ ਕਾਰਨ ਉਸ ਦੀ ਛਾਤੀ ਵਿੱਚੋਂ ਖ਼ੂਨ ਆਉਣ ਲੱਗ ਪਿਆ। ਉਹਨਾਂ ਦੀ ਸਵੈ-ਜੀਵਨੀ ਅਨੁਸਾਰ (ਚੁਲ੍ਹੀਆਂ ਦੀਆਂ ਚੁਲ੍ਹੀਆਂ ਰਕਤ ਆਉਣ ਲੱਗ ਪਿਆ) ਡਾਕਟਰ ਤੇ ਹਕੀਮ ਖ਼ੂਨ ਬੰਦ ਕਰਨ ਵਿੱਚ ਨਾਕਾਮ ਰਹੇ। ਅਖ਼ੀਰ ਤੇ ਸੰਪੂਰਨ ਸਿੰਘ ਨੇ ਅਕਾਲ ਪੁਰਖ ਦੀ ਟੇਕ ਲਈ ਤੇ 'ਸਰਬ ਰੋਗ ਕਾ ਅਉਖਧ ਨਾਮ' ਦੇ ਵਿਚਾਰ ਵਿੱਚ ਅਟੱਲ ਵਿਸ਼ਵਾਸ ਕਰਕੇ '੧ਓ ਸਤਿਨਾਮ' ਦਾ ਜਾਪ ਕਰਨਾ ਸ਼ੁਰੂ ਕਰ ਦਿੱਤਾ। ਕੁਝ ਦਿਨਾਂ ਬਾਅਦ ਖ਼ੂਨ ਵਗਣਾ ਬੰਦ ਹੋ ਗਿਆ ਤੇ ਸੰਪੂਰਨ ਸਿੰਘ ਪੂਰੀ ਤਰ੍ਹਾਂ ਤੰਦਰੁਸਤ ਹੋ ਗਿਆ।[7] ਇਸ ਘਟਨਾ ਤੋਂ ਬਾਅਦ ਸੰਪੂਰਨ ਸਿੰਘ ਦੇ ਮਨ ਤੇ ਨਾਮ ਸਿਮਰਨ ਦੀ ਸ਼ਕਤੀ ਦਾ ਅਟੱਲ ਵਿਸ਼ਵਾਸ ਹੋ ਗਿਆ। ਉਸ ਨੂੰ ਇਹ ਵੀ ਵਿਸ਼ਵਾਸ ਹੋ ਗਿਆ ਕਿ ਸਤਿਸੰਗ ਵਿੱਚ ਕੀਤਾ ਸਿਮਰਨ ਵਿਅਰਥ ਨਹੀਂ ਜਾਂਦਾ।

ਹੁਣ ਸੰਪੂਰਨ ਸਿੰਘ ਦੇ ਮਨ ਵਿੱਚ ਸਤਿਸੰਗ ਕਰਨ ਦੀ ਰੁੱਚੀ ਵੱਧਣ ਲੱਗ ਪਈ। ਜਦੋਂ ਵੀ ਕੋਈ ਸੰਤ ਤਰਨ ਤਾਰਨ ਆ ਕੇ ਸਤਿਸੰਗ ਕਰਦੇ ਤਾਂ ਸੰਪੂਰਨ ਸਿੰਘ ਉਸ ਵਿੱਚ ਸ਼ਾਮਿਲ ਹੁੰਦਾ। ਸਤਿਸੰਗ ਦਾ ਐਸਾ ਪ੍ਰਭਾਵ ਪਿਆ ਕਿ ਸੰਪੂਰਨ ਸਿੰਘ ਨੇ ਧਾਰਮਿਕ ਗ੍ਰੰਥਾਂ ਦਾ ਅਧਿਐਨ ਵੀ ਕਰਨਾ ਸ਼ੁਰੂ ਕਰ ਦਿੱਤਾ।

ਅਧਿਆਤਮਕ ਵਾਤਾਵਰਣ ਵਿੱਚ ਰਹਿਣ ਕਰਕੇ ਸੰਪੂਰਨ ਸਿੰਘ ਨੂੰ ਵਿਆਹ ਕਰਵਾਉਣ ਦਾ ਸ਼ੌਕ ਬਿਲਕੁਲ ਨਾ ਰਿਹਾ। ਪਰੰਤੂ ਇਹਨਾਂ ਦੇ ਪਿਤਾ ਨੇ ਬੋਪਾਰਾਏ ਪਿੰਡ ਦੇ ਵਸਨੀਕ ਕਾਸ਼ੀ ਰਾਮ ਦੀ ਸਪੁੱਤਰੀ ਨਾਲ ਸੰਪੂਰਨ ਸਿੰਘ ਦਾ ਵਿਆਹ ਕਰਨ ਦਾ ਫੈਸਲਾ ਕਰ ਲਿਆ। ਪਰੰਤੂ ਸੰਪੂਰਨ ਸਿੰਘ ਆਤਮਿਕ ਅਨੰਦ ਵਿੱਚ ਰੰਗੇ ਹੋਏ ਸਨ ਇਸ ਲਈ ਉਹਨਾਂ ਨੇ ਵਿਆਹ ਕਰਵਾਉਣ ਤੋਂ ਸਾਫ਼ ਨਾਂਹ, ਇਹ ਸ਼ਬਦ ਕਹਿ ਕਰ ਦਿੱਤੀ ਕਿ "ਮੈਂ ਵਿਆਹ ਮੂਲੋਂ ਹੀ ਨਹੀਂ ਕਰਨਾ ਤੇ ਛੇਤੀ ਹੀ ਸੰਤ ਹੋ ਜਾਣਾ ਹੈ।"[8]

ਜਵਾਨ ਅਵਸਥਾ ਵਿੱਚ ਸਤਿਸੰਗ ਕਰਨਾ ਸੰਪੂਰਨ ਸਿੰਘ ਲਈ ਬਹੁਤ ਹੀ ਔਕੜਾਂ ਭਰਿਆ ਰਸਤਾ ਸੀ। ਕਿਉਂਕਿ ਮਾਪਿਆਂ ਨੇ ਵੀ ਉਹਨਾਂ ਦੇ ਮਾਰਗ ਵਿੱਚ ਰੁਕਾਵਟਾਂ ਪਾਉਣੀਆਂ ਸ਼ੁਰੂ ਕਰ ਦਿੱਤੀਆਂ ਸਨ। ਪਰੰਤੂ ਸੰਪੂਰਨ ਸਿੰਘ ਇਹਨਾਂ ਔਕੜਾਂ ਤੋਂ ਘਬਰਾਏ ਨਹੀਂ ਬਲਕਿ ਇਹਨਾਂ ਔਕੜਾਂ ਨੇ ਵੈਰਾਗ ਲਈ ਸਾਣ ਦਾ ਕੰਮ ਕੀਤਾ। ਉਹ ਸੰਤ ਮਾਰਗ ਤੇ ਹੋਰ ਦ੍ਰਿੜ੍ਹਤਾ ਨਾਲ ਚੱਲਣ ਲੱਗੇ। ਸਾਰੀ ਸਾਰੀ ਰਾਤ ਤਲਾਅ ਦੇ ਕੰਡੇ ਬੈਠ ਕੇ ਸਿਮਰਨ ਕਰਦੇ। ਦਿਨੇ ਘਰਦਿਆਂ ਤੋਂ ਡਰਦੇ ਨ ਜਾਂਦੇ। ਕਈ ਵਾਰੀ *ਗੁਰੂ ਗ੍ਰੰਥ ਸਾਹਿਬ* ਦਾ ਪਾਠ ਵੀ ਕਰਦੇ।[9]

6. *ਉਹੀ*, ਪੰਨਾ 8.
7. *ਉਹੀ*, ਪੰਨਾ 9.
8. *ਉਹੀ*, ਪੰਨਾ 11.
9. *ਉਹੀ*, ਪੰਨਾ 12-13.

ਸੰਤ ਮਾਰਗ ਤੇ ਚਲਣ ਲਈ ਸੰਪੂਰਨ ਸਿੰਘ ਨੇ ਸਵਾਮੀ ਸਦਾ ਨੰਦ ਤੋਂ ਆਗਿਆ ਲੈਣੀ ਜ਼ਰੂਰੀ ਸਮਝੀ। ਸਦਾ ਨੰਦ ਜਿਥੇ ਵੀ ਜਾਂਦੇ ਸੰਪੂਰਨ ਸਿੰਘ ਉਹਨਾਂ ਦੀ ਸਤਿਸੰਗ ਕਰਨ ਲਈ ਪਹੁੰਚ ਜਾਂਦੇ ਸਨ। ਇਸੀ ਦੌਰਾਨ ਹੀ ਸੰਪੂਰਨ ਸਿੰਘ ਨਾਲ ਇੱਕ ਹੋਰ ਚਾਲ ਚੱਲੀ ਗਈ। ਤਰਨ ਤਾਰਨ ਦੇ ਹੀ ਰਹਿਣ ਵਾਲੀ ਉਹਨਾਂ ਦੇ ਪਿਤਾ ਦੀ ਇੱਕ ਧਰਮ ਦੀ ਭੈਣ ਮਥਰਾ ਰਹਿੰਦੀ ਸੀ। ਮਥਰਾ ਆਪਣੇ ਇੱਕ ਰਿਸ਼ਤੇਦਾਰ ਦੀ ਲੜਕੀ ਦਾ ਰਿਸ਼ਤਾ ਸੰਪੂਰਨ ਸਿੰਘ ਨਾਲ ਕਰਾਉਣਾ ਚਾਹੁੰਦੀ ਸੀ। ਇਸ ਕਾਰਜ਼ ਲਈ ਸੰਪੂਰਨ ਸਿੰਘ ਨੂੰ ਗ੍ਰਹਿਸਤ ਧਰਮ ਵਿੱਚ ਪ੍ਰਵੇਸ਼ ਕਰਾਉਣ ਲਈ ਧਾਰਮਿਕ ਗ੍ਰੰਥਾਂ ਵਿੱਚੋਂ ਗ੍ਰਹਿਸਤ ਧਰਮ ਵਿੱਚ ਰਹਿ ਕੇ ਹੀ ਸੰਤ ਮਾਰਗ ਦਾ ਧਾਰਣੀ ਹੋਣ ਦੇ ਹਵਾਲੇ ਪ੍ਰਸਤੁਤ ਕੀਤੇ ਗਏ ਤਾਂ ਜੋ ਕਿ ਗ੍ਰਹਿਸਤ ਵਿੱਚ ਹੀ ਪਰਮਾਰਥੀ ਜੀਵਨ ਬਿਤਾਇਆ ਜਾ ਸਕਦਾ ਹੈ। ਸੰਪੂਰਨ ਸਿੰਘ ਵਿਆਹ ਕਰਾਉਣ ਲਈ ਰਾਜ਼ੀ ਹੋ ਗਿਆ। ਦਰਬਾਰ ਸਾਹਿਬ ਜਾ ਕੇ ਕੁੜਮਾਈ ਦੀ ਗੱਲ ਪੱਕੀ ਕਰ ਲਈ ਗਈ। ਕੁਝ ਦਿਨਾਂ ਬਾਅਦ ਵਿਆਹ ਦੀ ਰਸਮ ਵੀ ਪੂਰੀ ਹੋ ਗਈ।

ਵਿਆਹ ਕਰਵਾ ਕੇ ਸੰਪੂਰਨ ਸਿੰਘ ਬਹੁਤਾ ਖੁਸ਼ ਨਾ ਹੋਇਆ। ਜਿਸ ਲੜਕੀ ਨਾਲ ਵਿਆਹ ਹੋਇਆ ਸੀ ਉਹ ਧਾਰਮਿਕ ਸੰਸਕਾਰਾਂ ਵਾਲੀ ਨਹੀਂ ਸੀ ਜੋ ਕਿ ਪਰਮਾਰਥਕ ਜੀਵਨ ਲਈ ਸਹਾਇਕ ਸਿੱਧ ਨਾ ਹੋਈ। ਇਸ ਕਰਕੇ ਸੰਪੂਰਨ ਸਿੰਘ ਨੇ ਆਪਣੇ ਆਪ ਨੂੰ ਅਣਵਿਆਹਿਆ ਹੀ ਸਮਝਿਆ ਪਰੰਤੂ ਸਤਿਸੰਗ ਵਿੱਚ ਕਦੇ ਵਿਘਨ ਨਾ ਪੈਣ ਦਿੱਤਾ।

ਇੱਕ ਹੋਰ ਦਿਲਚਸਪ ਘਟਨਾ ਸੰਪੂਰਨ ਸਿੰਘ ਦੇ ਜੀਵਨ ਵਿੱਚ ਵਾਪਰੀ, ਜਦੋਂ ਉਸ ਦੀ ਉਮਰ 18 ਵਰ੍ਹਿਆਂ ਦੀ ਸੀ। ਸੰਪੂਰਨ ਸਿੰਘ ਤਰਨ ਤਾਰਨ ਕੋਲ ਇੱਕ ਪਿੰਡ ਵਿੱਚ ਅਖੰਡ ਪਾਠ ਦੇ ਭੋਗ ਸਮਾਗਮ ਵਿੱਚ ਸ਼ਾਮਿਲ ਹੋਇਆ। ਉਥੇ ਹਾਜ਼ਰ ਸੰਗਤ ਵਿੱਚ ਇੱਕ ਬੀਬੀ ਸੰਪੂਰਨ ਸਿੰਘ ਕੋਲ ਆਈ ਤੇ ਆਖਿਆ, "ਬੇਟਾ ਤੂੰ ਮੈਨੂੰ 18 ਵਰ੍ਹਿਆਂ ਤੋਂ ਕੋਹ ਕੇ ਰੱਖਿਆ ਹੈ, ਮੈਂ ਤੈਨੂੰ ਲੱਭ ਲਿਆ ਹੈ।" ਇਹ ਆਖ ਕੇ ਉਸਨੇ ਸੰਪੂਰਨ ਸਿੰਘ ਨੂੰ ਆਪਣੀ ਛਾਤੀ ਨਾਲ ਲਾ ਲਿਆ। ਸੰਪੂਰਨ ਸਿੰਘ ਹੈਰਾਨ ਸੀ। ਠੀਕ ਉਸੇ ਸਮੇਂ ਸੰਪੂਰਨ ਸਿੰਘ ਨੂੰ ਆਪਣੇ ਭਰਾ ਦੀ ਗੱਲ ਯਾਦ ਆਈ। ਉਹ ਸੰਪੂਰਨ ਸਿੰਘ ਨੂੰ ਆਪਣੀ ਮਾਂ ਦੇ ਨੇੜੇ ਨਹੀਂ ਜਾਣ ਦਿੰਦਾ ਸੀ ਅਤੇ ਇੱਕ ਦਿਨ ਉਸ ਨੇ ਕਿਹਾ ਸੀ ਕਿ "ਇਹ ਤੇਰੀ ਮਾਂ ਨਹੀਂ, ਤੇਰੀ ਮਾਂ ਅੰਮ੍ਰਿਤਸਰ ਹੈ।" ਅੱਜ ਉਹੀ ਗੱਲ ਸਹੀ ਸਾਬਤ ਹੋ ਰਹੀ ਸੀ। ਸੰਪੂਰਨ ਸਿੰਘ ਦੀ ਉਤਸੁਕਤਾ ਵਧੀ, ਉਸਨੇ ਮਾਤਾ ਨੂੰ ਸਾਰਾ ਭੇਤ ਖੋਲ੍ਹ ਕੇ ਦੱਸਣ ਲਈ ਕਿਹਾ। ਉਸ ਮਾਤਾ ਨੇ ਆਪਣੀ ਵਿਥਿਆ ਸੁਣਾਉਂਦਿਆਂ ਹੋਇਆ ਦੱਸਿਆ ਕਿ 18 ਵਰ੍ਹੇ ਪਹਿਲਾਂ ਤੇਰੀ ਨੁਹਾਰ ਦਾ ਮੇਰਾ ਪੁੱਤਰ ਮਰ ਗਿਆ ਸੀ। ਉਹ ਤੇਰੇ ਹੀ ਰੂਪ ਵਿੱਚ ਜੀਉਂਦਾ ਰਿਹਾ ਹੈ। ਇਹ ਸੁਣ ਕੇ ਸੰਪੂਰਨ ਸਿੰਘ ਨੇ ਕਿਹਾ, "ਤੁਸੀਂ ਜਵੰਤੀ ਮਾਂ ਹੋ ਜਾਂ ਪਲੰਤੀ।" ਤਾਂ ਮਾਂ ਨੇ 18 ਵਰ੍ਹੇ ਦੇ ਸੰਪੂਰਨ ਸਿੰਘ ਨੂੰ ਗੋਦੀ ਵਿੱਚ ਲਿਆ ਤੇ ਦੋਵੇਂ ਦੁੱਧੀਆਂ ਉਹਦੇ ਮੂੰਹ ਵਿੱਚ ਪਾ ਦਿੱਤੀਆਂ ਤੇ ਦੁੱਧ ਉੱਤਰ ਆਇਆ ਤੇ ਸੰਪੂਰਨ ਸਿੰਘ ਦੇ ਮੂੰਹ ਵਿੱਚ ਆਉਂਦਾ ਗਿਆ। ਇਹ ਸਾਰੀ ਘਟਨਾ ਸੰਪੂਰਨ ਸਿੰਘ ਨੇ ਆਪਣੀ ਸਵੈ-ਜੀਵਨੀ ਵਿੱਚ ਲਿਖੀ ਹੈ।[10]

ਸ੍ਰ. ਮਿਹਰ ਸਿੰਘ ਤੇ ਸੰਪੂਰਨ ਸਿੰਘ ਇੱਕ ਦੂਜੇ ਦੇ ਅੰਗ-ਸੰਗ ਹੀ ਰਹਿੰਦੇ ਸਨ। ਸੰਪੂਰਨ ਸਿੰਘ ਜ਼ਿਆਦਾ ਸਮਾਂ ਮਿਹਰ ਸਿੰਘ ਦੇ ਘਰ ਹੀ ਬਿਤਾਉਂਦਾ ਸੀ। ਸ੍ਰ. ਮਿਹਰ ਸਿੰਘ ਦੀ ਬਦਲੀ ਆਬਕਾਰੀ ਮਹਿਕਮੇ ਵਿੱਚ ਅੰਮ੍ਰਿਤਸਰ ਹੋ ਗਈ। ਸੰਪੂਰਨ ਸਿੰਘ ਵੀ ਨਾਲ ਹੀ ਗਿਆ। ਉਥੇ ਖਾਲਸਾ ਕਾਲਜ ਹੋਸਟਲ ਦੇ ਬੋਰਡਿੰਗ ਵਿੱਚ ਸੁਪਰਡੈਂਟ ਲੱਗ ਗਿਆ। ਛੇਤੀ ਹੀਂ ਸ਼ਰਾਰਤੀ ਵਿਦਿਆਰਥੀਆਂ ਦੇ ਵਤੀਰੇ ਤੋਂ ਤੰਗ ਆ ਕੇ ਨੌਕਰੀ ਛੱਡ ਦਿੱਤੀ। ਇਸ ਤੋਂ ਬਾਅਦ ਤਰਨ ਤਾਰਨ ਆ ਕੇ ਉਹ ਇੱਕ ਸਕੂਲ ਵਿੱਚ ਅਧਿਆਪਕ ਲੱਗ ਗਿਆ। ਕੁੱਝ ਸਮੇਂ ਬਾਅਦ ਵਿੱਚ ਅੰਮ੍ਰਿਤਸਰ ਵਾਪਸ ਆ ਗਿਆ, ਕਿਉਂਕਿ

10. *ਉਹੀ*, ਪੰਨਾ 17-18.

ਸ੍ਰ. ਮਿਹਰ ਸਿੰਘ ਦਾ ਵਿਛੋੜਾ ਅਸਹਿ ਸੀ। ਅੰਮ੍ਰਿਤਸਰ ਆ ਕੇ ਖਾਲਸਾ ਕਾਲਜ ਵਿੱਚ ਧਾਰਮਿਕ ਪ੍ਰੋਫੈਸਰ ਲੱਗ ਗਿਆ। ਨਾਲ ਹੀ ਸੁਪਰਡੈਂਟ ਦਾ ਕੰਮ ਵੀ ਸ਼ੁਰੂ ਕਰ ਦਿੱਤਾ। ਇਹ ਸਮਾਂ 1895-96 ਦਾ ਸੀ।'[11]

ਸੰਪੂਰਨ ਸਿੰਘ ਭਾਵੇਂ ਗ੍ਰਹਿਸਤ ਜੀਵਨ ਤੋਂ ਬੇਮੁੱਖ ਹੀ ਰਿਹਾ। ਪਰੰਤੂ ਫਿਰ ਵੀ ਉਸ ਦੀ ਮਾਤਾ ਦੀ ਇਹ ਸੱਧਰ ਸੀ ਕਿ ਉਹਨਾਂ ਦੇ ਘਰ ਇੱਕ ਬਾਲ ਹੋਵੇ। ਮਾਤਾ ਦੀ ਆਗਿਆ ਦਾ ਪਾਲਣ ਕਰਨ ਲਈ ਸੰਪੂਰਨ ਸਿੰਘ ਆਪਣੀ ਪਤਨੀ ਨਾਲ ਕੁਝ ਸਮਾਂ ਵੱਖਰਾ ਮਕਾਨ ਲੈ ਕੇ ਰਹਿਣ ਲੱਗਾ। ਕੁਝ ਸਮੇਂ ਬਾਅਦ ਉਹਨਾਂ ਦੇ ਘਰ ਇੱਕ ਪੁੱਤਰ ਦਾ ਜਨਮ ਹੋਇਆ। ਸੰਪੂਰਨ ਸਿੰਘ ਨੇ ਆਪਣੇ ਪੁੱਤਰ ਨਾਲ ਕੋਈ ਖਾਸ ਮੋਹ ਨਾ ਦਿਖਾਇਆ ਅਤੇ ਬੱਚੇ ਦੇ ਜਨਮ ਤੋਂ ਬਾਅਦ ਉਹ ਆਪਣੀ ਪਤਨੀ ਕੋਲ ਵੀ ਨਾ ਗਿਆ। ਸੰਪੂਰਨ ਸਿੰਘ ਦਾ ਇਹ ਪੁੱਤਰ ਵੱਡਾ ਹੋ ਕੇ ਵੈਦ ਅਰਜਨ ਸਿੰਘ ਦੇ ਨਾਮ ਨਾਲ ਪ੍ਰਸਿੱਧ ਹੋਇਆ।[12]

ਇੱਕ ਹੋਰ ਘਟਨਾ ਵੱਲ ਵੀ ਧਿਆਨ ਦੇਣ ਦੀ ਜ਼ਰੂਰਤ ਹੈ, ਜਿਸ ਦਾ ਜ਼ਿਕਰ ਸੰਪੂਰਨ ਸਿੰਘ ਨੇ *ਆਦਰਸ਼ ਦੇਵੀ* ਪੁਸਤਕ ਵਿੱਚ ਲਿਖਿਆ ਹੈ। ਇਹ ਇੱਕ ਬੀਬੀ ਹੈ, ਜਿਸ ਦਾ ਨਾਂ ਧਨਵੰਤ ਕੌਰ ਹੈ। ਜਦੋਂ ਸੰਪੂਰਨ ਸਿੰਘ ਨੂੰ ਉਸ ਦੀ ਗੁਆਂਚੀ ਮਾਂ ਨੇ 18 ਸਾਲ ਬਾਅਦ ਅਖੰਡ ਪਾਠ ਦੇ ਸਮਾਗਮ ਸਮੇਂ ਲੱਭਿਆ ਸੀ ਉਦੋਂ ਉਸ ਦੀ ਧੀ ਧਨਵੰਤ ਕੌਰ ਵੀ ਨਾਲ ਸੀ। ਮਾਤਾ ਦੀ ਮੌਤ ਤੋਂ ਬਾਅਦ ਇਸ ਬੀਬੀ ਨੇ ਸੰਪੂਰਨ ਸਿੰਘ ਨੂੰ ਪੁੱਤਰਾਂ ਵਾਂਗ ਰੱਖਿਆ। ਮਾਂ ਵਾਂਗ ਸੰਪੂਰਨ ਸਿੰਘ ਨੇ ਇਸ ਨੂੰ ਕਿਹਾ ਕਿ ਸੱਕੀ ਭੈਣ ਹੋਣ ਦਾ ਕੋਈ ਪ੍ਰਮਾਣ ਦੇਵੇ, ਤਾਂ ਉਸ ਨੇ ਅੱਗੋਂ ਕਿਹਾ ਕਿ ਉਹਦੇ ਭਰਾ ਦੇ ਪੇਟ ਉੱਤੇ ਚਿੱਟੇ ਨਿਸ਼ਾਨ ਸਨ। ਇਹ ਨਿਸ਼ਾਨੀ ਠੀਕ ਨਿਕਲੀ।[13]

ਕੁਝ ਸਮੇਂ ਬਾਅਦ ਸੰਪੂਰਨ ਸਿੰਘ ਨੇ ਪ੍ਰੋਫੈਸਰ ਦੀ ਨੌਕਰੀ ਛੱਡ ਦਿੱਤੀ। ਉਸ ਦੀ ਹੁਣ ਪ੍ਰਬਲ ਇੱਛਾ ਸੰਤ ਜੀਵਨ ਬਿਤਾਉਣ ਦੀ ਸੀ। ਸ੍ਰ. ਮਿਹਰ ਸਿੰਘ ਗ੍ਰਹਿਸਤ ਵਿੱਚ ਹੀ ਵੈਰਾਗਮਈ ਜੀਵਨ ਬਿਤਾ ਰਹੇ ਸਨ, ਜਦੋਂ ਕਿ ਸੰਪੂਰਨ ਸਿੰਘ ਪੂਰੀ ਤਰ੍ਹਾਂ ਗ੍ਰਹਿਸਤ ਜੀਵਨ ਤਿਆਗ ਕੇ ਸਾਧੂ ਸਮਾਜ ਵਿੱਚ ਸ਼ਾਮਿਲ ਹੋਣਾ ਚਾਹੁੰਦੇ ਸਨ। ਹੁਣ ਸੰਪੂਰਨ ਸਿੰਘ ਨੇ ਹਿਕਮਤ ਦਾ ਕੰਮ ਸ਼ੁਰੂ ਕੀਤਾ। ਪਰ ਇਹ ਕੰਮ ਕਰਦਿਆਂ ਮਨ ਨੂੰ ਟੇਕ ਨਾ ਮਿਲੀ। ਸੰਤ ਬਣਨ ਦੀ ਇੱਛਾ ਮਨ ਵਿੱਚ ਹੋਰ ਵੀ ਪ੍ਰਬਲ ਹੁੰਦੀ ਗਈ। ਸੰਪੂਰਨ ਸਿੰਘ ਨੇ ਇੱਕ ਨਵੀਂ ਜੁਗਤ ਅਪਣਾਈ, ਉਸ ਨੇ ਗੁਰੂ ਦੀ ਆਗਿਆ ਲੈ ਕੇ ਚਿੱਠੀਆਂ ਲਿਖੀਆਂ; ਉਹਨਾਂ ਦੇ ਉਪਰ ਗੁਰਬਾਣੀ ਦੀਆਂ ਤੁਕਾਂ ਲਿਖੀਆਂ :

(ੳ) *ਘਰ ਬੈਠੇ ਗੁਰੂ ਧਿਆਵਹੁ*
ਮਨ ਇਛੜੇ ਫਲ ਪਾਵਹੁ ॥[14]

(ਅ) *ਸਭ ਕਿਛੁ ਛੋੜ ਮੈਂ ਤੁਹੀਂ ਧਿਆਇਆ*
ਅਵਰੁ ਤਿਆਗ ਭਜ ਕੇਵਲ ਨਾਮ ॥[15]

ਇਹ ਚਿਠੀਆਂ ਲੈ ਕੇ ਉਹ ਦਰਬਾਰ ਸਾਹਿਬ ਚਲੇ ਗਏ। ਗ੍ਰੰਥੀ ਨੂੰ ਕਿਹਾ ਕਿ *ਸ੍ਰੀ ਗੁਰੂ ਗ੍ਰੰਥ ਸਾਹਿਬ* ਅੱਗੇ ਦੋਵੇਂ ਪਰਚੀਆਂ ਰੱਖ ਕੇ ਕੋਈ ਇੱਕ ਚੁੱਕ ਕੇ ਦੇ ਦੇਵੋ। ਗ੍ਰੰਥੀ ਸਿੰਘ ਨੇ ਅਰਦਾਸ ਕਰਕੇ ਇੱਕ ਚਿੱਠੀ ਚੁੱਕ ਕੇ ਦਿੱਤੀ। ਇਹ ਦੂਜੀ ਚਿੱਠੀ ਸੀ। ਇਸ ਨੂੰ ਗੁਰੂ ਜੀ ਆਗਿਆ ਸਮਝ ਕੇ ਸੰਪੂਰਨ ਸਿੰਘ ਨੇ ਦੁਬਿਧਾ ਤਿਆਗ ਦਿੱਤੀ ਅਤੇ ਸੰਤ ਬਣਨ ਦਾ ਆਖਰੀ ਤੇ ਅਟੱਲ ਫੈਸਲਾ ਕਰ ਲਿਆ। ਪਿਤਾ

11. *ਉਹੀ*, ਪੰਨਾ 17.
12. *ਉਹੀ*, ਪੰਨਾ 18-19.
13. *ਉਹੀ*, ਪੰਨਾ 19.
14. ਘਰਿ ਬੈਠੇ ਗੁਰੂ ਧਿਆਇਹੁ॥ (*ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 621).
15. ਮੈ ਸਭੁ ਕਿਛੁ ਛੋਡਿ ਪ੍ਰਭ ਤੁਹੀ ਧਿਆਇਆ॥ (*ਉਹੀ*, ਪੰਨਾ 371).

ਜੀ ਅਤੇ ਪਰਿਵਾਰ ਨੂੰ ਵੀ ਸੂਚਿਤ ਕੀਤਾ ਗਿਆ। ਇਸ ਫੈਸਲੇ ਦੀ ਸੂਚਨਾ ਸ੍ਰ. ਮਿਹਰ ਸਿੰਘ ਨੂੰ ਵੀ ਦਿੱਤੀ ਜੋ ਕਿ ਰਾਵਲ ਪਿੰਡੀ ਬਦਲ ਕੇ ਚਲੇ ਗਏ ਸਨ।[16]

ਤਰਨ ਤਾਰਨ ਵਿਖੇ ਹੀ ਇੱਕ ਦੁਕਾਨ ਤੋਂ ਗੇਰੂ ਤੇ ਤੌਲੀਆ ਲਿਆ। ਭਗਵੇਂ ਕੱਪੜੇ ਤਿਆਰ ਕਰਕੇ ਸੰਮਤ 1962 ਸੰਨ 1905 ਈ. ਨੂੰ ਪਿਛਲੀ ਰਾਤ ਉਠ ਕੇ ਦਰਬਾਰ ਸਾਹਿਬ ਗਏ। ਗ੍ਰੰਥੀ ਦੇ ਹੱਥ ਗੇਰੂਏ ਬਸਤਰ ਦਿੱਤੇ ਤੇ ਕਿਹਾ ਕਿ ਮਹਾਰਾਜ ਉਪਰ ਚੜ੍ਹਾ ਕੇ ਸਰੋਪਾ ਬਖਸ਼ਿਸ਼ ਕਰਨ। ਭਾਈ ਜੀ ਨੇ ਇਵੇਂ ਹੀ ਕੀਤਾ। ਫੇਰ ਆ ਕੇ ਹਰਿ ਕੀ ਪੌੜੀ 'ਤੇ ਇਸ਼ਨਾਨ ਕੀਤਾ ਤੇ ਗ੍ਰਹਿਸਥੀ ਲਿਬਾਸ ਉਤਾਰ ਕੇ ਗੇਰੂਏ ਬਸਤਰ ਪਹਿਨ ਲਏ।[17] ਇਸ ਤੋਂ ਬਾਅਦ ਉਥੋਂ ਚੱਲ ਪਏ। ਨੌਰੰਗਾਬਾਦ, ਖਡੂਰ ਸਾਹਿਬ ਦੇ ਰਾਹ ਪੈ ਕੇ ਗੁਰਦੁਆਰਿਆਂ ਦੀ ਯਾਤਰਾ ਕਰਦੇ ਹੋਏ ਪੈਦਲ ਹਰਿਦਵਾਰ ਵੱਲ ਚੱਲ ਪਏ। ਉੱਥੇ ਰਾਤ ਕੱਟਣ ਲਈ ਇੱਕ ਸੰਤ ਦੇ ਡੇਰੇ ਤੇ ਗਏ ਤਾਂ ਪਤਾ ਲੱਗਾ ਕਿ ਡੇਰੇ ਦਾ ਮਾਲਕ ਸੰਤ ਸਦਾ ਨੰਦ ਦਾ ਵੱਡਾ ਭਰਾ ਸੀ। ਉਸਨੇ ਸੰਪੂਰਨ ਸਿੰਘ ਨੂੰ ਪਛਾਣ ਲਿਆ। ਹਰਿਦੁਆਰ ਤੋਂ ਕਨਖਲ ਸਦਾ ਨੰਦ ਦੇ ਡੇਰੇ ਤੇ ਪਹੁੰਚਿਆ। ਸਦਾ ਨੰਦ ਪਾਸ ਬਹੁਤ ਸਮਾਂ ਠਹਿਰਿਆ। ਕਨਖਲ ਵਿਖੇ ਵੱਖ-ਵੱਖ ਡੇਰਿਆਂ ਤੇ ਰੋਜ ਜਾਂਦਾ ਤੇ ਕਥਾ ਕੀਰਤਨ ਸੁਣਦਾ। ਹਰਿਦੁਆਰ ਤੋਂ ਅਲੀਗੜ੍ਹ ਗਏ। ਅਲੀਗੜ੍ਹ ਤੋਂ ਖ਼ੁਰਜਾ ਗਏ। ਜੀਵਨ ਨਿਰਬਾਹ ਹਰ ਰੋਜ਼ ਭਿੱਖਿਆ ਮੰਗ ਕੇ ਕਰਦੇ ਸਨ। ਖ਼ੁਰਜਾ ਤੋਂ ਚੱਲ ਕੇ ਕਾਸ਼ੀ ਪਹੁੰਚੇ। ਏਥੇ ਚੇਤਨ ਮੱਠ ਵਿੱਚ ਠਹਿਰੇ। ਚੇਤਨ ਮੱਠ ਹੀ ਉਹ ਅਸਥਾਨ ਹੈ, ਜਿਥੇ ਗੁਰੂ ਗੋਬਿੰਦ ਸਿੰਘ ਜੀ ਦੇ ਆਦੇਸ਼ ਪਾ ਕੇ ਪੰਜ ਨਿਰਮਲੇ ਸੰਤ ਆ ਕੇ ਠਹਿਰੇ ਸਨ ਤੇ ਇਥੇ ਠਹਿਰ ਕੇ ਸੰਸਕ੍ਰਿਤ ਵਿੱਦਿਆ ਪ੍ਰਾਪਤ ਕੀਤੀ ਸੀ। ਇਥੇ ਥੋੜ੍ਹੇ ਦਿਨ ਠਹਿਰ ਕੇ ਲਖਨਊ ਚਲੇ ਗਏ। ਉਹਨਾਂ ਦਿਨਾਂ ਵਿੱਚ ਹੀ ਸਵਾਮੀ ਰਾਮ ਤੀਰਥ ਜੀ ਜਾਪਾਨ ਤੋਂ ਵਾਪਸ ਆ ਕੇ ਲਖਨਊ ਠਹਿਰੇ ਹੋਏ ਸਨ। ਇਹਨਾਂ ਦਿਨਾਂ ਵਿੱਚ ਹੀ ਸਵਾਮੀ ਸਦਾ ਨੰਦ ਵੀ ਲਖਨਊ ਪਹੁੰਚ ਗਏ। ਇਥੇ ਹੀ ਸਦਾ ਨੰਦ ਦੀ ਸੰਗਤ ਕਰਨ ਦਾ ਮੌਕਾ ਮਿਲਿਆ।[18]

ਲਖਨਊ ਤੋਂ ਯਾਤਰਾ ਕਰਕੇ ਫਿਰ ਹਰਿਦੁਆਰ ਵਾਪਸ ਆ ਗਏ। ਇਥੇ ਸਦਾ ਨੰਦ ਦੀ ਸੰਗਤ ਵੀ ਮਿਲ ਰਹੀ ਸੀ ਅਤੇ ਨਾਲ ਹੀ ਸੰਤਾਂ ਸਾਧਾਂ ਦੇ ਇਕੱਠਾਂ ਵਿੱਚ ਸ਼ਾਮਲ ਹੋ ਕੇ ਵਿਚਾਰ ਵਟਾਂਦਰਾ ਕਰਦੇ। ਇਸੇ ਸਮੇਂ ਹੀ ਸੰਪੂਰਨ ਸਿੰਘ ਦਾ ਸੰਬੰਧ ਨਿਰਮਲੇ ਤੇ ਉਦਾਸੀ ਸੰਤਾਂ ਨਾਲ ਹੋਇਆ। ਇਹਨਾਂ ਨਾਲ ਸਿੱਖ ਪੰਥ ਦੇ ਪ੍ਰਚਾਰ ਬਾਰੇ ਵਿਚਾਰ ਵਿਮਰਸ਼ ਕੀਤਾ।

ਹੁਣ ਹਰਿਦੁਆਰ ਤੋਂ ਸੰਪੂਰਨ ਸਿੰਘ ਵਾਪਸ ਤਰਨ ਤਾਰਨ ਆਏ। ਇਥੇ ਆ ਕੇ ਭਿੱਖਿਆ ਮੰਗ ਕੇ ਪ੍ਰਸ਼ਾਦਾ ਛੱਕਦੇ ਰਹੇ। ਇਥੇ ਰਹਿ ਕੇ ਸਤਿਸੰਗ ਵੀ ਕੀਤਾ। ਇਸ ਸਤਿਸੰਗ ਵਿੱਚ ਇਸਤਰੀਆਂ ਵੀ ਸ਼ਾਮਿਲ ਹੁੰਦੀਆਂ ਸਨ। ਸਤਿਸੰਗ ਵਿੱਚ ਗੁਰਬਾਣੀ ਦੀ ਵਿਆਖਿਆ ਤੇ ਕੀਰਤਨ ਹੁੰਦਾ ਸੀ। ਸਤਿਸੰਗ ਤੋਂ ਪ੍ਰਭਾਵਿਤ ਹੋ ਕੇ ਸ਼ਿਵਦਿਆਲ ਨਾਂ ਦਾ ਇੱਕ ਤਾਂਤਰਿਕ ਸਿੱਖ ਬਣਿਆ। ਇੱਥੇ ਹੀ ਰਾਧਾ ਸਵਾਮੀ ਮੱਤ ਦੇ ਧਾਰਣੀ ਵੀ ਸਤਿਸੰਗ ਵਿੱਚ ਸ਼ਾਮਿਲ ਹੁੰਦੇ। ਇੱਕ ਦਿਨ ਉਹਨਾਂ ਨੇ ਦਲੀਲ ਦਿੱਤੀ ਕਿ ਗੁਰੂ ਨਾਨਕ ਦੀ ਰਸਾਈ ਰਾਧਾ ਸਵਾਮੀ ਧਰਮ ਤੱਕ ਨਹੀਂ ਸੀ। ਇਸ ਗੱਲ ਨੂੰ ਸੁਣ ਕੇ ਸੰਪੂਰਨ ਸਿੰਘ ਨੂੰ ਬਹੁਤ ਗੁੱਸਾ ਆਇਆ। ਉਹਨਾਂ ਨੇ ਰਾਧਾ ਸਵਾਮੀਆਂ ਦੇ ਗ੍ਰੰਥਾਂ ਵਿੱਚੋਂ ਹੀ ਹਵਾਲੇ ਦੇ ਕੇ ਉਹਨਾਂ ਨੂੰ ਗਲਤ ਸਾਬਤ ਕੀਤਾ। ਉਹਨਾਂ ਦੇ ਦਾਅਵੇ ਨੂੰ ਨਿਰਮੂਲ ਸਿੱਧ ਕਰਨ ਲਈ, ਉਹਨਾਂ ਦੇ ਘਰ ਦੇ ਮੁੱਢ *ਪ੍ਰਾਣ ਸੰਗਲੀ* ਛਪਵਾਉਣ ਦਾ ਉੱਦਮ ਕੀਤਾ। ਇਸ ਕਾਰਜ ਲਈ ਉਹ ਰਾਵਲ ਪਿੰਡੀ, ਪਟਨਾ ਸਾਹਿਬ ਤੇ ਹੋਰ ਥਾਵਾਂ ਤੇ ਵੀ ਗਏ।[19]

16. *ਜੀਵਨ ਗਾਥਾ*, ਪੰਨਾ 24.
17. *ਉਹੀ*, ਪੰਨਾ 25.
18. *ਉਹੀ*, ਪੰਨਾ 26.
19. *ਉਹੀ*, ਪੰਨੇ 51-52.

ਸਤਿਸੰਗ ਵਿੱਚ ਉਹ ਜੋ ਵੀਚਾਰ ਕਰਦੇ ਉਹਨਾਂ ਨੂੰ ਲਿਖਤੀ ਰੂਪ ਵੀ ਦਿੰਦੇ। ਸਤਿਸੰਗ ਵਿੱਚ ਇਸਤਰੀਆਂ ਭਾਰੀ ਗਿਣਤੀ ਵਿੱਚ ਜੁੜਦੀਆਂ। ਸਭ ਤੋਂ ਵੱਧ ਦਿਲਚਸਪੀ ਰੱਖਣ ਵਾਲੀ ਇੱਕ ਬੀਬੀ ਜਸਵੰਤ ਕੌਰ ਦੀ ਸਹਾਇਤਾ ਨਾਲ ਤਰਨ ਤਾਰਨ ਵਿੱਚ ਇਸਤਰੀ ਸਤਿਸੰਗ ਸ਼ੁਰੂ ਕਰ ਦਿੱਤਾ। ਇਹ ਸਤਿਸੰਗ ਹੁਣ ਤੱਕ ਬੀਬੀ ਜਸਵੰਤ ਕੌਰ ਦੇ ਨਾਂ ਹੇਠ ਅੰਮ੍ਰਿਤਸਰ ਹੁੰਦਾ ਹੈ।

ਤਰਨ ਤਾਰਨ ਸ੍ਰ. ਮਿਹਰ ਸਿੰਘ ਨੇ ਆਪਣੀ ਜ਼ਮੀਨ ਵਿੱਚ ਇੱਕ ਪੱਕੀ ਕੁਟੀਆ ਬਣਵਾ ਦਿੱਤੀ। ਇਥੇ ਤਿੰਨ ਵਰ੍ਹੇ ਟਿਕੇ ਰਹੇ। ਇਥੇ ਹੀ ਇਹਨਾਂ ਸਾਲਾਂ ਵਿੱਚ ਸਾਹਿਤ ਸਿਰਜਣਾ ਦਾ ਕੰਮ ਕਰਦੇ ਰਹੇ। ਉਪਨਿਸ਼ਦਾਂ ਦਾ ਟੀਕਾ ਵੀ ਕੀਤਾ।

15 ਜਨਵਰੀ, 1915 ਈ. ਨੂੰ ਸੰਪੂਰਨ ਸਿੰਘ ਦੇ ਗੁਰੂ ਸਵਾਮੀ ਸਦਾ ਨੰਦ ਦਾ ਦੇਹਾਂਤ ਹੋ ਗਿਆ। ਇਹ ਇੱਕ ਦੁਖਦਾਈ ਘਟਨਾ ਸੀ। ਸੰਤ ਜੀ ਲੁਧਿਆਣੇ ਤੋਂ ਸਵਾਮੀ ਜੀ ਦੀ ਦੇਹ ਨਾਲ ਹਰਿਦਵਾਰ ਪਹੁੰਚੇ। ਸਵਾਮੀ ਜੀ ਦਾ ਭੰਡਾਰਾ ਹਰਿਦੁਆਰ ਹੀ ਕੀਤਾ।

ਸੰਪੂਰਨ ਸਿੰਘ ਜੀ ਕੇਵਲ ਸੰਤ ਹੀ ਨਹੀਂ ਸਨ ਬਲਕਿ ਸਾਹਿਤ ਸਿਰਜਣਾ ਵੀ ਕਰਦੇ ਸਨ। ਰਮਤਾ ਜੀਵਨ ਬਤੀਤ ਕਰਦੇ ਹੋਏ ਹਰਿਦੁਆਰ, ਅੰਬਾਲਾ ਤੇ ਲੁਧਿਆਣਾ ਵਿਖੇ ਸਤਿਸੰਗ ਵੀ ਕਰਿਆ ਕਰਦੇ ਸਨ। ਇਸ ਦੇ ਨਾਲ ਨਾਲ ਦੇਸੀ ਦਵਾਈਆਂ-ਬੂਟੀਆਂ ਰਾਹੀਂ ਵੀ ਲੋਕਾਂ ਦਾ ਇਲਾਜ ਕਰਿਆ ਕਰਦੇ ਸਨ।

ਇਹਨਾਂ ਦਿਨਾਂ ਵਿੱਚ ਕੁੰਜੀਆਂ ਦਾ ਮੋਰਚਾ ਲੱਗਾ ਹੋਇਆ ਸੀ। ਗੁਰਦੁਆਰਾ ਸੁਧਾਰ ਲਹਿਰ ਜੋਰਾਂ ਤੇ ਸੀ। ਇਹ ਲਹਿਰ ਸਫਲ ਹੋਈ ਤੇ ਚਾਬੀਆਂ ਅਕਾਲੀ ਦਲ ਦੇ ਪ੍ਰਧਾਨ ਸ੍ਰ. ਖੜਕ ਸਿੰਘ ਨੂੰ ਸੌਂਪੀਆਂ ਗਈਆਂ।

ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਸ੍ਰ. ਅਮਰ ਸਿੰਘ ਵਾਸੂ ਜੋ ਕਿ ਸੰਤ ਸੰਪੂਰਨ ਸਿੰਘ ਦੇ ਜਮਾਤੀ ਸਨ, ਸੰਪੂਰਨ ਸਿੰਘ ਦੀ ਸਲਾਹ ਨਾਲ ਆਪਣੇ ਕੰਮਾਂ ਵਿੱਚ ਨਿਰਮਲੇ ਵਿਦਵਾਨਾਂ ਦਾ ਸਹਿਯੋਗ ਲੈਣਾ ਚਾਹੁੰਦੇ ਸਨ। ਸੰਤ ਸੰਪੂਰਨ ਸਿੰਘ ਨੇ ਨਿਰਮਲ ਪੰਚਾਇਤੀ ਅਖਾੜਾ ਕਨਖਲ ਨਾਲ ਚਿੱਠੀ ਪੱਤਰ ਕੀਤਾ। ਜਿਸ ਦੇ ਉੱਤਰ ਵਿੱਚ ਸ੍ਰੀ ਮਹੰਤ ਬੁੱਢਾ ਸਿੰਘ ਜੀ ਨੇ ਅਕਾਲੀ ਦਲ ਨੂੰ ਸਹਿਮਤੀ ਦੇਣ ਦਾ ਵਿਚਾਰ ਪ੍ਰਗਟ ਕੀਤਾ। ਜਿਸ ਨਾਲ ਅਕਾਲੀ ਦਲ ਨੂੰ ਨਿਰਮਲ ਪੰਥ ਦਾ ਸਹਿਯੋਗ ਮਿਲਣਾ ਸ਼ੁਰੂ ਹੋ ਗਿਆ। ਸੰਪੂਰਨ ਸਿੰਘ ਦੇ ਯਤਨਾਂ ਸਦਕਾ ਨਿਰਮਲੇ ਵਿਦਵਾਨ ਅਕਾਲੀ ਦਲ ਦੀਆਂ ਸਰਗਰਮੀਆਂ ਵਿੱਚ ਸ਼ਾਮਲ ਹੋਣ ਲੱਗ ਪਏ। ਗੁਰੂ ਕੇ ਬਾਗ ਦੇ ਮੋਰਚੇ ਵਿੱਚ ਵੀ ਇਹਨਾਂ ਨੇ ਭਾਗ ਲਿਆ। ਨਿਰਮਲਿਆਂ ਦਾ ਉਤਸ਼ਾਹ ਤੇ ਸਿੱਖ-ਪੰਥ ਪ੍ਰਤੀ ਵਫਾਦਾਰੀ ਵੇਖ ਕੇ ਸ਼੍ਰੋਮਣੀ ਕਮੇਟੀ ਵਿੱਚ ਪੰਜ ਸੀਟਾਂ ਨਿਰਮਲਿਆਂ ਲਈ ਰਾਖਵੀਆਂ ਰੱਖੀਆਂ ਗਈਆਂ, ਪੰਜਾਂ ਵਿੱਚੋਂ ਇੱਕ ਸੰਤ ਸੰਪੂਰਨ ਸਿੰਘ ਨੂੰ ਮੈਂਬਰ ਭੇਜਿਆ ਗਿਆ।[20] ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿੱਚ ਨਿਰਮਲ ਸੰਪ੍ਰਦਾਇ ਦਾ ਸਤਿਕਾਰ ਵਧਿਆ। ਸੰਪੂਰਨ ਸਿੰਘ ਦੇ ਸੁਧਾਰ ਕਾਰਜਾਂ ਤੋਂ ਖੁਸ਼ ਹੋ ਕੇ ਸਮੁੱਚੇ ਨਿਰਮਲ ਪੰਥ ਨੇ ਉਹਨਾਂ ਨੂੰ ਸ੍ਰੀ ਮਹੰਤ ਦੀ ਪਦਵੀ ਦੇਣੀ ਚਾਹੀ। ਪਰੰਤੂ ਸੰਤ ਸੰਪੂਰਨ ਸਿੰਘ ਨੇ ਇਹ ਪਦਵੀ ਲੈਣ ਤੋਂ ਸਾਫ਼ ਇਨਕਾਰ ਕਰ ਦਿੱਤਾ।

ਨਿਰਮਲ ਸਾਧੂ ਸਮਾਜ ਵਿੱਚ ਸੰਤ ਸੰਪੂਰਨ ਸਿੰਘ ਦੀ ਅਧਿਆਤਮਕਤਾ ਅਤੇ ਵਿਦਵਤਾ ਦੀ ਬਹੁਤ ਕਦਰ ਹੋਣ ਲੱਗ ਪਈ। ਸੰਪੂਰਨ ਸਿੰਘ ਦਾ ਵਾਹ ਅੰਗਰੇਜ਼ੀ ਵਿਦਵਾਨਾਂ ਨਾਲ ਵੀ ਪੈਣ ਲੱਗ ਪਿਆ। ਇਸ ਲਈ ਉਹਨਾਂ ਨੇ ਅੰਗਰੇਜ਼ੀ ਸਿੱਖਣ ਅਤੇ ਅੰਗਰੇਜ਼ੀ ਸਾਹਿਤ ਪੜ੍ਹਨ ਵੱਲ ਖਾਸ ਧਿਆਨ ਦਿੱਤਾ। *ਹਿੰਦੂ ਸਪਿਰਿਚੁਅਲ* ਨਾਂ ਦਾ ਮੈਗਜ਼ੀਨ ਆਪਣੇ ਨਾਂ ਲਗਵਾ ਲਿਆ। *Life Beyond Death* ਨਾਂ ਦੀ ਪੁਸਤਕ ਵੀ ਪੜ੍ਹੀ। ਇਸ ਪੁਸਤਕ ਨੂੰ ਪੜ੍ਹ ਕੇ ਸੰਪੂਰਨ ਸਿੰਘ ਨੇ ਬਹੁਤ ਅਨੰਦ ਮਾਣਿਆ। ਆਪ ਦਾ ਲਿਖਿਆ

20. *ਉਹੀ*, ਪੰਨਾ 107.

ਇੱਕ ਲੇਖ ਜਿਸ ਦਾ ਨਾਂ 'Psychic Experience' *ਕਲਪਕ* ਨਾਂ ਦੇ ਪਰਚੇ ਵਿੱਚ ਛਪਿਆ। ਇਹ ਲੇਖ ਇਤਨਾ ਪ੍ਰਭਾਵਸ਼ਾਲੀ ਸੀ ਕਿ ਇਸ ਦੇ ਸਦਕੇ ਆਪ ਨੂੰ Latent Light Culture ਨਾਂ ਦੀ ਜਥੇਬੰਦੀ ਨੇ ਮਾਸਟਰ ਆਫ਼ ਸਾਇੰਸਜ਼ ਸਨਮਾਨ ਵਜੋਂ ਪ੍ਰਦਾਨ ਕੀਤਾ। ਸੰਨ 1914 ਈ. ਤੋਂ ਲੈ ਕੇ 1942 ਈਸਵੀ ਤੱਕ ਇਸ ਸੁਸਾਇਟੀ ਦੇ ਫੈਲੋ ਰਹੇ। ਅਧਿਐਨ ਦੇ ਕਾਰਜ ਵਿੱਚ ਅੱਗੇ ਵੱਧਦਿਆਂ ਸੰਪੂਰਨ ਸਿੰਘ Indian Academy of Science Kerhanattam Linnovally ਦੇ ਮੈਂਬਰ ਵੀ ਬਣੇ। ਇਹ ਸੰਸਥਾ Latent Light Culture ਨਾਲੋਂ ਵੀ ਪਹਿਲਾਂ ਦੀ ਸਥਾਪਿਤ ਸੀ। ਇਹਨਾਂ ਨੇ ਵੀ ਸੰਪੂਰਨ ਸਿੰਘ ਨੂੰ ਲਾਇਫ ਫੈਲੋਸ਼ਿਪ ਪੇਸ਼ ਕੀਤੀ ਤੇ ਇੱਕ ਲੇਖ ਵੀ ਮੰਗਿਆ। ਸੰਪੂਰਨ ਸਿੰਘ ਜਿਥੇ ਆਪਣੇ ਲੇਖ ਭੇਜਦੇ ਸਨ, ਉਥੇ ਕਵਿੱਤਾਵਾਂ ਵੀ ਭੇਜਣ ਲੱਗ ਪਏ। ਜਿਨ੍ਹਾਂ ਦਾ ਵਿਸ਼ਾ-ਵਸਤੂ ਗੁਰਮਤਿ ਵਿਚਾਰਧਾਰਾ ਹੀ ਹੁੰਦਾ ਸੀ। ਸੰਪੂਰਨ ਸਿੰਘ ਦੀ ਵਿਦਵਤਾ ਤੋਂ ਪ੍ਰਭਾਵਿਤ ਹੋ ਕੇ ਸੰਸਥਾ ਨੇ ਸਨਮਾਨ ਵਜੋਂ ਆਪਣੀ ਅਕੈਡਮੀ ਦਾ ਉੱਚਾ ਡਿਪਲੋਮਾ Ph.D. Sci. (ਡਾਕਟਰ ਆਫ਼ ਫਿਲਾਸਫੀ ਐਂਡ ਸਾਇੰਸ) ਦਿੱਤਾ, ਨਾਲ ਹੀ ਵੇਦਾਂਤ ਅਤੇ ਅਧਿਆਤਮਕ ਵਿਸ਼ਿਆਂ ਦਾ ਪ੍ਰੋਫੈਸਰ ਨਿਯੁਕਤ ਕਰ ਦਿੱਤਾ। ਇਹਨਾਂ ਸਨਮਾਨਾਂ ਤੋਂ ਇਲਾਵਾ ਅਕੈਡਮੀ ਦੇ ਪ੍ਰੀਖਿਆ ਬੋਰਡ ਦੇ ਮੈਂਬਰ ਵੀ ਬਣਾਏ ਗਏ।[21]

ਅੰਗਰੇਜ਼ੀ ਰਸਾਲਿਆਂ ਲਈ ਲੇਖ ਲਿਖਣ ਅਤੇ ਕਵਿਤਾਵਾਂ ਭੇਜਣ ਨਾਲ ਆਪ ਦਾ ਬੌਧਿਕ ਵਿਕਾਸ ਵੀ ਵਧਿਆ ਅਤੇ ਵਿਦਵਾਨਾਂ ਨਾਲ ਸੰਪਰਕ ਵੀ ਵਧਿਆ। ਸੰਪੂਰਨ ਸਿੰਘ ਦੇ ਅਧਿਆਤਮਿਕ ਕਾਰਜਾਂ ਸੰਬੰਧੀ ਲਿਖੇ ਲੇਖਾਂ ਤੋਂ ਪ੍ਰਭਾਵਿਤ ਹੋ ਕੇ ਸੰਪੂਰਨ ਸਿੰਘ ਨੂੰ ਅਧਿਆਤਮਕ ਮੰਡਲ ਉਜੈਨ ਦਾ ਡਾਇਰੈਕਟਰ ਨਿਯੁਕਤ ਕੀਤਾ ਗਿਆ। *ਕਲਪ ਬ੍ਰਿਛ* ਨਾਂ ਦੇ ਰਸਾਲੇ ਦਾ ਸੰਪੂਰਨ ਸਿੰਘ ਸੰਪਾਦਕ ਵੀ ਬਣਿਆ।

ਸੰਤ ਸੰਪੂਰਨ ਸਿੰਘ ਦਾ ਜੀਵਨ ਭਾਰਤੀ ਸਾਧੂ ਸਮਾਜ ਵਿੱਚ ਰਹਿ ਰਹੇ ਸੰਤਾਂ ਦੇ ਜੀਵਨ ਨਾਲੋਂ ਵੱਖਰਾ ਤੇ ਵਿਲੱਖਣ ਹੈ। ਜਿਥੇ ਇਹਨਾਂ ਨੇ ਵਿਰਕਤ ਜੀਵਨ ਬਤੀਤ ਕੀਤਾ ਉਥੇ ਗੁਰਮਤਿ ਪ੍ਰਚਾਰ ਲਈ ਉੱਚ ਵਿੱਦਿਆ ਵੀ ਪ੍ਰਾਪਤ ਕੀਤੀ। ਦੂਜੇ ਅਕੀਦਿਆਂ ਦੇ ਸਾਧੂ ਸੰਤਾਂ ਨਾਲ ਵਿਚਾਰ ਵਟਾਂਦਰੇ ਵੀ ਕੀਤੇ। ਉੱਚ ਪੱਧਰ ਦੀ ਸਾਹਿਤ ਸਿਰਜਣਾ ਵੀ ਕੀਤੀ। *ਪ੍ਰਾਣ ਸੰਗਲੀ* ਤੇ ਟਿੱਪਣੀ ਲਿਖਣ ਲਈ ਅੰਗਰੇਜ਼ੀ ਸਾਹਿਤ ਦਾ ਅਧਿਐਨ ਵੀ ਕੀਤਾ।

ਲਗਭਗ 12 ਵਰ੍ਹੇ ਤਰਨ ਤਾਰਨ ਬਿਤਾਏ ਤੇ ਇੱਥੇ ਰਹਿ ਕੇ ਲਿਖਣ ਪੜ੍ਹਨ ਦਾ ਕੰਮ ਕੀਤਾ। ਹੇਠ ਲਿਖੀਆਂ ਪੁਸਤਕਾਂ ਤਰਨ ਤਾਰਨ ਵਿਖੇ ਹੀ ਲਿਖੀਆਂ : 1. *ਅਕਾਲੀ ਯੋਧਾ*, 2. *ਸੁੱਚਾ ਜੀਵਨ*, 3. *ਕਿਸਮਤ ਦਾ ਧਨੀ* (ਅਨੁਵਾਦ), 4. *ਸਿਧਾਂਤ ਬੋਧਨੀ।*

ਇਹਨਾਂ ਦਾ ਜੀਵਨ ਤਜ਼ਰਬਾ ਅਤੇ ਭਿੰਨ-ਭਿੰਨ ਅਵਸਥਾਵਾਂ ਵਿੱਚੋਂ ਲੰਘਿਆ ਹੋਇਆ ਜੀਵਨ ਹੈ। ਆਪਣੇ ਜੀਵਨ ਦੇ ਸਮੁੱਚੇ ਤਜ਼ਰਬੇ ਨੂੰ ਆਪਣੀਆਂ ਰਚਨਾਵਾਂ ਵਿੱਚ ਪੇਸ਼ ਕਰਦੇ ਹੋਏ ਗੁਰਮਤਿ ਪ੍ਰਚਾਰ ਤੋਂ ਬਿਲਕੁਲ ਵੀ ਨਹੀਂ ਥਿੜਕੇ। ਇਹਨਾਂ ਦੀ ਪੰਜਾਬੀ ਸਾਹਿਤ ਨੂੰ ਇੱਕ ਵੱਡਮੁੱਲੀ ਦੇਣ ਹੈ। 1946 ਈ. ਨੂੰ ਆਪ ਜੀ ਦਾ ਦੇਹਾਂਤ ਹੋ ਗਿਆ। ਉਹਨਾਂ ਦੀਆਂ ਲਗਭਗ ਤਿੰਨ ਦਰਜਨ ਪੁਸਤਕਾਂ ਉਪਲੱਬਧ ਹਨ। ਜਿਨ੍ਹਾਂ ਨੂੰ ਮੁੱਖ ਤੌਰ ਤੇ ਤਿੰਨ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ।

(1) ਗੁਰਮਤਿ ਵਿਆਖਿਆ ਸਾਹਿਤ

(2) ਸਮਾਜਿਕ ਜੀਵਨ ਨਾਲ ਸੰਬੰਧਿਤ ਸਾਹਿਤ

(3) ਟੀਕਾ/ਅਨੁਵਾਦ ਸਾਹਿਤ।

ਉਹਨਾਂ ਦੀ ਭਾਸ਼ਾ ਸ਼ੈਲੀ ਉੱਤੇ ਭਾਵੇਂ ਸਾਧ ਭਾਖਾ ਦਾ ਹੀ ਰੰਗ ਹੈ, ਪਰ ਉਹਨਾਂ ਨੇ ਆਪਣੇ ਵਿਚਾਰ

---

21. *ਉਹੀ*, ਪੰਨਾ 130.

ਪ੍ਰਗਟਾਵੇ ਲਈ ਬੜੀ ਸਰਲ ਭਾਸ਼ਾ ਦੀ ਵਰਤੋਂ ਕਰਕੇ ਆਪਣੀਆਂ ਮਾਨਤਾਵਾਂ ਨੂੰ ਸੁਚੱਜੇ ਢੰਗ ਨਾਲ ਸਥਾਪਿਤ ਕੀਤਾ ਹੈ। ਉਹਨਾਂ ਨੇ *ਪ੍ਰਾਣ ਸੰਗਲੀ* ਬਾਰੇ ਵਿਸਤ੍ਰਿਤ ਖੋਜ ਕਰਕੇ ਜੋ ਸਮੱਗਰੀ ਇਕੱਠੀ ਕੀਤੀ ਹੈ, ਉਸ ਨੂੰ ਦੇਵਨਾਗਰੀ ਅੱਖਰਾਂ ਵਿੱਚ ਪ੍ਰਕਾਸ਼ਿਤ ਕੀਤਾ ਹੈ।

ਸੰਪੂਰਨ ਸਿੰਘ ਬਹੁਤ ਹੀ ਮਿਹਨਤੀ ਸੁਭਾਅ ਦੇ ਸਨ। ਸੰਤ ਸਮਾਜ ਵਿੱਚ ਜੀਵਨ ਗੁਜ਼ਾਰਦਿਆਂ ਸਤਿਸੰਗ ਕਰਨਾ, ਸਾਹਿਤ ਰਚਨਾ ਕਰਨੀ, ਅਕਾਲੀ ਲਹਿਰ ਵਿੱਚ ਭਾਗ ਲੈਣਾ, ਨਿਰਮਲਿਆਂ ਲਈ ਸ਼੍ਰੋਮਣੀ ਕਮੇਟੀ ਤੋਂ ਪੰਜ ਸੀਟਾਂ ਦੀ ਨਾਮਜ਼ਦਗੀ ਪੱਕੀ ਕਰਵਾਉਣੀ ਇਹ ਸਭ ਕੁਝ ਆਪ ਜੀ ਦੀ ਮਿਹਨਤ ਸਦਕਾ ਹੀ ਸੀ। ਆਪ ਜੀ ਦੇ ਜੀਵਨ ਦਾ ਇਕੋ ਇਕ ਮਨੋਰਥ ਸੀ, ਗੁਰਮਤਿ ਦਾ ਪ੍ਰਚਾਰ ਕਰਨਾ।

ਉਹ ਆਪਣੇ ਗਿਆਨ ਵਿੱਚ ਵਾਧਾ ਕਰਨ ਲਈ ਹਮੇਸ਼ਾ ਉਤਸੁਕ ਰਹਿੰਦੇ ਸਨ। ਗਿਆਨ ਪ੍ਰਾਪਤੀ ਲਈ ਆਪ ਸੰਤਾਂ, ਸਾਧਾਂ ਅਤੇ ਵਿਦਵਾਨਾਂ ਨਾਲ ਸੰਪਰਕ ਕਰਨ ਤੋਂ ਗੁਰੇਜ ਨਹੀਂ ਸਨ ਕਰਦੇ। ਗਿਆਨ ਵਿੱਚ ਵਾਧਾ ਕਰਨ ਲਈ ਅੰਗਰੇਜ਼ੀ ਭਾਸ਼ਾ ਨਾਲ ਸੰਬੰਧਿਤ ਪੁਸਤਕਾਂ ਦਾ ਅਧਿਐਨ ਕੀਤਾ। ਆਪ ਜੀ ਦੇ ਪਾਠਕਾਂ ਦਾ ਘੇਰਾ ਦੇਸ਼ਾਂ ਵਿਦੇਸ਼ਾਂ ਤੱਕ ਸੀ। ਆਪਣਾ ਅੰਤਮ ਸਮਾਂ ਗੁਰਮਤਿ ਦੇ ਪ੍ਰਚਾਰ ਤੇ ਪ੍ਰਸਾਰ ਦੇ ਲੇਖੇ ਹੀ ਲਾਇਆ। ਉਨ੍ਹਾਂ ਨੇ ਸਤਿਸੰਗ ਅਤੇ ਸਾਹਿਤ ਸਿਰਜਣਾ ਨੂੰ ਗੁਰਮਤਿ ਪ੍ਰਚਾਰ ਲਈ ਮਾਧਿਅਮ ਬਣਾ ਰੱਖਿਆ ਸੀ।

ਸਹਾਇਕ ਪੁਸਤਕ ਸੂਚੀ

1. *ਸ੍ਰੀ ਗੁਰੂ ਗ੍ਰੰਥ ਸਾਹਿਬ*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ।
2. ਸੁਰਿੰਦਰ ਸਿੰਘ ਸ਼ੇਰਗਿੱਲ, *ਸੰਤ ਸੰਪੂਰਨ ਸਿੰਘ ਜੀਵਨ ਤੇ ਰਚਨਾ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1988.
3. ਸੰਤ ਸੰਪੂਰਨ ਸਿੰਘ, *ਜੀਵਨ ਗਾਥਾ*, ਬੀਬੀ ਜਸਵੰਤ ਕੌਰ, ਮੈਨੇਜਰ, ਇਸਤਰੀ ਸਤਿਸੰਗ, ਅੰਮ੍ਰਿਤਸਰ, 1954.
4. ਸੰਤ ਸੰਪੂਰਨ ਸਿੰਘ, *ਸਿਧਾਂਤ ਬੋਧਨੀ*, ਭਾਈ ਅਰਜੁਨ ਸਿੰਘ ਵੈਦਯ (ਤਰਨਤਾਰਨ), ਗੁਮਟੀ ਬਾਜ਼ਾਰ, ਲਾਹੌਰ, 1927.
5. ਜਗਜੀਤ ਸਿੰਘ ਖ਼ਾਨਪੁਰੀ, *ਪ੍ਰਾਣਸੰਗਲੀ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1999.
6. ਪਰਮਜੀਤ ਸਿੰਘ (ਡਾ.), *ਨਿਰਮਲ ਪੰਥ ਦਾ ਇਤਿਹਾਸ*, ਭਾਈ ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, 2008.

ਆਜ਼ਾਦ ਪੰਜਾਬ ਸਕੀਮ : ਸਿੱਖ ਲੀਡਰਸ਼ਿਪ ਤੇ ਪੰਜਾਬੀ ਪ੍ਰੈਸ

ਬਲਜੀਤ ਸਿੰਘ *

ਆਜ਼ਾਦ ਪੰਜਾਬ ਸਕੀਮ ਪੰਜਾਬ ਦੀ ਦੁਬਾਰਾ ਤੋਂ ਹੱਦਬੰਦੀ ਕਰਨ ਲਈ ਸ਼੍ਰੋਮਣੀ ਅਕਾਲੀ ਦਲ ਨੇ 1943 ਵਿੱਚ ਪੇਸ਼ ਕੀਤੀ। ਮਾਸਟਰ ਤਾਰਾ ਸਿੰਘ ਨੇ ਪੰਜਾਬ ਦਾ ਜਿਹੜਾ ਖਾਕਾ ਤਿਆਰ ਕੀਤਾ ਸੀ ਉਸ ਵਿੱਚ ਸਪੱਸ਼ਟ ਸੀ ਕਿ 40 ਫੀਸਦੀ ਹਿੰਦੂ, 40 ਫੀਸਦੀ ਮੁਸਲਿਮ ਅਤੇ 20 ਫੀਸਦੀ ਸਿੱਖ ਹੋਣਗੇ।[1] ਭਾਵ ਕਿ ਕਿਸੇ ਇੱਕ ਕੌਮ ਦਾ ਦੂਜੀ ਕੌਮ ਤੇ ਗਲਬਾ ਨਹੀਂ ਰਹੇਗਾ। 1937 ਦੀਆਂ ਚੋਣਾਂ ਤੋਂ ਬਾਅਦ ਪੰਜਾਬ ਦੀ ਰਾਜਨੀਤੀ ਵਿੱਚ ਅਜਿਹੀ ਤਬਦੀਲੀ ਆਈ ਕਿ ਹਰ ਰਾਜਨੀਤਿਕ ਪਾਰਟੀ ਆਪਣੇ ਪ੍ਰੋਗਰਾਮ ਨੂੰ ਛੱਡ ਕੇ ਆਪਣੀ ਕੌਮ ਦੀ ਪ੍ਰਤੀਨਿਧਤਾ ਕਰਨ ਦੇ ਦਾਅਵੇ ਵਿੱਚ ਜੁੱਟ ਗਈ। ਇਸ ਕਰਕੇ ਯੂਨੀਅਨਿਸਟ ਪਾਰਟੀ ਦਾ ਹੌਲੀ-ਹੌਲੀ ਅਸਰ ਘਟਦਾ ਚਲਾ ਗਿਆ। ਮੁਸਲਿਮ ਲੀਗ, ਕਾਂਗਰਸ ਤੇ ਅਕਾਲੀ ਦਲ ਨੇ 1946 ਤੱਕ ਆਪਣੀ ਕੌਮ ਦੀ ਪ੍ਰਤੀਨਿਧਤਾ ਕਰਨ ਦਾ ਸਬੂਤ ਦੇ ਦਿੱਤਾ।

ਮੁਸਲਿਮ ਲੀਗ ਦੇ ਲਾਹੌਰ ਰੈਜ਼ੂਲੇਸ਼ਨ (1940) ਨੇ ਹੌਲੀ-ਹੌਲੀ ਪਾਕਿਸਤਾਨ ਦੇ ਨਾਂ ਹੇਠ ਦੋ ਦੋ ਮੁਲਕੀ ਸਿਧਾਂਤਾਂ ਨੂੰ ਜਨਮ ਦਿੱਤਾ। ਇਸ ਦਾ ਬਾਕੀ ਪ੍ਰਾਂਤਾਂ ਨਾਲੋਂ ਪੰਜਾਬ ਵਿੱਚ ਜ਼ਿਆਦਾ ਵਿਰੋਧਤਾ ਦਾ ਕਾਰਨ ਸਾਫ਼ ਸੀ ਕਿ ਇੱਥੇ ਇੱਕ ਤੀਜੀ ਕੌਮ ਵੀ ਸੀ। ਮਾਸਟਰ ਤਾਰਾ ਸਿੰਘ ਨੇ ਇਸ ਤੇ ਟਿੱਪਣੀ ਕਰਦੇ ਹੋਏ ਕਿਹਾ ਕਿ ਜਿੱਥੋਂ ਤੱਕ ਦੋ ਦੇਸ਼ਾਂ ਦੇ ਸਿਧਾਂਤ ਦਾ ਸੰਬੰਧ ਹੈ, ਇਹ ਮੁਸਲਮਾਨਾਂ ਲਈ ਲਾਭਦਾਇਕ ਹੈ, ਪਰੰਤੂ ਜਦ ਸਿੱਖ ਤਿੰਨ ਦੇਸ਼ਾਂ ਦੇ ਸਿਧਾਂਤ ਦੀ ਗੱਲ ਕਰਦੇ ਹਨ ਤਾਂ ਇਹ ਬੁਰਾ ਹੈ। ਕੀ ਮਿ. ਜਿਨਾਹ ਤੇ ਉਸ ਦੇ ਸਾਥੀ ਇਸ ਤਿੰਨ ਦੇਸ਼ਾਂ ਦੇ ਸਿਧਾਂਤ ਨੂੰ ਅਤੇ ਰਾਜ ਪ੍ਰਬੰਧ ਵਿੱਚ ਤਿੰਨ ਕੌਮਾਂ ਦੇ ਬਰਾਬਰ ਹਿੱਸੇ ਨੂੰ ਸਵੀਕਾਰ ਕਰਨ ਲਈ ਤਿਆਰ ਸਨ?[2]

ਭਾਵੇਂ ਕਿ ਇਸ ਸਕੀਮ ਦੇ ਦਾਅਵੇਦਾਰਾਂ ਨੇ ਇਸ ਨੂੰ ਪਾਕਿਸਤਾਨ ਦੇ ਵਿਰੋਧ ਦੀ ਉਪਜ ਨਾ ਸਵੀਕਾਰਿਆ ਪਰ ਅਸਲ ਵਿੱਚ ਇਹ ਮੁਸਲਿਮ ਲੀਗ ਦੇ ਵੱਧ ਰਹੇ ਪ੍ਰਭਾਵ ਨੂੰ ਰੋਕਣ ਲਈ ਸਿੱਖਾਂ ਦਾ ਇੱਕ ਉਪਰਾਲਾ ਸੀ। ਗਿਆਨੀ ਕਰਤਾਰ ਸਿੰਘ ਨੇ ਇਸ ਦੀ ਹੱਦਬੰਦੀ ਦੱਸਦਿਆਂ ਕਿਹਾ ਕਿ "ਆਜ਼ਾਦ ਪੰਜਾਬ ਦੀ ਹੱਦਬੰਦੀ, ਆਬਾਦੀ, ਜਾਇਦਾਦ, ਭੂਮੀ ਲਗਾਨ ਤੇ ਹਰ ਕੌਮ ਦੀਆਂ ਇਤਿਹਾਸਿਕ ਰਵਾਇਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਕੀਤੀ ਜਾਵੇਗੀ। ਇਸ ਵਿੱਚ ਅੰਬਾਲਾ ਡਿਵੀਜ਼ਨ, ਜਲੰਧਰ, ਲਾਹੌਰ ਤੇ ਲਾਇਲਪੁਰ ਅਤੇ ਮੁਲਤਾਨ ਡਿਵੀਜ਼ਨ ਦੇ ਮਾਂਟਗੁਮਰੀ ਤੇ ਮੁਲਤਾਨ ਜ਼ਿਲੇ ਦੇ ਕੁਝ ਭਾਗ ਸੁਤੰਤਰ ਰਾਜ ਵਜੋਂ ਨਹੀਂ ਸਗੋਂ ਭਾਰਤੀ ਸੰਘ ਦੇ ਤੌਰ ਤੇ ਹੋਣਗੇ।"[3]

ਸਿੱਖ ਲੀਡਰਸ਼ਿਪ ਦਾ ਇਕ ਧੜਾ ਇੱਕ ਪਾਸੇ ਇਸ ਦੀ ਪੁਰਜ਼ੋਰ ਵਕਾਲਤ ਕਰ ਰਿਹਾ ਸੀ ਤਾਂ ਦੂਸਰਾ ਇਸ ਦੀ ਮੁਖ਼ਾਲਫਤ। ਬੀ.ਜੇ. ਗਲੈਨਸੀ, ਲਾਰਡ ਵੈਵਲ ਨੂੰ ਲਿਖਦਾ ਹੈ ਕਿ "ਸਿੱਖ ਲੀਡਰ ਆਮ

---

* ਲੈਕਚਰਾਰ, ਇਤਿਹਾਸ ਵਿਭਾਗ, ਖਾਲਸਾ ਕਾਲਜ, ਅੰਮ੍ਰਿਤਸਰ।

1. *ਅਕਾਲੀ*, 12 ਦਸੰਬਰ, 1942.
2. *The Tribune*, 30 May, 1940.
3. *The Indian Annual Register*, 1943, Vol. I, 64, 290; *ਅਕਾਲੀ*, 12 ਦਸੰਬਰ, 1942.

ਦੀ ਤਰ੍ਹਾਂ ਆਪਣੇ ਹੱਠ ਲਈ ਲੜ ਰਹੇ ਹਨ।"[4]

ਮਾਸਟਰ ਤਾਰਾ ਸਿੰਘ ਨੇ ਇਸ ਮੰਗ ਨੂੰ ਪਾਕਿਸਤਾਨ ਤੋਂ ਪੁਰਾਣੀ ਦੱਸਦੇ ਹੋਏ ਕਿਹਾ, "ਇਹ ਖਿਆਲ ਨਵਾਂ ਨਹੀਂ ਹੈ ਕਿ ਪੰਜਾਬ ਦੀਆਂ ਸਰਹੱਦਾਂ ਨੂੰ ਇਸ ਤਰੀਕੇ ਨਾਲ ਮੁੜ ਨੀਯਤ ਕੀਤਾ ਜਾਵੇ ਕਿ ਇਸ ਵਿੱਚ ਕਿਸੇ ਇਕੱਲੀ ਕੌਮ ਦੀ ਬਹੁਸੰਮਤੀ ਨਾ ਹੋਵੇ। ਇਸ ਉੱਤੇ ਗੁਜ਼ਰਾਤ ਜ਼ੇਲ੍ਹ ਅੰਦਰ ਕੁੱਝ ਮੁਸਲਮਾਨ ਤੇ ਸਿੱਖ ਦੋਸਤਾਂ ਨੇ ਵਿਚਾਰ ਕੀਤੀ ਸੀ। ਪਰੰਤੂ ਸਰਬਸੰਮਤੀ ਨਾ ਹੋਣ ਕਰਕੇ ਇਸ ਨੂੰ ਪਬਲਿਕ ਦੇ ਸਾਹਮਣੇ ਨਾ ਰੱਖਿਆ ਗਿਆ ਅਤੇ ਨਾ ਹੀ ਸਾਨੂੰ ਇਹ ਯਕੀਨ ਸੀ ਕਿ ਅੰਗਰੇਜ਼ੀ ਸਰਕਾਰ ਪੰਜਾਬ ਵਿੱਚ ਕਿਸੇ ਇਕੱਲੇ ਦੀ ਪੱਕੀ ਫਿਰਕੂ ਬਹੁਗਿਣਤੀ ਬਣਾ ਦੇਵੇਗੀ।"[5]

ਉਸ ਨੇ ਅੱਗੇ ਕਿਹਾ ਕਿ ਜਦੋਂ 1931 ਵਿੱਚ ਮਹਾਤਮਾ ਗਾਂਧੀ ਜੀ ਨੂੰ ਇਹ ਮੰਗ ਪੇਸ਼ ਕੀਤੀ ਤਾਂ ਉਹਨਾਂ ਇਸ ਨਾਲ ਹਮਦਰਦੀ ਵੀ ਪ੍ਰਗਟ ਕੀਤੀ। ਸ. ਉੱਜਲ ਸਿੰਘ ਤੇ ਸ. ਸੰਪੂਰਨ ਸਿੰਘ ਵੱਲੋਂ ਦੂਜੀ ਗੋਲਮੇਜ ਕਾਨਫਰੰਸ ਵਿੱਚ ਇਹ ਮੰਗ ਪੇਸ਼ ਕੀਤੀ ਗਈ ਤੇ ਬਾਅਦ ਵਿੱਚ ਇਹ ਸਰ ਸਟੈਫ਼ੋਰਡ ਕ੍ਰਿਪਸ ਨੂੰ ਪੇਸ਼ ਕੀਤੀ ਗਈ।[6]

ਮਾਸਟਰ ਤਾਰਾ ਸਿੰਘ ਤੇ ਉਸ ਦੇ ਸਾਥੀ ਇਸ ਨੂੰ ਸਾਰੀ ਸਿੱਖ ਲੀਡਰਸ਼ਿਪ ਦੀ ਹਮਾਇਤ ਪ੍ਰਾਪਤ ਹੋਣ ਦਾ ਦਾਅਵਾ ਕਰਦੇ ਸਨ। *ਅਕਾਲੀ* ਅਖਬਾਰ ਲਿਖਦਾ ਹੈ ਕਿ ਸਿੱਖ ਡੈਪੂਟੇਸ਼ਨ, ਜੋ ਗਾਂਧੀ-ਇਰਵਨ ਪੈਕਟ ਸੰਬੰਧੀ ਸਿੱਖ ਮੰਗਾਂ ਪੇਸ਼ ਕਰਨ ਲਈ ਦਿੱਲੀ ਗਿਆ ਸੀ (ਸ. ਸੁੰਦਰ ਸਿੰਘ ਮਜੀਠਿਆ, ਸ. ਸ਼ਿਵਦੇਵ ਸਿੰਘ ਸਿਆਲਕੋਟ, ਸ. ਸੰਤ ਸਿੰਘ ਐਮ.ਐਲ.ਏ., ਗਿਆਨੀ ਸ਼ੇਰ ਸਿੰਘ ਅਤੇ ਗਿਆਨੀ ਕਰਤਾਰ ਸਿੰਘ) ਨੇ ਸਿੱਖਾਂ ਦੀਆਂ ਸਤਾਰਾਂ ਮੰਗਾਂ ਤਿਆਰ ਕੀਤੀਆਂ ਸਨ, ਉਹਨਾਂ ਵਿੱਚ ਪੰਜਾਬ ਦੀ ਨਵੀਂ ਹੱਦ-ਬੰਦੀ ਦੀ ਮੰਗ ਵੀ ਚੌਥੇ ਨੰਬਰ ਤੇ ਮੌਜੂਦ ਸੀ।[7] *ਅਕਾਲੀ* ਲਿਖਦਾ ਹੈ ਕਿ 'ਆਜ਼ਾਦ ਪੰਜਾਬ' ਦੀ ਪੁਰਾਣੀ ਮੰਗ ਵੱਲ ਮਾਸਟਰ ਤਾਰਾ ਸਿੰਘ ਨੇ ਤਾਂ ਮੁੜ ਜ਼ੋਰ ਦੇਣਾ ਸ਼ੁਰੂ ਕੀਤਾ ਤਾਂ ਕਿ ਪੰਜਾਬ ਦੇ ਲੋਕਾਂ ਨੂੰ, ਖਾਸ ਕਰਕੇ ਹਿੰਦੂਆਂ ਤੇ ਸਿੱਖਾਂ ਨੂੰ ਮੁਸਲਮਾਨਾਂ ਦੀ ਫਿਰਕੂ ਗੁਲਾਮੀ ਤੋਂ ਛੁਟਕਾਰਾ ਮਿਲੇ।[8] ਪਰ ਸੰਤ ਸਿੰਘ ਇਸ ਦਾ ਜਵਾਬ ਦਿੰਦਾ ਹੋਇਆ ਕਹਿੰਦਾ ਹੈ ਕਿ 'ਆਜ਼ਾਦ ਪੰਜਾਬ' ਇਹਨਾਂ ਸਤਾਰਾਂ ਮੰਗਾਂ ਵਿੱਚ ਕਿਧਰੇ ਵੀ ਸ਼ਾਮਲ ਨਹੀਂ ਸੀ। ਉਸ ਵਿੱਚ ਮੁੱਖ ਜ਼ੋਰ ਪੰਜਾਬ ਦੀ ਹੱਦਬੰਦੀ ਤੇ ਨਹੀਂ ਸਗੋਂ ਇਸ ਗੱਲ ਤੇ ਸੀ ਕਿ ਕਿਸੇ ਵੀ ਕੌਮ ਨੂੰ ਦੂਸਰੀਆਂ ਕੌਮਾਂ ਤੇ ਪ੍ਰਭਾਵੀ ਨਹੀਂ ਹੋਣਾ ਚਾਹੀਦਾ।[9]

ਪ੍ਰੇਮ ਸੰਦੇਸ਼ ਇਸ ਮੰਗ ਦੀ ਵਿਰੋਧਤਾ ਕਰਦਾ ਹੈ ਅਤੇ ਕਹਿੰਦਾ ਹੈ ਕਿ ਸਿੱਖਾਂ ਨੂੰ ਅੱਡਰੇ ਹੱਕ ਦੀ ਲੋੜ ਨਹੀਂ ਤੇ ਉਹਨਾਂ ਨੂੰ ਨਿਰੋਲ ਦੇਸ਼ ਭਗਤ ਹੋਣਾ ਚਾਹੀਦਾ ਹੈ। "ਗੁਰੂ ਗੋਬਿੰਦ ਸਿੰਘ ਜੀ ਨੇ ਜੋ ਆਪਾ ਵਾਰੂ ਟੋਲਾ ਤਿਆਰ ਕੀਤਾ ਸੀ ਜਿਸ ਵਿੱਚ ਗਿਣਤੀ ਦੀ ਬਜਾਏ ਗੁਣਾਂ ਦੀ ਵਧੇਰੇ ਲੋੜ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਲਈ, ਆਪਣੇ ਪੁੱਤਰਾਂ ਲਈ, ਜਾਂ ਖਾਲਸੇ ਲਈ ਔਰੰਗਜ਼ੇਬ ਪਾਸੋਂ ਸ਼ਾਹੀ ਮਹਿਕਮਿਆਂ ਵਿੱਚ ਨੌਕਰੀਆਂ ਲੈਣ ਲਈ ਕਦੀ ਭੀ ਜੱਦੋ-ਜਹਿਦ ਨਹੀਂ ਕੀਤੀ।"[10]

---

4. Glancy to Wavell, 30 October 1943; L. Carter (ed.), *Punjab Politics, 1940-1943 : Strains of War; Governors Fornightly Reports and other Key Documents*, Manohar, New Delhi, 2006, pp. 406-413.
5. *ਅਕਾਲੀ*, 20 ਦਸੰਬਰ, 1942.
6. *ਅਕਾਲੀ*, 20 ਦਸੰਬਰ, 1942.
7. *ਅਕਾਲੀ*, 11 ਜੁਲਾਈ, 1943.
8. *ਅਕਾਲੀ*, 11 ਜੁਲਾਈ, 1943.
9. Sukhmani Bal Riar, *The Politics of the Sikhs (1940-47)*, Unistar, Chandigarh, 2006, p. 50.
10. *ਪ੍ਰੇਮ ਸੰਦੇਸ਼*, 26 ਜੁਲਾਈ, 1944.

ਦਲੇਰ ਖਾਲਸਾ ਲਿਖਦਾ ਹੈ ਕਿ ਜੇ ਗਾਂਧੀ-ਜਿਨਾਹ ਮੁਲਾਕਾਤ ਸਫ਼ਲ ਹੋ ਜਾਂਦੀ ਹੈ ਤੇ ਜੇ ਭਾਰਤ ਦੇ ਟੋਟੇ ਹੀ ਹੋਣੇ ਹਨ ਤਾਂ ਸਮੇਂ ਦੀ ਲੋੜ ਮੰਗ ਕਰਦੀ ਹੈ ਕਿ ਸਿੱਖਾਂ ਨੂੰ ਵੀ ਆਤਮ-ਨਿਰਣੇ ਦਾ ਅਧਿਕਾਰ ਮਿਲਣਾ ਚਾਹੀਦਾ ਹੈ। ਇਸੇ ਸਟੇਟ ਦਾ ਨਾਂ 'ਆਜ਼ਾਦ ਪੰਜਾਬ' ਜਾਂ ਸਿੱਖ ਸਟੇਟ ਹੈ। ਸਿੱਖਾਂ ਦਾ ਮੁੱਖ ਆਦਰਸ਼ ਆਜ਼ਾਦ ਪੰਜਾਬ ਜਾਂ ਸਿੱਖ ਸਟੇਟ ਨਹੀਂ ਸਗੋਂ ਇਹ ਤਾਂ ਸਿੱਖਾਂ ਦਾ ਆਤਮ-ਨਿਰਣਾ ਲੈਣ ਦੇ ਹੱਕ ਲਿਆਉਣ ਲਈ ਸਕੀਮਾਂ ਹਨ।[11]

'ਪਾਕਿਸਤਾਨ ਅਤੇ ਆਜ਼ਾਦ ਪੰਜਾਬ ਦੇ' ਸਿਰਲੇਖ ਹੇਠ *ਪ੍ਰੇਮ ਸੰਦੇਸ਼* ਸਿੱਖ ਲੀਡਰਸ਼ਿਪ ਤੇ ਕਿੰਤੂ ਕਰਦਾ ਹੈ ਕਿ 'ਕੀ ਪੰਥ ਦੇ ਲੀਡਰ ਐਂਟੀ ਪਾਕਿਸਤਾਨੀ ਹਨ?' ਜੇ ਉਹ ਆਪ 'ਆਜ਼ਾਦ ਪੰਜਾਬ' ਤੇ 'ਖ਼ਾਲਿਸਤਾਨ' ਦੀ ਮੰਗ ਰੱਖਦੇ ਹਨ ਤਾਂ ਇਸ ਦਾ ਅਰਥ ਹੈ ਕਿ ਉਹ ਹਿੰਦੋਸਤਾਨ ਦੀਆਂ ਵੰਡੀਆਂ ਨੂੰ ਮੰਨਦੇ ਹਨ। ਸਿੱਖਾਂ ਨੂੰ ਚਿਤਾਵਨੀ ਦਿੰਦਾ ਹੋਇਆ ਅਖ਼ਬਾਰ ਲਿਖਦਾ ਹੈ ਕਿ ਜੇ ਮੁਸਲਮਾਨਾਂ ਤੇ ਹਿੰਦੂਆਂ ਦੀ ਕੁਝ ਫ਼ੀਸਦੀ ਆਬਾਦੀ ਆਪਸ ਵਿੱਚ ਮਿਲ ਗਈ ਤਾਂ ਸਿੱਖਾਂ ਦਾ ਭਵਿੱਖ ਕੀ ਹੋਵੇਗਾ।[12] ਇਹ ਗੱਲ ਸੱਚ ਵੀ ਹੈ ਕਿ 1946 ਦੀਆਂ ਚੋਣਾਂ ਤੋਂ ਬਾਅਦ ਮੀਆਂ ਇਫ਼ਤਿਖ਼ਾਰ-ਉਦ-ਦੀਨ ਤੇ ਨਵਾਬ ਆਫ ਮਮਦੋਟ, ਮੌਲਾਨਾ ਅਬੁਲ ਕਲਾਮ ਆਜ਼ਾਦ ਨੂੰ ਪੰਜਾਬ ਦੀ ਵਜ਼ਾਰਤ ਬਣਾਉਣ ਲਈ ਮਿਲਦੇ ਵੀ ਨੇ।[13] ਮਾਸਟਰ ਤਾਰਾ ਸਿੰਘ ਇਸ ਦੇ ਜਵਾਬ ਵਿੱਚ ਲਿਖਦਾ ਹੈ ਕਿ "ਇੱਕ ਕੌਮ ਦੀ ਬਹੁਲਤਾ ਵੱਧ ਖਤਰਨਾਕ ਹੋਵੇਗੀ, ਉਨ੍ਹਾਂ ਦੋ ਕੌਮਾਂ ਦੇ ਮੁਕਾਬਲੇ ਜਿਨ੍ਹਾਂ ਦਾ ਰੁਤਬਾ ਤੀਜੀ ਕੌਮ ਦੇ ਬਰਾਬਰ ਦਾ ਹੋਵੇਗਾ।"[14]

ਕਰਤਾਰ ਸਿੰਘ ਐਮ.ਐਲ.ਏ. ਨੇ 'ਆਜ਼ਾਦ ਪੰਜਾਬ' ਦੀ ਪੁਰਜ਼ੋਰ ਹਮਾਇਤ ਕਰਦੇ ਹੋਏ ਕਿਹਾ ਕਿ ਅੰਗਰੇਜ਼ਾਂ ਨੇ ਡੇਢ ਜਾਂ ਪੌਣੇ ਦੋ ਸੌ ਬਰਸ ਦੇ ਰਾਜ ਵਿੱਚ ਕਈ ਵਾਰੀ ਜ਼ਿਲ੍ਹਿਆਂ, ਤਹਿਸੀਲਾਂ, ਥਾਣਿਆਂ ਤੇ ਸੂਬਿਆਂ ਦੀਆਂ ਹੱਦਾਂ ਬਦਲੀਆਂ ਹਨ ਤੇ ਜੇ ਪੰਜਾਬ ਦੀ ਹੱਦ-ਬੰਦੀ ਨਵੇਂ ਸਿਰਿਓਂ ਹੋ ਜਾਵੇ ਤਾਂ ਇਸ ਨਾਲ ਨਾ ਕੋਈ ਵੱਖ ਮੁਲਕ ਬਣਨਾ ਹੈ ਤੇ ਨਾ ਹੀ ਕੋਈ ਗੜਬੜ ਹੁੰਦੀ ਹੈ।[15]

ਬਾਬਾ ਖੜਕ ਸਿੰਘ 'ਆਜ਼ਾਦ ਪੰਜਾਬ' ਸਕੀਮ ਦੇ ਉੱਤਰ ਵਿੱਚ ਇਹ ਤਜਵੀਜ਼ ਦਿੰਦੇ ਹਨ ਕਿ "ਪੱਛਮੀ ਪੰਜਾਬ ਦੇ ਕੁਝ ਮੁਸਲਮਾਨੀ ਬਹੁ-ਵਸੋਂ ਵਾਲੇ ਜ਼ਿਲ੍ਹਿਆਂ - ਕੈਂਬਲਪੁਰ, ਮੁਜੱਫਰਗੜ੍ਹ, ਮੀਆਂ ਵਾਲੀ, ਡੇਰਾ ਗਾਜ਼ੀ ਖਾਂ ਤੇ ਮੁਲਤਾਨ ਦੇ ਉਤਲੇ ਹਿੱਸੇ ਨੂੰ ਸੂਬਾ ਸਰਹੱਦ ਨਾਲ ਮਿਲਾ ਦਿੱਤਾ ਜਾਵੇ ਤੇ ਉਹ ਇੱਕ ਖਾਲਿਸ ਮੁਸਲਮਾਨੀ ਵਸੋਂ ਵਾਲਾ ਵੱਡਾ ਸੂਬਾ ਬਣਾ ਕੇ ਹਿੰਦੂਆਂ ਤੇ ਸਿੱਖਾਂ ਨੂੰ ਇੱਕ ਫਿਰਕੇ ਦੀ ਹਕੂਮਤ ਵਿੱਚੋਂ ਵੀ ਕੱਢ ਲਿਆ ਜਾਵੇ। ਪਰ ਇਹ ਤਜਵੀਜ਼ ਵਰਤੋਂ ਵਿੱਚ ਆਉਣੀ ਅਸੰਭਵ ਹੈ। ਮੁਸਲਮਾਨ ਇੰਨੇ ਸਿੱਧੇ-ਸਾਦੇ ਨਹੀਂ ਕਿ ਉਹ ਇਸ ਤਜਵੀਜ਼ ਨੂੰ ਮੰਨ ਕੇ ਸਾਰੇ ਪੰਜਾਬ ਦੀ ਹਕੂਮਤ ਤੋਂ ਦਸਤ ਬਰਦਾਰ ਹੋ ਜਾਣਗੇ।"[16]

ਮਾਸਟਰ ਤਾਰਾ ਸਿੰਘ ਆਪਣੀ ਤਜਵੀਜ਼ ਨੂੰ ਪਾਕਿਸਤਾਨ ਤੋਂ ਬਿਲਕੁਲ ਉਲਟ ਦੱਸਦਾ ਹੋਇਆ ਕਹਿੰਦਾ ਹੈ ਕਿ ਇਸਦਾ ਪਾਕਿਸਤਾਨ ਨਾਲ ਕੋਈ ਤੁਅੱਲਕ ਨਹੀਂ। ਜਿਸ ਤਰ੍ਹਾਂ ਸਿੰਧ ਤੋਂ ਬੰਬਈ, ਬਿਹਾਰ ਤੋਂ ਉੜੀਸਾ ਆਦਿ ਸੂਬੇ ਇੱਕ ਤੋਂ ਦੋ-ਦੋ ਬਣ ਕੇ ਹਿੰਦੋਸਤਾਨ ਵਿੱਚ ਹੀ ਹਨ ਇਸੇ ਤਰ੍ਹਾਂ ਆਜ਼ਾਦ ਪੰਜਾਬ ਤੋਂ ਅਲੱਗ ਹੋਏ ਮੁਸਲਮਾਨ ਜ਼ਿਲ੍ਹੇ ਵੀ ਸੂਬੇ ਬਣ ਕੇ ਹਿੰਦੋਸਤਾਨ ਅੰਦਰ ਰਹਿ ਸਕਦੇ ਹਨ।[17]

---

11. *ਦਲੇਰ ਖ਼ਾਲਸਾ*, 4 ਅਕਤੂਬਰ, 1944.
12. *ਪ੍ਰੇਮ ਸੰਦੇਸ਼*, 9 ਅਗਸਤ, 1944.
13. *The Tribune*, 3 ਮਾਰਚ, 1946.
14. Jaspreet Kaur, "The Azad Punjab Scheme and Master Tara Singh".
15. *Journal of Regional History*, Vol. XI-XII, GNDU, Amritsar, 2005-06, p. 81.
16. *ਅਕਾਲੀ*, 11 ਦਸੰਬਰ, 1942.
17. *ਫਤਹਿ*, 3-10 ਜੂਨ, 1943.

ਇਹ ਸਕੀਮ 1931 ਵਿੱਚ ਉਦੋਂ ਬਣਾਈ ਗਈ ਜਦ ਕਿ ਪਾਕਿਸਤਾਨ ਦਾ ਨਾਮ ਕਿਸੇ ਨੇ ਸੁਣਿਆ ਵੀ ਨਹੀਂ ਸੀ। ਪਾਕਿਸਤਾਨ ਐਂਟੀ ਨੈਸ਼ਨਲ ਵਾਯੂਮੰਡਲ ਪੈਦਾ ਕਰਦਾ ਹੈ, ਜਦਕਿ ਆਜ਼ਾਦ ਪੰਜਾਬ ਐਂਟੀ ਫਿਰਕੂ ਵਾਯੂਮੰਡਲ ਪੈਦਾ ਕਰਦਾ ਹੈ।[18] "ਜੇ ਮੇਰੀ ਤਜ਼ਵੀਜ਼ ਮੰਨੀ ਵੀ ਜਾਂਦੀ ਹੈ ਤਾਂ ਮੈਂ ਫਿਰ ਵੀ ਪਾਕਿਸਤਾਨ ਦੀ ਮੰਗ ਨੂੰ ਕਿਸੇ ਵੀ ਹਾਲਤ ਵਿੱਚ ਮੰਨਣ ਦਾ ਭਾਗੀ ਨਹੀਂ ਬਣਾਂਗਾ।"[19]

ਬੇਨੀ ਪ੍ਰਸ਼ਾਦ (Beni Prasad) ਅਨੁਸਾਰ ਉੱਤਰ ਪੱਛਮ ਵਿੱਚ ਇਸਲਾਮਿਕ ਰਾਜ ਦਾ ਵਿਚਾਰ ਕੁਝ ਲੋਕਾਂ ਦੇ ਦਿਮਾਗ ਵਿੱਚ ਅਸਪਸ਼ਟ ਤੌਰ ਤੇ 1919 ਤੋਂ ਸ਼ੁਰੂ ਹੋਇਆ ਸੀ ਤੇ ਬਾਅਦ ਵਿੱਚ Pan Islamism ਦੇ ਕਵੀ ਮੁਹੰਮਦ ਇਕਬਾਲ ਨੇ ਇਸ ਦੀ ਵਕਾਲਤ ਕੀਤੀ, ਫਿਰਕੇਦਾਰੀ ਦੇ ਪ੍ਰਭਾਵ ਹੇਠਾਂ ਇਹ ਇਸ਼ਤਿਹਾਰਾਂ ਦੇ ਰੂਪ ਵਿੱਚ ਕੰਮ ਕਰਦਾ ਰਿਹਾ ਤੇ ਅਖੀਰ 1940 ਵਿੱਚ ਮੁਸਲਿਮ ਲੀਗ ਦੇ ਪ੍ਰੋਗਰਾਮ ਦਾ ਹਿੱਸਾ ਬਣ ਗਿਆ।[20] ਮੁਹੰਮਦ ਅਲੀ ਜਿਨਾਹ ਇਸ ਦਾ ਪੱਖ ਪੇਸ਼ ਕਰਦਾ ਕਹਿੰਦਾ ਹੈ ਕਿ 'ਪਾਕਿਸਤਾਨ ਸਦੀਆਂ ਤੋਂ ਇੱਥੇ ਹੈ ਅਤੇ ਸੰਸਾਰ ਦੇ ਅੰਤ ਤੱਕ ਕਾਇਮ ਰਹੇਗਾ।'[21]

ਸੋਹਣ ਸਿੰਘ ਜੋਸ਼ ਐਮ.ਐਲ.ਏ. ਨੇ ਆਜ਼ਾਦ ਪੰਜਾਬ ਦੀ ਆਲੋਚਨਾ ਕਰਦਿਆਂ ਕਿਹਾ ਕਿ ਇਸ ਸਕੀਮ ਦਾ ਸਭ ਤੋਂ ਵੱਡਾ ਮੰਤਵ ਸੌਦੇਬਾਜ਼ੀ ਹੈ ਤੇ ਅਕਾਲੀ ਆਗੂ ਸਮਝਦੇ ਹਨ ਕਿ ਉਹ ਕਦੇ ਹਿੰਦੂਆਂ ਨਾਲ ਸੌਦਾ ਕਰਕੇ ਮੁਸਲਮਾਨਾਂ ਦੀ ਹੇਠੀ ਕਰਨਗੇ ਤੇ ਕਦੇ ਮੁਸਲਮਾਨਾਂ ਨਾਲ ਸੌਦਾ ਕਰਕੇ ਹਿੰਦੂਆਂ ਨੂੰ ਦਬਾਉਣਗੇ। "ਆਜ਼ਾਦ ਪੰਜਾਬ ਦੀ ਲਹਿਰ ਸਾਮਰਾਜਵਾਦ ਦੇ ਹੱਕ ਪੱਕੇ ਕਰਦੀ ਹੈ। ਇਹ ਸਿੱਖ ਹੱਕਾਂ ਨੂੰ ਕੋਈ ਲਾਭ ਨਹੀਂ ਪਹੁੰਚਾਉਂਦੀ। ਇਹ ਪਿਛਾਂਹ-ਖਿੱਚੂ ਸਿੱਖਾਂ ਦੇ ਮੁਲਕ ਦੇ ਅਹਿਮ ਮਸਲਿਆਂ ਨੂੰ ਖੂਹ ਵਿੱਚ ਪਾਉਣ ਲਈ ਇੱਕ ਸ਼ੋਸ਼ਾ ਹੈ। ਇਸ ਲਈ ਸਿੱਖ ਇਤਿਹਾਸ, ਸਿੱਖ ਰਵਾਇਤਾਂ ਤੇ ਸਿੱਖ ਕੁਰਬਾਨੀਆਂ ਦੇ ਵਿਰੁੱਧ ਹੈ। ਸਿੱਖ ਅਗਾਂਹ-ਵਧੂ ਹਨ। ਸਿੱਖ ਕੌਮ-ਪ੍ਰਸਤ ਹਨ। ਸਿੱਖ ਆਪਾ-ਵਾਰੂ ਤੇ ਕੁਰਬਾਨੀ ਦੀ ਸ਼ਮ੍ਹਾ ਦੇ ਪ੍ਰਵਾਨੇ ਹਨ। ਆਜ਼ਾਦ ਪੰਜਾਬ ਦੀ ਸਕੀਮ ਨੂੰ ਪ੍ਰਵਾਨ ਕਰਨ ਦੇ ਅਰਥ ਸਿੱਖਾਂ ਦੀਆਂ ਇਨ੍ਹਾਂ ਰਵਾਇਤਾਂ ਨੂੰ ਮਲੀਆਮੇਟ ਕਰਨਾ ਤੇ ਕੌਮ ਦੇ ਭਵਿੱਖ ਨੂੰ ਖਤਰੇ ਵਿੱਚ ਪਾਉਣਾ ਹੈ।"[22]

15 ਸਤੰਬਰ, 1943 ਨੂੰ ਚੱਕਵਾਲ ਵਿਖੇ ਅਖੰਡ ਹਿੰਦੋਸਤਾਨ ਕਾਨਫਰੰਸ ਵਿੱਚ ਬੋਲਦੇ ਹੋਏ ਬਾਬਾ ਖੜਕ ਸਿੰਘ ਨੇ ਕਿਹਾ ਕਿ "ਆਜ਼ਾਦ ਪੰਜਾਬ ਸਕੀਮ ਦੇਸ਼ ਵਿਰੋਧੀ ਅਤੇ ਨਾ ਲਾਗੂ ਹੋਣ ਵਾਲੀ ਹੈ।"[23] ਬਾਬਾ ਖੜਕ ਸਿੰਘ ਪੰਜਾਬ ਦੇ ਸਾਂਝੇ ਸੱਭਿਆਚਾਰ ਦੀ ਗੱਲ ਕਰਦਾ ਹੈ ਕਿ ਸਾਡੀ ਸੱਭਿਅਤਾ ਦਾ ਵਜੂਦ ਸਭ ਦੀ ਦੇਣ ਹੈ ਤੇ ਇੱਕ ਫਿਰਕੇ ਦੀ ਸੱਭਿਅਤਾ ਨੂੰ ਦੂਸਰੇ ਫਿਰਕੇ ਨਾਲੋਂ ਅੱਡਰਾ ਕਹਿਣਾ ਆਪਣੇ ਬਜ਼ੁਰਗਾਂ ਦੀ ਮਿਹਨਤ ਨਾਲ ਬੇਇਨਸਾਫ਼ੀ ਹੈ। ਸਾਡੀ ਸਾਂਝ ਤਾਂ ਇੱਥੋਂ ਤੱਕ ਹੈ ਕਿ ਸਾਡੇ ਧਰਮ ਮੰਦਰ ਵੀ ਮਿਲਵੇਂ ਯਤਨਾਂ ਨਾਲ ਬਣਦੇ ਰਹੇ ਹਨ।[24]

ਬਾਬਾ ਖੜਕ ਸਿੰਘ ਸਿੱਖ ਪੰਥ ਨੂੰ ਚੇਤੰਨ ਕਰਦਾ ਹੈ ਕਿ 'ਆਜ਼ਾਦ ਪੰਜਾਬ' ਦੀ ਹੱਦਬੰਦੀ ਨਾਲ ਸਾਡੇ ਅਨੇਕਾਂ ਗੁਰਦੁਆਰੇ, ਜਿਨ੍ਹਾਂ ਵਿੱਚ ਸ੍ਰੀ ਨਨਕਾਣਾ ਸਾਹਿਬ ਦੀ ਪਵਿੱਤਰ ਭੂਮੀ ਤੇ ਗੁਰਦੁਆਰਾ ਪੰਜਾ

---

18. *ਅਕਾਲੀ*, 16 ਦਸੰਬਰ, 1946.
19. *ਅਕਾਲੀ*, 25 ਜੁਲਾਈ, 1943.
20. *ਖਾਲਸਾ ਗਜ਼ਟ*, 30 ਜਨਵਰੀ, 1943.
21. Beni Parsad, *The Hindu-Muslim Question*, Kitabistan, Allahabad, 1940, p. 81.
22. L.A. Sherwani, *The Pakistan Resolution to Pakistan (1940-47) : A Selection of Documents Presenting the Case of Pakistan*, Darya Publishing House, Delhi, 1995, p. 2.
23. *ਪ੍ਰੇਮ ਸੰਦੇਸ਼*, 13 ਅਪ੍ਰੈਲ, 1943.
24. *The Indian Annual Register*, 1943, Vol. I, p. 297.

ਸਾਹਿਬ ਵਰਗੇ ਮਹੱਤਵਪੂਰਨ ਧਰਮ ਅਸਥਾਨ ਹਨ, ਉਸ ਰਾਜ ਵਿੱਚ ਚਲੇ ਜਾਣਗੇ ਜਿਸ ਤੋਂ ਬਚਣ ਲਈ 'ਆਜ਼ਾਦ ਪੰਜਾਬ' ਸਕੀਮ ਪੇਸ਼ ਕੀਤੀ ਗਈ ਹੈ।[25]

ਖੜਕ ਸਿੰਘ ਦੇ ਉਕਤ ਬਿਆਨ ਦੇ ਜਵਾਬ ਵਿੱਚ *ਅਕਾਲੀ* ਲਿਖਦਾ ਹੈ ਕਿ ਕਿਸੇ ਵੀ ਫ਼ਿਰਕੇ ਦੇ ਇਤਿਹਾਸਿਕ ਅਸਥਾਨ ਉਸ ਫਿਰਕੇ ਦੇ ਮਜ਼ਬੂਤ ਈਮਾਨ ਤੇ ਤਾਕਤ ਦੇ ਆਸਰੇ ਹੁੰਦੇ ਹਨ। ਸਰਹੱਦੀ ਸੂਬੇ ਵਿੱਚ ਸਾਡੇ ਗੁਰਦੁਆਰੇ ਮਹਿਫ਼ੂਜ਼ ਹਨ। ਸ੍ਰੀ ਹਜ਼ੂਰ ਸਾਹਿਬ ਦਾ ਗੁਰਦੁਆਰਾ ਨਜ਼ਾਮ ਹੈਦਰਾਬਾਦੀ ਇਸਲਾਮੀ ਰਿਆਸਤ ਵਿੱਚ ਹੈ। ਨਾ ਇਸਲਾਮੀ ਬਹੁਗਿਣਤੀ ਨੇ ਤੇ ਨਾ ਹੀ ਇਸਲਾਮੀ ਰਾਜ ਨੇ ਇਸ ਨੂੰ ਨੁਕਸਾਨ ਪਹੁੰਚਾਇਆ। ਪਰੰਤੂ ਬੁੱਧ ਗਯਾ ਹਿੰਦੂਆਂ ਦੇ ਹੱਥ ਵਿੱਚ ਹੈ ਤੇ ਅਜੇ ਤੱਕ ਬਦਨਸੀਬ ਬੁੱਧਾਂ ਨੂੰ ਉਸ ਦਾ ਪ੍ਰਬੰਧ ਨਹੀਂ ਮਿਲਿਆ। ਇਸ ਲਈ ਇਹ ਕਹਿਣਾ ਕਿ ਜਿਸ ਦੇਸ਼ ਦੇ ਰਾਜ ਪ੍ਰਬੰਧ ਵਿੱਚ "ਹਿੰਦੂਆਂ ਦਾ ਜ਼ੋਰ ਹੋਵੇਗਾ, ਉਥੇ ਗੁਰਦੁਆਰੇ ਜ਼ਿਆਦਾ ਮਹਿਫ਼ੂਜ਼ ਹੋਣਗੇ ਤੇ ਇਸ ਦੇ ਉਲਟ ਜਿੱਥੇ ਮੁਸਲਮਾਨਾਂ ਦਾ ਰਾਜ ਪ੍ਰਬੰਧ ਵਿੱਚ ਜ਼ੋਰ ਹੋਵੇਗਾ ਉੱਥੇ ਗੁਰਦੁਆਰਿਆਂ ਦੀ ਯਕੀਨੀ ਤਬਾਹੀ ਹੋਵੇਗੀ, ਠੀਕ ਨਹੀਂ।"[26]

ਇੱਕ ਗੱਲ ਸਾਫ਼ ਹੈ ਕਿ ਰਾਜਨੀਤੀ ਧਰਮ ਨੂੰ ਵਰਤ ਰਹੀ ਸੀ ਤੇ ਜਦ ਜੀ ਕਰੇ ਇਸ ਧਰਮ ਦੀ ਕੁਰਬਾਨੀ ਰਾਜਨੀਤਿਕ ਹਿੱਤਾਂ ਵਾਸਤੇ ਦਿੱਤੀ ਜਾ ਸਕਦੀ ਹੈ। ਜਦੋਂ ਪੰਜਾਬ ਦੀ ਵੰਡ ਦਾ ਜ਼ਿਕਰ ਸ਼ੁਰੂ ਹੁੰਦਾ ਹੈ, ਇਹਨਾਂ ਧਾਰਮਿਕ ਅਸਥਾਨਾਂ ਦਾ ਮੁੱਦਾ ਸਭ ਤੋਂ ਵੱਧ ਉਠਾਇਆ ਜਾਂਦਾ ਹੈ। ਇਹੀ ਸਿੱਖ ਲੀਡਰ ਹਨ, ਜਿਨ੍ਹਾਂ ਨੂੰ ਸ਼ਾਇਦ ਉਸੇ ਸਮੇਂ ਨਾਨਕ ਦੀ ਜਨਮ ਭੂਮੀ ਦੀ ਪੁਕਾਰ ਸੁਣਦੀ ਹੈ।

ਮਾਸਟਰ ਤਾਰਾ ਸਿੰਘ ਦਾ ਕਹਿਣਾ ਸੀ ਕਿ ਆਬਾਦੀਆਂ ਦੇ ਤਬਾਦਲੇ ਦਾ ਵੀ ਪ੍ਰਬੰਧ ਕੀਤਾ ਜਾਵੇਗਾ ਤੇ ਜੋ ਮੁਸਲਿਮ ਗਲਬੇ ਦੇ ਇਲਾਕੇ ਵਿੱਚ ਰਹਿਣ ਨੂੰ ਤਰਜ਼ੀਹ ਦੇਣਗੇ, ਉਹ ਮਹਿਸੂਸ ਕਰਨਗੇ ਕਿ ਉਹਨਾਂ ਦੇ ਪਿੱਛੇ ਤਾਕਤ ਹੈ। ਉਨ੍ਹਾਂ ਪਰ ਸਖ਼ਤੀ ਕਰਨ ਦਾ ਮਤਲਬ ਜੰਗ ਨੂੰ ਸੱਦਾ ਦੇਣਾ ਹੋਵੇਗਾ।[27]

ਸਿੱਖਾਂ ਦਾ ਇੱਕ ਹਿੱਸਾ ਇਸ ਗੱਲ ਤੇ ਜ਼ੋਰ ਦੇ ਰਿਹਾ ਸੀ ਕਿ ਆਜ਼ਾਦ ਪੰਜਾਬ ਵਿੱਚ ਹੀ ਨਹੀਂ, ਸਗੋਂ ਉਹ ਇਲਾਕੇ ਜਿਹੜੇ ਕਿ ਪੰਜਾਬ ਵਿੱਚੋਂ ਕੱਢ ਕੇ ਮੁਸਲਿਮ ਬਹੁਗਿਣਤੀ ਨਾਲ ਜੋੜ ਦਿੱਤੇ ਜਾਣਗੇ, ਉਥੇ ਸਿੱਖਾਂ ਦੀ ਹਾਲਤ ਹੋਰ ਵੀ ਦਰਦਨਾਕ ਹੋ ਜਾਵੇਗੀ। *ਅਕਾਲੀ* ਆਪਣੇ ਉੱਤਰ ਵਿੱਚ ਇਸ ਦਾ ਜਵਾਬ ਦਿੰਦਾ ਲਿਖਦਾ ਹੈ ਕਿ ਇਸਲਾਮੀ ਬਹੁਗਿਣਤੀ ਵਾਲੇ ਹਿੱਸੇ ਵਿੱਚ ਘੱਟ ਗਿਣਤੀ ਵਾਲੇ ਹਿੰਦੂਆਂ ਤੇ ਸਿੱਖਾਂ ਨੂੰ ਉਹੀ ਰਿਆਇਤਾਂ ਦਿੱਤੀਆਂ ਜਾਣ ਜੋ ਯੂ.ਪੀ. ਆਦਿ ਹਿੰਦੂ ਬਹੁਗਿਣਤੀ ਵਾਲੀਆਂ ਥਾਵਾਂ ਤੇ ਮੁਸਲਮਾਨਾਂ ਨੂੰ ਦਿੱਤੀਆਂ ਗਈਆਂ ਨੇ।[28]

ਬਾਬਾ ਖੜਕ ਸਿੰਘ ਇਨ੍ਹਾਂ ਗੱਲਾਂ ਨੂੰ ਖੋਖਲਾ ਦੱਸਦੇ ਹੋਏ ਅਕਾਲੀ ਦਲ ਦੇ ਨੇਤਾਵਾਂ ਦੀਆਂ ਪ੍ਰਾਪਤੀਆਂ ਤੇ ਚਾਨਣਾ ਪਾਉਂਦਾ ਕਹਿੰਦਾ ਹੈ ਕਿ ਇਨ੍ਹਾਂ ਯੂਨੀਅਨਿਸਟਾਂ ਨਾਲ ਇਸ ਗੱਲ ਤੇ ਸਮਝੌਤਾ ਕੀਤਾ ਹੈ ਕਿ ਇਸ ਨਾਲ ਨਾ ਕੇਵਲ ਘੱਟ ਗਿਣਤੀ ਦੇ ਲਾਭ ਸੁਰੱਖਿਅਤ ਹੋਣਗੇ, ਸਗੋਂ ਪੰਜਾਬ ਵਿੱਚ ਝਟਕੇ ਦੀ ਆਜ਼ਾਦੀ ਹੋਵੇਗੀ ਤੇ ਸੂਬੇ ਦੀ ਮਾਤ-ਭਾਸ਼ਾ ਪੰਜਾਬੀ ਨੂੰ ਉਰਦੂ ਵਾਂਗ ਵਿੱਦਿਆ ਦਾ ਵਸੀਲਾ ਸਮਝਿਆ ਜਾਵੇਗਾ। ਪਰ ਕਰਨਾਲ ਵਰਗੇ ਦੋ ਤਿਹਾਈ ਹਿੰਦੂ-ਸਿੱਖ ਵਸੋਂ ਵਾਲੇ ਸ਼ਹਿਰ ਵਿੱਚ ਵੀ ਸਾਨੂੰ ਝਟਕਾ ਕਰਨ ਦੀ ਖੁੱਲ੍ਹ ਨਹੀਂ ਦਿੱਤੀ ਗਈ। ਪੰਜਾਬੀ, ਹਿੰਦੀ ਤੇ ਸੰਸਕ੍ਰਿਤ ਦੇ ਵਿਕਾਸ ਲਈ ਜੋ ਰਕਮ ਸਰਕਾਰ ਨੇ ਮਨਜ਼ੂਰ ਕੀਤੀ ਉਹ ਕੇਵਲ 10 ਹਜ਼ਾਰ ਰੁਪਏ ਸੀ।[29] ਜਦੋਂ ਅਖੰਡ ਹਿੰਦੋਸਤਾਨ ਕਾਨਫਰੰਸ ਗੁਜਰਾਂਵਾਲਾ

25. *ਫ਼ਤਹ*, 19-14 ਅਪ੍ਰੈਲ, 1943.
26. *ਫ਼ਤਹ*, 19-14 ਅਪ੍ਰੈਲ, 1943.
27. *ਅਕਾਲੀ*, 14 ਦਸੰਬਰ, 1942.
28. *ਅਕਾਲੀ*, 20 ਦਸੰਬਰ, 1942.
29. *ਅਕਾਲੀ*, 14 ਦਸੰਬਰ, 1942.

ਦੇ ਸੰਬੰਧ ਵਿੱਚ ਡਿਸਟ੍ਰਿਕਟ ਮੈਜਿਸਟਰੇਟ ਗੁਜਰਾਂਵਾਲਾ, ਬਾਬਾ ਖੜਕ ਸਿੰਘ, ਭਗਵਾਨ ਸਿੰਘ, ਤੇਜਾ ਸਿੰਘ ਨੂੰ ਗ੍ਰਿਫਤਾਰ ਕਰਦਾ ਹੈ ਤਾਂ *ਫਤਹ* ਆਪਣੇ ਸੰਪਾਦਕੀ ਨੋਟ ਵਿੱਚ ਲਿਖਦਾ ਹੈ ਕਿ "ਸ. ਖੜਕ ਸਿੰਘ ਤੇ ਉਹਨਾਂ ਦੇ ਸਾਥੀਆਂ ਦੀ ਗ੍ਰਿਫ਼ਤਾਰੀ ਮਾਸਟਰ ਪਾਰਟੀ ਦੇ ਤਾਬੂਤ ਉੱਤੇ ਆਖਰੀ ਮੇਖ ਸਾਬਤ ਹੋਵੇਗੀ ਤੇ ਉਹ ਸਮਾਂ ਛੇਤੀ ਆ ਜਾਵੇਗਾ, ਜਦੋਂ ਇਹਨਾਂ ਗਦਾਰਾਂ ਨੂੰ ਹਰ ਥਾਂ ਧੱਕੇ ਪੈਣਗੇ।"[30] ਸੈਂਟਰਲ ਅਕਾਲੀ ਦਲ ਵੱਲੋਂ ਗੁਜਰਾਂਵਾਲਾ, ਲਾਹੌਰ, ਸਿਆਲਕੋਟ, ਸ਼ੇਖੂਪੁਰਾ, ਫਿਰੋਜ਼ਪੁਰ, ਲੁਧਿਆਣਾ ਆਦਿ ਥਾਵਾਂ ਉੱਤੇ ਅਖੰਡ ਹਿੰਦੋਸਤਾਨ ਦਾ ਪ੍ਰਚਾਰ ਕਰਨ ਲਈ ਕਾਨਫਰੰਸਾਂ ਕੀਤੀਆਂ ਜਾਣ ਦਾ ਫੈਸਲਾ ਲਿਆ ਗਿਆ।[31]

ਇਸ ਤਰ੍ਹਾਂ ਸਿੱਖ ਲੀਡਰਸ਼ਿਪ ਵਿੱਚ ਇੱਕ ਪਾਸੇ 'ਆਜ਼ਾਦ ਪੰਜਾਬ' ਤੇ ਦੂਸਰੇ ਪਾਸੇ 'ਅਖੰਡ ਹਿੰਦੋਸਤਾਨ' ਦੇ ਪੱਖ ਵਿੱਚ ਲਹਿਰ ਚੱਲੀ ਜਿਸ ਵਿੱਚ ਆਮ ਸਿੱਖ ਜਨਤਾ ਦੀ ਰਾਇ ਦਾ ਜ਼ਰਾ ਵੀ ਖ਼ਿਆਲ ਜਾਂ ਜ਼ਿਕਰ ਨਾ ਕੀਤਾ ਗਿਆ ਕਿ ਕੀ ਉਹ ਲੋਕ ਇਸ ਨਾਲ ਸਹਿਮਤ ਵੀ ਨੇ ਜਾਂ ਨਹੀਂ। ਸਰਹੱਦੀ ਸਿੱਖਾਂ ਨੇ ਅਕਾਲੀ ਲੀਡਰਾਂ ਨੂੰ ਕਿਹਾ ਕਿ 'ਸਰਹੱਦੀ ਸਿੱਖਾਂ ਤੇ ਅੰਗਰੇਜ਼ਾਂ ਤੋਂ ਪਹਿਲਾਂ ਸਿੱਖਾਂ ਦੀ ਹਕੂਮਤ ਸੀ ਤੇ ਉਹ ਸਿੱਖਾਂ ਨਾਲੋਂ ਜੁਦਾ ਨਹੀਂ ਹੋ ਸਕਦੇ।[32] ਨਾ ਹੀ ਮੁਸਲਮਾਨਾਂ ਤੇ ਕਾਂਗਰਸ ਨੇ ਇਸ ਦੀ ਹਮਾਇਤ ਕੀਤੀ। ਸਿੱਖਾਂ ਨੇ ਭਾਵੇਂ (ਸ. ਸੰਪੂਰਨ ਸਿੰਘ ਦੀ ਕੋਠੀ ਲਾਹੌਰ ਵਿੱਚ) ਮਿ. ਜਿਨਾਹ ਨਾਲ ਗੱਲਬਾਤ ਕੀਤੀ, ਜਿਸ ਵਿੱਚ ਉਸ ਨੇ ਪੰਜਾਬ ਦੀ ਨਵੀਂ ਹੱਦਬੰਦੀ ਪ੍ਰਵਾਨ ਨਾ ਕੀਤੀ।[33] ਸੰਤ ਸਿੰਘ ਐਮ.ਐਲ.ਏ. ਨੇ ਇਸ ਦੀ ਵਿਰੋਧਤਾ ਕਰਦੇ ਹੋਏ ਕਿਹਾ ਕਿ 'ਸਿੱਖ ਰਾਜਨੀਤੀ ਪਹਿਲਾਂ ਨਾਲੋਂ ਇਸ ਸਮੇਂ ਜ਼ਿਆਦਾ ਭੰਬਲਭੂਸੇ ਵਿੱਚ ਸੀ।'[34]

ਇਸ ਸਮੇਂ ਕਵੀ ਜੋਗਾ ਸਿੰਘ 'ਕੌਮੀ' ਪੰਜਾਬੀਆਂ ਨੂੰ ਏਕਤਾ ਦਾ ਤਰਾਨਾ ਛੇੜਨ ਅਤੇ ਇਕੱਠੇ ਹੋਣ ਲਈ ਅਪੀਲ ਕਰਦਾ ਲਿਖਦਾ ਹੈ :

ਓ ਭੁੱਲੜ ਵੀਰ ਪੰਜਾਬੀਆ! ਕਿਉਂ ਜਹਿਮਤ ਰਿਹਾ ਸਹੇੜ।
ਮਸਲਾ ਤਕਸੀਮ ਪੰਜਾਬ ਦਾ, ਗਲ ਪਾ ਲਈ ਕਹੀ ਚਮੇੜ।
ਓਹ ਅਰਸ਼ੋਂ ਫਰਸ਼ੀਂ ਢਹਿ ਪਈਆਂ, ਜਿਨ੍ਹਾਂ ਕੌਮਾਂ ਵਿੱਚ ਦੁਫੇੜ।
ਦੱਸ ਕੀ ਮੁੱਲ ਪੈਂਦਾ ਉਸ ਦਾ, ਜਿਸ ਭਾਂਡੇ ਵਿਚ ਤਰੇੜ।
ਮੱਝ ਵਾਂਗਰ ਗੰਦਿਆਂ ਹੋ ਕੇ, ਨਾ ਚੌਣਾਂ ਪਿਆ ਲਬੇੜ।
ਓ ਤੂੰ ਫੁੱਲਾਂ ਵਰਗੀ ਸ਼ਾਨ ਨੂੰ, ਨਾ ਛਾਪੇ ਪਿਆ ਚਮੇੜ।
ਨਾ ਫੋਲ ਸਵਾਹ ਦੇ ਢੇਰ ਨੂੰ, ਨਾ ਅੱਲੇ ਜ਼ਖ਼ਮ ਉਚੇੜ।
ਇਹ ਲੀਰਾਂ ਢਕੀਆਂ ਰਹਿਣ ਦੇ, ਨਾ ਖਿੱਦੋ ਪਿਆ ਉਧੇੜ।
ਕੀ ਕਰਨਾ ਉਸ ਸਵਰਗ ਨੂੰ, ਜਿੱਥੇ ਵੀਰਾਂ ਨਾਲ ਨਖੇੜ।
ਓ ਤੂੰ ਡੁਲ੍ਹਦੇ ਮੋਤੀ ਸੈਂਤ ਲੈ, ਕੋਈ ਕਰ ਲੈ ਅਜੇ ਗਵੇੜ।
ਫਿਰ ਆਪੋ ਦੇ ਵਿਚ ਨਿੱਬੜ ਲਈਂ, ਪਹਿਲਾਂ ਦੂਜੇ ਨਾਲ ਨਬੇੜ।
ਜੇ ਦੂਜਾ ਖੱਬੀ ਦੱਸਦਾ, ਉਹਨੂੰ ਸੱਜੀ ਦੱਸ ਚਪੇੜ।
ਪਰ ਨਾਲ ਭਰਾਵਾਂ ਸੋਹਣਿਆਂ, ਸਦਾ ਚੰਗਾ ਹੁੰਦਾ ਨੇੜ।

---

30. *ਫਤਹ*, 3-10 ਜੂਨ, 1943.
31. *ਫਤਹ*, 9-14 ਅਪ੍ਰੈਲ, 1943.
32. *ਫਤਹ*, 9-14 ਅਪ੍ਰੈਲ, 1943.
33. *ਅਕਾਲੀ*, 24 ਨਵੰਬਰ, 1943.
34. *ਅਕਾਲੀ*, 11 ਦਸੰਬਰ, 1942.

ਇਹ ਛੱਡ ਕੇ ਲਾਵਾਂ ਲੂਤੀਆਂ, ਇਹ ਗੱਲਾਂ ਉਤੋਂ ਗਲੇੜ।
ਉਫ! ਵਤਨ ਦੀ ਕੌਮੀ ਸ਼ਾਨ ਦਾ, ਕੋਈ ਫੇਰ ਤਰਾਨਾ ਛੇੜ।[35]

ਜਦੋਂ 1944 ਵਿੱਚ ਮਾਸਟਰ ਤਾਰਾ ਸਿੰਘ ਨੇ ਰਾਜਗੋਪਾਲਚਾਰੀਆ ਫਾਰਮੂਲੇ ਦੇ ਵਿਰੁੱਧ ਕਿਹਾ ਸੀ ਕਿ, 'ਸਿੱਖਾਂ ਦਾ ਇੱਕ ਵੱਖਰਾ ਦੇਸ਼ ਹੈ।'[36] ਇਸ ਦੇ ਨਾਲ ਹੀ 'ਆਜ਼ਾਦ ਪੰਜਾਬ' ਦੀ ਮੰਗ ਸਿੱਖਾਂ ਦੇ ਦਿਮਾਗ ਵਿੱਚ ਚਲੀ ਗਈ। ਲਾਹੌਰ ਰੈਜ਼ੂਲੇਸ਼ਨ ਦੇ ਅਧੀਨ ਹੌਲੀ-ਹੌਲੀ ਮੁਹੰਮਦ ਅਲੀ ਜਿਨਾਹ ਨੇ ਸਾਰੇ ਮੁਸਲਮਾਨਾਂ ਨੂੰ ਇੱਕ ਝੰਡੇ ਥੱਲੇ ਇਕੱਠਾ ਕਰਨਾ ਆਰੰਭਿਆ ਤੇ 1946 ਤੱਕ ਉਹ ਪੰਜਾਬ ਵਿੱਚ ਵੀ ਇਸ ਮਕਸਦ ਵਿੱਚ ਕਾਮਯਾਬ ਹੋ ਗਿਆ। ਸਿੱਖ ਲੀਡਰਸ਼ਿਪ 'ਅਜ਼ਾਦ ਪੰਜਾਬ' ਦੇ ਮਸਲੇ ਤੇ ਹੀ ਨਹੀਂ ਸਗੋਂ ਉਹਨਾਂ ਮਹੱਤਵਪੂਰਨ ਚੋਣਾਂ ਵਿੱਚ ਵੀ ਰਲ ਇਕੱਠਿਆਂ ਨਾ ਬੈਠ ਸਕੀ, ਜਿਸ ਨਾਲ ਕੇਂਦਰੀ ਤੇ ਪੰਜਾਬ ਵਿਧਾਨ ਸਭਾ ਵਿੱਚ ਆਪਣੇ ਕੌਮ ਦੇ ਹਿੱਤਾਂ ਦੀ ਆਵਾਜ਼ ਨੂੰ ਬੁਲੰਦ ਕਰਨਾ ਸੀ। ਇਸ ਪਾਰਟੀ ਦਾ ਚੋਣਾਂ ਵਿੱਚ ਨਾਹਰਾ ਸਾਰੀਆਂ ਕੌਮਾਂ ਦੀ ਆਜ਼ਾਦੀ ਜਾਂ ਬਰਾਬਰਤਾ ਦੀ ਬਜਾਏ 'ਪੰਥ ਆਜ਼ਾਦ ਤੇ ਦੇਸ਼ ਆਜ਼ਾਦ' ਹੋ ਗਿਆ।[37]

---

35. Glancy to Linlinthgow, 7 September 1943; L. Carter (ed), *Punjab Politics, 1940-43 : Strains of War,* p. 394.
36. *ਫ਼ਤਹ,* 9-14 ਅਪ੍ਰੈਲ, 1943.
37. Khushwant Singh, *A History of the Sikhs* (1839-1988), Vol. II, Princeton University Press, New Serrery, 1966, pp. 252-53.
    G.S. Grewal, *The Sikhs of the Punjab*, Orient Longman, Bombay, 1990, p. 174; *ਪ੍ਰੇਮ ਸੰਦੇਸ਼,* 31 ਅਕਤੂਬਰ, 1945.

ਪੰਜਾਬ ਵਿਚਲੇ ਫ਼ਿਰਕੂ ਫ਼ਸਾਦਾਂ (1947) ਬਾਰੇ ਇਤਿਹਾਸਕ ਪਹੁੰਚ

ਰਾਇਜਸਬੀਰ ਸਿੰਘ *

ਪੰਜਾਬ ਵਿਚਲੇ ਫ਼ਿਰਕੂ ਫ਼ਸਾਦਾਂ (1947) ਬਾਰੇ ਇਤਿਹਾਸਕ ਪਹੁੰਚ ਬਾਰੇ ਵਿਚਾਰ ਕਰਨ ਲੱਗਿਆਂ ਕੁੱਝ ਮੁੱਖ ਸਮੱਸਿਆਵਾਂ ਚਰਚਾ ਹਿੱਤ ਲਈਆਂ ਗਈਆਂ ਹਨ। ਇਸ ਸੰਬੰਧੀ ਸੰਖੇਪਤਾ ਨੂੰ ਮੁੱਖ ਰਖਦਿਆਂ *ਮੁਸਲਿਮ ਲੀਗੀਆਂ ਦੇ ਅਤਿਆਚਾਰ-1947* (ਸੰ. ਤੇ ਪੰਜਾਬੀ ਅਨੁ. ਗੁਰਬਚਨ ਸਿੰਘ ਤਾਲਿਬ, 1951) ਅਤੇ ਡਾ. ਕ੍ਰਿਪਾਲ ਸਿੰਘ ਰਾਹੀਂ ਸੰਪਾਦਤ *ਸ਼ਹੀਦੀਆਂ* (1964) ਨੂੰ ਹੀ ਆਧਾਰ ਬਣਾਇਆ ਜਾ ਰਿਹਾ ਹੈ। *ਮੁਸਲਿਮ ਲੀਗੀਆਂ ਦੇ ਅਤਿਆਚਾਰ-1947* ਵਿੱਚ ਪਾਕਿਸਤਾਨ ਦੇ ਮੁੱਢ ਦੀ ਗੱਲ ਕਰਕੇ ਮੁਸਲਿਮ ਲੀਗੀਆਂ ਰਾਹੀਂ ਕੀਤੇ ਗਏ ਅਤਿਆਚਾਰਾਂ ਅਤੇ ਇਸ ਬਾਰੇ ਕਾਰਨਾਂ ਦੀ ਚਰਚਾ ਕੀਤੀ ਗਈ ਹੈ। ਆਪਣੇ ਸਮੇਂ ਦੀਆਂ ਪਰਿਸਥਿਤੀਆਂ ਦੇ ਅੰਤਰਗਤ ਇਸ ਵਿੱਚ ਇਕਪਾਸੜਤਾ ਨਹੀਂ ਰਹਿ ਸਕੀ। ਇਸ ਵਿੱਚ ਦਰਸਾਇਆ ਗਿਆ ਹੈ ਕਿ ਪੰਜਾਬ ਵਿਚਲੀਆਂ ਦੁਰਘਟਨਾਵਾਂ ਲਈ ਬਿਲਕੁਲ ਮੁਸਲਿਮ ਲੀਗ ਹੀ ਜ਼ਿੰਮੇਵਾਰ ਹੈ। ਸੰਪਾਦਕ ਅਨੁਸਾਰ ਜੇ ਹਿੰਦੂ ਤੇ ਸਿੱਖਾਂ ਨੇ ਕੋਈ ਕਾਰਵਾਈ ਕੀਤੀ ਹੈ ਤਾਂ ਉਹ ਮੁਸਲਮਾਨਾਂ ਤੋਂ ਬਦਲਾ ਲੈਣ ਲਈ ਕੀਤੀ ਹੋਵੇਗੀ। ਇਸ ਵਿੱਚ ਸਾਰੀ ਜ਼ਿੰਮੇਵਾਰੀ ਮੁਸਲਿਮ ਲੀਗ ਦੀ ਹੈ।[1]

ਇਸ ਵਿੱਚ *ਜ਼ਮੀਮਾ* ਦੇ ਅੰਤਰਗਤ ਪੀੜਤ ਸਿੱਖਾਂ-ਹਿੰਦੂਆਂ ਦੇ ਮੌਖਿਕ ਬਿਆਨ ਵੀ ਸ਼ਾਮਿਲ ਹਨ। ਇਸ ਤੋਂ ਇਲਾਵਾ ਇਸ ਵਿੱਚ ਇੱਕ ਚਾਰਟ ਦਿੱਤਾ ਗਿਆ ਹੈ, ਜਿਸ ਵਿੱਚ 592 ਪਿੰਡਾਂ/ਇਲਾਕਿਆਂ ਵਿੱਚ ਹੋਈਆਂ ਘਟਨਾਵਾਂ ਦਾ ਮਿਤੀ ਆਧਾਰਿਤ ਵੇਰਵਾ ਦਿੱਤਾ ਗਿਆ ਹੈ। *ਸ਼ਹੀਦੀਆਂ* ਵਿੱਚ ਸੰਪਾਦਕ ਨੇ ਪ੍ਰਵੇਸ਼ਕਾ ਤੇ ਪਿਛੋਕੜ ਦੱਸ ਕੇ ਪਹਿਲਾਂ ਪਰਿਸਥਿਤੀਆਂ ਦੀ ਚਰਚਾ ਕੀਤੀ ਹੈ, ਫਿਰ *ਪੱਛਮੀ ਪੰਜਾਬ ਦੇ ਸ਼ਹੀਦ* ਸਿਰਲੇਖ ਹੇਠ ਪੱਛਮੀ 16 ਜ਼ਿਲ੍ਹਿਆਂ ਅਤੇ ਜੰਮੂ ਕਸ਼ਮੀਰ ਤੇ ਰਿਆਸਤ ਬਹਾਵਲਪੁਰ ਵਿਚਲੇ, ਸ਼ਹੀਦਾਂ ਬਾਰੇ ਉਨ੍ਹਾਂ ਦੇ ਸੰਬੰਧੀਆਂ ਦੇ ਮੌਖਿਕ ਬਿਆਨ ਪੇਸ਼ ਕੀਤੇ ਗਏ ਹਨ। ਇਸ ਵਿੱਚ ਵੀ ਜ਼ਿੰਮੇਵਾਰੀ ਮੁਸਲਿਮ ਲੀਗ ਸਿਰ ਸੁੱਟੀ ਗਈ ਹੈ।[2]

ਮੁਸਲਿਮ ਲੀਗੀਆਂ ਦੇ ਅਤਿਆਚਾਰ ਵਿੱਚ ਕੋਈ 36 ਮੌਖਿਕ ਬਿਆਨ ਇਕੱਠੇ ਕੀਤੇ ਗਏ ਹਨ। *ਸ਼ਹੀਦੀਆਂ* ਵਿੱਚ ਪੱਛਮੀ ਪੰਜਾਬ ਵਿਚਲੇ 16 ਜ਼ਿਲ੍ਹਿਆਂ ਵਿੱਚ ਫ਼ਸਾਦਾਂ ਬਾਰੇ ਜਾਣਕਾਰੀ ਲਈ ਮੁੱਖ ਤੌਰ 'ਤੇ ਮੌਖਿਕ ਬਿਆਨਾਂ ਨੂੰ ਹੀ ਆਧਾਰ ਬਣਾਇਆ ਗਿਆ ਹੈ।

ਅਸੀਂ ਕਿਉਂਕਿ ਇਨ੍ਹਾਂ ਦੁਰਘਟਨਾਵਾਂ ਦੇ ਕਾਰਨਾਂ ਪਿੱਛੇ ਨਹੀਂ ਜਾ ਰਹੇ, ਇਨ੍ਹਾਂ ਬਾਰੇ ਸੰਪਾਦਕਾਂ ਨੇ ਵੇਲੇ ਦੀਆਂ ਪਰਿਸਥਿਤੀਆਂ ਅਧੀਨ ਚਰਚਾ ਕਰ ਲਈ ਹੈ। ਆਪਾਂ ਇਹ ਵੇਖਣਾ ਹੈ ਕਿ ਉਹ ਹਾਲਾਤ ਕੀ ਹਨ, ਜਿਨਾਂ ਅਧੀਨ ਮੁਸਲਿਮ ਲੀਗ ਨੇ ਇੱਕ ਦੋ ਸਾਲਾਂ ਦੇ ਛੋਟੇ ਅਹਿਦ ਵਿੱਚ ਇਨ੍ਹਾਂ ਘਟਨਾਵਾਂ ਨੂੰ ਸਰਅੰਜਾਮ ਦੇ ਦਿੱਤਾ।

* ਪ੍ਰੋਫ਼ੈਸਰ, ਗੁਰੂ ਨਾਨਕ ਅਧਿਐਨ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।

1. ਗੁਰਬਚਨ ਸਿੰਘ ਤਾਲਿਬ, *ਮੁਸਲਿਮ ਲੀਗੀਆਂ ਦੇ ਅਤਿਆਚਾਰ-1947*, ਸ਼੍ਰੋ.ਗੁ.ਪ੍ਰ. ਕਮੇਟੀ, ਅੰਮ੍ਰਿਤਸਰ, 1951, ਪੰਨਾ 15.
2. *ਸ਼ਹੀਦੀਆਂ* (ਸੰਪਾ.) ਡਾ. ਕਿਰਪਾਲ ਸਿੰਘ, ਐਜੂਕੇਸ਼ਨਲ ਕਮੇਟੀ, ਚੀਫ਼ ਖ਼ਾਲਸਾ ਦੀਵਾਨ, ਅੰਮ੍ਰਿਤਸਰ, 1964, ਵੇਖੋ ਅਧਿਆਇ, ਪੰਜਾਬ ਵਿੱਚ ਫ਼ਸਾਦਾਂ ਦਾ ਰਾਜਸੀ ਕਾਰਨ।

ਪਹਿਲੀ ਗੱਲ ਇਹ ਕਿ ਇਨ੍ਹਾਂ ਦੁਰਘਟਨਾਵਾਂ ਵਿੱਚ ਮੁਸਲਮਾਨਾਂ ਤੇ ਹਿੰਦੂ-ਸਿੱਖਾਂ ਨੂੰ ਆਮ ਰੂਪ ਵਿੱਚ ਆਹਮੋ-ਸਾਹਮਣੇ ਲਿਆਂਦਾ ਹੈ।[3] ਇਤਿਹਾਸ ਵਿੱਚ ਅਜਿਹੀ ਪਹੁੰਚ ਅਨੁਸਾਰ ਇਵੇਂ ਹੀ ਹੁੰਦਾ ਰਿਹਾ ਹੈ। ਮੁਸਲਿਮ ਪੁਲਿਸ, ਮੁਸਲਿਮ ਮਿਲਟਰੀ, ਮੁਸਲਿਮ ਗੁੰਡੇ ਅਤੇ ਆਮ ਮੁਸਲਿਮ ਵਿੱਚ ਫ਼ਰਕ ਨਹੀਂ ਕੀਤਾ ਗਿਆ। ਅਜਿਹੀ ਪਹੁੰਚ ਪਹਿਲਾਂ ਪਹਿਲ ਈਸਟ ਇੰਡੀਆ ਕੰਪਨੀ ਅਤੇ ਬਾਅਦ ਵਿੱਚ ਬ੍ਰਿਟਿਸ਼ ਸਰਕਾਰ ਤੋਂ ਲਾਭ ਪ੍ਰਾਪਤੀ ਤੋਂ ਪ੍ਰਭਾਵਿਤ ਕਥਿਤ ਇਤਿਹਾਸਕਾਰਾਂ ਨੇ ਕੀਤੀ। ਮਸਲਨ ਬੁੱਧ ਸਿੰਘ ਦੇ *ਰਸਾਲਾ* ਤੋਂ ਲੈ ਕੇ ਅਲੀਉਦੀਨ ਦੇ *ਇਬਰਤਨਾਮਾ* ਤੱਕ ਅਜਿਹਾ ਹੀ ਹੋਇਆ ਹੈ।[4] ਗਿਆਨੀ ਗਿਆਨ ਸਿੰਘ ਵੀ *ਤਵਾਰੀਖ਼ ਗੁਰੂ ਖ਼ਾਲਸਾ* ਦੇ ਦੂਜੇ ਭਾਗ ਵਿੱਚ ਇਹੀ ਪਹੁੰਚ ਅਪਣਾਉਂਦਾ ਹੋਇਆ ਉਪ ਸਿਰਲੇਖ ਸਿੱਖਾਂ ਤੇ ਮੁਸਲਮਾਨਾਂ ਵਿਚਾਲੇ ਲੜਾਈਆਂ ਰੱਖਦਾ ਹੈ।[5] ਉਪਰੋਕਤ ਅੰਤਰ ਇਤਿਹਾਸ ਦੀ ਸਹੀ ਸਮਝ ਲਈ ਜ਼ਰੂਰੀ ਹੈ ਕਿ ਮੁਸਲਿਮ ਸਟੇਟ, ਮੁਸਲਿਮ ਗੁੰਡੇ ਤੇ ਮਿਲਟਰੀ ਹੀ ਮੁਸਲਿਮ ਨਹੀਂ ਹੈ। ਮੁਸਲਿਮ ਆਮ ਲੋਕ ਵੀ ਹਨ ਅਤੇ ਹਨ ਵੀ ਉਪਰੋਕਤ ਵਰਗਾਂ ਤੋਂ ਕਿਤੇ ਜ਼ਿਆਦਾ। ਹੁਣ ਅਜੋਕੀਆਂ ਸਮੱਸਿਆਵਾਂ ਦੇ ਮੱਦੇਨਜ਼ਰ ਹਿੰਦ ਪਾਕਿਸਤਾਨ ਇਤਿਹਾਦ ਲਈ ਇਹ ਨਵੀਂ ਪਹੁੰਚ ਅਪਣਾਉਣੀ ਜ਼ਰੂਰੀ ਹੈ।

ਇਸੇ ਨਾਲ ਸੰਬੰਧਿਤ ਉਪਰੋਕਤ ਬ੍ਰਿਟਿਸ਼ ਸਰਕਾਰ ਰਾਹੀਂ ਨਿਵਾਜੇ ਇਤਿਹਾਸਕਾਰ ਇਹ ਵਿਚਾਰ ਪ੍ਰਗਟ ਕਰਦੇ ਰਹੇ ਹਨ ਕਿ ਗੁਰੂ ਸਾਹਿਬਾਨ ਨੇ ਬਦਲਾ ਲੈਣ ਲਈ ਇਸਲਾਮ ਨੂੰ ਖ਼ਤਮ ਕਰਨ ਲਈ ਸਰਗਰਮੀਆਂ ਕੀਤੀਆਂ।[6] ਅਜਿਹੀ ਪਹੁੰਚ ਦਰਸਾਉਂਦੀ ਹੈ ਕਿ ਸਿੱਖਾਂ ਤੇ ਮੁਸਲਮਾਨਾਂ ਵਿੱਚ ਸੰਬੰਧ ਚੰਗੇ ਨਾ ਰਹਿਣ। ਪਰ ਦਰਅਸਲ ਸਿੱਖ ਗੁਰੂ ਸਾਹਿਬਾਨ ਦਾ ਸੰਘਰਸ਼ ਮੁਗ਼ਲ ਸਟੇਟ ਵਿਰੁੱਧ ਸੀ ਨਾ ਕਿ ਇਸਲਾਮ ਵਿਰੁੱਧ। ਬਦਲੇ ਦੀ ਭਾਵਨਾ ਨਾਲ ਸਿੱਖ ਗੁਰੂ ਸਾਹਿਬਾਨ ਕਬੀਲਿਆਈ ਨੇਤਾ ਦੀ ਪੱਧਰ ਦੇ ਰਹਿ ਜਾਂਦੇ ਹਨ, ਪਰ ਅਜਿਹਾ ਨਹੀਂ ਹੈ। ਪਰ *ਗੁਰੂ ਗ੍ਰੰਥ ਸਾਹਿਬ* ਤੇ *ਦਸਮ ਗ੍ਰੰਥ* ਵਿੱਚ[7] ਪਰਮਾਤਮਾ ਦੇ ਇਸਲਾਮੀ ਨਾਵਾਂ ਦੀ ਸ਼ਮੂਲੀਅਤ ਅਤੇ ਮਾਨਵ ਦ੍ਰਿਸ਼ਟੀਕੋਣ ਦਰਸਾਉਂਦੇ ਹਨ ਕਿ ਗੁਰੂ ਸਾਹਿਬ ਦਾ ਇਸਲਾਮ ਨਾਲ ਕੋਈ ਵੈਰ ਨਹੀਂ ਸੀ ਸਗੋਂ ਉਨ੍ਹਾਂ ਦੇ ਸੇਵਕਾਂ ਵਿੱਚ ਮੁਸਲਮਾਨ ਜਿਵੇਂ ਦਸਮੇਂ ਗੁਰੂ ਦੇ ਪ੍ਰਸੰਗ ਵਿੱਚ ਬੁੱਧੂ ਸ਼ਾਹ, ਨਬੀ ਖ਼ਾਂ, ਗਨੀ ਖ਼ਾਂ ਵੀ ਸ਼ਾਮਿਲ ਸਨ।[8] ਇਉਂ ਇਤਿਹਾਸ ਬਾਰੇ ਇਹ ਪਹੁੰਚ ਵਿਅਰਥ ਅਤੇ ਭੁਲੇਖਾ ਪਾਊ ਸਾਬਤ ਹੁੰਦੀ ਹੈ। ਸਹੀ ਅਧਿਐਨ ਲਈ ਇਸ ਪਹੁੰਚ ਦਾ ਤਿਆਗ ਜ਼ਰੂਰੀ ਹੈ।

ਦੂਜੀ ਗੱਲ, ਇਹ ਪਤਾ ਲੱਗਦਾ ਹੈ ਕਿ ਪੰਜਾਬ ਦੇ ਵਾਸੀ ਅਜੇ ਵੀ ਫ਼ਿਰਕਾਪ੍ਰਸਤੀ ਦੇ ਆਧਾਰ 'ਤੇ ਹਿੰਦੂ-ਸਿੱਖ ਤੇ ਮੁਸਲਿਮ ਵਰਗਾਂ ਵਿੱਚ ਵੰਡੇ ਹੋਏ ਹਨ। ਇਨ੍ਹਾਂ ਦਾ ਖਾਣ-ਪੀਣ ਵੀ ਸਾਂਝਾ ਨਹੀਂ। ਗਿਆਨੀ ਕੇਸਰ ਸਿੰਘ ਦੀ *ਆਤਮਕਥਾ* ਤੋਂ ਪਤਾ ਲੱਗਦਾ ਹੈ ਕਿ ਹਿੰਦੂ ਸਿੱਖਾਂ ਨੇ ਮੁਸਲਮਾਨਾਂ ਨਾਲ ਰਲ ਕੇ ਖਾਣਾ-ਪੀਣਾ ਤਾਂ ਕੀ, ਮੁਸਲਮਾਨ ਦੀ ਅਚਾਨਕ ਛੁਹ ਨਾਲ ਇਨ੍ਹਾਂ ਦਾ ਖਾਣਾ ਵੀ ਭਿੱਟ ਜਾਂਦਾ ਸੀ।[9]

3. ਜਿਵੇਂ 15 ਅਗਸਤ, 1947 ਨੂੰ ਪਾਕਿਸਤਾਨ ਬਣਿਆ ਤਾਂ ਆਲੇ-ਦੁਆਲੇ ਦੇ ਸਾਰੇ ਜ਼ਿਲ੍ਹਿਆਂ ਵਿੱਚ ਹਿੰਦੂ ਸਿੱਖਾਂ ਉੱਤੇ ਮੁਸਲਮਾਨਾਂ ਦੇ ਹਮਲੇ ਹੋਣ ਲੱਗ ਪਏ, ਵੇਖੋ *ਸ਼ਹੀਦੀਆਂ*, ਪੰਨਾ 124, ਹੋਰ ਪੰਨਾ 148, 149, 157 ਆਦਿ।
4. ਵੇਖੋ, ਸੋਹਨ ਲਾਲ ਸੂਰੀ, *ਉਮਦਤ ਤਵਾਰੀਖ਼*, ਆਰੀਆ ਪ੍ਰੈੱਸ, ਲਾਹੌਰ, 1885, ਭਾਗ ਪਹਿਲਾ, ਪੰਨਾ 36.
5. ਗਿਆਨ ਸਿੰਘ ਗਿਆਨੀ, *ਤਵਾਰੀਖ਼ ਗੁਰੂ ਖ਼ਾਲਸਾ*, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਸਰਵਰਕ 1889.
6. For example, Latif, S.M., *History of the Panjab*, Eurasia Publishing House, New Delhi, 1964, p. 19.
7. *ਗੁਰੂ ਗ੍ਰੰਥ ਸਾਹਿਬ*, ਪੰਨੇ 721, 1083; *ਦਸਮ ਗ੍ਰੰਥ* (ਜਾਪੁ 25) ਪੰਨਾ 2, *ਅਕਾਲ ਉਸਤਤ*, 85-86, ਪੰਨਾ 19.
8. ਬੁੱਧੂ ਸ਼ਾਹ ਬਾਰੇ ਗਿਆਨ ਸਿੰਘ ਗਿ., *ਤਵਾਰੀਖ਼ ਗੁਰੂ ਖ਼ਾਲਸਾ*, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1970, ਭਾਗ ਪਹਿਲਾ, ਪੰਨਾ 831.
9. ਗਿਆਨੀ ਕੇਸਰ ਸਿੰਘ, *ਆਤਮਕਥਾ : ਗਿਆਨੀ ਕੇਸਰ ਸਿੰਘ ਕੈਨੇਡਾ*, ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ, 2001, ਪੰਨਾ 18-20.

ਭੋਇ, ਤਹਿਸੀਲ ਫਾਲੀਆ, ਗੁਜਰਾਤ ਵਿੱਚ ਧਰਮ ਬਦਲਣ ਲਈ (ਮੁਸਲਮਾਨਾਂ) ਦੀ ਪੱਕੀ ਰੋਟੀ ਖੁਆਈ ਗਈ।[10] ਇਨ੍ਹਾਂ ਦੇ ਇਤਿਹਾਦ ਵਿੱਚ ਵੱਡਾ ਪਾੜਾ ਝਟਕਾ ਤੇ ਹਲਾਲ ਦਾ ਸੀ ਅਤੇ ਦੂਜਾ ਵੱਡਾ ਅੜਿਕਾ ਗਊ ਮਾਸ ਬਾਰੇ ਸੀ। ਲੋਕ ਅਖੌਤਾਂ ਵਿੱਚ ਅਜਿਹੀ ਸਮੱਗਰੀ ਮਿਲਦੀ ਹੈ ਜੋ ਦੱਸਦੀ ਹੈ ਕਿ ਮੁਸਲਮਾਨਾਂ ਤੇ ਹਿੰਦੂ ਸਿੱਖਾਂ ਦਾ ਪਾੜਾ ਕਾਇਮ ਰਿਹਾ ਹੈ।[11] ਇਹ ਵੀ ਜਾਪਦਾ ਹੈ ਕਿ ਅਜਿਹਾ ਪਾੜਾ ਬੰਗਾਲ, ਮਹਾਰਾਸ਼ਟਰ ਵਿੱਚ ਕੁਝ ਘੱਟ ਹੈ (ਜੋ ਅੱਜਕਲ੍ਹ ਵੱਧ ਰਿਹਾ ਹੈ ਅਤੇ ਬੰਗਾਲ ਦੇ ਤਾਂ 1905 ਵਿੱਚ ਤਾਂ ਨਹੀਂ ਪਰ 1947 ਵਿੱਚ ਦੋ ਟੋਟੇ ਹੋ ਗਏ ਅਤੇ ਉਹ ਵੀ ਫ਼ਿਰਕੂ ਸੋਚ ਤੇ ਆਧਾਰਿਤ।)

ਇਨ੍ਹਾਂ ਦੋਹਾਂ ਪੁਸਤਕਾਂ ਵਿੱਚ ਮੌਖਿਕ ਬਿਆਨਾਂ ਤੋਂ ਇਸ ਗੱਲ ਦੀ ਪੁਸ਼ਟੀ ਹੁੰਦੀ ਹੈ (ਇਥੋਂ ਤੱਕ ਕਿ ਸੰਪਾਦਕ ਸਾਹਿਬਾਨ ਨੇ ਇਸ ਵੱਲ ਧਿਆਨ ਨਹੀਂ ਦਿੱਤਾ)। ਹਿੰਦੂ-ਸਿੱਖਾਂ ਅੱਗੇ ਸ਼ਰਤ ਰੱਖੀ ਜਾਂਦੀ ਹੈ ਕਿ ਉਹ ਜਾਂ ਤਾਂ ਮੁਸਲਮਾਨ ਹੋ ਜਾਣ ਜਾਂ ਮਰਨ ਨੂੰ ਤਿਆਰ ਹੋ ਜਾਣ।[12] ਜ਼ਿਆਦਾਤਰ ਹਿੰਦੂ-ਸਿੱਖ ਅਤੇ ਕਈ ਥਾਂ ਇਕੱਲੇ ਸਿੱਖ ਅੜੀ ਕਰਦੇ ਹਨ ਤੇ ਮਾਰੇ ਜਾਂਦੇ ਹਨ। ਕੁਝ ਕੇਸਾਂ ਵਿੱਚ ਜੇ ਉਹ ਮੁਸਲਮਾਨ ਹੋਣ ਲਈ ਮੰਨ ਜਾਂਦੇ ਹਨ ਤਾਂ ਬਚ ਜਾਂਦੇ ਹਨ ਜਿਨ੍ਹਾਂ ਨੂੰ ਬਾਅਦ ਵਿੱਚ ਹਿੰਦ ਦੀ ਮਿਲਟਰੀ ਸ਼ਰਨਾਰਥੀ ਕੈਂਪਾਂ ਵਿੱਚ, ਬਚਾ ਕੇ, ਲੈ ਜਾਂਦੀ ਹੈ।[13] ਜ਼ਬਰੀ ਮੁਸਲਮਾਨ ਕਰਨਾ ਇਸਲਾਮ ਅਨੁਸਾਰ ਜਾਇਜ਼ ਨਹੀਂ ਅਤੇ ਨਾ ਹੀ ਜ਼ਬਰੀ ਕਲਮਾ ਪੜ੍ਹਨ ਨਾਲ ਮੁਸਲਮਾਨ ਹੋਇਆ ਜਾ ਸਕਦਾ ਹੈ।

ਮਾਰੇ ਗਏ ਪੰਜਾਬੀ ਲੋਕਾਂ ਵਿੱਚੋਂ ਕਾਫ਼ੀ ਮਿਕਦਾਰ ਤੱਕ ਉਹ ਸਿੱਖ ਔਰਤਾਂ (ਬੱਚਿਆਂ ਸਮੇਤ) ਹਨ, ਜਿਨ੍ਹਾਂ ਨੇ ਖੂਹਾਂ ਆਦਿ ਵਿੱਚ ਛਾਲ ਮਾਰ ਕੇ ਆਤਮਹੱਤਿਆ ਕੀਤੀ ਕਿਉਂਕਿ ਉਹ ਜ਼ਾਲਮ ਮੁਸਲਮਾਨਾਂ ਦੇ ਹੱਥਾਂ ਵਿੱਚ ਨਹੀਂ ਸਨ ਜਾਣਾ ਚਾਹੁੰਦੀਆਂ। ਕੁਝ ਅਜਿਹੇ ਕੇਸ ਹਨ, ਜਿਨ੍ਹਾਂ ਵਿੱਚ ਔਰਤਾਂ ਤੇ ਬੱਚਿਆਂ ਨੂੰ ਉਨ੍ਹਾਂ ਦੀ ਰਜ਼ਾਮੰਦੀ ਅਨੁਸਾਰ ਸਿੱਖ ਪਿਤਾ/ਪਤੀਆਂ/ਭਰਾਵਾਂ ਨੇ ਖ਼ੁਦ ਕਤਲ ਕਰ ਦਿੱਤਾ[14] ਤਾਂ ਕਿ ਉਹ ਮੁਸਲਮਾਨਾਂ ਦੇ ਹੱਥਾਂ ਵਿੱਚ ਨਾ ਜਾ ਸਕਣ। ਇਸ ਤੋਂ ਪਤਾ ਚੱਲਦਾ ਹੈ ਕਿ ਹਿੰਦੂ ਸਿੱਖ ਤੇ ਮੁਸਲਮਾਨਾਂ ਦੇ ਪੰਜਾਬੀ ਹੋਣ ਦੇ ਨਾਤੇ ਅਜਿਹੀਆਂ 'ਸਾਂਝਾਂ' ਸਨ। ਇਹ ਗੁਆਹੀਆਂ ਸਿੱਖ ਮੌਖਿਕ ਬਿਆਨਕਰਤਾ ਦੀਆਂ ਹਨ। ਦੂਜੇ ਪਾਸਿਉਂ ਮੁਸਲਿਮ ਬਿਆਨ ਕਰਤਾ ਦੇ ਬਿਆਨ ਸਾਡੇ ਪਾਸ ਨਹੀਂ, ਇਸ ਲਈ ਮਿਲਦੀਆਂ ਗੁਆਹੀਆਂ ਦੇ ਆਧਾਰ 'ਤੇ ਕਹਿ ਸਕਦੇ ਹਾਂ ਕਿ ਬਾਬਾ ਨਾਨਕ ਤੇ ਬਾਕੀ ਗੁਰੂ ਸਾਹਿਬਾਨ ਰਾਹੀਂ ਅਤੇ ਫਿਰ ਪੱਗੜੀ ਸੰਭਾਲ ਜੱਟਾ ਤੇ ਗ਼ਦਰ ਲਹਿਰ[15] ਦੇ ਨੇਤਾਵਾਂ ਤੇ ਹਿੰਦੂ-ਸਿੱਖ-ਮੁਸਲਿਮ ਇਤਿਹਾਦ ਦੀਆਂ ਕੋਸ਼ਿਸ਼ਾਂ ਐਵੇਂ ਗਈਆਂ ਲੱਗਦੀਆਂ ਹਨ। ਨਾਵਲਕਾਰ ਨਾਨਕ ਸਿੰਘ ਦੁਖੀ ਹੁੰਦਾ ਹੈ ਕਿ ਮੈਂ ਇੰਨੇ ਨਾਵਲ ਸਿੱਖ-ਹਿੰਦੂ ਮੁਸਲਿਮ ਇਤਿਹਾਦ ਨੂੰ ਸਾਹਮਣੇ ਰੱਖ ਕੇ ਲਿਖੇ, ਲੋਕਾਂ ਨੇ ਪੜ੍ਹੇ ਵੀ, ਪਰ ਫਿਰ ਵੀ 1947 ਵਾਲਾ ਸਾਕਾ ਵਾਪਰ ਗਿਆ।[16]

ਕੁਝ ਕੁ ਮੁਸਲਿਮ ਵਿਅਕਤੀਆਂ (ਪਰ ਬਹੁਤ ਘੱਟ) ਦਾ ਇਨ੍ਹਾਂ ਸਾਕਿਆਂ ਵਿੱਚ ਹਾਂ ਪੱਖੀ ਨਜ਼ਰੀਆ ਵੀ ਦਰਸਾਇਆ ਗਿਆ ਹੈ ਕਿ ਜਿਵੇਂ ਕਾਨ੍ਹਗੜ੍ਹ ਤਹਿਸੀਲ ਕਹੂਟਾ (ਰਾਵਲਪਿੰਡੀ) ਦੇ ਬ੍ਰਾਹਮਣ ਸ਼ਰਨਾਰਥੀਆਂ ਨੂੰ ਇੱਕ ਮੁੱਲਾਂ ਨੇ ਹਿੰਦ ਦ ਬਾਰਡਰ ਤੱਕ ਪਹੁੰਚਾ ਦਿੱਤਾ।[17] ਇਵੇਂ ਹੀ ਇੱਕ ਜਮਾਂਦਾਰ

10. *ਸ਼ਹੀਦੀਆਂ*, ਪੰਨਾ 120.
11. ਵਣਜਾਰਾ ਬੇਦੀ, *ਲੋਕ ਆਖਦੇ ਹਨ,* ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ, 1959, ਪੰਨਾ 196-98.
12. *ਸ਼ਹੀਦੀਆਂ*, ਪੰਨਾ 197.
13. *ਉਹੀ*, ਪੰਨਾ 197.
14. *ਉਹੀ*, ਪੰਨਾ 83.
15. ਕੇਸਰ ਸਿੰਘ ਨਾਵਲਕਾਰ ਅਤੇ ਡਾ. ਕੇਸਰ ਸਿੰਘ ਕੇਸਰ (ਸੰਪਾਦਕ), *ਗ਼ਦਰ ਲਹਿਰ ਦੀ ਕਵਿਤਾ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995, ਪੰਨਾ 106, 116, ਆਦਿ।
16. *ਨਾਨਕ ਸਿੰਘ ਰਚਨਾਵਲੀ,* ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ, 1997, ਪੰਨਾ 199.
17. *ਸ਼ਹੀਦੀਆਂ*, ਪੰਨਾ 86.

ਹਰਨਾਲ ਮੂਹਰੀ ਕਲਾਂ (ਕਹੂਟਾ, ਰਾਵਲਪਿੰਡੀ) ਦੇ ਫ਼ਜ਼ਲ ਇਲਾਹੀ ਨੇ ਹਿੰਦੂ-ਸਿੱਖ ਸ਼ਰਨਾਰਥੀ ਟਰੱਕਾਂ ਵਿੱਚ ਚਾੜ੍ਹ ਕੇ ਕੈਂਪ ਵਿੱਚ ਪਹੁੰਚਾ ਦਿੱਤੇ।[18] ਸਰਦਾਰ ਸੱਯਦ ਜ਼ਮਾਨ ਅਲੀ, ਡੀ.ਸੀ. ਮਿੰਟਗੁਮਰੀ ਨੇ ਫ਼ਸਾਦ ਰੋਕਣ ਦਾ ਪੂਰਾ ਪੂਰਾ ਯਤਨ ਕੀਤਾ।[19]

ਪੰਜਾਬ ਵਿੱਚ ਇਨ੍ਹਾਂ ਵਰਗਾਂ ਦੀ ਵੱਸੋਂ ਦੀ ਵੰਡ ਕਸੂਤੀ ਰਹੀ ਹੈ। ਜ਼ਿਆਦਾਤਰ ਪੁਲਿਸ ਵਿੱਚ ਮੁਸਲਮਾਨ ਤੇ ਫ਼ੌਜ ਵਿੱਚ ਸਿੱਖ ਰਹੇ ਹਨ। ਹਿੰਦੂਆਂ ਪਾਸ ਸ਼ਾਹੂਕਾਰਾ ਤੇ ਸਿਵਲ ਜੁਡੀਸ਼ੀਅਲ ਜ਼ਿੰਮੇਵਾਰੀਆਂ ਪ੍ਰਤੀਤ ਹੁੰਦੀਆਂ ਹਨ। ਇੱਕ ਅੰਦਾਜ਼ੇ ਅਨੁਸਾਰ ਪੰਜਾਬ ਪੁਲਿਸ ਵਿੱਚ 78 ਫੀਸਦੀ ਮੁਸਲਮਾਨ ਸਨ।[20] ਹਿੰਦੂ-ਸਿੱਖਾਂ ਕੋਲ ਜ਼ਿਆਦਾਤਰ ਜ਼ਾਇਦਾਦ ਰਹੀ ਹੈ। ਰਾਮਪੁਰ ਤਹਿਸੀਲ ਕਬੀਰ ਵਾਲਾ (ਮੁਲਤਾਨ) ਵਿੱਚ ਜ਼ਮੀਨ ਦੀ ਮਾਲਕੀ ਸਾਰੀ ਸਹਿਜਧਾਰੀ ਸਿੱਖਾਂ 'ਤੇ ਹਿੰਦੂਆਂ ਦੀ ਸੀ।[21] ਲੋਧਰਾਂ (ਮੁਲਤਾਨ) ਵਿੱਚ ਜ਼ਮੀਨ ਦੀ ਮਾਲਕੀ ਬਹੁਤੀ ਹਿੰਦੂਆਂ ਦੀ ਸੀ ਪਰ ਮੁਜ਼ਾਰੇ ਆਮ ਮੁਸਲਮਾਨ ਸਨ।[22] ਇਹ ਆਰਥਿਕ ਵਿਤਕਰੇ ਵਾਲੀ ਹਾਲਤ ਵੀ ਫਸਾਦਾਂ ਦਾ ਮਹੱਤਵਪੂਰਨ ਕਾਰਨ ਬਣੀ।

ਜਾਇਦਾਦ ਲੁੱਟਣ ਦਾ ਮੰਤਵ ਵੀ ਗੁੰਡਿਆਂ ਨੇ ਰਖਿਆ ਹੋਇਆ ਸੀ। ਕਈ ਕੇਸਾਂ ਵਿੱਚ ਲੱਖਾਂ ਹਜ਼ਾਰਾਂ ਰੁਪਏ ਰਿਸ਼ਵਤ ਮੰਗੀ ਗਈ[23] ਅਤੇ ਇਹ ਤਾਰੀ ਵੀ ਗਈ। ਕਈ ਥਾਈਂ ਰਿਸ਼ਵਤ ਦੇ ਕੇ ਬਚਾਅ ਹੋ ਗਿਆ। ਕਈ ਥਾਵਾਂ ਤੇ ਰਿਸ਼ਵਤ ਲੈ ਕੇ ਹਿੰਦੂ-ਸਿੱਖਾਂ ਨੂੰ ਮਾਰੇ ਬਿਨਾਂ ਛੱਡਿਆ ਨਹੀਂ ਗਿਆ।[24]

ਮੁਸਲਮਾਨਾਂ ਵਿੱਚੋਂ ਲੁਟੇਰੇ ਕਿੰਨੇ ਕੁ ਧਾਰਮਿਕ ਸਨ — ਇਹ ਪਤਾ ਲੱਗਦਾ ਹੈ ਖੂਹ ਹਾਜੀ ਸ਼ਾਹ (ਤਹਿਸੀਲ ਅਹਿਮਦਪੁਰ, ਰਿਆਸਤ ਬਹਾਵਲਪੁਰ) ਵਿੱਚ *ਕੁਰਾਨ* ਦੀ ਸਹੁੰ ਖਾ ਕੇ ਤੋੜ ਦਿੰਦੇ ਹਨ ਅਤੇ ਹਿੰਦੂ-ਸਿੱਖਾਂ ਉੱਪਰ ਹਮਲਾ ਕਰ ਦਿੰਦੇ ਹਨ।[25] ਸ਼ੇਖੂਪੁਰਾ ਸ਼ਹਿਰ ਵਿੱਚ ਵੀ ਧੋਖੇ ਨਾਲ ਸਿੱਖਾਂ ਨੂੰ ਘਰਾਂ ਵਿੱਚੋਂ ਬਾਹਰ ਕੱਢ ਕੇ ਮਾਰਿਆ ਗਿਆ।[26] ਪਰ ਧੋਖੇ ਨਾਲ ਅਤੇ ਝੂਠੀ ਸਹੁੰ ਚੁੱਕ ਕੇ ਮਾਰਨ ਵਾਲੇ ਗੁੰਡੇ ਸ਼ੈਤਾਨ ਤਾਂ ਹੋ ਸਕਦੇ ਹਨ, ਮੁਸਲਮਾਨ ਨਹੀਂ।

ਇਉਂ ਇੱਕ ਤਾਂ ਮੁਸਲਮਾਨ ਵਿਅਕਤੀਆਂ ਅਤੇ ਮੁਸਲਿਮ ਸਟੇਟ/ਗੁੰਡਿਆਂ/ਫ਼ੌਜੀਆਂ/ਪੁਲਸੀਆਂ ਨੂੰ ਅਭੇਦ ਕਰ ਦਿੱਤਾ ਗਿਆ ਹੈ ਜਦੋਂ ਕਿ ਸਹੀ ਅਧਿਐਨ ਲਈ ਇਨ੍ਹਾਂ ਵਿੱਚ ਅੰਤਰ ਕਰਨਾ ਲਾਜ਼ਮੀ ਹੈ। ਦੂਜਾ ਇਉਂ ਲੱਗਦਾ ਹੈ ਕਿ ਪੰਜਾਬੀ ਫ਼ਿਰਕਾਪ੍ਰਸਤੀ ਕਾਰਨ, ਗੁਰੂ ਸਾਹਿਬਾਨ, ਸੁਤੰਤਰਤਾ ਲਹਿਰਾਂ ਰਾਹੀਂ ਕੋਸ਼ਿਸ਼ਾਂ ਦੇ ਬਾਵਜੂਦ ਵੀ ਇੱਕ ਕੌਮ ਨਹੀਂ ਬਣਾ ਸਕੇ। ਤੀਜਾ ਸਿੱਖਾਂ, ਹਿੰਦੂਆਂ, ਮੁਸਲਮਾਨਾਂ ਦੀ ਅੰਗਰੇਜ਼ੀ ਸਰਕਾਰ ਰਾਹੀਂ ਕੀਤੀ ਗਈ ਵੰਡ ਫ਼ਿਰਕੂ ਸੋਚ ਨੂੰ ਹੀ ਉਭਾਰਦੀ ਰਹੀ ਹੈ। ਸਿਆਸੀ ਤੇ ਲੁਟੇਰਾ ਅਨਸਰ ਧਰਮ ਨੂੰ ਆਪਣੇ ਮੁਫ਼ਾਦਾਂ ਦੀ ਪੂਰਤੀ ਲਈ ਵਰਤਦਾ ਰਿਹਾ ਹੈ, ਅਤੇ ਲੋਕ ਚੇਤਨਾ ਦੀ ਘਾਟ/ਅਣਹੋਂਦ ਕਾਰਨ ਅਜਿਹਾ ਹੋਣ ਦਿੰਦੇ ਰਹੇ ਹਨ।

---

18. *ਉਹੀ*, ਪੰਨਾ 89.
19. *ਉਹੀ*, ਪੰਨਾ 154.
20. *ਮੁਸਲਿਮ ਲੀਗੀਆਂ ਦੇ ਅਤਿਆਚਾਰ-1947*, ਪੰਨਾ 46.
21. *ਸ਼ਹੀਦੀਆਂ*, ਪੰਨਾ 97.
22. *ਉਹੀ*, ਪੰਨਾ 101.
23. *ਉਹੀ*, ਪੰਨਾ 95.
24. *ਉਹੀ*, ਪੰਨਾ 165.
25. *ਉਹੀ*, ਪੰਨਾ 208.
26. *ਉਹੀ*, ਪੰਨਾ 128.

ਪਰਵਾਸੀ ਪੰਜਾਬੀ ਸਮਾਜ : ਰਿਸ਼ਤਿਆਂ ਦੀ ਬਦਲਦੀ ਵਿਆਕਰਣ

(ਹਰਜੀਤ ਅਟਵਾਲ ਦੇ ਨਾਵਲਾਂ ਦੇ ਸੰਦਰਭ ਵਿਚ)

ਮਨਦੀਪ ਸਿੰਘ *

ਸਾਹਿਤ ਅਤੇ ਸਮਾਜ ਦਾ ਰਿਸ਼ਤਾ ਦਵੰਦਆਤਮਕ ਹੁੰਦਾ ਹੈ। ਸਮਾਜ ਵਿੱਚ ਵਾਪਰਦੀਆਂ ਘਟਨਾਵਾਂ ਸਾਹਿਤ ਰਾਹੀਂ ਪੇਸ਼ ਹੁੰਦੀਆਂ ਹਨ। ਜਿਵੇਂ-ਜਿਵੇਂ ਸਮਾਜ ਦਾ ਯਥਾਰਥ ਬਦਲਦਾ ਹੈ, ਉਵੇਂ ਹੀ ਸਾਹਿਤ ਦਾ ਯਥਾਰਥ ਵੀ ਬਦਲਦਾ ਰਹਿੰਦਾ ਹੈ। ਇਹ ਯਥਾਰਥ ਤਤਕਾਲੀ ਘਟਨਾਵਾਂ ਦਾ ਜੋੜ ਵੀ ਹੋ ਸਕਦਾ ਹੈ, ਸਮਕਾਲੀ ਵਰਤਾਰਿਆਂ ਦਾ ਸਿੱਟਾ ਵੀ ਅਤੇ ਸਮਾਜ ਦੇ ਆਲੇ-ਦੁਆਲੇ ਦਾ ਪ੍ਰਭਾਵ 'ਤੇ ਮਨੁੱਖ ਦੇ ਧਰਤੀਆਂ ਮੱਲਣ ਦੀ ਖਾਹਿਸ਼ ਵਿੱਚੋਂ ਵੀ ਪੈਦਾ ਹੋ ਸਕਦਾ ਹੈ। 'ਪਰਵਾਸ' ਵੀ ਇਕ ਅਜਿਹਾ ਯਥਾਰਥ ਹੈ "ਜੋ ਮਨੁੱਖ ਨੂੰ ਉਸ ਦੀਆਂ ਅਕਾਂਖਿਆਵਾਂ ਦੀ ਪੂਰਤੀ ਦੀ ਸੰਭਾਵਨਾ ਦੇਂਦਾ ਹੈ। ਪਰਵਾਸ ਇਕ ਅਜਿਹਾ ਰੁਝਾਨ ਹੈ, ਜਿਸ ਵਿੱਚ ਲਾਭ ਤੇ ਕੀਮਤਾਂ ਦੇ ਸੰਤੁਲਨ ਨੂੰ ਦੇਖਿਆ ਜਾਂਦਾ ਹੈ। ਇਸ ਤਰ੍ਹਾਂ ਲੱਗਦਾ ਹੈ ਜਿਵੇਂ ਇਹ ਰੁਝਾਨ ਯੁਕਤੀ ਪੂਰਵਕ ਹੋਵੇ, ਪਰ ਇਹ ਯਾਦ ਰੱਖਣਾ ਜ਼ਰੂਰੀ ਹੈ ਕਿ ਮਨੋਰਥ ਪਹਿਲਾਂ ਹੀ ਨਿਸ਼ਚਿਤ ਹੁੰਦੇ ਹਨ।"[1] ਮੁੱਢਲਾ ਪਰਵਾਸੀ ਪੰਜਾਬੀ ਆਪਣੀ ਆਰਥਿਕ ਹਾਲਤ ਸੁਧਾਰਨ ਅਤੇ ਵਾਪਸ ਦੇਸ਼ ਪਰਤ ਕੇ ਚੰਗਾ ਜੀਵਨ ਹੰਢਾਉਣ ਦੀ ਤਾਂਘ ਲੈ ਕੇ ਗਿਆ ਸੀ। "ਵਲੈਤ ਆਉਣ ਵੇਲੇ ਹਰ ਕੋਈ ਇਹੀ ਉਮੀਦ ਲੈ ਕੇ ਆਇਆ ਸੀ ਕਿ ਉਹ ਕੁਝ ਸਾਲ ਇਥੇ ਕੰਮ ਕਰੇਗਾ ਅਤੇ ਆਪਣੀਆਂ ਘਰੇਲੂ ਜ਼ਿੰਮੇਵਾਰੀਆਂ ਨਿਭਾਉਣ ਪਿਛੋਂ ਕੁਝ ਪੈਸਾ ਆਪਣੇ ਮਕਾਨ ਪਾਉਣ ਜਾਂ ਹੋਰ ਲੋੜਾਂ ਵਾਸਤੇ ਲੈ ਕੇ ਉਹ ਵਾਪਸ ਦੇਸ਼ ਮੁੜ ਜਾਵੇਗਾ। ਹੁਣ ਲੋਕਾਂ ਕੋਲ ਪੈਸੇ ਵੀ ਹੋ ਗਏ ਹਨ ਪਰ ਫਿਰ ਵੀ ਦਿਲ ਨੂੰ ਤਸੱਲੀ ਨਹੀਂ। ਦੇਸ਼ ਜਾ ਕੇ ਘਰ ਬਣਾਉਣ ਦੀ ਬਜਾਏ ਲੋਕਾਂ ਇਥੇ ਹੀ ਘਰ ਲੈ ਲਏ, ਟੱਬਰ ਮੰਗਵਾ ਲਏ, ਬੱਚੇ ਇਥੇ ਪੜ੍ਹਨ ਲੱਗ ਪਏ। ਹੁਣ ਮੁਸ਼ਕਲਾਂ ਹੋਰ ਹੋ ਗਈਆਂ, ਫ਼ਿਕਰ ਹੋਰ ਹੋ ਗਏ।"[2] ਪਰਵਾਸ ਵਿੱਚ ਸਥਾਪਤ ਹੋਣ ਉਪਰੰਤ ਪਰਵਾਸੀ ਪੰਜਾਬੀਆਂ ਲਈ ਸਭ ਤੋਂ ਵੱਡਾ ਚੈਲਿੰਜ ਆਪਣੀਆਂ ਸਭਿਆਚਾਰਕ ਕਦਰਾਂ-ਕੀਮਤਾਂ ਨੂੰ ਬਚਾਉਣ ਦਾ ਸੀ। ਮੁੱਢਲੇ ਪਰਵਾਸੀ ਪੰਜਾਬੀਆਂ ਨੇ ਇਹ ਸਭਿਆਚਾਰਕ ਕਦਰਾਂ ਕੀਮਤਾਂ ਨੂੰ ਸੰਭਾਲ ਕੇ ਰੱਖਿਆ ਕਿਉਂਕਿ ਉਹ ਕੱਲੇ-ਕਾਰੇ ਆਏ ਸਨ, ਪਰੰਤੂ ਪਰਿਵਾਰ ਸਥਾਪਤ ਹੋਣ ਉਪਰੰਤ ਇਹ ਹਾਲਤ ਉਹਨਾਂ ਦੇ ਵੱਸੋਂ ਬਾਹਰ ਹੋ ਗਈ। ਪਰਵਾਸ ਵਿੱਚ ਪੰਜਾਬੀ ਔਰਤਾਂ ਆਰਥਿਕ ਖੇਤਰ ਵਿੱਚ ਬਰਾਬਰਤਾ ਹਾਸਲ ਕਰ ਲੈਣ ਨਾਲ ਸਵੈ-ਚੇਤੰਨ ਤੇ ਸਵੈ-ਨਿਰਭਰ ਹੋ ਗਈਆਂ। ਜਿਸ ਕਾਰਨ ਪੰਜਾਬੀ ਔਰਤ, ਮਰਦ ਪ੍ਰਧਾਨ ਕਦਰਾਂ-ਕੀਮਤਾਂ ਦੇ ਵਿਰੋਧ ਵਿੱਚ ਖੜ੍ਹੀ ਹੋਣ ਲੱਗ ਪਈ ਹੈ, ਜਿਸ ਕਾਰਨ ਔਰਤ-ਮਰਦ ਸੰਬੰਧਾਂ ਦੇ ਰਿਸ਼ਤਿਆਂ ਦੀ ਵਿਆਕਰਣ ਬਦਲਣ ਲੱਗ ਪਈ। ਔਰਤ-ਮਰਦ ਸੰਬੰਧਾਂ ਦੀ ਬਦਲੀ ਹੋਈ ਵਿਆਕਰਣ ਨੇ ਪੰਜਾਬੀ ਪਰਿਵਾਰਕ ਰਿਸ਼ਤਿਆਂ ਵਿੱਚ ਤ੍ਰੇੜਾਂ ਪੈਦਾ ਕਰ ਦਿੱਤੀਆਂ। ਇਸ ਦਾ ਵੱਡਾ ਕਾਰਨ "ਪਦਾਰਥਕ ਪੱਖ ਦੇ ਬਦਲਣ ਨਾਲ ਪ੍ਰਤਿਮਾਨਕ ਤੇ ਬੋਧਾਤਮਕ ਪੱਖ ਖ਼ਿਚਾਅ ਵਿੱਚ ਆ ਗਏ। ਨਾ ਸਿਰਫ਼ ਔਰਤ ਹੀ

---

*ਲੈਕਚਰਾਰ, ਪੀ.ਐਮ.ਐਨ. ਕਾਲਜ, ਰਾਜਪੁਰਾ।

1. ਕਿੰਗਜ਼ਲੇ ਡੇਵਿਸ, *ਮਨੁੱਖੀ ਸਮਾਜ,* (ਅਨੁ) ਪਰਕਾਸ਼ ਸਿੰਘ ਜੰਮੂ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ 683.
2. ਰਣਜੀਤ ਧੀਰ, *ਪਰਦੇਸ਼ਨਾਮਾ,* ਨਵਯੁਗ ਪਬਲੀਕੇਸ਼ਨਜ਼, ਨਵੀਂ ਦਿੱਲੀ, 1999, ਪੰਨਾ 86.

ਬਲਕਿ ਪੰਜਾਬੀ ਮਰਦ ਵੀ ਪਦਾਰਥਕ ਪ੍ਰਾਪਤੀਆਂ ਦੀ ਗਤੀ ਅਨੁਸਾਰ ਆਪਣੇ ਪ੍ਰਤਿਮਾਨਾਂ ਤੇ ਬੋਧ ਵਿੱਚ ਪਰਿਵਰਤਨ ਪੈਦਾ ਨਾ ਕਰ ਸਕਿਆ। ਸਿੱਟਾ ਘਰਾਂ ਦੇ ਟੁੱਟਣ ਵਿੱਚ, ਪਰਿਵਾਰਕ ਜੀਵਨ ਦੇ ਵਿਘਟਨ ਵਿੱਚ, ਤਲਾਕਾਂ ਵਿੱਚ ਅਤੇ ਅੰਤਿਮ ਅਵੱਸਥਾ ਵਿੱਚ ਇਕ ਮਾਪਾ ਟੱਬਰਾਂ ਤੀਕਰ ਟੁੱਟ ਜਾਣ ਵਿੱਚ ਹੋਇਆ।"[3] ਪਰਵਾਸੀ ਪੰਜਾਬੀ ਸਮੁਦਾਇ ਦਾ ਮੁੱਢਲਾ ਅਧਾਰ ਪੂੰਜੀ ਪ੍ਰਾਪਤੀ ਹੈ। ਜਿਸ ਕਾਰਨ ਪਰਵਾਸੀ ਪੰਜਾਬੀਆਂ ਦੇ ਰਿਸ਼ਤੇ ਪੂੰਜੀ ਕੇਂਦਰਿਤ ਹੋ ਗਏ ਹਨ। ਸਭਿਆਚਾਰਕ ਕਦਰਾਂ-ਕੀਮਤਾਂ ਦਾ ਵੱਖਰਾ ਹੋਣਾ ਪਹਿਲੀ ਪੀੜ੍ਹੀ ਦੀ ਤ੍ਰਾਸਦੀ ਸੀ ਪਰੰਤੂ ਦੂਜੀ ਜਾਂ ਤੀਜੀ ਪੀੜ੍ਹੀ ਲਈ ਇਹ ਪੱਛਮੀ ਸਭਿਆਚਾਰ ਹੀ ਉਹਨਾਂ ਦਾ ਮੁੱਖ ਸਭਿਆਚਾਰ ਹੈ। ਕਿਉਂਕਿ ਪਹਿਲੀ ਪੀੜ੍ਹੀ ਲਈ ਜਿਹੜਾ ਸਭਿਆਚਾਰ ਓਪਰਾ ਸੀ, ਉਹ ਦੂਜੀ ਜਾਂ ਤੀਜੀ ਪਰਵਾਸੀ ਪੰਜਾਬੀ ਪੀੜ੍ਹੀ ਲਈ ਆਪਣਾ ਹੈ ਤੇ ਜਿਹੜਾ ਪਹਿਲੀ ਲਈ ਆਪਣਾ ਹੈ, ਉਹ ਦੂਜੀ ਲਈ ਓਪਰਾ ਜਾਂ ਬੇਗਾਨਾ ਸੀ। ਜਿਸ ਕਾਰਨ ਪਰਵਾਸੀ ਪੰਜਾਬੀ ਪਰਿਵਾਰਾਂ ਦਾ ਸਭਿਆਚਾਰਕ ਯਥਾਰਥ ਬਦਲਣ ਲੱਗ ਪਿਆ। ਸਭਿਆਚਾਰ ਦੇ ਸੰਦਰਭ 'ਚ ਇਕ ਗੱਲ ਵਿੱਚਾਰਨਯੋਗ ਹੈ ਕਿ "ਅਗਰ ਅਸੀਂ ਕਿਸੇ ਹੋਰ ਸਭਿਆਚਾਰ ਵਿੱਚ ਵਿੱਚਰ ਰਹੇ ਹਾਂ, ਸਾਡੀ ਔਲਾਦ ਉਸੇ ਸਭਿਆਚਾਰ ਵਿੱਚ ਜੰਮੀ-ਪਲੀ ਤੇ ਪਰਵਾਨ ਚੜ੍ਹੀ ਹੈ ਤਾਂ ਉਸ ਕੋਲ ਮਾਪਿਆਂ ਦੇ ਸਭਿਆਚਾਰ ਦਾ ਮਾਨਸਿਕ ਜਾਂ ਸਮਾਜੀ ਹਵਾਲਾ ਕੇਵਲ ਘਰ ਦੇ ਜਾਂ ਆਪਣੇ ਸਭਿਆਚਾਰ ਦੇ ਭਾਈਚਾਰਕ ਦਾਇਰੇ ਤੋਂ ਛੁੱਟ ਹੋਰ ਕੋਈ ਨਹੀਂ ਹੋ ਸਕਦਾ। ਪਰ ਮਾਪੇ ਪੈਸਾ ਕਮਾਉਣ ਤੋਂ ਛੁੱਟ ਹੋਰ ਸਮੱਸਿਆ ਦਾ ਸੁਲਝਾਉ ਕਰਨ ਤੋਂ ਅਸਮਰੱਥ ਰਹਿੰਦੇ ਹਨ। ਇਸ ਲਈ ਪਰਵਾਸੀ ਪੰਜਾਬੀ ਇਕ ਮਿੱਸੀ ਤੇ ਰਲਗੱਡ ਜਿਹੀ ਜ਼ਿੰਦਗੀ ਬਸਰ ਕਰ ਰਹੇ ਹਨ। ਇਹਨਾਂ ਦਾ ਸਮਾਜੀ ਘੇਰਾ, ਸਮਾਜੀ ਕੀਮਤਾਂ, ਦ੍ਰਿਸ਼ਟੀਕੋਣ ਅਤੇ ਵਿਅਕਤਿਤਵ ਨਾਪਣ ਦਾ ਪੈਮਾਨਾ ਆਪਣੀ ਕਿਸਮ ਦਾ ਹੈ ਅਤੇ ਇਹ ਸਭ ਕੁਝ ਉਨ੍ਹਾਂ ਦੇ ਆਰਥਿਕ ਦ੍ਰਿਸ਼ਟੀਕੋਣ ਦੇ ਦੁਆਲੇ ਘੁੰਮਦਾ ਹੈ।"[4] ਅਜਿਹੇ ਦ੍ਰਿਸ਼ਟੀਕੋਣ ਕਾਰਨ ਨਵੀਂ ਅਤੇ ਪੁਰਾਣੀ ਪੀੜ੍ਹੀ ਦਾ ਪਾੜਾ ਦਿਨੋ ਦਿਨ ਵੱਧ ਰਿਹਾ ਹੈ। ਮਾਪਿਆਂ ਵਲੋਂ ਕੀਤੀ ਜਾਂਦੀ ਟੋਕਾ-ਟਾਕੀ ਉਹਨਾਂ ਦੇ ਬਰਦਾਸ਼ਤ ਤੋਂ ਬਾਹਰ ਹੈ। ਪਰਵਾਸੀ ਪੰਜਾਬੀ ਕੁੜੀਆਂ, "ਕਈ ਵਾਰ ਦੁਖੀ ਹੋ ਕੇ ਮਾਪਿਆਂ ਦਾ ਘਰ ਛੱਡ ਕੇ ਪੱਛਮੀ ਕੁੜੀਆਂ ਵਾਂਗ ਵੱਖਰੀਆਂ ਰਹਿਣ ਲੱਗ ਪੈਂਦੀਆਂ ਹਨ। ਪੱਛਮ ਦੀ ਸੁਸਾਇਟੀ ਦੀ ਖੁੱਲ੍ਹ ਭਾਰਤੀ ਕੁੜੀਆਂ ਉੱਤੇ ਮੁੰਡਿਆਂ ਨਾਲੋਂ ਕਿਤੇ ਵੱਧ ਅਸਰ-ਅੰਦਾਜ਼ ਹੋਈ ਹੈ ਅਤੇ ਸਿੱਟੇ ਵਜੋਂ ਉਨ੍ਹਾਂ ਅਤੇ ਮਾਪਿਆਂ ਵਿੱਚਕਾਰ ਪੀੜ੍ਹੀ-ਪਾੜ੍ਹਾ ਵੀ ਤੁਲਨਾਤਮਕ ਤੌਰ 'ਤੇ ਵਧੇਰੇ ਹੈ। ਉਹ ਮਾਪਿਆਂ ਦੇ ਘਰਾਂ ਨੂੰ ਛੱਡ ਕੇ ਇਕੱਲੀਆਂ ਰਹਿ ਰਹੀਆਂ ਹਨ। ਇਸ ਦਾ ਇਕ ਪ੍ਰਤੱਖ ਕਾਰਨ ਤਾਂ ਮੁੰਡਿਆਂ ਤੇ ਕੁੜੀਆਂ ਪ੍ਰਤਿ ਏਸ਼ੀਅਨ ਮਾਪਿਆਂ ਦਾ ਦੋਹਰਾ ਮਾਪਦੰਡ ਹੋ ਸਕਦਾ ਹੈ ਤੇ ਦੂਜਾ ਘਰ ਵਿੱਚ ਮਾਂ ਦਾ ਪਿਉ ਹੱਥੋਂ ਮਾਨਸਿਕ ਸ਼ੋਸ਼ਣ ਵੀ ਕੁੜੀ ਨੂੰ ਵੱਖਰਾ ਰਸਤਾ ਲੱਭਣ ਲਈ ਮਜਬੂਰ ਕਰਦਾ ਹੈ, ਕਿਉਂਕਿ ਉਹ ਮਾਂ ਦੇ ਵਰਤਮਾਨ ਰੂਪ ਵਿੱਚੋਂ ਆਪਣੇ ਸਮਰੂਪੀ ਭਵਿੱਖ ਦੀ ਤਸਵੀਰ ਵੇਖ ਕੇ ਤਣਾਉਸ਼ੀਲ ਹੋ ਜਾਂਦੀ ਹੈ। ਦੂਜੇ ਪਾਸੇ ਉਹ ਮੁੱਖ-ਧਾਰਾ ਦੀ ਅੰਗਰੇਜ਼ ਕੁੜੀ ਨੂੰ ਵੇਖ ਰਹੀ ਹੁੰਦੀ ਹੈ।"[5] ਜਿਸ ਕਾਰਨ ਇਹ ਪੀੜ੍ਹੀ-ਪਾੜਾ ਹੋਰ ਵਿਸਥਾਰ ਲੈ ਲੈਂਦਾ ਹੈ। ਹੋਰ ਮੁਸ਼ਕਲਾਂ ਦੇ ਨਾਲ-ਨਾਲ ਪਰਵਾਸ ਵਿੱਚ ਬਜ਼ੁਰਗਾਂ ਦੀ ਹਾਲਤ ਤਰਸਯੋਗ ਬਣੀ ਹੋਈ ਹੈ। ਪਰਵਾਸ ਵਿੱਚ ਪਹਿਲੀ ਪੀੜ੍ਹੀ ਨਾਲ ਸੰਬੰਧਤ ਬਜ਼ੁਰਗਾਂ ਨੇ ਸਮੇਂ ਅਨੁਸਾਰ ਆਪਣੇ ਆਪ ਨੂੰ ਢਾਲ ਲਿਆ ਹੈ ਪਰੰਤੂ "ਦੂਜੀ ਤਰ੍ਹਾਂ ਦੇ ਬਜ਼ੁਰਗ ਪਹਿਲੀ ਪ੍ਰਕਾਰ ਦੇ ਬਜ਼ੁਰਗਾਂ ਨਾਲੋਂ ਜਿਆਦਾ ਸੰਤਾਪ ਭੋਗਦੇ ਹਨ। ਬਜ਼ੁਰਗਾਂ ਨੂੰ ਕੋਲ ਸੱਦਣ ਦਾ ਰੁਝਾਨ ਪਰਵਾਸੀਆਂ ਦੇ ਆਰਥਿਕ

---

3. ਸਵਰਨ ਚੰਦਨ, *ਬ੍ਰਤਾਨਵੀ ਪੰਜਾਬੀ ਜਨ-ਜੀਵਨ ਤੇ ਸਾਹਿਤ*, ਸੂਰਜ ਪ੍ਰਕਾਸ਼ਨ, ਦਿੱਲੀ, 1994, ਪੰਨਾ 37.
4. ਜੋਗਿੰਦਰ ਸ਼ਮਸ਼ੇਰ, *ਬਰਤਾਨੀਆ ਵਿੱਚ ਪੰਜਾਬੀ ਜੀਵਨ ਅਤੇ ਸਾਹਿਤ*, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1992, ਪੰਨਾ 46.
5. ਸਵਰਨ ਚੰਦਨ, *ਬ੍ਰਤਾਨਵੀ ਪੰਜਾਬੀ ਸਾਹਿਤ ਦੀਆਂ ਸਮੱਸਿਆਵਾਂ*, ਨੈਸ਼ਨਲ ਬੁੱਕਸ਼ਾਪ, ਦਿੱਲੀ, 1997, ਪੰਨਾ 136.

ਹਿੱਤ ਵਿੱਚੋਂ ਨਿਕਲਦਾ ਹੈ। ਬੱਚਿਆਂ ਨੂੰ ਸੰਭਾਲਣ ਲਈ ਮਾਂ-ਬਾਪ ਨੂੰ ਇਮੀਗ੍ਰੇਟ ਕਰਵਾਇਆ ਜਾਂਦਾ ਹੈ। ਆਮ ਤੌਰ 'ਤੇ ਰੁਝਾਨ ਤਾਂ ਮਾਂ ਨੂੰ ਬੁਲਾਉਣਾ ਹੀ ਹੁੰਦਾ ਹੈ ਪਰ ਬਾਪ ਨੂੰ ਸੱਦਣਾ ਇਸ ਕਰਕੇ ਵੀ ਜ਼ਰੂਰੀ ਹੋ ਜਾਂਦਾ ਹੈ ਕਿ ਉਹ ਇਕੱਲਾ ਪਿਛੇ ਕੀ ਕਰੇਗਾ।"[6] ਬੱਚਿਆਂ ਦੇ ਵੱਡੇ ਹੋਣ ਉਪਰੰਤ ਅਤੇ ਬਜ਼ੁਰਗਾਂ ਵਲੋਂ ਉਹਨਾਂ ਦੇ ਕੰਮਾਂ-ਕਾਰਾਂ ਵਿੱਚ ਟੋਕਾ-ਟਾਕੀ ਕਾਰਨ ਉਥੋਂ ਦੀ ਨਵੀ ਪੀੜ੍ਹੀ ਤਣਾਉ ਮਹਿਸੂਸ ਕਰਦੀ ਹੈ। ਜਿਸ ਕਾਰਨ "ਦੇਸੋਂ ਆਏ ਬਜ਼ੁਰਗ ਆਪਣੇ-ਆਪ ਨੂੰ ਗੁਆਚੀ ਭੇਡ ਵਾਂਗ ਮਹਿਸੂਸ ਕਰਦੇ ਹਨ। ਇਸ ਤਰ੍ਹਾਂ ਮਹਿਸੂਸ ਕਰਨ ਦੇ ਕਈ ਕਾਰਨ ਹੋਰ ਵੀ ਹਨ। ਧੀ ਜਾਂ ਪੁੱਤ ਜੀਹਨੇ ਆਪਣੇ ਬਜ਼ੁਰਗ ਮੰਗਾਏ ਹਨ, ਉਹ ਰਾਣੀ ਦੀ ਫੋਟੋ ਵਾਲੇ ਹਰੇ ਨੋਟਾਂ ਨੂੰ ਇਕੱਠਾ ਕਰਨ ਵਿੱਚ ਬੁਰੀ ਤਰ੍ਹਾਂ ਖੁੱਭੇ ਹਨ। ਓਵਰਟਾਈਮ ਲਾ ਕੇ, ਪੱਬ ਵਿੱਚ ਜਾਣ ਤੇ ਕਈ ਹੋਰ ਝਮੇਲਿਆਂ ਕਰਕੇ, ਬਜ਼ੁਰਗਾਂ ਨਾਲ ਗੱਲ-ਕੱਥ ਕਰਨ ਦਾ ਏਨਾ ਸਮਾਂ ਨਹੀਂ ਨਿਕਲਦਾ। ਬੱਚੇ ਅੰਗਰੇਜ਼ੀ ਵਿੱਚ ਗੱਲਬਾਤ ਕਰਦੇ ਹਨ ਤੇ ਬਜ਼ੁਰਗਾਂ ਦੇ ਪੱਲੇ ਕੱਖ ਨਹੀਂ ਪੈਂਦਾ।"[7] ਉਪਰੋਕਤ ਸਥਿਤੀਆਂ ਪਰਵਾਸੀ ਸਮਾਜ ਦੇ ਰਿਸ਼ਤਿਆਂ ਦੇ ਸਮੀਕਰਨਾਂ ਨੂੰ ਬਦਲ ਰਹੀਆਂ ਹਨ ਅਤੇ ਬਦਲੇ ਹੋਏ ਸਮਾਜਿਕ ਰਿਸ਼ਤਿਆਂ ਦੀ ਵਿਆਕਰਣ ਬੁੱਧੀਜੀਵੀ ਜਦੋਂ ਦੇਸ਼ ਛੱਡ ਕੇ ਪਰਦੇਸ ਜਾਂਦਾ ਹੈ ਤਾਂ ਉਹ ਆਪਣੇ ਨਾਲ ਆਪਣਾ ਇਕ ਅੰਤਰਵਾਦੀ ਵਰਤਾਰਾ ਜਾਂ ਸੰਸਾਰ ਨਾਲ ਲੈ ਕੇ ਜਾਂਦਾ ਹੈ। ਇਸ ਵਰਤਾਰੇ ਦਾ ਸੰਬੰਧ ਉਸ ਦੀ ਜਨਮ ਭੂਮੀ, ਉਸ ਦੇ ਸਭਿਆਚਾਰ ਤੇ ਉਸ ਦੀਆਂ ਸਿਮਰਤੀਆਂ ਨਾਲ ਹੁੰਦਾ ਹੈ। ਉਹ ਜਦੋਂ ਦੂਜੇ ਦੇਸ਼ ਵਿੱਚ ਜਾ ਕੇ ਆਬਾਦ ਹੋਣ ਦਾ ਯਤਨ ਕਰਦਾ ਹੈ ਤਾਂ ਇਕ ਪਾਸੇ ਉਸ਼ ਨੂੰ ਪਰਵਾਸ ਵਿੱਚਲੀਆਂ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਪ੍ਰਸਥਿਤੀਆਂ ਨਾਲ ਦੋ-ਚਾਰ ਹੋਣਾ ਪੈਂਦਾ ਹੈ ਅਤੇ ਦੂਜੇ ਪਾਸੇ ਉਹਨਾਂ ਸਿਮਰਤੀਆਂ ਨਾਲ ਜੂਝਣਾ ਪੈਂਦਾ ਹੈ, ਜਿਹੜੀਆਂ ਆਪਣੇ ਸੰਸਕਾਰਾਂ ਅਤੇ ਸਭਿਆਚਾਰ ਵਿੱਚੋਂ ਲੈ ਕੇ ਆਇਆ ਹੁੰਦਾ ਹੈ। ਇਸ ਲਈ ਉਸ ਨੂੰ ਇਕੋ ਸਮੇਂ ਦੋਹਾਂ ਧਰਾਤਲਾਂ ਤੇ ਵਿੱਚਰਨਾ ਪੈਂਦਾ ਹੈ। ਹਰਜੀਤ ਅਟਵਾਲ ਨੇ ਪਰਵਾਸੀ ਜੀਵਨ ਨੂੰ ਹੰਢਾਉਂਦੇ ਹੋਏ ਕਈ ਕੌੜੇ-ਮਿੱਠੇ ਅਹਿਸਾਸਾਂ ਦੀ ਪੇਸ਼ਕਾਰੀ *ਵਨ ਵੇਅ* (1998), *ਰੇਤ* (2003), *ਸਵਾਰੀ* (2005) ਨਾਵਲਾਂ ਰਾਹੀਂ ਪ੍ਰਵਾਸੀ ਪੰਜਾਬੀ ਸਮੁਦਾਇ ਦੇ ਰਿਸ਼ਤਿਆਂ ਦੀ ਬਦਲਦੀ ਵਿਆਕਰਣ ਦੀ ਪੇਸ਼ਕਾਰੀ ਭਰਵੇਂ ਰੂਪ ਵਿਚ ਕੀਤੀ ਹੈ।

ਹਰਜੀਤ ਅਟਵਾਲ ਦੇ ਨਾਵਲਾਂ ਵਿੱਚ ਮਰਦ-ਔਰਤ ਸੰਬੰਧਾਂ ਦੇ ਵਿਭਿੰਨ ਪਸਾਰ ਉਜਾਗਰ ਹੋਏ ਹਨ। ਪਰਵਾਸ ਧਾਰਨ ਉਪਰੰਤ ਪਰਵਾਸੀ ਪੰਜਾਬੀ ਆਰਥਿਕ ਤੌਰ 'ਤੇ ਤਾਂ ਮਜ਼ਬੂਤ ਹੋ ਜਾਂਦੇ ਹਨ, ਪਰੰਤੂ ਉਹਨਾਂ ਅੰਦਰ ਪੰਜਾਬੀ ਸਭਿਆਚਾਰ ਵਾਲੀਆਂ ਜਗੀਰੂ ਰੁਚੀਆਂ ਉਸੇ ਤਰ੍ਹਾਂ ਵਿਦਮਾਨ ਰਹਿੰਦੀਆਂ ਹਨ। ਇੰਗਲੈਂਡ ਵਰਗੇ ਵਿਕਸਤ ਦੇਸ਼ਾਂ ਵਿੱਚ ਜਾ ਕੇ ਵੀ ਉਹ ਉਹਨਾਂ ਜਗੀਰਦਾਰੀ ਸੋਚਾਂ ਨੂੰ ਖ਼ਤਮ ਨਹੀਂ ਕਰ ਪਾਉਂਦੇ। ਇਸ ਕਾਰਨ ਉਹਨਾਂ ਦੇ ਪਤੀ-ਪਤਨੀ ਵਰਗੇ ਪਵਿੱਤਰ ਰਿਸ਼ਤੇ ਵੀ ਟੁੱਟ ਜਾਂਦੇ ਹਨ। *ਸਵਾਰੀ* ਨਾਵਲ ਵਿੱਚ ਬਲਦੇਵ ਤੇ ਸਿਮਰਨ ਦੇ ਆਪਸੀ ਸੰਵਾਦ ਵਿੱਚੋਂ ਵੀ ਉਪਰੋਕਤ ਸਥਿਤੀ ਜ਼ਾਹਰ ਹੁੰਦੀ ਹੈ:

"ਮੈਨੂੰ ਨਹੀਂ ਚਾਹੀਦੀ ਅਜਿਹੀ ਜੌਬ।" "ਪਰ ਮੈਨੂੰ ਚਾਹੀਦੀ ਐ, ਮੇਰੀ ਹੁਣ ਅੱਗੇ ਪ੍ਰਮੋਸ਼ਨ ਦੇ ਚਾਂਸ ਐ।" "ਮੈਨੂੰ ਵਾਈਫ਼ ਚਾਹੀਦੀ ਐ। ਮੈਨੂੰ ਤੇਰਾ ਉਹ ਬੰਦਾ ਵੀ ਪਸੰਦ ਨਹੀਂ। ਮੈਨੂੰ ਤੇਰਾ ਓਪਰੇ ਬੰਦੇ ਨਾਲ ਜਾਣਾ ਵੀ ਪਸੰਦ ਨਹੀਂ।"[8]

ਅਜਿਹੀ ਜਗੀਰਦਾਰੀ ਸੋਚ ਕਾਰਨ ਪਰਵਾਸੀ ਪੰਜਾਬੀ ਸਮੁਦਾਇ ਦੇ ਰਿਸ਼ਤੇ ਤਣਾਉ-ਗ੍ਰਸਤ ਸਥਿਤੀ ਵਿੱਚੋਂ ਗੁਜ਼ਰ ਰਹੇ ਹਨ। ਜਿਸ ਕਾਰਨ ਮਰਦ-ਔਰਤ ਸੰਬੰਧਾਂ ਵਿੱਚ ਭਾਰੀ ਤ੍ਰੇੜਾਂ ਪੈਦਾ ਹੋ ਚੁੱਕੀਆਂ ਹਨ।

---

6. ਪਰਮਜੀਤ ਜੱਜ, *ਪਰਵਾਸ : ਸਭਿਆਚਾਰਕ ਸੰਕਟ,* ਐਨ. ਆਰ. ਆਈ. ਸਭਾ ਪੰਜਾਬ, ਜਲੰਧਰ, 2000, ਪੰਨਾ 111.
7. ਹਰੀਸ਼ ਮਲਹੋਤਰਾ, *ਮਸਲੇ ਪਰਵਾਸ ਦੇ,* ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1994, ਪੰਨੇ 62-63.
8. ਹਰਜੀਤ ਅਟਵਾਲ, *ਸਵਾਰੀ,* ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2005, ਪੰਨਾ 157.

ਹਰਜੀਤ ਅਟਵਾਲ ਨੇ ਆਪਣੇ ਨਾਵਲਾਂ ਰਾਹੀਂ ਪਰਵਾਸੀ ਪੰਜਾਬੀ ਪਰਿਵਾਰਾਂ ਦੀਆਂ ਸਮੱਸਿਆਵਾਂ ਨੂੰ ਮੂਲ ਆਧਾਰ ਬਣਾਇਆ ਹੈ। *ਵਨ-ਵੇਅ* ਦੇ ਪਾਤਰ ਪਰਵਾਸ ਵਿੱਚ ਉਪਜੇ ਤਣਾਉ ਦੇ ਸਤਰੰਜ਼ ਰੂਪੀ ਮੋਹਰੇ ਬਣੇ ਦਿਖਾਈ ਦਿੰਦੇ ਹਨ। ਨਾਵਲਕਾਰ ਨੇ "ਸੁਰਜਨ ਸਿੰਘ ਦੇ ਪਰਿਵਾਰ ਨੂੰ ਕੇਂਦਰ ਵਿੱਚ ਰੱਖ ਕੇ ਪਰਵਾਸੀ ਪੰਜਾਬੀਆਂ ਦੀ ਹੋਂਦ ਤੇ ਹੋਣੀ ਸੰਬੰਧੀ ਕਈ ਪ੍ਰਸ਼ਨ ਪੈਦਾ ਕੀਤੇ ਹਨ, ਜਿਨ੍ਹਾਂ ਰਾਹੀਂ ਸੰਵੇਦਨਸ਼ੀਲ ਮਨੁੱਖ ਦੇ ਮਨ ਵਿੱਚ ਪਰਵਾਸ ਨਾਲ ਜੁੜੇ ਬਿੰਬ ਇਕੋ ਸਮੇਂ ਕਈ ਦਿਸ਼ਾਵਾਂ ਗ੍ਰਹਿਣ ਕਰਦੇ ਪ੍ਰਤੀਤ ਹੁੰਦੇ ਹਨ। ਸੁਰਜਨ ਸਿੰਘ ਤੇ ਪ੍ਰਕਾਸ਼ ਕੌਰ ਦੀਆਂ ਪੰਜ ਧੀਆਂ ਹਨ। ਸੁਰਜਨ ਪੱਛਮੀ ਵਿਵਹਾਰ ਤੋਂ ਵਿੱਚਾਰ ਜਾਣੂ ਹੋਣ ਕਰਕੇ ਧੀਆਂ ਨੂੰ ਬੜੇ ਸਲੀਕੇ ਨਾਲ ਪਾਲਦਾ-ਪੋਸਦਾ ਹੈ ਤੇ ਉਹਨਾਂ ਨਾਲ ਦੋਸਤਾਨਾ ਸੰਬੰਧ ਰਖਦਾ ਹੈ। ਮਾਪਿਆਂ ਦੇ ਵਿਹਾਰ ਅਨੁਕੂਲ ਧੀਆਂ ਵੀ ਉਹਨਾਂ ਦਾ ਸਤਿਕਾਰ ਕਰਦੀਆਂ ਹਨ। ਸੁਰਜਨ ਚਾਰ ਧੀਆਂ ਦਾ ਵਿਆਹ ਆਪਣੀ ਮਰਜੀ ਨਾਲ ਕਰਦਾ ਹੈ, ਜਿਨ੍ਹਾਂ ਵਿੱਚੋਂ ਤਿੰਨਾਂ ਦਾ ਘਰ ਟੁੱਟ ਜਾਂਦਾ ਹੈ ਤੇ ਉਹ ਵਾਪਸ ਮਾਪਿਆਂ ਦੇ ਘਰ ਪਹੁੰਚ ਜਾਂਦੀਆਂ ਹਨ। ਸਭ ਤੋਂ ਵੱਡੀ ਕੁੜੀ ਗੁਰਿੰਦਰ, ਸੁਰਜਨ ਦੇ ਇਕ ਸਹਿਕਾਮੇ ਦਿਲਬਾਗ ਨਾਲ ਵਿਆਹੀ ਜਾਂਦੀ ਹੈ। ਦੂਸਰੀ, ਬਲਜਿੰਦਰ ਦਾ ਵਿਆਹ ਪੰਜਾਬੋਂ ਆਏ ਮੁੰਡੇ ਗੁਰਜੰਟ ਨਾਲ ਹੋ ਜਾਂਦਾ ਹੈ। ਉਨ੍ਹਾਂ ਦੋਵਾਂ ਜਵਾਈਆਂ ਕੋਲੋਂ ਉਸ ਨੂੰ ਜਗੀਰੂ ਮਰਦ ਦੀ ਭਿਣਕ ਪੈਂਦੀ ਹੈ ਤੇ ਤੀਸਰੀ ਧੀ ਦੇ ਵਿਆਹ ਵੇਲੇ ਉਹ ਆਪਣੀ ਪਤਨੀ ਨੂੰ ਕਹਿੰਦਾ ਹੈ[9] ਕਿ "ਹੁਣ ਅਸੀਂ ਕੁੜੀ ਏਦਾਂ ਨਹੀਂ ਵਿਆਹੁਣੀ, ਫਿਊਡਲ ਵੈਲਯੂ ਦੇ ਅਗੇਨਸਟ ਖੜਨੈ, ਏਦਾਂ ਦਾ ਮੁੰਡਾ ਲੱਭਣੈ, ਜਿਹੜਾ ਕੁੜੀ ਨੂੰ ਓਨ ਨਾ ਕਰੇ, ਉਹਦੇ ਨਾਲ ਜ਼ਿੰਦਗੀ ਸ਼ੇਅਰ ਕਰੇ। ਹਰ ਫ਼ੈਸਲੇ ਵਿੱਚ ਕੁੜੀ ਬਰਾਬਰ ਦੀ ਹਿੱਸੇਦਾਰ ਹੋਵੇ।"[10]

ਹਰਜੀਤ ਅਟਵਾਲ ਨੇ ਆਪਣੇ ਨਾਵਲਾਂ ਵਿੱਚ ਜਿੱਥੇ ਪਰਵਾਸੀ ਪੰਜਾਬੀ ਸਮੁਦਾਇ ਦੀਆਂ ਹੋਰ ਸਮੱਸਿਆਵਾਂ ਦੀ ਪੇਸ਼ਕਾਰੀ ਕੀਤੀ ਹੈ, ਉਸ ਦੇ ਨਾਲ-ਨਾਲ ਪੀੜ੍ਹੀ-ਪਾੜੇ ਦੀ ਪੇਸ਼ਕਾਰੀ ਵੀ ਭਰਵੇਂ ਰੂਪ ਵਿੱਚ ਹੋਈ ਮਿਲਦੀ ਹੈ। ਪ੍ਰਵਾਸ ਵਿੱਚ "ਇਹ ਪੀੜ੍ਹੀਆਂ ਵਿੱਚਕਾਰਲਾ ਪਾੜਾ ਮੂਲ ਰੂਪ ਵਿੱਚ ਦੋਹਾਂ ਪੁਸ਼ਤਾਂ ਵਿੱਚਕਾਰ ਸਭਿਆਚਾਰਕ ਵਿੱਥ ਦਾ ਦੂਜਾ ਨਾਂ ਹੈ। ਇਕ ਪੁਸ਼ਤ ਦੀਆਂ ਕਦਰਾਂ-ਕੀਮਤਾਂ ਦਾ ਪਿਛੋਕੜ ਪੇਂਡੂ ਜ਼ਮੀਨ ਹੈ ਤੇ ਦੂਜੀ, ਮਸ਼ੀਨੀ ਨਾਗਰਿਕ ਉਦਯੋਗਿਕ ਪੂੰਜੀਵਾਦੀ ਮਾਹੌਲ ਵਿੱਚ ਜਨਮੀ ਤੇ ਜਵਾਨ ਹੋ ਕੇ ਪ੍ਰਵਾਨ ਚੜ੍ਹੀ ਹੈ।"[11] ਪੱਛਮੀ ਪੂੰਜੀਵਾਦੀ ਨਿਜਾਮ ਹੇਠ ਪਲੀ ਪੀੜ੍ਹੀ ਆਪਣੇ ਮਾਪਿਆਂ ਦਾ ਵਿਰੋਧ ਕਰਦੀ ਹੈ ਕਿਉਂਕਿ ਉਹ ਹਰ ਕੰਮ ਵਿੱਚ ਆਪਣੀ ਮਨ-ਮਰਜ਼ੀ ਕਰਨੀ ਚਾਹੁੰਦੇ ਹਨ। *ਸਵਾਰੀ* ਨਾਵਲ ਦਾ ਪਾਤਰ ਹਰਵਿੰਦਰ ਪੱਛਮੀ ਪ੍ਰਭਾਵ ਅਧੀਨ ਆਪਣੇ ਕੰਮ ਵਿਚ ਵਿਚ ਕੋਈ ਦਖਲ ਅੰਦਾਜ਼ੀ ਨਹੀਂ ਚਾਹੁੰਦਾ। ਜਿਸ ਕਰਕੇ ਉਹ ਆਪਣੇ ਪਿਤਾ ਨੂੰ ਕਹਿੰਦਾ ਹੈ:

"ਸਟੌਪ ਇਟ, ਅਦਰਵਾਈਜ਼ ਆਏ ਐਮ ਕਾਲਿੰਗ ਦਾ ਪੋਲੀਸ।"[12]

ਪਰਵਾਸੀ ਪੰਜਾਬੀ ਸਮੁਦਾਇ ਅੰਦਰ ਪੀੜ੍ਹੀਆਂ ਵਿੱਚਲਾ ਇਹ ਉਹ ਫਾਸਲਾ ਹੈ, ਜਿਹੜਾ ਸੋਚਾਂ, ਜੀਵਨ ਦੀਆਂ ਕਦਰਾਂ-ਕੀਮਤਾਂ, ਪੜ੍ਹਾਈ-ਲਿਖਾਈ ਤੋਂ ਇਲਾਵਾ ਸਮਾਜਿਕ ਯਥਾਰਥ ਦੀਆਂ ਤਬਦੀਲੀਆਂ ਦੇ ਅਨੁਰੂਪ ਨਾ ਢਲ ਸਕਣ ਦੇ ਫ਼ਰਕਾਂ ਕਾਰਨ ਪੈਦਾ ਹੁੰਦਾ ਹੈ। ਦੂਜੀ ਪੀੜ੍ਹੀ ਦੀ ਮਾਤ ਭਾਸ਼ਾ ਅੰਗਰੇਜ਼ੀ ਹੈ ਜੋ ਪਹਿਲੀ ਪੀੜ੍ਹੀ ਲਈ ਮੁਸ਼ਕਲਾਂ ਦਾ ਕਾਰਨ ਬਣਦਾ ਹੈ। ਇਸ ਤੋਂ ਇਲਾਵਾ ਭਾਰਤੀ ਮਰਦ ਜਦੋਂ ਆਪਣੀਆਂ ਧੀਆਂ ਨੂੰ ਕਿਸੇ ਓਪਰੇ ਲੜਕੇ ਨਾਲ ਗੱਲ ਬਾਤ ਕਰਦੇ ਵੇਖਦੇ ਹਨ ਤਾਂ ਆਪੇ ਤੋਂ ਬਾਹਰ ਹੋ ਕੇ ਆਪਣੀਆਂ ਧੀਆਂ ਉਤੇ ਤਸ਼ੱਦਦ ਕਰਦੇ ਹਨ। ਜਿਸ ਕਾਰਨ ਪੀੜ੍ਹੀ-ਪਾੜੇ ਦਾ ਇਹ ਪਾੜਾ ਹੋਰ ਚੌੜਾ

9. ਜਗਦੀਪ ਸਿੰਘ, *ਬਰਤਾਨਵੀ ਪੰਜਾਬੀ ਨਾਵਲ ਰਿਸ਼ਤਿਆਂ ਦੇ ਬਦਲਦੇ ਸਰੂਪ,* ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 2003, ਪੰਨਾ 115.
10. ਹਰਜੀਤ ਅਟਵਾਲ, *ਵਨ-ਵੇਅ,* ਆਰਸੀ ਪਬਲੀਕੇਸ਼ਨਜ਼, ਚਾਂਦਨੀ ਚੌਂਕ, ਦਿੱਲੀ, 1999, ਪੰਨਾ 127.
11. ਡਾ. ਦਰਸ਼ਨ ਸਿੰਘ ਗਿੱਲ, *ਕੈਨੇਡੀਅਨ ਪੰਜਾਬੀ ਕਵਿਤਾ,* ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1998, ਪੰਨਾ 142.
12. ਹਰਜੀਤ ਅਟਵਾਲ, *ਸਵਾਰੀ,* ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2005, ਪੰਨਾ 140.

ਹੁੰਦਾ ਜਾਂਦਾ ਹੈ, *ਸਵਾਰੀ* ਨਾਵਲ ਵਿੱਚ ਅਜਮੇਰ ਆਪਣੀ ਧੀ ਸ਼ੈਰਨ ਨੂੰ ਜਦੋਂ ਕਿਸੇ ਅੰਗਰੇਜ਼ ਲੜਕੇ ਨਾਲ ਗੱਲਬਾਤ ਕਰਦੀ ਵੇਖ ਲੈਂਦਾ ਹੈ ਤਾਂ ਉਹ ਆਪੇ ਤੋਂ ਬਾਹਰ ਹੋ ਜਾਂਦਾ ਹੈ, ਜਿਸ ਕਾਰਨ ਹੇਠ ਲਿਖੀ ਸਥਿਤੀ ਉਤਪੰਨ ਹੋ ਜਾਂਦੀ ਹੈ।

"ਉਸ ਨੇ ਉਪਰ ਜਾਂਦਿਆਂ ਹੀ ਫਾੜ੍ਹ ਕਰਦੀ ਇਕ ਚੁਪੇੜ ਸ਼ੈਰਨ ਦੇ ਮਾਰੀ। ਜਦੋਂ ਗੁਰਿੰਦਰ ਨੇ ਹੱਥ ਫੜਿਆ ਤਾਂ ਅਜਮੇਰ ਨੇ ਗੰਦੀ ਗਾਲ੍ਹ ਕੱਢ ਦੂਜੇ ਹੱਥ ਨਾਲ ਥੱਪੜ ਜੜ ਦਿੱਤਾ।"[13]

ਇਸ ਤਰ੍ਹਾਂ ਪੱਛਮੀ ਸਭਿਆਚਾਰ ਵਿੱਚ ਜਾ ਕੇ ਵੀ ਪਰਵਾਸੀ ਭਾਰਤੀ ਆਪਣੇ ਸਭਿਆਚਾਰਕ ਮੁੱਲਾਂ ਨੂੰ ਤਿਲਾਂਜਲੀ ਨਹੀਂ ਦੇ ਸਕਦੇ। ਜਿਸ ਕਾਰਨ ਉਹਨਾਂ ਦੀ ਦੋਹਾਂ ਪੀੜ੍ਹੀਆਂ ਦੇ ਰਿਸ਼ਤਿਆਂ ਦੀ ਵਿਆਕਰਣ ਹੋਰ ਗੁੰਝਲਦਾਰ ਹੁੰਦੀ ਜਾਂਦੀ ਹੈ।

ਹਰਜੀਤ ਅਟਵਾਲ ਦੇ ਨਾਵਲਾਂ ਵਿੱਚ ਪੇਸ਼ ਪਾਤਰਾਂ ਦਾ ਸੰਘਰਸ਼ ਜਾਂ ਮੁਸ਼ਕਲਾਂ ਦੇ ਦੋ ਪੜਾਅ ਪੇਸ਼ ਹੋਏ ਹਨ। ਪਹਿਲੇ ਪੜਾਅ ਤੇ ਪਰਵਾਸੀ ਬੇਗਾਨੀ ਧਰਤੀ ਉਤੇ ਰਹਿਣ-ਸਹਿਣ ਅਤੇ ਆਰਥਿਕਤਾ ਦਾ ਤਾਂ ਸਾਹਮਣਾ ਕਰਦੇ ਹੀ ਹਨ, ਪਰ ਦੇਸ਼ ਵਾਪਸੀ ਸਮੇਂ ਇਹਨਾਂ ਨੂੰ ਆਪਣੇ ਰਿਸ਼ਤੇਦਾਰਾਂ ਕੋਲੋਂ ਆਰਥਿਕ ਲੁੱਟ ਦਾ ਸ਼ਿਕਾਰ ਹੋਣਾ ਪੈਂਦਾ ਹੈ। ਪਰਵਾਸੀ ਪੰਜਾਬੀ ਸਮੁਦਾਇ ਦੇ ਰਿਸ਼ਤੇਦਾਰ ਚਾਹੁੰਦੇ ਹਨ ਕਿ ਉਹ ਉਹਨਾਂ ਨੂੰ ਆਪਣੀਆਂ ਜ਼ਮੀਨਾਂ ਜਾਇਦਾਦਾਂ ਵੀ ਸੌਂਪ ਜਾਣ ਜਿਸ ਕਰਕੇ ਪਰਵਾਸੀ ਪੰਜਾਬੀ ਸਮੁਦਾਇ ਦਾ ਆਪਣੀ ਧਰਤੀ ਪ੍ਰਤੀ ਮੋਹ ਭੰਗ ਹੋ ਰਿਹਾ ਹੈ। *ਵਨ-ਵੇਅ* ਨਾਵਲ ਦਾ ਬਿਰਤਾਂਤ ਪੂੰਜੀਵਾਦੀ ਵਿਵਸਥਾ ਕਾਰਨ ਪੰਜਾਬੀ ਭਾਈਚਾਰੇ ਦੇ ਰਿਸ਼ਤਿਆਂ ਦੀ ਬਦਲ ਰਹੀ ਵਿਆਕਰਣ ਦੀ ਹਾਮੀ ਭਰਵੇਂ ਰੂਪ ਵਿਚ ਭਰਦਾ ਨਜ਼ਰ ਆਉਂਦਾ ਹੈ।

"ਮੈਂ ਪਿੰਡ ਗਿਆ, ਪਹਿਲਾਂ ਤਾਂ ਸਿੱਧੇ ਮੂੰਹ ਗੱਲ ਨਹੀਂ ਸੀ ਕਰਦਾ, ਜਦ ਉਹਨੂੰ ਪਤਾ ਲੱਗਾ ਕਿ ਮੈਨੂੰ ਕੋਈ ਹਿੱਸਾ ਨਹੀਂ ਚਾਹੀਦਾ ਤਾਂ ਖੁੱਲ੍ਹ ਕੇ ਬੋਲਣ ਲੱਗਾ ਤੇ ਬੋਤਲ ਵੀ ਲੈ ਆਇਆ।"[14]

ਉਪਰੋਕਤ ਬਿਰਤਾਂਤ ਮੌਜੂਦਾ ਸਮਾਜਿਕ ਵਿਵਸਥਾ ਦੀ ਪੇਸ਼ਕਾਰੀ ਕਰਦੇ ਹਨ। ਮਨੁੱਖ ਨਾਲ ਰਿਸ਼ਤੇ ਆਰਥਿਕ ਰਿਸ਼ਤਿਆਂ ਵਿੱਚ ਤਬਦੀਲ ਹੋ ਗਏ ਹਨ।

ਹਰਜੀਤ ਅਟਵਾਲ ਦੇ ਨਾਵਲਾਂ ਵਿੱਚ ਸਭਿਆਚਾਰ ਦਾ ਸੰਕਟ ਵੱਡੀ ਸਮੱਸਿਆ ਦੇ ਰੂਪ ਵਿੱਚ ਉਭਰ ਕੇ ਆਇਆ ਹੈ। ਪਰਵਾਸੀ ਪੰਜਾਬੀ ਨਾਵਲ ਵਿੱਚ "ਪੂਰਬ-ਪੱਛਮ ਆਂਤਰਿਕ ਸਾਂਸਕ੍ਰਿਤਕ ਸੰਕਟ ਉਸ ਸਮੇਂ ਤੱਕ ਗੰਭੀਰ ਸੰਕਟ ਪੈਦਾ ਨਹੀਂ ਕਰਦੇ ਜਦੋਂ ਤੱਕ ਪਰਵਾਸੀ ਪਾਤਰਾਂ ਦੀ ਪਹਿਲੀ ਪੀੜ੍ਹੀ ਜੋ ਭਾਰਤ ਵਿੱਚ ਜੰਮੀ ਪਲੀ ਹੈ ਅਤੇ ਭਾਰਤ ਵਿੱਚ ਜੰਮੀਆਂ ਪਲੀਆਂ ਆਪਣੀਆਂ ਪਤਨੀਆਂ ਨੂੰ ਭਾਰਤ ਵਿੱਚ ਲਿਆਉਂਦੇ ਹਨ ਪਰੰਤੂ ਗੰਭੀਰ ਆਂਤਰਿਕ ਸੰਕਟ ਉਸ ਸਮੇਂ ਵਾਪਰਦਾ ਹੈ ਜਦੋਂ ਲੰਡਨ ਜਾਂ ਬਰਤਾਨੀਆਂ ਵਿੱਚ ਪਲੀ ਪੀੜ੍ਹੀ ਦੇ ਰਿਸ਼ਤੇ ਭਾਰਤ ਵਿੱਚ ਪਲੀ ਪੀੜ੍ਹੀ ਨਾਲ ਕੀਤੇ ਜਾਂਦੇ ਹਨ। ਵੱਖੋ-ਵੱਖਰੇ ਸਾਂਸਕ੍ਰਿਤਕ ਪਰਿਪੇਖ ਵਿੱਚ ਉਪਜੀ ਮਾਨਸਿਕਤਾ ਦਾ ਸੰਕਟ ਪੈਦਾ ਹੁੰਦਾ ਹੈ।"[15] *ਵਨ-ਵੇਅ* ਦਾ ਪਾਤਰ ਰਾਜੂ ਪੰਜਾਬੀ ਸਭਿਆਚਾਰਕ ਕਦਰਾਂ-ਕੀਮਤਾਂ ਨੂੰ ਲੈ ਕੇ ਇੰਗਲੈਂਡ ਪਹੁੰਚਾ ਸੀ ਜਿਸ ਕਾਰਨ ਉਹ ਸੁਖਵੀਰ (ਪਤਨੀ) ਦੀਆਂ ਇਛਾਵਾਂ ਤੇ ਪੂਰਾ ਨਹੀਂ ਉਤਰਦਾ। ਸੁਖਵੀਰ ਆਪਣੇ ਬਾਪ ਦੇ ਪੁੱਛਣ ਤੇ ਕਿ ਰਾਜੂ ਕਿਹੋ ਜਿਹਾ ਲੱਗਾ, ਤਾਂ ਸੁਖਵੀਰ ਜਾਵਾਬ ਦਿੰਦੀ ਹੈ "ਬਿਟ ਫੈਟ ਬਿਟ ਅਮਲੀ"। ਰਾਜੂ ਦੀਆਂ ਹਰਕਤਾਂ ਤੋਂ ਤੰਗ ਆ ਕੇ ਸੁਖਵੀਰ ਆਪਣੀ ਭੈਣ ਜਿਸ ਨੇ ਉਸ ਦਾ ਰਿਸ਼ਤਾ ਕਰਵਾਇਆ ਸੀ, ਨੂੰ ਗਾਲ੍ਹਾਂ ਕੱਢਦੀ ਹੋਈ ਕਹਿੰਦੀ ਹੈ:

---

13. *ਉਹੀ,* ਪੰਨਾ 243.
14. *ਉਹੀ, ਵਨ-ਵੇਅ,* ਆਰਸੀ ਪਬਲੀਕੇਸ਼ਨਜ਼, ਚਾਂਦਨੀ ਚੌਂਕ, ਦਿੱਲੀ, 1999, ਪੰਨਾ 75.
15. ਡਾ. ਸੁਖਵਿੰਦਰ ਸਿੰਘ ਰੰਧਾਵਾ, *ਹਰਜੀਤ ਅਟਵਾਲ ਦੀ ਨਾਵਲ ਦ੍ਰਿਸ਼ਟੀ,* ਸੁੰਦਰ ਬੁੱਕ ਡਿਪੂ, ਜਲੰਧਰ, 2005, ਪੰਨਾ 50.

"ਸੁਰਿੰਦਰ ਯੂ ਬਲੱਡੀ ਬਿੱਚ, ਯੂ ਆਰ ਰਿਲੈਕਸਿੰਗ ਵਿਦ ਯੋਅਰ ਮੈਨ, ਯੂ ਡਿਸਟਰਾਇਡ ਮਾਈ ਲਾਈਫ਼ ਬਰਿੰਗਿੰਗ ਮੀ ਹੀਅਰ ਇਨ ਦਾ ਹਿਲ।"[16]

ਉਪਰੋਕਤ ਬਿਰਤਾਂਤ ਸਭਿਆਚਾਰਕ ਦੁਖਾਂਤ ਦੀ ਪੇਸ਼ਕਾਰੀ ਕਰਦੇ ਹਨ ਜਿਹੜੇ ਪਰਵਾਸੀ ਪੰਜਾਬੀ ਸਮੁਦਾਇ ਪਰਵਾਸ ਵਿੱਚ ਹੰਢਾ ਰਹੀ ਹੈ। ਇਸ ਤਰ੍ਹਾਂ ਹਰਜੀਤ ਅਟਵਾਲ ਨੇ ਪਰਵਾਸੀ ਪੰਜਾਬੀ ਸਮੁਦਾਇ ਦੇ ਵਿਸ਼ਾਲ ਜੀਵਨ ਯਥਾਰਥ ਦੇ ਲੰਬੇ ਚੌੜੇ ਬਿਰਤਾਂਤ ਨੂੰ ਵਧੇਰੇ ਸੂਖ਼ਮਤਾ ਤੇ ਭਰਪੂਰਤਾ ਨਾਲ ਚਿਤਰਿਆ ਹੈ। ਪਰਵਾਸੀ ਜੀਵਨ ਜਾਂਚ ਵਿੱਚ ਬਦਲ ਰਹੀ ਰਿਸ਼ਤਿਆਂ ਦੀ ਵਿਆਕਰਣ ਨਿੱਤ ਨਵੇਂ ਪੈਰਾਡਾਈਮ ਉਸਾਰ ਰਹੀ ਹੈ। ਰਿਸ਼ਤਿਆਂ ਵਿਚਲਾ ਮੋਹ ਹੁਣ ਆਰਥਿਕ ਲੋੜਾਂ 'ਚ ਬਦਲ ਰਿਹਾ ਹੈ। ਇਸੇ ਤਬਦੀਲੀ ਦੀ ਮਾਰ ਹੇਠ ਆਇਆ ਹਰ ਪਰਵਾਸੀ ਰਿਸ਼ਤਿਆਂ ਹੱਥੋਂ ਦੁਖਾਂਤ ਭੋਗ ਰਿਹਾ ਅਤੇ ਕਈ ਤਰ੍ਹਾਂ ਦੇ ਹੋਰ ਅਸਤਿਤਵੀ ਸੰਕਟਾਂ ਦਾ ਸ਼ਿਕਾਰ ਹੋ ਰਿਹਾ ਹੈ। ਹਰਜੀਤ ਅਟਵਾਲ ਦੇ ਨਾਵਲ ਇਨ੍ਹਾਂ ਸਰੋਕਾਰਾਂ ਨੂੰ ਹੀ ਸਮਕਾਲੀ ਪਰਵਾਸੀ ਪੰਜਾਬੀ ਸਮਾਜ ਦੀਆਂ ਬਦਲਦੀਆਂ ਪ੍ਰਸਥਿਤੀਆਂ ਦੇ ਅੰਤਰ-ਵਿਰੋਧਾਂ ਦੇ ਰੂਪ ਵਿੱਚ ਪੇਸ਼ ਕਰਦੇ ਹਨ।

---

16. *ਉਹੀ, ਵਨ-ਵੇਅ,* ਆਰਸੀ ਪਬਲੀਕੇਸ਼ਨਜ਼, ਚਾਂਦਨੀ ਚੌਂਕ, ਦਿੱਲੀ, 1999, ਪੰਨਾ 221.

ਇੱਕੀਵੀਂ ਸਦੀ ਵਿੱਚ ਸਾਧ-ਸੰਗਤਿ ਦੀ ਮਰਿਯਾਦਾ : ਇੱਕ ਅਧਿਐਨ

ਦਲਜੀਤ ਸਿੰਘ *

ਮਨੁੱਖ ਇੱਕ ਸਮਾਜੀ ਜੀਵ ਹੈ। ਆਦਿ ਕਾਲ ਤੋਂ ਪ੍ਰਾਕ੍ਰਿਤੀ ਦੇ ਮੁਕਾਬਲੇ ਵਿੱਚ ਆਪਣੀ ਹੋਂਦ ਨੂੰ ਸੁਰੱਖਿਅਤ ਕਰਨ ਅਤੇ ਜੀਵਨ ਨਿਰਬਾਹ ਦੇ ਸਾਧਨ ਇਕੱਠੇ ਕਰਨ ਲਈ ਮਨੁੱਖ ਨੇ ਮਿਲ-ਜੁਲ ਕੇ ਰਹਿਣ ਦਾ ਪ੍ਰਬੰਧ ਜ਼ਰੂਰੀ ਸਮਝਿਆ ਹੈ। ਅਜਿਹੀ ਸੰਗਤਿ ਜਾਂ ਇਕੱਠੇ ਰਹਿਣ-ਸਹਿਣ ਦੀ ਤਹਿ ਵਿੱਚ ਸਦਾ ਹੀ ਇੱਕ ਸੁਰੱਖਿਆ ਅਤੇ ਧਾਰਮਿਕ ਭਾਵਨਾ ਕੰਮ ਕਰਦੀ ਪ੍ਰਤੀਤ ਹੁੰਦੀ ਰਹੀ ਹੈ। ਪ੍ਰਾਚੀਨ ਕਾਲ ਤੋਂ ਹੀ ਇਹ ਵਿਵਸਥਾ ਹਿੰਦੂ ਧਰਮ, ਜੈਨ ਧਰਮ, ਬੁੱਧ ਧਰਮ ਅਤੇ ਇਸਲਾਮ ਧਰਮ ਵਿੱਚ ਕਿਸੇ ਨਾ ਕਿਸੇ ਰੂਪ ਵਿੱਚ ਆਪਣੀ ਹੋਂਦ ਰੱਖਦੀ ਰਹੀ ਹੈ।

ਗੁਰੂ ਨਾਨਕ ਦੇਵ ਜੀ ਨੇ ਇੱਕ ਨਵੇਂ ਅਤੇ ਅਦੁੱਤੀ ਧਰਮ, ਸਿੱਖ ਧਰਮ ਦੀ ਨੀਂਹ ਰੱਖੀ। ਇਸ ਧਰਮ ਵਿੱਚ ਉਨ੍ਹਾਂ ਨੇ ਸੰਗਤਿ ਦਾ ਜੋ ਸੰਕਲਪ ਦਿੱਤਾ, ਉਹ ਪ੍ਰਚੱਲਿਤ ਭਾਰਤੀ ਪਰੰਪਰਾ ਤੋਂ ਵੱਖਰਾ ਤੇ ਨਵੀਨ ਸੀ। ਭਾਰਤ ਵਿੱਚ ਪ੍ਰਾਚੀਨ ਸਮੇਂ ਤੋਂ ਵਿਅਕਤੀਗਤ ਰੂਪ ਵਿੱਚ ਆਚਰਣ ਉਸਾਰੀ ਤੇ ਬੜਾ ਜ਼ੋਰ ਦਿੱਤਾ ਜਾਂਦਾ ਸੀ। ਰਿਸ਼ੀ ਮੁਨੀ ਜੰਗਲਾਂ ਵਿੱਚ ਜਾ ਕੇ ਤਪ ਕਰਦੇ ਸਨ। ਆਮ ਲੋਕ ਵੀ ਆਪਣੀ ਆਖਰੀ ਉਮਰ ਵਿੱਚ ਸੰਨਿਆਸ ਧਾਰਨ ਕਰਕੇ ਇਸ ਉਦੇਸ਼ ਦੀ ਪੂਰਤੀ ਕਰਦੇ ਸਨ। ਸਿੱਧ ਤੇ ਜੋਗੀ ਆਮ ਤੌਰ ਤੇ ਪਰਬਤਾਂ ਉਪਰ ਇਕਾਂਤ ਵਾਸ ਕਰਕੇ ਅਨਹਦ ਸ਼ਬਦ ਸੁਨਣ, ਜਨਮ-ਮਰਨ ਦੇ ਚੱਕਰ ਤੋਂ ਮੁਕਤ ਹੋਣ ਅਤੇ ਪ੍ਰਮਾਤਮਾ ਦੀ ਪ੍ਰਾਪਤੀ ਵਿੱਚ ਲੱਗੇ ਰਹਿੰਦੇ ਸਨ। ਗੁਰੂ ਨਾਨਕ ਦੇਵ ਜੀ ਨੇ ਮਨੁੱਖੀ ਜੀਵਨ ਦਾ ਡੂੰਘੀ ਤਰ੍ਹਾਂ ਸਰਵੇਖਣ ਕੀਤਾ ਤੇ ਭਾਰਤ ਦੀ ਵੈਰਾਗ-ਮਈ ਪਰੰਪਰਾ ਦਾ ਧਿਆਨ ਪੂਰਵਕ ਅਤੇ ਡੂੰਘਾਈ ਨਾਲ ਅਧਿਐਨ ਕੀਤਾ ਅਤੇ ਇਹ ਸਿੱਟਾ ਕੱਢਿਆ ਕਿ ਮਨੁੱਖ ਨੂੰ ਸਮਾਜ ਨਾਲੋਂ ਤੋੜ ਵਿਛੋੜਨਾ, ਕੋਈ ਪ੍ਰਭਾਵਸ਼ਾਲੀ ਜਾਂ ਸਿਹਤਮੰਦ ਰੀਤਿ ਨਹੀਂ, ਕਿਉਂਕਿ ਕੁਦਰਤ ਨੇ ਅਨੇਕ ਇੱਛਾਵਾਂ ਤੇ ਖਾਹਸ਼ਾਂ ਸਰੀਰਕ ਢਾਂਚੇ ਵਿੱਚ ਹੀ ਪਹਿਲਾਂ ਤੋਂ ਤੰਤੂ-ਬੱਧ ਕੀਤੀਆਂ ਹੋਈਆਂ ਹਨ, ਇਨ੍ਹਾਂ ਤੋਂ ਕਿਵੇਂ ਬੇਮੁਖ ਹੋਇਆ ਜਾ ਸਕਦਾ ਹੈ। ਜਦੋਂ ਕੋਈ ਕੁਦਰਤ ਦੇ ਵਿਰੁੱਧ ਗੈਰ-ਕੁਦਰਤੀ ਢੰਗ ਅਪਣਾਉਂਦਾ ਹੈ ਤਾਂ ਉਸ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਮਨੋਵਿਗਿਆਨ ਦੀ ਖੋਜ ਇਹ ਦੱਸਦੀ ਹੈ ਕਿ ਮਨੁੱਖ ਕੇਵਲ ਵਿਚਾਰ ਆਸਰੇ ਨਹੀਂ ਚੱਲਦਾ, ਸਗੋਂ ਸਮਾਜ ਵਿੱਚ ਵਿਚਰ ਕੇ ਆਪਣੀ ਜੀਵਨ-ਚਾਲ ਨਿਸ਼ਚਿਤ ਕਰਦਾ ਹੈ। ਉਹ ਦੇਖਦਾ ਹੈ ਕਿ ਮੇਰੇ ਆਲੇ-ਦੁਆਲੇ ਦੇ ਲੋਕ ਕੀ ਕਰਦੇ ਹਨ ਅਤੇ ਇਸ ਤਰ੍ਹਾਂ ਕਰਕੇ ਕੀ ਪ੍ਰਾਪਤ ਕੀਤਾ ਜਾ ਸਕਦਾ ਹੈ। ਇਸ ਤਰ੍ਹਾਂ ਮੁੱਢ ਤੋਂ ਹੀ ਮਨੁੱਖ ਸੁਭਾਵਿਕ ਤੌਰ ਤੇ ਆਪਣੇ ਬਹੁਤੇ ਕੰਮ ਦੇਖਾ-ਦੇਖੀ ਕਰਦਾ ਹੈ ਅਤੇ ਫਿਰ ਆਪਣੇ ਸੰਗੀ-ਸਾਥੀਆਂ ਨਾਲ ਮਿਲ ਕੇ ਕਰਨ ਵਿੱਚ ਇੱਕ ਖਾਸ ਸੰਤੁਸ਼ਟਤਾ ਅਨੁਭਵ ਕਰਦਾ ਹੈ। ਗੁਰੂ ਨਾਨਕ ਦੇਵ ਜੀ ਵੱਲੋਂ ਸੰਗਤਿ ਦੀ ਸਥਾਪਨਾ ਭਾਰਤੀ ਸਮਾਜਿਕ ਜੀਵਨ ਵਿੱਚ ਇੱਕ ਕ੍ਰਾਂਤੀਕਾਰੀ ਕੰਮ ਸੀ।

ਸਿੱਖ ਧਰਮ ਵਿੱਚ ਸੰਗਤਿ ਦਾ ਭਾਵ ਸਤਿ-ਸੰਗਤਿ ਹੈ। ਸੰਗਤਿ ਦਾ ਸ਼ਬਦੀ ਅਰਥ ਹੈ ਮੇਲ, ਮਿਲ ਬੈਠਣਾ ਜਾਂ ਇਕੱਠੇ ਬੈਠਣਾ ਆਦਿ। *ਮਹਾਨ ਕੋਸ਼* ਵਿੱਚ ਸਤਿ-ਸੰਗਤਿ ਤੇ ਸੰਗਤਿ ਬਾਰੇ ਇਸ ਤਰ੍ਹਾਂ ਲਿਖਿਆ ਹੈ :

---

* ਲੈਕਚਰਾਰ, ਪੰਜਾਬ ਇਤਿਹਾਸ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

"ਭਲੇ ਲੋਕਾਂ ਦੀ ਸੰਗਤਿ, ਭਲੇ ਲੋਕਾਂ ਦੀ ਮਜਲਿਸ ਗੁਰਮੁਖਾਂ ਦੇ ਜ਼ਮ੍ਹਾਂ ਹੋਣ ਦੀ ਥਾਂ ਹੈ।"[1]

ਪ੍ਰਿੰਸੀਪਲ ਤੇਜਾ ਸਿੰਘ ਦੇ ਕਥਨ ਅਨੁਸਾਰ :

"ਸਿੱਖ ਧਰਮ ਇੱਕ ਅਸਲੀ ਧਰਮ ਹੈ। ਇਸ ਵਿੱਚ ਮਨੁੱਖ ਦਾ ਸਭ ਤੋਂ ਵੱਡਾ ਕੰਮ ਨਾਮ ਜਪਣਾ ਤੇ ਸੇਵਾ ਕਰਨੀ ਹੈ। ਨਾਮ ਜਪਣ ਤੋਂ ਭਾਵ ਵਾਹਿਗੁਰੂ ਨੂੰ ਹਾਜ਼ਰ-ਨਾਜ਼ਰ ਜਾਣ ਕੇ ਉਸ ਦੇ ਗੁਣ ਗਾਉਣੇ ਅਤੇ ਇਉਂ ਲਿਵ ਨੂੰ ਉੱਚਾ ਕਰਕੇ ਵਾਹਿਗੁਰੂ ਦੇ ਨਾਲ ਮਿਲਾ ਦੇਣਾ ਹੈ। ਇਹ ਕੰਮ ਸੰਗਤਿ ਵਿੱਚ ਜੁੜ ਕੇ ਕੀਰਤਨ ਕਰਨ ਜਾਂ ਸੁਨਣ ਨਾਲ ਸਹਿਜੇ ਹੋ ਸਕਦਾ ਹੈ। ਸੇਵਾ ਵੀ ਜਥੇਬੰਦ ਹੋ ਕੇ ਕਰਨ ਨਾਲ ਛੇਤੀ ਹੋ ਸਕਦੀ ਹੈ।"[2]

ਸੰਗਤਿ ਵਿੱਚ ਸ਼ਰਧਾਲੂ ਭਜਨ ਬੰਦਗੀ ਲਈ ਰਲ ਕੇ ਬੈਠਦੇ, ਸ਼ਬਦਾਂ ਦਾ ਪਾਠ ਅਤੇ ਗਾਇਣ ਕਰਦੇ ਅਤੇ ਪ੍ਰਵਚਨ ਸੁਣਦੇ ਹਨ। ਗੁਰੂ ਨਾਨਕ ਦੇਵ ਜੀ ਜਿਥੇ-ਜਿਥੇ ਗਏ ਉਥੇ ਸੰਗਤਿ ਕਾਇਮ ਕੀਤੀ। ਸੰਗਤਿ ਦੇ ਇਹ ਸਥਾਨ ਬਾਅਦ ਵਿੱਚ ਧਰਮ ਦੇ ਪ੍ਰਚਾਰ-ਕੇਂਦਰ ਬਣ ਗਏ। ਇਸ ਨੇ ਸਮਾਜ ਵਿੱਚ ਇੱਕ ਨਵੀਂ ਚੇਤਨਾ ਪੈਦਾ ਕੀਤੀ ਅਤੇ ਹਿੰਦੂ ਮੱਤ ਦੇ ਵਿਅਕਤੀਵਾਦ ਅਤੇ ਨਿੱਜੀ ਮੁਕਤੀ ਉੱਤੇ ਜ਼ੋਰ ਦੀ ਥਾਂ ਸਾਂਝੇ ਜੀਵਨ ਅਤੇ ਸਮੂਹਕ ਮੁਕਤੀ (ਜਨਮ-ਮਰਨ ਦੇ ਗੇੜ ਤੋਂ ਛੁਟਕਾਰਾ) ਦੇ ਸੰਕਲਪ ਨੂੰ ਪੱਕਾ ਕੀਤਾ। ਇਸ ਨੇ ਲੋਕਾਂ ਦੀਆਂ ਔਕੜਾਂ ਬਾਰੇ ਵਿਚਾਰ ਵਟਾਂਦਰਾ ਕਰਨ, ਸੰਪਰਦਾਇਕ ਅਤੇ ਕੌਮੀ ਚੇਤਨਾ ਦਾ ਅਹਿਸਾਸ ਪੈਦਾ ਕਰਨ ਲਈ ਸਾਂਝਾ ਮੰਚ ਖੜ੍ਹਾ ਕੀਤਾ, ਉਦੋਂ ਆਮ ਵਿਅਕਤੀ ਵਿੱਚ ਕੌਮੀਅਤ ਦੀ ਭਾਵਨਾ ਬਿਲਕੁਲ ਨਹੀਂ ਸੀ।

ਗੁਰਬਾਣੀ ਵਿੱਚ ਜਿਥੇ ਵੀ "ਸੰਗਤਿ" ਪਦ ਵਰਤਿਆ ਗਿਆ ਹੈ, ਉਥੇ ਨਾਲ ਹੀ ਸੰਤ, ਸਾਧ ਜਾਂ ਸਤਿਗੁਰੂ ਦਾ ਜ਼ਿਕਰ ਆਇਆ ਹੈ ਅਤੇ 'ਹਰਿਨਾਮ', 'ਹਰਿਕੀਰਤਨ', 'ਹਰਿ ਗੁਣ ਗਾਇਣ' ਆਦਿ ਦਾ ਵੀ ਵਰਣਨ ਹੈ।

ਸਤਿ ਸੰਗਤਿ ਵਿੱਚ ਜਦ ਮਨ ਜੁੜਦਾ ਹੈ ਤਾਂ ਮੈਲ ਦੂਰ ਹੋ ਜਾਂਦੀ ਹੈ। ਅਗਿਆਨ ਅਤੇ ਅੰਧੇਰੇ ਦਾ ਨਾਸ਼ ਹੁੰਦਾ ਹੈ। ਸੁਬੁੱਧ ਪ੍ਰਕਾਸ਼ਮਾਨ ਹੋਣ ਲੱਗ ਜਾਂਦੀ ਹੈ। ਗੁਰੂ ਸਾਹਿਬ ਅਨੁਸਾਰ ਤਾਂ ਸਤਸੰਗਤਿ ਦੀ ਚਰਨ ਧੂੜਿ ਅਕਸੀਰ ਦਾ ਕੰਮ ਕਰਦੀ ਹੈ :

"ਸਤਿ ਸੰਗਤਿ ਕੀ ਧੂਰਿ ਪਰੀ ਉਡਿ ਨੇਤ੍ਰੀ ਸਭ ਦੁਰਮਤਿ ਮੈਲੁ ਗਵਾਈ।"[3]

ਗੁਰੂ ਰਾਮ ਦਾਸ ਜੀ ਸੰਗਤਿ ਦੇ ਮਹੱਤਵ ਦਾ ਵਰਣਨ ਇਸ ਪ੍ਰਕਾਰ ਕਰਦੇ ਹਨ :

ਜਨਮ ਜਨਮ ਕੀ ਹਉਮੈ ਮਲੁ ਲਾਗੀ॥
ਮਿਲਿ ਸੰਗਤਿ ਮਲੁ ਲਹਿ ਜਾਵੈਗੀ॥[4]

ਸਪਸ਼ਟ ਹੈ ਕਿ ਸੰਗਤਿ ਵਿੱਚ ਧਰਮ-ਸਮਰੱਥਾ ਹੈ। ਜਿਥੇ ਧਰਮ ਸਮਰੱਥਾ ਹੈ, ਉਥੇ ਹਉਮੈ ਦੀ ਮੈਲ ਦਾ ਕੋਈ ਮਹੱਤਵ ਨਹੀਂ। ਗੁਰੂ ਸਾਹਿਬ ਅਨੁਸਾਰ ਧਰਮ ਤੇ ਹਉਮੈ ਦਾ ਕਦੀ ਜੋੜ ਹੋਇਆ ਹੀ ਨਹੀਂ। 'ਸੰਗਤ' ਦੇ 'ਸੰਗ' ਤੋਂ ਪਹਿਲਾਂ 'ਸਤ' ਲੱਗਣ ਨਾਲ 'ਸੰਗਤਿ' ਜਾਂ 'ਸਤਸੰਗ' ਤੋਂ ਭਾਵ 'ਸਚ ਕੀ ਸੰਗਤਿ' ਹੈ ਸਤ 'ਸੰਗਤਿ' ਸਮਾਸੀ ਸ਼ਬਦ ਰੂਪ ਹੈ। ਸਤ ਸੰਗਤਿ ਤੋਂ ਭਾਵ ਸਤਿਗੁਰੂ ਦੀ ਸੰਗਤਿ ਹੀ ਸਤਸੰਗਤਿ ਹੈ। ਇਕੋ ਨਾਮ ਦਾ ਅਧਾਰ ਸਤ ਸੰਗਤਿ ਹੈ। ਸ਼ਾਇਦ ਇਹੀ ਕਾਰਨ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਜਦੋਂ ਸੰਗਤਿ ਦਾ ਸੰਕਲਪ ਨਿਸ਼ਚਿਤ ਕੀਤਾ, ਤਾਂ ਉਨ੍ਹਾਂ ਨੇ ਪੂਰੀ ਤਰ੍ਹਾਂ ਸਪਸ਼ਟ ਕਰ ਦਿੱਤਾ ਕਿ ਸੰਗਤਿ ਉਹੀ ਹੈ, ਜਿਥੇ 'ਪ੍ਰਭੂ' ਨਾਮ ਦੀ ਮਹਿਮਾ ਦਾ ਵਿਖਿਆਨ ਜਾਂ ਗਾਇਨ ਕੀਤਾ ਜਾਂਦਾ ਹੈ :

1. ਭਾਈ ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼*, ਪੰਨੇ 110, 179.
2. ਪ੍ਰਿੰਸੀਪਲ ਤੇਜਾ ਸਿੰਘ, *ਸਿੱਖ ਧਰਮ*, ਪੰਨਾ 27.
3. *ਸ੍ਰੀ ਗੁਰੂ ਗ੍ਰੰਥ ਸਾਹਿਬ*, ਰਾਗ ਗਉੜੀ, ਮਹਲਾ 5, ਪੰਨਾ 204.
4. *ਉਪਰੋਕਤ*, ਰਾਗ ਕਾਨੜਾ, ਮਹਲਾ 4, ਪੰਨਾ 1309.

"ਸਤਸੰਗਤਿ ਕੈਸੀ ਜਾਣੀਐ॥ ਜਿਥੈ ਏਕੋ ਨਾਮੁ ਵਖਾਣੀਐ॥
ਏਕੋ ਨਾਮੁ ਹੁਕਮ ਹੈ ਨਾਨਕ ਸਤਿਗੁਰਿ ਦੀਆ ਬੁਝਾਇ ਜੀਉ॥"[5]
"ਜਹ ਸਤਿਗੁਰੁ ਤਹ ਸਤਸੰਗਤਿ ਬਣਾਈ।"[6]

ਨਾਮ ਤੇ ਧਰਮ ਦੇ ਆਚਾਰ ਵਿੱਚ ਕੋਈ ਭਿੰਨ-ਭੇਦ ਨਹੀਂ। 'ਨਾਮ' ਧਰਮ-ਸਮਰੱਥਾ ਨੂੰ ਹੀ ਉਜਾਗਰ ਕਰਦਾ ਹੈ ਤੇ 'ਧਰਮ-ਸਮਰੱਥਾ' ਸੰਗਤਿ ਨੂੰ ਚੜ੍ਹਦੀਕਲਾ ਪ੍ਰਦਾਨ ਕਰਦੀ ਹੈ। ਪ੍ਰਮਾਤਮਾ ਨੂੰ ਇਸ਼ਟ-ਆਸਰਾ ਜਾਂ ਕੇਂਦਰ ਬਿੰਦੂ ਮੰਨ ਕੇ ਕੀਤੀ ਅਧਿਆਤਮਿਕ ਸਾਧਨਾ ਦਾ ਵੱਡਾ ਆਦਰਸ਼ ਸੰਗਤਿ ਦੀ ਸਿਰਜਨਾ ਹੀ ਹੈ। ਕਿਉਂਕਿ ਵਿਅਕਤੀਗਤ ਤੇ ਸਮਾਜਿਕ ਜਲਨ ਬੁਝਾਣ ਵਿੱਚ ਜੋ ਯੋਗਦਾਨ ਸਤਿ ਸੰਗਤਿ ਪਾ ਸਕਦੀ ਹੈ, ਅਜਿਹਾ ਯੋਗਦਾਨ ਕੋਈ ਹੋਰ ਸੰਘ ਨਹੀਂ ਪਾ ਸਕਦਾ। ਗੁਰੂ ਅਰਜਨ ਦੇਵ ਸੰਗਤਿ ਦਾ ਮਹੱਤਵ ਇਸੇ ਭਾਵ ਤੋਂ ਹੀ ਪ੍ਰਗਟਾਂਦੇ ਹਨ :

ਦੀਨ ਦਇਆਲ ਕ੍ਰਿਪਾਲ ਪ੍ਰਭੁ ਨਾਨਕ ਸਾਧ ਸੰਗਿ ਮੇਰੀ ਜਲਨਿ ਬੁਝਾਈ॥[7]

ਗੁਰਬਾਣੀ ਅਨੁਸਾਰ ਸਤਿਗੁਰੂ ਦੀ ਸੰਗਤਿ ਉੱਤਮ ਹੈ, ਜੋ ਹਰਿ-ਕਿਰਪਾ ਨਾਲ ਹੀ ਪ੍ਰਾਪਤ ਹੁੰਦੀ ਹੈ। ਸਤ ਸੰਗਤਿ ਰਾਹੀਂ ਸਤਪੁਰਖ, ਸਤਿਗੁਰੂ ਅਤੇ ਹਰਿਨਾਮ ਦੀ ਪ੍ਰਾਪਤੀ ਹੁੰਦੀ ਹੈ। ਪਰਮ ਪਦ ਦੀ ਪ੍ਰਾਪਤੀ ਦਾ ਮਾਧਿਅਮ ਵੀ ਸਤ ਸੰਗਤਿ ਹੈ। ਸਤ ਸੰਗਤਿ ਰਾਹੀਂ ਇਨਸਾਨ ਇਸ ਭਵ-ਸਾਗਰ ਤੋਂ ਤਰ ਜਾਂਦਾ ਹੈ।

ਮੇਰੇ ਮਾਧਉ ਜੀ ਸਤਸੰਗਤਿ ਮਿਲੇ ਸੁ ਤਰਿਆ॥[8]

ਸਾਧ ਸੰਗਤਿ ਵੀ ਸਮਾਸੀ ਸ਼ਬਦ ਰੂਪ ਹੈ ਜਿਸ ਦਾ ਅਰਥ ਸਾਧੂਆਂ ਤੇ ਸਾਧਾਂ ਦੀ ਸੰਗਤਿ ਹੈ। ਸਾਧ ਸੰਗਤਿ ਨਾਲ ਪ੍ਰੀਤ ਪੂਰਵਲੇ ਕਰਮਾਂ ਕਰਕੇ ਹੀ ਹੋ ਸਕਦੀ ਹੈ। ਸਾਧ ਸੰਗਤਿ ਵਿੱਚ ਰੱਬ ਵੱਸਦਾ ਹੈ। ਗੁਰੂ ਸਾਹਿਬ ਅਨੁਸਾਰ :

ਸਾਧ ਸੰਗਤਿ ਸਿਉ ਪ੍ਰੀਤਿ ਬਣਿ ਆਈ॥
ਪੂਰਬ ਕਰਮਿ ਲਿਖਤ ਧੁਰਿ ਪਾਈ॥[9]

ਇਸੇ ਤਰ੍ਹਾਂ ਸਾਧ ਸੰਗਤਿ ਵਿੱਚ ਜਾਣ ਨਾਲ ਮਨ ਦੀ ਮੈਲ ਦੂਰ ਹੁੰਦੀ ਹੈ। ਗਿਆਨ ਅਤੇ ਬਿਬੇਕ ਬੁੱਧੀ ਦਾ ਪ੍ਰਕਾਸ਼ ਹੁੰਦਾ ਹੈ।

ਸਾਧ ਸੰਗਿ ਮਲੁ ਲਾਥੀ, ਪਾਰਬ੍ਰਹਮ ਭਇਓ ਸਾਥੀ॥
ਨਾਨਕ ਨਾਮੁ ਧਿਆਇਆ, ਆਦਿ ਪੁਰਖ ਪ੍ਰਭ ਪਾਇਆ॥[10]

ਇਸੇ ਤਰ੍ਹਾਂ :

ਸਾਧ ਸੰਗਤਿ ਮਿਲਿ ਬੁਧਿ ਬਿਬੇਕ॥[11]

ਗੁਰੂ ਰਾਮ ਦਾਸ ਜੀ ਨੇ ਸਤ ਸੰਗਤਿ ਬਾਰੇ ਕਿਹਾ ਹੈ ਕਿ ਸਤ ਸੰਗਤਿ ਪਰਮਾਤਮਾ ਦੇ ਆਪੇ ਅਨੁਸਾਰ ਸਥਾਪਤ ਕੀਤੀ ਉਹ ਸਭਾ ਹੈ, ਜਿਸ ਵਿੱਚ ਕੇਵਲ ਹਰੀ ਕੀਰਤਨ ਗਾਇਨ ਕੀਤਾ ਤੇ ਸੁਣਿਆ ਜਾਂਦਾ ਹੈ। ਉਨ੍ਹਾਂ ਅਨੁਸਾਰ :

---

5. *ਉਪਰੋਕਤ*, ਰਾਗ ਸਿਰੀ, ਮਹਲਾ 1, ਪੰਨਾ 72.
6. *ਉਪਰੋਕਤ*, ਰਾਗ ਗਉੜੀ ਗੁਆਰੇਰੀ, ਮਹਲਾ 3, ਪੰਨਾ 160.
7. *ਉਪਰੋਕਤ*, ਰਾਗ ਗਉੜੀ, ਮਹਲਾ 5, ਪੰਨਾ 204.
8. *ਉਪਰੋਕਤ*, ਰਾਗ ਗੁਜਰੀ, ਮਹਲਾ 5, ਪੰਨਾ 495.
9. *ਉਪਰੋਕਤ*, ਰਾਗ ਸੂਹੀ, ਮਹਲਾ 5, ਪੰਨਾ 743.
10. *ਉਪਰੋਕਤ*, ਰਾਗ ਸੋਰਠਿ, ਮਹਲਾ 5, ਪੰਨਾ 625-26.
11. *ਉਪਰੋਕਤ*, ਰਾਗ ਆਸਾ, ਮਹਲਾ 5, ਪੰਨਾ 377.

ਸਤ ਸੰਗਤਿ ਸਾਈ ਹਰਿ ਤੇਰੀ
ਜਿਤੁ ਹਰਿ ਕੀਰਤਿ ਹਰਿ ਸੁਨਣੇ॥[12]

ਸਿੱਖ ਗੁਰੂ ਸਾਹਿਬਾਨ ਨੇ ਤਿਆਗ ਅਤੇ ਸੰਨਿਆਸ ਨੂੰ ਮਨੁੱਖੀ ਭਾਈਚਾਰੇ ਦੇ ਵਿਰੁੱਧ ਦੱਸਿਆ ਅਤੇ ਸਾਂਝੀਵਾਲਤਾ ਦੀ ਸਿੱਖਿਆ ਦੇਣ ਲਈ ਸੰਗਤਿ ਦੀ ਸਥਾਪਨਾ ਕੀਤੀ। ਗੁਰੂ ਸਾਹਿਬ ਨੇ ਭਾਰਤੀ ਸਮਾਜ ਵਿੱਚ ਪ੍ਰਚੱਲਿਤ ਸਾਰੇ ਕਰਮ ਕਾਂਡਾਂ ਨੂੰ ਵਿਅਰਥ ਦੱਸਦੇ ਹੋਏ ਸਾਧ ਸੰਗਤਿ ਵਿੱਚ ਜੁੜ ਕੇ ਹਰੀ ਗੁਣ ਗਾਇਣ ਕਰਨ ਬਾਰੇ ਕਿਹਾ। ਉਨ੍ਹਾਂ ਅਨੁਸਾਰ ਤੀਰਥ ਯਾਤਰਾ ਕਰਕੇ, ਸਿਰ ਮੁਨਾ ਕੇ ਜਾਂ ਦਾਨ ਦੇ ਕੇ ਮੁਕਤੀ ਪ੍ਰਾਪਤ ਨਹੀਂ ਹੁੰਦੀ। ਕੇਵਲ ਸਾਧ-ਸੰਗਤਿ ਵਿੱਚ ਕੀਤਾ ਹਰਿ ਜਸ ਹੀ ਸਰਬ-ਸ੍ਰੇਸ਼ਟ ਕਰਮ ਹੈ :

"ਪਾਠੁ ਪੜਿਓ ਅਰੁ ਬੇਦੁ ਬੀਚਾਰਿਓ ਨਿਵਲਿ ਭੁਅੰਗਮ ਸਾਧੇ॥
ਪੰਚ ਜਨਾ ਸਿਉ ਸੰਗੁ ਨ ਛੁਟਕਿਓ ਅਧਿਕ ਅਹੰਬੁਧਿ ਬਾਧੇ॥"
"ਰਾਜ ਲੀਲਾ ਰਾਜਨ ਕੀ ਰਚਨਾ ਕਰਿਆ ਹੁਕਮੁ ਅਫਾਰਾ॥
ਸੇਜ ਸੋਹਨੀ ਚੰਦਨੁ ਚੋਆ ਨਰਕ ਘੋਰ ਕਾ ਦੁਆਰਾ॥
ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ॥
ਕਹੁ ਨਾਨਕ ਤਿਸੁ ਭਇਓ ਪਰਾਪਤਿ ਜਿਸ ਪੁਰਬ ਲਿਖੇ ਕਾ ਲਹਨਾ॥"[13]

ਸਿੱਖ ਧਰਮ ਵਿੱਚ ਸੰਗਤਿ ਦੀ ਮਹੱਤਤਾ ਏਨੀ ਅਧਿੱਕ ਹੈ ਕਿ ਸੰਗਤਿ ਨੂੰ ਗੁਰੂ ਨਾਲੋਂ ਵੀ ਉਚੇਰਾ ਦਰਜਾ ਦਿੱਤਾ ਜਾਂਦਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾ ਕੇ ਫਿਰ ਆਪ ਉਨ੍ਹਾਂ ਪਾਸੋਂ ਅੰਮ੍ਰਿਤ ਛਕਿਆ, ਜਿਸ ਦਾ ਭਾਵ ਇਹ ਸੀ ਕਿ ਸੰਗਤ ਦਾ ਰੁਤਬਾ ਸਭ ਤੋਂ ਉੱਚਾ ਹੈ। ਏਸੇ ਗੁਰੂ ਸੰਗਤ ਨੂੰ ਖ਼ਾਲਸਾ ਦੀ ਪਦਵੀ ਦਿੱਤੀ ਗਈ ਜੋ ਗੁਰੂ ਸਾਹਿਬ ਦਾ ਆਪਣਾ ਖਾਸ ਰੂਪ ਹੈ। ਉਨ੍ਹਾਂ ਅਨੁਸਾਰ :

ਖ਼ਾਲਸਾ ਮੇਰੋ ਰੂਪ ਹੈ ਖਾਸ॥
ਖ਼ਾਲਸਾ ਮਾਂਹਿ ਹੋ ਕਰੋਂ ਨਿਵਾਸ॥[14]

ਗੁਰੂ ਸਾਹਿਬ ਨੇ ਸਤਿ ਸੰਗਤਿ ਨੂੰ ਖਾਲਸੇ ਦਾ ਸਰੂਪ ਪ੍ਰਦਾਨ ਕਰਕੇ ਸਿੱਖਾਂ ਨੂੰ ਸੰਤ ਸਿਪਾਹੀ ਬਣਾ ਦਿੱਤਾ, ਅਤੇ *ਗੁਰੂ ਗ੍ਰੰਥ ਸਾਹਿਬ* ਨੂੰ ਪਰਮੇਸ਼ਰ ਦੇ ਥਾਨ ਦਾ ਦਰਜਾ ਦਿੱਤਾ ਗਿਆ ਹੈ। ਇਸੇ ਤਰ੍ਹਾਂ ਫੁਰਮਾਇਆ ਹੈ :

ਪੋਥੀ ਪਰਮੇਸ਼ਰ ਕਾ ਥਾਨ॥[15]

ਇਸੇ ਤਰ੍ਹਾਂ ਸਿੱਖ ਸੰਗਤਿ ਵੀ ਪਰਮੇਸ਼ਰ ਦਾ ਥਾਨ ਹੈ। ਕਿਉਂਕਿ ਫੁਰਮਾਇਆ ਗਿਆ ਹੈ :

....ਵਿਚਿ ਸੰਗਤਿ ਹਰਿ ਪ੍ਰਭ ਵਸੈ ਜੀਓ॥

ਭਾਈ ਗੁਰਦਾਸ ਜੀ ਨੇ ਇਸ ਰਹੱਸਵਾਦ ਨੂੰ ਬੜੇ ਭਾਵਪੂਰਤ ਸ਼ਬਦਾਂ ਵਿੱਚ ਵਰਨਣ ਕੀਤਾ ਹੈ:

ਗੁਰ ਮੂਰਤਿ ਗੁਰ ਸਬਦੁ ਹੈ
ਸਾਧਸੰਗਤਿ ਵਿਚਿ ਪਰਗਟੀ ਆਇਆ॥[16]

---

12. *ਉਪਰੋਕਤ,* ਰਾਗ ਭੈਰਉ, ਮਹਲਾ 4, ਪੰਨਾ 1135-36.
13. *ਉਪਰੋਕਤ,* ਰਾਗ ਸੋਰਠਿ, ਮਹਲਾ 5, ਪੰਨਾ 641.
14. ਗੁਰੂ ਗੋਬਿੰਦ ਸਿੰਘ, *ਸਰਬ ਲੋਹ ਗ੍ਰੰਥ,* ਪੰਨਾ 519-27.
15. *ਗੁਰੂ ਗ੍ਰੰਥ ਸਾਹਿਬ,* ਰਾਗ ਸਾਰੰਗ, ਮਹਲਾ 5, ਪੰਨਾ 1226.
16. ਵਾਰਾਂ, ਭਾਈ ਗੁਰਦਾਸ ਜੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 2001, ਵਾਰ 24, ਪਉੜੀ 25, ਪੰਨਾ 266.

ਭਾਈ ਗੁਰਦਾਸ ਜੀ ਨੇ ਸਤ ਸੰਗਤਿ ਬਾਰੇ ਇਸ ਤਰ੍ਹਾਂ ਬਿਆਨ ਕੀਤਾ ਹੈ :

ਇਕੁ ਸਿਖੁ ਕੁਇ ਸਾਧ ਸੰਗੁ ਪੰਜੀਂ ਪਰਮੇਸਰੁ॥[17]

ਰੂਹਾਨੀ ਗੁਣਾਂ ਨਾਲ ਭਰਪੂਰ ਸਾਧ ਸੰਗਤਿ ਇੱਕ ਅਜਿਹਾ ਮਾਨ-ਸਰੋਵਰ ਹੈ, ਜਿਸ ਵਿੱਚ ਨਾਮ ਰੂਪੀ ਅਨਮੋਲ ਰਤਨ ਅਤੇ ਸਤ, ਸੰਤੋਖ, ਦਇਆ, ਧਰਮ, ਧੀਰਜ ਆਦਿ ਸਦਗੁਣ ਦੇ ਭੰਡਾਰੇ ਪਏ ਹਨ। ਇਹ ਦੁਰਲੱਭ ਪਦਾਰਥ ਮਨੁੱਖ ਨੂੰ ਸੰਸਾਰ ਸਾਗਰ ਤੋਂ ਪਾਰ-ਉਤਾਰਾ ਕਰਵਾਉਣ ਦੇ ਸਮਰੱਥ ਹਨ, ਜਿਵੇਂ ਹੰਸ ਮਾਨ ਸਰੋਵਰ ਤੇ ਕੇਵਲ ਮੋਤੀ ਚੁਗਣ ਜਾਂਦਾ ਹੈ, ਤਿਵੇਂ ਹੀ ਪਰਮਹੰਸ ਵੰਸ਼ੀ ਗੁਰਸਿੱਖ ਸਾਧ ਸੰਗਤਿ ਰੂਪੀ ਮਾਨਸਰੋਵਰ ਵਿੱਚ ਜਾ ਕੇ ਸੁਰਤਿ ਨਾਲ ਗੁਰਸ਼ਬਦ ਮੋਤੀ ਚੁਣ ਕੇ, ਸਦਗੁਣਾਂ ਨਾਲ ਭਰਪੂਰ, ਗੁਰਮਤਿ ਵਿੱਚ ਅਡੋਲ ਸਥਿਤ ਹੋ ਜਾਂਦੇ ਹਨ। ਭਾਈ ਗੁਰਦਾਸ ਜੀ ਫੁਰਮਾਉਂਦੇ ਹਨ :

ਮਾਨੁ ਸਰੋਵਰੁ, ਸਾਧਸੰਗੁ ਮਾਣਕ ਮੋਤੀ ਰਤਨ ਅਮੋਲਾ॥
ਗੁਰਮੁਖਿ ਵੰਸੀ ਪਰਮ ਹੰਸ ਸਬਦ ਸੁਰਤਿ ਗੁਰਮਤਿ ਅਡੋਲਾ॥[18]

ਗੁਰਸਿੱਖ ਆਪਣਾ ਇੱਕੋ ਇੱਕ ਆਸਰਾ ਸਾਧ ਸੰਗਤਿ ਅਤੇ ਗੁਰਸ਼ਬਦ ਤੇ ਹੀ ਰੱਖਦਾ ਹੈ। ਗੁਰੂ ਨਾਨਕ ਦੇਵ ਜੀ ਨੇ ਵੀ ਸਿੱਧਾਂ ਨਾਲ ਪ੍ਰਸ਼ਨੋਤਰ ਸਮੇਂ ਇਹ ਸਪੱਸ਼ਟ ਕੀਤਾ ਸੀ ਕਿ ਸੰਗਤਿ ਤੇ ਬਾਣੀ ਤੋਂ ਬਿਨਾਂ ਹੋਰ ਕੋਈ ਦੂਸਰਾ ਆਸਰਾ ਉਨ੍ਹਾਂ ਪਾਸ ਨਹੀਂ ਹੈ। ਭਾਵੇਂ ਇਸ ਸੰਸਾਰ ਵਿੱਚ ਹੋਰ ਕਈ ਤਰ੍ਹਾਂ ਦੇ ਕਿਰਿਆ ਕਰਮ ਪ੍ਰਚੱਲਿਤ ਹਨ, ਪਰ ਸਾਧ ਸੰਗਤਿ ਤੇ ਗੁਰਸ਼ਬਦ ਤੋਂ ਬਿਨਾਂ ਕਿਸੇ ਨੂੰ ਵੀ ਸਥਾਨ ਨਹੀਂ ਮਿਲਦਾ ਅਤੇ ਉਹ ਸਭ ਜਨਮ ਮਰਨ ਦੇ ਚੱਕਰਾਂ ਵਿੱਚ ਹਮੇਸ਼ਾਂ ਭਟਕਦੇ ਰਹਿੰਦੇ ਹਨ। ਭਾਈ ਗੁਰਦਾਸ ਜੀ ਫੁਰਮਾਉਂਦੇ ਹਨ :

ਸਾਧਸੰਗਤਿ ਗੁਰ ਸ਼ਬਦ ਵਿਣੁ ਥਾਉ
ਨ ਪਾਇਨਿ ਤਲੇ ਤਲੇਰੇ ॥[19]

ਪਰੰਤੂ 21ਵੀਂ ਸਦੀ ਵਿੱਚ ਇਸ ਸਾਧ-ਸੰਗਤਿ ਦਾ ਰੂਪ ਬਦਲ ਗਿਆ ਹੈ। ਸਾਧ-ਸੰਗਤਿ ਜਦੋਂ *ਗੁਰੂ ਗ੍ਰੰਥ ਸਾਹਿਬ* ਦੀ ਹਜ਼ੂਰੀ ਵਿੱਚ ਇਕੱਠੀ ਹੁੰਦੀ ਸੀ ਅਤੇ ਉਥੇ ਕੀਰਤਨ ਹੁੰਦਾ ਸੀ, ਸਿੱਖ Morality ਅਤੇ Ethics ਦੀ ਗੱਲ ਹੁੰਦੀ ਸੀ। ਹੁਣ ਇਸ ਸੰਗਤਿ ਨੂੰ ਰਾਜਨੀਤੀਵਾਨ ਜਾਂ ਸਿਆਸੀ ਆਗੂ ਆਪਣੇ ਨਿੱਜੀ ਹਿੱਤਾਂ ਲਈ ਵਰਤਣ ਲੱਗ ਪਏ ਹਨ। ਸਿਆਸੀ ਭਾਸ਼ਣ ਬਾਜੀ ਦੀਵਾਨ ਘਰਾਂ ਵਿੱਚ ਸ਼ੁਰੂ ਹੋ ਗਈ ਹੈ, ਜੋ ਕਿ ਇੱਕ ਬਹੁਤ ਵੱਡਾ ਚੈਲੰਜ ਹੈ। ਇਸ ਤਰ੍ਹਾਂ ਦੀਵਾਨ ਘਰਾਂ ਵਿੱਚ ਜਾਂ ਧਾਰਮਿਕ ਮੇਲਿਆਂ ਤੇ ਸਿਆਸੀ ਅਖਾੜਿਆਂ ਦੀ ਥਾਂ ਤੇ ਸਾਨੂੰ Sikh Philosophy, Moral Ethics ਦੀ ਹੀ ਗੱਲ ਕਰਨੀ ਚਾਹੀਦੀ ਹੈ। ਕਿਉਂਕਿ ਕਈ ਵਾਰੀ ਸਿਆਸੀ ਭਾਸ਼ਣਾਂ ਵਿੱਚ ਇਤਰਾਜ-ਯੋਗ ਸ਼ਬਦਾਂ ਦੀ ਵਰਤੋਂ ਹੋ ਜਾਂਦੀ ਹੈ, ਜਿਨ੍ਹਾਂ ਦੀ ਵਰਤੋਂ ਸਾਧ-ਸੰਗਤਿ ਵਿੱਚ ਨਹੀਂ ਹੋਣੀ ਚਾਹੀਦੀ।

ਸਾਡੇ ਲਈ ਦੂਸਰਾ ਚੈਲੰਜ ਅੱਜ ਦੀ ਟੈਕਨੋਲੋਜੀ ਹੈ। ਅੱਜਕੱਲ੍ਹ ਲੋਕ ਟੀ.ਵੀ., ਕੈਸੇਟ ਜਾਂ ਵੀ.ਸੀ.ਡੀ. ਰਾਹੀਂ ਕੀਰਤਨ ਘਰ ਬੈਠ ਕੇ ਹੀ ਸੁਣਨਾ ਪਸੰਦ ਕਰਨ ਲੱਗ ਪਏ ਹਨ, ਜਿਸ ਕਾਰਨ ਹੌਲੀ-ਹੌਲੀ ਫੇਰ ਵਿਅਕਤੀਵਾਦ ਸਾਰੇ ਸਮਾਜ ਵਿੱਚ ਆਉਣ ਲੱਗ ਪਿਆ ਅਤੇ ਜਿਨ੍ਹਾਂ ਸਮਾਜਿਕ ਕੁਰੀਤੀਆਂ ਕਰਕੇ ਗੁਰੂ ਸਾਹਿਬ ਨੇ ਸੰਗਤਿ ਦੀ ਪ੍ਰਥਾ ਚਲਾਈ ਸੀ, ਜਿਵੇਂ ਹਉਮੈ, ਜਾਤ-ਪਾਤ, ਵਿਅਕਤੀਵਾਦ, ਉਹ ਫਿਰ ਸਾਰੇ ਸਮਾਜ ਵਿੱਚ ਪੈਦਾ ਹੋ ਰਹੀਆਂ ਹਨ। ਪਰ ਇਸ ਦਾ ਭਾਵ ਇਹ ਨਹੀਂ ਕਿ ਇਹ ਦੋਸ਼ ਟੈਕਨੋਲੋਜੀ ਦਾ ਹੈ, ਸਗੋਂ ਵਿਅਕਤੀ ਨੂੰ ਗੁਰੂ ਸਾਹਿਬ ਦੁਆਰਾ ਪ੍ਰਚੱਲਿਤ ਸਾਧ-ਸੰਗਤਿ ਦੇ ਮਹੱਤਵ ਨੂੰ ਸਮਝਦੇ ਹੋਏ ਇਸ ਦਾ ਆਨੰਦ ਮਾਨਣਾ ਚਾਹੀਦਾ ਹੈ ਅਤੇ ਜਨਮ-ਮਰਨ ਦੇ ਚੱਕਰ ਤੋਂ ਮੁਕਤੀ ਪ੍ਰਾਪਤੀ ਕਰਕੇ ਇਸ ਭਵ-ਸਾਗਰ ਰੂਪੀ ਸਮਾਜ ਵਿੱਚ ਤਰ ਜਾਣਾ ਚਾਹੀਦਾ ਹੈ।

17. *ਉਪਰੋਕਤ*, ਵਾਰ 13, ਪਉੜੀ 19, ਪੰਨਾ 146.
18. *ਉਪਰੋਕਤ*, ਵਾਰ 30, ਪਉੜੀ 4, ਪੰਨਾ 327.
19. *ਉਪਰੋਕਤ*, ਵਾਰ 5, ਪਉੜੀ 7, ਪੰਨਾ 56.

ਸਤਿਗੁਰੂ ਰਾਮ ਸਿੰਘ ਦੇ ਹੁਕਮਨਾਮਿਆਂ ਵਿੱਚ ਔਰਤ ਦਾ ਸਮਾਜਿਕ ਰੁਤਬਾ

ਪਰਮਿੰਦਰ ਸਿੰਘ ਬੇਦੀ *

ਸਤਿਗੁਰੂ ਰਾਮ ਸਿੰਘ (3 ਫਰਵਰੀ 1816-1885 ਈ:) ਕੂਕਾ ਅੰਦੋਲਨ ਦੇ ਆਗੂ ਸਨ। ਇਹਨਾਂ ਨੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਤੋਂ ਬਾਅਦ ਪੰਜਾਬ ਦੇ ਲੋਕਾਂ ਵਿੱਚ ਰਾਜਨੀਤਿਕ, ਆਰਥਿਕ, ਸਮਾਜਿਕ ਅਤੇ ਸਭਿਆਚਾਰਿਕ ਚੇਤੰਨਤਾ ਭਰਨ ਦਾ ਕੰਮ ਕੀਤਾ ਸੀ। ਮਲੋਟ ਅਤੇ ਮਲੇਰਕੋਟਲੇ ਦੀਆਂ ਘਟਨਾਵਾਂ ਤੋਂ ਬਾਅਦ ਸਤਿਗੁਰੂ ਰਾਮ ਸਿੰਘ ਨੂੰ ਗ੍ਰਿਫਤਾਰ ਕਰਕੇ 18 ਫਰਵਰੀ, 1872 ਈ: ਨੂੰ ਲੁਧਿਆਣੇ ਤੋਂ ਅਲਾਹਾਬਾਦ ਭੇਜ ਦਿੱਤਾ ਸੀ। ਬਾਅਦ ਵਿੱਚ ਇਹਨਾਂ ਨੂੰ 16 ਮਾਰਚ 1872 ਈ: ਨੂੰ ਰੰਗੂਨ (ਬਰਮਾ) ਵਿਖੇ ਭੇਜ ਦਿੱਤਾ ਗਿਆ ਤਾਂ ਕਿ ਪੰਜਾਬ ਵਿੱਚ ਹੋਰ ਕੋਈ ਉੱਥਲ-ਪੁੱਥਲ ਨਾ ਹੋ ਸਕੇ। ਅੰਗਰੇਜ਼ੀ ਸਰਕਾਰ ਦਾ ਨਿਸ਼ਾਨਾ ਇਹ ਸੀ ਕਿ ਸਤਿਗੁਰੂ ਰਾਮ ਸਿੰਘ ਨਾਲ ਉਹਨਾਂ ਦੇ ਸੇਵਕਾਂ ਦਾ ਸੰਪਰਕ ਟੁੱਟ ਜਾਵੇ ਅਤੇ ਉਹਨਾਂ ਦੁਆਰਾ ਚਲਾਇਆ ਹੋਇਆ ਰਾਜਨੀਤਿਕ, ਆਰਥਿਕ, ਸਮਾਜਿਕ ਅਤੇ ਸਭਿਆਚਾਰਿਕ ਅੰਦੋਲਨ ਹੌਲੀ-ਹੌਲੀ ਖ਼ਤਮ ਹੋ ਜਾਏਗਾ। ਪਰ ਸਤਿਗੁਰੂ ਰਾਮ ਸਿੰਘ ਦੇ ਸੇਵਕਾਂ ਨੇ ਆਪਣੇ ਮਸੀਹੇ ਨਾਲ ਰੰਗੂਨ ਵੀ ਸੰਪਰਕ ਬਣਾ ਲਿਆ। ਸਤਿਗੁਰੂ ਰਾਮ ਸਿੰਘ ਨੇ ਰੰਗੂਨ ਤੋਂ ਸਭ ਤੋਂ ਪਹਿਲਾ ਹੁਕਮਨਾਮਾ ਦਰਬਾਰਾ ਸਿੰਘ ਨੂੰ ਦੇ ਕੇ ਭਾਈ ਹਰੀ ਸਿੰਘ ਦੇ ਨਾਮ ਭੇਜਿਆ। ਇਹਨਾਂ ਦੇ ਹੁਕਮਨਾਮਿਆਂ ਦਾ ਸਿਲਸਿਲਾ ਪੰਜਾਬ ਵਿੱਚ ਆਉਣਾ ਸ਼ੁਰੂ ਹੋ ਗਿਆ। ਸ. ਜਸਵਿੰਦਰ ਸਿੰਘ ਨੇ ਇਹਨਾਂ ਹੁਕਮਨਾਮਿਆਂ ਦਾ 1998 ਈ: ਵਿੱਚ ਸੰਗ੍ਰਹਿ ਕਰ ਦਿੱਤਾ। ਇਹ ਗਿਣਤੀ ਵਿੱਚ ਕੁੱਲ 64 ਹੁਕਮਨਾਮੇ ਹਨ, ਜੋ ਸਮੇਂ-ਸਮੇਂ ਤੋਂ ਨਾਮਧਾਰੀ ਸੰਗਤਾਂ ਨੂੰ ਜਾਰੀ ਕੀਤੇ ਗਏ ਹਨ। ਇਹਨਾਂ ਹੁਕਮਨਾਮਿਆਂ ਵਿੱਚ ਉਸ ਸਮੇਂ ਦੀਆਂ ਰਾਜਨੀਤਿਕ, ਆਰਥਿਕ, ਸਮਾਜਿਕ ਅਤੇ ਸਭਿਆਚਾਰਿਕ ਪ੍ਰਸਥਿਤੀਆਂ ਦੀ ਜਾਣਕਾਰੀ ਮਿਲਦੀ ਹੈ, ਜਿਸ ਵਿੱਚ ਖਾਸ ਤੌਰ ਤੇ ਉਸ ਸਮੇਂ ਦੀਆਂ ਸਮਾਜਿਕ ਬੁਰਾਈਆਂ ਦੀ ਕਾਫ਼ੀ ਜਾਣਕਾਰੀ ਮਿਲਦੀ ਹੈ। ਇਹਨਾਂ ਹੁਕਮਨਾਮਿਆਂ ਵਿੱਚ ਸਤਿਗੁਰੂ ਰਾਮ ਸਿੰਘ ਜੀ ਨੇ ਇਹਨਾਂ ਬੁਰਾਈਆਂ ਵਿਰੁੱਧ ਆਪਣੀ ਆਵਾਜ਼ ਉਠਾਈ ਹੈ। ਉਸ ਸਮੇਂ ਭਾਰਤੀ ਸਮਾਜ ਕਈ ਵਰਗਾਂ ਵਿੱਚ ਵੰਡਿਆ ਹੋਇਆ ਸੀ। ਉੱਚ-ਵਰਗ ਦੇ ਲੋਕ ਹੇਠਲੇ ਵਰਗ ਦੇ ਲੋਕਾਂ ਨਾਲ ਨਫ਼ਰਤ ਕਰਦੇ ਸਨ। ਖਾਸ ਤੌਰ ਤੇ ਹਿੰਦੂ ਸਮਾਜ ਵਿੱਚ ਕਈ ਪ੍ਰਕਾਰ ਦੇ ਰੀਤੀ ਰਿਵਾਜ ਅਤੇ ਅੰਧ ਵਿਸ਼ਵਾਸ ਪ੍ਰਚਲਿਤ ਸਨ ਤੇ ਇਸ ਪ੍ਰਕਾਰ ਸਿੱਖ ਸਮਾਜ ਵੀ ਕਈ ਤਰ੍ਹਾਂ ਦੇ ਅੰਧ-ਵਿਸ਼ਵਾਸਾਂ ਤੋਂ ਬਚ ਨਹੀਂ ਸਕਿਆ ਸੀ। ਜਿਸ ਵਿੱਚ ਖਾਸ ਤੌਰ ਤੇ ਔਰਤ ਨੂੰ ਸਮਾਜਿਕ ਅਨਿਆਂ ਝੱਲਣਾ ਪੈ ਰਿਹਾ ਸੀ। ਇਹਨਾਂ ਦੀ ਸਮਾਜ ਵਿੱਚ ਹਾਲਤ ਬੜੀ ਤਰਸਯੋਗ ਸੀ। ਮਰਦ ਪ੍ਰਧਾਨ ਸਮਾਜ ਵਿੱਚ ਇਸ ਨੂੰ ਸਮਾਜਿਕ ਰੁੱਤਬਾ ਦਿੱਤਾ ਨਹੀਂ ਜਾਂਦਾ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਵਿੱਚ ਇਸ ਅਨਿਆਂ ਵਿਰੁੱਧ ਆਵਾਜ਼ ਉਠਾਈ ਸੀ ਕਿ ਜਿਹੜੀ ਔਰਤ ਰਾਜਿਆਂ-ਮਹਾਰਾਜਿਆਂ ਨੂੰ ਜਨਮ ਦਿੰਦੀ ਹੈ, ਉਸ ਨੂੰ ਘਟੀਆ ਨਹੀਂ ਮੰਨਣਾ ਚਾਹੀਦਾ। ਪਰ ਸਮਾਜ ਵਿੱਚ ਇਹ ਕੁਰੀਤੀਆਂ ਮਹਾਰਾਜਾ ਰਣਜੀਤ ਸਿੰਘ ਦੇ ਕਾਲ ਤੱਕ ਵੀ ਲਗਾਤਾਰ ਚੱਲਦੀਆਂ ਰਹੀਆਂ ਸਨ। ਸਤਿਗੁਰੂ ਰਾਮ ਸਿੰਘ ਨੇ ਇਹਨਾਂ

* ਪਿੰਡ ਰਾਊਵਾਲ, ਡਾਕ: ਧਿਆਨਪੁਰ, ਤਹਿਸੀਲ ਡੇਰਾ ਬਾਬਾ ਨਾਨਕ, ਜ਼ਿਲ੍ਹਾ ਗੁਰਦਾਸਪੁਰ।

ਪ੍ਰਚੱਲਿਤ ਸਮਾਜਿਕ ਬੁਰਾਈਆਂ ਵਿਰੁੱਧ ਆਵਾਜ਼ ਉਠਾਈ ਅਤੇ ਔਰਤਾਂ ਨੂੰ ਪੁਰਸ਼ਾਂ ਦੇ ਬਰਾਬਰ ਦਰਜਾ ਦੇਣ ਦੇ ਆਸ਼ੇ ਨਾਲ ਪ੍ਰਚਾਰ ਕੀਤਾ।

ਸਤਿਗੁਰੂ ਰਾਮ ਸਿੰਘ ਨੇ ਆਪਣੇ ਹੁਕਮਨਾਮਿਆਂ ਦੇ ਸ਼ੁਰੂ ਵਿੱਚ ਇਸਤਰੀਆਂ ਨੂੰ ਮਰਦਾਂ ਦੇ ਸਮਾਨ ਸਤਿਕਾਰ ਸਹਿਤ ਸੰਬੋਧਨੀ ਸ਼ਬਦ ਵਰਤੇ ਹਨ ਅਤੇ ਉਹਨਾਂ ਪ੍ਰਤੀ ਵਿਸ਼ੇਸ਼ ਆਦਰ ਪ੍ਰਗਟਾਇਆ ਹੈ।[1] ਉਸ ਵੇਲੇ ਇਸਤਰੀ ਨੂੰ ਪੁਰਸ਼ ਦੇ ਸਮਾਨ ਨਹੀਂ ਸਮਝਿਆ ਜਾਂਦਾ ਸੀ ਅਤੇ ਜੰਮਦਿਆਂ ਹੀ ਮਾਰ ਦਿੱਤਾ ਜਾਂਦਾ ਸੀ। ਉਹਨਾਂ ਨੇ ਲੜਕੀ ਨੂੰ ਮਾਰਨ ਵਿਰੁੱਧ ਲਿਖਿਆ ਕਿ ਜਿਹੜਾ ਲੜਕੀ ਮਾਰੇਗਾ[2] ਉਸਦੇ ਘਰ ਦਾ ਅੰਨ ਪਾਣੀ ਵਰਤਣਾ ਨਹੀਂ ਹੈ ਅਤੇ ਉਸ ਨੂੰ ਸੰਗਤ ਵਿੱਚ ਵੜਨ ਨਹੀਂ ਦੇਣਾ ਹੈ ਅਤੇ ਸੰਗਤ ਵਿੱਚੋਂ ਬਾਹਰ ਕੱਢ ਦੇਣਾ ਹੈ।[3] ਨਿਸ਼ਚੇ ਹੀ ਸਤਿਗੁਰੂ ਰਾਮ ਸਿੰਘ ਦਾ ਆਪਣੇ ਹੁਕਮਨਾਮਿਆਂ ਵਿੱਚ ਔਰਤ ਦੇ ਸਮਾਜਿਕ ਰੁਤਬੇ ਬਾਰੇ ਲਿਖਣਾ ਇੱਕ ਕ੍ਰਾਂਤੀਕਾਰੀ ਕਦਮ ਸੀ।

According to Bindu Bala, "We find that all the areas of the Punjab show lower ratio of Sikh women... As in *Khatri* caste the proportion of Hindu caste, Sikh females was 802 and 861 respectively, but in Jats, the proportion was 774 and 702 in 1891 A.D."[4]

ਸਤਿਗੁਰੂ ਰਾਮ ਸਿੰਘ ਅਨੁਸਾਰ ਲੜਕੀਆਂ ਅਨੇਕ ਤਰ੍ਹਾਂ ਦੇ ਸੁੱਖ ਦਿੰਦੀਆਂ ਹਨ ਅਤੇ ਇਹਨਾਂ ਵਿੱਚ ਬਹੁਤ ਜ਼ਿਆਦਾ ਗੁਣ ਹਨ। ਇਸ ਕਰਕੇ ਲੜਕੀ ਮਾਰਨ ਦਾ ਪਾਪ ਗਊ ਮਾਰਨ ਨਾਲੋਂ ਜ਼ਿਆਦਾ ਹੈ।[5]

Later inquiries pointed to the conclusion that Bedis and Khatris are the principal offenders as well as Jats commonly got rid off their female offspring.[6]

ਇਸ ਸੰਬੰਧ ਵਿੱਚ ਕੁੜੀਆਂ ਮਾਰਨ ਵਿਰੁੱਧ ਬ੍ਰਿਟਿਸ਼ ਸਰਕਾਰ ਨੇ ਵੀ ਇੱਕ ਕਾਨੂੰਨ ਪਾਸ ਕੀਤਾ:

The Female Infanticide Prevention Act, 1870 A.D. by The Legislative Council of India.[7]

ਸਤਿਗੁਰੂ ਰਾਮ ਸਿੰਘ ਨੇ ਲੜਕੀਆਂ ਨੂੰ ਲੜਕਿਆਂ ਦੇ ਬਰਾਬਰ ਸਿੱਖਿਆ ਦੇਣ ਦੀ ਹਦਾਇਤ ਕੀਤੀ।[8] ਭਾਵੇਂ ਨਾਮਧਾਰੀਆਂ ਨੇ ਸਰਕਾਰ ਨਾਲ ਨਾ-ਮਿਲਵਰਤਨ ਲਹਿਰ ਤਹਿਤ ਸਰਕਾਰੀ ਸਕੂਲਾਂ, ਕਾਲਜਾਂ ਦਾ ਬਾਈਕਾਟ ਕੀਤਾ ਹੋਇਆ ਸੀ। ਇੱਥੋਂ ਤੱਕ ਕਿ ਉਹਨਾਂ ਆਪਣੀਆਂ ਲੜਕੀਆਂ ਦੇ

---

1. Jaswinder Singh (ed.), *Hukamname Sri Satguru Ram Singh Ji De,* Namdhari Darbar, Bhaini Sahib, Ludhiana, 1998, p. 179.
2. *Ibid.*, p. 420.
3. *Ibid.*, pp. 255, 133-134.
4. Bindu Bala, "Slayers of Female Children in Colonial Punjab : A British Perspective", *Proceedings Punjab History Conference,* 39th Session, Punjabi University, Patiala, 2007, pp. 622-23.
5. Jaswinder Singh (ed.), *Hukamname Sri Satguru Ram Singh Ji De*, pp. 296-97.
6. Bindu Bala, "Slayers of Female Children in Colonial Punjab", p. 623.
7. Vijay Malik (Revised), *V.D. Kulshreshtha's Landmarks in Indian Legal and Constitutional History*, Eastern Book Co., Lucknow, 1984, pp. 308-309.
8. Jaswinder Singh (ed.), *Hukamname Sri Satguru Ram Singh Ji De*, p. 181.

ਨਾਲ-ਨਾਲ ਬਹੂਆਂ ਨੂੰ ਵੀ ਗੁਰਮੁੱਖੀ ਅੱਖਰ ਪੜ੍ਹਾਉਣ ਅਤੇ ਬਾਣੀ ਕੰਠ (ਯਾਦ) ਕਰਵਾਉਣ ਦਾ ਬਾਰ-ਬਾਰ ਹੁਕਮ ਕੀਤਾ।[9] ਇਸ ਦਾ ਕਾਰਨ ਇਹ ਸੀ ਕਿ ਔਰਤ ਨੂੰ ਘਰ ਦੀ ਚਾਰ ਦੀਵਾਰੀ ਅੰਦਰ ਰਹਿਣ ਦੀ ਆਗਿਆ ਸੀ ਅਤੇ ਕੇਵਲ ਭੋਗ ਵਿਲਾਸ ਦੀ ਵਸਤੂ ਸਮਝਿਆ ਜਾਂਦਾ ਸੀ। 18ਵੀਂ ਸਦੀ ਵਿੱਚ ਔਰਤ ਦੀ ਸਿੱਖਿਆ ਵੱਲ ਕੋਈ ਉਚੇਚਾ ਧਿਆਨ ਨਹੀਂ ਦਿੱਤਾ ਜਾਂਦਾ ਸੀ ਪਰ ਸਤਿਗੁਰੂ ਰਾਮ ਸਿੰਘ ਔਰਤ ਦੀ ਮਹੱਤਤਾ ਨੂੰ ਸਮਝ ਚੁੱਕੇ ਸਨ ਜਿਸ ਕਾਰਨ ਸਮਾਜ ਨੂੰ ਰੌਸ਼ਨ ਕੀਤਾ ਜਾ ਸਕਦਾ ਸੀ। ਪਰ ਫੇਰ ਵੀ 19ਵੀਂ ਸਦੀ ਦੇ ਸ਼ੁਰੂ ਵਿੱਚ ਕੇਵਲ 2% ਤੋਂ ਵੀ ਘੱਟ ਔਰਤਾਂ ਵਿੱਦਿਆ ਗ੍ਰਹਿਣ ਕਰਨ ਲੱਗ ਪਈਆਂ ਸਨ। 1882 ਈ: ਤੱਕ 2600 ਪ੍ਰਾਇਮਰੀ ਸਕੂਲ, 81 ਸੈਕੰਡਰੀ ਸਕੂਲ, 15 ਟਰੇਨਿੰਗ ਸੰਸਥਾਵਾਂ ਅਤੇ ਇੱਕ ਕਾਲਜ ਔਰਤਾਂ ਅਤੇ ਲੜਕੀਆਂ ਦੀ ਸਿੱਖਿਆ ਲਈ ਖੁੱਲ੍ਹ ਚੁੱਕੇ ਸਨ।[10]

ਭਾਰਤੀ ਸਮਾਜ ਵਿੱਚ ਇਸਤਰੀਆਂ ਦੇ ਵਿਆਹ ਸੰਬੰਧੀ ਰੀਤੀ ਰਿਵਾਜ ਕਠੋਰ ਅਤੇ ਤਰਸਮਈ ਸਨ। ਲੜਕੀ ਨੂੰ ਛੋਟੀ ਉਮਰ ਵਿੱਚ ਵਿਆਹ ਦਿੱਤਾ ਜਾਂਦਾ ਸੀ। ਛੋਟੀ ਉਮਰ ਵਿੱਚ ਵਿਆਹ ਹੋਣ ਨਾਲ ਲੜਕੀ ਦਾ ਸਰੀਰਕ ਅਤੇ ਮਾਨਸਿਕ ਵਿਕਾਸ ਰੁੱਕ ਜਾਂਦਾ ਹੈ। ਛੋਟੀ ਉਮਰ ਵਿੱਚ ਸਾਰੇ ਪਰਿਵਾਰ ਦਾ ਬੋਝ ਉਸ ਉਪਰ ਆ ਪੈਂਦਾ ਸੀ ਇਸ ਕਾਰਨ ਲੜਕੀ ਵਿੱਚ ਪੁਰਸ਼ ਦੀ ਬਰਾਬਰੀ ਕਰਨ ਦੀ ਭਾਵਨਾ ਹਿਰਦੇ ਵਿੱਚ ਹੀ ਦੱਬੀ ਰਹਿ ਜਾਂਦੀ ਸੀ। ਛੋਟੀ ਉਮਰ ਵਿੱਚ ਵਿਆਹ ਹੋਣ ਕਾਰਨ ਕਈ ਵਾਰੀ ਲੜਕੀ ਦੀ ਮੌਤ ਹੋ ਜਾਂਦੀ ਸੀ ਕਿਉਂਕਿ ਗਰਭ ਧਾਰਨ ਕਰਨ ਲਈ ਲੜਕੀ ਦਾ ਸਰੀਰਕ ਵਿਕਾਸ ਨਹੀਂ ਹੋਇਆ ਹੁੰਦਾ ਸੀ। ਕਈ ਵਾਰੀ ਪਰਿਵਾਰ ਦੇ ਆਪਣੇ ਲੜਕੇ ਵਿੱਚ ਕੋਈ ਊਣ ਹੋਣ ਕਾਰਨ ਆਪਣੀ ਲੜਕੀ ਦਾ ਵੱਟਾ-ਸੱਟਾ ਕੀਤਾ ਜਾਂਦਾ ਸੀ, ਜਿਸ ਕਾਰਨ ਲੜਕੇ ਅਤੇ ਲੜਕੀ ਦੀ ਉਮਰ ਵਿੱਚ ਬਹੁਤ ਜ਼ਿਆਦਾ ਅੰਤਰ ਆ ਜਾਂਦਾ ਸੀ। ਗਰੀਬੀ ਕਾਰਨ ਕਈ ਪਰਿਵਾਰ ਆਪਣੀ ਲੜਕੀ ਵੇਚ ਦਿੰਦੇ ਸਨ ਤਾਂਕਿ ਪਰਿਵਾਰ ਦਾ ਕਰਜ਼ਾ ਉਤਾਰਿਆ ਜਾ ਸਕੇ ਜਾਂ ਘਰ ਦੀਆਂ ਜ਼ਰੂਰਤਾਂ ਪੂਰੀਆਂ ਕੀਤੀਆਂ ਜਾ ਸਕਣ। ਇੱਥੇ ਹੀ ਬੱਸ ਨਹੀਂ, ਕਈ ਵਾਰੀ ਲੜਕੀ ਨੇ ਸਹੁਰੇ ਪਰਿਵਾਰ ਵਿੱਚ ਅਜੇ ਪੈਰ ਹੀ ਰੱਖਿਆ ਹੁੰਦਾ ਸੀ ਤਾਂ ਉਸ ਦਾ ਪਤੀ ਮਰ ਜਾਂਦਾ ਸੀ। ਸਹੁਰਾ ਪਰਿਵਾਰ ਉਸਨੂੰ ਪਤੀ ਦੀ ਮੌਤ ਦਾ ਕਾਰਨ ਮੰਨਦਾ ਸੀ। ਉਸਨੂੰ ਸਾਰੀ ਜ਼ਿੰਦਗੀ ਭਰਾਵਾਂ ਤੇ ਭਤੀਜਿਆਂ ਦੇ ਦਰ ਦੀਆਂ ਠੋਕਰਾਂ ਖਾਣੀਆਂ ਪੈਂਦੀਆਂ ਸਨ। ਵਹਿਮੀ ਸਮਾਜ ਕਾਰਨ ਉਸ ਲਈ ਸਾਰੇ ਸ਼ੌਕ ਵਿਵਰਜਤ ਸਨ ਅਤੇ ਕਈ ਪ੍ਰਕਾਰ ਦੇ ਤਾਹਨੇ ਮਿਹਣੇ ਸੁਨਣੇ ਪੈਂਦੇ ਸਨ। ਇਹ ਸਾਰੀਆਂ ਬੁਰਾਈਆਂ ਸਤਿਗੁਰੂ ਰਾਮ ਸਿੰਘ ਨੇ ਆਪਣੇ ਅੱਖੀਂ ਦੇਖੀਆਂ ਸਨ। ਜ਼ਿਸ ਕਾਰਨ ਉਹਨਾਂ ਆਪਣੇ ਹੁਕਮਨਾਮਿਆਂ ਵਿੱਚ ਲਿਖਿਆ ਹੈ ਕਿ ਵਿਆਹ ਲਈ ਲੜਕੀ ਦੀ ਉਮਰ 18 ਸਾਲ ਅਤੇ ਲੜਕੇ ਦੀ ਉਮਰ 20 ਸਾਲ ਹੋਣ ਤੇ ਉਹਨਾਂ ਦੇ ਆਨੰਦ ਫੇਰੇ (ਬਿਨਾਂ ਜ਼ਾਤ-ਪਾਤ ਦਾ ਵਿਚਾਰ ਕੀਤਿਆਂ) ਸਤਸੰਗਤੀਆਂ ਨਾਲ ਕਰਾਉਣ ਦੀ ਤਾਕੀਦ ਕੀਤੀ।[11] ਉਹਨਾਂ ਜ਼ੋਰਦਾਰ ਸ਼ਬਦਾਂ ਵਿੱਚ ਲਿਖਿਆ ਕਿ ਕਿਸੇ ਵੀ ਧੀ ਭੈਣ ਦਾ ਵੱਟਾ ਨਹੀਂ ਕਰਨਾ ਹੈ ਅਤੇ ਕੰਨਿਆ ਦਾ ਪੈਸਾ ਲੈਣਾ ਨਹੀਂ ਹੈ, ਜੇਕਰ ਕੋਈ ਧੀ ਭੈਣ ਦਾ ਵੱਟਾ ਕਰੇਗਾ ਜਾਂ ਪੈਸਾ ਲਏਗਾ, ਉਸ ਨਾਲ ਸਮਾਜਿਕ ਸੰਬੰਧ ਤੋੜ ਲੈਣੇ ਹਨ।[12] ਉਹਨਾਂ ਨਾਲ ਹੀ ਇਸ ਦੇ ਔਗੁਣ ਦਰਸਾਂਦਿਆਂ ਲਿਖਿਆ ਕਿ ਲੜਕੀ ਵੇਚਣ ਦਾ ਅਤੇ ਵੱਟਾ ਕਰਨ ਦਾ ਪਾਪ ਲੜਕੀ ਮਾਰਨ ਦੇ ਬਰਾਬਰ ਪਾਪ ਹੈ। ਇਸ ਤਰ੍ਹਾਂ ਕਰਨ ਨਾਲ ਲੜਕੀ ਨੂੰ ਵਰ ਬੁੱਢਾ ਅਤੇ ਕੁਸੋਹਣਾ ਮਿਲਦਾ ਹੈ। ਲੜਕੀ ਵੇਚਣ ਨਾਲ ਲੜਕੀ ਦੇ ਘਰ ਰਿਜ਼ਕ ਰਹਿੰਦਾ ਨਹੀਂ ਹੈ, ਉਹ ਦੁੱਖੀ ਹੋ ਜਾਂਦੀ ਹੈ ਅਤੇ

9. *Ibid.*, pp. 100, 242.
10. J.S. Walia, *Modern Indian Education and its Problems*, Paul Publishers, Jalandhar, 1992, p. 437.
11. Jaswinder Singh (ed.), *Hukamname Sri Satguru Ram Singh Ji De*, pp. 228-229, 276.
12. *Ibid.*, pp. 103, 376.

ਵਿਭਚਾਰਨੀ ਹੋ ਜਾਂਦੀ ਹੈ। ਇਹ ਸਾਰੇ ਪਾਪ ਲੜਕੀ ਦੇ ਮਾਪਿਆਂ ਨੂੰ ਲੱਗਦੇ ਹਨ।[13]

ਉਸ ਸਮੇਂ ਦੇ ਸਮਾਜ ਵਿੱਚ ਬਹੁਤ ਸਾਰੀਆਂ ਰਹੁ-ਰੀਤਾਂ ਬ੍ਰਾਹਮਣਾਂ ਦੁਆਰਾ ਨਿਭਾਈਆਂ ਜਾਂਦੀਆਂ ਸਨ। ਆਮ ਲੋਕਾਂ ਦੇ ਜੀਵਨ ਵਿੱਚ ਬ੍ਰਾਹਮਣੀ ਵਿਚਾਰ ਬਹੁਤ ਜ਼ਿਆਦਾ ਪ੍ਰਵੇਸ਼ ਕਰ ਚੁੱਕੇ ਸਨ। ਉਹਨਾਂ ਤੋਂ ਛੁਟਕਾਰਾ ਪਾਉਣਾ ਕੋਈ ਸੌਖਾ ਕੰਮ ਨਹੀਂ ਸੀ। ਗ੍ਰਿਹਸਥ ਆਸ਼ਰਮ ਵਿੱਚ ਪ੍ਰਵੇਸ਼ ਕਰਨ ਲਈ ਲੜਕੇ ਅਤੇ ਲੜਕੀ ਨੂੰ ਉਸ ਸਮੇਂ ਦੀਆਂ ਸਮਾਜਿਕ ਰਹੁ-ਰੀਤਾਂ ਦੁਆਰਾ ਸਮਾਜਿਕ ਬੰਧਨ ਪ੍ਰਾਪਤ ਹੁੰਦਾ ਸੀ। ਇਹ ਸਮਾਜਿਕ ਬੰਧਨ ਹਿੰਦੂ ਵਿਆਹ ਮਰਿਆਦਾ ਦੁਆਰਾ ਪੂਰਾ ਹੁੰਦਾ ਸੀ। ਗੁਰੂ ਸਾਹਿਬਾਨ ਦੁਆਰਾ ਚਲਾਈ ਗਈ ਆਨੰਦ ਮਰਿਆਦਾ ਬਹੁਤ ਜਲਦੀ ਪ੍ਰਚੱਲਿਤ ਨਾ ਹੋ ਸਕੀ ਕਿਉਂਕਿ ਗੁਰੂ ਗੋਬਿੰਦ ਸਿੰਘ ਦੁਆਰਾ ਖਾਲਸਾ ਸਾਜਣ ਤੇ ਸਿੱਖਾਂ ਨੂੰ ਬਹੁਤ ਸਾਰਾ ਸਮਾਂ ਜੰਗਾਂ, ਯੁੱਧਾਂ ਵਿੱਚ ਗੁਜਾਰਨਾ ਪਿਆ। ਗੁਰੂ ਸਾਹਿਬਾਨ ਤੋਂ ਬਾਅਦ ਮੁਗਲ ਤਸ਼ੱਦਦ ਕਾਰਨ ਸਿੱਖਾਂ ਨੂੰ ਜੰਗਲਾਂ, ਪਹਾੜਾਂ ਅਤੇ ਦਰਿਆਵਾਂ ਦੇ ਛੰਬਾਂ ਵਿੱਚ ਲੁਕ-ਛਿਪ ਕੇ ਸਮਾਂ ਗੁਜਾਰਨਾ ਪਿਆ। ਇਸ ਸਥਿਤੀ ਵਿੱਚ ਸਹਿਜਧਾਰੀ ਸਿੱਖਾਂ ਨੇ ਪੁਰਾਣਿਕ ਰਸਮਾਂ ਨੂੰ ਹੀ ਜਾਰੀ ਰੱਖਣਾ ਉਚਿੱਤ ਸਮਝਿਆ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿੱਚ ਇਸ ਸੰਬੰਧੀ ਕੋਈ ਧਾਰਮਿਕ ਕੱਟੜਤਾ ਅਪਣਾਈ ਨਹੀਂ ਗਈ। ਗੁਰਦੁਆਰਿਆਂ ਦੀ ਸਾਂਭ-ਸੰਭਾਲ ਦਾ ਕੰਮ ਸਾਧੂਆਂ, ਨਿਰਮਲਿਆਂ ਆਦਿ ਕੋਲ ਰਿਹਾ। ਇਸ ਸਮੇਂ ਦੌਰਾਨ ਵੀ ਆਨੰਦ ਮਰਿਆਦਾ ਨੂੰ ਲਾਗੂ ਕਰਨ ਦਾ ਉਚੇਚਾ ਧਿਆਨ ਨਹੀਂ ਦਿੱਤਾ ਗਿਆ। ਵਿਆਹ ਸਮੇਂ ਫਜ਼ੂਲ ਦੇ ਰੀਤੀ ਰਿਵਾਜ਼, ਦਾਜ, ਸ਼ਰਾਬ, ਆਤਿਸ਼ਬਾਜੀ ਆਦਿ ਸਮਾਜ ਉਪਰ ਬੋਝ ਬਣ ਚੁੱਕੇ ਸਨ, ਜਿਸ ਕਾਰਨ ਹੇਠਲੇ ਦਰਜੇ ਦੇ ਲੋਕ ਇਨ੍ਹਾਂ ਫੋਕੀਆਂ ਰੀਤਾਂ ਰਿਵਾਜਾਂ ਹੇਠ ਪਿਸ ਰਹੇ ਸਨ। ਇਸ ਸਮੇਂ ਸਤਿਗੁਰੂ ਰਾਮ ਸਿੰਘ ਨੇ ਆਪਣੇ ਸੇਵਕਾਂ ਨੂੰ ਸਾਦਾ ਤਰੀਕੇ ਨਾਲ ਆਨੰਦ ਕਾਰਜ ਕਰਨ ਦੀ ਤਾਕੀਦ ਕੀਤੀ। ਉਹਨਾਂ ਨੇ 4 ਜੂਨ, 1863 ਈ: ਨੂੰ ਛੇ ਆਨੰਦ ਕਾਰਜ ਤਕਰੀਬਨ ਗੁਰਮਤਿ ਰਹਿਤ ਮਰਿਆਦਾ ਅਨੁਸਾਰ ਕੀਤੇ। ਇਸ ਵਿੱਚ *ਗੁਰੂ ਗ੍ਰੰਥ ਸਾਹਿਬ* ਤੋਂ ਚਾਰ ਲਾਵਾਂ ਪੜ੍ਹੀਆਂ ਗਈਆਂ ਅਤੇ ਹਰ ਲਾਂਵ ਉਪਰੰਤ ਹਰ ਇੱਕ ਜੋੜੇ ਨੇ ਹਵਨ ਕੁੰਡ ਦੁਆਲੇ ਪਰਿਕਰਮਾਂ ਕੀਤੀਆਂ। ਲਾਵਾਂ ਲੈਣ ਉਪਰੰਤ ਰਾਗੀ ਸਿੰਘਾਂ ਨੇ ਆਨੰਦ ਸਾਹਿਬ ਦਾ ਕੀਰਤਨ ਅਤੇ ਅਰਦਾਸ ਕਰਨ ਤੋਂ ਬਾਅਦ ਕੜਾਹ ਪ੍ਰਸ਼ਾਦਿ ਦੀ ਦੇਗ ਵਰਤਾਈ। ਇਸ ਦਾ ਉਸ ਸਮੇਂ ਦੇ ਬ੍ਰਾਹਮਣਾਂ ਨੇ ਡਟ ਕੇ ਵਿਰੋਧ ਕੀਤਾ ਸੀ।[14]

ਸਤਿਗੁਰੂ ਰਾਮ ਸਿੰਘ ਨੇ 19ਵੀਂ ਸਦੀ ਵਿੱਚ ਹੋਰ ਅਗਾਂਹਵਧੂ ਵਿਚਾਰ ਪੇਸ਼ ਕੀਤੇ। ਉਹਨਾਂ ਲਿਖਿਆ ਕਿ ਕਿਸੇ ਦੀ ਲੜਕੀ ਦਾ ਰਿਸ਼ਤਾ ਛੱਡ ਦੇਣਾ ਬਹੁਤ ਵੱਡਾ ਪਾਪ ਹੈ। ਉਸ ਸਮੇਂ ਦੇ ਪੇਂਡੂ ਮਾਹੌਲ ਵਿੱਚ ਅਗਰ ਕਿਸੇ ਦੀ ਲੜਕੀ ਦਾ ਰਿਸ਼ਤਾ ਛੱਡ ਦਿੱਤਾ ਜਾਂਦਾ ਸੀ ਤਾਂ ਉਸ ਲੜਕੀ ਲਈ ਵਰ ਲੱਭਣਾ ਮੁਸ਼ਕਿਲ ਹੋ ਜਾਂਦਾ ਸੀ। ਗੁਰੂ ਸਾਹਿਬਾਨ ਨੇ ਇਸਤਰੀ ਜਾਤੀ ਸੰਬੰਧੀ ਜੋ ਉਪਦੇਸ਼ ਦਿੱਤੇ ਸਨ, ਉਹਨਾਂ ਨੂੰ ਸਤਿਗੁਰੂ ਰਾਮ ਸਿੰਘ ਬੜੇ ਚੰਗੇ ਤਰੀਕੇ ਨਾਲ ਸਮਝ ਚੁੱਕੇ ਸਨ। ਇਸੇ ਕਰਕੇ ਉਹਨਾਂ ਮਰਦ ਪ੍ਰਧਾਨ ਸਮਾਜ ਵਿੱਚ ਇਸਤਰੀ ਦੇ ਨਮਿਤ ਪਾਠ ਦੇ ਭੋਗ ਪਾਉਣ ਲਈ ਵੀ ਕਿਹਾ।[15] ਉਹਨਾਂ ਆਪਣੀ ਬੀਬੀ ਲੜਕੀ ਨੰਦਾ ਨੂੰ ਤਾਕੀਦ ਕੀਤੀ ਕਿ ਲੜਕੀਆਂ ਦਾ ਆਦਰ ਕਰਨਾ ਹੈ। ਉਹਨਾਂ ਨੂੰ ਰੁੱਤ-ਰੁੱਤ ਦੇ ਕੱਪੜੇ ਦੇਣੇ ਹਨ।[16] ਇਥੋਂ ਤੱਕ ਕਿ ਉਹਨਾਂ ਆਪਣੇ ਭਾਈ ਹਰੀ ਸਿੰਘ ਨੂੰ ਤਾਕੀਦ ਕੀਤੀ ਕਿ ਕਿਸੇ ਵੀ ਔਰਤ

13. *Ibid.*, pp. 296-97.
14. Jaswant Singh Jas, *Baba Ram Singh Namdhari,* New Book Company, Jalandhar, 1987, pp. 73-74.
15. Jaswinder Singh (ed.), *Hukamname Sri Satguru Ram Singh Ji De*, pp. 193-94.
16. *Ibid.*, pp. 217-218, 532-533.

ਕੋਲੋਂ ਲੱਤਾਂ ਦਬਾਉਣੀਆਂ ਨਹੀਂ ਹਨ।[17] ਇਹਨਾਂ ਗੱਲਾਂ ਤੋਂ ਪਤਾ ਲੱਗਦਾ ਹੈ ਕਿ ਉਹਨਾਂ ਦੇ ਮਨ ਵਿੱਚ ਇਸਤਰੀ ਜਾਤੀ ਪ੍ਰਤੀ ਬਹੁਤ ਆਦਰ ਸਤਿਕਾਰ ਦੀ ਭਾਵਨਾ ਸੀ। ਉਹਨਾਂ ਦੇ ਮਨ ਵਿੱਚ ਇਹ ਵਿਚਾਰ ਘਰ ਕਰ ਚੁੱਕਿਆ ਸੀ ਕਿ ਇਸਤਰੀ ਮਰਦ ਨਾਲੋਂ ਸਵੱਛ ਰਹਿੰਦੀ ਹੈ ਇਸ ਕਰਕੇ ਉਹ ਨਹੀਂ ਚਾਹੁੰਦੀ ਕਿ ਘਰ ਦਾ ਕੋਈ ਵੀ ਪ੍ਰਾਣੀ ਸਫ਼ਾਈ ਪ੍ਰਤੀ ਅਨਜਾਣ ਰਹੇ। ਸਤਿਗੁਰੂ ਰਾਮ ਸਿੰਘ ਨੇ ਆਪਣੇ ਹੁਕਮਨਾਮਿਆਂ ਵਿੱਚ ਇਸ ਗੱਲ ਨੂੰ ਸਪੱਸ਼ਟ ਕੀਤਾ ਹੈ ਕਿ ਮਰਦ ਪੈਰ ਧੋ ਕੇ ਚੌਂਕੇ ਵਿੱਚ ਪ੍ਰਵੇਸ਼ ਕਰਨ ਅਤੇ ਪ੍ਰਸ਼ਾਦਾ ਬਣਾਉਣ ਵਾਲੀ ਔਰਤ ਨੇ ਵੀ ਚੌਂਕੇ ਵਿੱਚ ਬੈਠ ਕੇ ਪ੍ਰਸ਼ਾਦਾ ਛਕਣਾ ਨਹੀਂ ਹੈ।[18]

ਸਤਿਗੁਰੂ ਰਾਮ ਸਿੰਘ ਵਿਅਕਤੀ ਨੂੰ ਉਪਦੇਸ਼ ਦੇਣ ਵੇਲੇ ਉਸਦੇ ਸਮੂਹ ਪਰਿਵਾਰ ਨੂੰ ਧਿਆਨ ਵਿੱਚ ਰੱਖਦੇ ਸਨ। ਸਵੱਛ ਵਿਅਕਤੀ ਦਾ ਪਰਿਵਾਰ ਹੀ ਸਵੱਛ ਰਹਿ ਸਕਦਾ ਹੈ। ਉਹਨਾਂ ਨੇ ਉਸ ਸਮੇਂ ਦੇ ਸਮਾਜ ਵਿੱਚ ਫੈਲੀ ਵੇਸ਼ਵਾਗਮਨ ਦੀ ਭੈੜੀ ਆਦਤ ਦੀ ਆਲੋਚਨਾ ਕੀਤੀ ਹੈ ਕਿ ਇਸ ਬੁਰਾਈ ਨਾਲ ਪੁਰਸ਼ ਨੂੰ ਰੋਗ ਲੱਗਣ ਦੇ ਨਾਲ-ਨਾਲ ਉਸ ਪੁਰਸ਼ ਦੀ ਆਪਣੀ ਇਸਤਰੀ ਨੂੰ ਵੀ ਖ਼ਤਰਨਾਕ ਬਿਮਾਰੀ ਲੱਗ ਜਾਂਦੀ ਹੈ। ਜਿਸ ਕਾਰਨ ਉਸ ਪੁਰਸ਼ ਦਾ ਸਾਰਾ ਪਰਿਵਾਰ ਸਾਰੀ ਸਵੱਛਤਾ ਖਤਮ ਕਰ ਬੈਠਦਾ ਹੈ।[19]

ਸੋ ਸਤਿਗੁਰੂ ਰਾਮ ਸਿੰਘ ਦੇ ਹੁਕਮਨਾਮਿਆਂ ਵਿੱਚ ਆਏ ਔਰਤ ਪ੍ਰਤੀ ਵਿਚਾਰਾਂ ਨੂੰ ਦੇਖ ਕੇ ਪਤਾ ਚੱਲਦਾ ਹੈ ਕਿ ਸਤਿਗੁਰੂ ਰਾਮ ਸਿੰਘ ਉਸ ਵੇਲੇ ਦੇ ਸਮਾਜ ਵਿੱਚ ਫੈਲੀਆਂ ਇਸਤਰੀ ਪ੍ਰਤੀ ਸਮਾਜਿਕ ਬੁਰਾਈਆਂ ਨੂੰ ਗੁਰੂ ਸਾਹਿਬਾਨ ਦੇ ਆਸ਼ੇ ਅਨੁਸਾਰ ਦੂਰ ਕਰਨਾ ਚਾਹੁੰਦੇ ਸਨ। ਇਹ ਆਧੁਨਿਕ ਸਮੇਂ ਵਿੱਚ ਵੀ ਮਰਦ ਪ੍ਰਧਾਨ ਦੇਸ਼ ਵਿੱਚ ਮਰਦ ਦੀ ਜ਼ਮੀਰ ਨੂੰ ਇੱਕ ਵਾਰ ਫੇਰ ਨਿਆਂ ਲਈ ਆਵਾਜ਼ ਦੇ ਰਹੇ ਹਨ।

17. *Ibid.*, p. 192.
18. *Ibid.*, pp. 388-89.
19. *Ibid.*, pp. 403-404.

ਪੰਜਾਬੀ ਭਾਸ਼ਾ ਦੀ ਇਤਿਹਾਸਕਾਰੀ

ਰਮਨਦੀਪ ਸਿੰਘ *

ਪੰਜਾਬੀ ਭਾਸ਼ਾ ਉੱਪਰ ਹੁਣ ਤੱਕ ਹੋਈ ਡਾਇਆਕਰੌਨਿਕ ਖੋਜ ਦੇ ਆਧਾਰ ਉੱਤੇ ਇਹ ਤੱਥ ਸਾਹਮਣੇ ਆਉਂਦੇ ਹਨ ਕਿ ਪੰਜਾਬੀ ਭਾਸ਼ਾ ਦੇ ਬੀਜ ਕ੍ਰਮਵਾਰ ਪ੍ਰਾਚੀਨ ਯੁੱਗ ਦੀ ਭਾਰਤੀ-ਆਰੀਆ ਵੈਦਿਕ ਭਾਸ਼ਾ, ਸੰਸਕ੍ਰਿਤ, ਮੱਧ ਯੁੱਗ ਦੀ ਭਾਸ਼ਾ ਅਤੇ ਸਾਹਿਤਕ ਪ੍ਰਾਕ੍ਰਿਤਾਂ, ਅਪਭ੍ਰੰਸ਼ਾਂ ਦੇ ਵਿਭਿੰਨ ਅੰਸ਼ਾਂ ਅਤੇ ਅੰਗਾਂ ਵਿਚ ਦ੍ਰਿਸ਼ਟਮਾਨ ਹੁੰਦੇ ਹਨ। ਪੰਜਾਬੀ ਭਾਸ਼ਾ ਦੀਆਂ ਸੰਰਚਨਾਵੀਂ ਵਿਸ਼ੇਸ਼ਤਾਵਾਂ ਦੇ ਅਧਿਐਨ ਤੋਂ ਇਹ ਤੱਥ ਸਾਹਮਣੇ ਆਉਂਦੇ ਹਨ ਕਿ ਪੰਜਾਬੀ ਭਾਸ਼ਾ ਦੀ ਨਿਵੇਕਲੀ ਹੋਂਦ ਦੇ ਚਿੰਨ੍ਹ ਦਸਵੀਂ-ਗਿਆਰ੍ਹਵੀਂ ਸਦੀ ਵਿਚ ਬਣਨੇ ਸ਼ੁਰੂ ਹੋ ਗਏ ਸਨ। ਉਸ ਸਮੇਂ ਤੋਂ ਪੰਜਾਬੀ ਭਾਸ਼ਾ ਨਿਰੰਤਰ ਵਿਕਾਸ ਕਰਦੀ ਚਲੀ ਆ ਰਹੀ ਹੈ ਪਰ ਪੰਜਾਬੀ ਭਾਸ਼ਾ ਦੇ ਜਨਮ-ਸਰੋਤਾਂ ਬਾਰੇ ਵਿਦਵਾਨਾਂ ਦੇ ਵਿਚਾਰਾਂ ਵਿਚ ਸਮਾਨਤਾ ਨਹੀਂ ਹੈ।

ਭਾਰਤੀ ਭਾਸ਼ਾਵਾਂ ਦੀ ਇਤਿਹਾਸਕਾਰੀ ਦੀ ਚੇਤਨਾ ਗ੍ਰੀਅਰਸਨ ਦੇ ਭਾਸ਼ਾਈ ਸਰਵੇਖਣ ਨਾਲ ਹੀ ਉਜਾਗਰ ਹੁੰਦੀ ਹੈ। ਇਸ ਤੋਂ ਬਾਅਦ ਸੁਨੀਤੀ ਕੁਮਾਰ ਚੈਟਰਜੀ ਨੇ ਵੀ ਭਾਸ਼ਾ ਦੀ ਇਤਿਹਾਸਕਾਰੀ ਦੇ ਖੇਤਰ ਵਿਚ ਅਹਿਮ ਖੋਜ ਕਾਰਜ ਕੀਤਾ। ਇਹਨਾਂ ਤੋਂ ਬਿਨਾਂ ਹੋਰ ਵਿਦਵਾਨਾਂ ਨੇ ਵੀ ਭਾਰਤੀ ਭਾਸ਼ਾਵਾਂ ਦੀ ਇਤਿਹਾਸਕਾਰੀ ਦੇ ਖੇਤਰ ਵਿਚ ਕੰਮ ਕੀਤਾ ਹੈ। ਇਹ ਖੋਜ ਕਾਰਜ ਭਾਰਤ ਦੀਆਂ ਖੇਤਰੀ ਭਾਸ਼ਾਵਾਂ ਲਈ ਪ੍ਰੇਰਨਾ ਸਰੋਤ ਬਣਿਆ। ਪੰਜਾਬੀ ਭਾਸ਼ਾ ਦੀ ਇਤਿਹਾਸਕਾਰੀ ਵੀ ਇਸ ਸਿਧਾਂਤਕ ਸੇਧ ਵਿਚ ਆਰੰਭ ਹੁੰਦੀ ਹੈ।

ਪੰਜਾਬੀ ਭਾਸ਼ਾ ਦੀ ਇਤਿਹਾਸਕਾਰੀ ਦੇ ਸੰਬੰਧ ਵਿਚ ਪਿਆਰਾ ਸਿੰਘ ਪਦਮ (1954) *ਪੰਜਾਬੀ ਬੋਲੀ ਦਾ ਇਤਿਹਾਸ*, ਪ੍ਰੇਮ ਪ੍ਰਕਾਸ਼ ਸਿੰਘ (1955) *ਪੰਜਾਬੀ ਬੋਲੀ ਦਾ ਨਿਕਾਸ ਤੇ ਵਿਕਾਸ*, ਵਿਦਿਆ ਭਾਸਕਰ ਅਰੁਣ (1956) *ਪੰਜਾਬੀ ਭਾਸ਼ਾ ਦਾ ਇਤਿਹਾਸ*, ਦੁਨੀ ਚੰਦ੍ਰ (1959) *ਪੰਜਾਬੀ ਭਾਸ਼ਾ ਦਾ ਵਿਕਾਸ*, ਸੰਤ ਸਿੰਘ ਸੇਖੋਂ (1961) *ਪੰਜਾਬੀ ਬੋਲੀ ਦਾ ਇਤਿਹਾਸ*, ਕਾਲਾ ਸਿੰਘ ਬੇਦੀ (1971) *ਪੰਜਾਬੀ ਭਾਸ਼ਾ ਦਾ ਵਿਕਾਸ (ਇਤਿਹਾਸ)*, ਪ੍ਰੇਮ ਪ੍ਰਕਾਸ਼ ਸਿੰਘ (1996) *ਪੰਜਾਬੀ ਭਾਸ਼ਾ ਦਾ ਸਰੋਤ ਤੇ ਬਣਤਰ* ਨਾਮੀਂ ਪੁਸਤਕਾਂ ਪ੍ਰਕਾਸ਼ਿਤ ਹੋਈਆਂ ਹਨ। ਇਹਨਾਂ ਤੋਂ ਇਲਾਵਾ ਦੇਵਿੰਦਰ ਸਤਿਆਰਥੀ ਦਾ *ਪੰਜਾਬੀ ਦੁਨੀਆਂ* (ਅੰਕ 6, 1958) ਵਿਚ ਪੰਜਾਬੀ ਭਾਸ਼ਾ ਦਾ ਮੂਲ ਤੇ ਵਿਕਾਸ, *ਸਾਹਿਤ ਸਮਾਚਾਰ* (ਭਾਸ਼ਾ ਵਿਸ਼ੇਸ਼ ਅੰਕ) ਵਿਚ ਪੰਜਾਬੀ ਭਾਸ਼ਾ ਦੇ ਪਿਛੋਕੜ ਸੰਬੰਧੀ ਲੇਖ ਦਰਜ ਹਨ। ਪ੍ਰਿੰਸੀਪਲ ਤੇਜਾ ਸਿੰਘ ਨੇ ਆਪਣੀਆਂ ਦੋ ਪੁਸਤਕਾਂ *ਸਾਹਿਤ ਦਰਸ਼ਨ* ਅਤੇ *ਸਹਿਜ ਸੁਭਾ* ਵਿਚ ਪੰਜਾਬੀ ਭਾਸ਼ਾ ਦੇ ਇਤਿਹਾਸ ਬਾਰੇ ਚਰਚਾ ਕੀਤੀ ਹੈ। ਬਾਵਾ ਬੁੱਧ ਸਿੰਘ ਦੀ ਪੁਸਤਕ *ਹੰਸ ਚੋਗ* ਵਿਚ 'ਪੰਜਾਬੀ ਬੋਲੀ ਦਾ ਨਿਕਾਸ' ਲੇਖ ਦਰਜ ਹੈ। ਇਹਨਾਂ ਤੋਂ ਬਿਨਾਂ ਹੋਰ ਵੀ ਕੁਝ ਵਿਦਵਾਨਾਂ ਦੀਆਂ ਪੁਸਤਕਾਂ ਵਿਚ ਪੰਜਾਬੀ ਭਾਸ਼ਾ ਦੀ ਇਤਿਹਾਸਕਾਰੀ ਸੰਬੰਧੀ ਸੰਖੇਪ ਜਿਹੇ ਵੇਰਵੇ ਦਿੱਤੇ ਗਏ ਹਨ।

ਕੁੱਲ ਮਿਲਾ ਕੇ ਪਿਆਰਾ ਸਿੰਘ ਪਦਮ, ਸੰਤ ਸਿੰਘ ਸੇਖੋਂ ਅਤੇ ਕਾਲਾ ਸਿੰਘ ਬੇਦੀ ਦੀ ਭਾਸ਼ਾਈ ਇਤਿਹਾਸਕਾਰੀ ਵਿੱਚੋਂ ਭਾਸ਼ਾ ਵਿਗਿਆਨਕ ਸਿਧਾਂਤ ਚੇਤਨਾ ਦੀ ਅਲਪ ਸੋਝੀ ਨਜ਼ਰ ਆਉਂਦੀ ਹੈ। ਇਹਨਾਂ ਲੇਖਕਾਂ ਨੇ ਇਤਿਹਾਸਕ ਭਾਸ਼ਾ ਵਿਗਿਆਨ ਦੇ ਕਿਸੇ ਸਿਧਾਂਤਕ ਚੌਖਟੇ ਨੂੰ ਸੁਚੇਤ ਰੂਪ ਵਿਚ

* ਭਾਸ਼ਾ ਵਿਗਿਆਨ ਅਤੇ ਪੰਜਾਬੀ ਕੋਸ਼ਕਾਰੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਆਧਾਰ ਨਹੀਂ ਬਣਾਇਆ। ਵਿਦਿਆ ਭਾਸਕਰ ਅਰੁਣ ਅਤੇ ਦੁਨੀ ਚੰਦ੍ਰ ਦੀ ਭਾਸ਼ਾਈ ਇਤਿਹਾਸਕਾਰੀ ਕਿਸੇ ਹੱਦ ਤੱਕ ਇਤਿਹਾਸਕ ਭਾਸ਼ਾ ਵਿਗਿਆਨ ਦੇ ਤਕਾਜ਼ਿਆਂ ਨੂੰ ਅਪਣਾ ਕੇ ਪੰਜਾਬੀ ਭਾਸ਼ਾ ਦਾ ਤੱਥ ਮੂਲਕ, ਕ੍ਰਮਕ, ਵਿਉਂਤਬੰਦ ਖਾਕਾ ਜ਼ਰੂਰ ਉਲੀਕਦੀ ਹੈ। ਪਰ ਭਾਸ਼ਾ ਦੀ ਇਤਿਹਾਸਕਾਰੀ ਤੱਥ ਲੱਭਣ ਤੋਂ ਲੈ ਕੇ, ਤੱਥ ਚੋਣ, ਤੱਥਾਂ ਦਾ ਪ੍ਰਮਾਣੀਕਰਨ, ਤੱਥਾਂ ਦਾ ਤੁਲਨਾਤਮਕ ਵਿਸ਼ਲੇਸ਼ਣ, ਉਦਭਵ ਅਤੇ ਵਿਕਾਸ ਦੇ ਕਾਰਨਾਂ ਦੀ ਢੂੰਡ-ਭਾਲ ਕਰਨ ਤੱਕ ਦੇ ਵੇਰਵਿਆਂ ਨੂੰ ਆਪਣੀ ਵਲਗਣ ਵਿਚ ਲੈਂਦੀ ਹੈ। ਇਸ ਪੱਖ ਤੋਂ ਡਾ. ਪ੍ਰੇਮ ਪ੍ਰਕਾਸ਼ ਸਿੰਘ ਦੀ ਭਾਸ਼ਾਈ ਇਤਿਹਾਸਕਾਰੀ ਤਸੱਲੀਬਖਸ਼ ਹੈ। ਉਨ੍ਹਾਂ ਨੇ ਪੰਜਾਬੀ ਭਾਸ਼ਾ ਦੇ ਪ੍ਰਮਾਣਿਕ ਤੱਥ ਮੂਲਕ ਵੇਰਵਿਆਂ ਨੂੰ ਤੁਲਨਾਤਮਕ ਭਾਸ਼ਾ ਸ਼ਾਸਤਰੀ ਦ੍ਰਿਸ਼ਟੀ ਤੋਂ ਪੇਸ਼ ਕੀਤਾ ਹੈ ਜੋ ਕਿ ਭਾਸ਼ਾ ਦੀ ਇਤਿਹਾਸਕਾਰੀ ਦੀ ਪਹਿਲੀ ਸ਼ਰਤ ਹੈ। ਦਰਅਸਲ ਭਾਸ਼ਾ ਇੱਕ ਜਟਿਲ, ਬਹੁਪਰਤੀ ਅਤੇ ਬਹੁਦਿਸ਼ਾਵੀ ਵਰਤਾਰਾ ਹੈ। ਇਸ ਨੂੰ ਬਿਨਾਂ ਕਿਸੇ ਸਿਧਾਂਤਕ ਸੂਝ ਤੋਂ ਤਾਰਕਿਕ ਪੈਟਰਨ ਵਿਚ ਉਤਾਰਨਾ ਇੰਨਾਂ ਸਰਲ ਨਹੀਂ ਹੈ। ਸਮੁੱਚੇ ਤੌਰ ਤੇ ਪੰਜਾਬੀ ਭਾਸ਼ਾ ਦੀ ਇਤਿਹਾਸਕਾਰੀ ਇਕੋ ਵੇਲੇ ਏਨੇ ਪਹਿਲੂਆਂ ਨੂੰ ਸੰਤੁਲਿਤ ਤੇ ਵਿਵੇਕਸ਼ੀਲ ਦ੍ਰਿਸ਼ਟੀਕੋਣ ਤੋਂ ਅਧਿਐਨ ਕਰਨ ਤੋਂ ਅਸਮਰੱਥ ਰਹੀ ਹੈ। ਇਸ ਦਾ ਇਕੋ ਇੱਕ ਕਾਰਨ ਇਹੋ ਬਣਦਾ ਹੈ ਕਿ ਉਹ ਤੱਥਾਂ ਦੀ ਪ੍ਰਮਾਣਿਕਤਾ/ਅਪ੍ਰਮਾਣਿਕਤਾ ਲਈ ਲੋੜੀਂਦੇ ਸਿਧਾਂਤਕ ਪਰਿਪੇਖ ਜਾਂ ਅੰਤਰ-ਦ੍ਰਿਸ਼ਟੀਆਂ ਨਾਲ ਨਿਕਟਵਾਕਫ਼ੀ ਪਾਉਣ ਤੋਂ ਬਗੈਰ ਹੀ ਅਧਿਐਨ ਕਾਰਜ ਵਿਚ ਉਤਰਦੇ ਹਨ।

ਪੰਜਾਬੀ ਦੇ ਜਨਮ ਸਰੋਤ ਬਾਰੇ ਇਹਨਾਂ ਵਿਦਵਾਨਾਂ ਨੇ ਕੋਈ ਠੋਸ ਜਾਂ ਤਰਕਪੂਰਨ ਨਜ਼ਰੀਆ ਪੇਸ਼ ਨਹੀਂ ਕੀਤਾ। ਉਹਨਾਂ ਦੁਆਰਾ ਪੰਜਾਬੀ ਭਾਸ਼ਾ ਦੇ ਜਣਨਿਕ ਸਰੋਤ ਬਾਰੇ ਸਥਾਪਿਤ ਕੀਤੀਆਂ ਧਾਰਨਾਵਾਂ ਤੋਂ ਸ਼ੌਰਸੇਨੀ, ਪੈਸ਼ਾਚੀ, ਕੈਕੇਈ, ਟੱਕੀ, ਮਦ੍ਰ, ਬਾਹਲੀਕ ਅਤੇ ਉਪਨਾਗਰ ਪ੍ਰਾਕ੍ਰਿਤ/ਅਪਭ੍ਰੰਸ਼ ਵਿੱਚੋਂ ਪੰਜਾਬੀ ਭਾਸ਼ਾ ਦੇ ਬੀਜ ਉਤਪੰਨ ਹੋਣ ਦੀ ਗਵਾਹੀ ਮਿਲਦੀ ਹੈ। ਅੱਗੇ ਅਸੀਂ ਇਹਨਾਂ ਬਾਰੇ ਚਰਚਾ ਕਰ ਰਹੇ ਹਾਂ :

ਸ਼ੌਰਸੇਨੀ

ਸ਼ੌਰਸੇਨੀ ਦਾ ਸੰਬੰਧ ਕਈ ਵਿਦਵਾਨਾਂ ਨੇ ਪੰਜਾਬੀ ਭਾਸ਼ਾ ਨਾਲ ਦਰਸਾਇਆ ਹੈ। ਯੂਰਪੀ ਵਿਦਵਾਨ ਡਾ. ਜਾਰਜ ਗ੍ਰੀਅਰਸਨ ਦੁਆਰਾ ਕਰਵਾਏ ਭਾਸ਼ਾਈ ਸਰਵੇਖਣ '*ਲਿੰਗੁਇਸਟਿਕ ਸਰਵੇ ਆਫ ਇੰਡੀਆ*' ਵਿਚ 'ਪੂਰਬੀ ਪੰਜਾਬੀ' ਅਤੇ 'ਪੱਛਮੀ ਪੰਜਾਬੀ' ਨੂੰ ਦੋ ਅਲੱਗ-ਅਲੱਗ ਭਾਸ਼ਾਵਾਂ ਵਿਚ ਵੰਡ ਦਿੱਤਾ ਗਿਆ। ਪੂਰਬੀ ਪੰਜਾਬੀ ਦੀ ਭਾਸ਼ਾ ਸ਼ੌਰਸੇਨੀ ਅਪਭ੍ਰੰਸ਼ ਅਤੇ ਪੱਛਮੀ ਪੰਜਾਬੀ ਦੀ ਪੈਸ਼ਾਚੀ ਅਪਭ੍ਰੰਸ਼ ਨੂੰ ਮੰਨਿਆ ਗਿਆ। ਗ੍ਰੀਅਰਸਨ ਅਨੁਸਾਰ "ਹਿੰਦੀ ਤੇ ਪੰਜਾਬੀ ਦੀ ਸਰੋਤ ਭਾਸ਼ਾ 'ਵ੍ਰਾਚਡ' ਅਪਭ੍ਰੰਸ਼ ਹੈ ਅਤੇ ਪੂਰਬੀ ਪੰਜਾਬੀ ਦੀਆਂ ਅਪਭ੍ਰੰਸ਼ਾਂ ਵਿਚ ਸ਼ੌਰਸੇਨੀ-ਅਪਭ੍ਰੰਸ਼ ਦੇ ਨਾਲ-ਨਾਲ ਟੱਕ ਅਪਭ੍ਰੰਸ਼ ਤੇ ਉਪਨਾਗਰ ਅਪਭ੍ਰੰਸ਼ ਵੀ ਸ਼ਾਮਲ ਹਨ।"[1]

ਗ੍ਰੀਅਰਸਨ ਤੋਂ ਬਿਨਾਂ ਹੋਰ ਵੀ ਕਈ ਵਿਦਵਾਨਾਂ ਨੇ ਪੰਜਾਬੀ ਭਾਸ਼ਾ ਦਾ ਜਨਮ ਸ਼ੌਰਸੇਨੀ ਅਪਭ੍ਰੰਸ਼ ਤੋਂ ਮੰਨਿਆ ਹੈ। ਸੰਤ ਸਿੰਘ ਸੇਖੋਂ, ਵਿਦਿਆ ਭਾਸਕਰ ਅਰੁਣ ਅਤੇ ਦੁਨੀ ਚੰਦ੍ਰ ਆਦਿ ਵਿਦਵਾਨਾਂ ਨੇ ਪੰਜਾਬੀ ਭਾਸ਼ਾ ਦਾ ਜਨਮ ਸ਼ੌਰਸੇਨੀ ਤੋਂ ਮੰਨਿਆ ਹੈ।

ਵਿਦਿਆ ਭਾਸਕਰ ਅਰੁਣ ਅਨੁਸਾਰ, "ਪੰਜਾਬੀ ਨੂੰ ਜਨਮ ਦੇਣ ਵਿਚ ਜਿੱਥੇ ਪੁਰਾਣੀ ਪੱਛਮੀ ਹਿੰਦੀ ਯਾ ਸ਼ੌਰਸੇਨੀ ਅਪਭ੍ਰੰਸ਼ ਦਾ ਬਹੁਤ ਹੱਥ ਹੈ, ਉਥੇ ਖੜ੍ਹੀ ਬੋਲੀ ਦੇ ਵਿਕਾਸ ਵਿਚ ਪੰਜਾਬੀ ਨੇ ਬਹੁਤ ਯੋਗਦਾਨ ਦਿੱਤਾ ਹੈ।"[2] ਦੁਨੀ ਚੰਦ੍ਰ ਅਨੁਸਾਰ, "ਸ਼ੌਰਸੇਨੀ ਪ੍ਰਾਕ੍ਰਿਤ ਨਾਲ ਪੱਛਮੀ ਹਿੰਦੀ ਦਾ ਹੀ ਨਹੀਂ,

1. ਗ੍ਰੀਅਰਸਨ, *ਲਿੰਗੁਇਸਟਿਕ ਸਰਵੇ ਆਫ ਇੰਡੀਆ*, ਦਿੱਲੀ, 1927, ਪੰਨਾ 125.
2. ਵਿੱਦਿਆ ਭਾਸਕਰ ਅਰੁਣ, *ਪੰਜਾਬੀ ਭਾਸ਼ਾ ਦਾ ਇਤਿਹਾਸ*, ਪਟਿਆਲਾ, 1956, ਪੰਨਾ 45.

ਪੂਰਬੀ ਪੰਜਾਬੀ ਦਾ ਵੀ ਨੜੇ ਦਾ ਸੰਬੰਧ ਹੈ, ਕਿਉਂ ਜੋ ਇਹ ਦੋਵੇਂ ਸ਼ੌਰਸੇਨੀ ਅਪਭ੍ਰੰਸ਼ ਦੀ ਰਾਹੀਂ ਇਸ ਤੋਂ ਹੀ ਨਿਕਲੀਆਂ ਹਨ।"[3] ਸੰਤ ਸਿੰਘ ਸੇਖੋਂ ਅਨੁਸਾਰ, "ਆਧੁਨਿਕ ਉੱਤਰ-ਭਾਰਤੀ ਬੋਲੀਆਂ ਹਿੰਦੀ, ਰਾਜਸਥਾਨੀ ਤੇ ਪੰਜਾਬੀ ਸ਼ੌਰਸੇਨੀ ਵਿੱਚੋਂ ਹੀ ਨਿਕਲੀਆਂ ਪ੍ਰਤੀਤ ਹੁੰਦੀਆਂ ਹਨ ਤੇ ਗੁਜਰਾਤੀ ਅਤੇ ਮਰਾਠੀ, ਮਹਾਂਰਾਸ਼ਟਰੀ ਵਿੱਚੋਂ।"[4] ਪੀ.ਡੀ. ਗੁਣੇ ਅਨੁਸਾਰ, "ਪੰਜਾਬੀ ਤੇ ਪੱਛਮੀ ਹਿੰਦੀ ਸ਼ੌਰਸੇਨੀ ਅਪਭ੍ਰੰਸ਼ ਤੋਂ ਹੀ ਵਿਕਸਿਤ ਹੋਈਆਂ ਮੰਨੀਆਂ ਜਾਂਦੀਆਂ ਹਨ।"[5]

ਸ਼ੌਰਸੇਨੀ ਦਾ ਖੇਤਰ ਅੱਜਕੱਲ੍ਹ ਦੇ ਪ੍ਰਦੇਸ ਮਥੁਰਾ, ਆਗਰਾ, ਅਲੀਗੜ੍ਹ ਤੋਂ ਇਲਾਵਾ ਯੂ.ਪੀ. ਦੇ ਨਾਲ ਲੱਗਦਾ ਪੂਰਬੀ ਪੰਜਾਬ ਦਾ ਕੁਝ ਇਲਾਕਾ ਮੰਨਿਆ ਗਿਆ ਹੈ। ਮੱਧ ਦੇਸ਼ ਦੀ ਪ੍ਰਮੁੱਖ ਭਾਸ਼ਾ ਹੋਣ ਕਰਕੇ, ਇਸ ਨੇ ਪੰਜਾਬੀ ਭਾਸ਼ਾ ਨੂੰ ਕੁਝ ਪ੍ਰਭਾਵਿਤ ਤਾਂ ਜ਼ਰੂਰ ਕੀਤਾ ਹੋਵੇਗਾ, ਪਰ ਇਸ ਆਧਾਰ ਉੱਤੇ ਇਹ ਨਿਰਣਾ ਕਰਨਾ ਕਿ ਪੰਜਾਬੀ ਦੀ ਉਤਪਤੀ ਸ਼ੌਰਸੇਨੀ ਤੋਂ ਹੋਈ ਹੈ ਇਹ ਕੋਈ ਸਾਰਥਕ ਮੱਤ ਨਹੀਂ ਹੈ। ਪ੍ਰਾਚੀਨ ਪੰਜਾਬ ਦੇ ਪੂਰਬੀ ਇਲਾਕੇ ਵਿਚ ਸ਼ੌਰਸੇਨੀ ਤੋਂ ਬਿਨਾਂ ਕੋਈ ਹੋਰ ਪ੍ਰਾਕ੍ਰਿਤ/ਅਪਭ੍ਰੰਸ਼ ਜ਼ਰੂਰ ਪ੍ਰਚੱਲਿਤ ਰਹੀ ਹੋਵੇਗੀ, ਕਿਉਂਕਿ ਸ਼ੌਰਸੇਨੀ ਤੋਂ ਸਿੱਧੇ ਰੂਪ ਵਿਚ ਉਪਜੀ ਹਿੰਦੀ ਦੀਆਂ ਪੰਜਾਬੀ ਭਾਸ਼ਾ ਨਾਲੋਂ ਕਾਫ਼ੀ ਵੱਖਰਤਾਵਾਂ ਹਨ। ਸ਼ੌਰਸੇਨੀ ਅਤੇ ਪੰਜਾਬੀ ਦੀਆਂ ਕੁਝ ਸਮਾਨਤਾਵਾਂ ਵੀ ਹਨ। ਸ਼ੌਰਸੇਨੀ ਪ੍ਰਾਕ੍ਰਿਤ ਵਿਚ ਸੰਸਕ੍ਰਿਤ ਧੁਨੀ /ਯ/ ਨੂੰ /ਜ/ ਧੁਨੀ ਵਿਚ ਰੂਪਾਂਤਰਿਤ ਕਰਨ ਦੀ ਰੁਚੀ ਵੀ ਪੰਜਾਬੀ ਮਿਲਦੀ ਹੈ। ਇਸ ਵਿਚ ਸੰਸਕ੍ਰਿਤ ਦੀਆਂ /ਸ਼, ਸ, ਖ/ ਤਿੰਨ ਊਸ਼ਮ ਧੁਨੀਆਂ ਵਿੱਚੋਂ ਸਿਰਫ਼ /ਸ/ ਦੰਤੀ ਧੁਨੀ ਹੀ ਬਚੀ ਹੈ। ਇਹ ਰੁਚੀ ਪੰਜਾਬੀ ਵਿਚ ਵੀ ਕਾਰਜਸ਼ੀਲ ਹੈ।

ਸ਼ੌਰਸੇਨੀ ਅਤੇ ਪੰਜਾਬੀ ਭਾਸ਼ਾ ਦੀਆਂ ਸਮਾਨਤਾਵਾਂ ਹੋਣ ਤੋਂ ਬਿਨਾਂ ਵੱਖਰਤਾਵਾਂ ਵੀ ਮਿਲਦੀਆਂ ਹਨ। ਸ਼ੌਰਸੇਨੀ ਅਤੇ ਪੰਜਾਬੀ ਵਿਚ ਕਿਰਦੰਤੀ ਸ਼ਬਦ ਵਿਧਾਨ ਵੱਖਰਾ ਹੈ। ਜਿਵੇਂ ਪੰਜਾਬੀ ਭੂਤ ਕ੍ਰਿਦੰਤੀ ਰੂਪ ਦਾ ਪਿਛੇਤਰ ਮਾਰਫੀਮ ਜਿੱਥੇ 'ਤ' ਅੰਤਕ ਹੈ, ਉੱਥੇ ਹਿੰਦੀ ਵਿਚ ਜਾਂ ਸ਼ੌਰਸੇਨੀ ਉਤਪੰਨ ਹਿੰਦੀ ਬੋਲੀਆਂ ਵਿਚ ਇਸ ਦੀ ਥਾਂ 'ਅ', 'ਯਾ', 'ਇਆ' ਵਿਕਸਿਤ ਹੋਇਆ ਹੈ। ਪੰਜਾਬੀ ਵਿਚ 'ਦੁੱਤੀਕਰਣ' ਦੀ ਪ੍ਰਵਿਰਤੀ ਪ੍ਰਚੱਲਿਤ ਹੈ। ਸ਼ੌਰਸੇਨੀ ਤੋਂ ਵਿਕਸਿਤ ਹਿੰਦੀ ਆਦਿ ਬੋਲੀਆਂ ਵਿਚ ਇਹ ਧਾਰਨਾ ਨਹੀਂ ਹੈ। ਸੁਰ ਪ੍ਰਣਾਲੀ ਦਾ ਸੰਬੰਧ ਵੀ ਪੰਜਾਬੀ ਭਾਸ਼ਾ ਨਾਲ ਹੈ, ਸ਼ੌਰਸੇਨੀ ਤੋਂ ਉਤਪੰਨ ਬੋਲੀਆਂ ਵਿਚ ਇਸ ਦੀ ਅਣਹੋਂਦ ਪਾਈ ਜਾਂਦੀ ਹੈ। ਪਰ ਪੰਜਾਬੀ ਵਿਚ ਇਹ ਸੁਰ ਵਿਚ ਬਦਲ ਗਿਆ। ਹਿੰਦੀ ਵਿਚ 'ਸ' ਅੱਜ ਵੀ ਪ੍ਰਚੱਲਿਤ ਹੈ। ਪੰਜਾਬੀ ਵਿਚ ਮੂਰਧਨੀ ਪਾਰਸ਼ਵਿਕ 'ਲ' ਧੁਨੀ ਸ਼ੌਰਸੇਨੀ ਬੋਲੀਆਂ ਨਾਲੋਂ ਨਿਵੇਕਲੀ ਹੈ। ਇਹ ਧੁਨੀ ਵੈਦਿਕ ਸੰਸਕ੍ਰਿਤ ਵਿਚ ਪ੍ਰਚੱਲਿਤ ਰਹੀ ਹੈ। ਪੰਜਾਬੀ ਵਿਚ ਪ੍ਰਚੱਲਿਤ 'ਲ' ਧੁਨੀ ਤੋਂ ਇਹ ਸੰਕੇਤ ਮਿਲਦਾ ਹੈ ਕਿ ਜ਼ਰੂਰ ਕੋਈ ਪ੍ਰਾਕ੍ਰਿਤ/ਅਪਭ੍ਰੰਸ਼ ਹੋਵੇਗੀ, ਜਿਸ ਵਿਚ ਇਹ ਧੁਨੀ ਪ੍ਰਚੱਲਿਤ ਸੀ।

ਪੈਸ਼ਾਚੀ

ਗ੍ਰੀਅਰਸਨ ਦੁਆਰਾ ਕੀਤੀ ਖੋਜ ਦੇ ਆਧਾਰ ਉੱਪਰ ਹੀ ਕਈ ਹੋਰ ਵਿਦਵਾਨ ਵੀ ਲਹਿੰਦੀ ਪੰਜਾਬੀ ਨੂੰ ਪੈਸ਼ਾਚੀ ਪ੍ਰਾਕ੍ਰਿਤ/ਅਪਭ੍ਰੰਸ਼ ਤੋਂ ਵਿਕਸਿਤ ਹੋਈ ਮੰਨਣ ਲੱਗ ਪਏ। ਬਨਾਰਸੀ ਦਾਸ ਜੈਨ, ਬਦਰੀਨਾਥ ਭੱਟ, ਡਾ. ਮੋਹਣ ਸਿੰਘ ਦੀਵਾਨਾ, ਡਾ. ਕਾਲਾ ਸਿੰਘ ਬੇਦੀ ਆਦਿ ਵਿਦਵਾਨਾਂ ਨੇ ਪੰਜਾਬੀ ਭਾਸ਼ਾ ਦਾ ਜਨਮ ਪੈਸ਼ਾਚੀ ਭਾਸ਼ਾ ਤੋਂ ਕਿਆਸਿਆ ਹੈ। ਕਾਲਾ ਸਿੰਘ ਬੇਦੀ ਅਨੁਸਾਰ, "ਵਾਸਤਵ ਵਿਚ ਪੈਸ਼ਾਚੀ ਅਪਭ੍ਰੰਸ਼ ਹੀ ਆਧੁਨਿਕ ਪੰਜਾਬੀ ਦੀ ਜਨਨੀ ਹੈ ਅਤੇ ਸ਼ੌਰਸੇਨੀ ਇਸ ਦੀ ਪਾਲਣ ਪੋਸ਼ਣਹਾਰੀ।"[6]

---

3. ਦੁਨੀ ਚੰਦ੍ਰ, *ਪੰਜਾਬੀ ਭਾਸ਼ਾ ਦਾ ਵਿਕਾਸ*, ਚੰਡੀਗੜ੍ਹ, 1959, ਪੰਨਾ 19.
4. ਸੰਤ ਸਿੰਘ ਸੇਖੋਂ, *ਪੰਜਾਬੀ ਬੋਲੀ ਦਾ ਇਤਿਹਾਸ*, ਪਟਿਆਲਾ, 1961, ਪੰਨਾ 138.
5. ਪੀ.ਡੀ. ਗੁਣੇ, *ਐਨ ਇੰਟਰੋਡਕਸ਼ਨ ਟੂ ਕੰਪੈਰੇਟਿਵ ਫਿਲਾਲੋਜੀ*, ਪਟਿਆਲਾ, 2001, ਪੰਨਾ 223.
6. ਕਾਲਾ ਸਿੰਘ ਬੇਦੀ, *ਪੰਜਾਬੀ ਭਾਸ਼ਾ ਦਾ ਵਿਕਾਸ (ਇਤਿਹਾਸ)*, ਦਿੱਲੀ, 1971, ਪੰਨਾ 141.

ਗ੍ਰੀਅਰਸਨ ਨੇ ਪੰਜਾਬੀ ਵਿਚ ਕਸ਼ਮੀਰੀ ਭਾਸ਼ਾ ਦੇ ਕੁਝ ਸ਼ਬਦਾਂ ਦੀ ਰਲਾਵਟ ਕਾਰਨ ਪੈਸ਼ਾਚੀ ਦਾ ਸੰਬੰਧ ਪੰਜਾਬੀ ਭਾਸ਼ਾ ਨਾਲ ਜੋੜਿਆ ਹੈ। ਗੁਆਂਢੀ ਭਾਸ਼ਾ ਹੋਣ ਦੇ ਨਾਤੇ ਇਸ ਦਾ ਪੰਜਾਬੀ ਉੱਤੇ ਪ੍ਰਭਾਵ ਜ਼ਰੂਰ ਪਿਆ ਹੋਵੇਗਾ, ਪਰ ਇਸ ਪ੍ਰਭਾਵ ਨੂੰ ਮੂਲ ਸੋਮਾ ਮੰਨਣਾ ਕੋਈ ਉਚਿੱਤ ਪ੍ਰਮਾਣ ਨਹੀਂ ਹੈ। ਪੈਸ਼ਾਚੀ ਅਤੇ ਪੰਜਾਬੀ ਭਾਸ਼ਾ ਵਿਚ ਕਾਫ਼ੀ ਵੱਖਰਤਾਵਾਂ ਹਨ। ਪੈਸ਼ਾਚੀ ਅਤੇ ਪੰਜਾਬੀ ਦੀ ਧੁਨੀਆਤਮਕ ਬਣਤਰ ਨਿੱਖੜਵੀਂ ਹੈ। ਪੈਸ਼ਾਚੀ ਵਿਚ ਸ਼ਬਦਾਂ ਦੇ ਅੰਤਰਗਤ ਕ, ਚ, ਟ, ਤ, ਪ ਦੇ ਪੈਟਰਨ ਦੀ ਥਾਂ ਪੰਜਾਬੀ ਵਿਚ ਗ, ਜ, ਡ, ਦ, ਬ ਦਾ ਵਿਧਾਨ ਪ੍ਰਚੱਲਿਤ ਹੈ। ਪੈਸ਼ਾਚੀ ਵਿਚ ਘ, ਝ, ਢ, ਧ, ਭ ਧੁਨੀਆਂ ਕ੍ਰਮਵਾਰ ਖ, ਛ, ਠ, ਥ, ਫ ਵਿਚ ਬਦਲਦੀਆਂ ਹਨ। ਲਹਿੰਦੀ ਤੇ ਪੰਜਾਬੀ ਦੀਆਂ ਆਪਸ ਵਿਚ ਕਈ ਸਮਾਨਤਾਵਾਂ ਹਨ। ਲਹਿੰਦੀ ਤੇ ਪੰਜਾਬੀ ਵਿਚ 'ਸ਼', 'ਸ', 'ਹ' ਦਾ ਵਿਕਾਸ ਪਹਿਲਾਂ 'ਹ' ਹੋਇਆ, ਬਾਅਦ ਵਿਚ ਸੁਰ ਵਿਚ ਬਦਲ ਗਿਆ। ਪਰ ਹਿੰਦੀ ਵਿਚ ਉਸੇ ਰੂਪ ਵਿਚ 'ਸ' ਵਿਚ ਕਾਇਮ ਹੈ। ਲਹਿੰਦੀ ਤੇ ਪੰਜਾਬੀ ਵਿਚ ਮੂਰਧਨੀ ਧੁਨੀਆਂ ਦੀ ਬਹੁਲਤਾ ਹੈ, ਪਰ ਹਿੰਦੀ ਵਿਚ ਇਹ 'ੜ' ਵਿਚ ਪ੍ਰਚੱਲਿਤ ਹਨ। ਇਸ ਤਰ੍ਹਾਂ ਲਹਿੰਦੀ ਤੇ ਪੰਜਾਬੀ ਨੂੰ ਇੱਕੋ ਭਾਸ਼ਾ ਦੇ ਦੋ ਰੂਪ ਮੰਨਿਆ ਜਾ ਸਕਦਾ ਹੈ।

ਕੈਕੇਈ

ਕੈਕੇਈ ਦਾ ਪੰਜਾਬ ਅਤੇ ਪੰਜਾਬੀ ਨਾਲ ਡੂੰਘਾ ਰਿਸ਼ਤਾ ਜੁੜਦਾ ਹੈ। ਵਿਦਵਾਨਾਂ ਨੇ ਕੈਕੇਯ ਦੇਸ਼ ਦਾ ਇਲਾਕਾ ਜਿਹਲਮ ਅਤੇ ਚਨਾਬ ਦਰਿਆ ਦੇ ਵਿਚਕਾਰਲਾ ਮੰਨਿਆ ਹੈ। ਡਾ. ਐਸ.ਐਮ. ਅਲੀ ਅਨੁਸਾਰ, "ਕੈਕਯ ਜਨਪਦ ਜਿਹਲਮ-ਚਨਾਬ ਦਰਿਆਵਾਂ ਦੇ ਦੋਆਬ ਵਿਚ ਸਥਿਤ ਸੀ, ਜਿਸ ਦੀ ਰਾਜਧਾਨੀ 'ਰਾਜਗ੍ਰਹ' ਜਾਂ 'ਗਿਰੀਵਜ਼' ਸੀ।"[7] ਗ੍ਰੀਅਰਸਨ ਨੇ ਵੀ ਸਿੰਧ ਦਰਿਆ ਤੋਂ ਹੇਠਲੇ ਪਾਸੇ ਨੂੰ ਕੈਕੇਯਾਂ ਦਾ ਪ੍ਰਦੇਸ ਕਿਹਾ ਹੈ। ਗ੍ਰੀਅਰਸਨ ਅਨੁਸਾਰ, "ਪੱਛਮੀ ਪੰਜਾਬ ਤੇ ਸਿੰਧੂ ਨੂੰ ਮਿਲਾ ਕੇ ਇਸ ਦੇਸ਼ ਵਿਚ ਤਿੰਨ ਰਾਜ ਸਥਾਪਿਤ ਸਨ - ਧੁਰ ਉੱਤਰ ਵਿਚ ਗਾਂਧਾਰ, ਸਿੰਧ ਦਰਿਆ ਦੇ ਹੇਠਲੇ ਪਾਸੇ ਕੈਕੇਯ ਅਤੇ ਹੋਰ ਹੇਠਾਂ ਵੱਲ ਸਿੰਧੂ ਸੌਵੀਰ।"[8] ਡਾ. ਬੁੱਧ ਪ੍ਰਕਾਸ਼ ਅਨੁਸਾਰ, "ਕੈਕੇਯ ਦੇਸ਼ ਦੇ ਹੇਠਾਂ ਕਰਕੇ ਮਦ੍ਰ ਲੋਕ ਆਬਾਦ ਸਨ, ਉਹਨਾਂ ਦੇ ਰਾਜ ਦੀ ਰਾਜਧਾਨੀ ਸ਼ਾਕਲ ਸੀ ਜਿਹੜੀ ਅੱਜਕੱਲ੍ਹ ਸਿਆਲਕੋਟ ਨਾਂ ਨਾਲ ਮਸ਼ਹੂਰ ਹੈ। ਇਹ ਸ਼ਾਕਲ ਨਗਰੀ ਚਿਨਾਬ ਤੇ ਰਾਵੀ ਦੇ ਦਰਮਿਆਨ ਸੀ।"[9]

ਵਿਦਵਾਨਾਂ ਦਾ ਵਿਚਾਰ ਹੈ ਕਿ ਇਥੇ ਕੈਕੇਯ ਜਾਤੀ ਦੇ ਲੋਕ ਰਹਿੰਦੇ ਸਨ ਅਤੇ ਉਹਨਾਂ ਦੀ ਬੋਲੀ ਨੂੰ ਕੈਕੇਈ ਕਿਹਾ ਜਾਂਦਾ ਸੀ। ਡਾ. ਪ੍ਰੇਮ ਪ੍ਰਕਾਸ਼ ਸਿੰਘ ਧਾਲੀਵਾਲ ਅਨੁਸਾਰ, "ਕੇਕਯ ਪ੍ਰਾਚੀਨ ਤੇ ਮੱਧਕਾਲੀਨ ਪੰਜਾਬ ਦਾ ਇਲਾਕਾ ਸੀ ਅਤੇ ਉਸ ਇਲਾਕੇ ਜਾਂ ਦੇਸ਼ ਵਿਚ ਰਹਿਣ ਵਾਲੀ ਜਾਤੀ ਜਾਂ ਕਬੀਲ੍ਹਾ ਕੈਕੇਯ/ਕੈਕਯ ਅਖਵਾਉਂਦਾ ਸੀ। ਕੇਕਯ ਦੇਸ਼ ਅਤੇ ਜਾਤੀ ਦੇ ਸੰਸਰਗ ਸੰਪਰਕ ਨਾਲ ਇਥੋਂ ਦੀ ਬੋਲੀ ਨੂੰ ਵੀ ਕੈਕੇਯੀ ਕਿਹਾ ਜਾਂਦਾ ਸੀ।"[10]

ਆਧੁਨਿਕ ਭਾਸ਼ਾ ਵਿਗਿਆਨੀਆਂ ਵਿਚ ਡਾ. ਧੀਰੇਂਦਰ ਵਰਮਾ, ਡਾ. ਭੋਲਾ ਨਾਥ ਤਿਵਾੜੀ, ਡਾ. ਹਰਦੇਵ ਬਾਹਰੀ ਅਤੇ ਡਾ. ਪ੍ਰੇਮ ਪ੍ਰਕਾਸ਼ ਧਾਲੀਵਾਲ ਨੇ ਕੈਕੇਈ ਸੰਬੰਧੀ ਆਪਣੇ ਵਿਚਾਰ ਪ੍ਰਗਟ ਕੀਤੇ ਹਨ। ਡਾ. ਭੋਲਾ ਨਾਥ ਤਿਵਾੜੀ ਅਨੁਸਾਰ, "ਕੇਕਯ ਅਪਭ੍ਰੰਸ਼ ਤੋਂ ਪੱਛਮੀ ਪੰਜਾਬ (ਪਾਕਿਸਤਾਨ) ਦੀ ਭਾਸ਼ਾ ਪੱਛਮੀ ਪੰਜਾਬੀ ਜਾਂ ਲਹਿੰਦੀ ਦਾ ਵਿਕਾਸ ਹੋਇਆ ਹੈ। ਇਸ ਉੱਤੇ ਦਰਦ ਭਾਸ਼ਾ (ਪੈਸ਼ਾਚੀ) ਦਾ ਪ੍ਰਭਾਵ ਜ਼ਿਆਦਾ ਪਿਆ ਹੈ। ਪੂਰਬੀ ਪੰਜਾਬੀ ਜਾਂ ਪੰਜਾਬੀ ਮੱਧ ਪੰਜਾਬ ਦੀ ਭਾਸ਼ਾ ਹੈ। ਕੈਕੇਯ ਤੋਂ ਇਸ ਦੀ ਵੀ ਪੈਦਾਇਸ਼ ਹੈ ਪਰ ਸ਼ੌਰਸੈਨੀ ਦਾ ਪ੍ਰਭਾਵ ਵਧੇਰੇ ਪਿਆ ਹੈ।"[11]

7. ਐਸ.ਐਮ. ਅਲੀ, *ਦਾ ਜੌਗਰਫੀ ਆਫ ਪੁਰਾਨ*, ਨਵੀਂ ਦਿੱਲੀ, 1966, ਪੰਨਾ 145.
8. ਗ੍ਰੀਅਰਸਨ, *ਲਿੰਗੁਇਸਟਿਕ ਸਰਵੇ ਆਫ ਇੰਡੀਆ*, ਦਿੱਲੀ, 1927, ਪੰਨਾ 2.
9. ਡਾ. ਬੁੱਧ ਪ੍ਰਕਾਸ਼, *ਸਟੱਡੀਜ਼ ਇਨ ਇੰਡੀਅਨ ਹਿਸਟਰੀ ਐਂਡ ਸਿਵਲਾਈਜੇਸ਼ਨ*, ਆਗਰਾ, 1962, ਪੰਨਾ 33.
10. ਪ੍ਰੇਮ ਪ੍ਰਕਾਸ਼ ਸਿੰਘ ਧਾਲੀਵਾਲ, *ਪੰਜਾਬੀ ਭਾਸ਼ਾ ਦਾ ਸਰੋਤ ਤੇ ਬਣਤਰ*, ਪਟਿਆਲਾ, 1996, ਪੰਨਾ 45.
11. ਡਾ. ਭੋਲਾ ਨਾਥ ਤਿਵਾੜੀ, *ਹਿੰਦੀ ਭਾਸ਼ਾ*, ਪ੍ਰਯਾਗ, 1955, ਪੰਨਾ 20.

ਡਾ. ਪ੍ਰੇਮ ਪ੍ਰਕਾਸ਼ ਸਿੰਘ ਧਾਲੀਵਾਲ ਅਨੁਸਾਰ, "ਮੱਧਕਾਲੀਨ ਪੰਜਾਬ ਵਿਚ ਵੈਦਿਕ ਭਾਸ਼ਾ ਅਤੇ ਪਾਲੀ ਪ੍ਰਾਕ੍ਰਿਤ ਤੋਂ ਬਾਅਦ ਕੈਕੇਯੀ ਪ੍ਰਾਕ੍ਰਿਤ ਅਤੇ ਕੈਕੇਯੀ ਅਪਭ੍ਰੰਸ਼ ਦਾ ਏਥੇ ਸ਼ਰਤੀਆ ਪ੍ਰਸਾਰ ਤੇ ਪ੍ਰਚਾਰ ਰਿਹਾ ਹੈ, ਜਿਸ ਤੋਂ ਇਹ ਤੱਥ ਵੀ ਉਭਰਦਾ ਹੈ ਕਿ ਮੱਧਯੁਗੀਨ ਪੰਜਾਬ ਦੀ ਕੈਕੇਈ ਪ੍ਰਾਕ੍ਰਿਤ ਅਤੇ ਕੈਕੇਈ ਅਪਭ੍ਰੰਸ਼ ਆਧੁਨਿਕ ਪੰਜਾਬ ਦੀ ਇੱਕ ਸ੍ਰੋਤ ਭਾਸ਼ਾ ਦੇ ਤੌਰ 'ਤੇ ਸਥਾਪਿਤ ਹੁੰਦੀ ਹੈ।"[12]

ਹਰਦੇਵ ਬਾਹਰੀ ਅਨੁਸਾਰ :[13]

ਪੂਰਵ ਮੱਧ ਕਾਲ ਦੀ ਭਾਸ਼ਾ	ਉੱਤਰ ਮੱਧ ਕਾਲ ਦੀ ਪ੍ਰਾਕ੍ਰਿਤ ਭਾਸ਼ਾ	ਨਿਰਮਾਣ ਕਾਲ ਦੀ ਪ੍ਰਭਾਵਕਾਰੀ ਭਾਸ਼ਾ	ਆਧੁਨਿਕ ਭਾਰਤੀ ਆਰੀਆ ਭਾਸ਼ਾ
ਕੈਕਯ (ਕੈਕੇਈ), ਟੱਕ	ਕੈਕੇਯ, ਟੱਕ	ਪੈਸ਼ਾਚੀ, ਵ੍ਰਾਚੜ, ਟੱਕ, ਕੈਕਯ, ਸ਼ੌਰਸੇਨੀ	ਲਹਿੰਦੀ, ਪੰਜਾਬੀ (ਪੂਰਬੀ)

ਪੰਜਾਬੀ ਅਤੇ ਕੈਕੇਈ ਭਾਸ਼ਾ ਦੀਆਂ ਆਪਸੀ ਕਈ ਸਮਾਨਤਾਵਾਂ ਵੀ ਹਨ। ਪੰਜਾਬੀ ਭਾਸ਼ਾ ਵਿਚ ਦਹਰੁਕਤੀ ਦਾ ਜੋ ਪ੍ਰਯੋਗ ਹੁੰਦਾ ਹੈ, ਇਹ ਰੁਚੀ ਕੈਕੇਈ ਭਾਸ਼ਾ ਵਿਚ ਵੀ ਪ੍ਰਚੱਲਿਤ ਸੀ। ਸੰਸਕ੍ਰਿਤ ਦੀਆਂ ਤਾਲਵੀ ਅਤੇ ਮੂਰਧਨੀ ਧੁਨੀਆਂ ਦਾ 'ਸ਼', 'ਸ' ਦਾ ਕੈਕੇਈ ਤੇ ਪੰਜਾਬੀ ਦੋਹਾਂ ਵਿਚ ਦੰਤੀ 'ਸ' ਵਿਚ ਰੂਪਾਂਤਰ ਹੁੰਦਾ ਹੈ। ਜਿਵੇਂ : ਸੰਸਕ੍ਰਿਤ-ਸ਼ਕ, ਪੰਜਾਬੀ/ਕੈਕੇਈ ਸਾਗ। ਸੰਸਕ੍ਰਿਤ ਧੁਨੀ ਸੰਯੋਗ 'ਰਯ' ਦਾ 'ਰਿਆ' ਵਿਚ ਪਰਿਵਰਤਨ ਹੁੰਦਾ ਸੀ। ਇਹ ਰੁਚੀ ਪੰਜਾਬੀ ਵਿਚ ਵੀ ਪ੍ਰਚੱਲਿਤ ਹੈ। ਜਿਵੇਂ ਸਹਾਯਤ-ਸਹਾਇਤਾ, ਉਪਾਯ-ਉਪਾਇ-ਉਪਾਏ। ਕੈਕੇਈ ਦੀਆਂ ਸੰਯੁਕਤ ਧੁਨੀਆਂ ਦੇ ਦਰਮਿਆਨ ਸੂਰਾਂ ਦਾ ਆਗਮ ਹੁੰਦਾ ਹੈ। ਇਹ ਰੁਚੀ ਪੰਜਾਬੀ ਵਿਚ ਵੀ ਪ੍ਰਚੱਲਿਤ ਹੈ। ਸੰਸਕ੍ਰਿਤ-ਕਸ਼ਟ, ਕੈਕੇਈ-ਕਸਟ, ਪੰਜਾਬੀ-ਕਸਟ। ਕੈਕੇਈ ਵਿਚ 'ਨਯ', 'ਣਯ', 'ਜਵ' ਦੇ ਧੁਨੀ ਸੰਯੋਗ ਦੇ ਰੂਪਾਂਤਰ 'ਵਵ' 'ਨਨ' ਵਿਚ ਹੁੰਦਾ ਹੈ। ਧੁਨੀ ਪਰਿਵਰਤਨ ਦੀ ਇਹ ਰੁਚੀ ਪੰਜਾਬੀ ਵਿਚ ਆਮ ਹੈ।

ਸੰਸਕ੍ਰਿਤ	**ਪੰਜਾਬੀ**
ਕਨਯਕਾ	ਕੰਜਕਾਂ, ਕੰਵਕਾ
ਯਜਵ	ਜੰਵ, ਜੰਜ

ਸੰਸਕ੍ਰਿਤ ਪ੍ਰਥਮ ਨੂੰ ਕੈਕੇਈ ਵਿਚ ਪ੍ਰਿਥਮ ਕਿਹਾ ਗਿਆ ਹੈ, ਜੋ ਕਿ ਗੁਰਬਾਣੀ ਪੰਜਾਬੀ ਦੇ ਬਹੁਤ ਨੇੜੇ ਹੈ। ਕੈਕੇਈ ਵਿਚ ਸੰਸਕ੍ਰਿਤ ਦੇ 'ਦੱਦੇ' ਦਾ ਥਾਂ ਦੋ ਸੂਰਾਂ ਵਿਚਾਲੇ 'ਤੱਤਾ' ਹੁੰਦਾ ਸੀ। ਜੋ ਪੱਛਮੀ ਪੰਜਾਬੀ ਵਿਚ ਮਿਲਦਾ ਹੈ। ਜਿਵੇਂ : ਕੀਤਾ (ਕਦੋ), ਪੀਤਾ (ਪੀਦੋ) ਆਦਿ। ਇਸ ਤਰ੍ਹਾਂ ਕੈਕੇਈ ਭਾਸ਼ਾ ਦੀਆਂ ਪੰਜਾਬੀ ਨਾਲ ਸਮਾਨਤਾਵਾਂ ਵੀ ਮਿਲਦੀਆਂ ਹਨ। ਇਸ ਦਾ ਇਲਾਕਾ ਵੀ ਪੰਜਾਬੀ ਦਾ ਖੇਤਰ ਹੀ ਸਿੱਧ ਹੁੰਦਾ ਹੈ।

ਟੱਕੀ

ਵਿਦਵਾਨਾਂ ਨੇ ਟੱਕੀ ਨਾਮ ਜਾਤੀਵਾਚਕ ਅਤੇ ਇਲਾਕਾਵਾਚਕ ਮੰਨਿਆ ਹੈ। ਟੱਕ ਰਾਜ ਦਾ ਸਥਾਨ ਸ਼ਿਵਾਲਿਕ ਦੇ ਪਹਾੜਾਂ ਤੋਂ ਲੈ ਕੇ ਮੁਲਤਾਨ ਦੇ ਹੇਠਾਂ ਤੱਕ ਪੰਜ ਨਦੀਆਂ ਦੇ ਸੰਗਮ ਤੱਕ ਦਾ ਪੰਜਾਬ

12. ਡਾ. ਪ੍ਰੇਮ ਪ੍ਰਕਾਸ਼ ਸਿੰਘ ਧਾਲੀਵਾਲ, *ਪੰਜਾਬੀ ਭਾਸ਼ਾ ਦਾ ਸਰੋਤ ਤੇ ਬਣਤਰ*, ਪੰਨਾ 470.
13. ਹਰਦੇਵ ਬਾਹਰੀ, *ਹਿੰਦੀ ਉਦਭਵ ਵਿਕਾਸ ਔਰ ਰੂਪ*, ਇਲਾਹਾਬਾਦ, 1965, ਪੰਨਾ 38.

ਦਾ ਮੈਦਾਨੀ ਇਲਾਕਾ ਦੱਸਿਆ ਹੈ। ਮਹਾਂਭਾਰਤ ਕਾਲ ਦੇ 'ਸ਼ਾਕਲ' ਨਗਰ ਨੂੰ 'ਟੱਕ' ਰਾਜ ਹੀ ਮੰਨਿਆ ਹੈ। Sir W.W. Hunter ਅਨੁਸਾਰ, "ਟੱਕ ਇੱਕ ਤੁਰਾਨੀ ਜਾਤੀ ਸੀ ਅਤੇ ਉਹ ਸਭ ਤੋਂ ਪਹਿਲਾਂ ਜ਼ਿਲ੍ਹਾ ਰਾਵਲਪਿੰਡੀ ਵਿਚ ਰਹਿੰਦੇ ਸਨ, ਉਹਨਾਂ ਨੇ ਤਕਸਸ਼ਿਲਾ ਜਾਂ ਟੈਕਸਿਲਾ ਨੂੰ ਆਪਣਾ ਨਾਮ ਪ੍ਰਦਾਨ ਕੀਤਾ ਸੀ। ਟੱਕੀ ਜਾਂ ਅਸਰੂਰ, ਪਿੰਡੀ ਭੱਟੀਆਂ ਦੀ ਸੜਕ ਤੇ ਵਾਕਿਆ ਸੀ। ਅੰਤ ਇਹ ਸੰਨ 633 ਵਿਚ ਟੱਕ ਰਾਜ ਦੀ ਰਾਜਧਾਨੀ ਸੀ।"[14]

ਅਲੈਗਜ਼ੈਂਡਰ ਕਨਿੰਘਮ ਅਨੁਸਾਰ, "ਹਿਊਨਸਾਂਗ ਨੇ ਜਿਸ ਪ੍ਰਦੇਸ ਨੂੰ ਚੀਨੀ ਭਾਸ਼ਾ ਵਿਚ Tse-Kia ਕਿਹਾ ਹੈ ਉਹ ਅਸਲ ਵਿਚ ਟੱਕ-ਦੇਸ਼ ਜਾਂ ਟੱਕੀ ਹੈ। ਟੱਕੀ ਜਾਂ ਟੱਕ ਰਾਜ ਵਿਚ ਸਿੰਧ ਦਰਿਆ ਤੋਂ ਲੈ ਕੇ ਬਿਆਸ ਦਰਿਆ ਤੱਕ ਅਤੇ ਪਹਾੜਾਂ ਦੀ ਤਲਹਟੀ ਤੋਂ ਲੈ ਕੇ ਮੁਲਤਾਨ ਦੇ ਹੇਠਾਂ ਕਰਕੇ ਪੰਜ ਨਦੀਆਂ ਦੇ ਸੰਗਮ ਤੱਕ (ਪੰਜਾਬ ਦਾ) ਸਾਰਾ ਮੈਦਾਨੀ ਇਲਾਕਾ ਸ਼ਾਮਲ ਸੀ।"[15]

ਜਾਰਜ ਗ੍ਰੀਅਰਸਨ ਨੇ ਵੀ ਟੱਕੀ ਨੂੰ ਪੰਜਾਬੀ ਭਾਸ਼ਾ ਨਾਲ ਗੂੜ੍ਹੀ ਤਰ੍ਹਾਂ ਜੁੜੀ ਹੋਈ ਦੱਸਿਆ ਹੈ। ਉਹ ਉੱਤਰੀ ਕੇਂਦਰੀ ਪੰਜਾਬ ਦੀ ਭਾਸ਼ਾ ਟੱਕ ਅਪਭ੍ਰੰਸ਼ ਮੰਨਦੇ ਹਨ। ਗ੍ਰੀਅਰਸਨ ਅਨੁਸਾਰ, "ਇਸ (ਸ਼ੌਰਸੇਨੀ ਅਪਭ੍ਰੰਸ਼) ਨਾਲ ਗੂੜ੍ਹੀ ਤਰ੍ਹਾਂ ਜੁੜੀ ਹੋਈ ਉੱਤਰੀ-ਕੇਂਦਰੀ ਪੰਜਾਬ ਦੀ ਟੱਕ ਅਪਭ੍ਰੰਸ਼ ਹੈ ਅਤੇ ਸ਼ਾਇਦ ਦੱਖਣ ਪੰਜਾਬ ਦੀ ਉਪ-ਨਾਗਰ ਅਪਭ੍ਰੰਸ਼ ਵੀ ਹੈ, ਜਿਹੜੀਆਂ ਕਿ ਪੰਜਾਬੀ ਭਾਸ਼ਾ ਦੀਆਂ ਕਈ ਉਪਬੋਲੀਆਂ ਦੀਆਂ ਜਨਮਦਾਤੀਆਂ ਹਨ।"[16]


ਡਾ. ਉਦਯ ਨਾਰਾਇਣ ਤਿਵਾੜੀ ਅਨੁਸਾਰ, "ਪੂਰਬੀ ਪੰਜਾਬੀ ਹਿੰਦੀ ਦੇ ਪੱਛਮੀ ਖੇਤਰ ਵਿਚ ਬੋਲੀ ਜਾਂਦੀ ਹੈ। ਇਸ ਦੀ ਉਤਪਤੀ 'ਟੱਕ' ਅਪਭ੍ਰੰਸ਼ ਤੋਂ ਹੋਈ ਹੈ। ਪਰ ਇਸ ਉੱਤੇ ਸ਼ੌਰਸੇਨੀ ਦਾ ਕਾਫ਼ੀ ਪ੍ਰਭਾਵ ਪਿਆ ਹੈ।"[17]

ਡਾ. ਭੋਲਾ ਨਾਥ ਤਿਵਾੜੀ, ਹਰਦੇਵ ਬਾਹਰੀ, ਸੁਨੀਤੀ ਕੁਮਾਰ ਚੈਟਰਜੀ ਅਤੇ ਡਾ. ਪ੍ਰੇਮ ਪ੍ਰਕਾਸ਼ ਸਿੰਘ ਆਦਿ ਵਿਦਵਾਨਾਂ ਨੇ ਵੀ ਟੱਕੀ ਭਾਸ਼ਾ ਦਾ ਜ਼ਿਕਰ ਕੀਤਾ ਹੈ। ਡਾ. ਭੋਲਾ ਨਾਥ ਤਿਵਾੜੀ ਅਨੁਸਾਰ, "ਪੂਰਬੀ ਪੰਜਾਬੀ ਜਾਂ ਪੰਜਾਬੀ ਮੱਧ ਪੰਜਾਬ ਦੀ ਭਾਸ਼ਾ ਹੈ। ਕੈਕੇਯ ਤੋਂ ਇਸ ਦੀ ਵੀ ਪੈਦਾਇਸ਼ ਹੈ ਪਰ ਸ਼ੌਰਸੇਨੀ ਦਾ ਪ੍ਰਭਾਵ ਵੱਧ ਪਿਆ ਹੈ। ਕਈ ਵਿਦਵਾਨ ਇਸ ਦੀ ਉਤਪਤੀ ਟੱਕ ਅਪਭ੍ਰੰਸ਼ ਤੋਂ ਮੰਨਦੇ ਹਨ।"[18]

ਸੁਨੀਤੀ ਕੁਮਾਰ ਚੈਟਰਜੀ ਨੇ ਭਾਸ਼ਾਵਾਂ ਦਾ ਇੱਕ ਨਕਸ਼ਾ ਦਿਖਾ ਕੇ ਟੱਕੀ ਬਾਰੇ ਆਪਣੇ ਵਿਚਾਰ ਪ੍ਰਗਟਾਏ ਹਨ ਕਿ ਇਸ ਦਾ ਪੰਜਾਬੀ ਦੀ ਉਤਪਤੀ ਵਿਚ ਹਿੱਸਾ ਹੈ।[19]

---

14. Sir W.W. Hunter, *ਦੀ ਗਰੀਕਸ ਆਫ ਇੰਡੀਆ* (ਐਨਸ਼ੀਏਂਟ ਇੰਡੀਆ), ਕਲਕੱਤਾ, 1953, ਪੰਨਾ 87.
15. ਅਲੈਗਜ਼ੈਂਡਰ ਕਨਿੰਘਮ, *ਦੀ ਐਨਸ਼ੀਏਂਟ ਜੌਗਰਫੀ ਆਫ ਇੰਡੀਆ*, ਬਨਾਰਸ, 1963, ਪੰਨਾ 125.
16. ਗ੍ਰੀਅਰਸਨ, *ਲਿੰਗੁਇਸਟਿਕ ਸਰਵੇ ਆਫ ਇੰਡੀਆ*, ਦਿੱਲੀ, 1927, ਪੰਨਾ 126.
17. ਡਾ. ਉਦਯ ਨਾਰਾਇਣ ਤਿਵਾੜੀ, *ਹਿੰਦੀ ਭਾਸ਼ਾ ਦਾ ਉਦਗਮ ਅਤੇ ਵਿਕਾਸ*, ਪ੍ਰਯਾਗ, 1955, ਪੰਨਾ 122.
18. ਡਾ. ਭੋਲਾ ਨਾਥ ਤਿਵਾੜੀ, *ਭਾਸ਼ਾ ਵਿਗਿਆਨ*, ਇਲਾਹਾਬਾਦ, 1957, ਪੰਨਾ 117.
19. ਐਸ.ਕੇ. ਚੈਟਰਜੀ, *ਦੀ ਔਰਗਨ ਐਂਡ ਡਿਵੈਲਪਮੈਂਟ ਆਫ ਦੀ ਬੰਗਾਲੀ ਲੈਂਗੁਏਜ਼*, ਕਲਕੱਤਾ, 1926, ਪੰਨਾ 27.



ਪ੍ਰੇਮ ਪ੍ਰਕਾਸ਼ ਨੇ ਟੱਕੀ ਨੂੰ ਅਪਭ੍ਰੰਸ਼ ਦੇ ਤੌਰ ਉੱਤੇ ਪ੍ਰਚੱਲਿਤ ਮੰਨਿਆ ਹੈ। ਡਾ. ਪ੍ਰੇਮ ਪ੍ਰਕਾਸ਼ ਸਿੰਘ ਧਾਲੀਵਾਲ ਅਨੁਸਾਰ, "ਭਾਰਤੀ ਆਰੀਆ ਭਾਸ਼ਾ ਦੇ ਮੱਧ ਯੁੱਗ ਦੇ ਅੰਤਿਮ ਦੌਰ ਵਿਚ ਜਦੋਂ ਅਪਭ੍ਰੰਸ਼-ਯੁੱਗ ਜਾਰੀ ਹੁੰਦਾ ਹੈ ਉਦੋਂ ਟੱਕੀ ਵਿਚ ਅਪਭ੍ਰੰਸ਼ ਭਾਸ਼ਾ ਦੀ ਹੈਸੀਅਤ ਵਿਚ ਸਾਹਿਤਕ ਪੱਧਰ 'ਤੇ ਪ੍ਰਵਾਨ ਚੜ੍ਹੀ ਹੈ ਅਤੇ ਉਦੋਂ ਟੱਕੀ ਦਾ ਦਾਇਰਾ ਵੀ ਵਿਸ਼ਾਲ ਹੋਇਆ ਹੈ। ਜਿਸ ਕਰਕੇ ਇਸ ਦਾ ਟਕਸਾਲੀਕਰਣ ਤੇ ਮਾਲਕੀਰਣ ਵੀ ਹੋਇਆ ਹੈ। ਇਸ ਵਿਚ ਬਤੌਰ ਅਪਭ੍ਰੰਸ਼ ਟੱਕੀ ਸਾਹਿਤ ਤੇ ਸੰਸਕ੍ਰਿਤ ਦਾ ਮਾਧਿਅਮ ਵੀ ਬਣੀ ਹੈ।"[20]

ਇਸ ਵਿਚ ਕੋਈ ਸ਼ੱਕ ਨਹੀਂ ਕਿ ਟੱਕੀ ਭਾਸ਼ਾ ਪੰਜਾਬ ਦੇ ਪੂਰਬੀ ਹਿੱਸੇ ਵਿਚ ਕਿਸੇ ਸਮੇਂ ਪ੍ਰਚੱਲਿਤ ਰਹੀ। ਪਰ ਇਸ ਭਾਸ਼ਾ ਸੰਬੰਧੀ ਜ਼ਿਆਦਾ ਵੇਰਵੇ ਕਿਧਰੇ ਅੰਕਿਤ ਨਹੀਂ ਕੀਤੇ ਹੋਏ। ਇਸ ਦੀਆਂ ਭਾਸ਼ਾਈ ਵਿਸ਼ੇਸ਼ਤਾਵਾਂ ਸੰਬੰਧੀ ਵੀ ਜ਼ਿਆਦਾ ਸਬੂਤ ਨਹੀਂ ਮਿਲ ਰਹੇ। ਪਰ ਅਸੀਂ ਇਸ ਗੱਲ ਤੋਂ ਮੁਨਕਰ ਨਹੀਂ ਹੋ ਸਕਦੇ ਕਿ ਟੱਕੀ ਭਾਸ਼ਾ ਕਿਸੇ ਸਮੇਂ ਆਪਣੇ ਇਲਾਕੇ ਵਿਚ ਭਾਸ਼ਾ ਜਾਂ ਉਪਭਾਸ਼ਾ ਦੇ ਰੂਪ ਵਿਚ ਜ਼ਰੂਰ ਵਿਚਰਦੀ ਰਹੀ ਹੋਵੇਗੀ।

ਮਦ੍ਰ


ਇਸ ਭਾਸ਼ਾ ਦਾ ਜ਼ਿਕਰ ਵੀ ਟੱਕੀ ਅਤੇ ਕੈਕੇਈ ਦੀ ਤਰ੍ਹਾਂ ਵੱਖ-ਵੱਖ ਵਿਦਵਾਨਾਂ ਨੇ ਕੀਤਾ ਹੈ। ਡਾ. ਪ੍ਰੇਮ ਪ੍ਰਕਾਸ਼ ਨੇ ਮਹਾਂਭਾਰਤ ਵਿਚ ਆਏ ਮਦ੍ਰ ਜਾਤੀ ਸੰਬੰਧੀ ਵੇਰਵਿਆਂ ਨੂੰ ਆਪਣੀ ਪੁਸਤਕ ਵਿਚ ਅੰਕਿਤ ਕੀਤਾ ਹੈ।ਮਹਾਂਭਾਰਤ ਕਾਲ ਦੇ ਪ੍ਰਸਿੱਧ ਰਾਜੇ ਦੀ ਪਤਨੀ ਨੂੰ ਇਸ ਦੇਸ਼ ਦੀ ਵਸਨੀਕ ਮੰਨਿਆ ਹੈ। ਡਾ. ਬੁੱਧ ਪ੍ਰਕਾਸ਼ ਨੇ ਵੀ ਮਦ੍ਰ ਲੋਕਾਂ ਦੇ ਸੰਬੰਧ ਵਿਚ ਦੱਸਿਆ ਹੈ ਕਿ ਇਹ ਕੈਕੇਯਾਂ ਤੋਂ ਹੇਠਾਂ ਵੱਲ ਆਬਾਦ ਸਨ। ਮਦ੍ਰ ਦੇਸ਼ ਦਾ ਮੁੱਖ ਇਲਾਕਾ ਚਨਾਬ ਅਤੇ ਰਾਵੀ ਦੇ ਵਿਚਕਾਰਲਾ ਮੰਨਿਆ ਹੈ।

20. ਡਾ. ਪ੍ਰੇਮ ਪ੍ਰਕਾਸ਼ ਸਿੰਘ ਧਾਲੀਵਾਲ, *ਪੰਜਾਬੀ ਭਾਸ਼ਾ ਦਾ ਸਰੋਤ ਤੇ ਬਣਤਰ*, ਪਟਿਆਲਾ, 1996, ਪੰਨਾ 484.

ਡਾ. ਬੁੱਧ ਪ੍ਰਕਾਸ਼ ਅਨੁਸਾਰ, "ਕੇਕਯਾਂ ਤੋਂ ਹੇਠਾਂ ਪਾਸੇ ਵੱਲ ਮਦ੍ਰ ਲੋਕ ਆਬਾਦ ਸਨ। ਮਦ੍ਰ ਦੇਸ਼ ਦੀ ਰਾਜਧਾਨੀ ਸ਼ਾਕਲ (ਅਜੋਕਾ ਸਿਆਲਕੋਟ, ਹੁਣ ਪਾਕਿਸਤਾਨ) ਸੀ। ਇਹ ਮਦ੍ਰ ਦੇਸ਼ ਚਨਾਬ ਤੇ ਰਾਵੀ ਦਰਿਆਵਾਂ ਦੇ ਸੰਧੀ ਖੇਤਰ ਵਿਚ ਵਾਕਿਆ ਸੀ।"[21]

ਸੁਨੀਤੀ ਕੁਮਾਰ ਚੈਟਰਜੀ ਨੇ ਆਧੁਨਿਕ ਭਾਰਤੀ ਆਰੀਆ ਭਾਸ਼ਾ ਦੇ ਸੰਬੰਧ ਵਿਚ ਜੋ ਨਕਸ਼ਾ ਦਿੱਤਾ ਹੋਇਆ ਹੈ, ਉਸ ਵਿਚ ਪੰਜਾਬੀ ਦੀ ਬੰਸਾਵਲੀ ਦੇ ਅੰਦਰ ਮਦ੍ਰ ਭਾਸ਼ਾ ਦਾ ਜ਼ਿਕਰ ਆਇਆ ਹੈ।

ਸੁਨੀਤੀ ਕੁਮਾਰ ਚੈਟਰਜੀ ਅਨੁਸਾਰ[22] :



ਬਾਹਲੀਕ

ਬਾਹਲੀਕ ਇਲਾਕਾ ਸਾਂਝੇ ਪੰਜਾਬ ਦੇ ਧੁਰ ਉੱਤਰ ਪੱਛਮੀ ਇਲਾਕੇ ਨੂੰ ਮੰਨਿਆ ਜਾਂਦਾ ਹੈ। ਨੌਵੀਂ ਸਦੀ ਈਸਾ ਪੂਰਵ ਵਿਚ ਸਿਥੀਅਨ ਲੋਕਾਂ ਦੇ ਪੰਜਾਬ ਉੱਤੇ ਹਮਲਾ ਕਰਨ ਸਮੇਂ ਬਾਹਲੀਕ ਲੋਕਾਂ ਦੀ ਆਮਦ ਮੰਨੀ ਜਾਂਦੀ ਹੈ। ਡਾ. ਪ੍ਰੇਮ ਪ੍ਰਕਾਸ਼ ਸਿੰਘ ਧਾਲੀਵਾਲ ਅਨੁਸਾਰ, "ਈਸਾ-ਪੂਰਵ ਨੌਵੀਂ ਸਦੀ ਵਿਚ ਜਦੋਂ ਸਿਥੀਅਨ-ਈਰਾਨੀ ਜਾਤੀ ਨੇ ਪੰਜਾਬ ਤੇ ਹਮਲਾ ਕਰਕੇ ਭਾਰੀ ਊਧਮ ਮਚਾਇਆ ਤਾਂ ਇਸ ਉਥਲ-ਪੁਥਲ ਭਰੀਆਂ ਹਾਲਤਾਂ ਦੇ ਦੌਰਾਨ ਜਿਹੜੀਆਂ ਹੋਰ ਬਿਦੇਸ਼ੀ ਲੋਕ-ਜਾਤੀਆਂ ਭਾਰਤ ਤੋਂ ਬਾਹਰੋਂ ਆ ਕੇ ਪੰਜਾਬ (ਉਸ ਵਕਤ ਦਾ ਪ੍ਰਾਚੀਨ ਸਪਤ ਸਿੰਧੂ ਪ੍ਰਦੇਸ਼) ਵਿਚ ਦਾਖਲ ਹੋਈਆਂ ਉਹਨਾਂ ਵਿਚ ਬਾਹਲੀਕ/ਬਾਲਹੀਕ ਲੋਕਾਂ ਦਾ ਗਰੋਹ ਵੀ ਸੀ, ਜਿਹੜੇ Bactrains ਸਨ, ਜਿਨ੍ਹਾਂ ਦੀ ਰਾਜਧਾਨੀ Bactria ਜਾਂ ਬਲਖ ਸੀ। ਬਾਹਲੀਕ ਜਾਤੀ ਦੇ ਲੋਕ ਈਰਾਨ ਦੇ ਹਖਮੀਨੀ ਬਾਦਸ਼ਾਹਾਂ [Barivs 521-485 B.C. Xerxes 480 B.C.] ਵੱਲੋਂ ਪੱਛਮੋਤਰੀ ਭਾਰਤ ਉੱਤੇ ਕੀਤੇ ਹੱਲਿਆਂ ਤੋਂ ਪਹਿਲਾਂ-ਪਹਿਲਾਂ ਉਦੋਂ ਦੇ ਪੰਜਾਬ ਪ੍ਰਦੇਸ਼ ਵਿਚ ਫੈਲ ਚੁੱਕੇ ਸਨ ਅਤੇ ਪੰਜਾਬ ਦੇ ਸਮਾਜਿਕ ਤਾਣੇ-ਬਾਣੇ ਵਿਚ ਰਚ-ਮਿਚ ਚੁੱਕੇ ਸਨ।"[23]

ਇਸ ਤਰ੍ਹਾਂ ਬਾਹਲੀਕੀ ਪ੍ਰਾਕ੍ਰਿਤ ਦਾ ਕਿਸੇ ਸਮੇਂ ਅਹਿਮ ਮੁਕਾਮ ਰਿਹਾ ਹੋਵੇਗਾ। ਇਸ ਦੀ ਸਾਹਿਤਕ ਵਰਤੋਂ ਸੰਬੰਧੀ ਵੇਰਵੇ ਉਪਲੱਬਧ ਨਹੀਂ ਹਨ। ਇਸ ਕਰਕੇ ਬਾਹਲੀਕੀ ਨੂੰ ਇੱਕ ਲਘੂ ਪ੍ਰਾਕ੍ਰਿਤ ਦੇ ਤੌਰ 'ਤੇ ਹੀ ਸਵੀਕਾਰ ਕਰਦੇ ਹਾਂ।

---

21. ਡਾ. ਬੁੱਧ ਪ੍ਰਕਾਸ਼, *ਸਟੱਡੀਜ਼ ਇਨ ਇੰਡੀਅਨ ਹਿਸਟਰੀ ਐਂਡ ਸਿਵਲਾਈਜੇਸ਼ਨ,* ਆਗਰਾ, 1962, ਪੰਨਾ 33.
22. ਐਸ.ਕੇ. ਚੈਟਰਜੀ, *ਦੀ ਔਰਗਨ ਐਂਡ ਡਿਵੈਲਪਮੈਂਟ ਆਫ ਦੀ ਬੰਗਾਲੀ ਲੈਂਗੂਏਜ਼,* ਕਲਕੱਤਾ, 1926, ਪੰਨਾ 7.
23. ਡਾ. ਪ੍ਰੇਮ ਪ੍ਰਕਾਸ਼ ਸਿੰਘ ਧਾਲੀਵਾਲ, *ਪੰਜਾਬੀ ਭਾਸ਼ਾ ਦਾ ਸਰੋਤ ਤੇ ਬਣਤਰ,* ਪਟਿਆਲਾ, 1996, ਪੰਨਾ 501.

ਉਪਨਾਗਰ

ਉਪਨਾਗਰ ਨੂੰ ਨਾਗਰ ਅਪਭ੍ਰੰਸ਼ ਦੇ ਨੇੜੇ-ਤੇੜੇ ਬੋਲੀ ਜਾਣ ਵਾਲੀ ਮੰਨਿਆ ਜਾਂਦਾ ਹੈ। ਬੂਟਾ ਸਿੰਘ ਬਰਾੜ ਅਨੁਸਾਰ, "ਉਪਨਾਗਰ ਇੱਕ ਉਹ ਭਾਸ਼ਾ ਵੰਨਗੀ ਹੈ, ਜਿਹੜੀ ਕਿ ਨਾਗਰ ਅਪਭ੍ਰੰਸ਼ ਦੇ ਭਾਸ਼ਾਈ ਖੇਤਰ ਵਿਚ ਜਾਂ ਉਸ ਦੇ ਨੇੜੇ ਹੀ ਬੋਲੀ ਜਾਂਦੀ ਸੀ। ਆਚਾਰੀਆ ਮਾਰਕੰਡੇ ਨੇ ਪ੍ਰਾਕ੍ਰਿਤ ਵਿਆਕਰਨ ਵਿੱਚੋਂ ਤਿੰਨੇ ਹੀ ਪ੍ਰਮੁੱਖ ਅਪਭ੍ਰੰਸ਼ਾਂ ਨੂੰ ਮਾਨਤਾ ਦਿੱਤੀ ਹੈ। ਉਹ ਹਨ : ਨਾਗਰ, ਵ੍ਰਾਚੜ ਅਤੇ ਉਪਨਾਗਰ।"[24] ਇਸ ਤੋਂ ਇਲਾਵਾ ਆਚਾਰੀਆ ਪੁਰਸ਼ੋਤਮ ਅਤੇ ਰਾਮ ਸ਼ਰਮਾ ਨੇ ਵੀ ਉਪਰੋਕਤ ਤਿੰਨਾਂ ਅਪਭ੍ਰੰਸ਼ਾਂ ਨੂੰ ਸਵੀਕਾਰਿਆ ਹੈ। ਇਸ ਦਾ ਖੇਤਰ ਦੱਖਣੀ ਪੰਜਾਬ ਹੀ ਸੰਭਵ ਮੰਨਿਆ ਗਿਆ ਹੈ। ਜਾਰਜ ਗ੍ਰੀਅਰਸਨ ਅਨੁਸਾਰ, "ਉਪ-ਨਾਗਰ ਦਾ ਆਪਣਾ ਭਾਸ਼ਾਈ ਖੇਤਰ ਨਾਗਰ (ਗੁਜਰਾਤ) ਦੇ ਨੇੜੇ ਪੂਰਬੀ ਰਾਜਪੂਤਾਨਾ ਅਤੇ ਦੱਖਣੀ ਪੰਜਾਬ ਹੀ ਸੰਭਵ ਪ੍ਰਤੀਤ ਹੁੰਦਾ ਹੈ।"[25] ਇਸ ਤਰ੍ਹਾਂ ਉਪਨਾਗਰ ਨੂੰ ਇੱਕ ਅਣਗੌਲੀ ਲਘੂ ਪ੍ਰਾਕ੍ਰਿਤ/ਅਪਭ੍ਰੰਸ਼ ਕਿਹਾ ਜਾ ਸਕਦਾ ਹੈ, ਜਿਹੜੀ ਪੰਜਾਬ ਦੀ ਦੱਖਣੀ ਉਪ-ਭਾਸ਼ਾ ਦੀ ਸ੍ਰੋਤ ਭਾਸ਼ਾ ਵਜੋਂ ਪਛਾਣਯੋਗ ਸਿੱਧ ਹੁੰਦੀ ਹੈ।

ਪੰਜਾਬੀ ਭਾਸ਼ਾ ਦੀ ਸ੍ਰੋਤ ਅਪਭ੍ਰੰਸ਼ ਲੱਭਣ ਦੀਆਂ ਪ੍ਰਸਥਿਤੀਆਂ ਵਿਚ ਅਸੀਂ ਇਸ ਨਤੀਜੇ ਤੇ ਪਹੁੰਚਦੇ ਹਾਂ ਕਿ ਪੰਜਾਬੀ ਦੀ ਜਣਨਿਕ ਸਰੋਤ ਭਾਸ਼ਾ ਦੇ ਤੌਰ ਉੱਤੇ 'ਕੈਕੇਈ' ਅਤੇ 'ਟੱਕੀ' ਪ੍ਰਾਕ੍ਰਿਤਾਂ/ਅਪਭ੍ਰੰਸ਼ਾਂ ਹੀ ਪ੍ਰਮਾਣਿਕ ਮੰਨੀਆਂ ਜਾ ਸਕਦੀਆਂ ਹਨ। ਸ਼ੌਰਸੇਨੀ ਅਤੇ ਪੈਸ਼ਾਚੀ ਭਾਸ਼ਾ ਤੋਂ ਇਨਕਾਰੀ ਹੋਣ ਦਾ ਕਾਰਨ ਇਹ ਹੈ ਕਿ ਇਹਨਾਂ ਭਾਸ਼ਾਵਾਂ ਦਾ ਖੇਤਰ ਪੰਜਾਬ ਤੋਂ ਬਾਹਰਲਾ ਇਲਾਕਾ ਸੀ। ਪੰਜਾਬ ਦੀਆਂ ਗੁਆਂਢੀ ਭਾਸ਼ਾਵਾਂ ਹੋਣ ਕਰਕੇ ਇਹਨਾਂ ਦੀਆਂ ਕੁਝ ਸਮਾਨਤਾਵਾਂ ਤਾਂ ਪੰਜਾਬੀ ਭਾਸ਼ਾ ਨਾਲ ਜ਼ਰੂਰ ਮਿਲਦੀਆਂ ਹਨ, ਪਰ ਇਹ ਪੰਜਾਬੀ ਦਾ ਜਣਨਿਕ ਸਰੋਤ ਸਿੱਧ ਕਰਨ ਲਈ ਕਾਫ਼ੀ ਨਹੀਂ ਹਨ। ਪੱਛਮੀ ਪੰਜਾਬੀ ਉੱਤੇ ਪੈਸ਼ਾਚੀ ਅਤੇ ਪੂਰਬੀ ਪੰਜਾਬੀ ਉੱਤੇ ਸ਼ੌਰਸੇਨੀ ਦੇ ਪ੍ਰਭਾਵ ਤੋਂ ਵੀ ਇਨਕਾਰੀ ਨਹੀਂ ਹੋਇਆ ਜਾ ਸਕਦਾ। ਗੁਆਂਢੀ ਭਾਸ਼ਾਵਾਂ ਹੋਣ ਕਰਕੇ ਇਹਨਾਂ ਦਾ ਥੋੜ੍ਹਾ-ਬਹੁਤਾ ਅਸਰ ਜ਼ਰੂਰ ਕਬੂਲਿਆ ਹੋਵੇਗਾ। ਪਰ 'ਕੈਕੇਈ' ਭਾਸ਼ਾ ਲੰਬਾ ਸਮਾਂ ਪੰਜਾਬ ਵਿਚ ਪ੍ਰਚੱਲਿਤ ਰਹੀ ਅਤੇ ਉਸ ਦੀਆਂ ਸਮਾਨਤਾਵਾਂ ਵੀ ਪੰਜਾਬੀ ਨਾਲ ਕਾਫ਼ੀ ਹੱਦ ਤੱਕ ਮਿਲਦੀਆਂ ਹਨ। ਪੰਜਾਬੀ ਦਾ ਪਹਿਲਾ ਪ੍ਰਚੱਲਿਤ ਰੂਪ ਵੀ ਕੈਕੇਈ ਭਾਸ਼ਾ ਦੇ ਖੇਤਰ ਵਾਲੇ ਸਥਾਨ ਵੱਲੋਂ ਹੀ ਵਿਕਸਿਤ ਹੋਇਆ। 'ਟੱਕੀ' ਭਾਸ਼ਾ ਪੂਰਬੀ ਪੰਜਾਬ ਵਿਚ ਪ੍ਰਚੱਲਿਤ ਰਹੀ। ਪਰ ਟੱਕੀ ਭਾਸ਼ਾ ਦੇ ਪੰਜਾਬੀ ਨਾਲ ਸੰਬੰਧਾਂ ਦੀ ਜ਼ਿਆਦਾ ਵਿਦਵਾਨਾਂ ਨੇ ਪ੍ਰੋੜ੍ਹਤਾ ਨਹੀਂ ਕੀਤੀ। ਇਸ ਕਰਕੇ ਟੱਕੀ ਨੂੰ ਪੰਜਾਬੀ ਦੀ ਜਨਮ ਸਰੋਤ ਭਾਸ਼ਾ ਵਜੋਂ ਜ਼ਿਆਦਾ ਸਾਰਥਕ ਨਹੀਂ ਮੰਨਿਆ ਜਾ ਸਕਦਾ। ਪਰ ਇਸ ਨੇ ਪੂਰਬੀ ਪੰਜਾਬੀ ਭਾਸ਼ਾ ਨੂੰ ਅਸਰ ਅੰਦਾਜ਼ ਜ਼ਰੂਰ ਕੀਤਾ ਹੈ।

ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਪੰਜਾਬੀ ਭਾਸ਼ਾ ਦੀ ਜਨਮ ਸਰੋਤ 'ਕੈਕੇਈ' ਅਤੇ 'ਟੱਕੀ' ਭਾਸ਼ਾ ਹੈ, ਪਰ ਬਾਅਦ ਵਿਚ ਇਸ ਉੱਤੇ ਸ਼ੌਰਸੇਨੀ ਦਾ ਅਸਰ ਵੀ ਪਿਆ। ਇਹਨਾਂ ਭਾਸ਼ਾਵਾਂ ਦਾ ਪੰਜਾਬੀ ਨੂੰ ਜੋਬਨਵੰਤੀ ਕਰਨ ਵਿਚ ਪੂਰਾ ਸਹਿਯੋਗ ਹੈ। ਕਿਸੇ ਠੋਸ ਅਤੇ ਨਿਸ਼ਚਿਤ ਪ੍ਰਮਾਣ ਦੇ ਲਈ ਸਾਨੂੰ ਹੋਰ ਵਿਸ਼ਾਲ ਅਧਿਐਨ ਦੀ ਜ਼ਰੂਰਤ ਹੈ।

---

24. ਡਾ. ਬੂਟਾ ਸਿੰਘ ਬਰਾੜ, *ਪੰਜਾਬੀ ਭਾਸ਼ਾ ਦਾ ਸਰੋਤ ਅਤੇ ਸਰੂਪ*, ਅੰਮ੍ਰਿਤਸਰ, 2004, ਪੰਨਾ 82.
25. ਗ੍ਰੀਅਰਸਨ, *ਲਿੰਗੁਇਸਟਿਕ ਸਰਵੇ ਆਫ ਇੰਡੀਆ*, ਦਿੱਲੀ, 1927, ਪੰਨਾ 126.